ISSN : 2454-7344

ਅੰਕ 10 • ਮੁੱਲ 120/-

# ਵਾਹਗਾ



ਮੇਰਾ ਕੋਈ ਗੀਤ ਨਹੀਂ ਐਸਾ ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ ਜੋ ਆਪਣਾ ਸੀਸ ਕਟਾ ਆਵੇ


Mahu, 10.4.20

ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*

ਚਰਨਜੀਤ ਸੋਹਲ

ਸੁਖਚੈਨ ਢਿੱਲੋਂ

'

ਆਪਣੇ ਸਾਥੀਆਂ ਨਾਲੋਂ ਅਗਾਂਹ ਲੰਘਣਾ ਕੋਈ
ਵਡਿਆਈ ਵਾਲੀ ਗੱਲ ਨਹੀਂ ਹੈ। ਸੱਚੀ ਪ੍ਰਾਪਤੀ ਤਾਂ
ਆਪਣੇ ਕੱਲ੍ਹ ਨਾਲੋਂ ਬਿਹਤਰ ਹੋਣ 'ਚ ਹੈ।

*-ਹੈਮਿੰਗਵੇ*

'

ਮੁੱਲ : 120/-

# ਵਾਹਗਾ 10

E-mail : wahga2015@gmail.com
website : www.wahgamagzine.com

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਬਲਦੇਵ ਚੱਕ ਸਕੰਦਰ

•

**ਕਲਾ** : ਸੰਦੀਪ ਸਿੰਘ, ਹਰਦੀਪ • ਮੰਨੂ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

ਰੂਪ ਸੱਜਾ :
**ਮਨਤੇਜ ਗ੍ਰਾਫ਼ਿਕਸ**
ਅਮ੍ਰਿਤਸਰ

*

ਛਾਪਕ :
**ਪ੍ਰਿੰਟਵੈੱਲ**, ਅਮ੍ਰਿਤਸਰ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

*ਸੰਪਾਦਕ*
**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ-ਬਲਾਕ ਮਾਰਕੀਟ, ਅਮ੍ਰਿਤਸਰ-143001
ਮੋਬਾ : (+91) 78374-12401
ਈ-ਮੇਲ : charanjit.sohal@yahoo.com

•

The Wahga
P.O. Box No. 28, Main Post Office
Amritsar

•

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

*

ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008

*

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ-143001

*

**ਮੁੱਲ** : ਡਾਕ ਰਾਹੀਂ : 500 ਰੁਪਏ (ਸਾਲਾਨਾ)
5000 ਰੁਪਏ (ਜੀਵਨ ਸਾਥ)

*

**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

*

**ਪ੍ਰਕਾਸ਼ਕ** : ਚਰਨਜੀਤ ਸੋਹਲ

**Wahga is an international peer-reviewed research journal.**

# ਤਰਤੀਬ


◆ *ਕਵਿਤਾਵਾਂ*

ਸ਼ਿਵ ਕੁਮਾਰ/ 17 ◆ ਰੋਜ਼ੀ ਮਾਨ/ 82 ◆ ਗੁਰਭਜਨ ਗਿੱਲ / 93 ◆ ਪ੍ਰੇਮ ਸਾਹਿਲ / 98
ਆਰਥਰ ਵਿਕਟਰ / 100 ◆ ਦੀਪ ਇੰਦਰ / 101 ◆ ਸ਼ਸ਼ੀਕਾਂਤ ਉੱਪਲ / 103
ਸੁਖਪਾਲ / 137 ◆ ਬਲਦੇਵ ਚੱਕ ਸਕੰਦਰ / 135 ◆ ਕੰਵਲਜੀਤ ਭੁੱਲਰ/152
ਸਵਾਮੀ ਅੰਤਰ ਨੀਰਵ/156 ◆ ਮਨਦੀਪ ਸਨੇਹੀ / 159 ◆ ਅਗਨੀ ਸ਼ੇਖ਼ਰ / 200
ਰਘਵੀਰ ਸਿੰਘ / 181 ◆ ਸਾਰਾ ਈਸਡੇਲ / 203 ◆ ਓ'ਮੀਆਰਾ / 220

◆ *ਆਰਟੀਕਲ*

ਗੁਰੂ ਗੋਬਿੰਦ ਸਿੰਘ ਦਾ ਦਰਸ਼ਨ / –ਅਤਰ ਸਿੰਘ / 8
ਗੁਰੂ ਗੋਬਿੰਦ ਸਿੰਘ : ਖਾਲਸੇ ਦੀ ਸਿਰਜਣਾ / –ਤੇਜਵੰਤ ਸਿੰਘ ਗਿੱਲ / 14

◆ *ਭਾਸ਼ਾ*

ਭਾਸ਼ਾ ਦੀ ਜੰਤ੍ਰਿਕ ਵਰਤੋਂ / –ਸੁਰਜੀਤ ਹਾਂਸ / 23

◆ *ਇਤਿਹਾਸ*

ਪ੍ਰਿੰਸ ਦਲੀਪ ਸਿੰਘ / –ਸੁਖਦੇਵ ਸਿੱਧੂ / 29

◆ *ਕਹਾਣੀਆਂ*

ਦਾਇਰੇ / ਬਲਵਿੰਦਰ ਸਿੰਘ ਬਰਾੜ / 40
ਅਗਰਬੱਤੀ / ਕੇ. ਸੀ. ਮੋਹਨ / 113
ਫਿਰ ਵੀ / ਰਾਕੇਸ਼ ਰਮਨ / 138
ਆਪਣੇ ਹਿੱਸੇ ਦਾ ਅਸਮਾਨ / ਅਰਵਿੰਦਰ ਕੌਰ ਧਾਲੀਵਾਲ / 182
ਵਿਰਾਸਤ / ਸਿਮਰਨ ਧਾਰੀਵਾਲ / 190

◆ *ਦੁਖਾਂਤ*

1947 ਦੇ ਝਰੋਖੇ 'ਚੋਂ / –ਕਿਰਪਾਲ ਸਿੰਘ ਹੀਰਾ / 54

◆ *ਮੌਤ ਕਥਾ*

ਆਸ਼ੂਤੋਸ਼ ਭਾਰਦਵਾਜ / ਅਨੁ. ਨਛੱਤਰ / 83

◆ *ਸਫ਼ਰਨਾਮਾ*

ਕਸੂਤੀ ਵੰਡ / –ਚਰਨਜੀਤ ਸਿੰਘ ਪੰਨੂ / 117

◆ *ਮੀਨਮੇਖ.ਕਾਮ*

ਪ੍ਰੀਤਨਗਰ ਦੀ ਮਹਿਫ਼ਲ / –ਰਾਕੇਸ਼ ਰਮਨ / 141

- *ਵਿਅਕਤੀ ਚਿਤਰ*

ਇਹੋ ਹੈ ਜ਼ਿੰਦਗੀ (ਐੱਸ. ਬਲਵੰਤ ਬਾਰੇ ਵਿਅਕਤੀ ਚਿਤਰ) / 145
–ਹਰਜੀਤ ਅਟਵਾਲ

- *ਇਤਿਹਾਸ*

ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਵਿਚ ਇਤਿਹਾਸਕ ਹਵਾਲੇ / 161
–ਸਰਬਜੀਤ ਸਿੰਘ ਵਿਰਕ

- *ਵਿਸ਼ਵਵਿਦਿਆਲਿਆਂ ਦੇ ਵਿਹੜੇ 'ਚੋਂ*

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਦਿਆਰਥੀ ਕੌਂਸਲ ਚੋਣਾਂ / 195
–ਰਵੀ ਕੁਮਾਰ

- *ਮੁਲਾਕਾਤਾਂ*

ਬ੍ਰਿਗੇਡੀਅਰ ਹਰਚਰਨ ਸਿੰਘ ਨਾਲ ਗੱਲਬਾਤ / 104
–ਮੁਲਾਕਾਤੀ : ਬਲਦੇਵ ਚੱਕ ਸਕੰਦਰ

ਮੇਰੀ ਕਹਾਣੀ ਦੇ ਪਾਤਰ ਜਿਸ ਸਮਾਜ ਵਿਚੋਂ ਆਉਂਦੇ ਹਨ ਉਹ ਹੀ ਅਸਲ ਵਿਚ ਕੁੰਭੀ ਨਰਕ ਹੈ : ਭਗਵੰਤ ਰਸੂਲਪੁਰੀ / 165
–ਮੁਲਾਕਾਤੀ : ਮਨਪ੍ਰੀਤ ਕੌਰ

- *ਨਿਰਖ ਪਰਖ*

ਪੰਜਾਬ : ਜ਼ਿਕਰ ਤੇ ਫ਼ਿਕਰ / –ਜਤਿੰਦਰ ਸਿੰਘ / 205

- *ਸਿਨੇਮਾ*

ਅਦਾਕਾਰੀ ਦਾ ਮੁਰਸ਼ਦ : ਇਰਫਾਨ ਖ਼ਾਨ / 212
ਪੁੱਛਣ 'ਚ ਕੋਈ ਹਰਜ ਨਹੀਂ / ਸੀਮਾ ਸੋਨਿਮ ਆਲਿਮਚੰਦ / 216

- *ਬਾਲ ਕਹਾਣੀ*

ਸ਼ਰਤ / ਐਂਤੋਨ ਚੈਖ਼ਵ / 218


*ਸਰਵਰਕ*

- ਟਾਈਟਲ ਪੰਨਾ : ਗੁਰੂ ਗੋਬਿੰਦ ਸਿੰਘ

ਚਿਤਰਕਾਰ ਮਨਜੀਤ ਬਾਵਾ। ਬੌਬੀ ਬੇਦੀ ਤੇ ਵਰਸ਼ਾ ਬੇਦੀ ਦੇ ਨਿੱਜੀ ਸੰਗ੍ਰਹਿ 'ਚੋਂ। 'ਮਿੱਟੀ ਦਾ ਬਾਵਾ' ਨਾਂ ਹੇਠ ਆਯੋਜਿਤ ਪ੍ਰਦਰਸ਼ਨੀ। ਤ੍ਰਿਵੈਣੀ ਕਲਾ ਸੰਗਮ ਦਿੱਲੀ 'ਚ 11-28 ਜਨਵਰੀ 2020। ਨਾਲ ਛਪੇ ਕਿਤਾਬਚੇ ਦਾ ਸੰਪਾਦਕੀ ਨਾਮਵਰ ਚਿਤਰਕਾਰ ਸਿਧਾਰਥ ਨੇ ਲਿਖਿਆ ਹੈ। ਬਕੌਲ ਬੌਬੀ ਬੇਦੀ..."ਮਨਜੀਤ ਬਾਵਾ ਨੇ ਜ਼ਿਦ ਕੀਤੀ ਕਿ ਗੁਰੂ ਗੋਬਿੰਦ ਸਿੰਘ ਦੀ ਪੇਂਟਿੰਗ ਮੈਂ ਆਪਣੇ ਕੋਲ ਹੀ ਰੱਖਾਂ।"

- ਟਾਈਟਲ ਦੂਸਰਾ : ਆਰਟਿਸਟ ਮਨੂ ਸਿੰਘ।

- ਸੁਲੇਖ : ਜਤਿੰਦਰ ਸਿੰਘ, ਸਤਰਾਂ : ਸ਼ਿਵ ਕੁਮਾਰ

ਜਦੋਂ ਕਾਲ਼ੀ-ਬੋਲ਼ੀ ਨ੍ਹੇਰੀ ਵਗ ਰਹੀ ਹੋਵੇ, ਰੁੱਖ ਲਿਫ-ਲਿਫ ਦੋਹਰੇ ਹੋ ਰਹੇ ਹੋਣ, ਜ਼ਮੀਨ ਉੱਤੇ ਵਿਛ ਰਹੇ ਹੋਣ, ਜ਼ਿੰਦਗੀ ਦੇ ਮਾਰੇ ਜਿਵੇਂ ਉਹ ਆਪਣੇ ਜੀਵਨ ਦੀ ਭੀਖ ਮੰਗ ਰਹੇ ਹੋਣ...ਨਾਲ ਹੀ ਕਹਿਰ ਦੀ ਗੜੇਮਾਰ ਹੋ ਰਹੀ ਹੋਵੇ, ਆਪਣੇ ਮੈਲ਼ੇ ਪਾਣੀਆਂ ਨਾਲ ਆਫ਼ਰੇ ਨਦੀਆਂ-ਨਾਲ਼ੇ ਚੁਫ਼ੇਰੇ ਖੌਰੂ ਪਾਉਂਦੇ, ਖੋਰਾ ਲਾਉਂਦੇ ਹੋਏ ਹੋਣ, ਬੇਵੱਸ, ਲਾਚਾਰ ਬੇਜ਼ੁਬਾਨ ਰੁੜ੍ਹਦੇ-ਹੜ੍ਹਦੇ ਜਾਣ ਤੇ ਅਮੁੱਕ ਵਹਿਣ ਲਗਾਤਾਰ ਲੱਫਾਂ ਮਾਰਦਾ ਉੱਤੇ ਹੀ ਉੱਤੇ ਚੜ੍ਹਦਾ ਜਾ ਰਿਹਾ ਹੋਵੇ ਤਾਂ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਹੁੰਦਾ। ਕੀ ਤਿਣਕਾ ਵੀ ਅਜਿਹੇ ਹੜ੍ਹ 'ਚ ਰੁੜ੍ਹ ਗਿਆ ? ਆਪਣੀ ਜ਼ਮੀਨ ਛੱਡ ਤੁਰਿਆ।

ਜਾਂ ਫਿਰ ਇਉਂ; ਵਿਸ਼ਾਲ ਬੀਆਬਾਨ ਜੰਗਲ ਵਿਚ ਘਾਸਾਹਾਰੀ ਆਪਣੇ ਬਚਾਅ ਲਈ ਮਾਸਾਹਾਰੀਆਂ ਵਿਰੁੱਧ ਇਕਜੁੱਟ ਹੁੰਦੇ ਹਨ ! ਇਕ-ਦੂਜੇ ਦੇ ਮਦਦਗਾਰ ਬਣਦੇ ਹਨ। ਉਨ੍ਹਾਂ ਦੀ ਹਾਲ-ਪਾਹਰਿਆ ਜੀਵਨ ਦੇ ਚੱਲਦੇ ਰਹਿਣ ਦਾ ਸੰਕੇਤ ਸਾਧਨ ਹਨ। ਨਦੀਆਂ, ਝੀਲਾਂ ਤੇ ਵੱਡੇ ਤਲਾਬਾਂ ਵਿਚ ਮਨ ਆਈਆਂ ਕਰਦੇ ਘੜਿਆਲ ਪਾਣੀ ਨੂੰ ਤਰਸਦੇ ਆਇਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਤੇ ਵੱਡੇ ਖੁੱਲ੍ਹੇ ਜਬਾੜਿਆਂ ਨੂੰ ਦਿਖਾ ਕੇ ਦੂਜਿਆਂ ਅੰਦਰ ਦਹਿਸ਼ਤ ਦਾ ਮਾਹੌਲ ਸਿਰਜਦੇ ਹਨ। ਅਜਿਹੇ ਪਾਲਤੂਆਂ ਦੇ ਡਰਾਉਣੇ ਤੇ ਭਿਆਨਕ ਨਜ਼ਾਰਿਆਂ ਦਾ ਤਮਾਸ਼ਾ ਦੇਖਣ ਲਈ ਮਨੋਰੰਜਨ-ਮੁਖੀ ਭੀੜ ਜੁੜਦੀ ਹੈ ! ਕੀ ਭੀੜ ਸੱਚਮੁੱਚ ਇੱਜੜ ਹੁੰਦੀ ਹੈ ? ਤੇ ਆਜੜੀ ਦੀ ਲੰਮੀ ਢਾਂਗੀ ਤੋਂ ਡਰਦੀ ਨੀਵੀਂ ਪਾ ਕੇ ਤੁਰੀ ਰਹਿੰਦੀ ਹੈ !...

ਉਪਰੋਕਤ ਨੂੰ ਧਿਆਨ ਗੋਚਰੇ ਰੱਖਦਿਆਂ ਚਿੰਤਨਸ਼ੀਲ ਮਨਾਂ ਵਿਚ ਸਵਾਲ ਉਪਜਦਾ ਹੈ ਕਿ ਅਜਿਹੇ ਨਾਸਾਜ਼ ਸਮਿਆਂ ਵਿਚ ਸੁਹਿਰਦ ਤੇ ਸੂਝਵਾਨ ਸਾਹਿਤਕਾਰ, ਕਲਾਕਾਰ, ਪੱਤਰਕਾਰ, ਅਨੁਵਾਦਕ ਤੇ ਲੋਕਮੁਖੀ ਧਿਰ ਆਪਣੀ ਭੂਮਿਕਾ ਹੋਰ ਵਧੇਰੇ ਸ਼ਿੱਦਤ ਨਾਲ ਨਿਭਾਵੇ। ਗੁੰਝਲਦਾਰ ਸਭਿਆਚਾਰਕ ਸਰੋਕਾਰਾਂ ਦੀ ਨਵ-ਪਰਿਭਾਸ਼ਾ, ਨਵਚੇਤਨਾ ਦਾ ਮਾਨਵੀ ਪਸਾਰਾ ਤਨਦੇਹੀ ਨਾਲ ਕਰੇ। ਨਿਮਾਣੀ-ਨਿਤਾਣੀ ਧਿਰ ਲਈ ਤਿਣਕੇ ਦੇ ਸਹਾਰੇ ਵਜੋਂ ਚਾਨਣ-ਮੁਨਾਰਾ ਬਣ ਕੇ ਲਿਸ਼ਕਾਰੇ ਮਾਰੇ। ਯਾਨਿ ਹਿੰਦੋਸਤਾਨ-ਭਾਰਤ ਅਤੇ ਇੰਡੀਆ ਦੇ ਬਹੁ-ਸਭਿਆਚਾਰਾਂ ਦੇ ਤਣਾਅ ਤੇ ਟਕਰਾਅ ਦਾ ਨਤਾਰਾ ਜਮਹੂਰੀ ਜ਼ੁੱਰਅਤ ਜੁਗਤ ਦੀ ਲੋਅ ਲਾਟ ਬਣ ਕੇ ਹੋਵੇ। ਪ੍ਰਤੱਖ ਸਮਾਜਿਕ ਵਰਤਾਰੇ ਵਿਚਲਾ ਯਥਾਰਥ ਤਰਕਵਾਦੀ ਦ੍ਰਿਸ਼ਟੀ ਵਾਲਾ ਹੋਵੇ। ਬੇਸਿਰ ਪੈਰ ਮਿਥਿਹਾਸ ਜ਼ਰੀਏ ਇਨਸਾਨ ਮਾਰੂ ਨਜ਼ਰੀਏ ਦੀ ਤਿਲਾਂਜਲੀ, ਵਿਗਿਆਨ-ਗਲਪ ਸਾਹਿਤ ਰਾਹੀ ਵਧੇਰੇ ਉਸਾਰੂ ਮਾਨਸਿਕ ਬਣਤਰ, ਨਿੱਗਰ ਮਨੁੱਖੀ ਕਦਰਾਂ-ਕੀਮਤਾਂ ਦਾ ਵਿਆਪਕ ਪਾਸਾਰਾ, ਕਿਰਤ ਦੀ ਕਦਰ; ਆਚਾਰ, ਵਿਹਾਰ ਤੇ ਸਭਿਆਚਾਰ ਦਾ ਹਿੱਸਾ ਬਣੇ। ਅਜਿਹੇ ਵਰਤਾਰਿਆਂ, ਲਿਖਤਾਂ ਤੇ ਸਿੱਖਿਆਵਾਂ ਸਦਕਾ ਹੀ ਮਨੁੱਖ ਆਧੁਨਿਕ ਹੋਣ ਵੱਲ ਨਿਰੰਤਰ ਪੈਰ ਪੁੱਟਦਾ ਰਿਹਾ ਹੈ। ਇਨਸਾਨੀਅਤ ਭਰੀ ਵਿਚਾਰਧਾਰਾ ਦਾ ਜਲੌਅ ਕਦੇ ਫਿੱਕਾ ਜਾਂ ਮੱਠਾ ਨਹੀਂ ਪੈਂਦਾ। ਇਉਂ, ਨਿੱਗਰ ਤੇ ਨਰੋਈ ਸਭਿਆਚਾਰਕ ਲਹਿਰ ਦੀ ਮੁੜ ਉਸਾਰੀ ਸਮੇਂ ਦੀ ਜ਼ਰੂਰਤ ਜਾਪਦੀ ਹੈ ਜਿਸ ਦੇ ਬਹਾਨੇ ਦਾਬੇ, ਧੌਂਸ ਵਾਲੀਆਂ ਧਿਰਾਂ ਆਪਣੇ ਗਿਰਵਾਨ ਝਾਤ ਮਾਰਦਿਆਂ ਸ਼ਰਮਸਾਰ ਹੋਣ ਲਈ ਮਜਬੂਰ ਹੋਣ। ਸਾਹਿਤ ਤੇ ਸਾਹਿਤਕਾਰ ਲੋਕ-ਪੱਖੀ ਦਰਦ ਨੂੰ ਪ੍ਰਗਟਾਉਣ ਤੋਂ ਝਿਜਕਦੇ ਨਹੀਂ। ਉਨ੍ਹਾਂ ਦੇ ਸਾਹਮਣੇ ਮਾਣ ਸਨਮਾਨ, ਪ੍ਰਸੰਸਾ ਤੇ ਲੋਭ-ਲਾਲਚ ਸਨਮੁਖ ਨਹੀਂ ਹੁੰਦੇ ਸਗੋਂ ਮਨੁੱਖ ਤੇ ਮਨੁੱਖਤਾ ਹੁੰਦੇ ਹਨ।

ਗੌਰਤਲਬ ਸਮਾਜਿਕ ਹਕੀਕਤ ਇਹ ਹੋਵੇ ਕਿ ਧਰਮ ਮਨੁੱਖ ਨੂੰ ਆਪਣੇ ਅਧੀਨ ਕਰਨ ਵੱਲ ਰੁਚਿਤ ਨਾ ਹੋਵੇ ਕਿਉਂਕਿ ਇਹ ਮਨੁੱਖੀ ਸਿਰਜਣਾ ਹੈ। ਭਾਵ ਮਨੁੱਖ ਦੀ ਆਜ਼ਾਦੀ ਕੁਦਰਤੀ ਹੱਕ-ਹਕੂਕ ਤੇ ਉਹਦੀ ਸਵੈ-ਸਨਮਾਨ

"

ਵਰਤਮਾਨ ਵਿਚ ਗੰਭੀਰ ਮੁੱਦਾ ਇਹ ਹੈ ਕਿ ਕੀ ਸਿਰਫ਼ ਲੇਖਕ, ਪੱਤਰਕਾਰ ਤੇ ਕਲਾਕਾਰ ਹੀ ਸਮਾਜਿਕ ਚੇਤਨਾ ਲਈ ਅਤੇ ਵਿਰੋਧੀ ਧਿਰ ਵਜੋਂ ਭੂਮਿਕਾ ਨਿਭਾਉਂਦੇ ਰਹਿਣਗੇ ਤੇ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹਿਣਗੇ ? ਜਿਹੜੇ ਕਹਿੰਦੇ ਸੀ 'ਮਰਾਂਗੇ ਨਾਲ ਤੇਰੇ' ਉਹ ਕਿਧਰ ਗੁੰਮ ਗੁਆਚ ਗਏ ? ਕਿਹੜੀਆਂ ਹਵਾਵਾਂ ਖਾ ਗਈਆਂ ਉੱਚੀ ਸੁਰ ਦੇ ਉਹ ਤਰਾਨੇ ਤੇ ਪਰਵਾਨੇ।

"

ਭਰੀ ਪਛਾਣ ਲਗਾਤਾਰ ਬਰਕਰਾਰ ਰਹੇ। ਇਲਾਕਾਵਾਦ, ਨਸਲਵਾਦ, ਜਾਤੀਵਾਦ, ਵਰਣ-ਧਰਮ, ਕਾਲਾ ਗੋਰਾ ਮਨੁੱਖ ਦੀ ਵੰਡ ਦੇ ਮਾਰੂ ਹਥਿਆਰ ਹਨ ਜਿਨ੍ਹਾਂ ਨਾਲ ਸਰੀਰਕ, ਮਾਨਸਿਕ ਤੇ ਆਰਥਿਕ ਸ਼ੋਸ਼ਣ, ਫੁੱਟ, ਪਾੜੇ ਤੇ ਪੁਆੜੇ ਵਿਆਪਕ ਪੱਧਰ 'ਤੇ ਪੈਂਦੇ ਹਨ। ਲੇਖਕ ਅਜਿਹੀਆਂ ਚਾਲਾਂ-ਕੁਚਾਲਾਂ ਦੇ ਖ਼ਿਲਾਫ਼ ਸ਼ਬਦ-ਬਾਣ ਚੁੱਕੀ ਫਿਰਦਾ ਇਨਸਾਨੀਅਤ ਦੀ ਬਿਹਤਰੀ ਲਈ ਮੈਦਾਨ ਵਿਚ ਨਿਤਰਿਆ ਰਹਿੰਦਾ ਹੈ। ਸੋ, ਲੇਖਕ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਅਜਿਹੇ ਨਾਜ਼ੁਕ ਹਾਲਾਤ ਦੌਰਾਨ ਸਮਾਜ ਵਿਚ ਵਾਪਰਦੀਆਂ ਵਧੀਕੀਆਂ ਤੇ ਹਰ ਤਰ੍ਹਾਂ ਦੀਆਂ ਜ਼ਿਆਦਤੀਆਂ ਦੇ ਖ਼ਿਲਾਫ਼ ਆਪਣੀਆਂ ਲਿਖਤਾਂ ਵਿਚ ਸ਼ਿਕਾਇਤਾਂ ਦਰਜ ਕਰਦਾ ਕਰਾਉਂਦਾ ਰਹੇ।...ਤੇ ਚੁੱਪ ਰਹਿਣ ਦਾ ਮਤਲਬ ਬੇਇਨਸਾਫ਼ੀ ਨੂੰ ਬਰਕਰਾਰ ਰੱਖਦੀਆਂ ਤਾਕਤਾਂ ਦੀ ਖ਼ਾਮੋਸ਼ ਮਦਦ ਹੈ। ਇਸ ਦ੍ਰਿਸ਼ਟੀ ਤੋਂ ਕਿਹਾ ਜਾਂਦਾ ਹੈ—ਆਖ਼ਿਰ, ਦੁਸ਼ਮਣਾਂ ਉੱਤੇ ਅਫ਼ਸੋਸ ਨਹੀਂ ਕਿ ਉਹ ਕੀ-ਕੀ ਜ਼ੁਲਮ ਢਾਹ ਰਹੇ ਹਨ ਸਗੋਂ ਉਨ੍ਹਾਂ ਸਾਥੀਆਂ ਤੇ ਦੋਸਤਾਂ ਦਾ ਚੇਤਾ ਆਉਂਦਾ ਰਹੇਗਾ ਕਿ ਉਹ ਖ਼ਾਮੋਸ਼ ਕਿਉਂ ਰਹੇ !

ਅਜਿਹੇ ਹਾਲਾਤ ਵਿਚ ਦੱਖਣੀ ਅਫ਼ਰੀਕਾ ਦੇ ਨੋਬਲ ਪੁਰਸਕਾਰ ਜੇਤੂ ਅਲਬਰਟ ਲੁਥਲੀ (1898-21 ਜੁਲਾਈ 1967) ਦਾ ਕਥਨ ਵਾਰ-ਵਾਰ ਚੇਤੇ ਆਉਂਦਾ ਹੈ—"ਮੈਂ ਇਕ ਕ੍ਰਿਸਚੀਅਨ ਹੁੰਦਿਆਂ ਹਮੇਸ਼ਾ ਇਹ ਮਹਿਸੂਸ ਕੀਤਾ ਹੈ ਕਿ ਨਸਲਵਾਦ ਜਾਂ ਰੰਗ ਦੇ ਆਧਾਰ 'ਤੇ ਮਨੁੱਖਾਂ ਨਾਲ ਕੀਤੇ ਜਾਂਦੇ ਵਿਤਕਰੇ ਨਾਲੋਂ ਵਧੇਰੇ ਵੱਡਾ ਜ਼ੁਲਮ ਕੋਈ ਹੋਰ ਨਹੀਂ ਹੋ ਸਕਦਾ। ਇਹ ਨਾ ਬਖ਼ਸ਼ਣਯੋਗ ਜ਼ੁਲਮ ਹੈ। ਨਸਲਵਾਦ ਉੱਤੇ ਆਧਾਰਤ ਵਿਵਸਥਾ ਆਦਮੀ ਦੀ ਪੀੜ ਪ੍ਰਤਿ ਬਿਲਕੁਲ ਵਿਰਕਤ ਭਾਵ ਨਾਲ ਅਲੱਗ ਰਹਿੰਦੀ ਹੈ। ਇਸ ਅਤਿਆਚਾਰੀ ਵਿਵਸਥਾ ਕਾਰਨ ਆਦਮੀ ਨੂੰ ਕੀ ਕੀ ਨਹੀਂ ਛੱਡਣਾ ਪੈਂਦਾ ? ਆਪਣੀ ਜ਼ਮੀਨ, ਆਪਣਾ ਘਰ, ਆਪਣੀ ਨੌਕਰੀ ਤੇ ਪਤਾ ਨਹੀਂ ਕੀ ਕੀ ਛੱਡ ਕੇ ਉਸ ਨੂੰ ਕਿਨ੍ਹਾਂ-ਕਿਨ੍ਹਾਂ ਤ੍ਰਾਸਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ?" ਸੋ, ਇਸ ਪਿਛਲੇ ਦਰਦ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।


ਵਰਤਮਾਨ ਵਿਚ ਗੰਭੀਰ ਮੁੱਦਾ ਇਹ ਹੈ ਕਿ ਕੀ ਸਿਰਫ਼ ਲੇਖਕ, ਪੱਤਰਕਾਰ ਤੇ ਕਲਾਕਾਰ ਹੀ ਸਮਾਜਿਕ ਚੇਤਨਾ ਲਈ ਅਤੇ ਵਿਰੋਧੀ ਧਿਰ ਵਜੋਂ ਭੂਮਿਕਾ ਨਿਭਾਉਂਦੇ ਰਹਿਣਗੇ ਤੇ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹਿਣਗੇ ? ਜਿਹੜੇ ਕਹਿੰਦੇ ਸੀ 'ਮਰਾਂਗੇ ਨਾਲ ਤੇਰੇ' ਉਹ ਕਿਧਰ ਗੁੰਮ ਗੁਆਚ ਗਏ ? ਕਿਹੜੀਆਂ ਹਵਾਵਾਂ ਖਾ ਗਈਆਂ ਉੱਚੀ ਸੁਰ ਦੇ ਉਹ ਤਰਾਨੇ ਤੇ ਪਰਵਾਨੇ।

...ਤੇ ਕੋਰੋਨਾ ਕਹਿਰ ਦੌਰਾਨ ਅਮਰੀਕਾ ਵਿਚ ਗੋਰੇ ਨੇ ਕਾਲ਼ੇ ਦੀ ਧੌਣ 'ਤੇ ਗੋਡਾ ਰੱਖ ਕੇ ਮਾਰਿਆ, ਉਹ ਵੀ ਉਥੋਂ ਦੇ ਪੁਲਿਸ ਅਫ਼ਸਰ ਨੇ—ਵਿਰੋਧ 'ਚ ਸਾਰਾ ਯੂਰਪ ਤੇ ਪੱਛਮ ਇਕ ਹੋ ਗਿਆ। ਮਿਲ ਕੇ ਸਭ ਨੇ ਹਾਅ ਦਾ ਨਾਅਰਾ ਮਾਰਿਆ। ਕਾਲ਼ਿਆਂ ਨੂੰ ਪਸ਼ੂਆਂ ਤੋਂ ਬਦਤਰ ਜ਼ਿੰਦਗੀ ਜਿਊਣ ਲਈ ਮਜ਼ਬੂਰ ਕਰਨ ਵਾਲਿਆਂ ਦੇ ਬੁੱਤ ਮੂਧੇ ਮੂੰਹ ਸੁੱਟੇ ਗਏ। ਕਲਪਤ ਨਰਕ ਨਾਲੋਂ ਵਧੇਰੇ ਤਸੀਹੇ ਝੱਲਦੇ ਮੂਲ ਨਿਵਾਸੀ (ਫਸਟ ਨੇਸ਼ਨ) ਬਹੁਗਿਣਤੀ ਹੋ ਕੇ ਵੀ ਅਣਮਨੁੱਖੀ ਅੱਤਿਆਚਾਰ ਸਹਿ ਰਹੇ ਹਨ। ਸਾਡਾ ਆਪਣਾ ਮੁਲਕ ਗਰੀਬ-ਗੁਰਬਿਆਂ ਤੇ ਸਮਾਜਕ ਪੱਖੋਂ ਹੀਣੇ

ਸਮਝੇ ਜਾਂਦੇ ਲੋਕਾਂ ਲਈ ਓਪਰਾ ਤੇ ਪਰਾਇਆ ਹੋ ਕੇ ਰਹਿ ਗਿਆ। ਮਜ਼ਦੂਰਾਂ-ਪਰਵਾਸੀ ਮਜ਼ਦੂਰਾਂ ਦੀ ਜੋ ਦੁਰਗਤੀ ਕੀਤੀ ਗਈ ਉਹ ਕਿਸੇ ਤੋਂ ਲੁਕੀ ਹੋਈ ਨਹੀਂ। ਸਪੱਸ਼ਟ ਸ਼ਬਦਾਂ ਵਿਚ ਦੋ ਟੁੱਕ ਕਹਿਣਾ ਦਰੁਸਤ ਹੋਵੇਗਾ ਕਿ ਸਮੁੱਚੇ ਵਿਸ਼ਵ ਵਿਚ ਫਸਟ ਨੇਸ਼ਨ ਲੋਕ ਆਪਣੀ ਭਾਸ਼ਾ ਸਭਿਆਚਾਰ ਤੇ ਪ੍ਰਕਿਰਤ ਸਾਧਨਾਂ ਤੋਂ ਲਗਭਗ ਵੰਚਿਤ-ਵਿਰਵੇ ਹੋ ਚੁੱਕੇ ਹਨ। ਉਨ੍ਹਾਂ ਉੱਤੇ ਦਾਬੂ ਤਾਕਤਾਂ ਨੇ ਆਪਣਾ ਧਰਮ, ਭਾਸ਼ਾ ਤੇ ਸਭਿਆਚਾਰ ਥੋਪਿਆ ਹੈ। ਇਕ ਰੰਗ ਵਿਚ ਬਹੁ-ਸਭਿਆਚਾਰਾਂ ਨੂੰ ਰੰਗਣ ਦੇ ਉਪਰਾਲੇ ਜਾਰੀ ਹਨ। ਧਰਮ ਮਨੁੱਖ ਉੱਤੇ ਹਾਵੀ ਹੋ ਚੁੱਕਾ ਹੈ। ਨਤੀਜਨ ਰੰਗ-ਭੇਤ, ਨਸਲਵਾਦ, ਵਰਣ-ਧਰਮ, ਜਾਤ ਪਾਤ, ਊਚ-ਨੀਚ ਤੇ ਛੂਆਛਾਤ ਦੀ ਵਜ੍ਹਾ ਨਾਲ ਲੋਕ ਸਾਹਿਤ ਤੇ ਮੌਖਿਕ ਸਾਹਿਤ ਵਿਚ ਨਿਮਨ ਦਰਜੇ ਦੀਆਂ ਕਹਾਵਤਾਂ ਅਤੇ ਅਖਾਣਾਂ ਕੋਈ ਜਣਾ ਵੀ ਪੜ੍ਹ ਸੁਣ ਸਕਦਾ ਹੈ।

ਸਵਾਲ ਉੱਠਦਾ ਹੈ ਕਿ ਅਜਿਹੇ ਗੰਭੀਰ ਸਰੋਕਾਰਾਂ ਨਾਲ ਦੋ-ਚਾਰ ਹੋਣ ਲਈ ਸੀਮਤ ਜਿਹਾ ਸੰਵੇਦਨਸ਼ੀਲ ਬੁੱਧੀਜੀਵੀ ਵਰਗ ਹੈ ? ਸਮਾਜ ਵਿਰੋਧੀ ਕਲੰਕੀ ਬਿਰਤੀ-ਪ੍ਰਵਿਰਤੀ ਬਹੁਤੇ ਲੇਖਕਾਂ ਦੀ ਸਿਰਜਣਾ ਦਾ ਕੇਂਦਰ ਬਿੰਦੂ ਕਿਉਂ ਨਹੀਂ ਬਣਦੀ। ਕੀ ਸਾਹਿਤ ਮਨੋਰੰਜਨ ਦਾ ਸਾਧਨ ਹੈ ਜਾਂ ਸਮਾਜਿਕ ਬਦਲਾਅ ਦਾ ਅਤਿ ਲੋੜੀਂਦਾ ਹਥਿਆਰ ? ਦੁਨੀਆ ਦੇ ਕਈ ਸੁਹਿਰਦ ਲੇਖਕਾਂ ਨੇ ਸ਼ਬਦ-ਹਥਿਆਰ ਸਾਣ ਉੱਤੇ ਲਾਏ। ਇਵਜ਼ ਵਿਚ ਭਰ ਗਰਮ-ਸਰਦ ਇਲਾਕਿਆਂ ਵਿਚ ਮਜ਼ਦੂਰੀ ਕਰਵਾਈ ਗਈ, ਜੇਲ੍ਹਾਂ ਹੋਈਆਂ, ਕੈਦਾਂ ਕੱਟੀਆਂ ਤੇ ਬੇਵਤਨੇ ਹੋਏ। ਪਰ ਹਕੀਕਤ ਇਹ ਵੀ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਨੇ ਨਵੇਂ ਕਾਨੂੰਨ ਬਣਾਉਣ ਤੇ ਸੋਧਣ ਲਈ ਸਰਕਾਰਾਂ ਨੂੰ ਮਜਬੂਰ ਕੀਤਾ ਚਾਹੇ, ਉਹ ਜ਼ਮੀਨਾਂ ਦੀ ਮਾਲਕੀ ਤੇ ਭਾਵੇਂ ਕਾਰਖਾਨਿਆਂ 'ਚ ਕੰਮ ਕਰਦੇ ਮਜ਼ਦੂਰਾਂ ਨਾਲ ਸੰਬੰਧਿਤ ਸਨ। ਇਉਂ ਹੀ ਜੰਗਬਾਜ਼ਾਂ ਖ਼ਿਲਾਫ਼ ਕਲਮਕਾਰਾਂ ਨੇ ਆਪਣੀਆਂ ਸ਼ਬਦ-ਮਿਸਾਇਲਾਂ ਦਾਗ਼ੀਆਂ ਤੇ ਸੰਸਾਰ ਅਮਨ ਦੀ ਸਲਾਮਤੀ ਨੂੰ ਮਜ਼ਬੂਤ ਕੀਤਾ। ਮੁੱਕਦੀ ਗੱਲ ਕਿ ਵਿਚਾਰ ਤੇ ਹਥਿਆਰ ਅਕਸਰ ਟਕਰਾਉਂਦੇ ਹਨ ਤੇ ਸੱਚ ਦਾ ਪੱਲੜਾ ਹਮੇਸ਼ਾ ਭਾਰੂ ਰਿਹਾ ਹੈ ਤੇ ਰਹੇਗਾ ਵੀ।

...ਜੂਝਦੇ-ਜੁਝਾਰ ਲੋਕ-ਕਵੀ ਡਾ. ਰਾਹਤ ਇੰਦੌਰੀ (1 ਜਨਵਰੀ 1950-11 ਅਗਸਤਰ 2020) ਨੂੰ ਉਨ੍ਹਾਂ ਦੇ ਸ਼ੇਅਰਾਂ ਨਾਲ ਯਾਦ ਕਰਦਿਆਂ ਸ਼ਰਧਾਂਜਲੀ ਹੈ। ਜਿਵੇਂ :



ਆਖੋਂ ਮੇਂ ਪਾਨੀ ਰਖੋ ਹੋਂਠੋਂ ਪੇ ਚਿੰਗਾਰੀ ਰਖੋ
ਜਿੰਦਾ ਰਹਿਨਾ ਹੈ ਤੋ ਤਰਕੀਬੇਂ ਬਹੁਤ ਸਾਰੀ ਰਖੋ

ਲੋਗ ਹਰ ਮੋੜ ਪੇ ਰੁਕ ਰੁਕ ਕੇ ਸੰਭਲਤੇ ਕਿਉਂ ਹੈਂ
ਇਤਨਾ ਡਰਤੇ ਹੈਂ ਤੋ ਫਿਰ ਘਰ ਸੇ ਨਿਕਲਤੇ ਕਿਉਂ ਹੈਂ

ਸਭੀ ਕਾ ਖ਼ੂਨ ਸ਼ਾਮਿਲ ਹੈ ਯਹਾਂ ਕੀ ਮਿੱਟੀ ਮੇਂ
ਕਿਸੀ ਕੇ ਬਾਪ ਕਾ ਹਿੰਦੋਸਤਾਨ ਥੋੜ੍ਹੀ ਹੈ


...ਤੇ ਉਮੀਦ ਦਾ ਮਤਲਬ ਹੈ ਭਵਿੱਖ ! ਆਓ ਉਮੀਦ ਰੱਖੀਏ ਕਿ ਭਵਿੱਖ ਉਸ ਸੰਘਰਸ਼ੀ ਵਰਗ ਤੇ ਲੋਕਾਂ ਦਾ ਹੈ, ਜਿਨ੍ਹਾਂ ਕੋਲ ਗੁਆਉਣ ਲਈ ਕੁਝ ਵੀ ਨਹੀਂ !

**-ਬਲਬੀਰ ਮਾਧੋਪੁਰੀ**

ਈ-ਮੇਲ : **bmadhopuri@yahoo.in**

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਅਤੇ ਉੱਘੇ ਲੋਕਧਾਰਾ ਸ਼ਾਸਤਰੀ ਡਾ. ਦਰਿਆ ਦਾ ਅਚਾਨਕ ਅਕਾਲ ਚਲਾਣਾ ਕਰ ਜਾਣਾ ਬੜੀ ਮੰਦਭਾਗੀ ਘਟਨਾ ਹੈ। ਅਦਾਰਾ ਵਾਹਗਾ ਉਨ੍ਹਾਂ ਪ੍ਰਤਿ ਸ਼ਰਧਾ ਦੇ ਫੁੱਲ ਭੇਟ ਕਰਦਾ ਹੋਇਆ ਉਨ੍ਹਾਂ ਦੇ ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹੁੰਦਾ ਹੈ।





# ਗੁਰੂ ਗੋਬਿੰਦ ਸਿੰਘ ਦਾ ਦਰਸ਼ਨ

*ਡਾ. ਅਤਰ ਸਿੰਘ*



ਗੁਰੂ ਗੋਬਿੰਦ ਸਿੰਘ ਦੀ ਭਾਰਤੀ ਸਭਿਆਚਾਰ ਦੇ ਇਤਿਹਾਸ ਨੂੰ ਦੇਣ ਦੇ ਅਨੇਕਾਂ ਅਜਿਹੇ ਪੱਖ ਹਨ, ਜਿਹੜੇ ਅੱਜ ਤੱਕ ਉਜਾਗਰ ਨਹੀਂ ਹੋਏ। ਬੀਰਤਾ, ਸਰਬੰਸ ਦਾਨ, ਸੰਗਠਨ ਸ਼ਕਤੀ, ਲੋਕ-ਨਾਇਕਤਵ ਦੇ ਪੱਖਾਂ ਵੱਲ ਤਾਂ ਧਿਆਨ ਦਿੱਤਾ ਗਿਆ ਪਰ ਬਹੁਤਾ ਸੰਪਰਦਾਇਕ ਜਾਂ ਧਾਰਮਿਕ ਪ੍ਰਸੰਗਾਂ ਵਿਚ ਆਪ ਦੀ ਕਰਤਾਰੀ ਪ੍ਰਤਿਭਾ ਦੇ ਵੱਖ-ਵੱਖ ਪਹਿਲੂ ਤਾਂ ਅਣਗੌਲੇ ਹੀ ਰਹਿ ਗਏ ਹਨ। ਭਾਰਤੀ ਦਰਸ਼ਨ, ਸਾਹਿਤ ਜਾਂ ਵਿਚਾਰ-ਪ੍ਰਣਾਲੀ ਦੇ ਇਤਿਹਾਸ ਨੂੰ ਜੋ ਵਿਸ਼ਾਲਤਾ ਤੇ ਗਹਿਰਾਈ ਗੁਰੂ ਗੋਬਿੰਦ ਸਿੰਘ ਦੀ ਰਚਨਾ ਤੋਂ ਪ੍ਰਾਪਤ ਹੋਈ, ਉਹ ਜੇ ਕਹੀਏ ਚਿਤਵੀ ਹੀ ਨਹੀਂ ਗਈ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਕਾਰਨ ਇਸ ਦੇ ਕਈ ਹਨ। ਸਿੱਖ ਧਰਮ ਦੇ ਇਤਿਹਾਸਕ ਤੇ ਧਰਮ-ਸ਼ਾਸਤਰੀ ਪੱਖਾਂ ਦਾ ਤਾਂ ਕੁਝ ਅਧਿਐਨ ਜ਼ਰੂਰ ਹੋਇਆ ਹੈ। ਪਰ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਦਰਸ਼ਨ, ਵਿਚਾਰ-ਪ੍ਰਣਾਲੀ ਜਾਂ ਸੰਸਕ੍ਰਿਤੀ ਵਿਚ ਜੋ ਕ੍ਰਾਂਤੀਕਾਰੀ ਪਰਿਵਰਤਨ ਆਏ, ਉਨ੍ਹਾਂ ਦੀ ਨਾ ਤਾਂ ਵੱਖਰੀ ਰੂਪਰੇਖਾ ਹੀ ਸਥਾਪਿਤ ਕਰਨ ਦਾ ਕੋਈ ਯਤਨ ਹੋਇਆ ਹੈ ਨਾ ਉਨ੍ਹਾਂ ਦੇ ਭਾਰਤੀ ਦਰਸ਼ਨ, ਵਿਚਾਰ-ਪ੍ਰਣਾਲੀ ਤੇ ਸੰਸਕ੍ਰਿਤੀ ਨਾਲ ਸੰਪਾਦਕ ਰਿਸ਼ਤਿਆਂ ਨੂੰ ਨਿਖਾਰਨ ਵੱਲ ਧਿਆਨ ਦਿੱਤਾ ਗਿਆ ਹੈ। ਕੁਝ ਤਾਂ ਇਸ ਲਈ ਕਿ ਗੁਰੂ ਸਾਹਿਬ ਦੀ ਬਾਣੀ ਲਿਖੀ ਭਾਵੇਂ ਗੁਰਮੁਖੀ ਲਿਪੀ ਵਿਚ ਹੈ, ਪਰ ਇਸ ਦੀ ਭਾਸ਼ਾ ਬ੍ਰਜੀ ਹੈ। ਜਦੋਂ ਸਿੰਘ ਸਭਾ ਦੇ ਪ੍ਰਭਾਵ ਹੇਠ ਸਿੱਖ ਪੁਨਰ ਜਾਗ੍ਰਿਤੀ ਦੀ ਲਹਿਰ ਦਾ ਬ੍ਰਜੀ ਦੀ ਆਪਣੀ ਸਾਹਿਤਕ ਦੇ ਬੌਧਿਕ ਪਰੰਪਰਾ ਨਾਲੋਂ ਤੋੜ-ਵਿਛੋੜਾ ਹੋਇਆ ਤਾਂ ਗੁਰੂ ਸਾਹਿਬ ਦੀ ਬਾਣੀ ਸਿੱਖ ਵਿਦਿਅਕ ਜਗਤ ਤੋਂ ਹੋਰ ਵੀ ਦੁਰੇਡੀ ਹੋ ਗਈ। ਨਿਰੋਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪ੍ਰਸੰਗ ਇਤਨਾ ਸੰਕੀਰਣ ਸੀ ਕਿ ਗੁਰੂ ਗੋਬਿੰਦ ਸਿੰਘ ਦੀ ਬਾਣੀ ਦਾ ਡੂੰਘਾ ਅਧਿਐਨ ਉਸਦੇ ਅੰਤਰਗਤ ਕਰਨਾ ਅਸੰਭਵ ਸੀ। ਖਿੱਚ ਧੂਹ ਕੇ ਗੁਰੂ ਸਾਹਿਬ ਦੀ ਇਕ ਅੱਧ ਬਾਣੀ (ਚੰਡੀ ਦੀ ਵਾਰ) ਨੂੰ ਪੰਜਾਬੀ ਸਾਹਿਤ ਸਾਧਨਾ ਨੇ ਧਿਆਉਣ ਦੀ ਚੇਸ਼ਟਾ ਕੀਤੀ।

ਸਿੱਟਾ ਬਹੁਤਾ ਕੀ ਨਿਕਲਣਾ ਸੀ ? ਇਕ ਪੱਖੀ ਤੇ ਇਕਾਂਗੀ ਜਿਹੀ ਅਧਿਐਨ ਹੀ ਸੰਭਵ ਹੋ ਸਕਦੇ ਸਨ, ਸੋ ਗੱਲ ਉਨ੍ਹਾਂ ਤੋਂ ਬਾਹਰ ਨਾ ਨਿਕਲੀ। ਪੰਜਾਬ ਦੇ ਸਭਿਆਚਾਰਕ ਤੇ ਸਾਹਿਤਕ ਇਤਿਹਾਸ ਦਾ ਵਡੇਰਾ ਸੰਦਰਭ ਅਪਣਾਉਣ ਨਾਲ ਵੀ ਵਧੇਰੇ ਸਾਰਥਕ ਸਿੱਟੇ ਨਿਕਲਣ ਦੀ ਆਸ ਹੋ ਸਕਦੀ ਸੀ। ਪਰ ਪੰਜਾਬ ਦੀ ਸਾਂਸਕ੍ਰਿਤਕ ਇਕਾਂਗੀ ਤੇ ਇਕਤਾਦਾ ਤਾਂ ਅਜੇ ਤਕ ਕੋਈ ਭਾਵਪੂਰਤ ਸੰਕਲਪ ਹੀ ਨਹੀਂ ਵਜੂਦ ਵਿਚ ਆਇਆ। ਸੋ ਇਹ ਸੰਭਾਵਨਾ ਸਚਿੱਆਣੀ ਤਾਂ ਇਕ ਪਾਸੇ ਰਹੀ, ਅਕਾਂਖਿਆ ਵੀ ਨਾ ਬਣ ਸਕੀ। ਰਹੀ ਗੱਲ ਹਿੰਦੀ ਸਾਹਿਤ ਦੇ ਇਤਿਹਾਸ ਦੇ ਅੰਤਰਗਤ ਗੁਰੂ ਗੋਬਿੰਦ ਸਿੰਘ ਪ੍ਰਾਪਤੀ ਦੇ ਮੁਲਾਂਕਣ ਦੀ। ਇਸ ਪਾਸੇ ਹਿੰਦੀ ਜਗਤ ਦੀ ਵਿਸਤਾਰਮਈ ਰੁਚੀ ਦੇ ਅਧੀਨ ਕੁਝ ਅਹਿਮ ਜਤਨ ਜ਼ਰੂਰ ਹੋਏ। ਪਰ ਹਿੰਦੀ ਵਿਦਵਾਨ ਗੁਰੂ ਗੋਬਿੰਦ ਸਿੰਘ ਦੀ ਵਿਚਾਰ-ਪ੍ਰਣਾਲੀ ਲਈ ਸਹਾਨਭੂਤੀ ਦੀ ਭਾਵਨਾ ਤੋਂ ਲਗਭਗ ਮੁਕਤ ਸਨ। ਉਨ੍ਹਾਂ ਨੇ ਹਿੰਦੀ ਕਵਿਤਾ ਦੇ ਰੀਤੀ ਕਾਲ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਦੀ ਚਲਾਈ ਰੀਤ ਨੂੰ ਕੇਵਲ ਇਕ ਨਵੇਂ ਵਿਸਤਾਰ ਦੇ ਰੂਪ ਵਿਚ ਹੀ ਸੰਮਿਲਤ ਕੀਤਾ ਬੀਰ-ਰਸ ਕਾਵਿ ਪਰੰਪਰਾ ਦੇ ਤੌਰ 'ਤੇ। ਦਸਮੇਸ਼-ਬਾਣੀ ਦੀਆਂ ਲਗਭਗ ਸਾਰੀਆਂ ਹੀ ਮੂਲ ਭੂਤ ਦਾਰਸ਼ਨਿਕ ਮਾਨਤਾਵਾਂ ਤੋਂ ਹਿੰਦੀ ਸਾਹਿਤ ਅਧਿਐਨ ਨਿਰਲੇਪ ਰਿਹਾ। ਇਹ ਇਸ ਲਈ ਕਿ ਹਿੰਦੀ ਕਾਵਿ-ਪਰੰਪਰਾ ਵਿਚ ਸਰਗੁਣ ਧਾਰਾ ਪ੍ਰਮੁੱਖ ਹੈ ਤੇ ਨਿਰਗੁਣ ਧਾਰਾ ਗੌਣ। ਓਰ ਇਸ ਤੋਂ ਵੱਧ ਇਸ ਲਈ ਕਿ ਗੁਰੂ ਗੋਬਿੰਦ ਸਿੰਘ ਨਿਰਗੁਣ ਧਾਰਾ ਦੀ ਪ੍ਰੋੜ੍ਹਤਾ ਤੱਕ ਹੀ ਸੀਮਿਤ ਨਾ ਰਹੇ ਸਗੋਂ ਉਨ੍ਹਾਂ ਨੇ ਸਰਗੁਣ ਉਪਾਸ਼ਨਾ ਦੇ ਮੂਲ ਆਧਾਰ ਅਵਤਾਰਵਾਦ ਦੇ ਸਿਧਾਂਤ ਦਾ ਹੀ ਨਕਾਰਣ ਕਰ ਦਿੱਤਾ। ਇਸ ਨਕਾਰਣ ਦੇ ਕਈ ਡੂੰਘੇ ਦਾਰਸ਼ਨਿਕ ਪ੍ਰੇਰਕ ਸਨ ਤੇ ਉਨ੍ਹਾਂ ਤੋਂ ਵੀ ਵਧੇਰੇ ਦੂਰ-ਪੁੱਜ ਸਿੱਟੇ ਨਿਕਲੇ। ਇਨ੍ਹਾਂ ਦੀ ਚਰਚਾ ਅੱਗੇ ਚੱਲ ਕੇ ਕਰਾਂਗੇ। ਇਥੇ ਇਤਨਾ ਕਹਿਣਾ ਹੀ ਕਾਫ਼ੀ ਹੈ ਕਿ ਇਨ੍ਹਾਂ ਬੁਨਿਆਦੀ ਸਿਧਾਂਤਕ ਵਿਰੋਧਾਂ ਸਦਕਾ ਸਰਗੁਣ ਉਪਾਸ਼ਨਾ ਵਿਚ ਰਸੇ ਰਮੇ ਹਿੰਦੀ ਕਾਵਿ ਲਈ ਗੁਰੂ ਗੋਬਿੰਦ ਸਿੰਘ ਦੀ ਰਚਨਾ ਨੂੰ ਸਵੀਕਾਰ ਨਾ ਕਰਨਾ ਸੁਭਾਵਕ ਸੀ।

ਦਸਮੇਸ਼ ਬਾਣੀ ਦੇ ਪਾਠ ਤੋਂ ਇਕ ਗੱਲ ਭਲੀ ਪ੍ਰਕਾਰ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਵਿਚ ਤੇ ਇਸ ਦੁਆਰਾ ਸਿੱਖ-ਚਿੰਤਨ ਇਕ ਨਿਸ਼ਚਿਤ ਰੂਪ ਵਿਚ ਫਲੀਭੂਤ ਹੋਇਆ। ਇਤਨੇ ਸੰਖੇਪ ਲੇਖ ਵਿਚ ਇਸ ਚਿੰਤਨ ਦੇ ਸਾਰੇ ਵਿਸਤਾਰਾਂ ਵਿਚ ਜਾਣ ਦੀ ਗੁੰਜਾਇਸ਼ ਨਹੀਂ। ਬਿਹਤਰ ਇਹ ਹੀ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਨੇ ਇਸ ਚਿੰਤਨ ਨੂੰ ਜੋ ਵੱਖਰਾ ਮੋੜ ਦਿੱਤਾ, ਉਸ ਦੀ ਪਛਾਣ ਲੱਭਣ ਤੇ ਉਸਦੀ ਮਹੱਤਤਾ ਵੱਲ ਸੰਕੇਤ ਕਰਨ ਦਾ ਜਤਨ ਕਰੀਏ।

ਸਭ ਤੋਂ ਪਹਿਲਾ ਸੰਕਲਪ ਜਿਹੜਾ ਦਸਮੇਸ਼ ਬਾਣੀ ਦੇ ਪਾਠਕ ਦਾ ਧਿਆਨ ਖਿੱਚਦਾ ਹੈ ਉਹ ਹੈ ਪ੍ਰਮਾਤਮਾ ਦਾ। ਗੁਰੂ ਗੋਬਿੰਦ ਸਿੰਘ ਨੇ ਨਿਰਗੁਣ ਧਾਰਾ ਵਾਂਗ ਤਾਂ ਪਰਮਾਤਮਾ ਦੇ ਸਰਬ ਗੁਣ ਅਤੀਤ, ਅਪਰੰਪਰ ਪਾਰਬ੍ਰਹਮ ਰੂਪ ਦੀ ਸਾਧਨਾ ਕੀਤੀ, ਇਹ ਤਾਂ ਸਪਸ਼ਟ ਹੀ ਹੈ। ਜਾਪੁ ਸਾਹਿਬ ਦੇ ਮੂਲ ਸੂਤਰ ਵਿਚ ਆਪ ਨੇ ਚਿਹਨ, ਚੱਕਰ, ਰੇਖ, ਭੇਖ ਤੋਂ ਪਰ੍ਹੇ ਪਰਮਾਤਮਾ ਦੇ ਪਾਰਗਾਮੀ ਰੂਪ ਨੂੰ ਬੜੇ ਓਜਮਈ ਸੁਰ ਵਿਚ ਚਿਤਰਿਆ ਹੈ।

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਹਿ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ॥

ਜਾਂ ਗਿਆਨ ਪ੍ਰਬੋਧ ਵਿਚ ਆਪਨੇ ਕਾਲ ਤੇ ਦੇਸ ਵਿਚ ਉਤਪੰਨ ਹੋਣ ਵਾਲੇ ਭੇਦਾਂ ਦੇ ਨਕਾਰਣ ਦੁਆਰਾ ਪਰਮਾਤਮਾ ਦਾ ਸੰਕਲਪ ਉਭਾਰਨ ਦਾ ਪ੍ਰਯੋਜਨ ਕੀਤਾ :

ਜਾਤ ਮੈ ਨ ਆਵੈ ਸੋ ਅਜਾਤ ਕੈ ਕੈ ਜਾਨ ਜੀਅ
ਪਾਤ ਮੈ ਨ ਆਵੈ ਸੋ ਅਪਾਤ ਕੋ ਬੁਲਾਈਐ॥
ਭੇਦ ਮੈ ਨ ਆਵੈ ਸੋ ਅਭੇਦ ਕੈ ਕੈ ਭਾਖੀਅਤੁ
ਛੇਦਯੋ ਜੋ ਨ ਜਾਇ ਸੋ ਅਛੇਦ ਕੈ ਸੁਨਾਈਐ॥

ਖੰਡਿਓ ਜੋ ਨ ਜਾਇ ਸੋ ਅਖੰਡ ਜੂ ਕੋ ਖਿਆਲ ਦੀਜੈ
ਬਿਆਨ ਮੈ ਨ ਆਵੈ ਗਮ ਤਾਕੋ ਸਦਾ ਖਾਈਐ॥
ਜੰਤ੍ਰ ਮੈ ਨ ਆਵੈ ਸੋ ਅਜੰਤ੍ਰ ਕੈ ਕਾ ਜਾਪੀਅਤ
ਧਿਆਨ ਮੈ ਨ ਆਵੈ ਤਾਕੋ ਧਿਆਨ ਕੀਜੈ ਧਿਆਈਐ॥

ਪਰ ਗੁਰੂ ਸਾਹਿਬ ਨੇ ਗੱਲ ਪਰਮਾਤਮਾ ਦੇ ਨਿਰਗੁਣ ਰੂਪ ਦੇ ਅਮੂਰਤ ਵਰਣਨ ਤੇ ਮੁਕਾ ਨਹੀਂ ਦਿੱਤੀ ਸਗੋਂ ਇਸ ਸੰਕਲਪ ਦੇ ਦੇਸ਼ ਕਾਲ ਦੀਆਂ ਸਥਿਤੀਆਂ, ਸਥਾਪਨਾਵਾਂ ਤੇ ਸੰਸਥਾਵਾਂ ਲਈ ਨਿਕਲਣ ਵਾਲੇ ਨਿਗਰ ਤੇ ਸਾਪੇਖ ਅਰਥਾਂ ਨੂੰ ਉਜਾੜਣ ਦੀ ਜੁਰਅਤ ਕੀਤੀ। ਜੇ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੇ ਵਰਨਣ ਵਿਚ ਗੁਰੂ ਗੋਬਿੰਦ ਸਿੰਘ ਦੀ ਕਾਵਿ-ਕੁਸ਼ਲਤਾ, ਤੇਜਸਵੀ ਸ਼ੈਲੀ ਅਤੇ ਭਾਸ਼ਾ ਦੀਆਂ ਅਖ਼ੀਰਲੀਆਂ ਹੱਦਾਂ ਤੇ ਸਿਖਰ ਛੂਹਣ ਦੀ ਸ਼ਕਤੀ ਸਾਕਾਰ ਹੋਈ ਤਾਂ ਇਸ ਸੰਕਲਪ ਦੇ ਸਮਕਾਲੀ ਦੇਸ਼ ਸਮਾਜ ਲਈ ਨਿਕਲਣ ਵਾਲੇ ਅਰਥਾਂ ਦੀ ਸਾਧਨਾ ਵਿਚ ਆਪਦੀ ਪ੍ਰਚੰਡ ਬੌਧਿਕ ਸ਼ਕਤੀ, ਵਿਆਪਕ ਮਾਨਵ ਹਮਦਰਦੀ ਅਤੇ ਭਾਰਤੀ ਤੇ ਸਾਮੀ ਸਾਹਿਤਾਂ, ਦਰਸ਼ਨਾਂ ਅਤੇ ਵਿਚਾਰ-ਪ੍ਰਣਾਲੀਆਂ ਦੇ ਡੂੰਘੇ ਅਧਿਐਨ ਦੇ ਨਾਲ ਨਾਲ ਮੌਲਿਕ ਸਿਰਜਣਾ ਦੇ ਗੁਣ ਪ੍ਰਕਾਸ਼ਮਾਨ ਹੋਏ।

ਗੁਰੂ ਗੋਬਿੰਦ ਸਿੰਘ ਦੇ ਸਮੁੱਚੇ ਚਿੰਤਨ ਦਾ ਮੁੱਖ ਪ੍ਰਯੋਜਨ ਮਨੁੱਖ ਦੀਆਂ ਕਲਪਨਾ ਤੇ ਕਰਤਾਰੀ ਸ਼ਕਤੀਆਂ ਦੇ ਸੋਮਿਆਂ ਨੂੰ ਰੀਤਾਂ, ਪ੍ਰੰਪਰਾਵਾਂ, ਸਥਾਪਤ ਸੋਚ-ਪ੍ਰਣਾਲੀਆਂ ਦੇ ਧਾਰਮਿਕ ਸਥਾਪਨਾਵਾਂ ਤੋਂ ਸੁਤੰਤਰ ਕਰਨਾ ਸੀ। ਕੇਵਲ ਇਉਂ ਹੀ ਮਨੁੱਖ ਆਪਣੀ ਹੋਣੀ ਤੇ ਇਤਿਹਾਸ ਦਾ ਸਿਰਜਕ ਹੋ ਸਕਦਾ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਦੀ ਬਾਣੀ ਦਾ ਮੂਲ ਸੂਤਰ ਹੈ, ਸੁਤੰਤਰਤਾ। ਭਾਰਤੀ ਧਰਮ ਤੇ ਚਿੰਤਨ ਪਰੰਪਰਾ ਦਾ ਮੁੱਖ ਲੱਛਣ ਇਸ ਦੀ ਸਥਾਨਗਤ ਅਤੇ ਅਇਤਿਹਾਸਕ ਚੇਤਨਾ। ਅਜੇਹੀ ਚੇਤਨਾ ਵਿਚ ਬ੍ਰਹਿਮੰਡ ਨੂੰ 'ਲੋਕ-ਖੰਡ' ਵਿਚ ਵੰਡ ਕੇ ਇਕ ਦੂਜੇ ਤੋਂ ਉਪਰ ਜਾਂ ਹੇਠਾਂ ਰੱਖਿਆ ਜਾਂਦਾ ਹੈ ਜਿਵੇਂ ਪਾਤਾਲ-ਲੋਕ, ਮਾਤ-ਲੋਕ (ਇਹ-ਲੋਕ, ਹਲਤੁ) ਪਰ ਲੋਕ (ਪਲਤੁ) ਦੇਵ ਲੋਕ। ਸੁਭਾਵਿਕ ਹੈ ਕਿ ਇਸ ਚੇਤਨਾ ਵਿਚ ਨਾ ਤਾਂ ਕਾਲ ਜਾਂ ਇਤਿਹਾਸ ਨੂੰ ਮਨੁੱਖੀ ਹੋਣੀ ਦੇ ਸਿਰਜਣ ਵਿਚ ਕੋਈ ਭੂਮਿਕਾ ਪ੍ਰਾਪਤ ਹੋਵੇ ਨਾ ਮਨੁੱਖ ਕਾਲ ਦੇ ਅੰਤਰਗਤ ਆਪਣੇ ਇਤਿਹਾਸਕ, ਸਮਾਜਕ ਤੇ ਵਿਅਕਤੀਗਤ ਜੀਵਨ ਲਈ ਜ਼ੁੰਮੇਵਾਰ ਬਣੇ। ਅਜਿਹਾ ਚਿੰਤਨ ਭਾਗਵਾਦੀ ਚੇਤਨਾ ਨੂੰ ਬਲਵਾਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਨੇ ਪਰਮਾਤਮਾ ਨੂੰ ਅਕਾਲ ਤੇ ਮਹਾਂ ਕਾਲ ਦੇ ਰੂਪ ਵਿਚ ਸੰਕਲਪ ਦੇ ਕਾਲ ਨੂੰ ਮਨੁੱਖੀ ਦੇਸ਼ ਸਮਾਜ ਦੇ ਰਚਣਹਾਰ ਦੇ ਤੌਰ 'ਤੇ ਸਿਰਮੌਰ ਕੀਤਾ। ਆਪਦਾ ਬਚਨ ਹੈ, 'ਕੇਵਲ ਕਾਲ ਦੀ ਕਰਤਾਰ'।

ਗੁਰੂ ਸਾਹਿਬ ਦੇ ਚਿੰਤਨ ਵਿਚ ਸਥਾਨ ਦੀ ਥਾਂ ਕਾਲ ਉੱਤੇ ਬਲ ਵਧ ਜਾਣ ਦੇ ਦੋ ਵੱਡੇ ਪਰਿਣਾਮ ਨਿਕਲੇ। ਪਹਿਲਾ ਇਹ ਕਿ ਮਨੁੱਖ ਦੇ ਜੀਵਨ ਵਿਚ ਸਥਿਤੀ ਦੀ ਥਾਂ ਗਤੀ, ਸਥਾਨ ਦੀ ਥਾਂ ਇਤਿਹਾਸ, ਸਥਾਪਨਾ ਦੀ ਥਾਂ ਪਰਿਵਰਤਨ, ਸ਼ਾਂਤੀ ਦੀ ਥਾਂ ਸੰਘਰਸ਼, ਪਰੰਪਰਾ ਦੀ ਥਾਂ ਕ੍ਰਾਂਤੀ ਨੂੰ ਪ੍ਰਥਮਤਾ ਪ੍ਰਾਪਤ ਹੋਈ। ਗੁਰੂ ਸਾਹਿਬ ਨੇ ਪਰਮਾਤਮਾ ਨੂੰ ਅਕਾਲ ਕਹਿ ਕੇ ਉਸ ਨੂੰ ਕਾਲ ਵਿਚ ਉਤਪੰਨ ਹੋਣ ਵਾਲੇ ਸਾਰੇ ਸਥਾਪਿਤ ਧਰਮਾਂ, ਅਵਤਾਰਾਂ, ਸੰਪਰਦਾਵਾਂ, ਵਿਸ਼ਵਾਸ ਤੋਂ ਉਚੇਰਾ ਕਰ ਦਿੱਤਾ। ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਪ੍ਰਮਾਤਮਾ ਜੇ ਸਥਾਪਿਤ ਧਰਮ, ਧਰਮ-ਪਰੰਪਰਾਵਾਂ ਦਾ ਵਿਰੋਧੀ ਨਹੀਂ ਸੀ ਤਾਂ ਘੱਟੋ ਘੱਟ ਉਹ ਇਨ੍ਹਾਂ ਤੋਂ ਨਿਰਲੇਪ ਤੇ ਪਰਗਾਮੀ ਨਿਸ਼ਚੇ ਹੀ ਸੀ। ਜਦੋਂ ਆਪ ਉਚਾਰਦੇ ਹਨ :

ਨਮਸਤੰ ਅਜਾਤੇ॥ ਨਮਸਤੰ ਅਪਾਤੇ॥
ਨਮਸਤੰ ਅਮਜਬੇ॥ ਨਮਸਤਸਤੁ ਅਜਬੇ॥
ਅਦੇਸੰ ਅਦੇਸੇ॥ ਨਮਸਤੰ ਅਭੇਸੇ॥

ਤਾਂ ਇਸ ਦਾ ਅਰਥ ਇਹ ਹੈ ਕਿ ਚਿਹਨ, ਚਕਰ, ਰੇਖ ਭੇਖ ਵਾਂਗ ਪਰਮਾਤਮਾ ਮਤ ਮਜ਼ਹਬ, ਧਰਮ ਮਰਯਾਦਾ ਤੋਂ ਵੀ ਨਿਆਰਾ ਹੈ। ਪ੍ਰਮਾਤਮਾ ਕਿਸੇ ਧਰਮ ਜਾਂ ਮਜ਼ਹਬ ਦਾ ਬੰਦੀ ਨਹੀਂ। ਇਸ ਚਿੰਤਨ ਦਾ ਸਭ ਤੋਂ ਵੱਡਾ ਕ੍ਰਾਂਤੀਕਾਰੀ ਪੱਖ ਹੈ ਧਰਮਾਂ, ਮਤਾਂ ਮਤਾਂਤਰਾਂ ਦੀ ਇਤਿਹਾਸਕ ਸਾਪੇਖਤਾ। ਜੇ ਪ੍ਰਮਾਤਮਾ ਧਰਮਾਂ ਤੋਂ ਨਿਰਲੇਪ ਹੈ ਤਾਂ ਸਾਰੇ ਹੀ ਧਰਮਾਂ ਦਾ ਅੰਤਮ ਤੇ ਸਦੀਵੀ ਦੇਵੀ ਸੱਚ ਦੀ ਪ੍ਰਾਪਤੀ ਤੇ ਪ੍ਰਤਿਨਿਧਤਾ ਦਾ ਅਧਿਕਾਰ ਨਿਰਥਕ ਹੋ ਗਿਆ। ਜੇ ਪ੍ਰਮਾਤਮਾ ਦਾ ਕੋਈ ਵਿਸ਼ੇਸ਼ ਧਰਮ ਹੀ ਨਾ ਰਿਹਾ ਤਾਂ ਸੱਚੇ ਤੇ ਝੂਠੇ ਧਰਮ, ਦੀਨ ਤੇ ਕੁਫ਼ਰ ਦੇ ਕੀ

ਅਰਥ ਰਹਿ ਗਏ। ਨਾ ਕੋਈ ਰੱਬੀ ਰਹਿਮਤ ਦੇ ਵਰੋਸਾਏ ਹੋਏ ਧਰਮ ਜਾਂ ਨਸਲਾਂ ਰਹਿ ਗਈਆਂ ਨਾ ਸਦਾ ਲਈ ਰੱਬੀ ਦਰਗਾਹ ਤੋਂ ਧਿਕਾਰੇ ਹੋਏ ਲੋਕ। ਕਿਸੇ ਸਦੀਵੀ ਸਤਿ ਦੀ ਪ੍ਰਤੀਨਿਧਤਾ ਦਾ ਹੱਕ ਗੁਆ ਕੇ ਧਰਮ ਤੇ ਅਵਤਾਰ ਦੇਸ਼ ਕਾਲ ਦੀਆਂ ਲੋੜਾਂ ਦੀ ਪੂਰਤੀ ਦੇ ਪ੍ਰਯੋਜਨ ਨਾਲ ਜੁੜ ਗਏ ਤੇ ਇਸ ਲਈ ਉਨ੍ਹਾਂ ਦਾ ਇਤਿਹਾਸਕ ਸਾਪੇਖਤਾ ਸਵੈ-ਸਿਧ ਹੋ ਗਈ। ਦੂਜੇ ਪਾਸੇ ਦੈਵੀ ਪਵਿੱਤਰਤਾ ਤੋਂ ਵੰਚਿਤ ਹੋ ਕੇ ਸਾਰੇ ਧਰਮ ਤੇ ਅਵਤਾਰ ਸੰਸਾਰਕ, ਇਤਿਹਾਸਕ ਤੇ ਮਨੁੱਖੀ ਤੱਥ ਬਣ ਗਏ ਜਿਨ੍ਹਾਂ ਦੇ ਗੁਣ-ਔਗੁਣਾਂ ਦੀ ਪੜਚੋਲ ਪ੍ਰੀਖਿਆ ਸੰਭਵ ਹੋ ਗਈ। ਕੇਵਲ ਇਸ ਸੰਦਰਭ ਨੂੰ ਚੇਤੇ ਵਿਚ ਰੱਖਿਆਂ ਹੀ ਬਚਿਤਰ ਨਾਟਕ ਵਿਚ ਇਸਲਾਮ ਸਣੇ ਉਸ ਕਾਲ ਦੇ ਭਾਰਤ ਦੇ ਸਾਰੇ ਧਰਮਾਂ ਦਾ ਸਰਵੇਖਣ ਅਰਥ ਪ੍ਰਾਪਤ ਕਰਦਾ ਹੈ। ਇਕ ਤਰੀਕੇ ਨਾਲ ਆਪਣੇ ਸਾਰੇ ਹੀ ਧਰਮਾਂ ਦੇ ਪਤਨ ਦੇ ਕਾਰਨਾਂ ਨੂੰ ਇਹ ਕਹਿ ਕੇ ਸੂਤਰਬੱਧ ਕਰ ਦਿੱਤਾ ਹੈ :

ਜੇ ਪ੍ਰਭੂ ਭਰਮ ਪੁਰਖ ਉਪਜਾਏ। ਤਿਨ ਤਿਨ ਅਪਨੇ ਰਾਹ ਚਲਾਏ।
ਸਭ ਅਪਨੀ ਅਪਨੀ ਉਰਝਾਨਾ। ਪਾਰ ਬ੍ਰਹਮ ਕਾਹੂ ਨ ਪਛਾਨਾ।

ਭਾਵ ਇਹ ਕਿ ਹਰ ਧਰਮ ਦਾ ਮੂਲ ਪ੍ਰਯੋਜਨ ਅਨਾਦੀ ਅਨੰਤ ਸਤਿ ਦੀ ਵਿਆਪਕਤਾ ਦੀ ਸਾਧਨਾ ਹੈ ਪਰ ਜਦੋਂ ਕੋਈ ਧਰਮ ਵਿਆਪਕਤਾ ਤੋਂ ਬੇਮੁਖ ਹੋ ਕੇ ਆਪਣੀ ਸੀਮਿਤ ਹੋਂਦ ਤਕ ਸੁੰਗੜ ਜਾਂਦਾ ਹੈ ਤਾਂ ਰਾਹੋਂ ਕੁਰਾਹੇ ਪੈ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਗੁਰੂ ਸਾਹਿਬ ਹਰ ਸਥਾਪਿਤ ਧਰਮ ਤੋਂ ਆਪਣੀ ਬੇਨਿਆਜੀ ਨੂੰ ਜਤਲਾਂਦੇ ਹਨ :

ਮੈ ਨ ਗੁਣੇਸ਼ਹਿ ਪ੍ਰਥਮ ਮਨਾਊ। ਕਿਸ਼ਨ ਬਿਸ਼ਨ ਕਬਹੂੰ ਨ ਧਿਆਊ।
ਕਾਨ ਸੁਨੈ ਪਹਿਚਾਨ ਨ ਤਿਨਸੋ। ਲਿਵ ਲਾਗੀ ਮੋਰੀ ਪਗੁ ਇਨਸੋ।
ਮਹਾ ਕਾਲ ਰਖਵਾਰ ਹਮਾਰਾ। ਮਹਾਂ ਲੋਹ ਮੈ ਕਿੰਕਰ ਥਾਰਾ।

ਇਸੇ ਵਿਸ਼ਵ ਦਾ ਇਕ ਹੋਰ ਰੂਪ ਹੈ :

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕਊ ਆਂਖ ਤਰੇ ਨਹੀ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ।
ਸੰਮ੍ਰਿਤ ਸਾਸਤਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ।

ਜਾਂ

ਜਿਤੇ ਅਉਲੀਆ ਅੰਬੀਆ ਹੋਇ ਬੀਤੇ।
ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੈ।
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸਨ ਆਏ।
ਤਿਤਿਯੋ ਕਾਲ ਖਾਪਿਓ ਨ ਤੇ ਕਾਲ ਘਾਏ।
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ।
ਤਿਤਿਯੋ ਕਾਲ ਖਾਪਾ ਨ ਤੇ ਕਾਲ ਖਾਏ।
ਜਿਤੇ ਅਉਲੀਆ ਅੰਬੀਆ ਗਉਸ ਹੁਵੈ ਹੈ।
ਸਭੈ ਕਾਲ ਕੇ ਅੰਤ ਦਾੜ੍ਹਾ ਤਲੇ ਹੈ।

ਗੁਰੂ ਸਾਹਿਬ ਨੇ ਨਬੀਆਂ ਅਵਤਾਰਾਂ, ਧਰਮਾਂ, ਮਤਾਂਤਰਾਂ ਨੂੰ ਦੇਸ਼ ਕਾਲ ਦੇ ਵਸ ਵਿਚ ਸਿੱਧ ਕੀਤਾ। ਇਨ੍ਹਾਂ ਦੇ ਬੰਧਨ ਤੋਂ ਸੁਤੰਤਰ ਹੋ ਕੇ ਪਰਮਾਤਮਾ ਦਾ ਸੰਕਲਪ ਇਕ ਨਿਰੰਤਰ ਪਰਿਵਰਤਨਸ਼ੀਲ ਸੰਕਲਪ ਬਣ ਗਿਆ ਤੇ ਸਾਰੇ ਧਰਮ ਇਸ ਦੇ ਨਿਆਰੇ ਦੇਸ਼ ਕਾਲ ਦੇ ਅਨੁਕੂਲ ਅਭਿਵਿਅੰਜਨ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰੁਦੇਵ ਏਕ
ਏਕ ਹੀ ਸਰੂਪ ਸਬੈ ਏਕੈ ਪਹਿਚਾਨਬੋ। (ਅਕਾਲ ਉਸਤਤਿ)

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ, ਅਦੇਵ, ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕਿ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕੇ ਹੀ ਸਰੂਪ ਸਬੈ ਏਕ ਹੀ ਬਨਾਉ ਹੈ। (ਅਕਾਲ ਉਸਤਤਿ)

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ,
ਨਿਆਰੇ ਨਿਆਰੇ ਹੋਇ ਕੇ ਫੇਰਿ ਆਗ ਮੈ ਮਿਲਾਹਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ।
ਜੈਸੇ ਏਕ ਨੱਦ ਤੇ ਤਰੰਗ ਕੋਟ ਉਸਤਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਗੇ।
ਤੈਸੇ ਬਿਨ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਗੇ। (ਅਕਾਲ ਉਸਤਤਿ)

ਮਨੁੱਖ ਨੂੰ ਸਥਾਪਿਤ ਧਰਮਾਂ ਦੀ ਕਰੜੀ ਜਕੜਬੰਧ ਤੇ ਵਿਅਕਤੀਗਤ ਪਕੜ ਤੋਂ ਸੁਤੰਤਰ ਕਰਕੇ ਗੁਰੂ ਗੋਬਿੰਦ ਸਿੰਘ ਨੇ ਜਿਹੜਾ ਇਨ੍ਹਾਂ ਸਾਰਿਆਂ ਨੂੰ ਦੇਸ਼ ਕਾਲ ਦੇ ਅਨੁਕੂਲ ਇਕੋ ਸਦੀਵੀ ਅਕਾਲ ਦੇ ਜ਼ਹੂਰ ਕਹਿ ਕੇ ਆਪੋ ਆਪਣੇ ਪ੍ਰਸੰਗ ਵਿਚ ਆਪੋ ਆਪਣੀ ਥਾਂ ਉਨ੍ਹਾਂ ਦੇ ਸੱਚੇ ਹੋਣ ਦੇ ਗੁਣ ਵੱਲ ਧਿਆਨ ਦੁਆਇਆ, ਇਸ ਦਾ ਪ੍ਰਯੋਜਨ ਉਸ ਕਾਲ ਦੇ ਭਾਰਤ ਦੀ ਇਕ ਹੋਰ ਬਿਖਮ ਸਮੱਸਿਆ ਨੂੰ ਸੁਲਝਾਣਾ ਸੀ। ਗੁਰੂ ਸਾਹਿਬ ਇਕ ਰੂਪ ਸਮਾਜਕ ਵਿਵਸਥਾ ਲਈ ਸੰਘਰਸ਼ ਕਰ ਰਹੀ ਕੱਟੜ ਸਮਕਾਲੀ ਰਾਜਨੀਤੀ ਸ਼ਕਤੀ, ਮੁਗ਼ਲ ਹਕੂਮਤ ਦੇ ਆਤੰਕ ਦਾ ਟਾਕਰਾ ਇਕ ਬਹੁ-ਵਿਧ, ਬਹੁ-ਰੂਪ ਸਮਾਜਕ ਵਿਵਸਥਾ ਲਈ ਸੰਘਰਸ਼ ਕਰ ਰਹੀ ਕੱਟੜ ਸਮਕਾਲੀ ਰਾਜਨੀਤੀ ਸ਼ਕਤੀ, ਮੁਗ਼ਲ ਹਕੂਮਤ ਦੇ ਆਤੰਕ ਦਾ ਟਾਕਰਾ ਇਕ ਬਹੁ-ਵਿਧ, ਬਹੁ-ਰੂਪ ਸਮਾਜਕ ਵਿਵਸਥਾ ਦੀ ਪੁਸ਼ਟੀ ਕਰ ਰਹੇ ਸਨ। ਕੇਵਲ ਅਜਿਹਾ ਬਹੁ-ਵਿਧ, ਬਹੁ-ਰੂਪ ਸਮਾਜ ਹੀ ਮਨੁੱਖੀ ਫ਼ਿਤਰਤ ਦੇ ਅਨੁਕੂਲ ਸੀ ਤੇ ਇਸ ਲਈ ਜੱਦੋਜਹਿਦ ਕਰਨਾ ਮਨੁੱਖ ਦੀ ਨਿਸ਼ਠਾ ਦੀ ਆਜ਼ਾਦੀ ਲਈ ਜੂਝਣਾ ਸੀ। ਸੱਚ ਤਾਂ ਇਹ ਹੈ ਕਿ ਭਾਰਤ ਦੀ ਰਾਸ਼ਟਰੀ ਸਮੱਸਿਆ ਦਾ ਹੀ ਨਹੀਂ ਸਗੋਂ ਇਕ ਸਭਯ ਅੰਤਰ-ਰਾਸ਼ਟਰੀ ਸਹਿਹੋਂਦ ਲਈ ਇਸ ਤੋਂ ਚੰਗੇਰੀ ਕਿਸੇ ਵਿਵਸਥਾ ਦੀ ਕਲਪਨਾ ਵੀ ਅਜੇ ਤਕ ਮਨੁੱਖ ਨੇ ਨਹੀਂ ਕੀਤੀ।

ਧਰਮ ਚਿੰਤਨ ਵਿਚ ਇਸ ਕ੍ਰਾਂਤੀਕਾਰੀ ਪਰਿਵਰਤਨ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਦੀ ਦੂਜੀ ਵੱਡੀ ਦਾਤ ਸਿੱਖ ਧਰਮ-ਸਾਸ਼ਤਰ ਦੇ ਖੇਤਰ ਵਿਚ ਹੈ : ਵਿਅਕਤੀਗਤ ਗੁਰਿਆਈ ਦੀ ਮਰਯਾਦਾ ਨੂੰ ਸ਼ਬਦ ਦੀ ਗੁਰਿਆਈ ਤੇ ਪੰਥ ਦੀ ਗੁਰਿਆਈ ਦੇ ਰੂਪ ਵਿਚ ਪਰਿਵਰਤਿਤ ਕਰਨਾ। ਆਪ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਪਦ ਤੇ ਸੁਸ਼ੋਭਿ ਕਰਕੇ ਸ਼ਬਦ ਤੇ ਸ਼ਬਦ ਦੀ ਖੋਜ ਭਾਵ ਵਿਚਾਰ ਨੂੰ ਮਨੁੱਖ ਦੀ ਸਾਧਨਾ ਦਾ ਰਹਿਬਰ ਬਣਾਇਆ, ਇਹ ਵੀ ਇਕ ਇਨਕਲਾਬੀ ਕਦਮ ਸੀ ਕਿਉਂਕਿ ਇਸ ਦੁਆਰਾ ਸਿਖੀ ਵੀ ਸਦੀਵੀ ਸੱਚ ਦੇ ਸਮਰੂਪ ਇਕ ਸਥਾਪਨਾ ਜਾਂ

ਸਥਾਪਿਤ ਮਰਯਾਦਾ ਤੋਂ ਵਡੇਰੀ ਹੋ ਕੇ ਨਿਰੰਤਰ ਪਰਿਵਰਤਨ ਤੇ ਵਿਕਾਸਸ਼ੀਲ ਪਰੰਪਰਾ ਦਾ ਰੂਪ ਧਾਰ ਗਈ। ਤੀਜੀ ਵੱਡੀ ਦਾਤ ਗੁਰੂ ਗੋਬਿੰਦ ਸਿੰਘ ਦੀ ਜਮਹੂਰੀ, ਲੋਕ-ਪੱਖੀ ਭਾਵਨਾ ਦਾ ਸੰਚਾਰ ਹੈ। ਗੁਰੂ ਗੋਬਿੰਦ ਨੇ ਸਿੱਖ ਪੰਥ ਨੂੰ ਗੁਰੂ ਹੀ ਨਹੀਂ ਕੀਤਾ, ਖਾਲਸੇ ਦੀ ਇਸ ਸਮੂਹਕਤਾ ਨਾਲ ਆਪਣੇ ਆਪ ਨੂੰ ਅਭੇਦ ਨਹੀਂ ਕੀਤਾ ਸਗੋਂ ਆਪ ਨੇ ਇਨ੍ਹਾਂ ਨੂੰ ਆਪਣੀ ਸਾਰੀ ਸ਼ਕਤੀ, ਆਪਣੀ ਸਾਰੀ ਪ੍ਰਾਪਤੀ ਦੇ ਸੋਮੇ ਕਿਹਾ :

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋ ਸੋ ਗਰੀਬ ਕੋਰ ਪਰੇ। (ਖਾਲਸਾ ਮਹਿਮਾ)

ਇਥੇ ਹੀ ਬਸ ਨਹੀਂ ਆਪ ਨੇ ਮਨੁੱਖ ਦੀ ਸੇਵਾ ਤੋਂ ਵੱਡੀ ਕੋਈ ਸੇਵਾ ਪ੍ਰਵਾਨ ਨਹੀਂ ਕੀਤੀ, ਆਪਣੇ ਸਿੱਖਾਂ ਤੋਂ ਵਡੇਰਾ ਦਾਨ ਪਾਤਰ ਕਿਸੇ ਨੂੰ ਨਹੀਂ ਮੰਨਿਆ :

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦੀਉ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨ ਹੀ ਕੋ ਦੀਉ ਜਗ ਮੈ ਜਸੁ ਅਉਰ ਦੀਉ ਸਭ ਫੀਕੋ।
ਮੈ ਗ੍ਰਿਹਿ ਮੈ ਤਨ ਤੇ ਮਨ ਤੈ ਸਿਰ ਲਉ ਧਨ ਸਭ ਹੀ ਇਨ ਹੀ ਕੋ।


ਇਸ ਤੋਂ ਵਡੇਰੀ ਮਹੱਤਤਾ ਜਾਂ ਵਡਿਆਈ ਕਿਸੇ ਧਾਰਮਿਕ ਜਾਂ ਰਾਜਨੀਤਕ ਰਹਿਬਰ ਨੇ ਆਪਣੇ ਅਨੁਆਈਆਂ ਨੂੰ ਦਿੱਤੀ ਹੋਵੇ, ਕਲਪਨਾ ਵੀ ਕਰਨੀ ਔਖੀ ਹੈ। ਕਾਰਨ ਇਸ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਮਨੁੱਖ ਤੇ ਪ੍ਰਮਾਤਮਾ ਵਿਚਾਲੇ ਸਾਰੀਆਂ ਕੰਧਾਂ ਢਾਹ ਕੇ ਮਨੁੱਖ ਦੀ ਧਰਮ ਸਾਧਨਾ ਨੂੰ ਮਨੁੱਖੀ ਹੋਣੀ ਨਾਲ ਸੰਬੰਧਿਤ ਕੀਤਾ। ਇਸੇ ਗੱਲ ਵਿਚੋਂ ਗੁਰੂ ਗੋਬਿੰਦ ਸਿੰਘ ਦਾ ਧਰਮ, ਅਵਤਾਰਾਂ ਤੋਂ ਨਿਰਲੇਪ ਪ੍ਰਮਾਤਮਾ, ਦੀਨਾਂ ਦੁਖੀਆਂ ਦਾ ਸਹਾਈ ਪ੍ਰਮਾਤਮਾ ਹੈ ਤੇ ਦੁਸ਼ਟਾਂ ਦਾ ਸੰਘਰਕ। ਉਹ ਸੱਚ ਲਈ, ਹੱਕ ਲਈ ਜੂਝਦਾ ਲੋਕਾਂ ਦਾ ਪੱਖੀ ਹੈ।

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ।
ਪਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀਂ ਕਰਮ ਬੀਚਾਰੈ।
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ। (ਅਕਾਲ ਉਸਤਤਿ)

ਇਸ ਲੋਕ-ਪੱਖੀ, ਸੰਘਰਸ਼ਸ਼ੀਲ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਸੰਘਰਸ਼ ਹੈ, ਨਿਤ ਸੰਘਰਸ਼। ਸਥਾਪਨਾਵਾਂ ਤੋਂ ਸੁਤੰਤਰ, ਭੈ ਤੋਂ ਮੁਕਤ, ਗਿਆਨਵਾਨ ਮਨੁੱਖ ਨਿਰੰਤਰ ਸੰਘਰਸ਼ਸ਼ੀਲ ਹੈ, ਹੋ ਸਕਦਾ ਹੈ। ਉਸ ਦਾ ਉਦੇਸ਼ ਨਾ ਕਾਮ ਹੈ, ਨਾ ਅਰਥ ਹੈ, ਨਾ ਮੋਖ ਹੈ, ਨਾ ਰਿਧੀਆਂ ਨਾ ਸਿਧੀਆਂ, ਕੇਵਲ ਜੂਝ ਮਰਨਾ। ਇਉਂ ਗਿਆਨ ਕ੍ਰਿਆਸ਼ੀਲਤਾ ਵਿਚ ਪਰਿਵਰਤਿਤ ਹੋ ਕੇ ਇਤਿਹਾਸ ਦਾ ਸਿਰਜਕ ਬੰਦਾ ਹੈ।

ਜੋ ਕਿਛੁ ਇੱਛ ਕਰੋ ਧਨ ਕੀ ਤੋ ਚਲਿਓ ਧਨ ਦੇਸਨ ਦੇਸ ਤੇ ਆਵੈ।
ਔ ਕਿਛੁ ਰਿੱਧਨ ਸਿਧਨ ਪੈ ਹਮਰੋ ਨਹੀ ਨੈਕ ਹਿਯਾ ਲਲਚਾਵੈ।
ਔਰ ਸੁਨੋ ਕੁਛ ਜੋਗ ਬਿਖੈ ਕਹ ਕੌਣ ਇਤੋ ਤਪ ਕੇ ਤਨ ਤਾਵੈ।
ਜੂਝ ਮਰਉ ਰਣ ਮਹਿ ਤਜ ਭੈ ਤੁਮ ਤੇ ਪ੍ਰਭ ਸਾਮ ਇਹੈ ਵਰੁ ਪਾਵੈ। (ਕ੍ਰਿਸ਼ਨ ਅਵਤਾਰ)

ਵ



# ਗੁਰੂ ਗੋਬਿੰਦ ਸਿੰਘ : ਖ਼ਾਲਸੇ ਦੀ ਸਿਰਜਣਾ

*ਡਾ. ਤੇਜਵੰਤ ਗਿੱਲ*

ਅੱਜ ਤੋਂ ਤਿੰਨ ਸੌ ਸਾਲ ਪਹਿਲਾ ਵਿਸਾਖੀ ਵਾਲੇ ਦਿਨ ਸਿਰਜਣਾ ਇਕ ਯੁੱਗ ਵਰਤੀ ਘਟਨਾ ਸੀ। ਇੱਥੇ ਯੁੱਗ ਵਰਤੀ ਤੋਂ ਭਾਵ ਕੇਵਲ ਇਤਿਹਾਸਕ ਨਹੀਂ ਬਲਕਿ ਇਸ ਤੋਂ ਕੁਝ ਵਧੇਰੇ ਹੈ। ਵਾਪਰਨ ਉਪਰੰਤ ਇਤਿਹਾਸਕ ਘਟਨਾ ਸਿਮਰਿਤੀ ਭਾਗ ਬਣ ਜਾਂਦੀ ਹੈ। ਇਸ ਦਾ ਜੋ ਭਾਵ ਵਿਵੇਚਨ ਨੇ ਉਘਾੜਿਆ ਹੁੰਦਾ ਹੈ, ਉਹ ਦ੍ਰਿਸ਼ਟੀ ਵਿੱਚ ਸੁਰੱਖਿਅਤ ਹੋ ਜਾਂਦਾ ਹੈ। ਯੁੱਗ ਵਰਤੀ ਘਟਨਾ ਸਿਮਰਿਤੀ ਵਿੱਚ ਸਮਾਉਂਦੀ ਤਾਂ ਹੈ ਪਰ ਇਸ ਉਪਰੰਤ ਉਸ ਨੂੰ ਚੈਨ ਨਾਲ ਵਿਚਰਣ ਨਹੀਂ ਦਿੰਦੀ। ਇਸ ਨਾਲ ਨਿਰਵੇਚਨ ਦੀ ਉਤਸੁਕਤਾ ਬਣੀ ਰਹਿੰਦੀ ਹੈ, ਜੋ ਦ੍ਰਿਸ਼ਟੀ ਨੂੰ ਅਸਰੁੱਖਿਅਤ ਕਰ ਰੱਖਦੀ ਹੈ। ਖ਼ਾਲਸਾ ਦੀ ਸਿਰਜਣਾ ਅਜਿਹੀ ਹੀ ਯੁੱਗ ਵਰਤੀ ਘਟਨਾ ਸੀ। ਇਤਿਹਾਸਕ ਪ੍ਰਸੰਗ ਵਿੱਚ ਇਸ ਦਾ ਜੇ ਵਿਵੇਚਨ ਹੋਇਆ ਹੈ, ਇਸਦਾ ਜੋ ਪੱਖ ਉਭਰਿਆ ਤੇ ਜੋ ਲੋਪ ਹੋਇਆ, ਇਸ ਸਭ ਕੁਝ ਦੀ ਚੇਤਨਾ ਅਤਿ ਲੋੜੀਂਦੀ ਹੈ। ਇਸ ਤੋਂ ਵੀ ਵਧੇਰੇ ਲੋੜ ਇਸ ਦੇ ਨਿਰਵੇਚਨ ਦੀ ਹੈ, ਜਿਸ ਬਿਨਾਂ ਸਿੱਖ ਸਮਾਜ ਲਈ ਇਸਦਾ ਜੋ ਚਿੰਤਨ ਪ੍ਰੇਰਿਕ ਤੋਂ ਭਾਵ ਉਤੇਜਿਕ ਮੁੱਲ ਬਣਦਾ ਹੈ ਉਸਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ, ਇੱਥੇ ਇਹ ਕਹਿ ਦੇਣਾ ਹੀ ਕਾਫ਼ੀ ਹੋਵੇਗਾ ਕਿ ਇਸ ਚਿੰਤਨ ਪ੍ਰੇਰਿਕ ਤੇ ਭਾਵ ਉਤੇਜਿਕ ਮੁੱਲ ਦਾ ਉਸ ਭੇਖ ਨਾਲ ਕੋਈ ਸੰਬੰਧ ਨਹੀਂ, ਜਿਸਦੇ ਸਿੱਖ ਨੇਤਾ ਤੇ ਧਾਰਮਿਕ ਨੀਤੀਵਾਨ ਸਮੇਤ ਚਤੁਰ ਬੁੱਧੀਮਾਨ ਦੇ ਜਾਚਕ ਤੇ ਵਾਚਕ ਬਣੇ ਹੋਏ ਹਨ।

ਪ੍ਰੋਫ਼ੈਸਰ ਮੈਕਲਾਉਡ ਵਰਗੇ ਸੁੱਘੜ ਇਤਿਹਾਸਕਾਰ ਨੂੰ ਇਸ ਘਟਨਾ ਦੇ ਇੰਨ-ਬਿੰਨ ਘਟੇ ਹੋਣ ਬਾਰੇ ਸ਼ੰਕਾ ਹੈ। ਇਸਦੇ ਬਾਵਜੂਦ ਇਹ ਮੰਨਣ ਵਿੱਚ ਤਾਂ ਉਸਨੂੰ ਵੀ ਸੰਕੋਚ ਨਹੀਂ ਕਿ ਉਸ ਇਤਿਹਾਸਕ ਪੜਾਅ ਤੇ ਕਿਸੇ ਰੂਪ ਵਿੱਚ ਵੀ ਆਏ ਇਕ ਪ੍ਰਕਾਰ ਦੇ ਨਿਸ਼ਚਿਤ ਤੇ ਪਰਤੱਖ ਨਿਰਣੇ ਨੇ ਸਿੱਖਾਂ ਨੂੰ ਨਵੀਂ ਪ੍ਰੇਰਣਾ ਪ੍ਰਦਾਨ ਕਰਕੇ ਪ੍ਰਭੂਸੱਤਾ ਦੇ ਯੋਗ ਬਣਾ ਦਿੱਤਾ। ਇਸ ਪ੍ਰਭੂਸੱਤਾ ਦਾ ਪ੍ਰਮੁੱਖ ਮਹੱਤਵ ਰਾਜਸੀ ਸੀ, ਜੋ ਸੱਭਿਆਚਾਰਕ ਪ੍ਰਭੂਤਾ ਵਿੱਚ ਤਬਦੀਲ ਨਾ ਹੋ ਸਕਣ ਕਾਰਨ ਅਖੀਰ ਵਿੱਚ ਵਿਖਰ ਕੇ ਰਹਿ ਗਈ। ਇਸਦੇ ਬਾਵਜੂਦ ਅਠਾਰਵੀਂ ਸਦੀ ਵਿੱਚ ਵਿਢੇ ਸਿਰਲੱਥ ਸੰਘਰਸ਼ ਸਦਕਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਜੋਂ ਪ੍ਰਵਾਨ ਚੜ੍ਹੀ, ਇਸ ਪ੍ਰਭੂਸੱਤਾ ਨੂੰ ਅਲੋਕਾਰ ਕਹਿਣਾ ਹੀ ਬਣਦਾ ਹੈ। ਕਦਾਚਿੱਤ ਇਸ ਤੋਂ ਭਾਵ ਇਹ ਨਹੀ ਲੈ ਲੈਣਾ ਚਾਹੀਦਾ ਕਿ ਇਸਨੂੰ ਪਾਰਲੌਕਿਕ ਸਿੱਧ ਕਰਨ ਦੀ ਕੋਈ ਗੁਪਤ ਮਾਨਸਾ ਹੈ।

“ਪੰਜਾਬ ਦੇ ਹਿੰਦੂਆਂ ਤੋਂ ਹੀ ਨਹੀਂ ਸਗੋਂ ਮੁਸਲਮਾਨ ਤੋਂ ਉਨ੍ਹਾਂ ਨੂੰ ਬਰਾਬਰ ਪ੍ਰਵਾਨਗੀ ਮਿਲਦੀ ਰਹੀ। ਸ਼ਾਹ ਮੁਹੰਮਦ ਦੀ ਹਿਰਦੇਵੇਦਕ ਰਚਨਾ ‘ਜੰਗਨਾਮਾ ਸਿੰਘਾਂ ਤੇ ਫਰੰਗੀਆਂ’ ਇਸ ਸਭ ਕੁਝ ਦੀ ਮੂੰਹ ਬੋਲਦੀ ਤਸਵੀਰ ਹੈ। ਵਰਤ ਵਰਤਾਰੇ ਪੱਖੋਂ ਪੰਜਾਬ ਦੀ ਮੂਲ ਵਸੋਂ ਤਾਂ ਉਸ ਅਨੁਸਾਰ ਮੁਸਲਮਾਨਾਂ ਤੇ ਹਿੰਦੂਆਂ ਦੀ ਹੀ ਸੀ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਿੰਘਾਂ ਦਾ ਰਾਜ ਉਨ੍ਹਾਂ ਨੂੰ ਪੂਰਨ ਭਾਂਤ ਪ੍ਰਵਾਨ ਸੀ।”


ਕਾਰਨ ਇਸ ਦਾ ਇਹ ਹੈ ਕਿ ਖ਼ਾਲਸਾ ਦੀ ਸਿਰਜਣਾ ਵਾਲੀ ਯੁੱਗ ਵਰਤੀ ਘਟਨਾ ਤੋਂ ਪ੍ਰੇਰਿਤ ਇਸ ਪ੍ਰਭੂਸੱਤਾ ਦਾ ਵਰਤਾਰਾ ਵਰਤਣ ਵੇਲੇ ਸਿੱਖਾਂ ਦੀ ਵਸੋਂ ਮਸਾਂ ਛੇ ਜਾਂ ਸੱਤ ਪ੍ਰਤੀਸ਼ਤ ਸੀ। ਸਮੁੱਚੀ ਪੰਜਾਬੀ ਵਸੋਂ ਦਾ ਦੋ ਤਿਹਾਈ ਭਾਗੀ ਮੁਸਲਮਾਨ ਤੇ ਇਕ ਤਿਹਾਈ ਭਾਗ ਹਿੰਦੂ ਸੀ। ਗਿਣਤੀ ਦੇ ਪੱਖੋਂ ਤਾ ਅਗਲੇ ਪੰਜਾਹ ਸਾਲਾਂ ’ਚ ਵਿਚ ਸਿੱਖ 12 ਜਾਂ 13 ਪ੍ਰਤੀਸਤ ਨੂੰ ਹੀ ਪਹੁੰਚ ਸਕੇ ਹਨ। ਅੰਗਰੇਜ਼ੀ ਰਾਜ ਦੌਰਾਨ 1947 ਦੀ ਵੰਡ ਤੱਕ ਉਨ੍ਹਾਂ ਦੀ ਇਹੋ ਪ੍ਰਤੀਸ਼ਤ ਕਾਇਮ ਰਹੀ। ਅਜੋਕੇ ਇਤਿਹਾਸਕ ਮੋੜ ਤੇ ਪਾਕਿਸਤਾਨੀ ਪੰਜਾਬ ਤੋਂ ਪਰ੍ਹਾਂ ਰਹਿ ਗਏ ਭਾਗਾਂ ਨੂੰ ਧਿਆਨ ਵਿੱਚ ਰੱਖ ਕੇ ਜੇ ਮੂਲ ਪੰਜਾਬ ਦੀ ਵਸੋਂ ਦਾ ਤਸੱਵਰ ਕੀਤਾ ਜਾਵੇ ਤਾਂ ਉਸ ਵਿੱਚ ਸਿੱਖਾਂ ਦੀ ਲਗਭਗ ਇਹੋ ਪ੍ਰਤੀਸ਼ਤ ਬਣਦੀ ਹੈ।

ਜਿੰਨੀ ਦੇਰ ਤੱਕ ਉਨ੍ਹਾਂ ਨੇ ਇਸ ਦੇ ਯੋਗ ਹੋਣ ਦਾ ਅੰਸ਼ਕ ਪ੍ਰਮਾਣ ਹੀ ਦਿੱਤਾ ਉਹ ਪ੍ਰਭੂਤਾ ਭਾਵੇਂ ਨਹੀਂ ,ਪ੍ਰਭਸੱਤਾ ਦੇ ਭਾਗੀ ਬਣੇ ਰਹੇ। ਪੰਜਾਬ ਦੇ ਹਿੰਦੂਆਂ ਤੋਂ ਹੀ ਨਹੀਂ ਸਗੋਂ ਮੁਸਲਮਾਨ ਤੋਂ ਉਨ੍ਹਾਂ ਨੂੰ ਬਰਾਬਰ ਪ੍ਰਵਾਨਗੀ ਮਿਲਦੀ ਰਹੀ। ਸ਼ਾਹ ਮੁਹੰਮਦ ਦੀ ਹਿਰਦੇਵੇਦਕ ਰਚਨਾ ‘ਜੰਗਨਾਮਾ ਸਿੰਘਾਂ ਤੇ ਫਰੰਗੀਆਂ’ ਇਸ ਸਭ ਕੁਝ ਦੀ ਮੂੰਹ ਬੋਲਦੀ ਤਸਵੀਰ ਹੈ। ਵਰਤ ਵਰਤਾਰੇ ਪੱਖੋਂ ਪੰਜਾਬ ਦੀ ਮੂਲ ਵਸੋਂ ਤਾਂ ਉਸ ਅਨੁਸਾਰ ਮੁਸਲਮਾਨਾਂ ਤੇ ਹਿੰਦੂਆਂ ਦੀ ਹੀ ਸੀ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਿੰਘਾਂ ਦਾ ਰਾਜ ਉਨ੍ਹਾਂ ਨੂੰ ਪੂਰਨ ਭਾਂਤ ਪ੍ਰਵਾਨ ਸੀ। ਅਚੇਤ ਵਿੱਚ ਸ਼ਾਹ ਮੁਹੰਮਦ ਦੇ ਭਾਵੇਂ ਕੁਝ ਵੀ ਸੀ ਪਰ ਸਚੇਤ ਰੂਪ ਵਿੱਚ ਉਹ ਇਹੋ ਮਹਿਸੂਸ ਕਰਦਾ ਸੀ। ਕਾਰਨ ਸ਼ਾਇਦ ਇਹ ਸੀ ਕਿ ਉਦਾਲੇ ਦੀਆਂ ਰਹਿਤਲਾਂ ਦੇ ਤੁਲ ਪੰਜਾਬੀ ਵਰਤ ਵਰਤਾਰੇ ਨੂੰ ਪਹਿਲੀ ਵਾਰ ਸੁਤੰਤਰ ਤੇ ਆਤਮ ਨਿਰਭਰ ਹੀ ਨਹੀਂ ਸਗੋਂ ਪ੍ਰਮੁੱਖ ਤੇ ਪ੍ਰਧਾਨ ਹੋਣ ਦਾ ਅਵਸਰ ਮਿਲਿਆ ਸੀ। ਜਿਸ ਤਰ੍ਹਾਂ ਦੀਆਂ ਵਿਸ਼ਵ ਵਿਆਪੀ ਤਬਦੀਲੀਆਂ ਵਾਪਰ ਰਹੀਆਂ ਹਨ ਉਨ੍ਹਾਂ ਦੀ ਲੋਅ ਵਿੱਚ ਤਾਂ ਇਹ ਅਵਸਰ ਪਹਿਲੀ ਵਾਰੀ ਨਹੀਂ ਸਗੋਂ ਪੰਜਾਬੀਆਂ ਨੂੰ ਅੰਤਮ ਵਾਰੀ ਨਸੀਬ ਹੋਇਆ ਪ੍ਰਤੀਤ ਹੁੰਦਾ ਹੈ। ਕਹਿਣ ਤੋਂ ਭਾਵ ਇਹ ਨਹੀਂ ਕਿ ਇਸ ਭਾਵੀ ਨੂੰ ਟਾਲਿਆ ਨਹੀਂ ਜਾ ਸਕਦਾ। ਇਹ ਟਾਲ ਵੀ ਹੋ ਸਕਦੀ ਹੈ ਜੋ ਵੰਨ ਸਵੰਨੇ ਸੱਭਿਆਚਾਰ ਆਪਦੇ ਉਦਭਵ ਤੇ ਵਿਕਾਸ ਤੇ ਪਰਤਵੀ ਤੇ ਨਿਰਵੇਚਨੀ ਝਾਤ ਮਾਰਕੇ ਕਿਸੇ ਪੁਨਰ ਪ੍ਰਯਾਸ ਦੇ ਸਮਰੱਥ ਹੋ ਸਕਦੇ। ਇਸ ਪ੍ਰਸੰਗ ਵਿਚ ਸਿੱਖਾਂ ਦੀ ਖਾਲਸੇ ਦੀ ਸਿਰਜਣਾ ਵਾਲੀ ਘਟਨਾ ਤੇ ਪਰਤਵੀ ਤੇ ਨਿਰਵੇਚਨੀ ਝਾਤ ਮਾਰਨ ਤੋਂ ਬਿਨਾਂ ਗੁਜ਼ਾਰਾ ਨਹੀਂ।

ਇਸ ਵਿਚ ਪ੍ਰਥਮ ਸਥਾਨ ਸੈਨਾਪਤੀ ਦੀ ਮੁੱਲਵਾਨ ਰਚਨਾ ਗੁਰਸੋਭਾ (1711) ਦਾ ਬਣਦਾ ਹੈ। ਇਸ ਦੀ ਪ੍ਰਥਾ ਵਿਚ ਰਚਿਤ ਭਾਈ ਰਤਨ ਸਿੰਘ ਭੰਗੂ ਦਾ ‘ਪ੍ਰਾਚੀਨ ਪੰਥ ਪ੍ਰਕਾਸ’ ਇਕ ਚੋਟੀ ਦੀ ਕਿਰਤ ਹੈ। ਦਰਅਸਲ ਤਾ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ (1974 ਦੂਜਾ ਸੰਸਕਰਣ) ਵਿਚ ਦਰਜ ਵੇਰਵਾ ਵੀ ਇਸੇ ਪ੍ਰਥਾ ਵਿਚ ਆ ਜਾਂਦਾ ਹੈ। ਇਨ੍ਹਾਂ ਰਚਨਾਵਾਂ ਵਿਚ ਖ਼ਾਲਸੇ ਦੀ ਸਿਰਜਣਾ ਬਾਰੇ ਦੋ ਮੰਤ ਰਲਵੇ ਮਿਲਵੇਂ ਰੂਪ ਵਿਚ ਪੇਸ਼ ਹਨ। ਪਹਿਲੇ ਮੱਤ ਅਨੁਸਾਰ ਗੁਰੂ ਰਾਮਦਾਸ ਜੀ ਵਲੋਂ ਚਲਾਈ ਮਸੰਦ ਪ੍ਰਥਾ ਬਿਲਕੁਲ ਹੀ ਨਿਘਰ ਚੁੱਕੀ ਸੀ। ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਨ ਦੀ ਥਾਂ, ਇਹ ਚੜ੍ਹਾਵੇ ਇਕੱਤਰ ਕਰਨ ਤੇ ਹੋਰ ਕੁਕਰਮ ਵਿੱਢਣ ਵਿਚ ਮੁਬਤਲਾ ਹੋ ਚੁੱਕੀ ਸੀ। ਇਸ ਪ੍ਰਕਾਰ ਸਿੱਖ ਸੰਗਤ ਨੂੰ ਅਜਿਹੀ ਨਿਘਰੀ ਤੇ ਭ੍ਰਿਸ਼ਟ ਪ੍ਰਥਾ ਨਾਲੋ ਤੋੜਨਾ ਬੜਾ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਨੇ ਇਸ ਅਲੌਕਿਕ ਘਟਨਾ ਰਾਹੀਂ ਅਜਿਹਾ ਪ੍ਰਯਾਸ ਹੀ ਕੀਤਾ ਸੀ ਤਾਂ ਜੋ ਸੰਗਤ ਨੂੰ ਆਪਦੇ ਨਾਲ ਜੋੜ ਕੇ ਗੁਰੂ ਨਾਨਕ ਵਲੋਂ ਆਰੰਭੀ ਨਾਮ ਸਿਮਰਣ ਦੀ ਪ੍ਰਥਾ ਦੇ ਅਨੁਕੂਲ ਢਾਲਿਆ ਜਾ ਸਕੇ। ਨਿਰਸੰਦੇਹ ਗੁਰੂ ਸਾਹਿਬ ਦੇ ਤਸੱਵਰ ਵਿਚ ਇਹ ਭਾਵਨਾ ਪ੍ਰਚੰਡ ਰੂਪ ਵਿਚ ਵਿਗਸੀ ਹੋਵੇਗੀ। ਦੇਖਣ ਵਾਲੀ ਗੱਲ ਇਥੇ ਇਹ ਹੈ ਕਿ

ਕਈ ਨਾਮ ਸਿਮਰਣ ਕੋਈ ਅੰਤਿਮ ਤੇ ਅਗੰਮੀ ਜੀਵਨ ਜਾਂਚ ਹੋ ਸਕਦੀ ਹੈ, ਜਿਸ ਦਾ ਮਾਰਮਿਕ ਚਿੱਤਰਣ ਪ੍ਰਮਾਣ ਵਜੋਂ ਭਾਈ ਵੀਰ ਸਿੰਘ ਦੇ 'ਰਾਣਾ ਸੂਰਤ ਸਿੰਘ ਵਿਚ ਹੋਇਆ ਹੈ। ਇਸਤੋਂ ਵੀ ਅੱਗੇ ਜਾਚਣ ਵਾਲੀ ਗੱਲ ਇਹ ਵੀ ਬਣ ਜਾਂਦੀ ਹੈ ਕਿ ਕੀ ਨਾਨਕ ਬਾਣੀ ਨੇ ਵਾਸਤਵ ਵਿਚ ਅਜਿਹੇ ਅਮੂਰਤ ਤੇ ਅਗੰਮੀ ਨਾਮ ਸਿਮਰਣ ਨੂੰ ਵਰੋਸਾਇਆ ਹੈ। ਜੇ ਨਾਨਕ-ਬਾਣੀ ਵਿਚ ਪੇਸ਼ ਕਾਵਿ ਸਰੋਕਾਰਾਂ ਨੂੰ ਚਿਤਵਿਆ ਜਾਵੇ ਤਾ ਸਪੱਸ਼ਟ ਹੋ ਜਾਂਦਾ ਹੈ ਕਿ ਗਿਆਨ, ਵਿਵੇਕ, ਨੈਤਿਕਤਾ, ਜੀਵਨ ਨਾਲ ਗਹਿਰ ਗੰਭੀਰ ਲਗਾਵ, ਸਮਾਨਤਾ ਤੇ ਜਾਗ੍ਰਿਤੀ ਦੇ ਸੰਦਰਭ ਵਿਚ ਨਾਮ ਸਿਮਰਣ ਦਾ ਕੋਈ ਮੱਹਤਵ ਹੋ ਸਕਦਾ ਹੈ। ਜਦੋਂ ਇਨ੍ਹਾਂ ਵਾਸਤਵਿਕ ਸਰੋਕਾਰਾਂ ਦੇ ਅਭਾਵ ਵਿਚ ਨਾਮ ਸਿਮਰਣ ਦੀ ਅਭਿਲਾਸ਼ਾ ਆਤਮ ਸੰਪੰਨ ਹੋਣਾ ਲੋੜੀਦੀ ਹੈ ਤਾਂ ਇਹ ਭਗਤੀ ਭਾਵ ਵਾਲੀ ਭੁਰ ਭੁਰ ਜਾਨ ਵਾਲੀ ਭਾਵਨਾ ਬਣ ਕੇ ਹੀ ਰਹਿ ਜਾਂਦੀ ਹੈ। ਜਿਵੇ ਕਿ ਸੰਤ ਸਿੰਘ ਸੇਖੋਂ ਦਾ ਵਿਚਾਰ ਹੈ, "ਗੁਰੂ ਨਾਨਕ ਵਿਚ ਭਗਤਾਂ ਵਾਲਾ ਇਸ਼ਕ ਘੱਟ ਹੈ।" ਨਿਰਸੰਦੇਹ ਉਪਰੋਕਤ ਸਰੋਕਾਰਾਂ ਦੇ ਅਭਾਵ ਵਿਚ ਕੁੱਲ ਆਤਮਿਕ ਉਤਮਤਾ ਦੇ ਬਾਵਜੂਦ ਨਾਮ ਸਿਮਰਨ ਮਨੁੱਖ ਨੂੰ ਨਿਰਲੇਪਤਾ ਦਾ ਭਾਗੀ ਬਣਾ ਦਿੰਦਾ ਹੈ। ਪ੍ਰਮਾਣ ਸਰੂਪ ਉਹ ਸਮਾਜਿਕ ਅਨਿਆਂ, ਜ਼ੁਲਮ ਜਬਰ ,ਸ਼ਾਸਨ ਤੇ ਸ਼ੋਸ਼ਣ ਤੇ ਅਮਾਨਵੀ ਪੈਂਤੜਿਆਂ ਪ੍ਰਤੀ ਅਵੇਸਲਾ ਹੋ ਜਾਂਦਾ ਹੈ। ਭੇਖ, ਕਪਟ, ਬੇਈਮਾਨੀ ਕਾਰਨ ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਦੀ ਚਿੰਤਾ ਉਸ ਨੂੰ ਅਮੂਰਤ ਤੇ ਅਕਰਮਕ ਰੂਪ ਵਿਚ ਹੀ ਹੋ ਸਕਦੀ ਹੈ। ਜੇ ਇਸ ਸਭ ਕੁੱਝ ਦਾ ਤੋੜਾ ਉਸ ਤੇ ਝੜਦਾ ਹੋਵੇ ਤਾਂ ਅਜਿਹੇ ਸਿਦਕੀ ਮਨੁੱਖ ਲਈ ਨਿਰਲੇਪ ਰਹਿ ਕੇ "ਜੀਵਦਿਆ ਮਰ ਰਹੀਐ" ਜਾਂ "ਜੱਗ ਵਿਚ ਹੋਇ ਨਿਰਾਸ਼ਾ" ਤੋਂ ਗੁਰੂ ਨਾਨਕ ਵਾਲੇ ਨਿਰਣਿਆਂ ਦੇ ਵਿਪਰੀਤ ਭਾਈ ਵੀਰ ਸਿੰਘ ਵਾਲੀਆਂ ਮਨ ਇੱਛਤ ਭਾਵਨਾਵਾਂ ਨਾਲ ਓਤ ਪੋਤ ਰਹਿਣਾ ਸੁਭਾਵਕ ਹੋ ਜਾਂਦਾ ਹੈ। ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਹੋ ਸਕਦਾ ਕਿ ਸਿੱਖ ਮੱਤ ਵਿਚ ਨਾਮ ਸਿਮਰਨ ਦਾ ਇਹੋ ਜਿਹਾ ਆਲਮ ਪ੍ਰਚਲਿਤ ਹੈ। ਵਸਤਿਵ ਵਿਚ ਇਹ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਨਾਲੋਂ ਹੱਟ ਕੇ ਨਿਰਮਲੇ ਵਿਦਵਾਨਾਂ ਤੇ ਉਦਾਸੀ ਸੰਤਾਂ ਦੀਆਂ ਭਾਵਨਾਵਾਂ ਦੀ ਤਰਜ਼ਮਨੀ ਕਰਦਾ ਸੀ।

ਅਜਿਹੇ ਨਾਮ ਸਿਮਰਨ ਨਾਲ ਮੁਗਧ ਹੋ ਰਹਿਣਾ ਗੁਰੂ ਗੋਬਿੰਦ ਸਿੰਘ ਲਈ ਸੁਭਾਵਕ ਨਹੀਂ ਹੋ ਸਕਦਾ ਸੀ। ਕਾਰਨ ਇਹ ਤਾਂ ਹੈ ਸੀ ਕਿ ਇਹ ਗੁਰੂ ਨਾਨਕ ਦੀ ਦ੍ਰਿਸ਼ਟੀ ਦੇ ਪ੍ਰਤੀਕੂਲ ਸੀ। ਇਸ ਦ੍ਰਿਸ਼ਟੀ ਦੇ ਸਭ ਤੋਂ ਮਹਾਨ ਪ੍ਰਤੀਪਾਲਕ ਹੋਣ ਦੇ ਨਾਤੇ ਗੁਰੂ ਗੋਬਿੰਦ ਸਿੰਘ ਸਿੱਖ ਪੰਥ ਤੇ ਨਿਕਟਵਰਤੀ ਖ਼ਤਰੇ ਨਾਲ ਦੂਰਵਰਤੀ ਭੈਅ ਦੀ ਪੰਡ ਲਾਹੁਣ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਹ ਦੂਰਵਰਤੀ ਭੈਅ ਸੀ ਪਹਾੜੀ ਰਾਜਿਆਂ ਸਮੇਤ ਮੁਗ਼ਲ ਰਾਜ ਦੇ ਅਤੰਕ ਦਾ ਜਿਸਤੇ ਸਿੱਖਾਂ ਨੂੰ ਨਿਰਭੈ ਕਰਨ ਹਿੱਤ ਉਨਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਤੇ ਪੜਦਾਦਾ ਗੁਰੂ ਅਰਜਨ ਦੇਵ ਦੀਆਂ ਸ਼ਹੀਦੀਆਂ ਹੋਈਆਂ ਸਨ। ਇਹ ਠੀਕ ਹੈ ਕਿ ਉਸ ਵਕਤ ਜਦੋਂ ਇਹ ਖ਼ਾਲਸੇ ਦੀ ਸਿਰਜਣਾ ਵਾਲੀ ਘਟਨਾ ਘਟੀ ਮੁਗ਼ਲ ਰਾਜ ਨੇ ਲਾਹੌਰ ਜਾਂ ਸਰਹਿੰਦ ਦੇ ਸੂਬੇਦਾਰ ਰਾਹੀਂ ਗੁਰੂ ਸਾਹਿਬ ਵਿਰੁੱਧ ਕੋਈ ਕਾਰਵਾਈ ਨਹੀਂ ਵਿਉਂਤੀ ਸੀ। ਲੇਕਿਨ ਜਿਸ ਤਰਾਂ ਦਾ ਘੋਰ ਅਨਿਆਂ ਉਹਨਾਂ ਦੇ ਪਿਤਾ ਤੇ ਪੜਦਾਦੇ ਨੂੰ ਕੁੱਲ ਸਹਿਣਸ਼ੀਲਤਾ ਦੇ ਬਾਵਜੂਦ ਸਹਿਣਾ ਪਿਆ, ਉਸਤੋਂ ਗੁਰੂ ਸਾਹਿਬ ਦਾ ਭਵਿੱਖ ਵਿਚ ਕਿਸੇ ਸੰਭਾਵੀ ਹਿੰਸਕ ਕਾਰਵਾਈ ਪ੍ਰਤੀ ਸੁਚੇਤ ਹੋਣਾ ਸੁਭਾਵਿਕ ਸੀ।ਨਾਲੇ ਗੁਰੂ ਸਾਹਿਬ ਅਲੌਕਿਕ ਪ੍ਰਤੀਭਾ ਦੇ ਸੁਆਮੀ ਵੀ ਤਾਂ ਸਨ। ਮਹਾਨ ਕਵੀ ਹੋਣ ਦੇ ਨਾਲ ਨਾਲ ਉਹ ਮੌਲਿਕ ਚਿੰਤਕ ਵੀ ਸਨ। ਪ੍ਰਮਾਣ ਵਜੋਂ ਉਹ ਗੁਰੂ ਨਾਨਕ ਦੇ 'ਗੁਰ ਪ੍ਰਸਾਦਿ ਦੇ ਸੰਕਲਪ ਦੇ ਤੁਲ 'ਤਪ ਪ੍ਰਸਾਦਿ ਦੇ ਸਮਰਥਕ ਸਨ। ਸ੍ਰਿਸ਼ਟੀ ਦੀ ਅਰਾਧਣਾ ਦੇ ਤੁਲ ਉਹ ਮਹਾਂਕਾਲ ਨੂੰ ਚਿਤਵਦੇ ਸਨ। ਫਲਸਰੂਪ ਉਹਨਾਂ ਦੀ ਦੂਰ ਅੰਦੇਸ਼ੀ ਮੁਗਲ ਰਾਜ ਵਲੋਂ ਵਿਦੀ ਜਾਣ ਵਾਲੀ ਹਿੰਸਾ ਦਾ ਭਲੀਭਾਂਤ ਤਸੱਵਰ ਕਰ ਸਕਦੀ ਸੀ। ਇਹ ਖ਼ਾਲਸੇ ਦੀ ਸਿਰਜਣਾ ਦਾ ਦੂਰਵਰਤੀ ਕਾਰਨ ਸੀ। ਇਸ ਸਭ ਕੁਝ ਦੇ ਨਾਲ ਗੁਰੂ ਸਾਹਿਬ ਸਮਾਨਤ ਤੇ ਵੰਨ ਸੁਵੰਨਤਾ ਦੇ ਹਾਮੀ ਸਨ। ਇਸ ਕਾਰਨ ਉਹਨਾਂ ਆਪਣੇ ਸਭ ਤੋਂ ਨਿੱਘੇ ਉਪਾਸਕ ਭਾਈ ਨੰਦ ਲਾਲ ਗੋਆ ਨੂੰ ਖੰਡੇ ਦੀ ਪਹੁਲ ਲੈਣ ਦਾ ਆਦੇਸ਼ ਨਹੀਂ ਦਿੱਤਾ ਸੀ। ਨਿਰਸੰਦੇਹ ਇਹ ਵੰਨ ਸੁਵੰਨਤਾ ਉਸ ਪ੍ਰਕਾਰ ਦੀ ਬੇਮੁਹਾਰਾ ਤਾਂ ਨਹੀਂ ਜਿਸ ਦਾ ਅਜੋਕੀ ਉਤਰ ਆਧੁਨਿਕਤਾ ਜੜ੍ਹ-ਵਸਤੂ ਕਰਨ ਤੇ ਤੁਲੀ ਹੋਈ ਸੀ। ਇਹ ਜ਼ਿਮੇਵਾਰੀ ਨਾਲ ਪ੍ਰਣਾਈ ਵੰਨ-ਸੁਵੰਨਤਾ ਸੀ,ਜੋ ਚਿੰਤਕ ਪ੍ਰੇਰਿਕ ਨਾਲ ਭਾਵ ਉਤੇਜਕ ਵੀ ਸੀ।



ਸੰਪਰਕ : 98150 86016

ਕਵਿਤਾ : ਸ਼ਿਵ ਕੁਮਾਰ

## *ਆਰਤੀ*

(ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌਵੇਂ ਜਨਮ ਦਿਨ ਨੂੰ ਸਮਰਪਿਤ)

ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰ 'ਤੇ ਆਵਾਂ।

ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੁਹਲ ਛਿੰਦੇ ਬੋਲ
ਨੀਂਹਾਂ ਵਿਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ
ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜ਼ਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਲੈ ਕਿਹੜੇ ਬੋਲ ਦੀ ਭੇਟਾ
ਮੈਂ ਤੇਰੇ ਦੁਆਰ 'ਤੇ ਆਵਾਂ

ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਵੇ

ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿੱਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ
ਦੂਰ ਕਿੰਜ ਜਾਵਾਂ !

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ
ਜਿਦ੍ਹੇ ਵਿਚ ਲਹੂ ਤੇਰੇ ਦੀ
ਰਲੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ।

ਮੈਂ ਚਾਹੁੰਦਾ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੈੜ ਚੁੰਮ ਆਵਾਂ
ਤੇਰੇ ਹਰ ਪੈੜ 'ਤੇ—
ਹੰਝੂ ਦਾ ਇਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ

ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨ ਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ



ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ

*ਵਿਰਾਸਤ*

# ਵਿਧਾਤਾ ਦਾ 'ਤੀਰ'

*ਸੁਖਪਾਲ*

ਪੰਜਾਬੀ ਕਾਵਿ-ਦ੍ਰਿਸ਼ ਨੂੰ ਪਹਿਲਾਂ ਸੰਨ ਸੰਤਾਲੀ ਨੇ ਵੰਡਿਆ। ਅਸੀਂ 'ਚੜ੍ਹਦੇ' ਪੰਜਾਬੀ ਤੇ 'ਲਹਿੰਦੇ ਪੰਜਾਬੀ' ਲੇਖਕ ਹੋ ਗਏ। ਪਿੰਡਾ ਤਾਂ ਵੰਡਿਆ ਹੀ ਗਿਆ, ਸਾਡਾ ਮੁਖ ਵੀ ਇਕ ਨਾ ਰਿਹਾ। ਅਸੀਂ 'ਗੁਰ-ਮੁਖੀ' ਤੇ 'ਸ਼ਾਹ-ਮੁਖੀ' ਹੋ ਗਏ।

ਖ਼ੈਰ, ਅਸੀਂ ਸੰਭਲੇ ਤੇ ਮੁੜ ਕਵਿਤਾ ਕਹਿਣ ਲੱਗੇ। ਇਸ ਦੌਰ ਦੀ ਬਹੁਤੀ ਪੰਜਾਬੀ ਕਵਿਤਾ ਸਟੇਜ 'ਤੇ ਪੜ੍ਹੀ ਜਾਂਦੀ। ਸੈਂਕੜੇ ਹਜ਼ਾਰਾਂ ਲੋਕ ਇਕੱਠੇ ਹੋ ਕੇ ਰੈਣ-ਸਬਾਈ ਕਵਿਤਾ ਸੁਣਦੇ। ਪੰਜਾਬੀ ਕਵੀਸ਼ਰ ਜਦੋਂ ਨੌਵੇਂ ਜਾਂ ਦਸਵੇਂ ਗੁਰੂ ਦੀ ਗਾਥਾ ਗਾਉਂਦੇ ਤਾਂ ਉਸ ਬੰਦੇ ਦੀ ਕਥਾ ਕਹਿੰਦੇ ਜਿਹੜਾ ਹਿੰਦੂ-ਸਿੱਖ ਦੋਹਾਂ ਲਈ ਲੜ ਰਿਹਾ ਸੀ। ਪਰ ਸੰਨ ਸੰਤਾਲੀ ਮਗਰੋਂ ਵੀ 'ਪੰਜਾਬੀ ਸੂਬੇ' ਨੂੰ ਨਿਰੰਤਰ ਕੋਂਹਦੀ ਹਿੰਦੂ-ਸਿੱਖ ਵੰਡ ਨੇ ਅਗਲੇ ਵੀਹ ਸਾਲਾਂ ਵਿਚ ਪੰਜਾਬੀ ਦੇ ਢਾਡੀ ਕਵੀਆਂ ਨੂੰ 'ਪੰਜਾਬੀ' ਦੇ ਅਖਾੜੇ ਵਿਚੋਂ ਕੱਢ ਕੇ ਸਿੱਖ-ਪੰਡਾਲ ਤੀਕ ਸੀਮਤ ਕਰ ਦਿੱਤਾ।

ਹੱਦਬੰਦੀ ਏਥੇ ਹੀ ਨਹੀਂ ਮੁੱਕੀ। ਚੜ੍ਹਦੇ ਪੰਜਾਬੀ ਕਾਵਿ ਕੋਲ ਜੋ ਨਿਕ-ਸੁਕ ਬਚਿਆ ਸੀ, ਸੱਠਵਿਆਂ ਤੇ ਸੱਤਰਵਿਆਂ ਨੇ ਉਸ ਨੂੰ ਫੇਰ ਵੰਡ ਦਿੱਤਾ। ਕਵੀ 'ਸਟੇਜੀ' ਜਾਂ 'ਅਕਾਦਮਿਕ' ਹੋ ਗਏ। ਏਦੂੰ ਅੱਗੇ ਜੱਟ ਅਤੇ ਸਰਦਾਰ-ਜੱਟ ਦੇ ਪਾੜੇ ਵਾਂਗ ਅਕਾਦਮਿਕ ਕਵੀਆਂ ਵਿਚ ਵੀ ਵੰਡ ਹੋ ਗਏ, ਕਵੀ ਸਕੂਲ ਵਿਚ ਪੜ੍ਹਾਉਂਦਾ ਹੈ ਕਿ ਕਾਲਜ-ਯੂਨੀਵਰਸਿਟੀ ਵਿਚ। ਸਟੇਜੀ ਕਵੀ ਨੂੰ ਸਾਧਾਰਨ ਜਾਂ ਆਮ ਕਿਹਾ ਜਾਣ ਲੱਗਾ। ਉਹਨੂੰ ਕਵਿਤਾ ਦੀ ਥਿਓਰੀ, ਸੰਸਾਰ-ਕਵਿਤਾ ਅਤੇ ਨਵੀਆਂ ਤਬਦੀਲੀਆਂ ਤੋਂ ਅਣਜਾਣ ਸਮਝਿਆ ਜਾਣ ਲੱਗਾ। ਸਟੇਜੀ ਕਵੀ ਛੰਦ-ਬੱਧ ਕਵਿਤਾ ਲਿਖਦੇ ਸਨ, ਅਕਾਦਮਿਕ ਕਵੀਆਂ ਨੇ ਖੁੱਲ੍ਹੀ ਕਵਿਤਾ ਦਾ ਪ੍ਰਯੋਗ ਕੀਤਾ। ਜਿਨ੍ਹਾਂ ਨੂੰ ਛੰਦ ਦੀ ਸੂਝ ਸੀ, ਉਨ੍ਹਾਂ ਵਿਚੋਂ ਕੁਝ ਇਕ ਨੇ ਦੋਵੇਂ ਵਿਧੀਆਂ ਵਰਤ ਕੇ ਵਿਖਾਇਆ ਕਿ ਕਵਿਤਾ ਦਾ ਸੰਚਾਰ ਦੋਹਾਂ ਵਿਚ ਸੰਭਵ ਹੈ। ਪਰ ਬਹੁਤੀ ਵਾਰੀ ਇਕ ਧਿਰ ਨੇ ਦੂਜੀ ਨੂੰ ਸ਼ੂਦਰ ਮਿੱਥ ਦਿੱਤਾ। ਦਰਿਆ ਕੰਢਿਆਂ ਦੇ ਅੰਦਰ ਵਗੇ ਜਾਂ ਭੰਨ ਕੇ ਬਾਹਰ ਨਿਕਲ ਜਾਵੇ—ਉਹ ਦਰਿਆ ਹੀ ਰਹਿੰਦਾ ਹੈ। ਉਹ ਆਪਣਾ ਰਾਹ ਬਦਲ ਲਵੇ ਤਾਂ ਵੀ ਉਹਦੀ ਯਾਤਰਾ ਦਾ ਮੂੰਹ ਸਾਗਰ ਵੱਲ ਹੀ ਰਹਿੰਦਾ ਹੈ। ਕਵਿਤਾ ਦੀ ਝੋਲੀ ਤਾਂ ਏਨੀ ਖੁੱਲ੍ਹੀ ਹੈ ਕਿ ਏਸ ਵਿਚ ਰੱਬ ਵੀ ਸਮਾਅ ਸਕਦਾ ਹੈ ਤੇ ਰੱਬ ਨੂੰ ਕੱਢ ਕੇ ਵੀ ਇਹ ਸਮੁੰਦਰ ਜਿੱਡੀ ਰਹਿੰਦੀ ਹੈ। ਪੰਜ ਦਰਿਆ ਪਹਿਲਾਂ ਹੀ ਵੰਡੇ ਗਏ ਸਨ। ਸੌ ਧਾਰਾਂ ਰਲ ਕੇ ਸਤਲੁਜ ਘੜਦੀਆਂ ਹਨ। ਅਸੀਂ ਸਤਲੁਜ ਨੂੰ ਸੌ ਧਾਰਾਂ ਵਿਚ ਵੰਡ ਕੇ ਛੱਪੜ ਕਰ ਲਿਆ। ਪੰਜਾਬੀ ਸਾਹਿਤ ਅਤੇ ਕਵਿਤਾ ਵਿਚ ਉਭਰੇ ਇਸ ਨਵੇਂ ਜਾਤ-ਪਾਤ ਨੇ ਸਾਨੂੰ ਛੱਪੜ ਵਿਚ ਧੱਕ ਦਿੱਤਾ।

ਕਾਵਿ-ਵਿਧਾ, ਸਿਧਾਂਤ, ਸਿਆਸਤ, ਆਰਥਿਕਤਾ ਜਾਂ ਅਨਿਆਂ—ਅਜਿਹੇ ਵਿਸ਼ਿਆਂ ਤੇ ਵਿਚਾਰ-ਵਟਾਂਦਰਾ, ਹਰ ਜਿਉਂਦੀ ਭਾਸ਼ਾ ਵਿਚ ਹਰ ਸਮੇਂ ਵਾਪਰਦਾ ਰਹਿੰਦਾ ਹੈ। ਪਰ ਸਾਡੀਆਂ ਸਾਹਿਤਕ ਸਭਾਵਾਂ ਏਸ ਆਧਾਰ 'ਤੇ ਵੰਡੀਆਂ ਗਈਆਂ ਕਿ ਸਾਡਾ ਸਿਆਸੀ-ਸਿਧਾਂਤਕ ਪੈਂਤੜਾ ਕੀ ਹੈ ? ਹੌਲੀ-ਹੌਲੀ ਏਹਦੇ ਵਿਚੋਂ ਸਿਧਾਂਤ ਦਾ ਮੁੱਦਾ ਵੀ ਗੁਆਚ ਗਿਆ, ਸਿਰਫ਼ ਸਿਆਸੀ ਪੈਂਤੜੇ ਰਹਿ ਗਏ। ਧਰਮ ਅਤੇ ਸਿਆਸਤ ਦੇ ਇਕੱਠੇ ਹੋਣ 'ਤੇ (ਲੰਮੇ ਚਿਰ ਵਿਚ) ਸਿਆਸਤ ਸਦਾ ਧਰਮ 'ਤੇ ਹਾਵੀ ਹੋ ਕੇ ਏਹਨੂੰ ਮੈਲਾ ਕਰ ਦੇਂਦੀ ਰਹੀ ਹੈ। ਕੁਝ ਏਵੇਂ ਹੀ ਸਾਹਿਤ ਵਿਚ ਸਿਆਸਤ ਦੀ ਗੱਲ ਕਰਦੇ ਕਰਦੇ ਸਾਡੇ ਅੰਦਰਲੀ ਸਿਆਸਤ ਸਾਡੀ ਕਵਿਤਾ 'ਤੇ ਹਾਵੀ ਹੋ ਗਈ। ਕਵਿਤਾ ਹੋਵੇ, ਕਾਵਿ-ਸੰਗਠਨ, ਭਾਵੇਂ ਫ਼ੌਜੀ-ਸੰਗਠਨ—ਸਿਆਸਤ ਕਵਿਤਾ ਦੇ ਅਧੀਨ ਰਹਿਣੀ ਚਾਹੀਦੀ ਸੀ। ਨਾਨਕ ਤੇ ਗੋਬਿੰਦ ਨੇ ਸਾਨੂੰ ਏਦਾਂ ਕਰਕੇ ਦਿਖਾਇਆ ਸੀ। ਪਰ ਸਾਡੀ ਕਵਿਤਾ ਵਿਚ ਉਨ੍ਹਾਂ ਮਹਾਂਪੁਰਖਾਂ ਜਿੰਨਾ ਤਾਣ ਨਾ ਸੀ। ਅਸੀਂ ਉਨ੍ਹਾਂ ਜਿੰਨੀ ਸਾਧਨਾ ਨਹੀਂ ਸੀ ਕੀਤੀ ਹੋਈ। ਸੋ ਬਹੁਤ ਵਾਰੀ ਨੇਕ-ਨੀਅਤ, ਲੋਕ-ਪੱਖੀ ਤੇ ਕਾਵਿ-ਪੱਖੀ ਹੁੰਦਿਆਂ ਹੋਇਆਂ ਵੀ ਸਾਡੀ ਸਿਆਸਤ ਸਾਡੀ ਕਵਿਤਾ 'ਤੇ ਹਾਵੀ ਹੋ ਗਈ।

ਕਵੀ ਨੇ ਸਿਆਸਤ ਤੋਂ ਪਾਸਾ ਨਹੀਂ ਵੱਟਣਾ ਹੁੰਦਾ। ਪਰ ਕਵੀ ਬਾਲਮੀਕ ਰਾਮਾਇਣ ਲਿਖ ਕੇ, ਰਾਮ ਦੀ ਸਿਫ਼ਤ ਕਰਕੇ ਵੀ ਰਾਮ ਹੱਥੋਂ ਬੇਘਰ ਹੋਈ ਸੀਤਾ ਨੂੰ ਆਪਣੇ ਆਸ਼ਰਮ ਵਿਚ ਪਨਾਹ ਦੇਂਦਾ ਹੈ, ਉਹਦੇ ਬੱਚੇ ਸਾਂਭਦਾ ਹੈ। ਕਵੀ ਪਿੰਡ ਦੇ ਖੂਹ 'ਤੇ ਬੈਠਾ ਫ਼ਕੀਰ ਹੈ ਜੋ ਸਭ ਕੁਝ ਦੇਖਦਾ ਹੈ, ਸਭ ਕੁਝ ਦਾ ਨਿਰਪੱਖ ਬਿਆਨ ਕਰਦਾ ਹੈ ਤੇ ਦੁਖੀਏ ਨੂੰ ਧਰਵਾਸ ਦੇਂਦਾ ਹੈ। ਪਰ ਪੰਜਾਬੀ ਕਾਵਿ-ਪਿੰਡ ਵਿਚ ਸਾਕ ਥੋੜ੍ਹੇ ਹਨ, ਸ਼ਰੀਕੇ ਵਧੇਰੇ ਹਨ। ਸਮਾਜ ਤਾਂ ਸਦਾ ਵੰਡਿਆ ਹੀ ਰਿਹਾ ਹੈ। ਪਰ ਸਮਾਜ ਦੀ 'ਸਿਮ੍ਰਤੀ' ਲਿਖਣ ਵਾਲਾ ਹੀ ਸਮਾਜ ਦੀ ਵਰਣ-ਵੰਡ ਕਰ ਦੇਵੇ ਤਾਂ ਅਸਰ ਹਜ਼ਾਰਾਂ ਸਾਲਾਂ ਤਕ ਵਾਪਰ ਸਕਦਾ ਹੈ। ਜਦ ਲੇਖਕ ਜਾਂ ਕਵੀ ਵੰਡੇ ਜਾਣ ਤਾਂ ਸਮਾਜਕ ਵੰਡ ਨੂੰ ਪਰਤਾਉਣ ਦਾ ਬੂਹਾ ਭਿੜਣ ਲੱਗ ਜਾਂਦਾ ਹੈ। ਲੇਖਕਾਂ ਦੇ ਵੰਡੇ ਜਾਣ 'ਤੇ ਲਾਭ ਸਦਾ ਸਥਾਪਤੀ ਨੂੰ ਹੁੰਦਾ ਹੈ। ਏਹਦਾ ਸਬੂਤ ਸਾਨੂੰ ਖਾੜਕੂਵਾਦ ਵੇਲੇ ਮਿਲਿਆ। ਆਪੋ ਆਪਣੀ ਥਾਂ ਥੋੜ੍ਹੇ ਬਹੁਤੇ ਕਵੀ ਜਾਂ ਲੇਖਕ ਬੋਲੇ ਤੇ ਬੋਲਣ ਸਦਕਾ ਮਾਰੇ ਵੀ ਗਏ ਪਰ ਸਮੁੱਚਾ ਪੰਜਾਬੀ ਕਾਵਿ-ਦ੍ਰਿਸ਼ ਹਥਿਆਰਾਂ ਅੱਗੇ ਨਿਤਾਣਾ ਸਿੱਧ ਹੋਇਆ। ਸਥਾਪਤੀ ਸਾਨੂੰ ਵਰਤ ਗਈ ਤੇ ਨਿਰਦੋਸ਼ਾਂ ਨੂੰ ਬੱਸਾਂ ਵਿਚੋਂ ਲਾਹ-ਲਾਹ ਜਾਂ ਘਰਾਂ ਵਿਚ ਵੜ ਵੜ ਮਾਰਨ ਵਾਲੇ ਨਾਨਕ ਦੀ ਬਾਬਰ-ਬਾਣੀ ਨੂੰ ਆਪਣੇ ਹੱਕ ਵਿਚ ਵਰਤ ਗਏ। ਔਰੰਗਜ਼ੇਬ ਤੋਂ ਆਨੰਦਪੁਰ ਜਾਂ ਚਮਕੌਰ ਵਿਚ ਹਾਰਣ ਮਗਰੋਂ ਵੀ ਜ਼ਫ਼ਰਨਾਮਾ ਲਿਖਣ ਵਾਲੇ ਦੀ ਔਲਾਦ, ਅਸੀਂ ਕਵੀ ਕੋਈ ਐਸੀ ਬਾਣੀ ਨਾ ਰਚ ਸਕੇ ਜੋ ਬਲਦੀ ਅੱਗ ਨੂੰ ਠਾਰ ਸਕੇ ਜਾਂ ਨਸ਼ੇ ਵਿਚ ਗਲਤਾਨ ਹੋ ਗਈ ਸਾਡੀ ਅਗਲੀ ਪੁਸ਼ਤ ਨੂੰ ਘਰ ਪਰਤਾਅ ਸਕੇ।

ਲੂਹੇ ਜਾ ਕੇ ਜਾਂ ਲਹੂ-ਲੁਹਾਨ ਹੋ ਕੇ ਵੀ ਬਦਲਿਆ ਕੁਝ ਨਹੀਂ। ਸਾਡੀ ਕੌਰਵ ਸਭਾ ਵਿਚ ਛੰਦ-ਬੱਧ ਜਾਂ ਛੰਦ-ਮੁਕਤ ਹੋਣ ਦਾ ਜੂਆ ਹਾਲੇ ਵੀ ਖੇਡਿਆ ਜਾ ਰਿਹਾ ਹੈ। ਕਵਿਤਾ ਦੀ ਅਵਸਥਾ ਦ੍ਰੋਪਤੀ ਵਾਲੀ ਹੈ। ਕੋਈ ਹੈਰਾਨੀ ਨਹੀਂ, ਜੇ ਕੋਈ ਵੀ ਇਸ ਸਭਾ ਵਿਚ ਹੁਣ ਜਾਣਾ ਨਹੀਂ ਚਾਹੁੰਦਾ, ਜੇ ਸੈਂਕੜੇ ਪਾਠਕ ਜਾਂ ਹਜ਼ਾਰ ਸਰੋਤੇ ਹੁਣ ਇਕੱਠੇ ਹੋ ਕੇ ਕਵਿਤਾ ਦੀ ਰੈਣ-ਸਬਾਈ ਨਹੀਂ ਕਰਨਾ ਚਾਹੁੰਦੇ।

ਖ਼ੈਰ, ਇਸ ਵਾਪਰੇ ਘਾਣ ਦੀ ਵੱਡੀ ਤਸਵੀਰ ਤਾਂ ਸਾਡਾ ਚੌਗਿਰਦਾ ਹੈ ਜੋ ਸਭ ਦੇ ਸਾਮ੍ਹਣੇ ਹੈ ਤੇ ਸਭ ਨੂੰ ਪਤਾ ਵੀ ਹੈ। ਵਾਪਰੇ ਘਾਣ ਵਿਚ ਨਿੱਕੀ ਤਸਵੀਰ ਵੀ ਹੁੰਦੀ ਹੈ—ਇਕੱਲੇ ਬੰਦਿਆਂ ਦੀ, Individuals ਦੀ, ਕਿਸੇ ਇਕ ਇਕੱਲੇ ਕਵੀ ਜਾਂ ਲੇਖਕ ਦੀ। ਉਹ ਵੱਡੇ ਤਸਵੀਰ ਦੇ ਕੁਰੰਗਾਂ ਵਿਚ ਗੁਆਚ ਜਾਂਦੀ ਹੈ ਜਾਂ ਵੱਡੀਆਂ ਸਤਰਾਂ ਵਿਚਲੀ ਖ਼ਾਲੀ ਥਾਂ ਵਿਚ। ਫਿਰ ਦਹਾਕਿਆਂ ਮਗਰੋਂ ਕਿਸੇ ਲੁਕੇ ਹੋਏ ਜਾਂ ਅਣਛਪੇ ਕਾਗ਼ਜ਼ ਦੇ ਪੁਰਜ਼ੇ ਵਿਚੋਂ, ਕਿਸੇ ਖ਼ਤ ਵਿਚੋਂ ਮਿਲਦੀ ਹੈ। ਪੰਜਾਬ ਨੂੰ ਲਗਭਗ ਵਿਸਰ ਗਏ ਆਪਣੇ ਹੀ ਕਵੀ ਵਿਧਾਤਾ ਸਿੰਘ 'ਤੀਰ' ਦੇ ਇਸ ਅੰਤਮ ਖ਼ਤ ਵਾਂਗ...।

ਹਰ ਦੁੱਖ ਨੂੰ ਪ੍ਰਗਟ ਹੋਣ ਦਾ ਹੱਕ ਹੈ। ਮਨੁੱਖ ਵਿਦਾ ਹੋ ਜਾਂਦੇ ਹਨ, ਉਨ੍ਹਾਂ ਦਾ ਅਧਿਕਾਰ ਵਿਦਾ ਨਹੀਂ ਹੁੰਦਾ। ਹਥਲਾ ਖ਼ਤ ਸਿਰਫ਼ ਕਿਸੇ ਵਿਦਾ ਹੋ ਗਏ ਦੇ ਅਜਿਹੇ ਅਧਿਕਾਰ ਵਜੋਂ ਛਪ ਰਿਹਾ ਹੈ, ਕਿਸੇ ਖ਼ਾਸ ਧਿਰ ਨੂੰ ਦੋਸ਼ੀ ਸਾਬਤ ਕਰਨ ਲਈ ਨਹੀਂ। ਨੁਕਸ ਤਾਂ ਭੁੱਲੀ ਹੋਈ ਦਾਸਤਾਨ ਵਿਚ ਅੱਜ ਵੀ ਕੱਢੇ ਜਾ ਸਕਦੇ ਹਨ, ਪਰ ਝੱਲੇ ਹੋਏ ਦਰਦ ਵਿਚ ਨੁਕਸ ਨਹੀਂ ਕੱਢ ਹੁੰਦਾ।

ਇਹ ਖ਼ਤ ਇਹ ਵੀ ਚੇਤੇ ਕਰਾਉਂਦਾ ਹੈ ਕਿ ਧਰਮ ਅਤੇ ਦੇਸ ਇਕੋ ਧਰਤੀ 'ਤੇ ਵਾਪਰਦੇ ਹਨ। ਦੋਹਾਂ ਨੂੰ ਇਕੋ ਸਮੇਂ ਪਿਆਰ ਕਰਨਾ ਸੰਭਵ ਹੈ ਕਿਉਂਕਿ ਦੋਹਾਂ ਦਾ ਖੇਤਰ ਅਤੇ ਕਰਮਭੂਮੀ ਅੱਡੋ ਅੱਡ ਹਨ। ਧਰਮ ਅੰਦਰ ਹੈ ਤੇ ਦੇਸ ਬਾਹਰ। ਧਰਮ, ਮਨੁੱਖ ਦਾ ਆਪਣੇ ਅੰਦਰਲੀ ਸੁੱਚਤਾ ਨਾਲ ਰਿਸ਼ਤਾ ਹੈ। ਦੇਸ—ਮਨੁੱਖ ਦੇ ਬਾਹਰਲੇ ਸਮਾਜ ਨਾਲ। ਸਾਡੀ ਇਕ ਅੱਖ ਅੰਦਰ ਤੇ ਦੂਜੀ ਉਸੇ ਸਮੇਂ ਬਾਹਰ ਵੇਖਣ ਲਈ ਹੈ। ਦੋ ਅੱਖਾਂ ਨਾਲ ਇਕੋ ਸਮੇਂ ਵੇਖਣ ਨਾਲ ਧਰਤੀ ਦੂਰ ਦੂਰ ਤਕ ਜੁੜੀ ਹੋਈ ਹੀ ਦਿਸਦੀ ਹੈ। ਜਦੋਂ ਮਨੁੱਖ ਦਾ ਅੰਤਰ, ਉਹਦੀ ਸੁਰਤ, ਉਸਦੇ ਆਲੇ-ਦੁਆਲੇ ਨਾਲੋਂ ਟੁੱਟ ਜਾਂਦੀ ਹੈ, ਓਦੋਂ ਹੀ ਸਿਆਸਤ ਉਹਦੀ ਹੋਂਦ 'ਤੇ ਭਾਰੂ ਹੁੰਦੀ ਹੈ।

ਸਾਡੇ ਸੂਫ਼ੀਆਂ ਨੇ, ਗੁਰੂਆਂ ਨੇ, ਆਜ਼ਾਦੀ ਦੀ ਜੰਗ ਲੜਣ ਵਾਲਿਆਂ ਨੇ ਤੇ ਵਿਧਾਤਾ ਸਿੰਘ 'ਤੀਰ' ਵਰਗੇ ਸਾਡੇ ਕਵੀਆਂ ਨੇ ਦੋਂਹ ਅੱਖਾਂ ਵਾਲਾ ਅਜਿਹਾ ਪਿਆਰ ਦੇਸ ਤੇ ਧਰਮ ਨੂੰ ਇਕੋ ਵੇਲੇ ਸਹਿਜ ਹੀ ਕੀਤਾ ਸੀ...

# ਮੇਰੇ ਪਿੱਛੋਂ ਛਪਣਯੋਗ

*-ਵਿਧਾਤਾ ਸਿੰਘ ਤੀਰ*

ਮੈਂ ਅੱਜ 13.3.67 ਵਾਲੇ ਦਿਨ, ਚੰਗਾ ਭਲਾ ਅਤੇ ਤੰਦਰੁਸਤ ਹੁੰਦਿਆਂ, ਇਹ ਸਤਰਾਂ ਲਿਖ ਰਿਹਾ ਹਾਂ ਅਤੇ ਮੇਰੀ ਇੱਛਾ ਹੈ ਕਿ ਮੇਰੇ ਚਲਾਣੇ ਦੇ ਬਾਅਦ ਇਹ ਪ੍ਰਕਾਸ਼ਿਤ ਕੀਤੀਆਂ ਜਾਣ।

ੳ. ਮੈਂ ਅੰਤਲੇ ਦਮ ਤੀਕ ਆਪਣੀ ਕੌਮ, ਦੇਸ਼, ਸਾਹਿਤ ਅਤੇ ਮਾਤ-ਭਾਸ਼ਾ ਦੀ ਸੇਵਾ-ਪ੍ਰਣ (ਸਾਹਿਤਕ ਸੂਝ ਪ੍ਰਾਪਤ ਕਰਦਿਆਂ ਹੀ) ਲਿਆ ਸੀ ਅਤੇ ਸੱਚੇ ਦਿਲੋਂ ਇਸ ਪ੍ਰਣ ਨੂੰ ਪਾਲਦਾ ਆਇਆ ਹਾਂ ਅਤੇ ਅੰਤਲੇ ਸੁਆਸਾਂ ਤਕ ਪਾਲਣ ਦੀ ਇੱਛਾ ਹੈ। ਰੱਬ ਪੂਰੀ ਕਰੇ !

ਅ. ਮੈਂ ਸਾਹਿਤਕ ਦਿਆਨਤਦਾਰੀ ਨੂੰ ਕਦੇ ਵੀ ਹੱਥੋਂ ਨਹੀਂ ਛੱਡਿਆ। ਸਾਹਿਤਕਾਰਾਂ ਪ੍ਰਤੀ ਸੁਹਿਰਦਤਾ ਮੇਰਾ ਨਿਸ਼ਾਨਾ ਰਿਹਾ ਹੈ। ਇਹ ਮੇਰੇ ਸਾਹਿਤਕਾਰ ਸਾਥੀ ਹੀ ਸਮਝ ਜਾਂ ਦੱਸ ਸਕਦੇ ਹਨ ਕਿ ਇਸ ਪੱਖੋਂ ਮੇਰੀ ਸਮ੍ਰਥਾ ਕਿਤਨੀ ਸਫਲ ਰਹੀ ਹੈ।



ੲ. ਪਰ, ਮੈਂ ਵੇਖਿਆ ਅਤੇ ਅਨੁਭਵ ਕੀਤਾ ਹੈ ਕਿ ਮੇਰੇ ਦੇਸ਼ ਵਿਚ ਦਿਆਨਤਦਾਰ ਸਾਹਿਤਕਾਰ ਜਾਂ ਕਵੀ ਦੀ ਕਦਰ ਨਹੀਂ। ਉਸ ਦੀ ਰਚਨਾ ਦੀ ਕਦਰ, ਸਾਹਿਤ ਦੇ ਪੱਖੋਂ ਨਹੀਂ, ਜੁੰਡਲੀ ਜਾਂ ਪਾਰਟੀ ਦਾ ਧੂਤੂ ਬਣਨ ਕਰਕੇ ਹੁੰਦੀ ਹੈ ਅਤੇ ਮੈਂ ਸਦਾ ਹੀ ਇਸ ਰੁਚੀ ਨੂੰ ਘਿਰਣਾ ਕੀਤੀ ਹੈ।

ਸ. ਮੇਰੇ ਸਮੇਂ ਦੇ ਪੱਖਪਾਤੀ, ਯੂਨੀਵਰਸਿਟੀਆਂ ਦੇ ਕੋਰਸ ਮੁਕੱਰਰ ਕਰਨ ਵਾਲੇ ਚੋਰ ਬਾਜ਼ਾਰੀਏ, ਲਿਹਾਜ਼ਦਾਰ ਅਤੇ ਧੜੇਬਾਜ਼ ਹਨ, ਇਸ ਕਰਕੇ ਕਿਸੇ ਨਿਰਪੱਖ ਲੇਖਕ ਦੀ ਕਦਰ ਏਥੇ ਹੋਣੀ ਅਸੰਭਵ ਹੈ।

ਹ. ਮੈਂ ਵੇਖਿਆ ਹੈ ਕਿ ਮੇਰੇ ਪੰਜਾਬ ਵਿਚ ਪੰਜਾਬੀ ਦੇ ਮਹਾਨ ਕਹਾਉਣ ਵਾਲੇ ਸੰਪਾਦਕ ਅਤੇ ਆਲੋਚਕ ਮੋਇਆਂ ਕਵੀਆਂ, ਲੇਖਕਾਂ ਦੀਆਂ ਰਚਨਾਵਾਂ ਦੀ ਸੰਪਾਦਨਾ ਕਰ ਕੇ ਜਾਂ ਲੰਮੀਆਂ ਭੂਮਿਕਾਵਾਂ ਲਿਖ ਕੇ, ਟਿੱਪਣੀਆਂ ਸਹਿਤ ਛਾਪਦੇ ਜਾਂ ਛਪਵਾਉਂਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਘੋਖ ਘੋਖ ਕੇ ਖ਼ੂਬੀਆਂ ਲੱਭ ਕੇ, ਉਨ੍ਹਾਂ ਦੀ ਸਾਹਿਤਕ, ਸਮਾਜਿਕ, ਇਤਿਹਾਸਕ ਮਹਾਨਤਾ ਦੇ ਗੁਣ ਇਸ ਲਈ ਗਾਉਂਦੇ ਹਨ ਕਿ ਐਸੀਆਂ ਪ੍ਰਕਾਸ਼ਨਾ ਰਾਹੀਂ ਉਨ੍ਹਾਂ ਨੂੰ ਰਾਇਲਟੀ ਰਾਹੀਂ ਰੱਜਵੀਂ ਮਾਇਆ ਮਿਲਦੀ ਹੈ ਪਰ ਜੀਉਂਦੇ ਯੋਗ ਲੇਖਕਾਂ ਦੀ ਰਚਨਾ ਨੂੰ ਉਨ੍ਹਾਂ ਦਾ ਸਲਾਹੁਣਾ ਜਾਂ ਵਿਦਿਅਕ ਕੋਰਸਾਂ ਵਿਚ ਲਾਉਣਾ ਮੁਨਾਫ਼ੇਵੰਦਾ ਨਹੀਂ ਰਹਿੰਦਾ। ਇਸ ਲਈ ਉਹ ਮਾਇਕ ਲਾਭ ਦੇਣ ਵਾਲੇ ਲੇਖਕ ਦੀ ਰਚਨਾ ਨੂੰ ਹੀ ਧੋ-ਮਾਂਜ ਅਤੇ ਸਵਾਰ ਕੇ ਪੇਸ਼ ਕਰਦੇ ਹਨ।

ਕ. ਮੈਂ ਆਪਣੇ ਸਮੇਂ ਦੇ ਰਤ-ਚੂਸ ਪ੍ਰਕਾਸ਼ਕਾਂ, ਆਲੋਚਕਾਂ ਅਤੇ ਵਿਦਿਅਕ ਸੰਸਥਾਵਾਂ ਦੇ ਕੋਰਸ ਲਾਊਆਂ ਨੂੰ ਚੰਮਰੰਗ ਕਹਿੰਦਾ ਹਾਂ। ਕਿਉਂਕਿ ਜਿਵੇਂ ਮੋਏ ਹੋਏ ਪਸ਼ੂ ਦਾ ਚੰਮ ਲਾਹ ਕੇ, ਪੱਕਾ ਰੰਗ ਕੇ, ਚੰਮਰੰਗ ਵੇਚਦੇ ਹਨ ਤਿਵੇਂ ਹੀ ਇਹ ਉਪਰੋਕਤ ਰਤ-ਚੂਸ ਸ਼੍ਰੇਣੀ ਮੋਇਆਂ ਲੇਖਕਾਂ ਦੀ ਆਤਮਾ (ਉਨ੍ਹਾਂ ਦੀ ਸਾਹਿਤ-ਰਚਨਾ) ਨੂੰ ਨਵੇਂ ਰੰਗ ਵਿਚ ਰੰਗ ਕੇ ਵੇਚਦੀ ਅਤੇ ਟਕੇ ਖਰੇ ਕਰਦੀ ਹੈ।

ਖ. ਮੈਨੂੰ ਪਤਾ ਹੈ ਕਿ ਮੇਰੀ ਮੌਤ ਪਿੱਛੋਂ ਵੀ ਇਹ ਚੰਮਰੰਗ ਮੇਰਾ ਚੰਮ ਰੰਗ ਕੇ ਵੇਚਣ ਦੀ ਖ਼ਾਹਿਸ਼ ਕਰਨਗੇ ਪਰ ਮੈਂ ਚਾਹੁੰਦਾ ਹਾਂ ਕਿ ਕੋਈ ਚੰਮਰੰਗ ਐਸਾ ਕਰਨ ਦੀ ਕਿਰਪਾਲਤਾ ਜਾਂ ਖੇਚਲ ਨਾ ਕਰੇ। ਮੈਂ ਆਪਣੀ ਸੰਤਾਨ ਨੂੰ

ਸੁਚੇਤ ਕਰਦਾ ਹਾਂ ਕਿ ਉਹ ਆਪਣੇ ਥੋੜੇ ਜਿਹੇ ਲਾਲਚ ਜਾਂ ਲਾਭ ਲਈ ਇਨ੍ਹਾਂ ਚੰਮਰੰਗਾਂ ਦੇ ਝਾਂਸੇ ਵਿਚ ਨਾ ਆਉਣ ਅਤੇ ਕਿਸੇ ਰੂਪ ਵਿਚ ਵੀ, ਇਨ੍ਹਾਂ ਚੰਮਰੰਗਾਂ ਵਿਚੋਂ ਕੋਈ ਮੇਰੀ ਸੰਤਾਨ ਪਾਸ ਆਵੇ ਤਾਂ ਇਨ੍ਹਾਂ ਨੂੰ ਠੁਕਰਾ ਦਏ। ਇਨ੍ਹਾਂ ਨੂੰ ਮੇਰਾ ਚੰਮ ਰੰਗ ਕੇ ਵੇਚਣ ਦੀ ਆਗਿਆ ਬਿਲਕੁਲ ਨਾ ਦੇਵੇ।

ਗ. ਮੇਰੀ ਪ੍ਰਬਲ ਖ਼ਾਹਿਸ਼ ਹੈ ਕਿ ਕੋਈ ਸਾਹਿਤਕ ਸਭਾ ਮੇਰੇ ਮਰਨ ਉੱਤੇ ਸ਼ੋਕ ਦਾ ਮਤਾ ਪਾਸ ਨਾ ਕਰੇ। ਕੋਈ ਪੱਤਰ ਮੇਰੀ ਮੌਤ-ਖ਼ਬਰ ਕਾਲਾ ਹਾਸ਼ੀਆ ਲਾ ਕੇ ਨਾ ਛਾਪੇ। ਕੋਈ ਭਾਸ਼ਾ ਵਿਭਾਗ, ਮੇਰੇ ਪਰਵਾਰ ਨਾਲ ਰਸਮੀ ਹਮਦਰਦੀ ਨਾ ਕਰੇ। ਰੇਡੀਓ ਤੋਂ ਵੀ ਮੇਰੀ ਮੌਤ ਖ਼ਬਰ ਨਾ ਪ੍ਰਸਾਰਤ ਕੀਤੀ ਜਾਵੇ।

ਘ. ਮੈਂ ਆਪਣੇ ਜਨ-ਸਾਧਾਰਨ ਦੇ ਰੂਪ ਦੇ ਸਰੋਤਿਆਂ ਦਾ ਅਤੇ ਬਹੁਤ ਸਾਰੀਆਂ ਦੇਸ਼-ਭਗਤ ਜਥੇਬੰਦੀਆਂ ਦਾ ਮਰਨ ਬਾਅਦ ਵੀ ਸ਼ੁਕਰ ਗੁਜ਼ਾਰ ਰਹਾਂਗਾ, ਜਿਨ੍ਹਾਂ ਮੇਰੀਆਂ ਲਿਖਤਾਂ ਨੂੰ ਸਤਿਕਾਰਿਆ ਤੇ ਮੇਰੀ ਕਦਰ ਕੀਤੀ ਹੈ, ਜਿਨ੍ਹਾਂ ਮੈਨੂੰ ਪੂਰਨ ਸੰਤੁਸ਼ਟਤਾ ਬਖ਼ਸ਼ੀ ਹੈ, ਜਿਨ੍ਹਾਂ ਮੇਰੀ ਹਰ ਤਰ੍ਹਾਂ ਦੀ ਲੋੜ ਅਤੇ ਭੁੱਖ ਪੂਰੀ ਕੀਤੀ ਹੈ। ਮੈਨੂੰ ਯਕੀਨ ਹੈ, ਜਿੰਨਾ ਚਿਰ ਮੇਰੇ ਇਹ ਸੁਹਿਰਦ ਰਸੀਏ-ਸਰੋਤੇ ਸੰਸਾਰ 'ਤੇ ਰਹਿਣਗੇ, 'ਤੀਰ' ਨੂੰ ਵੀ ਜ਼ਿੰਦਾ ਰੱਖਣਗੇ। ਕਵੀ ਦੀ ਕਦਰਦਾਨੀ ਪ੍ਰਤਾਪ ਸਿੰਘ ਕੈਰੋਂ ਨਾਲ ਮਰ ਗਈ (ਇਹ ਮੇਰਾ ਖ਼ਿਆਲ ਹੈ)।

ਙ. ਮੈਂ ਆਪਣੇ 'ਬਲੱਗਣ' ਵੀਰ ਦਾ, ਜੋ ਮੇਰਾ ਕਰਤਾਰ ਵੀ ਹੈ, ਸਲਾਹਕਾਰ ਵੀ ਹੈ, ਸਭ ਰੂਪਾਂ ਦਾ ਰਿਸ਼ਤੇਦਾਰ ਵੀ—ਸ਼ੁਕਰਗੁਜ਼ਾਰ ਹਾਂ। ਜਿਸ ਨੂੰ ਝੱਖੜ ਡੁਲਾ ਨਹੀਂ ਸਕੇ। ਜਿਸ ਤੋਂ ਮੈਂ ਨਹੀਂ ਟੁੱਟ ਸਕਿਆ, ਜੋ ਮੇਰੇ ਤੋਂ ਨਹੀਂ ਟੁੱਟ ਸਕਿਆ। ਇਸ ਦੀ ਮਿੱਤਰਤਾ ਮੈਨੂੰ ਦਰਗਾਹ ਵਿਚ ਪਹੁੰਚ ਕੇ ਵੀ ਨਹੀਂ ਭੁੱਲੇਗੀ।

ਚ. ਮੇਰੇ ਬੱਚੇ (ਸਾਹਿਤਕ ਪੁੱਤਰ—ਸ਼ਗਿਰਦ) ਜੀਵਨ ਪ੍ਰਫੁੱਲਤ ਹੋਣ, ਨਾਮਨੇ ਖੱਟ ਕੇ—'ਸਾਬਰ', 'ਦਰਦੀ', 'ਉਲਫ਼ਤ', 'ਤੇਜ', 'ਕੁੰਦਨ', 'ਮਾਨ', 'ਮਾਹੀਆ' ਆਦਿ ਲਈ ਮੇਰੀ ਅਰਦਾਸ ਹੈ ਕਿ ਰੱਬ ਇਨ੍ਹਾਂ ਨੂੰ ਸਾਹਿਤਕ ਸੂਝ ਬਖਸ਼ੇ, ਸੁਮੱਤ ਦਏ ਅਤੇ ਇਨ੍ਹਾਂ ਮੇਰੇ ਬੇਟਿਆਂ ਦਾ ਸਦਕਾ, ਮੇਰੇ ਹੁਣ ਦੇ ਅਤੇ ਆਉਣ ਵਾਲੇ ਮੇਰੀ ਧਰਤੀ ਦੇ ਕਵੀ, ਆਪਣੇ ਫ਼ਰਜ਼ ਨੂੰ ਪਛਾਣਨ।

ਛ. ਅੰਤ ਵਿਚ, ਮੇਰੀ ਇਹ ਇੱਛਾ ਹੈ ਕਿ ਮੇਰੀ ਅਰਥੀ ਇਸ ਤਰ੍ਹਾਂ ਬਣੇ—ਮੈਂ ਨਾਨਕ ਦੇ ਦਸਾਂ ਰੂਪਾਂ ਅਤੇ ਇਕ ਜੋਤ ਦਾ ਪੁਜਾਰੀ ਹਾਂ। ਮੈਨੂੰ ਕੇਸਰੀ ਕੱਫ਼ਨ ਵਿਚ ਲਪੇਟਿਆ ਜਾਵੇ ਅਤੇ ਕਿਉਂਕਿ ਵਤਨ-ਪੂਜ ਕਵੀ ਹਾਂ, ਇਸ ਲਈ ਮੇਰੇ ਮ੍ਰਿਤਕ ਸਰੀਰ ਉੱਤੇ ਸ਼ੁੱਧ ਖੱਦਰ ਦਾ ਤਿੰਨ ਰੰਗਾ ਚਾਦਰਾ ਪਾ ਕੇ, ਮਸਾਣ ਘਾਟ ਵਿਚ ਮੇਰੀ ਦੇਹ ਲਿਜਾਈ ਜਾਵੇ।

ਮੇਰੀ ਅਰਥੀ ਨਾਲ ਜਨ-ਸਾਧਾਰਣ ਜਾਣ, ਸੰਬੰਧੀ ਜਾਣ ਪਰ ਕੋਈ ਆਲੋਚਕ ਨਾ ਜਾਵੇ। ਮੇਰੀ ਚਿਖਾ ਨੂੰ ਲਾਂਬੂ ਲਾਉਣ ਤੋਂ ਪਹਿਲਾਂ ਅਤੇ ਅਰਦਾਸ ਤੋਂ ਉਪਰੰਤ ਕੋਈ ਦਰਦੀ ਦਿਲ ਗਾ ਕੇ ਪੜ੍ਹ ਦਏ—

ਮੰਗਾਂ ਰੋਜ਼ ਮੁਰਾਦ ਮੈਂ ਰੱਬ ਕੋਲੋਂ, ਮੇਰੇ ਦਿਲ ਦਾ ਇਉਂ ਅਰਮਾਨ ਨਿਕਲੇ।
ਜਿਹੜੇ ਵਤਨ ਵਿਚ ਜੰਮਿਆ ਪਲਿਆ ਮੈਂ, ਓਸੇ ਵਿਚ ਹੀ ਮੇਰਾ ਬਬਾਣ ਨਿਕਲੇ।

ਵੱਟਾਂ ਲੱਖ ਜੇਕਰ ਪਿਆਰੇ ਵਤਨ ਖ਼ਾਤਰ, ਮੇਰੀ ਮੌਤ ਆਵੇ ਮੇਰੀ ਜਾਨ ਨਿਕਲੇ।
ਮੇਰੀ ਮਰੀ ਹੋਈ ਲਾਸ਼ ਦੇ ਮੂੰਹ 'ਚੋਂ ਵੀ, ਵਾਰ ਵਾਰ ਪਿਆ ਹਿੰਦੁਸਤਾਨ ਨਿਕਲੇ।

ਵਤਨ ਵਾਸੀਓ ! 'ਤੀਰ' ਨੂੰ ਰਹਿਮ ਕਰਕੇ, ਮਰਨ ਬਾਅਦ ਇਹ ਕੀਮਤੀ ਭੇਟ ਦੇਣਾ।
ਕਹਿ ਕੇ ਮਾਂ ਪੰਜਾਬੀ ਦੀ ਜੈ ਮੂੰਹੋਂ, 'ਤੀਰ' ਕਵੀ ਦੀ ਕਥਾ ਸਮੇਟ ਦੇਣਾ।

ਦਸਤਖ਼ਤ/ਵਿਧਾਤਾ ਸਿੰਘ ਤੀਰ
(ਸ਼ਾਮ ਦੇ ਚਾਰ ਵਜੇ)
12.3.1967

◆

# ਭਾਸ਼ਾ ਦੀ ਜੰਤ੍ਰਿਕ ਵਰਤੋਂ

*ਸੁਰਜੀਤ ਹਾਂਸ*

ਆਪਾਂ ਮਾਮੂਲੀ ਉਦਾਹਰਣ ਤੋਂ ਸ਼ੁਰੂ ਕਰਦੇ ਹਾਂ। ਮੀਂਹ ਦੀ ਗੱਲ ਹੈ। ਪੰਜਾਬੀ, ਰੂਸੀ ਅਤੇ ਅੰਗਰੇਜ਼ੀ 'ਚ ਕਹਿੰਦੇ ਹਾਂ:

1. ਮੀਂਹ ਪੈਂਦਾ
2. ਇਦਔਤ ਦੌਜ਼ਧ (ਜਾਂਦਾ ਮੀਂਹ)
3. ਇਟ ਰੇਨਜ਼ (...ਮੀਂਹਦਾ)

ਪ੍ਰਤੱਖ ਹੈ ਕਿ ਸਾਂਝ ਦੇ ਬਾਵਜੂਦ ਇਨ੍ਹਾਂ ਵਾਕਾਂ ਦੀ ਬੜੀ ਭਿੰਨਤਾ ਹੈ। ਜੇ ਸਾਡੇ ਮੀਂਹ 'ਪੈਂਦਾ' ਹੈ ਤਾਂ ਰੂਸੀਆਂ ਦੇ 'ਜਾਂਦਾ' ਕਿਉਂ ਹੈ। ਸਾਡੇ 'ਮੀਂਹ' ਪਹਿਲਾਂ ਤੇ 'ਪੈਂਦਾ' ਮਗਰੋਂ ਹੈ; ਰੂਸ 'ਚ ਇਹ 'ਜਾਂਦਾ ਪਹਿਲਾਂ' ਅਤੇ ਪਿੱਛੇ 'ਮੀਂਹ' ਹੈ। ਅੰਗਰੇਜ਼ੀ ਵਿਚ ਮੀਂਹਦਾ ਕਿਰਿਆ ਹੈ ਜਿਸ ਲਈ ਫ਼ਰਜ਼ੀ ਕਰਤਾ 'ਇਟ' ਲਾਉਣਾ ਪਿਆ ਹੈ। ਇਕ ਤਰੀਕੇ ਨਾਲ ਵਕਤ ਆਪਣੀ ਭਾਸ਼ਾ ਦਾ ਕੈਦੀ ਹੈ। ਦੁਭਾਸ਼ੀ ਬੰਦੇ ਦੀ ਰਤਾ ਸੁਤੰਤਰਤਾ ਹੁੰਦੀ ਹੈ।

ਦੂਸਰੀ ਚੀਜ਼ ਹੈ ਕਿ ਭਾਸ਼ਾ ਕਿਸੇ ਬਾਹਰੀ—ਪ੍ਰਕਿਰਤਕ ਜਾਂ ਅੰਤਰੀ—ਮਾਨਸਿਕ ਯਥਾਰਥ ਦਾ ਅਨੁਕਰਨ ਨਹੀਂ ਸਗੋਂ ਦੋਹਾਂ ਦਾ ਸੁਮੇਲ ਹੈ। ਭਾਸ਼ਾ ਦਾ ਮਨੋਰਥ ਮਾਨਵ ਸਮੂਹ ਦਾ ਅਤਿ ਜੀਵ (survival) ਹੈ, ਨਾ ਕਿ ਪ੍ਰਕਿਰਤੀ ਦੇ ਵਿਸ਼ੁੱਧ ਵਰਨਣ ਦਾ।

ਅਸੀਂ ਭਾਸ਼ਾ ਨੂੰ ਜੰਤ੍ਰ ਵਾਂਗੂੰ ਵਰਤਦੇ ਹਾਂ। ਸਾਨੂੰ ਕਿਸੇ ਵਿਸ਼ੁੱਧ ਵਰਨਣ ਦਾ ਖ਼ਿਆਲ ਤੱਕ ਨਹੀਂ ਹੁੰਦਾ। ਮੇਰਾ ਬਚਪਨਾ ਪਿੰਡ ਦਾ ਹੈ। ਗ੍ਰਾਮੀਨ ਸ਼ਬਦਾਵਲੀ ਸ਼ਹਿਰੀ ਬੋਲ ਚਾਲ ਨਾਲੋਂ ਵਧੇਰੇ ਅਮੀਰ ਤੇ ਪ੍ਰਾਚੀਨ ਹੁੰਦੀ ਹੈ। ਅਸੀਂ ਛੋਟੇ ਹੁੰਦਿਆਂ ਕਿਸੇ ਨੂੰ ਖ਼ੁਸ਼ ਕਰਨ ਲਈ ਕਹਿੰਦੇ ਹੁੰਦੇ ਸੀ—ਸੁਣਾ ਪੱਟੂਆ ਕੀ ਹਾਲ ਐ ? ਅਸੀਂ 'ਪੱਟੂ' ਨੂੰ ਕਿਸੇ ਨੂੰ ਪੱਟਣ ਵਾਲਾ ਸਮਝਦੇ ਸੀ। ਸੰਸਕ੍ਰਿਤ ਵਿਚ 'ਪੱਟੂ' ਚਤੁਰ, ਹੁਸ਼ਿਆਰ ਹੈ। ਇਸੇ ਤਰ੍ਹਾਂ ਪਤਲੇ ਸਰੀਰ ਦਾ ਮਨੋਹਰ ਬੰਦਾ ਹੁੰਦਾ ਤਾਂ 'ਸ਼ੂਕਾ' ਕੁਨਾਓਂ ਧਰਵਾ ਲੈਂਦਾ। ਕਿਸੇ ਸਮੇਂ ਗੁਰੂ ਨਾਨਕ ਯੂਨੀਵਰਸਿਟੀ ਦੇ ਡਿਪਟੀ ਰਜਿਸਟਰਾਰ ਨੂੰ ਕਹਿੰਦੇ ਹੀ 'ਸ਼ੂਕਾ' ਸੀ। 'ਸ਼ੂਕਾ' ਦਾ ਮਤਲਬ ਹੈ—ਤੋਤਾ। ਕਿਸੇ ਕਿਸੇ ਦਾ ਨਾਉਂ ਵੀ 'ਸ਼ੁਕਦੇਵ' ਹੁੰਦਾ ਹੈ।

ਕਈ ਦਾ ਨਾਉਂ 'ਰਤਿ ਰਾਮ' ਹੁੰਦਾ। 'ਰਤਿ' Eros ਨੂੰ ਕਹਿੰਦੇ ਹਨ; ਕਾਮਦੇਵ ਦੇ ਘਰੋਂ। ਪਰ ਆਮ ਕਰਕੇ 'ਰਤਿ ਰਾਮ' ਤੋਲੇ ਮਾਸ਼ੇ ਵਾਲਾ ਰੱਤੀ ਰਾਮ ਹੀ ਬਣਿਆ ਰਹਿੰਦਾ ਹੈ।

ਜੇ ਕਿਸੇ ਦੀ ਮਾੜੇ ਚੰਗੇ ਕੰਮ ਵਿਚ ਪੈਂਠ ਬਣ ਜਾਵੇ ਤਾਂ ਅਸੀਂ ਤਲਖ਼ੀ ਨਾਲ ਕਹਿੰਦੇ ਹਾਂ—ਉਹਦਾ 'ਫ਼ੌਹ' ਅਰਬੀ ਲਫ਼ਜ਼ ਹੈ, ਮਤਲਬ ਮੂੰਹ, ਜਿਵੇਂ ਮੂੰਹ ਪੈ ਗਿਆ ਕਹਿੰਦੇ ਹਾਂ ਪਰ ਫ਼ੌਹ ਮੂੰਹ ਤੋਂ ਜ਼ਿਆਦਾ ਗਹਿ ਗੱਡਵਾਂ ਹੈ। ਫੇਰ 'ਫ਼ੌਹ' ਦਾ ਬਹੁਵਚਨ ਅਫ਼ਵਾਹ ਹੈ। ਕੋਈ 'ਅਫ਼ਵਾਹ' ਨੂੰ ਪੜ੍ਹਿਆਂ-ਲਿਖਿਆਂ ਦਾ ਲਫ਼ਜ਼ ਸਮਝਦੇ ਹਨ, ਸ਼ਾਇਦ 'ਫ਼ੌਹ' ਨੂੰ ਗ੍ਰਾਮੀਣ ਕਹਿਣ। ਭਾਸ਼ਾ ਵਿਭਾਗ ਦੇ 'ਪੰਜਾਬੀ ਕੋਸ਼' ਵਿਚ 'ਫ਼ੌਹ' ਫਾਹੁਣ ਨਾਲ ਤੁਅਲਕ ਰੱਖਦਾ ਹੈ। ਜੇ ਕਿਤੇ 'ਫ਼ੌਹ' ਦੇ ਠੀਕ ਅਰਥ ਦਾ ਪਤਾ ਹੁੰਦਾ ਤਾਂ ਨਾਲ ਹੀ 'ਜਟਕੀ' ਲਿਖ ਹੋ ਜਾਂਦਾ ਸੀ।

ਬੰਦੇ ਰੋਜ਼ ਸਵੇਰ ਸਾਰ ਚਾਹ ਨਾਲ ਰਸ ਖਾਂਦੇ ਹਨ। ਪਰ ਇਹ ਰਸ ਕਿਸੇ ਰਸਾਇਣ ਦਾ ਹਿੱਸਾ ਨਹੀਂ ਸਗੋਂ ਅੰਗਰੇਜ਼ੀ rusk ਹੈ। ਅਮਰੀਕਾ ਦਾ ਸੈਕਟਰੀ ਆਫ਼ ਸਟੇਟ Dean Rusk ਹੁੰਦਾ ਸੀ। 'ਸਲੀਬ' ਦੇ ਅਰਥ ਹਨ ਰਾਹ, ਤਰੀਕਾ। ਅਸੀਂ ਮੁਸ਼ਕਿਲ 'ਚੋਂ ਨਿਕਲਣ ਲਈ ਸੋਚਦੇ ਕਰਦੇ ਇਕ ਦੂਸਰੇ ਨੂੰ ਕਹਿੰਦੇ ਹਾਂ ਕਿ ਕੋਈ ਸਲੀਬ

ਕੱਢੋ। ਇਹ ਅਰਬੀ ਲਫ਼ਜ਼ ਹੈ ਜਿਸ ਦਾ ਇਕ ਹੋਰ ਮਤਲਬ ਹੈ। ਮਹਾਨ ਕੋਸ਼ ਅਨੁਸਾਰ 'ਉਹ ਪਉ ਜੋ ਮੁਹੱਰਮ ਦੇ ਪਹਿਲੇ ਦਸ ਦਿਨਾਂ ਵਿਚ ਪਿਆਸਿਆਂ ਲਈ ਲਾਇਆ ਜਾਵੇ'। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਵਸ 'ਤੇ ਲਾਈ ਛਬੀਲ 'ਤੇ ਕਿੰਨੇ ਸ਼ਰਧਾਲੂ ਸਮਝਦੇ ਹਨ ਕਿ ਇਹ ਤਾਂ ਸਬੀਲ 'ਤੇ ਲਾਈ ਛਬੀਲ ਹੈ ?

ਅਸੀਂ ਕਹਿੰਦੇ ਹਾਂ ਕਿ ਫਲਾਨੇ ਨੇ ਮੇਰਾ 'ਵਾਹਨ' ਕਰ ਦਿੱਤਾ। ਏਸ 'ਵਾਹਨ' ਕਰ ਦਿੱਤਾ। ਏਸ 'ਵਾਹਨ' ਦਾ ਹਲ ਵਾਹੁਣ ਨਾਲ ਕੋਈ ਤੁਅਲਕ ਨਹੀਂ, ਨਾ ਹੀ ਕਿਸੇ ਗੱਡੀ ਛਕੜੇ ਨਾਲ। ਪਰ ਇਹ ਹੈ ਕੀ ?

ਮੋਨੀਅਰ ਵਿਲੀਅਮਜ਼ ਦੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਅਨੁਸਾਰ 'ਵਾਹਨ' ਦਾ ਮਤਲਬ ਹੈ : the act of makin an effort.

ਲਿਖਦਿਆਂ ਲਿਖਦਿਆਂ ਖ਼ਿਆਲ ਆਇਆ ਕਿ 'ਕੜੱਲ' ਵੀ 'ਪੰਜਾਬੀ ਕੋਸ਼', 'ਮਹਾਨ ਕੋਸ਼' ਵਿਚ ਲਵਾਂ। ਪਰ ਦੋਵਾਂ 'ਚ ਹੈ ਨਹੀਂ। 'ਕੜੱਲ ਕੱਢਣ' ਦਾ ਮਤਲਬ ਹੈ ਕਿ ਸਿਰੇ ਦੀ ਥਕਾਵਟ ਦੇ ਬਾਵਜੂਦ ਕਸਰਤ ਕਰੀ ਜਾਣੀ ਤਾਂ ਕਈ ਵਾਰ ਬੰਦੇ ਆਪੇ ਹੀ ਫੋਰੇ 'ਚ ਤਾਜ਼ਾ ਦਮ ਹੋ ਜਾਂਦਾ ਹੈ।

ਮੱਝ ਲਵਾਉਣਾ ਜਾਈਦਾ ਹੈ। ਮਾਲੀ ਨੂੰ 'ਅਰਰੇ' ਕਹੀ ਦਾ ਹੈ। ਸੰਸਕ੍ਰਿਤ ਕੋਸ਼ ਅਨੁਸਾਰ 'ਅਰਰੇ' vocate particle expressing haste ਹੈ। ਮੈਨੂੰ ਕਈ ਵਾਰ ਕਹਿਣਾ ਪਿਆ ਹੈ ਕਿ ਤੁਸੀਂ ਸਾਡੀ ਸ਼ਬਦਾਵਲੀ ਨੂੰ ਜਟਕੀ ਪਰਖਦੇ ਹੋ ਪਰ ਅਸੀਂ ਤਾਂ ਸੰਢੇ ਨੂੰ ਵੀ ਸੰਸਕ੍ਰਿਤ ਵਿਚ ਇਸ਼ਤਿਆਲ ਦਿੰਦੇ ਹਾਂ।

'ਯੁਭ' ਤਾਂ 'ਅਰਰੇ' ਨਾਲੋਂ ਵੀ ਅੱਗੇ ਲੰਘ ਗਿਆ। ਮਹਾਨ ਕੋਸ਼ ਵੇਖੋ, ਇਹ ਹੈ 'ਮੈਥੁਨ ਕਰਨਾ' (ਇਸਤਰੀ ਸੰਗਮ ਕਰਨਾ)। ਪਰ ਅਸੀਂ ਹਮੇਸ਼ਾ ਯਭ ਪਾਈ ਰੱਖਦੇ ਹਾਂ। ਕਈਆਂ ਨੂੰ ਯੱਭਲ ਕਹਿੰਦੇ ਹਾਂ। ਸਿਰੇ ਦਾ ਯੱਭਲ-ਯੂ ਹੁੰਦਾ ਹੈ। ਇਹੀ ਹਾਲ ਅੰਗਰੇਜ਼ੀ ਲਫ਼ਜ fuck ਦਾ ਹੈ ਜਿਹੜਾ ਯਭ ਵਾਂਗੂੰ ਆਪਣੇ ਅਸਲੀ ਅਰਥ ਗੁਆ ਬੈਠਾ ਹੈ।

ਵਲਾਇਤ 'ਚ ਸਾਡੀ ਕਿਸੇ ਪਰਵਾਸੀ ਔਰਤ ਦੇ ਘਰ ਚੋਰ ਆ ਗਿਆ। ਉੱਤੋਂ ਸਾਡੀ ਮਾਲਕਣ ਆ ਗਈ। ਧਮਕੀ ਦਿੰਦੀ ਕਹਿੰਦੀ—'ਫਕਨਿਆਂ, ਫਕਨਿਆਂ, ਫੱਕ ਜਾ, ਨਹੀਂ ਮੈਂ ਤੈਨੂੰ ਫੱਕ ਦੇਊਂਗੀ'। ਇਸੇ ਕਰਕੇ ਫਰਾਂਸੀਸੀ ਵਲਾਇਤ ਨੂੰ 'ਫਕਨਿਆਂ ਦਾ ਦੇਸ਼' ਕਹਿੰਦੇ ਹਨ।

ਅਸੀਂ 'ਬਰਾਜੋ' ਸ਼ਬਦ ਬਿਨਾਂ ਸਮਝਣ ਤੋਂ ਵਰਤੀ ਜਾਂਦੇ ਹਾਂ। 'ਰਾਜ' ਮਹਿਨੇ ਹੈ 'ਚਮਕਣਾ'। ਕਿਸੇ ਕਿਸੇ ਦਾ ਨਾਉਂ ਵਿਰਾਜ ਵੀ ਹੁੰਦਾ ਹੈ। 'ਬਰਾਜਮਾਨ' ਦੇ ਅਰਥ 'ਬੈਠੇ' ਨਹੀਂ, ਸਗੋਂ ਚਮਕ ਰਹੇ ਹਨ। ਸੂਰਜ ਪ੍ਰਕਾਸ਼ ਪੰਨੇ 1647-50 ਵਿਚ ਪ੍ਰਸਿੱਧ 'ਗੁਰੂ ਰਾਮ ਦਾਸ ਸਤੋਤ੍ਰ' ਹੈ ਜਿਸਦੇ ਹਰ ਬੰਦ ਦੇ ਅੰਤ ਵਿਚ 'ਰਾਜਤਿ ਸਤਿਗੁਰ ਰਾਮ' ਆਉਂਦਾ ਹੈ।

ਕਹਿੰਦੇ ਧਾਰੀਵਾਲ ਮਿਸ਼ਨ ਸਕੂਲ ਵਿਚ ਅੰਗਰੇਜ਼ੀ ਮੇਮ ਪੜ੍ਹਾਉਣ ਆਈ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਈ ਦਿਨ ਦਾਅਵਤਾਂ ਹੁੰਦੀਆਂ ਰਹੀਆਂ। ਜਿਥੇ ਜਾਵੇ, ਸਾਰੇ ਕਹਿਣ 'ਤਸ਼ਰੀਫ਼' ਰੱਖੋ। ਦੋ ਚਾਰ ਦਿਨ ਲੰਘੇ ਤਾਂ ਮੇਮ ਨੇ ਵਿਦਿਆਰਥੀਆਂ ਨੂੰ ਘਰ ਜਾ ਕੇ ਕਰਨ ਲਈ ਕੰਮ ਦਿੱਤਾ। ਉਹਨੇ ਨਾਲ ਹੀ ਬੱਚਿਆਂ ਨੂੰ ਚਿਤਾਵਨੀ ਦਿੱਤੀ—ਜੇ ਘਰ ਦਾ ਕੰਮ ਨਾ ਕੀਤਾ ਤਾਂ 'ਤਸ਼ਰੀਫ਼' 'ਤੇ ਡੰਡੇ ਲੱਗਣਗੇ। ਉਹ ਜੋ ਹਰ ਘਰ ਠੀਕ ਹੀ 'ਤਸ਼ਰੀਫ਼' ਰੱਖਦੀ ਆਈ ਸੀ।

ਮੇਰੇ ਦੋ-ਤਿੰਨ ਸ਼ਬਦਾਂ ਬਾਰੇ ਸਵਾਲ ਹਨ ? ਮੇਰੀ ਚਾਚੀ ਨੇ ਕਹਿਣਾ—ਦਿੰਦੀ ਹਾਂ ਤੈਨੂੰ ਧਨੇਸੜੀ। ਇਹ ਕੋਈ ਧਮਕੀ ਸੀ ਜਿਸ ਵਿਚ ਸ਼ਾਇਦ ਕੁੱਟ-ਮਾਰ ਵੀ ਸ਼ਾਮਿਲ ਹੋਵੇ। ਉਹਦੇ ਕੋਲੋਂ ਕੋਈ ਖਾਣ ਵਾਲੀ ਚੀਜ਼ ਮੰਗਣੀ, ਜੇ ਉਹਦੀ ਸਲਾਹ ਨਾ ਹੋਣੀ ਤਾਂ ਉਹਨੇ ਕਹਿਣਾ—ਦਿੰਦੀ ਹਾਂ ਤੈਨੂੰ ਨੱਬ। ਇਸੇ ਤਰ੍ਹਾਂ 'ਬੈਠ ਮੋਠਾਂ ਦੀ ਛਾਵੇਂ' ਦੀ ਸਮਝ ਨਹੀਂ। ਇਹ ਮੁਹਾਵਰਾ ਉਦੋਂ ਵਰਤੀ ਦਾ ਹੈ, ਜਦੋਂ ਕਿਸੇ ਨੇ ਕੋਈ ਅਸਫ਼ਲ ਕੋਸ਼ਿਸ਼ ਕੀਤੀ ਹੋਵੇ। ਮੇਰੇ ਖ਼ਿਆਲ ਨਹੀਂ ਜੇ ਮੋਠ ਦੇ ਪੱਤੇ ਮੂੰਗੀ ਮਸਰ ਨਾਲੋਂ ਬਰੀਕ ਹੋਣ। ਇਹ 'ਮੋਠ' ਸ਼ਾਇਦ 'ਮੋਠੂ' ਵਾਲਾ ਹੈ। 'ਮੋਠੂ' ਬਾਂਦਰ ਦਾ ਨਾਉਂ ਹੁੰਦੈ, ਜਿਵੇਂ ਕੁੱਤੇ ਨੂੰ ਅਕਸਰ ਮੋਤੀ ਕਹਿੰਦੇ ਹਨ—'ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰਾ ਨਾਂਉ' (ਸਲੋਕ 74, ਪੰ. 1368)। ਮੁਠਣ, ਮੋਠਣਾ ਤਾਂ ਠੱਗਣਾ ਹੈ। ਮੋਠਾਂ ਦੀ ਛਾਵੇਂ, ਦਾਲ ਵਾਲੀ ਨਹੀਂ, 'ਠੱਗਾਂ ਦੀ ਛਾਂ' ਪ੍ਰਤੀਤ ਹੁੰਦੀ ਹੈ।

ਭਾਸ਼ਾ ਦੇ ਯਥਾਰਥ—ਪਰਾਇਨ ਨਹੀਂ। ਹਕੀਮ ਅਰਸਤੂ ਦੀ ਏਹੀ ਗ਼ਲਤੀ ਸੀ। ਉਹਨੇ ਭਾਸ਼ਾਈ ਵਰਗਾਂ categories ਨੂੰ ਦਰਸ਼ਨ ਦੇ ਵਰਗ ਬਣਾ ਦਿੱਤਾ। ਕਿਸੇ ਸ਼ਬਦ ਤੋਂ ਯਥਾਰਥ ਦਾ ਅਨੁਮਾਨ ਲਾਉਣਾ ਠੀਕ ਨਹੀਂ। ਦਰਸ਼ਨ ਦੀ ਪ੍ਰਸਿੱਧ ਗਲਤੀ ਕਈ ਯੁਗ ਚੱਲਦੀ ਰਹੀ ਜਦੋਂ ਪੂਰਨਤਾ ਦੇ ਵਿਕਲਪ (concept) ਤੋਂ ਰੱਬ ਦੀ ਹੋਂਦ ਦਾ ਨਤੀਜਾ ਕੱਢਿਆ ਜਾਂਦਾ ਰਿਹਾ। ਦਲੀਲ ਸੀ ਕਿ ਪੂਰਨਤਾ ਦਾ ਅਵੱਸ਼ ਗੁਣ ਹੋਂਦ ਹੈ। ਇਸ ਕਰਕੇ ਕਿਸੇ ਪੂਰਨ ਆਕਾਰ ਦਾ ਥੀਣਾ ਵੀ ਜ਼ਰੂਰੀ ਹੈ। ਦਲੀਲ ਦੀ ਕਮਜ਼ੋਰੀ ਇਹ ਹੈ ਕਿ ਵਿਸ਼ੇਸ਼ਣ ਪੂਰਨ ਦਾ ਗੁਣ (quality) ਨਾਲ ਸੰਬੰਧ ਹੈ, ਭਾਵ ਨਾਲ ਨਹੀਂ।

ਭਾਸ਼ਾ ਦੇ ਯਥਾਰਥ-ਪਰਾਇਨ ਨਾ ਹੋਣ ਦੇ ਕਈ ਫਾਇਦੇ ਹਨ। ਇਹਦੇ ਨਾਲ ਭਾਸ਼ਾਈ ਪਰਿਵਰਤਨ ਸੰਭਵ ਹੋ ਜਾਂਦਾ ਹੈ। ਅੱਜ ਨਿੱਤ ਦਾ ਮਤਲਬ ਪ੍ਰਤਿਦਿਨ ਹੈ; ਇਹਦਾ ਮੁੱਢਲਾ ਅਰਥ ਸਦੀਵੀ ਹੈ ਜਿਵੇਂ—ਦੇਹ ਅਨਿੱਤ ਦਾ ਨਿੱਤ ਰਹੇ, ਯਸ਼ ਨਾਵ ਚੜ੍ਹੇ ਭਵ ਸਾਗਰ ਤਾਰੇ। ਦਿਲਚਸਪ ਗੱਲ ਹੈ ਕਿ ਅਸੀਂ ਅੱਜ ਕੱਲ੍ਹ ਨਿੱਤ ਸ਼ਬਦ ਦੇ ਮੁੱਢਲੇ ਅਤੇ ਬਦਲੇ, ਦੋਵੇਂ ਅਰਥਾਂ ਤੋਂ ਗਿਆਤ ਹਾਂ। ਕਈ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਮੂਲ ਅਰਥ ਬ੍ਰਜ ਦੇ ਗਿਆਤਾ ਦੀ ਜਾਣਦੇ ਹਨ।

'ਉਦਾਤ' ਕੋਈ ਪੰਜਾਹ ਕੁ ਸਾਲਾਂ ਤੋਂ sublime ਹੋ ਗਿਆ ਹੈ। ਮਹਾਨ ਕੋਸ਼ ਅਨੁਸਾਰ ਇਹਦੇ ਅਰਥ ਹਨ : 1. ਉੱਚੇ ਸੁਰ ਵਾਲਾ ਉਚਾਰਣ ਕੀਤਾ ਅੱਖਰ; 2. ਵੱਡਾ ਬਾਜਾ; 3. ਉੱਚਾ ਸੁਰ; 4. ਇਕ ਅਰਥਾਲੰਕਾਰ; 5. ਉਦਾਰ, ਦਾਤਾ; 6. ਉੱਚਾ; 7. ਅੱਛਾ; 8. ਚਮਕਣ ਵਾਲਾ।

'ਵਿਡੰਬਨਾ' ਸ਼ਬਦ ਦਾ ਨਵਾਂ ਨਵਾਂ ਪ੍ਰਵੇਸ਼ ਹੋਇਆ ਹੈ ਜਾਂ ਹੋ ਰਿਹਾ ਹੈ। ਬਾਣੀ ਵਿਚ ਇਹ ਵਿਡਾਣ, ਵਿਡਾਣਾ, ਵਿਡਾਣੀ, ਵਿਡਾਣੁ, ਬਿਡਾਣ ਹੈ। ਇਹਦੇ ਅਰਥ ਹਨ : 1. ਆਡੰਬਰ, 2. ਨਕਲ ਸਵਾਂਗ, 3. ਬਦਨਾਮੀ, 4. ਉਪਹਾਸ, 5. ਧੋਖਾ ਦੇਣ ਦੀ ਕਿਯਾ—ਆਸ ਬਿਡਾਣੀ ਲਾਹੀ, 6. ਸੰਪ੍ਰਦਾਈ ਗਯਾਨੀ ਬਿਡਾਣ ਦਾ ਅਰਥ ਹੈਰਾਨੀ ਅਤੇ ਓਪਰਾ ਭੀ ਕਰਦੇ ਹਨ। ਯਾਦ ਰਹੇ ਉਪਰੋਕਤ ਵਿਚ ਅਜੋਕਾ ਬਿਰਤਾਂਤਕ ਵਿਅੰਗ ਨਹੀਂ ਆਇਆ।

'ਅਨੁਭਵ' ਅਜੋਕਾ ਤਜਰਬਾ experience ਨਹੀਂ ਸੀ। ਇਸ ਬਿਨਾਂ ਸੰਸਕਾਰ ਉਤਪੰਨ ਹੋਇਆ ਗਯਾਨ 2. ਪ੍ਰਤੱਖ 3. ਬਿਨਾਂ ਸੰਸੇ ਗਯਾਨ ਸੀ। ਸੂਰਜ ਪ੍ਰਕਾਸ਼ ਅਨੁਸਾਰ ਗੁਰੂ ਰਾਮਦਾਸ ਨੇ ਅੰਮ੍ਰਿਤਸਰ (ਸਰੋਵਰ) ਦੀ ਥਾਂਉਂ ਅਨੁਭਵ ਰਾਹੀਂ ਲੱਭੀ ਸੀ, ਜਿਥੇ ਕਦੇ ਰਾਜਾ ਜਨਕ ਦਾ ਸਥਾਨ ਸੀ। ਪਿੰਡਾਂ ਵਿਚ ਬਹੁਤੇ ਗੁਰਦੁਆਰੇ ਪਹੁੰਚੇ ਬਜ਼ੁਰਗਾਂ ਦੇ ਅਨੁਭਵ ਦੇ ਆਧਾਰ 'ਤੇ ਬਣੇ ਹਨ ਕਿ ਇਥੇ ਕਿਸੇ ਗੁਰ ਵਿਅਕਤੀ ਨੇ ਚਰਨ ਪਾਏ ਸੀ।

'ਕ੍ਰਾਂਤੀ' ਇਨਕਲਾਬ ਨਹੀਂ ਸੀ। ਇਹ ਸੀ : 1. ਗਤਿ, ਚਾਲ; 2. ਡਿੰਘ ਭਰਨ ਦੀ ਕਿਯਾ; 3. ਉਹ ਰੇਖਾ ਜਿਸ ਪੁਰ ਸੂਰਜ ਫਿਰਦਾ ਹੈ; 4. ਕਈਆਂ ਕਵੀਆਂ ਨੇ ਕਾਂਤਿ (ਸ਼ੋਭਾ) ਦੀ ਥਾਂ ਵੀ ਵਰਤਿਆ ਹੈ। ਨੰਬਰ 4 ਤੋਂ ਸੰਗਰਾਂਦ (ਸੰਕ੍ਰਾਂਤਿ) ਬਣੀ ਹੈ।

ਭਾਸ਼ਾ ਯਥਾਰਥ ਪ੍ਰਮਾਣ ਨਹੀਂ। ਇਸ ਕਰਕੇ 'ਖਾਲਸੇ ਦੇ ਬੋਲੇ' ਸੰਭਵ ਹੋ ਗਏ ਹਨ। ਭਾਈ ਕਾਨ੍ਹ ਸਿੰਘ ਅਨੁਸਾਰ ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ ਜਿਨ੍ਹਾਂ ਨੂੰ 'ਗੜਗੱਜ ਬੋਲੇ' ਵੀ ਆਖਦੇ ਹਨ...ਸਮੇਂ ਦੇ ਫੇਰ ਨਾਲ ਬਹੁਤ ਭੁੱਲ ਗਏ ਹਨ, ਜੋ ਸਾਨੂੰ ਮਿਲ ਸਕੇ...ਅਕਲਦਾਨ (ਸੋਟਾ), ਅਕਾਸ਼ਪੁਰੀ (ਬਕਰੀ), ਅਥੱਕ ਸਵਾਰੀ (ਜੁੱਤੀ), ਅਨਹਤ ਸ਼ਬਦ (ਘੁਰਾੜੇ ਮਾਰਨਾ), ਅਫ਼ਲਾਤੂਨ (ਰਜਾਈ), ਇਕ ਟੰਗ ਬਟੇਰਾ (ਬਤਾਊਂ), ਸਰਦੌਨਾ ਮੁੱਠੀਆਂ ਭਰਦਾ (ਪਾਲਾ ਲਗਦਾ), ਸਿਰਜੋੜ (ਗੁੜ), ਸੁੰਦਰੀ (ਬੁਹਾਰੀ), ਹੰਕਾਰਿਆ ਹੋਇਆ (ਲੀਰਾਂ ਹੋਇਆ), ਕਰਾੜੀ (ਮੂਲੀ), ਕੰਘਾ ਕਰਨਾ (ਤਬਾਹ ਕਰਨਾ), ਖੱਸੀ ਫ਼ੌਜ (ਇਸਤਰੀਆਂ ਦਾ ਟੋਲਾ), ਹੰਨਾ (ਲਿੰਗ, ਘੋੜਾ), ਜਾਨਭਾਈ (ਸਵਾਰੀ ਦਾ ਘੋੜਾ), ਠਾਕੁਰ (ਪਤਾਲੂ), ਧੂੜਕੋਟ (ਘੱਗਰਾ)।

ਸਰਘੀ 'ਸਹਰ', ਸਵੇਰ, ਸਹਿਰੀ ਹੈ। ਉਰਦੂ ਵਿਚ ਸਹਰ ਦਾ ਪ੍ਰਲੌਕਿਕ ਪ੍ਰਭਾਵ ਹੈ—ਸ਼ਮ੍ਹਾ ਹਰ ਰੰਗ ਮੇਂ ਜਲਤੀ ਹੈ ਸਹਰ ਹੋਨੇ ਤਕ...ਪਰ ਇਹਦੇ ਵਿਚ ਲੌਕਿਕ ਸਰਘੀ ਦੀ ਰੰਗੀਨੀ ਨਹੀਂ। ਸ਼ਾਲਾ, ਦਰਅਸਲ, ਇਨਸ਼ਾ ਅੱਲ੍ਹਾ (ਜੇ ਰੱਬ ਚਾਹੇ) ਹੈ ਪਰ 'ਸ਼ਾਲਾ ਜਵਾਨੀਆਂ ਮਾਣੇ' ਵਿਚ ਰੱਬ ਦਾ ਬਹੁਤਾ ਦਖ਼ਲ ਨਹੀਂ। ਬੰਜਰ 'ਬੇ ਜ਼ਰਅ' ਹੈ; ਜ਼ਰਅ ਜ਼ਰਾਇਤ ਖੇਤੀ ਹੈ, ਬੰਜਰ ਜਿਥੇ ਜ਼ਰਾਇਤ ਨਹੀਂ ਹੁੰਦੀ। ਇੰਝੇ 'ਸ਼ਾਮਲਾਤ' ਸ਼ਾਮਲਾਟ ਹੈ ਜਿਸ ਵਿਚ

ਸਭ ਦਾ ਹਿੱਸਾ 'ਸ਼ਾਮਿਲ' ਹੈ।

ਭਾਸ਼ਾ ਯਥਾਰਥ ਪ੍ਰਮਾਣ ਨਾ ਹੋਣ ਦੀ ਸਿਰੇ ਦੀ ਮਿਸਾਲ ਮੌਮਿਨ ਦਾ ਸ਼ਿਅਰ ਹੈ ਜਦੋਂ ਗ਼ਲਤ ਨੂੰ ਠੀਕ ਸਮਝ ਲਿਆ ਜਾਂਦਾ ਹੈ।

(ਲ-ਹਦ-ਕਬਰ, ਸ਼ਾਨਾ-ਮੋਢਾ)

ਲਹਦ ਮੇਂ ਮੇਰੇ ਸ਼ਾਨੇ ਹਿਲਾਏ ਜਾਤੇ ਹੈਂ
ਸਿਤਾਨੇ ਵਾਲੇ ਯੂੰ ਭੀ ਸਿਤਾਏ ਜਾਤੇ ਹੈਂ

ਸ਼ਿਅਰ ਵਿਚ 'ਸਿਤਾਨੇ ਵਾਲੇ' ਸਿਤਾਇਆ ਜਾਣ ਵਾਲਾ ਹੈ ਭਾਵੇਂ ਇਹਦੇ ਠੀਕ ਅਰਥ 'ਸਿਤਾਉਣਾ ਵਾਲਾ' ਹੈ।

ਭਾਸ਼ਾ ਵਿਚ ਕਈ ਵਾਰ ਕੋਈ ਮੁਹਾਵਰਾ, ਸ਼ਬਦ, ਵਾਕ, ਅੰਸ਼ ਅਜਿਹਾ ਹੁੰਦਾ ਹੈ ਜਿਸਦੀ ਕਿਸੇ ਨੂੰ ਸਮਝ ਨਹੀਂ ਹੁੰਦੀ ਪਰ ਵਕਤਾ ਇਹਦੇ ਨਾਲ ਭਾਵ ਦੱਸ ਦਿੰਦਾ ਹੈ ਅਤੇ ਸਰੋਤਾ ਉਹਦਾ (ਵਕਤੇ ਦਾ) ਅਰਥ ਸਮਝ ਆ ਜਾਂਦਾ ਹੈ। ਅੰਗਰੇਜ਼ੀ ਵਿਚ ਭੰਗ ਦੇ ਭਾਣੇ ਲਈ Gone for a burton ਕਿਹਾ ਜਾਂਦਾ ਹੈ ਪਰ ਕਿਸੇ ਨੂੰ ਪਤਾ ਨਹੀਂ ਕਿ ਮੁਹਾਵਰੇ ਦਾ Burton ਨਗਰ ਨਾਲ ਕੀ ਤੁਅੱਲਕ ਹੈ। ਭੰਗ ਦੇ ਭਾਣੇ ਦਾ ਵੀ ਹੀ ਹਾਲ ਹੈ, ਮਹਾਨ ਕੋਸ਼ ਇਹਨੂੰ 'ਭੰਗ ਦੇ ਭਾੜੇ' ਕਹਿੰਦਾ ਹੈ।

ਦਿਲਚਸਪ ਤੱਥ ਤਾਂ 'ਦਰਸ਼ਨ ਪਰਸਣ' ਬਾਰੇ ਹੈ। ਮੈਂ ਵੀ ਹੋਰਾਂ ਵਾਂਗੂੰ ਬੜੀ ਦੇਰ 'ਪਰਸਣ' ਨੂੰ ਪ੍ਰਸ਼ਨ ਨਾਲ ਜੋੜਦਾ ਰਿਹਾਂ, ਮਤਲਬ ਦਰਸ਼ਨ ਕਰਨ ਵਾਲੇ ਪ੍ਰਸ਼ਨ ਕਰਨੇ। ਪਰ ਇਹ ਗ਼ਲਤ ਹੈ। ਪਰਸਣ ਸ-ਪਰਸ਼ ਵਾਲਾ ਹੈ, ਮਤਲਬ ਛੁਹਣਾ। ਸਤਾਰ੍ਹਵੀਂ ਸਦੀ ਤਕ ਪ੍ਰਤੱਖਣ ਸਿਧਾਂਤ (theory of perception) ਸੀ ਦਮ ਰੂਹ/ਨਿਗਾਹ ਵਿਅਕਤੀ ਤੋਂ ਚੱਲ ਕੇ ਵਸਤੂ 'ਤੇ ਪੈਂਦੀ ਹੈ। ਉਥੋਂ ਮੁੜ ਕੇ ਵਿਅਕਤੀ ਦੀ ਇੰਦ੍ਰੀ ਵਿਚ ਪਹੁੰਚ ਕੇ ਗਿਆਨ ਦਾ ਆਧਾਰ ਬਣਦੀ ਹੈ। ਇਸ ਸਿਧਾਂਤ ਦੀ ਖ਼ੂਬੀ ਸੀ ਕਿ ਇਹਦੇ ਅਨੁਸਾਰ ਸੁਪਨੇ ਦੀ ਸਮਝ ਆ ਜਾਂਦੀ ਹੈ। ਸੁੱਤੇ ਪਏ ਬੰਦੇ ਦੀ ਰੂਹ ਪਤਾ ਨਹੀਂ ਕਿੱਥੇ ਕਿੱਥੇ, ਕਿਹੜਾ ਸਮਿਆਂ ਵਿਚ ਫਿਰਦੀ ਰਹਿੰਦੀ ਹੈ ਜਿਸ ਕਰਕੇ ਮੋਇਆਂ ਨਾਲ ਮਿਲਾਪ ਹੋ ਜਾਂਦਾ ਸੀ। ਸਤ੍ਹਾਰਵੀਂ ਸਦੀ ਵਿਚ ਪ੍ਰਤੱਖਣ ਸਿਧਾਂਤ ਹੋ ਗਿਆ ਕਿ ਰੌਸ਼ਨੀ ਵਸਤੂ ਤੋਂ ਚੱਲ ਕੇ ਸਾਡੀਆਂ ਅੱਖਾਂ ਤਾਈਂ ਪਹੁੰਚਦੀ ਹੈ ਜਿਸ ਕਾਰਨ ਸਾਨੂੰ ਸ਼ੈਆਂ ਦਾ ਗਿਆਨ ਹੋ ਜਾਂਦਾ ਹੈ। ਏਸ ਸਿਧਾਂਤ ਨੇ 'ਸੁਪਨਾ ਵੇਖਣਾ' ਸੰਦਿਹ-ਜਨਕ ਬਣਾ ਦਿੱਤਾ। ਫਰਾਇਡ ਦੀ ਵਡਿਆਈ ਹੈ ਕਿ ਉਹਨੇ ਸੁਪਨਾ ਵੇਖਣ ਲਈ ਰੌਸ਼ਨੀ ਬੇਲੋੜੀ ਕਰ ਦਿੱਤੀ ਕਿਉਂਕਿ ਲੋਚਾ ਆਪ ਹੀ ਬਿੰਬ ਜਗਾ ਦਿੰਦੀ ਹੈ। ਸੋ ਦਰਸ਼ਨ ਪਰਸੀਏ ਗੁਰਾਂ ਕੇ ਜਨਮ ਮਰਨ ਦੁਖ ਜਾਏ ਵਿਚ ਸਾਡੀ ਨਜ਼ਰ ਗੁਰੂ ਸਾਹਿਬ ਨੂੰ ਪਰਸ ਕੇ ਮੁੜਦੀ ਹੈ।

ਅਸੀਂ ਕਹਿੰਦੇ ਹਾਂ ਕਿ ਫਲਾਣੇ ਨੂੰ ਵੇਖ ਕੇ ਗਦ ਗਦ (ਖੁਸ਼) ਹੋ ਗਏ। ਮਹਾਨ ਕੋਸ਼ ਅਨੁਸਰ ਗਦ ਅਜਿਹੀ ਆਵਾਜ਼ ਜੋ ਸਾਫ਼ ਨਾ ਸਮਝ ਜਾਵੇ। ਸ਼ੋਕ ਜਾਂ ਖ਼ੁਸ਼ੀ ਨਾਲ ਰੁਕੇ ਹੋਏ ਕੰਠ ਵਿਚੋਂ ਨਿਕਲੀ ਧੁਨਿ।

ਮਾਰਨ ਖੁੰਡੇ ਵਿਚ 'ਖੁੰਡੇ' ਦਾ ਯੋਗਦਾਨ ਹੈ ? ਇੰਝੇ ਹਾਸੋਹੀਣਾ ਵਿਚ ਹੀਣਾ ਕੀ ਹੈ ? ਸੰਸਕ੍ਰਿਤ ਵਿਚ 'ਸਿੰਧ' ਸਮੁੰਦਰ ਹੈ, ਜਿਵੇਂ ਅੱਜ ਵੀ ਕ੍ਰਿਪਾਸਿੰਧ ਕਹਿੰਦੇ ਹਾਂ। ਪਰ ਸਿੰਧ ਸਾਗਰ ਦੁਆਬ ਕੀ ਹੋਇਆ ? ਸਾਗਰ ਸਾਗਰ ਵਿਚਕਾਰ ਦੁਆਬਾ ਜਾਂ ਦਰਿਆ ਸਿੰਧ ਅਤੇ ਅਰਬ ਸਾਗਰ ਵਿਕਾਰ ?

ਭਾਸ਼ਾ ਜਾਂ ਬਿੰਬ ਦੇ ਯਥਾਰਥ—ਪ੍ਰਮਾਣ ਨਾ ਹੋਣ ਕਾਰਨ ਸੰਚਾਰ ਦੁਬਿਧਾਜਨਕ ਹੋ ਜਾਂਦਾ ਹੈ। ਇਹ ਮੁਸ਼ਕਿਲ ਇਕੱਲੇ ਸਾਹਿਤ ਦੀ ਨਹੀਂ ਸਗੋਂ ਸੰਚਾਰ ਦੇ ਉਦਯੋਗ ਦੀ ਵੀ ਹੈ। ਕਈ ਸਾਲ ਹੋਏ ਟਾਈਮਜ਼ ਅਖ਼ਬਾਰ ਨੇ ਲੱਖਾਂ ਪੌਂਡ ਲਾ ਕੇ ਇਸ਼ਤਿਹਾਰਬਾਜ਼ੀ ਕੀਤੀ Top people read the times ਪਰ ਸਰਕੂਲੇਸ਼ਨ ਡਿੱਗ ਪਈ। ਕਾਰਨ ? ਹਜ਼ਾਰਾਂ ਪਾਠਕ ਆਪਣੇ ਆਪ ਨੂੰ 'ਟਾਪ ਪੀਪਲ' ਨਹੀਂ ਸਮਝਦੇ ਸੀ। ਉਹ ਅਖ਼ਬਾਰ ਲੈਣੋਂ ਹਟ ਗਏ। ਇਹ ਅਪ-ਸੰਚਾਰ ਦੀ ਮਿਸਾਲ ਹੈ।

ਸਪੇਨ ਵਿਚ ਮਰਾਕੋ ਦੇ ਪਰਵਾਸੀਆਂ ਖ਼ਿਲਾਫ਼ ਦੰਗੇ ਹੋਏ, ਸਾੜ ਫੂਕ, ਹਿੰਸਾ। ਟੈਲੀਵਿਜ਼ਨ ਰਾਹੀਂ ਮਰਾਕੋ ਵਾਸੀਆਂ ਨੂੰ ਇਹਦੀ ਤਸਵੀਰ ਨਜ਼ਰ ਆਈ। ਉਹ ਸਗੋਂ ਬਹੁਤੀ ਗਿਣਤੀ ਵਿਚ ਸਮੁੰਦਰ ਦੇ ਤੱਟ 'ਤੇ ਸਪੇਨ ਵਿਚ ਗੈਰ-ਕਾਨੂੰਨੀ ਦਾਖ਼ਲੇ ਲਈ ਇਕੱਠੇ ਹੋ ਗਏ। ਉਨ੍ਹਾਂ ਨੂੰ ਟੈਲੀਵਿਜ਼ਨ ਵਿਚ ਜਾਨ ਜਾਂਦੀ ਨਜ਼ਰ ਨਹੀਂ ਆਈ ਸਗੋਂ

## ਪ੍ਰੋ.ਫ਼ੈਸਰ ਸੁਰਜੀਤ ਹਾਂਸ

ਰੌਸ਼ਨ ਦਿਮਾਗ਼, ਨਾਜ਼ਕ ਮਿਜ਼ਾਜ, ਹਮਦਰਦ, ਜਾਦੂਮਈ ਸ਼ਖ਼ਸੀਅਤ ਤੇ ਵਿਦਿਆਰਥੀਆਂ ਨੂੰ ਅਥਾਹ ਪਿਆਰ ਕਰਨ ਵਾਲੇ ਸਨ ਪ੍ਰੋ. ਸੁਰਜੀਤ ਹਾਂਸ। ਉਹ ਦਿਲ ਲੁਭਾਊ ਸ਼ਖ਼ਸੀਅਤ ਦੇ ਮਾਲਕ ਸਨ। ਉਹ ਆਪਣੇ ਸਬਕ ਨੂੰ ਕਿਤਾਬ ਹੋਵੇ ਜਾਂ ਗਰਾਮਰ ਪੜ੍ਹਾਉਂਦੇ ਸਮੇਂ ਬਹੁਤ ਦਿਲਚਸਪ ਬਣਾ ਦਿੰਦੇ ਸਨ। ਵਿਦਿਆਰਥੀਆਂ ਦੇ ਕਿਸੇ ਵੀ ਸਵਾਲ ਦਾ ਨਿਪਟਾਰਾ ਉਹ ਇਕ ਦੋ ਸਤਰਾਂ ਵਿਚ ਕਰ ਦਿੰਦੇ ਸਨ। ਉਹ ਅਕਸਰ ਕਾਲਜ ਦੀ ਗਰਾਊਂਡ ਦੀਆਂ ਪੌੜੀਆਂ ਵਿਚ ਕਲਾਸ ਲੈਂਦੇ ਸਨ। ਕਈ ਵਾਰ ਉਹ ਚਕਾਚੌਂਧ ਕਰਨ ਵਾਲੀਆਂ ਗੱਲਾਂ ਕਰ ਦਿੰਦੇ ਸਨ। ਉਹ ਸਾਹਿਤ ਇਤਿਹਾਸ ਤੇ ਸਮਾਜ ਸ਼ਾਸਤਰ ਦੇ ਤੱਥ ਸੌਖੀ ਭਾਸ਼ਾ ਵਿਚ ਦੱਸ ਦਿੰਦੇ ਸਨ। ਵਿਦਿਆਰਥੀ ਉਨ੍ਹਾਂ ਦੀ ਕਲਾਸ ਦੀ ਤੀਬਰਤਾ ਨਾਲ ਉਡੀਕ ਕਰਦੇ ਸਨ। ਭਾਵੇਂ ਉਹ ਹਾਜ਼ਰੀ ਘੱਟ ਵੱਧ ਹੀ ਲਾਉਂਦੇ ਸਨ ਪਰ ਕਲਾਸ ਪੂਰੀ ਹਾਜ਼ਰ ਹੁੰਦੀ ਸੀ। 90 ਵਿਦਿਆਰਥੀਆਂ ਦੀ ਕਲਾਸ ਵਿਚ ਤਕਰੀਬਨ ਹਰ ਬੱਚੇ ਨੂੰ ਨਾਂ ਲੈ ਕੇ ਸੰਬੋਧਨ ਕਰਦੇ ਸਨ। ਕਦੀ ਕਦੀ ਉਹ ਸਾਰੀ ਕਲਾਸ ਨੂੰ ਚਾਹ ਪਿਲਾ ਦਿੰਦੇ ਸਨ।

***-ਪ੍ਰੋ. ਅਜੀਤ***

ਸਪੇਨ ਵਿਚ ਮਰਾਕੋਆਂ ਦਾ ਦਾਖ਼ਲਾ ਹੀ ਨਜ਼ਰ ਆਈ ਗਿਆ।

ਕਵਿਤਾ ਵਿਚ ਸੰਚਾਰ ਦੀ ਸਮੱਸਿਆ ਪ੍ਰਸਿੱਧ ਹੈ। ਪਰ ਕਹਾਣੀ ਨਾਵਲ ਵਿਚ ਇਹ ਲੋਪ ਨਹੀਂ ਹੁੰਦੀ। ਸਗੋਂ ਹੋਰ ਵੀ ਦੀਰਘ ਹੋ ਜਾਂਦੀ ਹੈ। ਭਾਸ਼ਾ ਚਾਹੇ ਮਾਨਸ ਨੇ ਬਣਾਈ ਹੈ ਪਰ ਭਾਸ਼ਾ ਦਾ ਲੋਕ ਉੱਕਾ ਪੁੱਕਾ ਮਨੁੱਖੀ ਜਗਤ ਨਹੀਂ।

ਭਾਸ਼ਾਈ ਦੁਬਿਧਾ ਤਾਂ ਰਚਨਾਤਮਕ ਵੰਗਾਰ ਦਾ ਅਵਸਰ ਹੁੰਦੀ ਹੈ। ਜਿਵੇਂ ਸਰਕਸ ਵਿਚ ਦਰਸ਼ਕ ਤਾਂ ਤਾਰ ’ਤੇ ਤੁਰਦੇ ਨਟ ਨੂੰ ਹੁਣ ਡਿੱਗਿਆ, ਹੁਣ ਡਿੱਗਿਆ ਸਮਝਦੇ ਹਨ ਪਰ ਉਹ ਆਪਣੀ ਉਸਤਾਦੀ ਕਾਰਨ ਸਿਰੇ ਲੱਗ ਜਾਂਦਾ ਹੈ। ਮੈਕਬਥ ਬਾਦਸ਼ਾਹ ਦੀ ਹੱਤਿਆ ਕਰਕੇ ਆਪਣੇ ਖ਼ੂਨੀ ਹੱਥਾਂ ਵੱਲ ਵੇਖਦਾ ਹੈ ਜਿਸ ਵਿਚ multitudinous ਅਤੇ incarnadine ਵੰਗਾਰਮਈ ਸ਼ਬਦ ਹਨ। ਗੱਲ ਡਿੱਗ ਵੀ ਸਕਦੀ ਸੀ ਪਰ ਉਦਾਤ ਹੋ ਕੇ ਨਿਬੜੀ ਹੈ।

Will all great Neptune’s ocean wash this blood / Clean from my hand ? No This my hand rather / The multitudinous sear incarnadine, Making the green one red.

ਨਰਾਇਣ ਦਾ ਸਾਗਰ ਸਾਰਾ ਕੀ ਇਸ ਰੱਤ ਨੂੰ ਧੋ ਸਕੇਗਾ / ਸਾਫ਼ ਜਿਵੇਂ ਮੇਰੇ ਹੱਥਾਂ ਨੂੰ ? ਨਾ ਤਾਂ, ਇਨ੍ਹਾਂ ਨੇ ਤਾਂ ਸਗਵਾਂ / ਅਤਿ ਬਹੁ-ਸੰਖਯਾ ਨੂੰ ਹੀ ਆਮਿਖ-ਰੰਗਣ ਕਰ ਦੇਣਾ ਹੈ / ਜੋ ਹਰੂਏ ਦੀ ਲਾਲੀ ਹੋਵੇ।

ਮੇਰੇ ਵੱਲੋਂ ਛਪੇ ਅਨੁਵਾਦ ’ਚ ਆਖਿਮ-ਰੰਗਾ ਵਿਸ਼ੇਸ਼ਣ ਹੈ ਪਰ ਸ਼ੇਕਸਪੀਅਰ ਇਹਨੂੰ ਕ੍ਰਿਯਾ ਬਣਾਉਂਦਾ ਹੈ। ਇਸ ਲਈ ਆਮਖ ਰੰਗਣ ਬਿਹਤਰ ਹੈ। ਦੂਸਰੇ ਸ਼ੇਕਸਪੀਅਰ ਸਮੇਂ ਇਹਦੀ ਵਿਸ਼ੇਸ਼ਣੀ ਵਰਤੋਂ ਸੀ ਪਰ ਉਹਨੇ ਇਹਦੀ ਕ੍ਰਿਯਾ ਬਣਾਈ।

ਆਧੁਨਿਕ ਪੰਜਾਬੀ ਵਿਯਾਕਰਣ ਸਾਡੀ ਬੋਲੀ ਵਿਚ ਸ਼ਾਇਦ ਵਿਭਕਤੀਆਂ case-ending ਦਾ ਜ਼ਿਕਰ ਨਹੀਂ ਕਰਦੇ। ਸਥਾਨਕ locative case ਤਾਂ ਅਵੱਸ਼ ਕਾਇਮ ਹੈ, ਹੈ ਵੀ ਸੰਸਕ੍ਰਿਤ ਰੂਪ। ਜਿਵੇਂ ਇਕ ਵਚਨ—ਘਰੇ ਬੈਠਾ, ਅਰਥਾਤ ਘਰ ਵਿਚ ਬੈਠਾ, ਬਹੁਵਚਨ ਹੈ—ਘਰੀਂ ਬੈਠੇ ਮਤਲਬ ਘਰਾਂ ਵਿਚ ਬੈਠੇ। ਸ਼ਾਇਦ ਕਿਤੇ ਕਿਤੇ dative case ਸੰਪ੍ਰਦਾਨ ਵਿਭਕਤੀ ਵੀ ਕਾਇਮ ਹੈ—ਧਨੀਏ ਨੂੰ ਕਿਹਾ, ਰਾਮੇ ਨੂੰ ਕਿਤਾਬ ਦਿੱਤੀ। ਇਹ ਆ-ਅੰਤ ਪੁਲਿੰਗ ਨਾਵਾਂ ਨਾਲ ਹੀ ਲੱਗਦਾ ਹੈ, ਹੋਰਾਂ ਨਾਲ ਨਹੀਂ—ਸੰਤ ਨੂੰ ਕਿਹਾ, ਰਾਣੀ ਨੂੰ ਕਿਤਾਬ ਦਿੱਤੀ।

ਮੈਂ ਕਈ ਗ਼ਲਤੀਆਂ ਕੀਤੀਆਂ ਹੋਣੀਆਂ, ਅਵੱਸ਼ ਹੀ; ਪਰ ਤੁਹਾਨੂੰ ਭਾਸ਼ਾ ਬਾਰੇ ਰਤਾ ਸੁਚੇਤ ਕਰ ਦਿੱਤਾ।




ਪ੍ਰੋ. ਸੁਰਜੀਤ ਹਾਂਸ ਦੀ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਇਕ ਯਾਦਗਾਰੀ ਤਸਵੀਰ

## ਪ੍ਰੋ. ਸੁਰਜੀਤ ਹਾਂਸ ਦੀ ਅਲਵਿਦਾ

ਇਸੇ ਤਰ੍ਹਾਂ ਇਕ ਹੋਰ ਪ੍ਰੋਫ਼ੈਸਰ ਸਨ—ਸੁਰਜੀਤ ਹਾਂਸ। ਉਹ ਬਹੁਤ ਖ਼ੂਬਸੂਰਤ ਇਨਸਾਨ ਸਨ। ਚੁਸਤ ਦਰੁਸਤ, ਮਨਮੋਹਕ ਦਿੱਖ ਵਾਲੇ। ਉਨ੍ਹਾਂ ਦੀ ਪੋਸ਼ਾਕ ਬਹੁਤ ਸੁੰਦਰ ਹੁੰਦੀ ਸੀ। ਉਨ੍ਹਾਂ ਦਾ ਪੜ੍ਹਾਉਣ ਦਾ ਢੰਗ ਬਾਕੀ ਟੀਚਰਾਂ ਤੋਂ ਵੱਖਰਾ ਸੀ। ਅੰਗਰੇਜ਼ੀ ਦੇ ਪ੍ਰੋਫ਼ੈਸਰ ਸਨ। ਉਹ ਕਿਸੇ ਵੀ ਕਵਿਤਾ, ਕਹਾਣੀ ਨੂੰ ਬਹੁਤ ਦਿਲਚਸਪ ਬਣਾ ਦਿੰਦੇ ਸਨ। ਮੌਸਮ ਠੀਕ ਹੋਵੇ ਤਾਂ ਉਹ ਖੁੱਲ੍ਹੇ ਮੈਦਾਨ, ਗਰਾਊਂਡ ਵਿਚ ਕਲਾਸ ਲੈਂਦੇ ਸਨ। ਵਿਦਿਆਰਥੀਆਂ ਦੇ ਬਹੁਤ ਨੇੜੇ ਹੋ ਜਾਂਦੇ ਸਨ। ਉਹ ਇਕ ਇਕ ਵਿਦਿਆਰਥੀ ਨੂੰ ਉਸਦੀ ਲੋੜ ਮੁਤਾਬਕ ਸੋਧ ਦੇਂਦੇ ਸਨ। ਕਾਲਜ ਵਿਚ ਪਹਿਲੇ ਦੂਜੇ ਸਾਲ ਵਿਚ ਆਉਣ ਵਾਲੇ ਵਿਦਿਆਰਥੀ ਅੱਲ੍ਹੜ, ਸੰਗਾਊ ਤੇ ਅੰਦਰਵਾਰ ਸੋਚ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਇਸ ਵੇਲੇ ਬਹੁਤ ਸਿੱਖਿਆ, ਸੋਧ ਦੀ ਲੋੜ ਹੁੰਦੀ ਤੇ ਉਹ ਮਿੱਠੀਆਂ ਗੱਲਾਂ ਕਰਕੇ ਵਿਦਿਆਰਥੀਆਂ ਨੂੰ ਸਹੀ ਰਸਤੇ ਚੱਲਣ ਵਿਚ ਮਦਦ ਕਰਦੇ ਸਨ। ਬਹੁਤ ਵਾਰ ਉਹ ਇਹੋ ਜਿਹੀਆਂ ਸੱਚਾਈਆਂ ਬਾਰੇ ਗੱਲ ਕਰ ਦੇਂਦੇ ਸਨ ਕਿ ਬੱਚੇ ਹੈਰਾਨ ਹੋ ਜਾਂਦੇ ਸਨ। ਪਰ ਵੱਡਿਆਂ ਹੋਇਆਂ ਪਤਾ ਲੱਗਾ ਉਹ ਕੀ ਕੀ ਦੱਸ ਗਏ, ਕੀ ਕੀ ਸਮਝਾ ਗਏ। ਉਹ ਯੋਗਤਾ ਮੁਤਾਬਕ ਬੱਚਿਆਂ ਨੂੰ ਰਾਹੇ ਪਾਉਂਦੇ ਸਨ। ਵਿਦਿਆਰਥੀ ਉਨ੍ਹਾਂ ਨੂੰ ਸਵਾਲ ਕਰਦੇ ਸਨ। ਪਰ ਹੈਰਾਨੀ ਦੀ ਗੱਲ ਉਹ ਹਰ ਸਵਾਲ ਦਾ ਜਵਾਬ ਕੁਝ ਕੁ ਸ਼ਬਦਾਂ ਵਿਚ ਦੇ ਕੇ ਤਸੱਲੀ ਕਰਾ ਦਿੰਦੇ ਸਨ। ਇਕ ਦਿਨ ਕਾਲਜ ਦੀ ਮੈਨੇਜਮੈਂਟ ਦੇ ਕਿਸੇ ਮੈਂਬਰ ਨਾਲ ਕਿਸੇ ਨੁਕਤੇ ’ਤੇ ਉਲਝ ਗਏ। ਦੂਜੇ ਦਿਨ, ਉਨ੍ਹਾਂ ਨੂੰ ਸਰਵਿਸ ਤੋਂ ਬਰਖਾਸਤੀ ਦਾ ਪੱਤਰ ਮਿਲਿਆ। ਉਨ੍ਹਾਂ ਪੰਜਾਬ ਯੂਨੀਵਰਸਿਟੀ ਨੂੰ ਪਹੁੰਚ ਕੀਤੀ ਤੇ ਯੂਨੀਵਰਸਿਟੀ ਦੇ ਹੁਕਮਾਂ ਅਨੁਸਾਰ ਉਹ ਬਹਾਲ ਹੋ ਗਏ। ਪਰ ਅਗਲੇ ਹੀ ਦਿਨ ਉਹ ਅਸਤੀਫ਼ਾ ਦੇ ਕੇ ਕਾਲਜ ਛੱਡ ਗਏ। ਵਿਦਿਆਰਥੀਆਂ ਲਈ ਇਹ ਵੱਡਾ ਸਦਮਾ ਸੀ। ਪਤਾ ਲੱਗਦਾ ਰਿਹਾ ਕਿ ਫਿਰ ਉਹ ਇੰਗਲੈਂਡ ਚਲੇ ਗਏ। ਉਥੋਂ ਕੁਝ ਸਾਲਾਂ ਬਾਅਦ ਆ ਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਖੋਜ ਕਾਰਜ ਕੀਤੇ ਤੇ ਉਹ ਸਿੱਖ ਇਤਿਹਾਸ ਦੇ ਵੱਡੇ ਵਿਦਵਾਨ ਵਜੋਂ ਜਾਣੇ ਜਾਣ ਲੱਗੇ। ਪਿੱਛੋਂ ਉਨ੍ਹਾਂ ਸ਼ੇਕਸਪੀਅਰ ਦੇ ਸਾਰੇ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਪੰਜਾਬੀ ਸਾਹਿਤ ਲਈ ਇਹ ਵੱਡੀ ਦੇਣ ਹੈ।

–ਪ੍ਰੋਫ਼ੈਸਰ ਅਜੀਤ



*ਇਤਿਹਾਸ*

# ਪ੍ਰਿੰਸ ਦਲੀਪ ਸਿੰਘ

*ਸੁਖਦੇਵ ਸਿੱਧੂ*

ਪੰਜਾਬ ਦੇ ਰਾਜੇ ਰਣਜੀਤ ਸਿੰਘ ਦੀ ਸੱਭ ਤੋਂ ਛੋਟੀ ਰਾਣੀ ਜਿੰਦਾਂ ਦਾ ਇਕਲੌਤਾ ਪੁੱਤਰ ਦਲੀਪ ਸਿੰਘ ਸੀ। ਇਹ ਰਾਜੇ ਦੀ ਅਖ਼ੀਰਲੀ ਔਲਾਦ ਸੀ। ਇਹਦਾ ਜਨਮ ਸਤੰਬਰ 1838 ਨੂੰ ਹੋਇਆ। ਦਲੀਪ ਸਿੰਘ ਦੇ ਜਨਮ ਤੋਂ ਨੌਂ ਕੁ ਮਹੀਨੇ ਮਗਰੋਂ ਇਸਦੇ ਬਾਪ ਦੀ ਮੌਤ ਹੋ ਗਈ ਸੀ ਤੇ ਸਿੱਟੇ ਵਜੋਂ ਗੱਦੀ ਲਈ ਖ਼ੂਨ ਖਰਾਬੇ ਨਾਲ਼ ਭਰਪੂਰ ਜੰਗ ਸ਼ੁਰੂ ਹੋ ਗਈ ਸੀ। ਦਲੀਪ ਸਿੰਘ ਦੇ ਗੱਦੀ ਤੇ ਬਹਿਣ ਤੋਂ ਪਹਿਲਾਂ ਲਹੌਰ ਦਰਬਾਰ ਨਾਲ ਜੁੜੀਆਂ ਬਹੁਤ ਜਾਨਾਂ ਦਾ ਜੀਆ ਘਾਤ ਹੋਇਆ। ਇਸ ਤਰਾਂ ਦੀ ਪਿੱਠ ਭੂਮੀ ਚ ਮਸੂਮ ਦਲੀਪ ਸਿੰਘ ਨੂੰ ਪੰਜਾਬ ਦਾ ਵਾਰਿਸ ਥਾਪ ਦਿੱਤਾ ਗਿਆ ਸੀ।

ਪਹਿਲਾਂ ਇਹਦੇ ਰਣਜੀਤ ਸਿੰਘ ਦਾ ਪੁੱਤ ਹੋਣ ਤੇ ਵੀ ਸ਼ੰਕੇ ਪ੍ਰਗਟਾਏ ਗਏ ਸੀ। ਰਣਜੀਤ ਸਿੰਘ ਉਦੋਂ ਪਿਛਲੀ ਉਮਰੇ ਸੀ, ਜਦ ਜਿੰਦਾਂ ਨਾਲ ਵਿਆਹ ਨੂੰ ਮੰਨਿਆ ਸੀ। ਜਿੰਦਾਂ ਦਾ ਬਾਪ, ਮੰਨਾ ਸਿੰਘ, ਰਾਜੇ ਦੇ ਕੁੱਤੇ ਸਾਂਭਣ ਦੀ ਨੌਕਰੀ ਕਰਦਾ ਸੀ। ਰਣਜੀਤ ਸਿੰਘ ਦੇ ਔਰਤਾਂ ਦੇ ਸ਼ੌਕੀਂ ਹੋਣ ਦਾ ਤਾਂ ਸੱਭ ਜਾਣਦੇ ਸੀ; ਮੁਗ਼ਲ ਜਾਂ ਹਿੰਦੂ ਰਾਜਿਆਂ ਦਾ ਵੀ ਇਹੋ ਵਰਤਾਰਾ ਸੀ। ਇਹ ਮਹਾਰਾਜੇ ਕੋਲ ਅਪਣੀ ਧੀ ਦੀ ਜੁਆਨੀ ਤੇ ਸੁੰਦਰਤਾ ਦੀਆਂ ਸਿਫਤਾਂ ਬੰਨ੍ਹ ਬੰਨ੍ਹ ਕੇ ਇਸ ਦਾ ਮਨ ਲੁਭਾਉਂਦਾ ਰਹਿੰਦਾ ਸੀ। ਦੋਹਾਂ ਦਾ ਰੁਤਬਾ ਬਰਾਬਰ ਦਾ ਨਾ ਹੋਣ ਦੇ ਬਾਵਜੂਦ ਵੀ ਉਹ ਚਾਹੁੰਦਾ ਸੀ ਕਿ ਮਹਾਰਾਜਾ ਕਿਸੇ ਨਾ ਕਿਸੇ ਤਰਾਂ ਜਿੰਦਾਂ ਨਾਲ ਵਿਆਹ ਕਰਵਾ ਲਵੇ। ਕੁਦਰਤੀ ਤੌਰ ਤੇ ਇਸ ਮਨਸ਼ਾ ਪਿੱਛੇ ਮੰਨਾ ਸਿੰਘ ਦਾ ਅਪਣੀ ਕੁੱਲ ਸੁਧਰਨ ਦਾ ਲਾਲਚ ਵੀ ਸੀ। ਮੰਨਾ ਸਿੰਘ ਨੂੰ ਵੀ ਪਤਾ ਸੀ ਕਿ ਜਿੰਦਾਂ ਤਾਂ ਚੜ੍ਹਦੀ ਉਮਰ ਦੀ ਬਾਲੜੀ ਸੀ ਤੇ ਮਹਾਰਾਜਾ ਅਪਣੀ ਉਮਰ ਦੇ ਮਗਰਲੇ ਸਾਲਾਂ ਚ ਸੀ। ਇਸ ਗੱਲ ਤੋਂ ਰਣਜੀਤ ਸਿੰਘ ਵੀ ਅਨਜਾਣ ਨਹੀਂ ਸੀ। ਮੰਨਾ ਸਿੰਘ ਦੀਆਂ ਅਰਜੋਈਆਂ ਤੇ ਹੱਥ ਧੋ ਕੇ ਮਗਰ ਪਏ ਰਹਿਣ ਤੇ ਅਖ਼ੀਰ ਚ ਮਹਾਰਾਜਾ, ਜਿੰਦਾਂ ਨਾਲ਼ ਵਿਆਹ ਨੂੰ ਮੰਨ ਗਿਆ ਸੀ; ਜਿੰਦਾਂ ਉਦੋਂ ਅਠਾਰਾਂ ਸਾਲਾਂ ਦੀ ਸੀ ਤੇ ਰਣਜੀਤ ਸਿੰਘ ਪੰਚਵੰਜਾ ਸਾਲਾਂ ਦਾ। ਉਦੋਂ ਮਹਾਰਾਜਾ ਸਿਹਤੋਂ ਪਖੋਂ ਵੀ ਕਮਜ਼ੋਰ ਸੀ; ਇਹਦੇ ਤੇ ਅਧਰੰਗ ਦੇ ਦੌਰਿਆਂ ਨੇ ਅਸਰ ਕੀਤਾ ਹੋਇਆ ਸੀ। ਅਧਰੰਗ ਨੇ ਰਣਜੀਤ ਸਿੰਘ ਨੂੰ ਬਹੁਤ ਅਸਮਰਥ ਕਰ ਦਿੱਤਾ ਸੀ; ਏਸੇ ਵੱਸ ਇਹਨੇ ਫੌਜ ਦੀ ਸਾਰੀ ਜ਼ਿੰਮੇਵਾਰੀ ਜਰਨੈਲ ਵੈਂਟੂਰਾ ਨੂੰ ਸੌਂਪੀ ਹੋਈ ਸੀ। ਦਲੀਪ ਸਿੰਘ ਦਾ ਜਨਮ ਵੀ ਜਿੰਦਾਂ ਨਾਲ਼ ਇਹਦੇ ਵਿਆਹ ਤੋਂ ਤਿੰਨ ਕੁ ਸਾਲ ਬਾਅਦ ਦਾ ਹੈ; ਦਲੀਪ ਸਿੰਘ ਦੇ ਜਨਮ (1838) ਤੋਂ ਛੇਤੀ

ਬਾਅਦ ਰਾਜੇ ਦੀ ਮੌਤ ਹੋ ਜਾਂਦੀ ਹੈ। ਬੀਮਾਰੀ ਦੀ ਵਜ੍ਹਾ ਸਦਕੇ ਅਤੇ ਰਾਜੇ ਦੀ ਸਰੀਰਕ ਅਸਮਰਥਾ ਕਾਰਨ ਦੂਸਰੀਆਂ ਰਾਣੀਆਂ ਦਲੀਪ ਸਿੰਘ ਨੂੰ ਰਣਜੀਤ ਸਿੰਘ ਦੀ ਔਲਾਦ ਨਹੀਂ ਸੀ ਮੰਨਦੀਆਂ, ਕਿਸੇ ਹੋਰ ਦਾ ਬੱਚਾ ਕਹਿੰਦੀਆਂ ਰਹੀਆਂ। ਖੜਕ ਸਿੰਘ ਵੀ ਅਪਣੇ ਤੋਂ ਬਿਨਾਂ ਬਾਕੀ ਸਾਰੇ ਭਰਾਵਾਂ ਨੂੰ ਰਣਜੀਤ ਸਿੰਘ ਦੇ ਸ਼ੱਕੀ ਪੁੱਤਰ ਮੰਨਦਾ ਸੀ। ਗੱਦੀ ਦੇ ਵਾਰਿਸਾਂ ਦੇ ਮਾਰ-ਮਰਾਈ ਤੋਂ ਬਾਅਦ ਜਦ ਹੋਰ ਕੋਈ ਨਹੀਂ ਸੀ ਬਚਿਆ ਤਾਂ ਏਸੇ ਬਾਲ ਦਲੀਪ ਤੇ ਵਾਰਿਸ ਹੋਣ ਦੀ ਜ਼ਿੰਮੇਵਾਰੀ ਪਾ ਦਿੱਤੀ ਗਈ ਸੀ।

ਜੈਸੀ ਰਣਜੀਤ ਸਿੰਘ ਦੀ ਇੱਛਿਆ ਸੀ, ਇਹਦੀ ਮੌਤ ਤੋਂ ਬਾਅਦ ਖੜਕ ਸਿੰਘ ਗੱਦੀ ਤੇ ਬੈਠ ਗਿਆ ਪਰ ਉਸਨੂੰ ਪੱਕਾ ਪਤਾ ਸੀ ਕਿ ਅਸਲੀ ਰਾਜਾ ਉਹਨੇ ਨਹੀਂ ਹੋ ਸਕਣਾ। ਹੋਰ ਤਾਂ ਹੋਰ ਉਹਦਾ ਅਪਣਾ ਪੁੱਤ ਅਪਣੇ ਬਾਪ ਦੇ ਤਖ਼ਤ ਤੇ ਬਹਿਣ ਦੇ ਪੂਰਾ ਹੱਕ ਚ ਨਹੀਂ ਸੀ। ਉਦੋਂ ਵੀ ਆਮ ਮੰਨਿਆ ਜਾਂਦਾ ਸੀ ਕੰਵਰ ਨੌਨਿਹਾਲ ਕਾਬਲ ਸੀ ਤੇ ਇਹ ਸਾਰਾ ਰਾਜ ਭਾਗ ਅਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦਾ ਸੀ; ਉਸਨੇ ਖੜਕ ਸਿੰਘ ਨੂੰ ਨਿਰਾ ਨਾਂ ਦਾ ਰਾਜਾ ਰੱਖਣਾ ਸੀ। ਨੌਨਿਹਾਲ ਦੇ ਮੂਹੋਂ ਇਹ ਗੱਲ ਨਿਕਲਣ ਦੀ ਦੇਰ ਸੀ ਕਿ ਪਾਟਕ ਪੈ ਗਿਆ। ਖੜਕ ਸਿੰਘ ਚੇਤ ਸਿੰਘ ਤੋਂ ਬਿਨਾਂ ਜੀਉਂਦਾ ਨਹੀਂ ਸੀ ਤੇ ਨੌਨਿਹਾਲ, ਚੇਤ ਸਿੰਘ ਬਾਜਵੇ ਨੂੰ ਕੌੜੀ ਅੱਖੇ ਨਹੀਂ ਸੀ ਭਾਂਉਂਦਾ। ਲਹੌਰ ਦਰਬਾਰ ਦੇ ਰੁਤਬਿਆਂ ਦੀ ਖਿਚੋਧੂਹੀ ਚ, ਚੇਤ ਸਿੰਘ ਨੇ ਗੁਲਾਬ ਸਿੰਘ ਨੂੰ ਧਮਕੀ ਦੇ ਦਿੱਤੀ ਸੀ ਕਿ ਉਹ ਦੇਖੇ ਜ਼ਰਾ, ਉਸ ਨਾਲ ਕੀ ਕਰਦਾ ਹੈ। ਏਦੂੰ ਪਹਿਲਾਂ ਕਿ ਚੇਤ ਸਿੰਘ ਕੁਝ ਕਰਦਾ, ਗੁਲਾਬ ਸਿੰਘ ਨੇ ਪਹਿਲ ਕਰ ਲਈ ਤੇ ਉਸਨੂੰ ਖੜਕ ਸਿੰਘ ਦੀਆਂ ਅੱਖਾਂ ਸਾਹਮਣੇ, ਤਾਹਨੇ ਦੇ ਦੇ ਕੇ, ਅਪਣੇ ਹੱਥੀਂ ਮਾਰ ਮੁਕਾਇਆ ਸੀ। ਖੜਕ ਸਿੰਘ ਦੇ ਚੇਤ ਸਿੰਘ ਨੂੰ ਬਖ਼ਸ਼ ਦੇਣ ਦੇ ਤਰਲੇ ਕਿਸੇ ਵੀ ਨਾ ਸੁਣੇ; ਇਹ ਐਂਵੇ ਵਿਚਾਰਾ ਬਣ ਕੇ ਹੀ ਕਤਲ ਦਾ ਵਾਕਿਆ ਦੇਖਦਾ ਰਿਹਾ। ਉਧਰੋਂ ਪਹਿਲੀ ਰਾਣੀ ਚੋਂ ਸ਼ੇਰ ਸਿੰਘ ਵੀ ਗੱਦੀ ਦਾ ਦਾਅਵੇਦਾਰ ਸੀ, ਭਾਵੇਂ ਸੀ ਇਹ ਵੀ ਨਿਕੰਮਾ; ਪਰ ਰਣਜੀਤ ਸਿੰਘ ਵੇਲੇ, ਲੜਾਈਆਂ ਚ ਹਿੱਸਾ ਲੈਂਦਾ ਰਿਹਾ ਸੀ। ਖੂੰਜੇ ਲੱਗਾ ਖੜਕ ਸਿੰਘ ਨਿਮੋਸ਼ੀ ਚ ਹੋਰ ਸ਼ਰਾਬ ਤੇ ਅਫ਼ੀਮ ਖਾ ਖਾ ਕੇ ਗ਼ਲਤਾਨ ਹੋ ਗਿਆ। ਖੜਕ ਸਿੰਘ ਦੀ ਮੌਤ ਦਾ ਕਾਰਨ ਵੀ ਨਸ਼ਾ ਜਾਂ ਜ਼ਹਿਰ ਮੰਨਿਆ ਗਿਆ ਹੈ। ਇਹਦਾ ਪੁੱਤ ਕੰਵਰ ਨੌਨਿਹਾਲ ਵੀ ਅਪਣੇ ਬਾਪ ਦੇ ਕਿਰਿਆ ਕਰਮ ਨਿਭਾਉਂਦਾ ਹੀ ਮਾਰਿਆ ਗਿਆ। ਜਿਨ੍ਹਾਂ ਹਾਲਤਾਂ ਚ ਨੌਨਿਹਾਲ ਮਰਿਆ, ਉਹ ਕੁਦਰਤੀ ਤਾਂ ਬਿਲਕੁਲ ਨਹੀਂ ਸਨ। ਤਵਾਰੀਖ ਚ ਸਿੱਧਾ ਨਾਂ ਕਿਸੇ ਦਾ ਵੀ ਨਹੀਂ ਲਿਖਿਆ ਗਿਆ ਪਰ ਇਸ਼ਾਰੇ ਬਹੁਤਾ ਪੜਦਾ ਵੀ ਨਹੀਂ ਰਹਿਣ ਦਿੰਦੇ। ਖੜਕ ਸਿੰਘ ਤੇ ਉਸਦੇ ਪੁੱਤ ਦੇ ਤਖ਼ਤ ਤੋਂ ਪਰ੍ਹੇ ਹੋਣ ਤੇ ਸ਼ੇਰ ਸਿੰਘ ਨੂੰ ਤਖ਼ਤ ਤੇ ਬਿਠਾਉਣ ਦੀ ਤਜ਼ਵੀਜ ਹੋਈ ਤਾਂ ਖੜਕ ਸਿੰਘ ਦੀ ਵਿਧਵਾ ਚਾਂਦ ਕੌਰ ਅੜ੍ਹ ਗਈ। ਇਹਨੇ ਦੂਰ ਦੀ ਸੋਚੀ ਹੋਈ ਸੀ; ਹੁਣ ਆਪ ਗੱਦੀ ਤੇ ਬਹਿ ਕੇ ਕੰਵਰ ਨੌਨਿਹਾਲ ਦੀ ਵਿਧਵਾ ਤੋਂ ਹੋਣ ਵਾਲੀ ਔਲਾਦ ਲਈ ਰਾਖਵੀਂ ਰੱਖਣਾ ਚਾਹੁੰਦੀ ਸੀ। ਤਖ਼ਤ ਤੇ ਕਬਜ਼ੇ ਦੀ ਜੰਗ ਤੇਜ਼ ਹੋ ਗਈ ਸੀ। ਕਿਸੇ ਤਰਾਂ ਦੇ ਆਪਸੀ ਰਾਜ਼ੀਨਾਵੇਂ ਦੇ ਸਾਰੇ ਹੀਲੇ ਅਸਫਲ ਹੋ ਰਹੇ ਸੀ। ਚਾਂਦ ਕੌਰ ਤਾਂ ਸ਼ੇਰ ਸਿੰਘ ਨੂੰ ਰਣਜੀਤ ਸਿੰਘ ਦੀ ਥਾਂ, ਕਿਸੇ ਛੀਂਬੇ ਦਾ ਪੁੱਤ ਦੱਸਦੀ ਹੁੰਦੀ ਸੀ। ਰਾਹ ਸਾਫ਼ ਕਰਨ ਲਈ ਦੂਜੀ ਧਿਰ ਨੇ, ਨੌਨਿਹਾਲ ਦੀ ਵਿਧਵਾ ਦੇ ਪੇਟ ਚੋਂ ਬੱਚਾ ਵੀ ਗਿਰਵਾ ਦਿੱਤਾ ਸੀ। ਮਸਲਾ ਨਜਿੱਠਣ ਹਿੱਤ ਸ਼ੇਰ ਸਿੰਘ ਨੇ ਫੌਜ ਨਾਲ਼ ਲਹੌਰ ਤੇ ਚੜ੍ਹਾਈ ਕਰ ਦਿੱਤੀ। ਹਾਰ ਖਾ ਕੇ ਚਾਂਦ ਕੌਰ, ਇਸੇ ਨਾਲ ਵਿਆਹ ਕਰਨਾ ਵੀ ਮੰਨ ਗਈ ਸੀ। ਇਹ ਵਿਆਹ ਨਾ ਹੋਣਾ ਸੀ, ਨਾ ਹੋਇਆ। ਪਿਛੋਂ ਚਾਂਦ ਕੌਰ ਦੀ ਮੌਤ ਵੀ ਸ਼ੱਕੀ ਹਾਲਤ ਚ ਹੋ ਗਈ: ਇਹਦੀ ਨੌਕਰਾਣੀ ਨੇ ਹੀ ਚਾਂਦ ਕੌਰ ਦੇ ਸਿਰ ਚ ਚੱਕੀ ਦਾ ਪੁੜ ਮਾਰਕੇ ਇਹਨੂੰ ਮਾਰ ਮੁਕਾਇਆ; ਇਸ਼ਨਾਨ ਕਰਦੀ ਦੇ ਗਲਾ ਘੁੱਟ ਕੇ ਮਾਰਨ ਦਾ ਜ਼ਿਕਰ ਵੀ ਹੈ। ਇਹ ਸੱਭ ਕੁਝ ਗੱਦੀ ਹਥਿਆਉਣ ਲਈ ਹੋਇਆ ਸੀ। ਸ਼ੇਰ ਸਿੰਘ ਨੇ ਵੀ ਖ਼ੂਨ ਵਹਾਉਣ ਚ ਕੋਈ ਕਸਰ ਨਹੀਂ ਸੀ ਛੱਡੀ। ਫਿਰ ਸੰਧਾਵਾਲੀਏ ਸਰਦਾਰਾਂ ਨੇ ਬਦਲੇ ਚ ਸ਼ੇਰ ਸਿੰਘ ਨੂੰ ਧੋਖੇ ਫਰੇਬ ਨਾਲ ਮਾਰ ਮੁਕਾਇਆ ਸੀ- ਅਜੀਤ ਸਿੰਘ (ਸੰਧਾਵਾਲੀਆ) ਨੇ ਬੰਦੂਕ ਭੇਟਾ ਕਰਨ ਦੇ ਬਹਾਨੇ ਸ਼ੇਰ ਸਿੰਘ ਦੇ ਕੋਲ ਜਾ ਕੇ ਹਿੱਕ ਚ ਗੋਲੀ ਮਾਰੀ ਸੀ ਤੇ ਬਾਅਦ ਚ ਉਸਦਾ ਸਿਰ ਧੜ ਨਾਲੋਂ ਵੱਢਿਆ ਸੀ। ਦੂਜੇ ਸੰਧਾਵਾਲੀਏ ਸਰਦਾਰ, ਲਹਿਣਾ ਸਿੰਘ, ਨੇ ਸ਼ੇਰ ਸਿੰਘ ਦੇ ਰੋਂਦੇ ਕੁਰਲਾਉਂਦੇ ਨਾਬਾਲਗ ਪੁੱਤ (ਪਰਤਾਪ ਸਿੰਘ) ਦਾ ਸਿਰ ਲਾਹਿਆ ਸੀ ਤੇ ਸਰੀਰ ਦੇ ਟੋਟੇ ਕੀਤੇ ਸੀ। ਰਿਸ਼ਤੇ ਚ ਪਰਤਾਪ, ਲਹਿਣਾ ਸਿੰਘ ਦਾ ਪੋਤਾ ਲੱਗਦਾ ਸੀ। ਫਿਰ ਇਨ੍ਹਾਂ ਦੋਹਾਂ ਪਿਓ-ਪੁੱਤਾਂ ਦੇ ਸਿਰ ਨੇਜ਼ਿਆਂ ਤੇ ਟੰਗ ਕੇ ਸ਼ਹਿਰ ਚ ਗੇੜੇ ਕੱਢੇ ਸੀ। ਪਤਾ ਲੱਗਣ ਤੇ ਜਦੋਂ ਧਿਆਨ ਸਿੰਘ ਨੇ ਇਸ ਦੀ ਪੁੱਛ-ਗਿੱਛ ਕੀਤੀ ਤਾਂ ਸੰਧਾਵਾਲੀਆਂ ਨੇ ਉਸ ਨੂੰ ਵੀ ਮਾਰ ਮੁਕਾਇਆ ਤੇ ਉਸਦੇ ਬਾਡੀਗਾਰਡਾਂ ਦੇ ਵੀ ਟੋਟੇ ਟੋਟੇ ਕਰ ਦਿੱਤੇ। ਇੱਕੋ ਦਿਨ ਐਨੇ ਬੰਦੇ ਕਤਲ ਹੁੰਦੇ ਹਨ। ਜਦ ਹੀਰਾ ਸਿੰਘ ਨੂੰ ਅਪਣੇ ਬਾਪ ਦੇ ਕਤਲ ਦਾ ਪਤਾ ਲੱਗਾ ਤਾਂ ਉਸ ਨੇ ਓਥੇ ਹੀ ਸਹੁੰ ਖਾ ਲਈ ਕਿ ਉਹ ਓਨਾ ਚਿਰ ਅੰਨਪਾਣ ਨਹੀਂ ਕਰੇਗਾ ਜਦ ਤੱਕ ਉਸ ਦੇ ਬਾਪ ਦੇ ਕਾਤਲ ਫੜੇ ਨਹੀਂ ਜਾਂਦੇ। ਫੌਜ ਨੇ ਇਹ ਗੱਲ ਸੁਣ ਕੇ ਸੰਧਾਵਾਲੀਆਂ ਤੇ ਹਮਲਾ

ਬੋਲ ਦਿੱਤਾ। ਹੀਰਾ ਸਿੰਘ ਦੀ ਮਾਂ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਓਨਾ ਚਿਰ ਧਿਆਨ ਸਿੰਘ ਦਾ ਸੰਸਕਾਰ ਨਹੀਂ ਹੋਣ ਦਏਗੀ ਜਦ ਤੀਕ ਉਸਦੇ ਪਤੀ ਦੇ ਕਾਤਲ ਦਾ ਸਿਰ ਉਸਦੇ ਪੈਰਾਂ ਚ ਲਿਆ ਕੇ ਨਾ ਰੱਖਿਆ ਗਿਆ ਤੇ ਅਜੇਹਾ ਹੀ ਹੋਇਆ ਸੀ। ਇਹੋ ਜਿਹੇ ਖ਼ੂਨ ਖਰਾਬੇ, ਵੱਢ ਟੁੱਕ ਤੇ ਬੇਵਿਸਾਹੀ ਦੇ ਮਹੌਲ ਚ ਮਸੂਮ ਬਾਲਕ ਦਲੀਪ ਸਿੰਘ ਨੂੰ ਰਣਜੀਤ ਸਿੰਘ ਦਾ ਵਾਰਿਸ ਥਾਪ ਦਿੱਤਾ ਗਿਆ। ਅਜੇ ਵੀ ਕਤਲੋ ਗਾਰਤ ਦਾ ਕੰਮ ਪੂਰਾ ਨਹੀਂ ਸੀ ਹੋਇਆ। ਹੋਰ ਧਿਰਾਂ ਵੀ ਆਪੋ ਅਪਣੀ ਤਾਕ ਚ ਬੈਠੀਆਂ ਸੀ। ਬਾਅਦ ਚ ਜਿੰਦਾਂ ਦੇ ਭਰਾ (ਜਵਾਹਰ ਸਿੰਘ) ਦੇ ਕਹਿਣ ਤੇ ਹੀਰਾ ਸਿੰਘ ਤੇ ਪੰਡਿਤ ਜੱਲ੍ਹੇ ਦੇ ਸਿਰ ਲਾਹ ਕੇ ਨੇਜ਼ਿਆਂ ਤੇ ਟੰਗ ਕੇ ਲਹੌਰ ਚ ਗੇੜੇ ਦਿੱਤੇ ਸੀ। ਜਵਾਹਰ ਸਿੰਘ (ਦਲੀਪ ਸਿੰਘ ਦਾ ਮਾਮਾ) ਪ੍ਰਧਾਨ ਮੰਤਰੀ ਬਣਨ ਲਈ ਅਪਣਾ ਰਾਹ ਪੱਧਰਾ ਕਰਨਾ ਚਾਹੁੰਦਾ ਸੀ। ਜਦੋਂ ਸ਼ਹਿਜਾਦਾ ਪਿਸ਼ੌਰਾ ਸਿੰਘ ਵੀ ਵਾਰਿਸ ਵਜੋਂ ਅਪਣਾ ਹੱਕ ਜਿਤਾਉਣ ਲਈ ਸਿਰ ਚੁੱਕਣ ਲੱਗਾ ਤਾਂ ਜਵਾਹਰ ਸਿੰਘ ਨੇ ਉਸ ਨੂੰ ਰਸਤੇ ਚੋਂ ਪਰ੍ਹੇ ਕਰਵਾ ਦਿੱਤਾ ਸੀ। ਇਸ ਖੁਸ਼ੀ ਚ ਇਹਨੇ ਦੀਪਮਾਲਾ ਵੀ ਕੀਤੀ ਤੇ ਇਨਾਮ ਵੰਡੇ ਸੀ। ਫੌਜ ਦੀ ਦਰਬਾਰ ਪ੍ਰਤੀ ਵਫ਼ਾਦਾਰੀ ਦੀ ਸਿਫ਼ਤ ਇਹ ਸੀ ਕਿ ਇਹ ਹੋਰ ਸਭ ਕੁਝ ਜ਼ਰ ਲੈਂਦੀ ਸੀ ਪਰ ਰਣਜੀਤ ਸਿੰਘ ਦੇ ਪਰਿਵਾਰ ਨਾਲ਼ ਜ਼ੁਲਮ ਨਹੀਂ ਸੀ ਸਹਿੰਦੀ। ਪਿਸ਼ੌਰਾ ਸਿੰਘ ਵੀ ਰਣਜੀਤ ਸਿੰਘ ਦਾ ਪੁੱਤ ਸੀ। ਇਹਦੇ ਕਤਲ ਦਾ ਬਦਲਾ ਲੈਣ ਲਈ ਸਿੱਖ ਪੰਚਾਇਤ ਨੇ ਜਵਾਹਰ ਸਿੰਘ ਤੋਂ ਜੁਆਬ ਤਲਬੀ ਕੀਤੀ ਤਾਂ ਪਹਿਲਾਂ ਇਸਨੇ ਕੋਈ ਧਿਆਨ ਨਹੀਂ ਸੀ ਦਿੱਤਾ। ਜਿੰਦਾਂ ਦਾ ਭਰਾ ਹੋਣ ਕਰਕੇ ਇਹ ਖੁਦ ਨੂੰ ਫੰਨੇ ਖਾਂ ਸਮਝਦਾ ਸੀ। ਜਦ ਇਹਨੂੰ ਕੋਈ ਹੋਰ ਚਾਰਾ ਨਾ ਦਿਸਿਆ ਤਾਂ ਅਪਣੇ ਭਾਣੇ ਤਾਂ ਬਚਾਅ ਲਈ ਉਹ ਦਲੀਪ ਸਿੰਘ ਨੂੰ ਅਪਣੀ ਗੋਦੀ ਚ ਬਿਠਾ ਹਾਥੀ ਤੇ ਬਹਿ ਕੇ ਪੇਸ਼ ਹੋਇਆ। ਪਿੱਛੇ ਪਿੱਛੇ, ਦੂਜੇ ਹਾਥੀ ਤੇ ਜਿੰਦਾਂ ਅਪਣੀ ਗੋਲੀ ਨਾਲ਼ ਬਹਿ ਕੇ ਆਈ ਸੀ। ਦਲੀਪ ਸਿੰਘ ਨੂੰ ਜਵਾਹਰ ਕੋਲੋਂ ਖੋਹ ਕੇ ਜਿੰਦਾਂ ਦੇ ਸਪੁਰਦ ਕੀਤਾ ਗਿਆ ਤੇ ਜਵਾਹਰ ਸਿੰਘ ਨੂੰ ਸੱਭ ਦੇ ਸਾਹਮਣੇ ਹੀ ਮਾਰ ਦਿੱਤਾ ਗਿਆ। ਜਿੰਦਾਂ ਦੇ ਰੋਣ ਕੁਰਲਾਉਣ ਤੇ ਭਰਾ ਨੂੰ ਬਖ਼ਸ਼ ਦੇਣ ਦੇ ਤਰਲਿਆਂ ਦਾ ਕੋਈ ਅਸਰ ਨਾ ਹੋਇਆ। ਬਾਲ ਵਰੇਸੇ ਹੀ ਦਲੀਪ ਸਿੰਘ ਨੇ ਅਪਣੇ ਮਾਮੇ ਦਾ ਕਤਲ ਅਪਣੀ ਅੱਖੀਂ ਦੇਖਿਆ ਸੀ ਤੇ ਜਵਾਹਰ ਸਿੰਘ ਦੇ ਲਹੂ ਦੇ ਛਿੱਟੇ ਵੀ ਇਹਦੇ ਤੇ ਪਏ ਸੀ। ਸ਼ਾਹ ਮੁਹੰਮਦ ਅਨੁਸਾਰ ਇਹਦਾ ਸਿਰ ਵੀ ਝਟਕਾ ਦਿੱਤਾ ਸੀ। ਦੁਖੀ ਪ੍ਰੇਸ਼ਾਨ ਜਿੰਦਾਂ ਨੇ ਭਰਾ ਦੇ ਕਤਲ ਦਾ ਬਦਲਾ ਲੈਣ ਦੀ ਗੱਲ ਕਹਿ ਦਿੱਤੀ ਸੀ। ਪਰ ਇਸ ਤੋਂ ਬਾਅਦ ਸਿੱਖਾਂ ਨੇ ਦਲੀਪ ਸਿੰਘ ਤੇ ਰਾਣੀ ਜਿੰਦਾਂ ਪ੍ਰਤੀ ਵਫ਼ਾਦਾਰੀ ਦੀਆਂ ਕਸਮਾਂ ਖਾ ਲਈਆਂ। ਐਸੀ ਮਾਰ ਧਾੜ ਦੇ ਸਬੱਬ ਵੱਸ ਬੇਵਸਾਈ ਤੇ ਸਹਿਮ ਦਾ ਆਲਮ ਪੈਦਾ ਹੋ ਗਿਆ ਸੀ। ਦਰਬਾਰ ਵਿਚਲੇ ਸਿੱਖਾਂ ਨੇ ਜਿੰਨੀ ਬੇਰਹਿਮੀ ਨਾਲ ਅਪਣੇ ਹੀ ਸਿੱਖ ਭਰਾ ਮਾਰੇ ਤੇ ਉਨ੍ਹਾਂ ਦੇ ਸਿਰ ਝਟਕਾਏ ਉਸਦੀ ਮਿਸਾਲ ਘੱਟ ਹੀ ਮਿਲਦੀ ਹੈ।

ਅੰਗਰੇਜ਼ਾਂ ਨਾਲ਼ ਲੜਾਈ ਕਿਸ ਨੇ ਸ਼ੁਰੂ ਕੀਤੀ ਜਾਂ ਕਰਵਾਈ ਇਸ ਬਾਰੇ ਵਿਚਾਰ-ਰਾਵਾਂ ਵੱਖਰੇ ਵੱਖਰੇ ਹੋ ਸਕਦੇ ਹਨ ਪਰ ਪੰਜਾਬੀ ਦਾ ਮੰਨਿਆ ਕਿੱਸਾਕਾਰ, ਸ਼ਾਹ ਮੁਹੰਮਦ, ਇਸ ਬਾਰੇ ਬਹੁਤ ਸਾਫ ਹੈ ਅਤੇ ਖੁਸ਼ਵੰਤ ਸਿੰਘ ਵੀ ਇਹਦੇ ਚ ਜਿੰਦਾਂ ਦਾ ਹੱਥ ਦੱਸਦਾ ਹੈ। ਪਰ ਇਕ ਗੱਲ ਪੱਕੀ ਹੈ ਕਿ ਉਦੋਂ ਭਾਰਤ ਦਾ ਕੋਈ ਰਾਜਾ ਵੀ ਫਿਰੰਗੀ ਦੇ ਪਾਂ-ਪਾਸਕ ਨਹੀਂ ਸੀ ਉਤਰਦਾ। ਉੱਤੋਂ ਅੰਗਰੇਜ਼ ਕਿਸੇ ਵੀ ਭਾਰਤੀ ਰਾਜੇ ਨਾਲੋਂ ਕਿਤੇ ਵਧਕੇ ਕੂਟਨੀਤਕ ਸੀ। ਉਨ੍ਹਾਂ ਨੇ ਦੇਰ ਤੋਂ ਪੰਜਾਬ ਤੇ ਅੱਖ ਰੱਖੀ ਹੋਈ ਸੀ। ਘਾਤ ਲਾ ਕੇ ਬੈਠਾ ਫਿਰੰਗੀ ਸਹੀ ਮੌਕੇ ਦੀ ਤਾੜ ਚ ਸੀ। ਉਦੋਂ ਇਹ ਅੰਗਰੇਜ਼ ਸਲਤਨਤ ਦੀ ਚੜ੍ਹਤ ਦਾ ਵੇਲ਼ਾ ਵੀ ਸੀ ਤੇ ਉਨ੍ਹਾਂ ਨੂੰ ਉਸ ਵੇਲੇ ਪੰਜਾਬ ਹੜੱਪਣ ਤੋਂ ਕਿਸੇ ਨੇ ਨਹੀਂ ਸੀ ਰੋਕ ਸਕਣਾ। ਰਣਜੀਤ ਸਿੰਘ ਨੇ ਤਾਂ ਆਪ ਭਾਰਤ ਦਾ ਨਕਸ਼ਾ ਦੇਖ ਕੇ ਪਹਿਲਾਂ ਹੀ ਕਹਿ ਦਿੱਤਾ ਸੀ: ਸੱਭ ਲਾਲ {ਅੰਗਰੇਜ਼ ਦਾ} ਹੋ ਜਾਏਗਾ। ਏਸ ਵੇਲੇ ਜਦੋਂ ਸਿੱਖ ਆਪਸ ਚ ਲੜ ਲੜ ਕੇ ਇਕ ਦੂਜੇ ਨੂੰ ਮਾਰ ਰਹੇ ਸੀ ਤਾਂ ਅੰਗ਼ਰੇਜ਼ ਮੌਕਾ ਕਿਓਂ ਗਵਾਉਂਦਾ? ਮੁੱਕਦੀ ਗੱਲ ਇਹ ਹੈ ਕਿ ਫਿਰੰਗੀਆਂ ਨੇ ਪੰਜਾਬ ਤੇ ਕਬਜ਼ੇ ਦੀ ਸਕੀਮ ਬਣਾਈ ਹੋਈ ਸੀ ਤੇ ਅਪਣੇ ਵੱਸ ਚ ਕਰ ਲਿਆ। ਬਾਲ ਦਲੀਪ ਸਿੰਘ ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਭਰਾਵਾਂ ਦੀ ਸੰਧੀ ਮੁਤਾਬਿਕ ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਤਾਰਾਂ ਸਾਲ ਦੀ ਉਮਰ ਤੱਕ ਰਖਵਾਲੀ ਕਰਨੀ ਸੀ ਤੇ ਉਦੋਂ ਤੀਕ ਉਹਨੇ ਬਾਲਗ਼ ਹੋ ਜਾਣਾ ਸੀ। ਪਰ ਫਿਰੰਗੀ ਦੇ ਅੰਦਰੋਂ ਇਰਾਦੇ ਹੋਰ ਸੀ। ਦਲੀਪ ਸਿੰਘ ਦੀ ਹਿਫਾਜ਼ਤ ਲਈ, ਅੰਗਰੇਜ਼ ਫੌਜਾਂ ਲਹੌਰ ਚ ਤਾਇਨਾਤ ਹੋ ਗਈਆਂ। ਕਿਸੇ ਵੀ ਸਿੱਖ ਜਾਂ ਹੋਰ ਅਹਿਲਕਾਰ ਨੂੰ ਇਸ ਤੇ ਇਤਰਾਜ਼ ਨਹੀਂ ਸੀ ਹੋਇਆ। ਜਿੰਦਾਂ ਦੇ ਤਾਹਨੇ ਮਿਹਣੇ ਵੀ ਜਰਨੈਲਾਂ ਨੂੰ, ਅੰਗਰੇਜ਼ਾਂ ਵਿਰੁੱਧ ਨਾ ਕਰ ਸਕੇ। ਸਗੋਂ ਬਾਅਦ ਚ ਕਈ ਸਿੱਖਾਂ ਨੇ ਗੋਰਿਆਂ ਤੋਂ ਇਨਾਮ-ਸਨਮਾਨ ਲੈ ਗਏ ਸੀ। ਅਖ਼ੀਰ ਫ਼ਿਰੰਗੀਆਂ ਨੇ ਰੋਂਦੀ ਕੁਰਲਾਉਂਦੀ ਜਿੰਦਾਂ ਕੋਲੋਂ ਉਸਦਾ ਨੌਂ ਸਾਲਾਂ ਦਾ ਮਸੂਮ ਇਕਲੌਤਾ ਬਾਲ ਖੋਹ ਲਿਆ ਸੀ। ਅੰਗਰੇਜ਼ਾਂ ਨੇ ਜਿੰਦਾਂ ਨੂੰ ਕਬਜ਼ੇ ਚ ਕਰਕੇ, ਪਹਿਲਾਂ ਲਹੌਰ ਫਿਰ ਸੇਖੂਪੁਰੇ ਤੇ ਬਾਅਦ ਚ ਚਿਨਾਰ ਦੇ ਕਿਲਿਆਂ ਚ

ਕੈਦੀ ਬਣਾ ਕੇ ਰੱਖਿਆ ਸੀ। ਇੱਥੋਂ ਉਹ ਫ਼ਕੀਰਾਂ ਵਾਲਾ ਭੇਸ ਵਟਾ ਕੇ ਭੱਜ ਗਈ ਸੀ ਤੇ ਨਿਪਾਲ ਦੇ ਰਾਜੇ ਤੋਂ ਸ਼ਰਣ ਲੈ ਲਈ। ਅੰਗਰੇਜ਼ ਦਾ ਦਾਬਾ ਹੋਰ ਜੰਮ ਰਿਹਾ ਸੀ, ਕੱਲੀ ਤੀਵੀਂ ਮਾਨੀ ਕੀ ਕਰ ਲੈਂਦੀ। ਲਾਰਡ ਡਲਹੌਜੀ ਨੇ ਲਹੌਰ ਦੇ ਤੋਸ਼ੇਖਾਨੇ ਚੋਂ ਕੋਹਿਨੂਰ ਹੀਰਾ ਲੈ ਕੇ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਘੱਲ ਦਿੱਤਾ ਸੀ। ਇਹਦੇ ਚ ਅੰਦਰ ਖਾਤੇ ਡਲਹੌਜ਼ੀ ਦਾ ਅਪਣਾ ਸੁਆਰਥ ਸੀ।

ਸਕੀਮ ਅਨੁਸਾਰ ਦਲੀਪ ਸਿੰਘ ਦਾ ਪਾਲਣ ਪੋਸ਼ਣ ਪੱਛਮੀ ਤਰਜ਼ੇ ਜ਼ਿੰਦਗੀ ਤੇ ਅੰਗਰੇਜ਼ਾਂ ਦੀ ਦੇਖ ਰੇਖ ਚ ਹੋਣਾ ਸ਼ੁਰੂ ਹੋ ਗਿਆ ਸੀ। ਇਹ ਜ਼ਿੰਮੇਵਾਰੀ ਡਾ: ਜੋਹਨ ਲੋਗਨ ਨੂੰ ਸੌਂਪੀ ਗਈ। ਇਸੇ ਤਰਬੀਅਤ ਦੇ ਅਸਰ ਅਧੀਨ ਇਸ ਨੇ ਅਪਣੇ (ਸਿੱਖ) ਧਰਮ ਨੂੰ ਤਿਆਗ ਕੇ ਈਸਾਈ ਹੋਣ ਦੀ ਤੇ ਵਲੈਤ ਜਾ ਕੇ ਵੱਸ ਜਾਣ ਦੀ ਖ਼ਾਹਿਸ਼ ਜ਼ਾਹਿਰ ਕੀਤੀ ਸੀ। ਇਹਨੇ ਡਾ. ਲੋਗਨ ਦੀ ਪਤਨੀ ਨੂੰ ਅਪਣੇ ਕੇਸਾਂ ਦੀ ਇਕ ਲਟ ਕੱਟ ਕੇ ਭੇਜੀ ਸੀ। ਨਾਲ਼ ਇਹ ਵੀ ਲਿਖਿਆ ਸੀ ਕਿ ਮੈਨੂੰ ਖ਼ਿਆਲ ਰੱਖਣਾ ਪੈ ਰਿਹਾ ਹੈ ਕਿ ਮੇਰੀ ਦਿੱਖ ਕਿਤੇ ਇਕ ਦਮ ਨਾ ਬਦਲ ਜਾਵੇ। ਫ਼ਿਰੰਗੀ ਨੇ ਸੋਚ ਵਿਚਾਰ ਕਰਨ ਤੋਂ ਦੋ ਸਾਲ ਬਾਅਦ ਇਹਦੀ ਇੱਛਾ ਦੀ ਪੂਰਤੀ ਕਰ ਦਿੱਤੀ ਸੀ। ਮਨੋਂ ਈਸਾਈ ਤਾਂ ਇਹ ਭਾਰਤ ਚ ਰਹਿੰਦਿਆਂ ਹੋ ਗਿਆ ਸੀ। ਪਾਲਣ ਪੋਸ਼ਣ ਤੇ ਸਿੱਖਿਆ ਦਾ ਅਸਰ ਸੀ ਕਿ ਇਹ ਹੁਣ ਪੰਜਾਬੀ ਵੀ ਨਹੀਂ ਸੀ ਦਿਸਣਾ ਚਾਹੁੰਦਾ ਤੇ ਵਲੈਤ ਦਾ ਜੈਂਟਲਮੈਨ ਦਿਸਣਾ ਚਾਹੁੰਦਾ ਸੀ। ਅੰਗਰੇਜ਼ ਨੇ ਤਾਂ ਇਸ ਤੋਂ ਖ਼ੁਸ਼ ਹੀ ਹੋਣਾ ਸੀ, ਉਨ੍ਹਾਂ ਦੀ ਸਕੀਮ ਸਿਰੇ ਚੜ੍ਹ ਰਹੀ ਸੀ। ਫਿਰੰਗੀ ਮਨਸ਼ੇ ਮੁਜ਼ਬ, ਦਲੀਪ ਸਿੰਘ ਨੇ ਪੂਰਾ ਅੰਗਰੇਜ਼ਾਂ ਦੀ ਦੇਖ ਰੇਖ ਚ ਆਉਣਾ ਸੀ, ਸੋ ਆ ਗਿਆ। ਪੰਦਰਾਂ ਸਾਲ ਦੀ ਉਮਰ ਚ ਇਸ ਨੂੰ ਵਲੈਤ ਲੈ ਜਾਇਆ ਗਿਆ। ਜਦੋਂ ਇਸ ਦਾ ਮਨ ਵਲੈਤ ਦੇਖ ਦੇਖ ਭਰ ਗਿਆ ਤਾਂ ਇਸਨੂੰ ਯੂਰਪ ਚ ਛੁੱਟੀਆਂ ਲਈ ਵੀ ਲੈ ਜਾਇਆ ਗਿਆ। ਪਹਿਲਾਂ ਇਹ ਲੰਡਨ ਤੇ ਫਿਰ ਸਕੌਟਲੈਂਡ ਚ ਦੋ ਥਾਂਈਂ ਰਿਹਾ; ਇਹਨੂੰ ਔਕਲਿਨ ਤੇ ਆਬਰਫੈੱਲਡੀ ਚ ਵੱਡੇ ਮਹੱਲ ਕਿਰਾਏ ਤੇ ਲੈ ਕੇ ਦਿੱਤੇ ਸੀ। ਇਹ ਖ਼ਰਚ ਖੁਆਹ ਵਜੋਂ ਮਸ਼ਹੂਰ ਹੋਈ ਜਾ ਰਿਹਾ ਸੀ। ਬਾਅਦ ਚ ਇਹਨੇ ਇੰਗਲੈਂਡ ਦੇ ਯੌਰਕਸ਼ਾਇਰ ਦਾ 'ਮੱਲਗਰੇਵ ਕਾਸਲ' ਕਿਰਾਏ ਤੇ ਲੈ ਲਿਆ ਸੀ। ਜਦੋਂ ਇਹ ਸੋਲਾਂ ਸਾਲਾਂ ਦਾ ਹੋਇਆ ਤਾਂ ਸਰਕਾਰ ਨੇ ਇਸਨੂੰ ਪੱਚੀ ਹਜ਼ਾਰ ਪੌਂਡ (ਅੱਜ ਦੇ ਹਿਸਾਬ ਢਾਈ ਮਿਲੀਅਨ ਪੌਂਡ) ਦੀ ਪੈਨਸ਼ਨ ਲਾ ਦਿੱਤੀ, ਜੋ ਕਿ ਵਲੈਤ ਦੇ ਆਮ ਅਮੀਰ-ਕੁਲੀਨਾਂ ਪਰਵਿਾਰਾਂ ਦੀ ਆਮਦਨ ਤੋਂ ਕਿਤੇ ਵੱਧ ਸੀ ਪਰ ਇਹਦੇ ਖਰਚੇ ਦਿਨੋਂ ਦਿਨ ਵਧੀ ਜਾਂਦੇ ਸੀ। ਉੱਨੀ ਸਾਲ ਦੀ ਉਮਰ ਚ ਇਸਨੇ ਖ਼ੁਦ ਮੁਖਤਿਆਰ ਹੋਣ ਲਈ ਅਰਜ਼ੀ ਦੇ ਦਿੱਤੀ, ਜੋ ਮਨਜ਼ੂਰ ਹੋ ਗਈ ਤੇ ਇਹਦੀ ਪੈਨਸ਼ਨ ਚ ਵਾਧਾ ਵੀ ਕੀਤਾ ਗਿਆ। ਬਾਅਦ ਚ ਇੰਡੀਆ ਆਫ਼ਿਸ ਦੀ ਮਦਦ ਨਾਲ਼ ਸਤਾਰਾਂ ਹਜ਼ਾਰ ਏਕੜ ਦੀ ਜਾਇਦਾਦ ਐਲਵਡੰਨ ਚ ਖ਼ਰੀਦੀ ਸੀ। ਇਸਨੇ ਏਥੇ ਬੇਤਹਾਸ਼ਾ ਖਰਚ ਕਰਕੇ ਇਸ ਨੂੰ ਦੇਸ ਦੇ ਮੁਗਲੱਈ ਮਹੱਲਾਂ ਦੀ ਤਰਜ਼ ਤੇ ਬਣਾ ਲਿਆ ਸੀ। ਕਈ ਤਰਾਂ ਦੇ ਜਾਨਵਰ ਪੰਛੀ ਵਗੈਰਾ ਰੱਖ ਲਏ ਸੀ ਤੇ ਲਾਗੇ ਹੀ ਸ਼ਿਕਾਰਗਾਹ ਵੀ ਬਣਾ ਲਈ। ਦਾੜ੍ਹੀ ਨਾਲੋਂ ਮੁੱਛਾਂ ਵਧਦੀਆਂ ਗਈਆਂ। ਇੰਡੀਆ ਸਰਕਾਰ ਤੋਂ ਇਹ ਹੋਰ ਪੈਸੇ ਲੈਣ ਜਾਂ ਵਧਾਉਣ ਲਈ ਅਰਜ਼ੀਆਂ ਦੇਈ ਜਾਂਦਾ ਸੀ ਜੋ ਆਖ਼ੀਰ ਚ ਨਾਮਨਜ਼ੂਰ ਹੋਣ ਲੱਗ ਪਈਆਂ। ਜਦੋਂ ਦਾ ਇਹ ਵਲੈਤ ਆਇਆ ਸੀ, ਮਲਿਕਾ ਵਿਕਟੋਰੀਆ ਨੂੰ ਇਸ ਦਾ ਹਮੇਸ਼ਾਂ ਬੜਾ ਫ਼ਿਕਰ ਸੀ। ਉਹ ਅਪਣੇ ਅਮਲੇ ਫੈਲੇ ਨੂੰ ਵੀ ਇਹਦੀ ਮਦਦ ਕਰਨ ਲਈ ਕਹਿੰਦੀ ਰਹਿੰਦੀ ਸੀ ਤੇ ਇਹਨੂੰ ਵੀ ਅਪਣਾ ਖ਼ਰਚ ਤੇ ਕਾਬੂ ਪਾਉਣ ਲਈ ਕਹਿੰਦੀ ਸੀ। ਪਰ ਇਹ ਕਿਸੇ ਦੀ ਸੁਣਦਾ ਹੀ ਨਹੀਂ ਸੀ।



Born in India, Sept. 4, 1838 Died in Paris, Oct. 22, 1893
THE LATE MAHARAJAH DHULEEP SINGH, G.C.S.I.
From a photograph by Clarke, Bury St. Edmunds

ਮਗਰੋਂ ਦਲੀਪ ਸਿੰਘ ਨੂੰ ਪੰਜਾਹ ਹਜ਼ਾਰ ਪੌਂਡ ਦੀ ਪੈਨਸ਼ਨ ਲਾ ਕੇ ਮਹੱਲ ਚ ਸਹਿਜ਼ਾਦਿਆਂ ਵਾਲੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ। ਮਹਾਰਾਣੀ ਵਿਕਟੋਰੀਆ ਨੇ ਇਹਨੂੰ ਪੁੱਤਾਂ ਵਾਂਗ ਪਿਆਰ ਦਿੱਤਾ ਸੀ; ਇਹ ਸ਼ਾਹੀ ਘਰਾਣੇ ਦੇ

ਘੇਰਿਆਂ ਚ ਵਿਚਰਨ ਲੱਗ ਪਿਆ। ਮਲਿਕਾ ਵਿਕਟੋਰੀਆ ਦੇ ਦਿਲ ਚ ਇਹਦੇ ਲਈ ਖਾਸ ਮੋਹ ਸੀ। ਇਸਨੂੰ ਬਹੁਤ ਸਾਰੇ ਕੀਮਤੀ ਤੋਹਫੇ ਵੀ ਦਿੱਤੇ ਸੀ ਜਿਨ੍ਹਾਂ ਚ ਕਿਸੇ ਵਧੀਆ ਨਸਲ ਦਾ ਘੋੜਾ ਵੀ ਸ਼ਾਮਿਲ ਸੀ। ਮਲਿਕਾ ਨੇ ਤਿਹੁ ਨਾਲ਼ ਦਲੀਪ ਸਿੰਘ ਦੀਆਂ ਭਰ ਜਵਾਨੀ ਦੀਆਂ ਫੋਟੋਆਂ ਖਿਚਵਾਈਆਂ ਤੇ ਕੁਝ ਪੇਂਟਿੰਗਾਂ ਵੀ ਚੋਟੀ ਦੇ ਕਲਾਕਾਰਾਂ ਤੋਂ ਬਣਵਾਈਆਂ ਸੀ। ਵਿਹਲੇ ਸਮੇਂ ਮਹਾਰਾਣੀ ਤੇ ਦਲੀਪ ਸਿੰਘ ਇਕ ਦੂਜੇ ਦੀਆਂ ਤਸਵੀਰਾਂ ਵਾਹੁੰਦੇ ਰਹਿੰਦੇ। ਦਲੀਪ ਸਿੰਘ ਨੂੰ ਅਕਸਰ ਮਲਿਕਾ ਦੇ ਮਹੱਲਾਂ ਚੋਂ ਸੱਦੇ ਆਉਂਦੇ ਰਹਿੰਦੇ। ਦਲੀਪ ਸਿੰਘ ਉਨ੍ਹਾਂ ਚ ਵੀ ਸ਼ੁਮਾਰ ਹੁੰਦਾ ਸੀ, ਜਿਨ੍ਹਾਂ ਨੂੰ ਮਲਿਕਾ ਦੇ ਮਹਿਲਾਂ ਚ ਕਿਸੇ ਵੇਲ਼ੇ ਵੀ ਜਾਣ ਦੀ ਖੁਲ੍ਹ ਸੀ। ਰਾਜਨੀਤਕ ਲੋਕ ਤੇ ਹੋਰ ਅਹਿਲਕਾਰ ਵਿਕਟੋਰੀਆ ਦੀ ਏਨੀ ਖੁੱਲ੍ਹਦਿਲੀ ਤੇ ਲਗਾਓ ਤੋਂ ਹੈਰਾਨ ਸੀ। ਇਹ ਵਲੈਤ ਦੇ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਤੇ ਅਮੀਰਾਂ-ਕੁਲੀਨਾਂ ਚ ਪੂਰਾ ਘੁਲ਼ ਮਿਲ਼ ਗਿਆ। ਉਨ੍ਹਾਂ ਨਾਲ਼ ਗੂੜ੍ਹੀਆਂ ਦੋਸਤੀਆਂ ਬਣ ਗਈਆਂ। ਇਹਦੇ ਸ਼ੌਕ ਤੇ ਆਦਤਾਂ ਵੀ ਉਨ੍ਹਾਂ ਵਰਗੀਆਂ ਹੋ ਜਾਣੀਆਂ ਸੀ। ਇਹ ਲੰਡਨ ਦੇ ਬਹੁਤ ਮਹਿੰਗੇ ਕਲੱਬਾਂ ਵਿਚ, ਸ਼ਾਹੀ ਘਰਾਣੇ ਦੀਆਂ ਪਾਰਟੀਆਂ ਚ ਹਾਜ਼ਿਰ ਹੁੰਦਾ ਅਤੇ ਨਾਚ, ਸ਼ਿਕਾਰ ਤੇ ਅਯਾਸ਼ੀਆਂ ਚ ਪੂਰਾ ਗ਼ਲਤਾਨ ਰਹਿੰਦਾ। ਮਲਿਕਾ ਦੇ ਵੱਡੇ ਮੁੰਡੇ ਪ੍ਰਿੰਸ ਐਲਬੱਰਟ (ਲਾਡਲਾ ਨਾਂ - ਬੱਰਟੀ) ਤੇ ਦਲੀਪ ਦੀਆਂ ਜੁਏਬਾਜੀ, ਤੀਵੀਂਬਾਜੀ ਤੇ ਵੇਸ਼ਵਾਗਮਨੀ ਆਦਿ ਦੀਆਂ ਖ਼ਬਰਾਂ ਹੌਲ਼ੀ ਹੌਲ਼ੀ ਮਲਿਕਾ ਕੋਲ਼ ਪਹੁੰਚਣੀਆਂ ਸ਼ੁਰੂ ਹੋ ਗਈਆਂ। ਗੱਲ ਹੱਦੋਂ ਵੱਧਦੀ ਦੇਖ ਕੇ, ਮਲਿਕਾ ਨੇ ਦੋਹਾਂ ਨੂੰ ਸੱਦ ਕੇ ਤਾੜਿਆ ਸੀ ਤੇ ਛੇਤੀ ਸਿੱਧੇ ਰਾਹ ਤੇ ਆ ਜਾਣ ਦੀ ਹਦਾਇਤ ਕੀਤੀ ਸੀ। ਆਮਦਨ ਤੋਂ ਵੱਧ ਖਰਚ ਕਰਨ ਕਰਕੇ ਦਲੀਪ ਸਿੰਘ ਆਮ ਕਰਕੇ ਕਰਜ਼ੇ ਹੇਠ ਹੀ ਰਹਿੰਦਾ ਸੀ। ਅੰਗਰੇਜ਼ਾਂ ਨੂੰ ਅਪਣੀ ਪੈਨਸ਼ਨ ਵਧਾਉਣ ਲਈ ਅਰਜ਼ੀਆ ਦਿੰਦਾ ਰਹਿੰਦਾ ਸੀ। ਕਈ ਅਰਜੀਆਂ ਮਨਜ਼ੂਰ ਨਾ ਹੁੰਦੀਆਂ; ਕਦੇ ਕਦੇ ਹੋਰ ਸ਼ਰਤਾਂ ਤੇ ਵਿਆਜੀ ਪੈਸੇ ਦੇ ਦਿੱਤੇ ਜਾਂਦੇ। ਲਾਪ੍ਰਵਾਹੀ ਚ ਦਲੀਪ ਸਿੰਘ ਸਾਲੋ ਸਾਲੀ ਕਰਜ਼ੇ ਦਾ ਭਾਰ ਵਧਾਈ ਜਾਂਦਾ ਸੀ।

ਅੰਗਰੇਜ਼ ਹਾਕਮਾਂ ਨੇ ਅਪਣੀ ਮਾਂ ਨਾਲ਼ ਰਾਬਤਾ ਕਰਨ ਦੀਆਂ ਦਲੀਪ ਸਿੰਘ ਦੀਆਂ ਪਹਿਲੀਆਂ ਕੋਸਿਸ਼ਾਂ ਨੂੰ ਬੂਰ ਨਾ ਪੈਣ ਦਿੱਤਾ। ਪਰ ਅਖ਼ੀਰ ਚ ਜਨਵਰੀ 1861 ਨੂੰ ਇੰਡੀਆ ਸਰਕਾਰ ਨੇ ਇਹਨੂੰ ਅਪਣੀ ਮਾਂ ਨੂੰ ਮਿਲਣ ਦੀ ਆਗਿਆ ਦੇ ਦਿੱਤੀ ਪਰ ਮਿਲ ਸਿਰਫ਼ ਕਲਕੱਤੇ ਹੀ ਸਕਦਾ ਸੀ। ਜਿੰਦਾਂ ਉਦੋਂ ਤੀਕ ਬੀਮਾਰ ਰਹਿਣ ਲੱਗ ਪਈ ਸੀ ਤੇ ਨਿਗਾਹ ਵੀ ਬਹੁਤ ਘੱਟ ਗਈ ਸੀ। ਕਿਹਾ ਜਾਂਦਾ ਹੈ ਕਿ ਜਦ ਜਿੰਦਾਂ ਨੇ ਇਹਦੇ ਸਿਰ ਨੂੰ ਟੋਹ ਕੇ ਇਹਨੂੰ ਮੋਨਾ ਜਾਣਿਆ ਤਾਂ ਬਹੁਤ ਦੁਖੀ ਹੋਈ ਸੀ। ਜਿੰਦਾਂ ਦਾ ਮਨ ਫਿਰੰਗੀਆਂ ਵੱਲ ਕੌੜ ਨਾਲ ਭਰਿਆ ਪਿਆ ਸੀ। ਇਹ ਮਾਂ ਨੂੰ ਅਪਣੇ ਨਾਲ਼ ਇੰਗਲੈਂਡ ਹੀ ਲੈ ਆਇਆ। ਅਪਣੀ ਮਾਂ ਦੇ ਅਸਰ ਹੇਠ ਮਗਰੋਂ ਜਾ ਕੇ ਇਹ ਇੰਡੀਆਂ ਆਫਿਸ ਨੂੰ ਅਪਣੀ ਜਾਇਦਾਦ ਤੇ ਕੋਹਿਨੂਰ ਹੀਰੇ ਬਾਰੇ ਗੱਲਾਂ ਕਰਨ ਲੱਗ ਪਿਆ ਸੀ। ਪਹਿਲਾਂ ਇਕ ਵਾਰ ਮਲਿਕਾ ਨੇ ਇਹਨੂੰ ਕੋਹਿਨੂਰ ਹੀਰਾ ਦਿਖਾਇਆ ਵੀ ਸੀ ਤਾਂ ਇਹਨੇ ਸਿਰ ਝੁਕਾ ਕੇ ਇਹ ਕਹਿੰਦਿਆਂ ਵਾਪਸ ਦੇ ਦਿੱਤਾ ਸੀ - 'ਵਫ਼ਾਦਾਰ ਨਾਗਰਿਕ ਵਜੋਂ ਇਹ ਮੇਰੀ ਸੱਭ ਤੋਂ ਵੱਡੀ ਖੁਸ਼ੀ ਹੈ ਕਿ ਮੈਂ ਅਪਣੇ ਹੱਥਾਂ ਨਾਲ ਕੋਹਿਨੂਰ ਹੀਰਾ ਅਪਣੇ ਪ੍ਰਭੂਆਂ ਨੂੰ ਸੌਂਪ ਰਿਹਾ ਹਾਂ'। ਵਿਕਟੋਰੀਆਂ ਦੇ ਮਨ ਚ ਡਰ ਸੀ ਕਿ ਇਹ ਹੀਰਾ ਵਗਾਹ ਕੇ ਬਾਹਰ ਮਾਰੇਗਾ।

ਦੋ ਸਾਲ ਬਾਅਦ ਜਿੰਦਾਂ 1863 ਚ ਵਲੈਤ ਚ ਹੀ ਪੂਰੀ ਹੋ ਗਈ। ਮਾਂ ਦੁਨੀਆਂ ਤੋਂ ਤੁਰ ਗਈ ਤੇ ਦਲੀਪ ਸਿੰਘ ਉਸ ਦੀਆਂ ਆਖਰੀ ਰਸਮਾਂ ਕਰਨ ਲਈ ਭਾਰਤ ਮੁੜਿਆ ਸੀ। ਜਿੰਦਾਂ ਦੀ ਖਾਹਿਸ਼ ਸੀ ਕਿ ਉਹਦੀਆਂ ਹੱਡੀਆਂ ਇਸ ਨਾਪਾਕ ਮੁਲਕ (ਵਲੈਤ) ਵਿਚ ਨਾ ਰੁਲਣ ਦਿੱਤੀਆਂ ਜਾਣ। ਇਸ ਕਥਨ ਚ ਸਚਾਈ ਦਿਸਦੀ ਹੈ ਕਿ ਜਿੰਦਾਂ ਆਪਣੇ ਪੁੱਤ ਨੂੰ ਮੁੜ ਸਿੱਖ ਸਜਣ ਨੂੰ ਮਨਾਉਂਦੀ ਰਹੀ ਸੀ ਤੇ ਆਪਣਾ ਰਾਜ-ਭਾਗ ਪ੍ਰਾਪਤ ਕਰਨ ਲਈ ਵੀ ਕਹਿੰਦੀ ਸੀ। ਦਲੀਪ ਸਿੰਘ ਅਪਣੇ ਅਪਣਾਏ ਹੋਏ ਮਹੌਲ ਅਤੇ ਵਿਲਾਸਮਈ ਜ਼ਿੰਦਗੀ ਨੂੰ ਮਾਣ ਰਿਹਾ ਸੀ। ਪਰ ਇਸ ਤੇ ਕੋਈ ਅਸਰ ਨਹੀਂ ਸੀ ਹੋਇਆ। ਰਾਣੀ ਜਿੰਦਾਂ ਵੀ ਇਹਦੇ ਮਨ ਚ ਫਿਰੰਗੀਆਂ ਵਿਰੁੱਧ ਕੌੜ ਭਰਨ ਚ ਕਾਮਯਾਬ ਨਹੀਂ ਸੀ ਹੋਈ। ਮਰਦੇ ਦਮ ਤਾਈਂ ਜਿੰਦਾਂ ਆਪ ਵੀ ਅੰਗਰੇਜ਼ਾਂ ਤੋਂ ਪੈਨਸ਼ਨ ਲੈਂਦੀ ਰਹੀ ਸੀ ਤੇ ਇਨ੍ਹਾਂ ਦੇ ਖ਼ਿਲਾਫ ਵੀ ਬੋਲਦੀ ਰਹੀ ਸੀ। ਜਿੰਦਾਂ ਦੀ ਮੌਤ ਤੋਂ ਦੋ ਮਹੀਨੇ ਬਾਅਦ ਹੀ ਡਾ. ਜੋਹਨ ਲੋਗਨ ਵੀ ਇਸ ਜਹਾਨ ਤੋਂ ਤੁਰ ਗਿਆ। ਇਸੇ ਡਾ. ਲੋਗਨ ਤੇ ਇਹਦੀ ਪਤਨੀ (ਲੇਡੀ ਲੇਨਾ ਲੋਗਨ) ਨੇ ਦਲੀਪ ਸਿੰਘ ਨੂੰ ਪਹਿਲਾਂ ਭਾਰਤ ਚ ਤੇ ਫਿਰ ਵਲੈਤ ਚ ਪਾਲਿਆ ਤੇ ਸਿੱਖਿਆ ਦਿੱਤੀ ਸੀ। ਇਹਨੂੰ ਬੱਚਿਆਂ ਵਾਂਗ ਵੱਡਾ ਕੀਤਾ ਸੀ। ਦਲੀਪ ਸਿੰਘ ਦਾ ਇਨ੍ਹਾਂ ਨਾਲ਼ ਬਹੁਤ ਨੇੜ ਸੀ। ਡਾਕਟਰ ਲੋਗਨ ਦੀ ਦਫ਼ਨ ਕਿਰਿਆ ਵੇਲ਼ੇ ਦੁਖੀ ਦਲੀਪ ਸਿੰਘ ਨੇ ਬੜਾ ਭਾਵੁਕ ਹੁੰਦਿਆ ਕਿਹਾ ਸੀ- "ਮੈਂ ਅਪਣਾ ਪਿਤਾ ਖੋਹ ਲਿਆ ਹੈ। ਡਾਕਟਰ ਲੋਗਨ ਮੇਰੇ ਲਈ ਬਾਪ ਸਮਾਨ ਸੀ ਤੇ ਹੋਰ ਵੀ ਬਹੁਤ ਕੁਝ ਸੀ"।

ਜਿੰਦਾਂ ਤੇ ਡਾਕਟਰ ਲੋਗਨ ਦੀਆਂ ਅੱਗੜ-ਪਿੱਛੜ ਮੌਤਾਂ ਤੋਂ ਬਾਅਦ ਮਲਿਕਾ ਵਿਕਟੋਰੀਆ ਨੂੰ ਇਸਦਾ ਫ਼ਿਕਰ ਹੋਰ ਵੱਧ ਗਿਆ ਤੇ ਇਸ ਦੇ ਕਿਸੇ ਤਰਾਂ ਸੈਟਲ ਹੋ ਜਾਣ ਲਈ ਫ਼ਿਕਰਮੰਦ ਸੀ। ਮਲਿਕਾ ਨੇ ਇਹਦੇ ਲਈ ਕੂਰਗ (ਅੱਜ ਦੇ ਕਰਨਾਟਕ ਰਾਜ ਦਾ ਸਮੁੰਦਰੀ ਕੰਢੇ ਵੱਲ ਦਾ ਇਲਾਕਾ) ਦੀ ਸ਼ਹਿਜਾਦੀ ਵਿਕਟੋਰੀਆ ਗੋਅਰਾਮਾ ਨਾਲ਼ ਵਿਆਹ ਦੀ ਗੱਲ ਵੀ ਚਲਾਈ। ਇਹ ਵੀ ਦਲੀਪ ਵਾਂਗੂੰ ਹੀ ਵਲੈਤ ਆਈ ਸੀ। ਇਹਦੇ ਬਾਪ, ਚਿੱਕਾ ਵੀਰ ਰਜੇਂਦਰਾ, ਦੀ ਸਲਤਨਤ ਵੀ ਅੰਗਰੇਜ਼ਾਂ ਨੇ ਅਪਣੇ ਰਾਜ ਚ ਰਲ਼ਾ ਲਈ ਸੀ। ਇਹ ਵੀ ਫ਼ਿਰੰਗੀਆਂ ਦੀ ਨਿਗਰਾਨੀ ਹੇਠ ਪਰਵਰਿਸ਼ ਪਾ ਕੇ ਇਸਾਈ ਹੋਈ ਸੀ। ਗੋਅਰਾਮਾ ਪਤਲੀ, ਗੋਰੀ ਚਿੱਟੀ ਤੇ ਗੋਲ਼ ਮਟੋਲ਼ ਗੱਲ੍ਹਾਂ ਵਾਲੀ, ਖ਼ੁਸ਼ ਰਹਿਣੇ ਸੁਭਾਅ ਦੀ ਕੁੜੀ ਸੀ। ਮਲਿਕਾ ਭਾਣੇ ਇਹ ਦਲੀਪ ਸਿੰਘ ਲਈ ਬਹੁਤ ਢੁਕੱਵਾਂ ਜੀਵਨ ਸਾਥੀ ਸੀ। ਇਹ ਦੋਵੇਂ ਭਾਰਤੀ ਸੀ ਤੇ ਈਸਾਈ ਵੀ ਬਣੇ ਹੋਏ ਸੀ। ਦਲੀਪ ਸਿੰਘ ਨੇ ਇਹ ਰਿਸ਼ਤਾ ਇਹ ਕਹਿਕੇ ਠੁਕਰਾ ਦਿੱਤਾ ਸੀ ਕਿ ਗੋਅਰਾਮਾ ਚੰਚਲ ਤੇ ਦਿਲਫੈਂਕ ਤਬੀਅਤ ਵਾਲ਼ੀ ਲੜਕੀ ਸੀ। ਇਸ ਨੇ ਰਾਣੀ ਨੂੰ ਕਹਿ ਦਿੱਤਾ ਕਿ ਇਹ ਅਪਣਾ ਪ੍ਰਬੰਧ ਆਪੇ ਕਰ ਲਵੇਗਾ। ਪਰ ਮਲਿਕਾ ਵਿਕਟੋਰੀਆ ਦੀ ਚਿੰਤਾ ਘਟੀ ਨਹੀਂ ਸੀ। ਉਹ ਕਿਸੇ ਨਾ ਕਿਸੇ ਵਿਧ ਦਲੀਪ ਸਿੰਘ ਦਾ ਘਰ ਵਸਿਆ ਦੇਖਣਾ ਚਾਹੁੰਦੀ ਸੀ ਤਾਂ ਜੋ ਇਹ ਸੁੱਖ ਸ਼ਾਂਤੀ ਵਾਲ਼ੀ ਜ਼ਿੰਦਗੀ ਬਸਰ ਕਰਨ ਲੱਗ ਪਏ।

ਜਦ ਦਲੀਪ ਅਪਣੀ ਮਾਂ ਦੀਆਂ ਆਖ਼ਰੀ ਰਸਮਾਂ ਕਰਨ ਭਾਰਤ ਗਿਆ ਤਾਂ ਮੁੜਦੇ ਸਮੇਂ ਰਾਹ ਚ ਮਿਸਰ ਦੇ ਸ਼ਹਿਰ ਕਾਇਰੋ ਚ ਅਟਕਿਆ। ਇਥੇ ਹੀ ਇਹ ਬਾਂਬਾ ਮੂਲਰ ਦੇ ਹੁਸਨ ਤੇ ਮਰ ਮਿਟਿਆ ਤੇ ਉਸ ਨਾਲ ਵਿਆਹ (1864) ਕਰਵਾ ਲਿਆ। ਜਿੰਦਾਂ ਤੇ ਡਾ. ਲੋਗਨ ਦੀਆਂ ਮੌਤਾਂ ਤੋਂ ਲੈ ਕੇ ਜਿੰਦਾਂ ਦੀਆਂ ਅਸਥੀਆਂ ਤਾਰਨ ਦਾ ਸਮਾਂ ਛੇ ਮਹੀਂਨੇ ਤੋਂ ਘੱਟ ਦਾ ਹੈ। ਦਲੀਪ ਸਿੰਘ ਕਿਸੇ ਈਸਾਈ ਕੁੜੀ ਨਾਲ ਹੀ ਸ਼ਾਦੀ ਕਰਨਾ ਚਾਹੁੰਦਾ ਸੀ। ਇਥੇ ਬਾਂਬਾ, ਹੀ ਇੱਕੋ ਇਕ ਇਸਾਈ ਪਰਵਰਿਸ਼ ਵਾਲ਼ੀ ਕੁੜੀ ਸੀ। ਹੈਰਾਨੀ ਦੀ ਗੱਲ ਦੇਖੋ, ਬਾਂਬਾ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਤੇ ਇਹਨੂੰ ਅਰਬੀ ਦਾ ਰਤਾ ਗਿਆਨ ਨਹੀਂ ਸੀ। ਬਾਂਬਾ ਨਾਲ ਵਿਆਹ ਕਰਾਉਣ ਖਾਤਿਰ ਦਲੀਪ ਸਿੰਘ ਨੇ ਇਥੋਂ ਦੇ ਈਸਾਈ ਮਿਸ਼ਨ ਨੂੰ ਚੰਗੇ ਪੈਸੇ ਵੀ ਦਾਨ ਦਿੱਤੇ ਸੀ। ਇਹਨੇ ਅਪਣੇ ਸਾਰੇ ਦੇ ਸਾਰੇ ਬੱਚਿਆਂ ਦੇ ਨਾਂ ਵੀ ਈਸਾਈਆਂ ਵਾਲੇ ਰੱਖੇ ਤੇ ਪਾਲਣ ਪੋਸ਼ਣ ਵੀ ਉਸੇ ਤਰਾਂ ਦਾ ਹੋਇਆ ਸੀ।

ਬਾਂਬਾ ਮੂਲਰ ਕਿਸੇ ਜਰਮਨ ਬੈਂਕਰ ਦੀ ਰਖੈਲ ਤੋਂ ਪੈਦਾ ਹੋਈ 'ਨਾਜਾਇਜ਼' ਔਲਾਦ ਸੀ। ਬਾਂਬਾ ਦਾ ਬਾਪ ਇਸ ਨੂੰ ਖੁਲ੍ਹ ਕੇ ਅਪਨਾਉਣ ਤੋਂ ਕਤਰਾਉਂਦਾ ਸੀ ਪਰ ਮਾਂ-ਧੀ ਦੇ ਪਾਲਣ ਪੋਸਣ ਤੇ ਧੀ ਦੇ ਪੜ੍ਹਨ ਦਾ ਜ਼ਿੰਮਾ ਲੈਂਦਾ ਰਿਹਾ। ਉਹਨੇ ਅਪਣੀ ਧੀ ਨੂੰ ਸਿਕੰਦਰੀਆ ਚ ਪੜ੍ਹਨ ਪਾਇਆ ਸੀ। ਹਨੀਮੂਨ ਮਨਾਉਣ ਤੋਂ ਬਾਅਦ ਜੁਲਾਈ 1864 ਨੂੰ ਨਵੀਂ ਵਿਆਹੀ ਜੋੜੀ ਇੰਗਲੈਂਡ ਆ ਗਈ ਸੀ। ਬਾਂਬਾ ਨਾਲ ਦਲੀਪ ਸਿੰਘ ਦੇ ਵਿਆਹ ਤੋਂ ਮਲਿਕਾ ਵਿਕਟੋਰੀਆ ਬਹੁਤ ਖ਼ੁਸ਼ ਹੋਈ ਸੀ। ਹੁਣ ਉਸ ਨੂੰ ਪੱਕ ਹੋ ਗਿਆ ਸੀ ਕਿ ਇਹ ਟਿਕ ਕੇ ਅਪਣੀ ਜ਼ਿੰਦਗੀ ਸ਼ਾਂਤੀ ਨਾਲ਼ ਬਿਤਾ ਲਏਗਾ।

ਐਲਵਿਡਨ ਹਾਲ (ਮਹੱਲ) ਦਲੀਪ ਸਿੰਘ ਨੇ ਚਾਰ ਫੀ ਸਦੀ ਵਿਆਜ ਲੈ ਕੇ ਇਕ ਲੱਖ ਤੇ ਪੰਜ ਹਜ਼ਾਰ ਦਾ ਖ਼ਰੀਦਿਆ ਸੀ। ਪੰਜ ਹਜ਼ਾਰ ਦਾ ਉੱਤੇ ਹੋਰ ਖਰਚਾ ਹੋ ਜਾਣ ਦੀ ਅੰਦਾਜ਼ਾ ਸੀ। ਇਹਦੇ ਦੋਸਤ ਐਲਬਰਟ (ਵਿਕਟੋਰੀਆ ਦਾ ਵੱਡਾ ਪੁੱਤ) ਨੇ ਵੀ ਸੈਂਡਰੀਗੰਮ ਮਹੱਲ ਖ਼ਰੀਦ ਲਿਆ ਸੀ। ਦਲੀਪ ਸਿੰਘ ਨੇ, ਇਹਦੇ ਨਾਂ ਤੇ ਹੀ ਅਪਣੇ ਇਕ ਪੁੱਤ ਦਾ ਨਾਂ ਵੀ ਰੱਖਿਆ ਸੀ। ਇਹ ਚਾਹੁੰਦਾ ਸੀ ਇਹਦੇ ਮਹੱਲ ਦੀਆਂ ਸਿਫਤਾਂ ਹੀ ਸੱਭ ਤੋਂ ਵੱਧ ਹੋਣ। ਇਹਨੇ ਤਿੰਨ ਹਜ਼ਾਰ ਪੌਂਡ ਤਾਂ ਕੱਲੀਆਂ ਪੌੜੀਆਂ ਤੇ ਹੀ ਖਰਚ ਦਿੱਤਾ ਸੀ। ਫਿਰ ਰੇਸ਼ਮੀ ਲੜੀਆਂ, ਸੀਸ਼ੇ, ਪਰਦੇ, ਚਿੱਤਰ ਆਦਿ ਨਾਲ ਦਿਹਾਤੀ ਇਲਾਕੇ ਚ ਦੇਸੀ ਮਹੱਲ ਬਣ ਗਿਆ ਸੀ। ਕਈ ਤਰਾਂ ਦੇ ਜਾਨਵਰ ਪੰਛੀ, ਤੋਤੇ, ਬਾਜ਼, ਗਿਰਝਾਂ, ਬਾਂਦਰ ਤੇ ਕੁੱਤੇ ਵਗੈਰਾ ਵੀ ਮੰਗਵਾਏ ਸੀ। ਸਾਰਾ ਕੰਮ ਪੂਰਾ ਹੋਣ ਨੂੰ ਤੇਰਾਂ ਸਾਲ ਲੱਗੇ। ਏਸ ਅਰਸੇ ਦੌਰਾਨ ਬਾਂਬਾ ਤਕਰੀਬਨ ਦਸ ਸਾਲ ਹਾਮਲਾ ਹੀ ਰਹੀ ਸੀ। ਸੋਫੀਆ ਦੇ ਜਨਮ ਨਾਲ ਘਰ ਚ ਮਹੌਲ ਕੁਝ ਸ਼ਾਤ ਹੋਇਆ ਸੀ। ਪਰ ਦਲੀਪ ਸਿੰਘ ਅਪਣੀ ਪਰਿਵਾਰਕ ਜ਼ਿੰਮੇਵਾਰੀ ਤੋਂ ਹਮੇਸ਼ਾਂ ਭੱਜਦਾ ਹੀ ਰਿਹਾ। ਮਿਲਦੀ ਪੈਨਸ਼ਨ ਤੋਂ ਵੱਧ ਖ਼ਰਚਾ ਕਰ ਲੈਂਦਾ ਤੇ ਫਿਰ ਹੋਰ ਹੋਰ ਪੈਸਿਆਂ ਦੀ ਮੰਗ ਕਰਨ ਲੱਗ ਪੈਂਦਾ। ਪੈਸੇ ਨਾ ਮਿਲਦੇ ਤਾਂ ਕਦੇ ਕਦੇ ਵਿੱਟਰ ਵੀ ਜਾਂਦਾ। ਮਲਿਕਾ ਨੂੰ ਇਸ ਦੀਆਂ ਆਦਤਾਂ ਦਾ ਫ਼ਿਕਰ ਸੀ ਅਤੇ ਅਪਣੀ ਰਾਏ ਤੇ ਸਲਾਹ ਵੀ ਦਿੰਦੀ ਰਹਿੰਦੀ ਸੀ, ਪਰ ਇਹ ਕਿਸੇ ਦੀ ਕਹੀ ਸੁਣੀ ਤੇ ਅਸਰ ਨਹੀਂ ਸੀ ਕਰਦਾ। ਹੋਰ ਤਾਂ ਹੋਰ ਇਸਨੇ ਅਪਣੀ ਪਤਨੀ ਦਾ ਖ਼ਿਆਲ ਵੀ ਨਹੀਂ ਸੀ ਰੱਖਿਆ। ਇਹ ਬੱਚੇ ਜੰਮੀ ਜਾਂਦਾ ਪਰ ਉਨ੍ਹਾਂ ਦੇ ਪਾਲਣ ਪੋਸ਼ਣ ਵੱਲ ਕੋਈ ਖ਼ਾਸ ਧਿਆਨ ਨਾ ਕਰਦਾ। ਸਗੋਂ ਬਹੁਤਾ ਚਿਰ ਲੰਡਨ ਦੀਆਂ ਕਲੱਬਾਂ ਚ ਜੂਏਬਾਜ਼ੀ, ਤੀਵੀਂਬਾਜ਼ੀ ਤੇ ਹੋਰ ਐਸ਼ੋ-ਇਸ਼ਰਤ ਚ ਮਸਤ ਰਹਿੰਦਾ ਰਿਹਾ। ਇਹ ਪੂਰੀ ਤਰਾਂ ਵਿਲਾਸ ਮਈ ਜੀਵਨ ਚ ਗ਼ਲਤਾਨ ਸੀ। ਇਸ ਦੌਰਾਨ

ਬਾਂਬਾ ਉਦਾਸੀ ਰੋਗ ਚ ਗ੍ਰਸਤ ਵੀ ਹੋ ਗਈ ਸੀ। ਉਸਨੂੰ ਕਿਤਿਓਂ ਕੋਈ ਆਸਰਾ ਨਹੀਂ ਸੀ ਮਿਲਦਾ।

ਬਾਂਬਾ ਦਲੀਪ ਸਿੰਘ ਨੇ ਸੱਤ ਬੱਚਿਆਂ ਨੂੰ ਜਨਮ ਦਿੱਤਾ। ਪਹਿਲਾਂ ਮਸੂਮ ਉਮਰੇ ਪੂਰਾ ਹੋ ਗਿਆ। ਵਿਕਟਰ ਐਲਬਰਟ 1866 ਚ ਪੈਦਾ ਹੋਇਆ, ਫਰੈਡਰਿਕ ਵਿਕਟਰ 1868 ਨੂੰ ਜੰਮਿਆ, ਬਾਂਬਾ ਸੋਫ਼ੀਆ ਜਿੰਦਾਂ 1869 ਚ ਜਨਮੀ, ਕੈਥਰੀਨ ਹਿਲਡਾ 1871 ਚ, ਸੋਫੀਆ ਐਲਿਗਜਾਂਡਰਾ 1876 ਤੇ ਐਲਬਰਟ ਐੱਡਵਰਡ ਐਲਿਗਜਾਂਡਰ 1879 ਨੂੰ ਪੈਦਾ ਹੋਇਆ। ਏਨੇ ਸਾਰੇ ਬੱਚਿਆਂ ਦੀ ਪਰਵਰਿਸ਼ ਦਾ ਦਲੀਪ ਸਿੰਘ ਕੋਈ ਖ਼ਿਆਲ ਨਹੀਂ ਸੀ ਰੱਖਦਾ। ਮੁੰਡੇ ਤਾਂ ਈਟਨ ਕਾਲਜ ਚ ਪੜ੍ਹਨੇ ਪਾ ਦਿੱਤੇ ਸੀ ਪਰ ਕੁੜੀਆਂ ਨੂੰ ਘਰੇ ਪੜ੍ਹਾਉਣ ਦਾ ਹੀ ਹਾਮੀ ਸੀ; ਉਹ ਵੀ ਬਹੁਤ ਜ਼ਿਆਦਾ ਨਹੀਂ। ਬਾਂਬਾ ਬੀਮਾਰ ਰਹਿਣ ਲੱਗ ਪਈ ਸੀ। ਬੱਚਿਆਂ ਦੇ ਪਾਲਣ ਪੋਸ਼ਣ ਬਾਰੇ ਕਈ ਵਾਰ ਮਲਿਕਾ ਵਿਕਟੋਰੀਆ ਫ਼ਿਕਰਮੰਦ ਹੋਈ ਸੀ ਤੇ ਉਹ ਇਨ੍ਹਾਂ ਦੇ ਦੋ ਬੱਚਿਆਂ ਦੀ ਧਰਮ-ਮਾਤਾ ਵੀ ਸੀ। ਕਈ ਬੱਚਿਆਂ ਦੇ ਨਾਂ ਇਸੇ ਕਰਕੇ ਵਲੈਤ ਦੇ ਸ਼ਾਹੀ ਘਰਾਣੇ ਦੇ ਮੈਂਬਰਾਂ ਦੇ ਨਾਵਾਂ ਤੋਂ ਲਏ ਗਏ ਸੀ। ਹੋਰ ਅਲਾਮਤਾਂ ਦੇ ਨਾਲ਼ ਨਾਲ਼ ਦਲੀਪ ਸਿੰਘ ਨੂੰ ਵੇਸ਼ਵਾਗਮਨੀ ਤੇ ਜੁਏਬਾਜ਼ੀ ਦੀ ਲੱਤ ਵੀ ਲੱਗੀ ਹੋਈ ਸੀ। ਐਲਵੰਡਨ ਚ ਰਹਿਣ ਸਮੇਂ ਵੀ ਉਹ ਤੀਂਵੀਂਬਾਜ਼ੀ ਤੇ ਐਸ਼ੋ-ਇਸ਼ਰਤ ਕਰਦਾ ਰਿਹਾ ਸੀ। ਸ਼ਿਕਾਰ ਖੇਡਣ ਦਾ ਸ਼ੌਂਕ ਪਾਲਦਾ ਰਿਹਾ ਤੇ ਅਪਣੇ ਦੋਸਤਾਂ ਨੂੰ ਮਹਿੰਗੀਆਂ ਦਾਅਵਤਾਂ ਦਿੰਦਾ ਰਹਿੰਦਾ ਸੀ। ਇਸ ਸਮੇਂ ਸ਼ਾਹੀ ਘਰਾਣੇ ਦੇ ਸ਼ਹਿਜ਼ਾਦੇ ਵੀ ਸ਼ਿਕਾਰ ਖੇਡਣ ਆਉਂਦੇ ਰਹੇ। ਇਹਦੀ ਲਾਪ੍ਰਵਾਹੀ ਕਰਕੇ ਇੰਡੀਆ ਆਫ਼ਿਸ ਵਲੋਂ ਵੀ 1877 ਤੋਂ ਬਾਅਦ ਸਖ਼ਤ ਵਾਰਨਿੰਗਾਂ ਆਉਣ ਲੱਗ ਪਈਆਂ ਸੀ। ਕਰਜ਼ੇਦਾਰਾਂ ਨੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਦਲੀਪ ਸਿੰਘ ਅਜੇ ਵੀ ਲਾਪ੍ਰਵਾਹ ਤੇ ਗ਼ੈਰਜਿੰਮੇਵਾਰ ਸੀ। ਉਸੇ ਤਰਾਂ ਖ਼ਰਚੀਲਾ ਤੇ ਪਰਿਵਾਰ ਪ੍ਰਤੀ ਵੀ ਬੇਰੁਖ ਰਿਹਾ ਸੀ। 1880 ਵਿਚ ਇਸ ਨੂੰ ਸਤਵੰਜਾ ਹਜ਼ਾਰ ਦਾ ਬਿਨਾਂ ਵਿਆਜ ਪੈਸਾ ਦੇ ਦਿੱਤਾ ਗਿਆ ਸੀ ਤਾਂ ਜੋ ਇਹ ਅਪਣਾ ਕਰਜ਼ਾ ਲਾਹ ਕੇ ਕੁਰਕੀ ਤੋਂ ਬਚ ਸਕੇ।




ਹਰ ਔਰਤ ਅਪਣੇ ਬੰਦੇ ਨੂੰ ਤਰੱਕੀ ਚ ਦੇਖਣਾ ਚਾਹੁੰਦੀ ਹੈ; ਬਾਂਬਾ ਦੀ ਲਾਲਸਾ ਵੀ ਇਹਨੂੰ ਕਿਸੇ ਨਾ ਕਿਸੇ ਦਿਨ ਰਾਜਾ ਦੇਖਣ ਦੀ ਸੀ; ਬੱਚਿਆਂ ਦੇ ਚੰਗੇ ਦਿਨਾਂ ਲਈ। ਪਰ ਇਹਦੇ ਧਿਆਨ ਹੋਰ ਹੋਰ ਪਾਸੇ ਸੀ ਤੇ ਸ਼ਾਇਦ ਕਾਬਲੀਅਤ ਵੀ ਨਹੀਂ ਸੀ। ਨਾ ਇਹਦੇ ਕੋਲ ਰਾਜ ਭਾਗ ਚਲਾਉਣ ਦੀ ਕੋਈ ਸਿੱਖਿਆ ਸੀ, ਨਾ ਤਜ਼ੁਰਬਾ। ਵੱਡੀ ਗੱਲ ਇਹ ਸੀ ਕਿ ਉਦੋਂ ਸਿੱਕਾ ਅੰਗਰੇਜ਼ ਦਾ ਚਲਦਾ ਸੀ। ਅੰਗਰੇਜ਼ਾਂ ਦੇ ਚੱਕਰਵਿਊ ਇਹਨੂੰ ਹਰ ਪਾਸਿਓਂ ਘੇਰਿਆ ਹੋਇਆ ਸੀ ਤੇ ਇਹਦੇ ਨਾਲ਼ ਵੀ ਕੋਈ ਨਹੀਂ ਸੀ। ਗਿਣਤੀ ਦੇ ਸਿੱਖਾਂ ਨੇ ਇਸ ਨਾਲ ਤਾਲ ਮੇਲ ਕੀਤਾ ਪਰ ਉਦੋਂ ਤੀਕ ਤਾਂ ਗੱਡੀ ਟੇਸ਼ਣ ਤੋਂ ਬਹੁਤ ਦੂਰ ਨਿਕਲ਼ ਚੁੱਕੀ ਸੀ। ਇਹਦੀ ਹਾਲਤ ਤਰ ਵਾਲ਼ੀ ਹੀ ਸੀ।

ਅਪਣੇ ਵਤੀਰਿਆਂ ਕਾਰਨ ਉਸਨੇ ਕਈ ਵਾਰ ਵਲੈਤ ਦੀ ਮਲਿਕਾ ਤੋਂ ਮੁਆਫ਼ੀ ਮੰਗੀ ਸੀ। ਪਰ ਅਪਣਾ ਤਰਜ਼ ਏ ਜ਼ਿੰਦਗੀ ਕਦੇ ਨਹੀਂ ਸੀ ਬਦਲਿਆ। ਦਲੀਪ ਸਿੰਘ ਨੇ ਕਦੇ ਜ਼ਿੰਮੇਵਾਰ ਪਤੀ, ਬਾਪ ਹੋਣ ਦਾ ਸਬੂਤ ਨਹੀਂ ਸੀ ਦਿੱਤਾ। ਅਪਣੇ ਵਿਆਹ ਤੋਂ ਬਾਅਦ ਨਾ ਸਿਰਫ਼ ਇਹਦੇ ਕਈ ਔਰਤਾਂ ਨਾਲ ਸਬੰਧ ਵੀ ਰਹੇ ਇਹ ਅਪਣੇ ਬਾਪ ਵਾਂਗ ਔਰਤਾਂ ਦਾ ਸ਼ੌਕੀਨ ਸੀ। ਔਰਤਾਂ ਚੋਂ ਵੀ ਇਹਦੇ ਕਈ ਨਿਆਣੇ ਐਲਵੰਡਨ ਦੇ ਏਰੀਏ ਚ ਹੋਰ ਹੋਏ। ਉਨ੍ਹਾਂ ਚੋਂ ਕਈਆਂ ਦੇ ਪਾਲਣ ਪੋਸ਼ਣ ਦਾ ਇਹ ਜ਼ਿਮਾ ਲੈ ਲੈਂਦਾ ਸੀ ਤੇ ਕਈਆਂ ਨੂੰ ਬਦਲੇ ਚ, ਅਪਣੇ ਘਰ ਚ ਨੌਕਰੀ ਦੇ ਦਿੰਦਾ ਸੀ। ਇਹਦੀ ਧੀ ਸੋਫ਼ੀਆਂ ਦੇ ਧਿਆਨ ਚ ਵੀ ਅਜੇਹਾ ਆਇਆ ਸੀ। ਉਹਨੇ ਅਪਣੇ ਵਰਗੇ ਰੰਗ (ਭੂਰੀ ਭਾਅ ਦੇ) ਦੇ ਹੋਰ ਬੱਚੇ ਵੀ ਐਲਵਡੰਨ ਚ ਦੇਖੇ ਸੀ, ਜਿਨ੍ਹਾਂ ਦੇ ਨਾਵਾਂ ਵਿਚਕਾਰ 'ਸਿੰਘ' ਵੀ ਲੱਗਾ ਹੋਇਆ ਸੀ। ਸਵੌਫੰਮ ਚ ਜਨਮੀ ਕਿਸੇ ਕੇਟ ਸਿੰਘ ਦਾ ਵੀ ਜ਼ਿਕਰ ਹੈ। ਉਸ ਵੇਲੇ ਇਸ ਇਲਾਕੇ ਚ ਸਿੰਘ ਨਾਂ ਵਾਲਾ ਬੰਦਾ, ਦਲੀਪ ਸਿੰਘ ਤੋਂ ਬਿਨਾਂ ਹੋਰ ਕੋਈ ਨਹੀਂ ਸੀ।

ਮਲਿਕਾ ਵਿਕਟੋਰੀਆ ਦੇ ਦਫ਼ਤਰ ਨੂੰ ਤਾਂ ਕਿਸੇ ਦੋ ਹਜ਼ਾਰ ਪੌਂਡ ਦੇ ਬਿੱਲ ਦੇਣ ਦਾ ਸਬੂਤ ਵੀ ਮਿਲ ਗਿਆ ਸੀ। ਇਹ

ਪੈਸਾ, ਕਿਸੇ ਪੌਲੀ ਐਸ਼ ਨਾਮ ਦੀ ਗਾਉਣ ਵਾਲੀ ਤੇ ਨਾਚ ਕਲਾਕਾਰ ਨਾਲ ਹੋਟਲਾਂ ਚ ਬਿਤਾਈਆਂ ਰਾਤਾਂ ਦਾ ਖ਼ਰਚਾ ਸੀ। ਸ਼ਾਹੀ ਤੇ ਕੁਲੀਨ ਮਿੱਤਰਾਂ ਦੀ ਸਲਾਹ ਦਾ ਵੀ ਦਲੀਪ ਸਿੰਘ ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਲੰਡਨ ਚ ਇਹਦੀਆਂ ਬਹੁਤ ਗੱਲਾਂ ਹੋ ਰਹੀਆਂ ਸੀ ਤੇ ਪਰੈੱਸ ਨੇ ਇਹਦੇ ਕਾਰਟੂਨ ਬਨਾਉਣੇ ਸ਼ੁਰੂ ਕਰ ਦਿੱਤੇ ਸੀ। ਜਿਸ ਵਿਚ ਇਹਨੂੰ ਸੁੰਦਰ ਸਜੀਲੇ ਤੇ ਬਣਦੇ ਫਬਦੇ ਪੰਜਾਬੀ ਦੀ ਥਾਂ ਢਿੱਡਲ, ਗੰਜਾ, ਮੋਟਾ ਦਿਖਾ ਕੇ ਇਹਦੀ ਖਿੱਲੀ ਉਡਾਈ ਗਈ ਸੀ। ਅਪਣਾ ਹੱਥ ਤੰਗ ਹੋਣ ਦੇ ਬਾਵਜੂਦ ਵੀ ਇਹਨੂੰ ਏਨਾ ਚੰਗੀ ਤਰਾਂ ਪਤਾ ਸੀ, ਕਿ ਮਲਿਕਾ ਵਿਕਟੋਰੀਆ ਇਹਦੇ ਨਿਆਣਿਆਂ ਨੂੰ ਮੋਹ ਕਰਦੀ ਸੀ। ਉਹ ਕਿਸੇ ਹਾਲਤ ਚ ਵੀ, ਬੱਚਿਆਂ ਨੂੰ ਭੁੱਖੇ ਨਹੀਂ ਮਰਨ ਦੇਵੇਗੀ; ਦੋਂਹ ਨੂੰ ਤਾਂ ਕਿਸੇ ਸੂਰਤ ਚ ਵੀ ਨਹੀਂ ਜਿਨ੍ਹਾਂ ਦੀ ਉਹ ਧਰਮ ਮਾਤਾ ਬਣੀ ਹੋਈ ਸੀ।

ਇਹਨੇ ਵਿਕਟੋਰੀਆ ਨੂੰ ਚਿੱਠੀ ਲਿਖੀ ਕਿ ਘਰੋਂ ਬੇਘਰ ਹੋਣ ਦਾ ਦਰਦ ਸਿਰਫ਼ ਇਹਨੂੰ ਹੀ ਪਤਾ ਹੈ ਤੇ ਇਹ ਜਾਣ ਕੇ ਇਹਨੂੰ ਦੁੱਖ ਹੁੰਦਾ ਹੈ ਕਿ ਇਹਦੇ ਪੁੱਤ ਕੋਲ ਕੋਈ ਘਰ ਨਹੀਂ ਹੋਏਗਾ। ਰਾਣੀ ਦਾ ਜੁਆਬ ਸੀ ਕਿ ਤੇਰਾ ਖ਼ਤ ਪੜ੍ਹ ਕੇ ਮੈਨੂੰ ਬੜਾ ਦੁੱਖ ਹੋਇਆ ਹੈ; ਤੂੰ ਚੰਗੀ ਤਰਾਂ ਜਾਣਦਾ ਏਂ ਕਿ ਮੈ ਹਮੇਸ਼ਾ ਤੈਨੂੰ ਬਹੁਤ ਤੇਹੁ ਕੀਤਾ ਹੈ ਤੇ ਜਿਨ੍ਹਾਂ ਬਦਕਿਸਮਤ ਹਾਲਤਾਂ ਚ ਤੈਨੂੰ ਦੇਸ਼ ਛੱਡਣਾ ਪਿਆ, ਉਹ ਵੀ ਮਹਿਸੂਸ ਕੀਤਾ ਹੈ। ਮੈਂ ਇਕਦਮ ਇੰਡੀਆ ਦੇ ਮਨਿਸਟਰ ਨੂੰ ਲਿਖ ਦਿੱਤਾ ਹੈ ਕਿ ਤੇਰੇ ਸੁੱਖ ਆਰਾਮ ਤੇ ਬੱਚਿਆਂ ਦੀਆਂ ਸਹੀ ਸਹੂਲਤਾਂ ਲਈ ਜੋ ਵੀ ਕੀਤਾ ਜਾ ਸਕਦਾ ਹੈ, ਕਰੇ। ਪਰ ਮੈਂ ਪਹਿਲਾਂ ਵੀ ਇੱਕ ਦੋ ਵਾਰ ਕਿਹਾ ਸੀ ਕਿ ਸਿਰਫ ਅਪਣਾ ਅਸਰ ਰਸੂਖ ਵਧਾਉਣ ਜਾਂ ਦਿਖਾਵੇ ਖ਼ਾਤਰ ਹੀ ਫ਼ਜ਼ੂਲ ਖ਼ਰਚੀ ਕਰੀ ਜਾਣਾ ਸਹੀ ਨਹੀਂ ਹੈ। ਮੈਨੂੰ ਆਸ ਹੈ ਕਿ ਮਹਾਰਾਣੀ ਤੇ ਬੱਚੇ ਠੀਕ ਠਾਕ ਹੋਣਗੇ। ਵਿਕਟੋਰੀਆ ਦੇ ਜੁਆਬ ਤੋਂ ਦਲੀਪ ਸਿੰਘ ਏਨਾ ਖਿਝ ਗਿਆ ਕਿ ਵਿਕਟੋਰੀਆ ਨਾਲ ਰਾਬਤਾ ਬੰਦ ਕਰਕੇ ਬ੍ਰਿਟਿਸ਼ ਲਾਇਬ੍ਰੇਰੀ ਚ ਵੜਿਆ ਰਿਹਾ, ਤਾਂ ਕਿ ਓਥੋਂ ਅੰਗ਼ਰੇਜ਼ਾਂ ਨਾਲ ਅਖ਼ੀਰਲੀ ਸੰਧੀ ਬਾਰੇ ਜਾਣਕਾਰੀ ਜਾਂ ਸਬੂਤ ਭਾਲ਼ ਕੇ ਇਹ ਅਪਣਾ ਦਾਅਵਾ ਪੇਸ਼ ਕਰੇ। ਇਸ ਸਮੇਂ ਦੌਰਾਨ ਇਹਨੇ ਅਪਣੇ ਪਰਿਵਾਰ ਦੀ ਕੋਈ ਸਾਰ ਨਹੀਂ ਲਈ ਤੇ ਦੋ ਸਾਲ ਲੰਡਨ ਚ ਹੀ ਰਿਹਾ। ਨਾਲ ਦੀ ਨਾਲ ਇਹ ਇੰਡੀਆ ਸਰਕਾਰ ਨਾਲ ਬਾਤ-ਚੀਤ ਕਰਦਾ ਰਿਹਾ ਸੀ। ਕੋਈ ਗੱਲ ਨਾ ਬਣਦੀ ਦੇਖ ਕੇ ਮਲਿਕਾ ਵਿਕਟੋਰਆ ਨੇ ਆਪ ਵਿਚ ਪੈ ਕੇ ਕੋਈ ਹੱਲ ਲੱਭਣ ਦੀ ਕੋਸਿਸ਼ ਕੀਤੀ ਸੀ। ਪਰ ਬਰਿਟਿਸ਼ ਇੰਡੀਅਨ ਸਰਕਾਰ ਟੱਸ ਤੋਂ ਮੱਸ ਨਾ ਹੋਈ। ਜਦ ਇਹਨੂੰ ਲੱਗਿਆ ਕਿ ਹੁਣ ਐਲਵੰਡਨ ਹਾਲ ਦਾ ਬਚਣਾ ਮੁਸ਼ਕਿਲ ਹੋਈ ਜਾ ਰਿਹਾ ਸੀ ਅਤੇ ਹੋਰ ਕਰਜ਼ਾ ਵੀ ਨਹੀਂ ਮਿਲ ਰਿਹਾ ਤਾਂ ਇਹ ਲੰਡਨ ਕਿਰਾਏ ਤੇ ਰਹਿਣ ਲੱਗ ਪਿਆ। ਨਤੀਜੇ ਵਜੋਂ ਇਹਨੇ ਸਾਰੇ ਗਹਿਣੇ ਗੱਟੇ, ਸੋਨਾ ਚਾਂਦੀ, ਤੇ ਮਹਿੰਗੀਆਂ ਵਸਤਾਂ ਦੀ ਬੋਲੀ ਕਰਾਉਣ ਦਾ ਮਨ ਬਣਾ ਲਿਆ। ਇਸ ਨਾਲ ਕੁਲੀਨ ਸਮਾਜਿਕ ਦਾਇਰੇ ਚ ਇਹਦੀ ਬਹੁਤ ਬਦਨਾਮੀ ਹੋਈ। ਅਖਬਾਰਾਂ ਚ ਸੁਰਖੀਆਂ ਲੱਗੀਆਂ। ਬੋਲੀ ਵਾਲੇ ਦਿਨ, ਸਾਰੀਆਂ ਵਸਤਾਂ ਮਸਾਂ ਵੀਹ ਕੁ ਹਜ਼ਾਰ ਪੌਂਡ ਦੀ ਹੀ ਵਿਕੀਆਂ। ਫਿਰ ਇਸਨੇ ਇਹ ਕਹਿ ਦਿੱਤਾ ਕਿ ਇਹ ਪੈਸੇ ਇਹ ਇੰਡੀਆ ਜਾ ਕੇ ਵਸਣ ਲਈ 'ਕੱਠੇ ਕਰ ਰਿਹਾ ਹੈ।

ਹੁਣ ਇਹਨੂੰ ਮੁੜ ਸਿੱਖ ਬਣਨ ਦੀ ਸੁੱਝੀ ਤੇ ਏਲਾਨ ਕਰ ਦਿੱਤਾ ਕਿ ਇਹਨੇ ਹੁਣ ਸਿੱਖ ਧਰਮ ਦੁਬਾਰਾ ਧਾਰਨ ਕਰ ਲੈਣਾ ਹੈ। ਜਿੰਦਾਂ ਨੂੰ ਮਿਲਣ ਤੇ ਇਸ ਘਟਨਾ ਦਾ ਵਕਫ਼ਾ ਬਾਰਾਂ ਕੁ ਸਾਲਾਂ ਦਾ ਬਣਦਾ ਹੈ। ਪਰ ਹੁਣ ਤਾਂ ਸਾਰਾ ਕੰਮ ਸੇਖ਼ਚਿਲੀ ਵਾਲ਼ਾ ਹੀ ਸੀ। ਅਖ਼ੀਰ ਚ ਬ੍ਰਿਟਿਸ਼ ਸਰਕਾਰ ਦੀ ਸਹਿਮਤੀ ਲਏ ਬਿਨਾਂ ਹੀ ਅਪਣੇ ਬਾਲ ਬੱਚੇ ਨੂੰ ਲੈ ਕੇ ਇਹ ਭਾਰਤ ਨੂੰ ਤੁਰ ਪਿਆ। ਇਸ ਨਾਲ਼ ਅੰਗਰੇਜ਼ੀ ਸਰਕਾਰ ਚ ਹਿੱਲਜੁਲ ਹੋਣੀ ਸੀ, ਸੋ ਹੋਈ। ਉਹ ਬਿਲਕੁਲ ਨਹੀਂ ਸੀ ਚਾਹੁੰਦੇ ਕਿ ਦਲੀਪ ਸਿੰਘ ਭਾਰਤ ਨੂੰ ਮੁੜਕੇ ਜਾਵੇ। ਪੰਜਾਬ ਚ ਇਹਦੇ ਮੁੜਣ ਆਉਣ ਦੀਆਂ ਖ਼ਬਰਾਂ ਨਾਲ ਸਨਸਨੀ ਪੈਦਾ ਹੋ ਸਕਦੀ ਸੀ। ਅੰਗਰੇਜ਼ੀ ਸਰਕਾਰ ਐਸਾ ਕੋਈ ਮੌਕਾ ਦੇਣ ਨੂੰ ਤਿਆਰ ਨਹੀਂ ਸੀ। ਫ਼ਿਰੰਗੀਆਂ ਨੇ ਇਹਨੂੰ ਅਦਨ (1886) ਚ ਰੋਕ ਲਿਆ। ਇਹਦਾ ਵਲੈਤ ਤੋਂ ਭਾਰਤ ਜਾਣ ਦਾ ਮੁੱਦਾ ਇਹਦੇ ਸਿਰ ਕਰਜ਼ਾ ਹੋਣਾ ਹੀ ਸੀ। ਅਦਨ ਚ ਵੀ ਇਹ ਗੋਰੇ ਹਾਕਮ ਤੋਂ ਢਾਈ ਲੱਖ ਪੌਂਡ ਲੈ ਕੇ ਭਾਰਤ ਨਾ ਪਰਤਣ ਨੂੰ ਮੰਨਦਾ ਸੀ। ਗੋਰੀ ਸਰਕਾਰ ਇਹ ਰਕਮ ਦੇਣ ਨੂੰ ਵੀ ਤਿਆਰ ਨਾ ਹੋਈ। ਫਿਰ ਇਹ ਕਹਿੰਦਾ, ਚਲੋ ਜੇ ਇਹ ਨਹੀਂ ਦੇਣੇ ਤਾਂ, ਜਿਹੜੇ ਸਤਾਰਾਂ ਨੌਕਰ ਬੰਬਈ ਵਿਖੇ ਇਹਦੀ ਉਡੀਕ ਕਰਦੇ ਹਨ, ਅੰਗਰੇਜ਼ੀ ਸਰਕਾਰ ਉਨ੍ਹਾਂ ਦਾ ਕਿਰਾਇਆ ਅਪਣੇ ਕੋਲੋਂ ਲਾ ਕੇ ਅਦਨ ਚ ਮੰਗਵਾ ਕੇ ਦੇਵੇ। ਗੋਰੇ ਇਸ ਗੱਲ ਨੂੰ ਵੀ ਨਾ ਮੰਨੇ। ਇਸ ਵੇਲੇ ਮਲਿਕਾ ਨੇ ਫਿਰ ਕੋਸਿਸ਼ ਕੀਤੀ ਕਿ ਦਲੀਪ ਸਿੰਘ ਦੀਆਂ ਮੁਸ਼ਕਿਲਾਂ ਦਾ ਕੋਈ ਨਾ ਕੋਈ ਹੱਲ ਲੱਭਿਆ ਜਾਵੇ। ਵਿਕਟੋਰੀਆ ਨੇ ਕਿਹਾ ਇਹਨੂੰ ਜਾਂ ਇਹਦੇ ਪੁੱਤ ਨੂੰ ਲਾਰਡ ਬਣਾ ਦਿੱਤਾ ਜਾਵੇ। ਇਥੇ ਦਲੀਪ ਨੇ ਆਖ਼ਰੀ ਪੱਤਾ ਖੇਡਿਆ। ਕਾਹਲ਼ੀ ਚ ਇਹਨੇ ਈਸਾਈ ਮੱਤ ਤਿਆਗ ਕੇ ਅਮ੍ਰਿਤ ਛਕਣ ਦਾ ਐਲਾਨ ਕਰ ਦਿੱਤਾ

–ਇਹ ਕੰਮ ਨਾ ਇਹਨੇ ਅਪਣੀ ਮਾਂ ਦੇ ਜ਼ੋਰ ਪਾਉਣ ਤੇ ਕੀਤਾ ਸੀ, ਨਾ ਕਿਸੇ ਹੋਰ ਦੇ ਕਹਿਣ ਤੇ। ਸਗੋਂ ਅਪਣੀ ਮਾਂ ਦਾ ਕਿਰਿਆ ਕਰਮ ਕਰਕੇ ਵਾਪਸ ਮੁੜਦਿਆਂ ਅਪਣੀ ਮਰਜ਼ੀ ਨਾਲ਼ ਇਸਾਈ ਕੁੜੀ ਨਾਲ ਵਿਆਹ ਕਰਵਾਇਆ ਸੀ। ਈਸਾਈ ਧਰਮ ਤਿਆਗਣ ਦੀ ਖ਼ਬਰ ਸੁਣ ਕੇ ਮਲਿਕਾ ਵੀ ਉਦਾਸ ਹੋ ਗਈ ਅਤੇ ਇਸ ਤੋਂ ਬਾਅਦ ਵਿਕਟੋਰੀਆ ਦਾ ਮਨ ਟੁੱਟ ਗਿਆ ਸੀ। ਉਸਨੇ ਮੁੜ ਕੇ ਕਦੇ ਅਪਣੇ ਵਜ਼ੀਰਾਂ ਨੂੰ ਦਲੀਪ ਸਿੰਘ ਦੇ ਹੱਕ ਚ ਕੁਝ ਨਹੀਂ ਸੀ ਕਿਹਾ।

ਜਦ ਦਲੀਪ ਸਿੰਘ ਦੇ ਸਿੱਖ ਬਣਨ ਦੀ ਰਸਮ ਹੋਣੀ ਸੀ ਤਾਂ ਨੌਕਰ ਚਾਕਰ ਪਾ ਕੇ ਵੀ ਇਹਨਾਂ ਨੂੰ ਪੰਜ ਸਿੱਖ ਨਾ ਲੱਭੇ; ਦੋ ਹੋਰ ਪੱਗਾਂ (ਮਰਚੈਂਟ ਸੀਮੈਨ) ਵਾਲੇ ਆਦਮੀਆਂ ਨੂੰ ਨਾਲ਼ ਰਲ਼ਾ ਕੇ ਹੀ ਬੁੱਤਾ ਸਾਰ ਲਿਆ ਸੀ। ਅਦਨ ਦੀ ਮਾਰਖੋਰੀ ਗਰਮੀ ਇਹਦੇ ਤੋਂ ਝੱਲ ਨਾ ਹੋਈ; ਇਹ ਬੀਮਾਰ ਹੋ ਗਿਆ। ਸਰਕਾਰ ਨੇ ਇਹਨੂੰ ਖੁੱਲ੍ਹ ਦੇ ਦਿੱਤੀ ਕਿ ਇਹ ਭਾਰਤ ਤੋਂ ਬਿਨਾਂ ਹੋਰ ਜਿੱਥੇ ਇਹਦਾ ਮਨ ਚਾਹਵੇ, ਜਾ ਸਕਦਾ ਹੈ। ਏਸ ਵਾਰ ਵੀ ਫਿਰ ਇਹਨੇ ਪਰਿਵਾਰਕ ਜ਼ਿੰਮੇਵਾਰੀ ਤੋਂ ਕਿਨਾਰਾ ਕਰ ਕੇ ਅਪਣੇ ਬੱਚੇ ਤਾਂ ਇੰਗਲੈਂਡ ਨੂੰ ਘੱਲ ਦਿੱਤੇ ਤੇ ਆਪ ਫਰਾਂਸ ਨੂੰ ਆ ਗਿਆ। ਬਾਂਬਾ ਤੋਂ ਇਹ ਧੱਕਾ ਜਰਿਆ ਨਾ ਗਿਆ। ਜਦੋਂ ਬਾਂਬਾ ਤੇ ਬੱਚੇ ਵਾਪਿਸ ਲੰਡਨ ਮੁੜੇ ਤਾਂ ਵਿਕਟੋਰੀਆ ਨੂੰ ਫਿਰ ਇਨ੍ਹਾਂ ਦਾ ਫਿਰ ਫਿਕਰ ਹੋਇਆ। ਉਸਨੇ ਬਾਂਬਾ ਤੇ ਬੱਚਿਆਂ ਦੇ ਰਹਿਣ ਲਈ ਬੰਦੋਬਸਤ ਕਰਵਾ ਦਿੱਤਾ। ਪਰ ਮਕਾਨ ਵਿਚ ਕੋਈ ਫ਼ਰਨੀਚਰ ਵਗੈਰਾ ਵੀ ਹੈ ਨਹੀਂ ਸੀ। ਜਦੋਂ ਦਲੀਪ ਸਿੰਘ ਦੇ ਵੱਡੇ ਪੁੱਤ ਨੇ ਇਹਨੂੰ ਮਦਦ ਲਈ ਚਿੱਠੀ ਲਿਖੀ ਤਾਂ ਇਹਦਾ ਜੁਆਬ ਬੜਾ ਰੁੱਖਾ ਤੇ ਗੁੱਸੇ ਨਾਲ ਭਰਿਆ ਹੋਇਆ ਸੀ। ਜਿਸ ਵਿਚ ਇਹ ਅਪਣੇ ਪੁੱਤ ਨੂੰ ਕੈੜੇ ਸ਼ਬਦਾਂ ਚ ਝਿੜਕਦਾ ਹੈ ਕਿ "ਤੁਸੀਂ ਅਪਣੇ ਲਈ ਮੈਨੂੰ ਮਰ ਗਿਆ ਹੀ ਸਮਝੋ। ਮੈਂ ਇੰਡੀਆ ਆਫ਼ਿਸ ਤੋਂ ਪੈਸੇ ਲੈਣ ਲਈ ਹੁਣ ਕੋਈ ਬੇਨਤੀ ਨਹੀਂ ਕਰਨੀ। ਤੂੰ ਹੁਣ ਵੱਡਾ ਹੋਣ ਹੀ ਵਾਲਾ ਹੈਂ ਤੇ ਅਪਣੇ ਕਰਜ਼ੇ ਆਪੇ ਲਾਹਵੀਂ। ਦੂਸਰੀ ਗੱਲ ਵੀ ਸੁਣ ਲੈ, ਮੈਂ ਤੈਨੂੰ ਭੁੱਖ ਨਾਲ਼ ਮਰਦਾ ਤਾਂ ਦੇਖ ਸਕਦਾਂ ਹਾਂ ਤੇ ਤੇਰੀ ਜਾਨ ਖ਼ਲਾਸੀ ਲਈ ਤੈਨੂੰ ਅਪਣੇ ਹੱਥੀਂ ਵੀ ਮਾਰ ਦਊਂਗਾ, ਪਰ ਵਲੈਤ ਨੂੰ ਕਤੱਈ ਮੁੜ ਕੇ ਨਹੀਂ ਆਊਂਗਾ"। ਅਪਣੇ ਬੱਚਿਆਂ ਪ੍ਰਤੀ ਏਨਾ ਲਾਪ੍ਰਵਾਹ ਸੀ ਕਿ ਮਲਿਕਾ ਵਿਕਟੋਰੀਆ ਨੇ ਬੱਚਿਆਂ ਦੀ ਸਿਹਤ ਤੇ ਇਨ੍ਹਾਂ ਦੇ ਤੌਰ ਤਰੀਕਿਆਂ ਬਾਰੇ ਫ਼ਿਕਰਮੰਦੀ ਜ਼ਾਹਿਰ ਕੀਤੀ ਸੀ। ਇਹਦੀਆਂ ਧੀਆਂ ਨੂੰ ਕੁੜੀਆਂ ਵਾਂਗ ਤੁਰਨਾ ਵੀ ਨਹੀਂ ਸੀ ਆਉਂਦਾ। ਬੱਚਿਆਂ ਕੋਲ ਕਿਤਾਬਾਂ ਵੀ ਨਹੀਂ ਸੀ। ਪ੍ਰੇਸ਼ਾਨੀਆਂ ਨਾਲ ਦੱਬੀ ਬਾਂਬਾ ਨੇ ਜੋ ਕੁਝ ਬੱਚਿਆਂ ਲਈ ਕਰਨਾ ਸੀ, ਨਹੀਂ ਸੀ ਹੋ ਰਿਹਾ। ਬੱਚਿਆਂ ਨੂੰ ਲੰਡਨ ਆਇਆਂ ਅਜੇ ਦੋ ਮਹੀਨੇ ਵੀ ਨਹੀਂ ਸੀ ਹੋਏ ਕਿ ਫਰਾਂਸ ਬੈਠੇ ਦਲੀਪ ਸਿੰਘ ਨੇ ਲੰਡਨ ਦੇ ਅਖ਼ਬਾਰ ਚ ਨੋਟਿਸ ਦੇ ਦਿੱਤਾ ਕਿ ਵਲੈਤ ਚ ਜੋ ਵੀ ਜਾਇਦਾਦ ਹੈ, ਉਹਨੂੰ ਤਿਆਗ ਰਿਹਾ ਹੈ। ਬਾਂਬਾ ਜਾਂ ਬੱਚਿਆਂ ਦੇ ਭਲੇ ਲਈ ਕਿਸੇ ਤਰਾਂ ਦੇ ਵੀ ਲੈਣ ਦੇਣ ਤੇ ਕਰਜ਼ੇ ਦਾ ਜ਼ਿੰਮੇਵਾਰ ਉਹ ਨਹੀਂ ਹੈ। ਅੱਖ ਦੇ ਫੋਰ ਚ ਹੀ ਇਹਨੇ ਪਰਿਵਾਰ ਪ੍ਰਤੀ ਅਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਹੱਥ ਧੋ ਲਏ; ਜਿਵੇਂ ਇਹਦਾ ਉਨ੍ਹਾਂ ਨਾਲ਼ ਕੋਈ ਰਿਸ਼ਤਾ ਨਾ ਹੋਵੇ। ਸਿੱਟੇ ਵਜੋਂ ਪ੍ਰੇਸ਼ਾਨ ਤੇ ਬੇਬੱਸ ਬਾਂਬਾ ਸ਼ਰਾਬ ਦਾ ਹੋਰ ਆਸਰਾ ਲੈਣ ਲੱਗ ਪਈ ਸੀ ਤੇ ਬਹੁਤਾ ਸਮਾਂ ਬਿਸਤਰੇ ਚ ਪਈ ਰਹਿੰਦੀ ਸੀ। ਬੱਚੇ ਮੈਲ਼ੇ ਕੁਚੈਲ਼ੇ ਰਹਿੰਦੇ ਸੀ, ਪਾਲਣ ਪੋਸ਼ਣ ਤੇ ਮਾੜਾ ਅਸਰ ਪੈਣਾ ਸੀ। ਵਿਕਟੋਰੀਆ ਨੇ ਆਪ ਵਿਚ ਪੈ ਕੇ ਫਿਰ ਇਨ੍ਹਾਂ ਲਈ ਛੇ ਹਜ਼ਾਰ ਪੌਂਡ ਦੀ ਪੈਨਸ਼ਨ ਲਗਵਾਈ ਸੀ। ਜੂਏਬਾਜ਼ ਤੇ ਕਰਜ਼ਾਈ ਵੱਡੇ ਪੁੱਤ, ਵਿੱਕਟਰ, ਨੂੰ ਰੋਇਲ ਮਿਲਟਰੀ ਅਕੈਡਮੀ ਸੈਂਡਹਰਸਟ ਚ ਭਿਜਵਾ ਦਿੱਤਾ ਸੀ ਤੇ ਛੋਟੇ ਫਰੈਡਰਿਕ ਨੂੰ ਈਟਨ ਕਾਲਜ ਚ ਦਾਖਲ ਕਰਵਾ ਦਿੱਤਾ; ਇਹ ਵੀ ਪੱਕਾ ਕੀਤਾ ਕਿ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਤਰੀਕੇ ਨਾਲ ਹੋਵੇ। ਬਾਂਬਾ ਨੂੰ ਵੀ ਵਿਕਟੋਰੀਆ ਨੇ ਪੂਰੀ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਸੀ। ਪਰ ਜਦੋਂ ਅਸਰ ਰਸੂਖ਼ ਵਾਲੇ ਲੋਕ ਬਾਂਬਾ ਨੂੰ 'ਚੋਰ ਦੀ ਪਤਨੀ' ਦੇ ਮਿਹਣੇ ਦੇਣੋਂ ਨਾ ਹਟੇ ਤਦ



ਬਾਂਬਾ ਨੇ ਅਪਣੇ ਆਪ ਨੂੰ ਘਰ ਅੰਦਰ ਬੰਦ ਕਰ ਲਿਆ। ਜਦੋਂ ਬਾਂਬਾ ਦੀ ਮੌਤ ਹੋਈ ਤਾਂ ਵਿਕਟੋਰੀਆ ਨੇ ਤਾਂ ਹਾਅ ਦਾ ਨਾਹਰਾ ਮਾਰਿਆ ਸੀ। ਪਰ ਰੂਸ ਦੇ ਜ਼ਾਰ ਨੂੰ ਮਿਲਣ ਖ਼ਾਤਿਰ ਗਏ ਹੋਏ ਦਲੀਪ ਨੇ ਸਿਰਫ਼ ਏਨਾ ਹੀ ਕਿਹਾ, 'ਮੇਰਾ ਦਿਲ ਟੁੱਟ ਗਿਆ ਹੈ, ਸੱਚ ਨਹੀਂ ਆ ਰਿਹਾ– ਹੋਰ ਅਗਲੇ ਹਫ਼ਤੇ ਲਿਖਾਂਗਾ'। ਨਾ ਅਪਣੇ ਬੱਚਿਆਂ ਦੀ ਦੇਖ ਭਾਲ ਦਾ ਕੋਈ ਪ੍ਰਬੰਧ ਕਰਕੇ ਗਿਆ ਸੀ, ਨਾ ਹੁਣ ਕੋਈ ਤੌਖ਼ਲਾ ਜ਼ਾਹਿਰ ਕੀਤਾ ਸੀ। ਅਸਲ ਚ ਉਹ ਛੇ ਮਹੀਨਿਆਂ ਦੀ ਆਸਵੰਦ ਐਡਾ ਵੈਦਰਿਲ ਨਾਲ ਮਾਸਕੋ ਦੇ ਕਿਸੇ ਬਹੁਤ ਖਸਤਾ ਹੋਟਲ ਚ ਟਿਕਿਆ ਹੋਇਆ ਸੀ। ਹੋਰ ਤਾਂ ਹੋਰ ਇਹਨੇ ਤਾਂ ਮਰੀ ਪਈ ਬਾਂਬਾ ਦੇ ਘੋੜੇ ਦੀ ਕਾਠੀ ਵੀ ਐਡਾ ਲਈ ਮੰਗ ਲਈ ਸੀ। ਅਖੇ, ਇਹ ਕਾਠੀ ਹੁਣ ਐਡਾ ਵਰਤਿਆ ਕਰੇਗੀ। ਇਹਦੀ ਇਸ ਕੀਤੀ ਦਾ ਸਭ ਨੇ ਬਹੁਤ ਬੁਰਾ ਮੰਨਿਆ ਸੀ ਕਿ ਇਸਨੇ ਚੰਗਾ ਮੰਦਾ ਸਮਾਂ ਵੀ ਨਾ ਵਿਚਾਰਿਆ। ਬਾਅਦ ਚ ਭਾਵੇਂ ਇਹਨੇ ਇਸ ਗੱਲ ਦੀ ਮੁਆਫ਼ੀ ਵੀ ਮੰਗ ਲਈ ਸੀ, ਪਰ ਤੀਰ ਕਮਾਨੋਂ ਨਿਕਲ ਗਿਆ ਸੀ। ਇੰਡੀਆ ਆਫ਼ਿਸ ਦੇ ਦਖ਼ਲ ਨਾਲ ਬਾਅਦ ਚ ਬੱਚਿਆਂ ਦੀ ਦੇਖ ਭਾਲ ਆਰਥਰ ਔਲੀਫੈਂਟ (ਇਸਦੇ ਬਾਪ ਨੇ ਵੀ ਦਲੀਪ ਸਿੰਘ ਦੀ ਦੇਖ ਰੇਖ ਕੀਤੀ ਸੀ) ਨੇ ਨਿਭਾਈ। ਇਸ ਪ੍ਰਬੰਧ ਨਾਲ ਬੱਚੇ ਬੜੇ ਖ਼ੁਸ਼ ਹੋਏ ਸੀ ਤੇ ਇਨ੍ਹਾਂ ਦਾ ਭਵਿੱਖ ਕੁਝ ਸੁਧਰ ਵੀ ਗਿਆ ਸੀ।

ਅਨਦ ਤੋਂ ਮੁੜ ਕੇ ਦਲੀਪ ਸਿੰਘ ਪੈਰਿਸ ਚ ਕਿਸੇ ਰਖੈਲ, ਐਡਾ ਡਗਲੱਸ ਵੈਦਰਿੱਲ, ਨਾਲ ਜਾ ਟਿਕਿਆ ਸੀ; ਇਹਨਾਂ ਦੀ ਜਾਣ ਪਛਾਣ ਲੰਡਨ ਚ ਅੱਯਾਸ਼ੀ ਵੇਲ਼ਿਆਂ ਤੋਂ ਹੀ ਸੀ। ਬਾਅਦ ਚ ਉਸ ਤੋਂ ਇਸਦੇ ਦੋ ਧੀਆਂ ਹੋਰ ਹੋਈਆਂ। ਹੱਥ ਪੱਲੇ ਮਾਰਦਾ ਇਹ ਤੁਰਕਾਂ, ਮਿਸਰੀਆਂ, ਫਰਾਂਸੀਸੀਆਂ ਅਤੇ ਆਇਰਸ਼ ਬਾਗੀਆਂ ਦੇ ਤਰਲੇ ਕੱਢਦਾ ਰਿਹਾ ਕਿ ਉਹ ਇਹਦੀ ਮੱਦਦ ਕਰਨ ਤੇ ਅੰਗਰੇਜ਼ਾਂ ਨੂੰ ਬਾਹਰ ਕੱਢਣ। ਐਡਾ ਨੂੰ ਨਾਲ਼ ਲੈ ਕੇ ਦਲੀਪ ਸਿੰਘ ਰੂਸ ਦੇ ਜ਼ਾਰ ਨੂੰ ਮਿਲਣ ਦੀ ਖ਼ੁਸ਼ ਖਿਆਲੀ ਚ ਮਾਸਕੋ ਵੀ ਗਿਆ। ਐਡਾ ਉਮਰੋਂ ਇਹਦੇ ਤੋਂ ਬਹੁਤ ਨਿੱਕੀ ਸੀ। ਇਹਨੇ ਜ਼ਾਰ ਨੂੰ ਚਿੱਠੀ ਲਿਖੀ ਕਿ ਇਹ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਹੈ ਤੇ ਇਸ ਕੰਮ ਲਈ ਇਹਨੇ ਦੋ ਲੱਖ ਫੌਜੀ ਤੇ ਦੋ ਹਜ਼ਾਰ ਤੋਪਾਂ ਦੀ ਇੱਛਾ ਜ਼ਾਹਿਰ ਕੀਤੀ ਸੀ। ਪਰ ਏਥੇ ਵੀ ਇਸਦੀ ਕੋਈ ਪੁੱਛ ਪ੍ਰਤੀਤ ਨਾ ਹੋਈ। ਰੂਸੀ ਇਹ ਕੰਮ ਕਿਸ ਲਈ ਕਰਦੇ? ਜਦੋਂ ਜ਼ਾਰ ਨੂੰ ਇਹ ਪਤਾ ਲੱਗਾ ਕਿ ਇਹ ਅਪਣੇ ਨਾਲ਼ ਹੋਟਲ ਦੀ ਕਿਸੇ ਨੌਕਰਾਣੀ ਨਾਲ ਟਿਕਿਆ ਹੋਇਆ ਹੈ ਤੇ ਉਹ ਇਹਦੇ ਬੱਚੇ ਦੀ ਮਾਂ ਹੋਣ ਵਾਲ਼ੀ ਹੈ ਤਾਂ ਉਸ ਨੇ ਕੋਈ ਜੁਆਬ ਨਾ ਦਿੱਤਾ। ਰੂਸ ਚ ਇਹ ਤੰਗੀ ਤੁਰਸ਼ੀ ਦੀ ਹਾਲਤ ਚ ਖ਼ਸਤਾ ਹੋਟਲਾਂ ਚ ਵੀ ਰਿਹਾ। ਰੂਸ ਵਿਚ ਇਹ ਔਰਥੋਡੋਕਸ ਈਸਾਈ ਬਣਨ ਨੂੰ ਵੀ ਕਾਹਲ਼ਾ ਸੀ। ਇਹਦੇ ਸਲਾਹਊਂ ਨੇ ਰੋਕ ਦਿੱਤਾ ਕਿ ਇਸ ਨਾਲ ਸਿੱਖਾਂ ਤੇ ਬੁਰਾ ਅਸਰ ਪਏਗਾ। ਇਹ ਸੁਝਾਅ ਵੀ ਦਿੱਤਾ ਕਿ ਸਾਡੇ ਖ਼ਿਆਲ ਅਨੁਸਾਰ ਓਨਾ ਚਿਰ ਸਿੱਖ ਬਣੇ ਰਹੋ, ਜਿੰਨਾ ਚਿਰ ਰੂਸੀ ਸਰਕਾਰ, ਭਾਰਤ ਮੁੜਨ ਲਈ ਆਪਦੀ ਮਦਦ ਨਹੀਂ ਕਰਦੀ। ਤਦ ਤੱਕ ਆਪ ਨੂੰ ਬਾਹਰੀ ਤੌਰ ਤੇ ਸਿੱਖ ਦਿਸਣਾ ਜ਼ਰੂਰੀ ਹੈ, ਜਦ ਤੱਕ ਆਪ ਸਿੰਘਾਸਨ ਤੇ ਨਾ ਬੈਠ ਜਾਓ।

ਬਾਂਬਾ ਤੋਂ ਇਹ ਸਾਰਾ ਕੁਝ ਝੱਲ ਨਾ ਹੋਇਆ ਉਹ ਸ਼ਰਾਬ ਚੋਂ ਆਸਰਾ ਭਾਲ਼ਦੀ ਭਾਲ਼ਦੀ ਗਹਿਰੇ ਉਦਾਸੀ ਰੋਗ ਦੀ ਮਰੀਜ਼ ਹੋ ਗਈ ਸੀ। ਘਰ ਦੀ ਹਾਲਤ ਠੀਕ ਨਹੀਂ ਸੀ; ਓਧਰੋਂ ਸੋਫ਼ੀਆ ਨੂੰ ਮਿਆਦੀ ਬੁਖ਼ਾਰ ਹੋ ਗਿਆ ਸੀ ਤੇ ਬੇਹੋਸ਼ੀ ਦੇ ਦੌਰੇ ਪੈਣ ਲੱਗ ਪਏ ਸੀ। ਬਾਂਬਾ, ਲਾਡਲੀ ਧੀ ਸੋਫ਼ੀਆ ਦੀ ਸੇਵਾ ਚ ਏਨੀ ਗ੍ਰਸਤ ਹੋ ਗਈ ਕਿ ਅਪਣੀ ਦੇਖ ਭਾਲ ਦੀ ਸੁਧ ਬੁਧ ਹੀ ਖੋਹ ਬੈਠੀ। ਪਹਿਲਾਂ ਹੀ ਸ਼ੱਕਰ ਰੋਗ ਤੇ ਉਦਾਸੀ ਰੋਗ ਦੀ ਦੱਬੀ ਹੋਈ ਬਾਂਬਾ, ਆਪ ਬੇਹੋਸ਼ੀ ਦੇ ਦੌਰੇ ਦਾ ਸ਼ਿਕਾਰ ਹੋ ਗਈ। ਇਸ ਤਰਾਂ ਦੁਖੀ ਇਸ ਦੁਨੀਆਂ ਤੋਂ ਵਿਦਾ ਹੋ ਗਈ।

ਬਾਂਬਾ ਦੀ ਮੌਤ ਤੋਂ ਤਿੰਨ ਮਹੀਨੇ ਬਾਅਦ ਐਡਾ ਵੈਦਰਿੱਲ ਚੋਂ ਦਲੀਪ ਦੀ ਧੀ ਨੇ ਜਨਮ ਲਿਆ। ਦੂਜੀ ਧੀ ਪੈਰਿਸ ਚ ਪਹੁੰਚ ਕੇ ਹੋਈ। ਛੋਟੀ ਧੀ ਜੰਮਣ ਤੋਂ ਪਹਿਲਾਂ ਇਹਨੇ ਐਡਾ ਨਾਲ ਬਾਕਾਇਦਾ ਵਿਆਹ ਕਰ ਲਿਆ ਸੀ। ਪਰ ਕੋਲ਼ ਪੈਸਾ ਧੇਲਾ ਨਾ ਹੋਣ ਕਰਕੇ ਦੋਹਾਂ ਦੀ ਆਪਸ ਚ ਨੋਕ ਝੋਕ ਰਹਿਣ ਲੱਗ ਪਈ ਸੀ। ਫਿਰ ਕਲ਼ੇਸ਼ ਵਧੀ ਗਿਆ। ਫਰਾਂਸ ਚ ਪੈਸੇ ਹੱਥੋਂ ਤੰਗੀ ਕਾਰਨ ਐਡਾ ਇਹਨੂੰ ਛੱਡ ਕੇ ਹੋਰ ਕਿਸੇ ਚੰਗੇ ਇਲਾਕੇ ਚ ਰਹਿਣ ਲੱਗ ਪਈ ਸੀ ਤੇ ਮੁੜਕੇ ਅਪਣੀ ਐਸ਼ ਵਾਲੀ ਜ਼ਿੰਦਗੀ ਸ਼ੁਰੂ ਕਰ ਲਈ। ਇਹਨੇ ਆਪ ਵੀ ਕਿਸੇ ਹੋਰ ਬਹੁਤੇ ਖ਼ਸਤਾ ਹੋਟਲ ਚ ਉਪਰਲੀ ਮੰਜ਼ਿਲ ਦੇ ਨਿੱਕੜੂ ਜਿਹਾ ਕਮਰਾ ਕਿਰਾਏ ਤੇ ਲੈ ਲਿਆ ਸੀ। ਏਥੇ ਰਹਿੰਦਿਆਂ ਦਲੀਪ ਸਿੰਘ ਨੂੰ ਅਧਰੰਗ ਦਾ ਦੌਰਾ ਪਿਆ। ਜਦ ਇਹ ਡਰਿਆ ਹੋਇਆ ਡਾਕਟਰ ਕੋਲ ਗਿਆ ਤਾਂ ਪੱਕਾ ਹੋ ਗਿਆ ਕਿ ਇਹਦਾ ਪਾਸਾ ਮਾਰਿਆ ਗਿਆ ਸੀ ਤੇ ਬਾਂਹ ਵੀ ਲੁੜਕਨ ਲੱਗ ਪਈ ਸੀ। ਇਹਦਾ ਕੋਈ ਪਤਾ ਨਾ ਲੈਣ ਆਇਆ। ਇਸਨੇ ਫਿਰ ਅਪਣੇ ਵੱਡੇ ਪੁੱਤ ਰਾਹੀਂ ਮਲਕਾ ਵਿਕਟੋਰੀਆ ਨੂੰ ਪੂਰਨ ਮੁਆਫ਼ੀ ਲਈ ਬੇਨਤੀ ਕੀਤੀ ਤਾਂ ਜੋ ਇਹ ਇੰਗਲੈਂਡ ਨੂੰ ਮੁੜ ਕੇ ਆ ਸਕੇ। ਖ਼ਤ ਇਹਨੇ ਆਪ ਲਿਖਵਾਇਆ ਸੀ, ਲਿਖਿਆ ਇਹਦੇ ਪੁੱਤ ਨੇ ਸੀ ਪਰ ਦਸਤਖ਼ਤ ਇਹਨੇ ਖ਼ੁਦ ਕੀਤੇ ਸੀ। ਇੰਡੀਆ ਆਫ਼ਿਸ ਤੇ ਮਲਿਕਾ

ਦੇ ਆਫ਼ਿਸ ਮੁਤਾਬਿਕ ਇਹਨੇ ਬਿਨਾਂ ਸ਼ਰਤ ਅਪਣੀ ਕੀਤੀ ਦੀ ਮੁਆਫ਼ੀ ਮੰਗੀ ਸੀ। ਇਹ ਲਿਖਦਾ ਹੈ ਕਿ ਮੇਰੇ ਤੇ ਰੱਬ ਦੀ ਡਾਢੀ ਕ੍ਰੋਪੀ ਹੋ ਗਈ ਹੈ ਤੇ ਹੁਣ ਮੈਂ ਆਪ ਲਿਖਣ ਜੋਗਾ ਵੀ ਨਹੀਂ ਰਿਹਾ। ਇਸ ਮੁਆਫ਼ੀਨਾਮੇ ਚ ਨਾ ਸਿਰਫ਼ ਇਹਨੇ ਮਲਿਕਾ ਦੇ ਸੋਹਲੇ ਗਾਏ ਸਗੋਂ ਅਪਣੇ ਆਪ ਨੂੰ ਵਿਕਟੋਰੀਆ ਦਾ ਵਫ਼ਾਦਾਰ ਨਾਗਰਿਕ ਵੀ ਕਿਹਾ। ਮਲਿਕਾ ਨੇ ਇਹਦੀ ਮੁਆਫ਼ੀ ਮੰਨ ਲਈ ਸੀ। ਥੋੜ੍ਹੀ ਦੇਰ ਬਾਅਦ ਇਹ ਐਡਾ ਨਾਲ ਫੋਕਸਟੰਨ ਮੁੜ ਆਇਆ। ਕੁਝ ਸਮਾਂ ਬਿਤਾ ਕੇ ਗਰਮ ਮੌਸਮ ਲਈ ਫਰਾਂਸ ਨੂੰ ਮੁੜ ਗਿਆ। ਫਿਰ ਇਹਨੇ ਮਲਿਕਾ ਵਿਕਟੋਰੀਆ ਨਾਲ਼ ਆਹਮਣੇ ਸਾਹਮਣੇ ਹੋ ਕੇ ਮੁਆਫ਼ੀ ਮੰਗਣ ਦੀ ਇੱਛਾ ਜ਼ਾਹਿਰ ਕੀਤੀ ਸੀ। ਜਦੋਂ ਦਾ ਇਹ ਵਲੈਤ ਆਇਆ ਸੀ, ਇਹਦੇ ਪ੍ਰਤੀ ਵਿਕਟੋਰੀਆ ਵੀ ਹਮੇਸ਼ਾ ਹੀ ਫ਼ਿਕਰਮੰਦ ਰਹੀ ਸੀ। ਜਦੋਂ ਮਲਿਕਾ ਵਿਕਟੋਰੀਆ ਨਾਲ ਇਹਦਾ ਅਖ਼ੀਰਲੀ ਵਾਰ ਮੇਲ ਹੁੰਦਾ ਹੈ ਤਦ ਦਲੀਪ ਸਿੰਘ ਅਧਰੰਗ ਦੇ ਦੌਰੇ ਕਾਰਨ ਸਰੀਰੋਂ ਹੀਣਾ ਹੋ ਗਿਆ ਸੀ। ਤਦ ਇਹ ਮਲਿਕਾ ਨੂੰ ਸਿਜਦਾ ਵੀ ਨਹੀਂ ਸੀ ਕਰ ਸਕਿਆ। ਇਸ ਕੁਤਾਹੀ ਦੀ ਵਿਕਟੋਰੀਆ ਤੋਂ ਮੁਆਫ਼ੀ ਮੰਗਦਾ ਹੈ ਤੇ ਭੁੱਬਾਂ ਮਾਰ ਮਾਰ ਕੇ ਰੋਣ ਲੱਗ ਪੈਂਦਾ ਹੈ। ਅਪਣੇ ਕੀਤੇ ਲਈ ਮੁਆਫ਼ੀ ਮੰਗਦਾ ਹੈ। ਮਲਿਕਾ ਨੇ ਪਿਛਲੀ ਵਾਰ ਇਹਨੂੰ ਸੋਹਣਾ ਫਬਦਾ ਬਣਦਾ ਤੇ ਪੂਰਾ ਤੰਦਰੁਸਤ ਦੇਖਿਆ ਹੋਇਆ ਸੀ ਤੇ ਹੁਣ ਇਹਦੇ ਨਾ ਸਿਰਫ ਧੌਲ਼ੇ ਨਿਕਲ਼ ਆਏ ਸੀ। ਇਹ ਸਰੀਰੋਂ ਵੀ ਕੰਮਜ਼ੋਰ ਹੋ ਗਿਆ ਸੀ; ਅਧਰੰਗ ਕਾਰਨ ਇਹਦਾ ਨਿਰਜਿੰਦ ਹੱਥ ਲੁੜਕਦਾ ਫਿਰਦਾ ਸੀ; ਭਾਂਵੇਂ ਇਹ ਆਪ ਖੜਾ ਤਾਂ ਹੋ ਸਕਦਾ ਸੀ ਪਰ ਮਸੀਂ ਦੋ ਚਾਰ ਕਦਮ ਤੁਰਨ ਜੋਗਾ ਹੀ ਸੀ। ਇਹਦੀ ਹਾਲਤ ਦੇਖ ਕੇ ਵਿਕਟੋਰੀਆ ਦਿਲੋਂ ਦੁਖੀ ਹੋਈ ਸੀ। ਮਲਿਕਾ ਨੇ ਅਪਣਾ ਹੱਥ ਇਹਦੇ ਵੱਲ ਵਧਾਇਆ ਜੋ ਦਲੀਪ ਸਿੰਘ ਨੇ ਰਵਾਇਤੀ ਸੰਸਕਾਰਾਂ ਅਨੁਸਾਰ ਚੁੰਮ ਲਿਆ ਸੀ। ਹੌਂਸਲਾ ਦੇਣ ਲਈ ਮਲਿਕਾ ਇਹਦਾ ਹੱਥ ਵੀ ਪਲੋਸਦੀ ਰਹੀ ਸੀ। ਵਿਕਟੋਰੀਆ ਦੇ ਦਿਲ ਚ ਦਲੀਪ ਸਿੰਘ ਲਈ ਹਮੇਸ਼ਾਂ ਕੋਈ ਨਰਮ ਗੋਸ਼ਾ ਰਿਹਾ ਸੀ; ਇਹਨੂੰ ਕਈ ਖੁੱਲ੍ਹਾਂ ਸੀ ਤੇ ਉਹ ਇਹਦੀਆਂ ਭੁੱਲਾਂ ਨੂੰ ਵੀ ਮੁਆਫ਼ ਕਰ ਦਿੰਦੀ ਰਹੀ। ਇਸ ਮਿਲਣੀ ਬਾਰੇ ਮਲਿਕਾ ਨੇ ਅਪਣੇ ਰੋਜ਼ਨਾਮਚੇ ਚ ਲਿਖਵਾਇਆ ਸੀ: ਦਲੀਪ ਨੂੰ ਮਿਲਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ; ਮੈਂ ਉਸਨੂੰ ਮੁਆਫ਼ ਵੀ ਕਰ ਦਿੱਤਾ ਹੈ ਤੇ ਉਸ ਦੀਆਂ ਕੀਤੀਆਂ ਨੂੰ ਭੁਲਾ ਵੀ ਦਿੱਤਾ ਹੈ।

ਇਹਦੀਆਂ ਵਿਤੋਂ ਵੱਡੀਆਂ ਆਸਾਂ ਤੇ ਪਾਣੀ ਫਿਰਨਾ ਸੀ, ਸੋ ਫਿਰ ਗਿਆ। ਏਹੋ ਜਿਹੇ ਹਾਲਾਤਾਂ ਚ ਕੋਈ ਵੱਡੇ ਸਬਰ ਵਾਲਾ ਵੀ ਡੋਲ ਸਕਦਾ ਹੈ। ਜਿਹੜਾ ਮਾੜਾ ਮੋਟਾ ਆਸਰਾ ਸਿੱਖ ਸਰਦਾਰਾਂ ਦਾ ਸੀ ਜਦੋਂ ਉਹ ਵੀ ਨਾ ਰਿਹਾ ਤਾਂ ਜਾਣੋ ਇਹਦਾ ਲੱਕ ਹੀ ਟੁੱਟ ਗਿਆ। ਜੋ ਮਨ ਚ ਧਾਰਿਆ ਸੀ ਓਹ ਵੀ ਨਾ ਹੋਇਆ ਤੇ ਜੋ ਹੱਥ ਚ ਸੀ, ਓਹ ਵੀ ਗੁਆ ਲਿਆ। ਇਹ ਘੋਰ ਨਿਰਾਸ਼ੀ ਚ ਚਲੇ ਗਿਆ।

ਵਲੈਤ ਚ ਦਲੀਪ ਸਿੰਘ ਦਾ ਸੱਭ ਛੋਟਾ ਪੁੱਤਰ ਬਹੁਤ ਬੀਮਾਰ ਸੀ। ਇਹਦਾ ਨਮੂਨੀਆਂ ਵਿਗੜ ਕੇ ਗੰਭੀਰ ਰੂਪ ਧਾਰ ਗਿਆ ਸੀ ਤੇ ਮੁੰਡੇ ਨੇ ਛੇਤੀ ਸਰੀਰ ਤਿਆਗ ਦੇਣਾ ਸੀ। ਏਸੇ ਵਸ ਦਲੀਪ ਇਹਦੀ ਬੀਮਾਰੀ ਦਾ ਪਤਾ ਲੈਣ ਇੰਗਲੈਂਡ ਆਇਆ। ਇਹ ਦਲੀਪ ਦੀ ਵਲੈਤ ਨੂੰ ਅਖ਼ੀਰਲੀ ਫੇਰੀ ਹੋ ਨਿਬੜੀ ਸੀ। ਜਦੋਂ ਇਹ ਮਰਨ ਕੰਢੇ ਪਏ ਨਿੱਕੇ ਪੁੱਤ ਤੋਂ ਵਿਛੜਨ ਲੱਗਿਆ ਤਾਂ ਈਸਾਈ ਜਬੂਰ ਦੇ ਪ੍ਰਸਿੱਧ ਭਜਨ ਦਾ ਮੁਖੜਾ 'ਖ਼ੁਦਾਵੰਦ ਹੀ ਤੇਰਾ ਰਖਵਾਲਾ ਹੈ' ਲਿਖਿਆ ਰੁੱਕਾ ਉਹਦੇ ਹੱਥ ਫੜਾ ਦਿੰਦਾ ਹੈ। ਅਪਣੇ ਅਖ਼ੀਰਲੇ ਦਿਨਾਂ ਚ ਵੀ ਦਲੀਪ ਸਿੰਘ ਦੇ ਮਨ ਚ 'ਵਾਹਿਗੁਰੂ ਤੇਰੇ ਅੰਗ ਸੰਗ ਰਹੇ' ਜਾਂ 'ਵਾਹਿਗੁਰੂ ਭਲੀ ਕਰੇਗਾ' ਬਿਲਕੁਲ ਨਹੀਂ ਆਖਿਆ; ਨਾ ਹੀ ਅਕਾਲ ਪੁਰਖ ਅੱਗੇ ਪੁੱਤ ਦੀ ਸਿਹਤਯਾਬੀ ਲਈ ਕੋਈ ਅਰਦਾਸ ਬੇਨਤੀ ਕਰਨ ਦੀ ਸੋਚ ਮਨ ਆਈ।

ਇਸ ਦੇ ਪੱਕੇ ਤੌਰ ਤੇ ਵਲੈਤ ਨੂੰ ਮੁੜ ਆਉਣ ਦਾ ਪ੍ਰਬੰਧ ਕਰਨ ਲਈ ਦਲੀਪ ਸਿੰਘ ਦੇ ਵੱਡੇ ਪੁੱਤ ਨਾਲ ਐਡਾ ਵਲੈਤ ਆਈ ਹੋਈ ਸੀ ਤੇ ਮਗਰੋਂ ਇਹਨੂੰ ਅਧਰੰਗ ਦਾ ਦੂਜਾ ਦੌਰਾ ਪੈ ਗਿਆ। ਇਹ ਹਮਲਾ ਜਾਨ ਲੇਵਾ ਬਣਿਆ। ਦਲੀਪ ਇਸ ਜਹਾਨ ਤੋਂ ਕੂਚ ਕਰ ਗਿਆ; ਮੌਤ ਵੇਲ਼ੇ ਇਹਦੇ ਕੋਲ਼ ਵੀ ਕੋਈ ਨਹੀਂ ਸੀ: ਇਹਦੀ ਮੌਤ ਦਾ ਪਤਾ ਵੀ ਦੂਜੇ ਦਿਨ ਲੱਗਾ ਸੀ। ਮਲਿਕਾ ਵਿਕਟੋਰੀਆ ਇਹਦੀ ਮੌਤ ਦਾ ਸੁਣ ਕੇ ਬਹੁਤ ਦੁਖੀ ਹੋਈ; ਉਹਨੇ ਵੈਰਾਗ ਚ ਖ਼ਤ ਲਿਖਿਆ ਸੀ; ਦਲੀਪ ਸਿੰਘ ਨਾਲ ਬਿਤਾਏ ਭਲੇ ਦਿਨਾਂ ਨੂੰ ਯਾਦ ਕੀਤਾ। ਫਰਾਂਸ ਤੋਂ ਦਲੀਪ ਸਿੰਘ ਦੀ ਦੇਹ ਵਲੈਤ ਲਿਆਂਦੀ ਗਈ ਤੇ ਇਹਨੂੰ ਬਾਂਬਾ ਤੇ ਇਨ੍ਹਾਂ ਦੇ ਛੋਟੇ ਪੁੱਤ ਦੀ ਕਬਰ ਦੇ ਨਾਲ਼ ਕਰਕੇ ਐਲਵਿਡਨ ਚ ਦਫ਼ਨ ਕਰ ਦਿੱਤਾ ਗਿਆ।


ਸੁਖਦੇਵ ਸਿੱਧੂ

ਸੰਪਰਕ : +44 1234 214170



*ਕਹਾਣੀ*

# ਦਾਇਰੇ

*ਬਲਵਿੰਦਰ ਸਿੰਘ ਬਰਾੜ*

ਸਨੇਹਾ ਡ੍ਰੈਸਿੰਗ ਟੇਬਲ ਤੋਂ ਮੇਕਅਪ ਦਾ ਸਮਾਨ ਸਮੇਟਣ ਲੱਗੀ। ਕ੍ਰੀਮ, ਫੇਸ ਪਾਊਡਰ, ਫਾਉਂਡੇਸ਼ਨ, ਲਿਪਸਟਿਕ, ਪਰਫ਼ਿਊਮ, ਡੀਓ ਮਤਲਬ ਸਾਰਾ ਸਮਾਨ। ਉਹਨੇ ਝੁਕੀ ਹੋਈ ਨੇ ਅਚਨਚੇਤ ਸਿਰ ਉਤਾਂਹ ਚੁੱਕਿਆ। ਸਾਹਮਣੇ ਆਦਮਕੱਦ ਸ਼ੀਸ਼ੇ ਵਿਚ ਉਹਨੂੰ ਆਪਣਾ ਚਿਹਰਾ ਵਿਖਾਈ ਦਿੱਤਾ। ਖੁੱਲ੍ਹੇ ਵਾਲ ਚਿਹਰੇ ਦੇ ਦੋਵੇਂ ਪਾਸੇ ਲਹਿਰਾ ਰਹੇ ਸਨ। ਝੁਕੇ ਹੋਇਆਂ ਸਾਹਮਣੇ ਵੇਖਣ ਕਾਰਨ ਭਵਾਂ ਕਮਾਨ ਵਾਂਗ ਤਣੀਆਂ ਹੋਈਆਂ ਦਿਸੀਆਂ। ਮੱਥੇ ’ਚ ਤਿਊੜੀਆਂ ਅਤੇ ਮੋਟੀਆਂ ਅੱਖਾਂ ਵਿਚ ਲਾਲ ਡੋਰੇ ਤੈਰਦੇ ਨਜ਼ਰ ਆਏ। ਉਹਨੂੰ ਆਪਣਾ ਚਿਹਰਾ ਸ਼ੇਰਨੀ ਦੇ ਚਿਹਰੇ ਵਾਂਗ ਜਾਪਣ ਲੱਗਿਆ। ਕੁਝ ਪਲ ਸ਼ੀਸ਼ੇ ਵੱਲ ਘੂਰ ਕੇ ਵੇਖਦੀ ਰਹੀ। ਫਿਰ ਡ੍ਰੈਸਿੰਗ ਟੇਬਲ ਦੇ ਦਰਾਜ਼ ਫਰੋਲਣ ਲੱਗੀ। ਇਕ ਦਰਾਜ਼ ਵਿਚੋਂ ਇਕ ਪੁਰਾਣੀ ਸੰਧੂਰ ਸਟਿਕ ਅਤੇ ਬਿੰਦੀਆਂ ਵਾਲੇ ਪੱਤੇ ਹੱਥ ਲੱਗੇ। ਉਨ੍ਹਾਂ ਨੂੰ ਗਹੁ ਨਾਲ ਵੇਖਿਆ। ਕੁਝ ਸੋਚ ਕੇ ਉਨ੍ਹਾਂ ਨੂੰ ਵਾਪਸ ਉਥੇ ਹੀ ਸੁੱਟ ਦਿੱਤਾ। ਉਹਨੇ ਕਾਫ਼ੀ ਚਿਰ ਤੋਂ ਸੰਧੂਰ ਅਤੇ ਬਿੰਦੀ ਲਾਉਣੀ ਛੱਡ ਦਿੱਤੀ ਸੀ।

ਸਨੇਹਾ ਸਿੱਧੀ ਖੜ੍ਹੀ ਹੋ ਕੇ ਸ਼ੀਸ਼ੇ ਵਿਚ ਵੇਖਣ ਲੱਗੀ। ਮੱਥੇ ਵਿਚ ਬਿੰਦੀ ਵਾਲੀ ਥਾਂ ’ਤੇ ਉਹਨੂੰ ਜਲਣ ਜਿਹੀ ਮਹਿਸੂਸ ਹੋਈ। ਉਹ ਸੱਜੇ ਹੱਥ ਦੀ ਵੱਡੀ ਉਂਗਲ ਨਾਲ ਉਸ ਥਾਂ ਨੂੰ ਰਗੜਣ ਲੱਗੀ। ਜਿਵੇਂ ਉਹ ਉਸ ਥਾਂ ਤੋਂ ਬਿੰਦੀ ਦੀ ਯਾਦ ਨੂੰ ਸਦਾ ਲਈ ਮਿਟਾ ਦੇਣਾ ਚਾਹੁੰਦੀ ਹੋਵੇ। ਪਰ ਉਹਨੂੰ ਉਹ ਦਿਨ ਯਾਦ ਆ ਗਏ ਜਦੋਂ ਉਹ ਬਿੰਦੀ ਲਾਇਆ ਕਰਦੀ ਸੀ ਅਤੇ ਮਾਂਗ ਵਿਚ ਸੰਧੂਰ ਵੀ ਭਰਿਆ ਕਰਦੀ ਸੀ। ਜਦੋਂ ਉਹ ਨਵੀਂ-ਨਵੀਂ ਦੁਲਹਨ ਬਣ ਕੇ ਇਸ ਘਰ ਵਿਚ ਆਈ ਸੀ। ਉਹ ਬਦਲ-ਬਦਲ ਕੇ ਡਿਜ਼ਾਈਨਰ ਬਿੰਦੀਆਂ ਲਾਉਂਦੀ ਸੀ। ਉਹਨੂੰ ਸਜੀ-ਧਜੀ ਨੂੰ ਵੇਖ ਕੇ ਸੱਸ ਵੀ ਉਹਦੀਆਂ ਬਲਾਵਾਂ ਲੈਂਦੀ ਸੀ। ਉਹ ਆਂਢਣਾਂ-ਗਵਾਂਢਣਾਂ, ਰਿਸ਼ਤੇਦਾਰਾਂ, ਸਭ ਨੂੰ ਇਹੋ ਕਿਹਾ ਕਰਦੀ ਸੀ, “ਮੇਰੀ ਨੂੰਹ ਤਾਂ ਕਿਸਮਤ ਵਾਲੀ ਏ। ਬਹੁਤ ਲੱਕੀ ਏ !...ਮੈਂ ਵੀ ਬਹੁਤ ਲੱਕੀ ਹਾਂ ਜੋ ਮੈਨੂੰ ਇਹੋ ਜਿਹੀ ਨੂੰਹ ਮਿਲੀ ਏ !”

...ਤੇ ਕਰਨ ਵੀ ਤਾਂ ਖ਼ੁਸ਼ੀ ਵਿਚ ਉੱਡਿਆ ਫਿਰਦਾ ਸੀ। ਕਰਨ ਦਾ ਖ਼ਿਆਲ ਆਉਂਦਿਆਂ ਹੀ ਸਨੇਹਾ ਨੇ ਚਿੜ ਕੇ ਬੁੱਲ੍ਹੇ ਕੱਢੇ ਤੇ ਮੂੰਹ ਬਣਾਉਂਦਿਆਂ 'ਹੂੰ' ਕਹਿੰਦੇ ਹੋਏ ਸਿਰ ਝਟਕਿਆ। ਉਹ ਕਰਨ ਦੇ ਖ਼ਿਆਲ ਨੂੰ ਝਟਕ ਦੇਣਾ ਚਾਹੁੰਦੀ ਸੀ।

ਉਨ੍ਹਾਂ ਨੇ ਆਪ ਮੰਗ ਕੇ ਸਨੇਹਾ ਦਾ ਰਿਸ਼ਤਾ ਲਿਆ ਸੀ। ਕਰਨ ਦੀਵਾਨਾ ਹੋ ਗਿਆ ਸੀ ਉਹਦਾ। ਉਹ ਇਕ ਸ਼ਾਦੀ ਵਿਚ ਮਿਲੇ ਸਨ। ਸਨੇਹਾ ਦੀ ਸਹੇਲੀ ਰੂਬੀ ਦੀ ਸ਼ਾਦੀ ਸੀ। ਸਨੇਹਾ ਆਪਣੇ ਮੰਮੀ-ਪਾਪਾ ਨਾਲ ਗਈ ਸੀ। ਕਰਨ ਰੂਬੀ ਦੀ ਰਿਸ਼ਤੇਦਾਰੀ ਵਿਚੋਂ ਸੀ। ਉਸ ਨੇ ਸਨੇਹਾ ਨਾਲ ਜਾਣ-ਪਛਾਣ ਕੀਤੀ ਅਤੇ ਫਿਰ ਉਹਦਾ ਫ਼ੋਨ ਨੰਬਰ ਲੈ ਲਿਆ। ਦੋ-ਤਿੰਨ ਬਾਅਦ ਸਨੇਹਾ ਨੂੰ ਫੇਸਬੁੱਕ 'ਤੇ ਦੋਸਤੀ ਲਈ ਰਿਕੁਐਸਟ ਭੇਜ ਦਿੱਤੀ। ਸਨੇਹਾ ਨੇ ਉਹਦੀ ਰਿਕੁਐਸਟ ਸਵੀਕਾਰ ਕਰ ਲਈ। ਪਰ ਉਹਦੇ ਨਾਲ ਕਦੇ ਚੈਟ ਵਗੈਰਾ ਨਾ ਕੀਤੀ। ਉਹ ਸਿਰਫ਼ 'ਹਾਇ-ਹੈਲੋ' ਤਕ ਸੀਮਤ ਰਹੇ। ਵੱਧ ਤੋਂ ਵੱਧ ਇਕ-ਦੂਜੇ ਦੇ ਜਨਮ ਦਿਨ ਜਾਂ ਤਿਉਹਾਰਾਂ ਦੀਆਂ ਸ਼ੁਭ ਕਾਮਨਾਵਾਂ ਭੇਜ ਦਿੰਦੇ। ਕਰਨ ਨੇ ਦੋ-ਤਿੰਨ ਵਾਰ ਸਨੇਹਾ ਨੂੰ ਮਿਲਣ ਦੀ ਇੱਛਾ ਵੀ ਪ੍ਰਗਟਾਈ, ਪਰ ਸਨੇਹਾ ਨੇ ਅੱਗੋਂ ਕੋਈ ਹੁੰਗਾਰਾ ਨਾ ਭਰਿਆ।

ਸਨੇਹਾ ਇਕ ਸਕੂਲ ਵਿਚ ਅੰਗਰੇਜ਼ੀ ਦੀ ਅਧਿਆਪਕ ਸੀ ਅਤੇ ਕਰਨ ਇਕ ਕੰਪਨੀ ਵਿਚ ਕੰਮ ਕਰਦਾ ਸੀ। ਕਰਨ ਨੇ ਰੂਬੀ ਅਤੇ ਰੂਬੀ ਦੀ ਮੰਮੀ ਰਾਹੀਂ ਸਨੇਹਾ ਨਾਲ ਸ਼ਾਦੀ ਦੀ ਗੱਲ ਤੋਰੀ ਤਾਂ ਵੀ ਸਨੇਹਾ ਨੇ ਕੋਈ ਹੁੰਗਾਰਾ ਨਾ ਭਰਿਆ। ਉਹ ਕਰਨ ਨੂੰ ਨਾ ਤਾਂ ਪਸੰਦ ਕਰਦੀ ਸੀ ਅਤੇ ਨਾ ਹੀ ਨਾਪਸੰਦ। ਉਹਨੇ ਕਦੇ ਉਸ ਬਾਰੇ ਇਸ ਤਰ੍ਹਾਂ ਸੋਚਿਆ ਹੀ ਨਹੀਂ ਸੀ। ਉਸ ਬਾਰੇ ਤਾਂ ਕੀ, ਕਦੇ ਕਿਸੇ ਹੋਰ ਦੋਸਤ ਬਾਰੇ ਵੀ ਸੋਚਿਆ ਨਹੀਂ ਸੀ।

ਸਨੇਹਾ ਮੇਕਅਪ ਦਾ ਸਾਰਾ ਸਮਾਨ ਇਕ ਕਿੱਟ ਵਿਚ ਪਾ ਕੇ, ਕਿੱਟ ਨੂੰ ਬੈਗ ਵਿਚ ਰੱਖਣ ਲਈ ਜਗ੍ਹਾ ਬਣਾਉਣ ਲੱਗੀ। ਸੂਟਕੇਸ ਕੱਪੜਿਆਂ ਨਾਲ ਭਰਿਆ ਹੋਇਆ ਸੀ। ਉਸ ਵਿਚ ਕੋਈ ਥਾਂ ਨਹੀਂ ਸੀ।

ਕਰਨ ਲਈ ਵੀ ਉਹਦੇ ਦਿਲ ਵਿਚ ਕੋਈ ਖ਼ਾਸ ਨਹੀਂ ਸੀ। ਪਰ ਇਕ ਛੁੱਟੀ ਵਾਲੇ ਦਿਨ ਕਰਨ ਅਤੇ ਉਹਦੇ ਮੰਮੀ-ਪਾਪਾ ਸਨੇਹਾ ਦੇ ਘਰ ਆ ਗਏ। ਚਾਹ-ਪਾਣੀ ਤੋਂ ਮਗਰੋਂ ਕਰਨ ਦੀ ਮੰਮੀ ਨੇ ਸਨੇਹਾ ਦੇ ਮੰਮੀ-ਪਾਪਾ ਨੂੰ ਕਿਹਾ, "ਤੁਸੀਂ ਬੁਰਾ ਨਾ ਮੰਨਿਓ...ਵੈਸੇ ਤਾਂ ਅਸੀਂ ਤੁਹਾਨੂੰ ਫ਼ੋਨ 'ਤੇ ਦੱਸਿਆ ਹੀ ਸੀ ਕਿ ਅਸੀਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨਾ ਚਾਹੁੰਦੇ ਹਾਂ। ਅਸੀਂ ਆਪਣੇ ਬੇਟੇ ਕਰਨ ਲਈ ਤੁਹਾਡੀ ਬੇਟੀ ਸਨੇਹਾ ਦਾ ਰਿਸ਼ਤਾ ਮੰਗਣ ਆਏ ਹਾਂ। ਐਕਚੂਅਲੀ ਕਰਨ ਨੂੰ ਸਨੇਹਾ ਬਹੁਤ ਪਸੰਦ ਏ ਤੇ ਸਾਨੂੰ ਵੀ। ਤੁਸੀਂ ਮਨ੍ਹਾ ਨਾ ਕਰਿਓ।"

ਸਨੇਹਾ ਦੇ ਪਾਪਾ ਸੋਚ ਕੇ ਬੋਲੇ, "ਵੇਖੋ ਜੀ, ਸਨੇਹਾ ਸਾਡੀ ਇਕਲੌਤੀ ਬੇਟੀ ਏ। ਅਸੀਂ ਬੜੇ ਲਾਡ-ਪਿਆਰ ਨਾਲ ਉਹਨੂੰ ਪਾਲਿਆ ਏ। ਸਾਡੇ ਲਈ ਸਨੇਹਾ ਦੀ ਮਰਜ਼ੀ ਜਾਣਨਾ ਵੀ ਜ਼ਰੂਰੀ ਏ। ਉਹ ਕੀ ਸੋਚਦੀ ਏ ? ਕੀ ਚਾਹੁੰਦੀ ਏ ?"

"ਇਹ ਗੱਲ ਤੁਹਾਡੀ ਬਿਲਕੁਲ ਠੀਕ ਏ। ਅੱਜ ਕੱਲ੍ਹ ਬੱਚਿਆਂ ਦੀ ਮਰਜ਼ੀ ਜਾਣਨਾ ਤਾਂ ਬਹੁਤ ਜ਼ਰੂਰੀ ਏ...ਤੇ ਅਸੀਂ ਵੀ ਕਰਨ ਦੀ ਮਰਜ਼ੀ ਕਾਰਨ ਹੀ ਆਏ ਹਾਂ...ਤੇ ਨਾਲੇ ਕਰਨ ਵੀ ਸਾਡਾ ਇਕਲੌਤਾ ਬੇਟਾ ਏ। ਜੇ ਤੁਸੀਂ ਏਦਾਂ ਸੋਚਦੇ ਓ ਕਿ ਸ਼ਾਦੀ ਤੋਂ ਬਾਅਦ ਸਨੇਹਾ ਸਾਡੇ ਘਰ ਆ ਜਾਵੇਗੀ ਤੇ ਤੁਸੀਂ ਇਕੱਲੇ ਰਹਿ ਜਾਵੋਗੇ...ਤੁਹਾਡੀ ਬੇਟੀ ਸਾਡੀ ਬੇਟੀ ਹੋ ਜਾਵੇਗੀ ਤਾਂ ਸਾਡਾ ਬੇਟਾ ਵੀ ਤਾਂ ਤੁਹਾਡਾ ਬੇਟਾ ਬਣ ਜਾਵੇਗਾ। ਹਮੇਸ਼ਾ ਲਈ ਤਾਂ ਤੁਹਾਡੇ ਕੋਲ ਨਹੀਂ ਰਹਿ ਸਕਦਾ, ਪਰ ਫਿਰ ਵੀ ਤੁਹਾਡਾ ਖ਼ਿਆਲ ਬੇਟੇ ਦੀ ਤਰ੍ਹਾਂ ਹੀ ਰੱਖੇਗਾ।" ਕਰਨ ਦੀ ਮੰਮੀ ਬੋਲੀ।

"ਘਰ ਜਵਾਈ ਰੱਖਣ ਦੀ ਤਾਂ ਸਾਡੀ ਵੀ ਕੋਈ ਇੱਛਾ ਨਹੀਂ। ਪਰ ਸਾਨੂੰ ਸਨੇਹਾ ਦੀ ਮਰਜ਼ੀ ਜਾਣਨ ਤੇ ਸੋਚਣ ਲਈ ਟਾਈਮ ਚਾਹੀਦੈ।" ਸਨੇਹਾ ਦੀ ਮੰਮੀ ਨੇ ਕਿਹਾ।

ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਸਨੇਹਾ ਦੇ ਪਾਪਾ ਕਹਿਣ ਲੱਗੇ, "ਸਨੇਹਾ ਬੇਟੀ, ਤੈਨੂੰ ਕੋਈ ਹੋਰ ਪਸੰਦ ਏ ਤਾਂ ਦੱਸ ਦੇ। ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਤੇਰੀ ਪਸੰਦ 'ਤੇ। ਤੇਰਾ ਕੋਈ ਬੁਆਏ ਫਰੈਂਡ ਹੈ ਤਾਂ ਦੱਸ।"

"ਨਹੀਂ ਪਾਪਾ ਮੇਰਾ ਕੋਈ ਫਰੈਂਡ-ਫਰੁੰਡ ਨਹੀਂ।" ਸਨੇਹਾ ਨੇ ਜਵਾਬ ਦਿੱਤਾ।

"ਜੇ ਨਹੀਂ ਤਾਂ ਫਿਰ ਤੈਨੂੰ ਕਰਨ ਬਾਰੇ ਸੋਚਣਾ ਚਾਹੀਦੈ। ਉਹ ਆਪ ਰਿਸ਼ਤਾ ਮੰਗ ਰਹੇ ਨੇ। ਉਹ ਤੇਰੀ ਕਦਰ ਕਰਨਗੇ।" ਪਾਪਾ ਨੇ ਸਮਝਾਉਂਦਿਆਂ ਖ਼ੁਸ਼ੀ ਨਾਲ ਆਖਿਆ।

ਸਨੇਹਾ ਬੈਗ ਦੀ ਜ਼ਿੱਪ ਬੰਦ ਕਰਦਿਆਂ ਮਨ ਹੀ ਮਨ ਸੋਚਣ ਲੱਗੀ ਕਿ ਪਤਾ ਨਹੀਂ ਕੀ ਸੋਚ ਕੇ ਉਹਨੇ ਕਰਨ

ਨਾਲ ਸ਼ਾਦੀ ਲਈ ਹਾਂ ਕਰ ਦਿੱਤੀ ਸੀ। ਸ਼ਾਇਦ ਉਸ ਵਕਤ ਉਹ ਫ਼ੈਸਲਾ ਸਹੀ ਸੀ। ਇਸ ਤੋਂ ਚੰਗਾ ਹੋਰ ਹੋ ਵੀ ਕੀ ਸਕਦਾ ਸੀ ?

ਸ਼ਾਦੀ ਤੋਂ ਮਗਰੋਂ ਸ਼ੁਰੂ ਵਿਚ ਤਾਂ ਸਭ ਠੀਕ ਰਿਹਾ। ਕਦੇ ਐਤਵਾਰ ਜਾਂ ਹੋਰ ਛੁੱਟੀ ਵਾਲੇ ਦਿਨ ਉਹ ਅਤੇ ਕਰਨ ਸਨੇਹਾ ਦੇ ਮੰਮੀ-ਪਾਪਾ ਨੂੰ ਮਿਲਣ ਚਲੇ ਜਾਂਦੇ। ਕਦੇ ਮੰਮੀ-ਪਾਪਾ ਮਿਲਣ ਆ ਜਾਂਦੇ। ਫਿਰ ਕਦੇ-ਕਦੇ ਕਰਨ ਬਹਾਨੇ ਬਣਾਉਣ ਲੱਗ ਪਿਆ ਨਾ ਜਾਣ ਵਾਸਤੇ। ਮੰਮੀ-ਪਾਪਾ ਕੋਲ ਜਾਣਾ ਘਟਣ ਲੱਗ ਪਿਆ ਅਤੇ ਕਦੇ ਉਹ ਇਕੱਲੀ ਜਾ ਆਉਂਦੀ।

ਸਨੇਹਾ ਸਮਰਿੱਧ ਦੇ ਸਕੂਲ ਬੈਗ ਵਿਚ ਉਹਦੀਆਂ ਬਾਹਰ ਪਈਆਂ ਕਿਤਾਬਾਂ ਪਾਉਣ ਲੱਗੀ। ਫਿਰ ਉਹ ਰੈਕ ਵਿਚ ਪਏ ਸਮਰਿੱਧ ਦੇ ਖਿਡਾਉਣਿਆਂ ਵਾਲੇ ਡੱਬੇ ਵਿਚੋਂ ਨਾਲ ਲਿਜਾਣ ਲਈ ਦੋ-ਚਾਰ ਖਿਡਾਉਣੇ ਚੁਣਨ ਲੱਗੀ। ਖਿਡਾਉਣੇ ਕੱਢਦਿਆਂ ਉਹਦੇ ਹੱਥ ਵਿਚ ਪਲਾਸਟਿਕ ਦੇ ਦੋ ਛੋਟੇ-ਛੋਟੇ ਲਾਲ ਰੰਗ ਦੇ ਬਲੌਕ ਆ ਗਏ। ਇਹ ਇਕ ਪਜ਼ਲ ਗੇਮ ਦਾ ਹਿੱਸਾ ਸਨ। ਉਨ੍ਹਾਂ ਨੂੰ ਵਾਪਸ ਡੱਬੇ ਵਿਚ ਸੁੱਟ ਦਿੱਤਾ ਤੇ ਉਹ ਸੋਚਣ ਲੱਗੀ ਕਿ ਇਹ ਘਰ ਉਹਦੇ ਲਈ ਤੇ ਸਮਰਿੱਧ ਲਈ ਹਮੇਸ਼ਾ ਇਕ ਪਜ਼ਲ ਬਣਿਆ ਰਿਹਾ। ਇਕ ਬੁਝਾਰਤ ਬਣਿਆ ਰਿਹਾ। ਉਸ ਦਾ ਪਤੀ, ਸੱਸ ਅਤੇ ਸਹੁਰਾ ਤਿੰਨਾਂ ਦੇ ਸੁਭਾਅ ਵੱਖੋ-ਵੱਖਰੇ ਸਨ। ਸਨੇਹਾ ਉਨ੍ਹਾਂ ਨੂੰ ਸਮਝਣ ਦੀ ਜਿੰਨੀ ਕੋਸ਼ਿਸ਼ ਕਰਦੀ, ਉਹ ਓਨਾ ਹੀ ਉਲਝ ਜਾਂਦੀ। ਉਹਦੀ ਸੱਸ ਅਤੇ ਸਹੁਰਾ ਵੱਖ-ਵੱਖ ਕਮਰਿਆਂ ਵਿਚ ਸੌਂਦੇ ਸਨ। ਸਹੁਰਾ ਦਿਨ ਵੇਲੇ ਆਫ਼ਿਸ ਜਾਂਦਾ ਅਤੇ ਸੁਬ੍ਹਾ-ਸ਼ਾਮ ਪੂਜਾ-ਪਾਠ ਵਿਚ ਲੱਗਿਆ ਰਹਿੰਦਾ। ਛੁੱਟੀ ਵਾਲੇ ਦਿਨ ਮੰਦਰ ਗਿਆ ਕਈ-ਕਈ ਘੰਟੇ ਨਾ ਮੁੜਦਾ। ਘਰ ਵਿਚ ਚੁੱਪ-ਚਾਪ ਰਹਿੰਦਾ। ਉਹਦੀ ਸੱਸ ਕੋਈ ਨਾ ਕੋਈ ਬਿਮਾਰੀ ਦਾ ਬਹਾਨਾ ਲਾ ਕੇ ਬੈੱਡ ’ਤੇ ਪਈ ਰਹਿੰਦੀ।ਕਦੇ ਸਿਰ ਪੀੜ, ਕਦੇ ਕਮਰ ਦਰਦ ਤੇ ਡਾਇਬਿਟੀਜ਼ ਤਾਂ ਉਹਨੂੰ ਸੱਚਮੁੱਚ ਸੀ। ਸਾਰਾ ਦਿਨ ਟੀਵੀ ਉੱਤੇ ਨੂੰਹ-ਸੱਸ ਦੇ ਸੀਰੀਅਲ ਵੇਖਦੀ ਰਹਿੰਦੀ। ਘਰ ਵਿਚ ਉਸੇ ਦੀ ਚੱਲਦੀ ਸੀ। ਸਨੇਹਾ ਦਾ ਪਤੀ ਕਰਨ ਦਿਨ ਵੇਲੇ ਆਫ਼ਿਸ ਅਤੇ ਸ਼ਾਮ ਨੂੰ ਜਿੰਮ ਜਾਂਦਾ। ਵਰਜ਼ਿਸ਼ ਕਰਦਾ। ਘਰ ਵਿਚ ਜਿੰਮ ਵਾਲੀ ਸਪੈਸ਼ਲ ਡਾਈਟ ਖਾਂਦਾ। ਆਪਣੇ ਡੌਲਿਆਂ ਵਿਚ ਬਣਦੇ ਡੱਡੂਆਂ ਨੂੰ ਸ਼ੀਸ਼ੇ ਵਿਚ ਨਿਹਾਰਦਾ ਰਹਿੰਦਾ ਜਾਂ ਹੱਥਾਂ ਨਾਲ ਟੋਂਹਦਾ ਰਹਿੰਦਾ। ਪਲੋਸਦਾ ਰਹਿੰਦਾ। ਰਾਤੀਂ ਦੇਰ ਤਕ ਤੇ ਛੁੱਟੀ ਵਾਲੇ ਦਿਨ ਆਪਣੇ ਲੈਪਟੌਪ ਜਾਂ ਮੋਬਾਇਲ ਵਿਚ ਰੁੱਝਿਆ ਰਹਿੰਦਾ। ਉਹ ਪੂਰੀ ਤਰ੍ਹਾਂ ਮਾਂ ਦੀ ਮੁੱਠੀ ਵਿਚ ਸੀ।

ਸਨੇਹਾ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਸਹੁਰਾ ਪੂਜਾ-ਪਾਠ ਕਰਦਾ ਏ, ਇਸ ਲਈ ਸੱਸ ਬਿਮਾਰੀ ਦਾ ਪਾਖੰਡ ਕਰਦੀ ਏ। ਉਹਦਾ ਧਿਆਨ ਖਿੱਚਣ ਲਈ ਜਾਂ ਸੱਸ ਬਿਮਾਰੀ ਦਾ ਪਾਖੰਡ ਕਰਦੀ ਏ, ਇਸ ਲਈ ਉਹ ਪੂਜਾ ਪਾਠ ਦਾ ਪਾਖੰਡ ਕਰਦਾ ਏ। ਸਨੇਹਾ ਨੇ ਇਕ ਵਾਰ ਕਰਨ ਤੋਂ ਇਸ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ, “ਮੰਮੀ ਪਾਪਾ ਵੱਖ-ਵੱਖ ਕਮਰਿਆਂ ਵਿਚ ਕਿਉਂ ਸੌਂਦੇ ਨੇ ?”

“ਮੈਨੂੰ ਕੀ ਪਤੈ ! ਮੈਂ ਤਾਂ ਕਈ ਸਾਲਾਂ ਤੋਂ ਏਸੇ ਤਰ੍ਹਾਂ ਈ ਵੇਖ ਰਿਹਾਂ।” ਕਰਨ ਦਾ ਜਵਾਬ ਸੀ।

“ਤੁਸੀਂ ਉਨ੍ਹਾਂ ਨੂੰ ਕਦੇ ਪੁੱਛਿਆ ਨਹੀਂ ਇਸ ਬਾਰੇ ?” ਸਨੇਹਾ ਨੇ ਫਿਰ ਸਵਾਲ ਕੀਤਾ।

ਇਸ ਵਾਰ ਕਰਨ ਤਲਖ਼ ਹੋ ਕੇ ਬੋਲਿਆ, “ਮੈਂ ਕਿਉਂ ਪੁੱਛਾਂ ? ਮੇਰਾ ਮਤਲਬ ਏ ਮੈਂ ਆਪਣੇ ਪੇਰੈਂਟਸ ਨੂੰ ਕਹਾਂ ਕਿ ਤੁਸੀਂ ਇਕੱਠੇ ਸੌਂਵੋ, ਹਨੀਮੂਨ ਮਨਾਓ।”

“ਨਹੀਂ, ਮੇਰਾ ਮਤਲਬ ਇਹ ਨਹੀਂ। ਮੇਰੇ ਕਹਿਣ ਦਾ ਮਤਲਬ ਏ ਕਿ ਮੰਮੀ ਦੀ ਤਬੀਅਤ ਠੀਕ ਨਹੀਂ ਰਹਿੰਦੀ, ਪਾਪਾ ਨੂੰ ਉਨ੍ਹਾਂ ਦੀ ਕੇਅਰ ਕਰਨੀ ਚਾਹੀਦੀ ਏ। ਕਦੇ ਰਾਤ ਨੂੰ ਜ਼ਿਆਦਾ ਤਬੀਅਤ ਖਰਾਬ ਹੋ ਸਕਦੀ ਏ। ਜੇ ਪਾਪਾ ਕੋਲ ਹੋਣਗੇ ਤਾਂ ਉਨ੍ਹਾਂ ਨੂੰ ਵੇਲੇ ਸਿਰ ਪਤਾ ਲੱਗ ਸਕਦੈ। ਦਵਾਈ ਦੇ ਸਕਦੇ ਨੇ।” ਸਨੇਹਾ ਨੇ ਹਲੀਮੀ ਨਾਲ ਆਖਿਆ।

“ਤੂੰ ਕਿਉਂ ਐਵੇਂ ਫਾਲਤੂ ਦੀ ਟੈਂਸ਼ਨ ਲੈਂਦੀ ਪਈ ਏਂ। ਚੁੱਪ ਕਰ ਕੇ ਪੈ ਜਾ।” ਇਹ ਬੋਲਦਿਆਂ ਕਰਨ ਦੂਜੇ ਪਾਸੇ ਮੂੰਹ ਕਰਕੇ ਸੌਣ ਦੀ ਕੋਸ਼ਿਸ਼ ਕਰਨ ਲੱਗਾ।

ਸਨੇਹਾ ਨੇ ਖਿਡਾਉਣੇ ਇਕ ਲਿਫ਼ਾਫ਼ੇ ਵਿਚ ਪਾ ਲਏ। ਕੌਰਨਰ ਸੈਲਫ਼ ਤੋਂ ਆਪਣੇ ਬੇਟੇ ਸਮਰਿੱਧ ਦੀ ਛੋਟੇ ਹੁੰਦੇ ਦੀ ਫਰੇਮ ਕੀਤੀ ਤਸਵੀਰ ਚੁੱਕੀ, ਜਿਸ ਵਿਚ ਉਹ ਡੇਢ ਕੁ ਸਾਲ ਦਾ ਦਿਸਦਾ ਹੈ। ਤੇ ਹੁਣ ਉਹਦਾ ਬੇਟਾ ਗਿਆਰਾਂ ਵਰ੍ਹਿਆਂ ਦਾ ਹੈ। ਉਹ ਹੁਣ ਬੈੱਡ ਉੱਤੇ ਬੈਠਾ ਸਨੇਹਾ ਦੇ ਮੋਬਾਇਲ ’ਤੇ ਗੇਮ ਖੇਡ ਰਿਹਾ ਹੈ। ਉਹਨੇ ਸਮਰਿੱਧ ਵੱਲ

ਵੇਖਿਆ ਤੇ ਫਿਰ ਤਸਵੀਰ ਵੱਲ। ਉਹਨੇ ਤਸਵੀਰ ਨੂੰ ਕੱਪੜੇ ਨਾਲ ਸਾਫ਼ ਕੀਤਾ ਅਤੇ ਫਿਰ ਨੀਝ ਲਾ ਕੇ ਤੱਕਣ ਲੱਗੀ। ਉਹ ਸੋਚਣ ਲੱਗੀ, 'ਮੈਂ ਤਾਂ ਪਰਾਈ ਹਾਂ, ਪਰ ਸਮਰਿੱਧ ਤਾਂ ਇਨ੍ਹਾਂ ਦਾ ਆਪਣਾ ਖ਼ੂਨ ਏ। ਇਹਨੂੰ ਵੀ ਪਤਾ ਨੀਂ ਕਿਉਂ ਪਹਿਲੇ ਦਿਨ ਤੋਂ ਹੀ ਇਨ੍ਹਾਂ ਨੇ ਆਪਣਾ ਨਹੀਂ ਸਮਝਿਆ ?'

ਉਸ ਦਿਨ ਕਰਨ ਨੇ ਕਿੰਨਾ ਮਾਰਿਆ ਸੀ ਉਹਨੂੰ। ਗੱਲ ਵੀ ਕੋਈ ਖ਼ਾਸ ਨਹੀਂ ਸੀ। ਕਰਨ ਸ਼ਾਮ ਨੂੰ ਔਫ਼ਿਸ ਤੋਂ ਪਰਤਿਆ ਤਾਂ ਉਹਦੇ ਹੱਥ ਵਿਚ ਇਕ ਵੱਡਾ ਸਾਰਾ ਗਿਫ਼ਟ ਪੈਕ ਸੀ। ਉਹ ਪੈਕ ਨੂੰ ਡਾਈਨਿੰਗ ਟੇਬਲ ਉੱਤੇ ਰੱਖ ਕੇ ਕੋਲ ਖੜ੍ਹੇ ਸਮਰਿੱਧ ਨੂੰ ਬੋਲਿਆ, "ਇਹਨੂੰ ਛੇੜਨਾ ਨਹੀਂ। ਟੱਚ ਨਹੀਂ ਕਰਨਾ। ਮੈਂ ਨਹਾ ਕੇ ਤਿਆਰ ਹੋ ਕੇ ਆ ਰਿਹੈਂ।"

"ਮੰਮਾ ਇਹਦੇ 'ਚ ਕੀ ਏ ?" ਸਮਰਿੱਧ ਨੇ ਉਤਾਵਲਾ ਹੋ ਕੇ ਪੁੱਛਿਆ।

"ਮੈਨੂੰ ਕੀ ਪਤਾ ! ਇਹਦੇ 'ਚ ਕੀ ਏ ।" ਸਨੇਹਾ ਨੇ ਜਵਾਬ ਦਿੱਤਾ।

"ਇਹ ਕਿਸ ਦੇ ਲਈ ਏ ?" ਸਮਰਿੱਧ ਦਾ ਅਗਲਾ ਸਵਾਲ ਸੀ।

"ਮੈਨੂੰ ਨ੍ਹੀਂ ਪਤਾ। ਮੈਨੂੰ ਕਿਹੜਾ ਦੱਸਦੇ ਨੇ ਤੇਰੇ ਪਾਪਾ ! ਜਾਣਾ ਹੋਵੇਗਾ ਕਿਸੇ ਪਾਰਟੀ ਵਗੈਰਾ 'ਚ।...ਪਰ ਤੂੰ ਇਹਨੂੰ ਛੇੜੀਂ ਨਾ।" ਸਨੇਹਾ ਸਮਰਿੱਧ ਨੂੰ ਸਮਝਾਉਂਦਿਆਂ ਰਸੋਈ ਵਿਚ ਚਲੀ ਗਈ। ਪਰ ਸਮਰਿੱਧ ਉਹਦੇ ਆਲੇ-ਦੁਆਲੇ ਮੰਡਰਾਉਂਦਾ ਰਿਹਾ। ਪੈਕੇਟ ਦੇ ਵਿਚ ਕੀ ਹੈ ? ਉਹਦੀ ਇਹ ਜਾਣਨ ਦੀ ਜਿਗਿਆਸਾ ਹੋਰ ਵਧ ਗਈ। ਉਹ ਪੈਕ ਨੂੰ ਪਲੋਸ ਕੇ, ਚੁੱਕ ਕੇ, ਹਿਲਾ ਕੇ, ਕਿਵੇਂ ਨਾ ਕਿਵੇਂ ਅੰਦਾਜ਼ਾ ਲਾਉਣਾ ਚਾਹੁੰਦਾ ਸੀ। ਉਹ ਪੈਕ ਨੂੰ ਚੁੱਕ ਕੇ ਹਿਲਾਉਣ ਹੀ ਲੱਗਿਆ ਸੀ ਕਿ ਕਰਨ ਨਹਾ ਕੇ ਬਾਹਰ ਆ ਗਿਆ। ਉਹ ਸਮਰਿੱਧ ਨੂੰ ਵੇਖ ਕੇ ਇਕਦਮ ਭੜਕ ਉੱਠਿਆ।

"ਮੈਂ ਕਿਹਾ ਸੀ ਇਹਨੂੰ ਟੱਚ ਨਹੀਂ ਕਰਨਾ। ਤੈਨੂੰ ਸੁਣਾਈ ਨ੍ਹੀਂ ਦਿੰਦਾ।" ਇਹ ਕਹਿੰਦੇ ਹੋਏ ਉਹਨੇ ਸਮਰਿੱਧ ਦੇ ਦੋ-ਤਿੰਨ ਥੱਪੜ ਜੜ ਦਿੱਤੇ। ਸਮਰਿੱਧ ਜ਼ੋਰ-ਜ਼ੋਰ ਦੀ ਰੋਣ ਲੱਗਿਆ। ਸਨੇਹਾ ਰਸੋਈ ਵਿਚ ਦੌੜ ਕੇ ਬਾਹਰ ਆਈ। ਸਮਰਿੱਧ ਸਨੇਹਾ ਦੀਆਂ ਲੱਤਾਂ ਨਾਲ ਚਿੰਬੜ ਗਿਆ। ਕਰਨ ਅਜੇ ਵੀ ਡਾਂਟ ਰਿਹਾ ਸੀ, "ਬੇਵਕੂਫ਼ ਨਾ ਹੋਵੇ ਤਾਂ ! ਤੈਨੂੰ ਪਤਾ ਨ੍ਹੀਂ ਇਹ ਬਰੇਕਏਬਲ ਏ। ਜੇ ਟੁੱਟ ਜਾਂਦਾ ਫਿਰ...।"

ਸਨੇਹਾ ਸਮਰਿੱਧ ਨੂੰ ਚੁੱਪ ਕਰਾਉਣ ਲੱਗੀ। ਨਾਲ ਹੀ ਕਰਨ ਨੂੰ ਬੋਲੀ, "ਕੋਈ ਬੱਚੇ ਨੂੰ ਏਦਾਂ ਮਾਰਦਾ ਏ ਭਲਾ ! ਮਾਰ ਮਾਰ ਕੇ ਬੱਚੇ ਦਾ ਮੂੰਹ ਸੁਜਾ ਦਿੱਤਾ।"

ਸਨੇਹਾ ਸਮਰਿੱਧ ਨੂੰ ਬੈੱਡਰੂਮ ਵਿਚ ਲਿਜਾ ਕੇ ਚੁੱਪ ਕਰਾਉਣ ਲੱਗੀ।

ਸਮਰਿੱਧ ਨੂੰ ਨਾ ਤਾਂ ਉਹਦਾ ਦਾਦਾ-ਦਾਦੀ ਚੰਗੀ ਤਰ੍ਹਾਂ ਬੁਲਾਉਂਦੇ ਸਨ ਅਤੇ ਨਾ ਹੀ ਉਹਦਾ ਪਾਪਾ। ਉਹਨੂੰ ਛੋਟੇ ਹੁੰਦੇ ਨੂੰ ਕਦੇ ਗੋਦ ਚੁੱਕ ਕੇ ਲਾਡ ਨਹੀਂ ਲਡਾਇਆ ਉਨ੍ਹਾਂ ਨੇ। ਸਮਰਿੱਧ ਦੇ ਮਨ ਵਿਚ ਵੀ ਉਨ੍ਹਾਂ ਪ੍ਰਤੀ ਕੋਈ ਪਿਆਰ ਜਾਂ ਖਿੱਚ ਨਹੀਂ ਸੀ। ਉਹ ਉਹਦੀ ਮਾਂ ਨੂੰ ਚੰਗਾ ਨਹੀਂ ਸਮਝਦੇ ਸਨ। ਉਸ ਨਾਲ ਲੜਾਈ-ਝਗੜਾ ਕਰਦੇ ਸਨ। ਇਸ ਲਈ ਵੀ ਉਹ ਸਮਰਿੱਧ ਨੂੰ ਚੰਗੇ ਨਹੀਂ ਲੱਗਦੇ ਸਨ। ਉਹ ਖ਼ੁਦ ਉਨ੍ਹਾਂ ਕੋਲ ਜਾਣ ਤੋਂ ਜਾਂ ਗੱਲਾਂ ਕਰਨ ਤੋਂ ਕਤਰਾਉਣ ਲੱਗ ਪਿਆ ਸੀ। ਪਾਪਾ ਉਹਦੇ ਲਈ ਕਦੇ ਕੁਝ ਖਾਣ ਨੂੰ ਜਾਂ ਖਿਡਾਉਣ ਵਗੈਰਾ ਨਹੀਂ ਲੈ ਕੇ ਆਇਆ ਸੀ। ਨਾ ਉਹਨੂੰ ਬਾਜ਼ਾਰ ਲੈ ਕੇ ਜਾਂਦਾ। ਸਕੂਲ ਕਦੇ ਪੀ ਟੀ ਐੱਮ 'ਤੇ ਵੀ ਨਹੀਂ ਗਿਆ। ਸਿਰਫ਼ ਸਨੇਹਾ ਜਾਂਦੀ।

ਸਨੇਹਾ ਨੇ ਸਮਰਿੱਧ ਦੀ ਫ਼ੋਟੋ ਅਖ਼ਬਾਰ ਵਿਚ ਲਪੇਟ ਕੇ ਬੈਗ ਦੀ ਬਾਹਰਲੀ ਜੇਬ ਵਿਚ ਰੱਖ ਦਿੱਤੀ।

ਸਮਰਿੱਧ ਜਦੋਂ ਸਾਢੇ ਤਿੰਨ ਕੁ ਵਰ੍ਹਿਆਂ ਦਾ ਸੀ। ਨਰਸਰੀ ਵਿਚ ਪੜ੍ਹਦਾ ਸੀ। ਉਹਦੇ ਨਾਨਾ ਯਾਨੀ ਸਨੇਹਾ ਦੇ ਪਾਪਾ ਦਾ ਭਿਆਨਕ ਐਕਸੀਡੈਂਟ ਹੋ ਗਿਆ। ਦੋਵੇਂ ਲੱਤਾਂ ਬੁਰੀ ਤਰ੍ਹਾਂ ਟੁੱਟ ਗਈਆਂ। ਲੱਤਾਂ ਵਿਚ ਸਟੀਲ ਦੀਆਂ ਪਲੇਟਾਂ ਪਾਉਣੀਆਂ ਪਈਆਂ। ਸਿਰ 'ਤੇ ਸੱਟ ਲੱਗਣ ਕਾਰਨ ਉਹ ਕੋਮਾ ਵਿਚ ਚਲਾ ਗਿਆ। ਸਨੇਹਾ ਅਤੇ ਉਹਦੀ ਮੰਮੀ ਉੱਤੇ ਬਹੁਤ ਵੱਡੀ ਮੁਸੀਬਤ ਆ ਗਈ।

ਸਨੇਹਾ ਹਸਪਤਾਲ ਆਪਣੇ ਪਾਪਾ ਕੋਲ ਵੀ ਜਾਂਦੀ ਤੇ ਘਰ ਦਾ ਕੰਮ ਵੀ ਕਰਦੀ। ਉਹ ਬਾਜ਼ਾਰੋਂ ਰਸੋਈ ਦਾ ਸਮਾਨ ਲੈ ਕੇ ਆਉਂਦੀ। ਸਾਰੇ ਪਰਿਵਾਰ ਦਾ ਖਾਣਾ ਬਣਾਉਂਦੀ। ਫਿਰ ਉਹ ਮੰਮੀ ਦਾ ਖਾਣਾ ਲੈ ਕੇ ਹਸਪਤਾਲ ਜਾਂਦੀ। ਫਿਰ ਸ਼ਾਮ ਤਕ ਹਸਪਤਾਲ ਆਪਣੇ ਪਾਪਾ ਕੋਲ ਰਹਿੰਦੀ। ਉਸ ਦੌਰਾਨ ਉਹਦੀ ਮੰਮੀ ਨਹਾ-ਧੋ ਲੈਂਦੀ। ਕੱਪੜੇ ਬਦਲ ਲੈਂਦੀ। ਕੁਝ ਆਰਾਮ ਕਰ ਲੈਂਦੀ। ਫਿਰ ਪੂਰੀ ਰਾਤ ਅਤੇ ਅਗਲੇ ਦਿਨ ਤਕ ਉਹਦੀ ਮੰਮੀ

ਹਸਪਤਾਲ ਵਿਚ ਪਾਪਾ ਦੀ ਦੇਖਭਾਲ ਕਰਦੀ। ਸਨੇਹਾ ਦੀ ਭੂਆ ਕਾਨਪੁਰ ਤੋਂ ਆਈ। ਦੋ ਕੁ ਦਿਨ ਰਹਿ ਕੇ ਚਲੀ ਗਈ। ਉਸ ਤੋਂ ਮਗਰੋਂ ਫ਼ੋਨ 'ਤੇ ਹੀ ਸਨੇਹਾ ਦੇ ਪਾਪਾ ਦਾ ਹਾਲ-ਚਾਲ ਪੁੱਛਦੀ ਰਹਿੰਦੀ।

ਸਨੇਹਾ ਦੇ ਹਸਪਤਾਲ ਜਾਣ ਤੋਂ ਮਗਰੋਂ ਸਮਰਿੱਧ ਸਕੂਲ ਤੋਂ ਆਉਂਦਾ। ਉਹਦਾ ਦਾਦਾ ਉਹਨੂੰ ਬੱਸ ਸਟਾਪ ਤੋਂ ਲੈ ਕੇ ਆਉਂਦਾ। ਦਾਦੀ ਉਹਦੇ ਕੱਪੜੇ ਬਦਲ ਕੇ ਉਹਨੂੰ ਖਾਣਾ ਖਵਾਉਂਦੀ। ਖਾਣਾ ਖਾ ਕੇ ਉਹ ਸੌਂ ਜਾਂਦਾ। ਸ਼ਾਮ ਨੂੰ ਸਨੇਹਾ ਸਮਰਿੱਧ ਨੂੰ ਹੋਮ-ਵਰਕ ਕਰਵਾਉਂਦੀ। ਫਿਰ ਉਹ ਰਾਤ ਦੇ ਖਾਣੇ ਦੀ ਤਿਆਰੀ ਵਿਚ ਜੁਟ ਜਾਂਦੀ। ਇਸ ਸਿਲਸਿਲੇ ਨੂੰ ਅਜੇ ਦੋ ਕੁ ਹਫ਼ਤੇ ਹੀ ਹੋਏ ਸਨ ਕਿ ਇਕ ਦਿਨ ਸਨੇਹਾ ਹਸਪਤਾਲ ਜਾਣ ਲੱਗੀ ਤਾਂ ਉਹਦੀ ਸੱਸ ਬੋਲੀ, "ਸਨੇਹਾ, ਇਹ ਡਰਾਮਾ ਕਦੋਂ ਤੱਕ ਚੱਲੇਗਾ ?"

"ਡਰਾਮਾ ! ਕਿਹੜਾ ਡਰਾਮਾ ?...ਮੇਰੇ ਹਸਪਤਾਲ ਜਾਣ ਨੂੰ ਤੁਸੀਂ ਡਰਾਮਾ ਬੋਲਦੇ ਪਏ ਓ ! ਜਦੋਂ ਤੁਹਾਨੂੰ ਪਤਾ ਏ ਮੇਰੇ ਡੈਡੀ ਕੋਮਾ 'ਚ ਪਏ ਨੇ ! ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਪਤਾ ਨ੍ਹੀਂ।...ਤੇ ਮੇਰੇ ਤੋਂ ਬਿਨਾਂ ਉਨ੍ਹਾਂ ਦਾ ਹੈ ਕੌਣ ? ...ਤੇ ਮੈਂ ਇਹ ਡਰਾਮਾ ਜਾਣ ਬੁੱਝ ਕੇ ਕਰਦੀ ਪਈ ਹਾਂ।" ਸਨੇਹਾ ਨੂੰ ਗੁੱਸਾ ਚੜ੍ਹ ਗਿਆ।

"ਮੈਨੂੰ ਨੀਂ ਪਤਾ...ਮੇਰੇ ਤੋਂ ਨ੍ਹੀਂ ਤੇਰੇ ਪੁੱਤਰ ਦਾ ਰੋਜ਼ ਰੋਜ਼ ਦਾ ਸਿਆਪਾ ਹੁੰਦਾ। ਮੈਂ ਆਪ ਬਿਮਾਰ ਹਾਂ ।"

"ਸਿਆਪਾ ! ਆਪਣੇ ਪੋਤਰੇ ਨੂੰ ਖਾਣਾ ਦੇਣ ਨੂੰ, ਕੱਪੜੇ ਬਦਲਣ ਨੂੰ ਤੂੰ ਸਿਆਪਾ ਕਹਿੰਦੀ ਏਂ ! ਤੇਰਾ ਕੁਝ ਨ੍ਹੀਂ ਲੱਗਦਾ ਉਹ ? ਤੇਰੇ ਪੁੱਤਰ ਦਾ ਪੁੱਤਰ ਏ ਉਹ ! ਤੇਰਾ ਪੋਤਰਾ ਏ ਉਹ !" ਸਨੇਹਾ ਗੁੱਸੇ ਵਿਚ 'ਤੁਸੀਂ-ਤੁਹਾਨੂੰ' ਦਾ ਲਿਹਾਜ ਛੱਡ ਕੇ 'ਤੂੰ-ਤੇਰਾ' 'ਤੇ ਉਤਰ ਆਈ ਸੀ।

ਸਨੇਹਾ ਗੁੱਸੇ ਵਿਚ ਤਿਲਮਿਲਾਉਂਦੀ ਆਟੋ ਲੈ ਕੇ ਹਸਪਤਾਲ ਵੱਲ ਚੱਲ ਪਈ । ਰਸਤੇ ਵਿਚ ਉਹਨੇ ਫ਼ੋਨ ਕਰ ਕੇ ਸਾਰੀ ਗੱਲ ਆਪਣੇ ਪਤੀ ਕਰਨ ਨੂੰ ਦੱਸੀ। ਕਰਨ ਨੇ ਅੱਗੋਂ ਐਨਾ ਹੀ ਕਿਹਾ, "ਮੈਂ ਮੰਮੀ ਨਾਲ ਗੱਲ ਕਰਾਂਗਾ।"

ਰਾਤ ਨੂੰ ਉਹਨੇ ਕਰਨ ਨਾਲ ਫਿਰ ਇਸ ਬਾਰੇ ਗੱਲ ਕੀਤੀ। ਕਰਨ ਬੋਲਿਆ, "ਤੈਨੂੰ ਮੰਮੀ ਦਾ ਖ਼ਿਆਲ ਰੱਖਣਾ ਚਾਹੀਦੈ। ਉਹ ਬਿਮਾਰ ਏ। ਜੇ ਕਿਤੇ ਬਾਹਰ ਜਾਣਾ ਹੋਵੇ ਤਾਂ ਮੰਮੀ ਦੀ ਪਰਮਿਸ਼ਨ ਲੈ ਕੇ ਜਾਣਾ ਚਾਹੀਦੈ।"

"ਪਰਮਿਸ਼ਨ ! ਮੈਂ ਕੋਈ ਪਹਿਲੀ ਵਾਰੀ ਹਸਪਤਾਲ ਜਾ ਰਹੀ ਸਾਂ ! ਤੁਹਾਨੂੰ ਸਭ ਨੂੰ ਪਤਾ ਏ ਪਿਛਲੇ ਦੋ ਹਫ਼ਤਿਆਂ ਤੋਂ ਡੈਡੀ ਹਸਪਤਾਲ 'ਚ ਨੇ। ਉਹ ਕੋਮਾ 'ਚ ਨੇ। ਤੁਸੀਂ ਪਾਪਾ ਦਾ ਦੁਬਾਰਾ ਪਤਾ ਲੈਣ ਵੀ ਨ੍ਹੀਂ ਗਏ। ਉਲਟਾ ਮੈਨੂੰ ਕਹਿੰਦੇ ਓ ਮੈਂ ਤੁਹਾਡੀ ਮੰਮੀ ਦੀ ਪਰਮਿਸ਼ਨ ਲੈ ਕੇ ਹਸਪਤਾਲ ਜਾਵਾਂ। ਮਤਲਬ ਕੀ ਤੁਹਾਡਾ ਐ ? ਮੈਂ ਆਪਣੇ ਪਾਪਾ ਨੂੰ ਮੌਤ ਤੇ ਜ਼ਿੰਦਗੀ ਵਿਚਕਾਰ ਲਟਕਦਾ ਛੱਡ ਕੇ ਘਰ ਤੇਰੀ ਮਾਂ ਦੀਆਂ ਲੱਤਾਂ ਘੁੱਟਦੀ ਰਹਾਂ। ਜਦੋਂ ਕਿ ਉਨ੍ਹਾਂ ਦਾ ਮੇਰੇ ਬਿਨਾਂ ਕੋਈ ਨਹੀਂ। ਰਹੀ ਗੱਲ ਤੁਹਾਡੀ ਮੰਮੀ ਦੀ, ਪਹਿਲੀ ਗੱਲ ਤਾਂ ਉਹ ਠੀਕ-ਠਾਕ ਏ। ਜੇ ਕੋਈ ਪ੍ਰੋਬਲਮ ਵੀ ਏ ਤਾਂ ਤੁਸੀਂ ਹੋ, ਡੈਡੀ ਨੇ ਉਹਦੀ ਦੇਖਭਾਲ ਲਈ।" ਸਨੇਹਾ ਖਿਝ ਕੇ ਬੋਲ ਰਹੀ ਸੀ।

"ਛੱਡ ਪਰ੍ਹੇ ! ਤੇਰੇ ਨਾਲ ਤਾਂ ਗੱਲ ਕਰਨਾ ਬੇਕਾਰ ਏ।...ਸੌਂ ਜਾ ਚੁੱਪ ਕਰ ਕੇ।" ਕਰਨ ਨੇ ਹਮੇਸ਼ਾ ਦੀ ਤਰ੍ਹਾਂ ਸੌਣ ਦਾ ਬਹਾਨਾ ਕਰ ਕੇ ਮੂੰਹ ਦੂਜੇ ਪਾਸੇ ਕਰ ਲਿਆ।

ਅਗਲੀ ਰਾਤ ਕਰਨ ਬੋਲਿਆ, "ਮੰਮੀ ਦੀ ਤਬੀਅਤ ਠੀਕ ਨਹੀਂ, ਇਸ ਕਰਕੇ ਮੈਂ ਮੰਮੀ ਕੋਲ ਸੌਂ ਰਿਹਾ ਹਾਂ।"

...ਤੇ ਉਹ ਮਾਂ ਦੇ ਕਮਰੇ ਵਿਚ ਜਾ ਸੁੱਤਾ। ਉਸ ਰਾਤ ਤੋਂ ਬਾਅਦ ਉਹ ਮਾਂ ਕੋਲ ਹੀ ਸੌਂਦਾ ਰਿਹਾ।

ਸਨੇਹਾ ਦਾ ਧਿਆਨ ਬੈੱਡ ਕੋਲ ਪਏ ਸਮਰਿੱਧ ਦੇ ਜੁੱਤਿਆਂ ਵੱਲ ਗਿਆ। ਉਹ ਆਪਣੇ ਮੱਥੇ 'ਤੇ ਹੱਥ ਮਾਰਦਿਆਂ ਆਪਣੇ-ਆਪ ਨੂੰ ਬੋਲੀ, "ਲਓ ! ਸ਼ੂਜ਼ ਤਾਂ ਮੈਂ ਭੁੱਲ ਈ ਗਈ ਸੀ।"

ਉਸ ਨੇ ਅਲਮਾਰੀ ਦੇ ਹੇਠ ਬਣਿਆ ਦਰਾਜ਼ ਖੋਲ੍ਹ ਕੇ ਦੋ-ਤਿੰਨ ਜੋੜੇ ਆਪਣੇ ਚੰਗੇ-ਚੰਗੇ ਸੈਂਡਲਾਂ ਦੇ, ਸਮਰਿੱਧ ਦੇ ਬੂਟ, ਸਪੋਰਟਸ ਸ਼ੂਜ਼ ਕੱਢੇ। ਸਕੂਲ ਸ਼ੂਜ਼ ਬਾਹਰ ਹੀ ਪਏ ਸਨ। ਇਕ-ਇਕ ਜੋੜੀ ਜਾਣ ਵੇਲੇ ਪਾਉਣ ਲਈ ਰੱਖ ਲਏ। ਬਾਕੀ ਇਕ ਹੋਰ ਪੋਲੀਥੀਨ ਦੇ ਲਿਫ਼ਾਫ਼ੇ ਵਿਚ ਪਾਉਣ ਲੱਗੀ। ਪਰ ਉਹਦੇ ਦਿਮਾਗ਼ ਵਿਚ ਘਟਨਾਵਾਂ ਫ਼ਿਲਮ ਵਾਂਗ ਅਕਸਰ ਚੱਲਦੀਆਂ ਰਹਿੰਦੀਆਂ। ਇਹ ਘਟਨਾ ਤਾਂ ਉਹ ਉੱਕਾ ਹੀ ਨਾ ਭੁਲਾ ਸਕਦੀ। ਹਸਪਤਾਲ ਜਾਣ ਵੇਲੇ ਸੱਸ ਦੇ ਡਰਾਮੇ ਵਾਲੀ ਘਟਨਾ ਦੀ ਯਾਦ ਦੇ ਨਾਲ ਇਹ ਵੀ ਬਰਾਬਰ ਸਿਰ ਆ ਕੱਢਦੀ।

ਉਸ ਦਿਨ ਕਰਨ ਦੀ ਛੁੱਟੀ ਸੀ। ਗਿਆਰਾਂ ਕੁ ਵਜੇ ਉਹ ਕਾਰ ਲੈ ਕੇ ਕਿਤੇ ਜਾਣ ਲੱਗਿਆ। ਉਧਰ ਸਨੇਹਾ ਹਸਪਤਾਲ ਜਾਣ ਲਈ ਤਿਆਰ ਸੀ। ਉਹਨੇ ਕਰਨ ਨੂੰ ਆਖਿਆ" "ਕਰਨ ! ਮੈਨੂੰ ਹੌਸਪੀਟਲ ਤਕ ਛੱਡ ਦੇਣਾ।"

“ਠੀਕ ਏ।” ਕਰਨ ਨੇ ਹਾਂ ਕਰ ਦਿੱਤੀ। ਉਹ ਸਾਰੇ ਰਸਤੇ ਕਾਰ ਵਿਚ ਚੁੱਪਚਾਪ ਬੈਠੇ ਰਹੇ।

ਜਦੋਂ ਕਾਰ ਹਸਪਤਾਲ ਦੇ ਗੇਟ ਕੋਲ ਪਹੁੰਚੀ ਤਾਂ ਕਰਨ ਨੇ ਸਨੇਹਾ ਨੂੰ ਉਤਰਨ ਦਾ ਇਸ਼ਾਰਾ ਕੀਤਾ। ਸਨੇਹਾ ਨੇ ਪੁੱਛਿਆ, “ਤੁਸੀਂ ਡੈਡੀ ਦਾ ਪਤਾ ਲੈਣ ਲਈ ਅੰਦਰ ਨਹੀਂ ਚੱਲੋਗੇ ? ਮੰਮੀ ਪੁੱਛਦੀ ਪਈ ਸੀ ਤੁਹਾਡੇ ਬਾਰੇ ਕਿ ਕਰਨ ਦੁਬਾਰਾ ਕਿਉਂ ਨ੍ਹੀਂ ਆਇਆ।”

“ਮੈਂ ਫਿਰ ਆਵਾਂਗਾ। ਹੁਣ ਮੈਨੂੰ ਇਕ ਜ਼ਰੂਰੀ ਕੰਮ ਏ।” ਕਰਨ ਨੇ ਜਵਾਬ ਦਿੱਤਾ।

ਸਨੇਹਾ ਚੁੱਪ ਕਰ ਕੇ ਕਾਰ ਵਿਚੋਂ ਉਤਰ ਗਈ। ਉਹਨੇ ਆਪਣੀ ਮੰਮੀ ਨੂੰ ਨਹੀਂ ਦੱਸਿਆ ਕਿ ਕਰਨ ਉਹਨੂੰ ਹਸਪਤਾਲ ਦੇ ਗੇਟ ਤੱਕ ਛੱਡ ਕੇ ਮੁੜ ਗਿਆ। ਪਰ ਉਹਦੇ ਕਹਿਣ ’ਤੇ ਵੀ ਪਾਪਾ ਦਾ ਪਤਾ ਲੈਣ ਅੰਦਰ ਨਹੀਂ ਆਇਆ। ਉਹ ਮਨ ਹੀ ਮਨ ਕੁਲਝਦੀ ਰਹੀ।

ਸਨੇਹਾ ਨੇ ਕੌਰਨਰ ਸੈਲਫ਼ ਦੇ ਹੇਠਲੇ ਸੈਲਫ਼ ਵਿਚ ਪਈਆਂ ਆਪਣੀਆਂ ਇੰਗਲਿਸ਼ ਦੀਆਂ ਡਿਕਸ਼ਨਰੀਆਂ ਅਤੇ ਗਰੈਮਰ ਦੀਆਂ ਕੁਝ ਕਿਤਾਬਾਂ ਨੂੰ ਘੂਰਿਆ। ਉਹ ਸੋਚਣ ਲੱਗੀ—ਇਨ੍ਹਾਂ ਦਾ ਕੀ ਕੀਤਾ ਜਾਵੇ ? ਇਹ ਲਿਜਾਣੀਆਂ ਵੀ ਜ਼ਰੂਰੀ ਏ।...ਨਾ ਬੈਗ ’ਚ ਜਗ੍ਹਾ ਏ ਨਾ ਸੂਟਕੇਸ ’ਚ।

ਸਨੇਹਾ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਂਦੀ ਸੀ। ਸ਼ਾਦੀ ਤੋਂ ਸਾਲ ਕੁ ਬਾਅਦ ਜਦੋਂ ਸਮਰਿੱਧ ਪੈਦਾ ਹੋਣ ਵਾਲਾ ਸੀ ਤਾਂ ਸਨੇਹਾ ਨੂੰ ਸਕੂਲੋਂ ਛੁੱਟੀ ਲੈਣੀ ਪੈਣੀ ਸੀ। ਪਰ ਪ੍ਰਾਈਵੇਟ ਸਕੂਲ ਹੋਣ ਕਰਕੇ ਸਕੂਲ ਵਾਲੇ ਵਧੇਰੇ ਲੰਮੀ ਛੁੱਟੀ ਦੇਣ ਲਈ ਤਿਆਰ ਨਹੀਂ ਸਨ। ਸਨੇਹਾ ਨੂੰ ਸਕੂਲ ਦੀ ਨੌਕਰੀ ਛੱਡਣੀ ਪਈ। ਸਮਰਿੱਧ ਦੇ ਪੈਦਾ ਹੋਣ ਤੋਂ ਬਾਅਦ ਵੀ ਸਨੇਹਾ ਨੂੰ ਜਾਪਿਆ ਕਿ ਉਹਦਾ ਬੇਟਾ ਬਹੁਤ ਛੋਟਾ ਹੈ ਇਸ ਲਈ ਦੁਬਾਰਾ ਨੌਕਰੀ ਕਰਨ ਦੀ ਬਜਾਏ ਉਹਨੂੰ ਘਰ ਰਹਿ ਕੇ ਹੀ ਉਹਦੀ ਪਰਵਰਿਸ਼ ਵੱਲ ਧਿਆਨ ਦੇਣਾ ਚਾਹੀਦਾ ਹੈ। ਘਰ ਵਿਚ ਉਹਦੇ ਸੱਸ-ਸਹੁਰਾ ਕਦੇ ਪੋਤਰੇ ਨੂੰ ਚੁੱਕਦੇ ਨਹੀਂ ਸਨ ਭਾਵੇਂ ਉਹ ਕਿੰਨਾ ਹੀ ਰੋ ਰਿਹਾ ਹੁੰਦਾ। ਜੇ ਉਹ ਖੇਡ ਰਿਹਾ ਹੁੰਦਾ ਤਾਂ ਕਈ ਵਾਰ ਉਹਨੂੰ ਫੋਕ-ਫੋਕਾ ਲਾਡ ਕਰਕੇ ਪਰ੍ਹੇ ਹੋ ਜਾਂਦੇ ਸਨ।

ਸਮਰਿੱਧ ਜਦੋਂ ਥੋੜਾ ਜਿਹਾ ਹੋਰ ਵੱਡਾ ਹੋਇਆ ਤਾਂ ਸਨੇਹਾ ਨੇ ਫਿਰ ਨੌਕਰੀ ਕਰਨ ਦੀ ਇੱਛਾ ਪ੍ਰਗਟਾਈ। ਉਹਦੀ ਸੱਸ ਕਹਿਣ ਲੱਗੀ, “ਸਨੇਹਾ, ਤੂੰ ਜਾਣਦੀ ਏਂ, ਮੈਂ ਤਾਂ ਆਪ ਬਿਮਾਰ ਰਹਿੰਦੀ ਹਾਂ। ਮੇਰੇ ਕੋਲੋਂ ਇੰਨੇ ਛੋਟੇ ਬੱਚੇ ਦੀ ਦੇਖਭਾਲ ਨਹੀਂ ਹੋ ਸਕੇਗੀ।”

“ਫਿਰ ਕੋਈ ਬੇਬੀ ਸਿਟਰ ਮੇਰਾ ਮਤਲਬ ਕੋਈ ਆਇਆ ਵਗੈਰਾ ਰੱਖ ਲੈਂਦੇ ਹਾਂ।” ਸਨੇਹਾ ਨੇ ਸੁਝਾਅ ਦਿੱਤਾ।

“ਮੈਨੂੰ ਕੋਈ ਆਇਆ-ਵਾਇਆ ਚੰਗੀ ਨ੍ਹੀਂ ਲੱਗਦੀ। ਮੈਂ ਖਾਣਾ ਬਣਾਉਣ ਲਈ ਕੋਈ ਮੇਡ ਨਹੀਂ ਰੱਖਦੀ। ਜਦੋਂ ਕਿਸੇ ਨੌਕਰ, ਕਿਸੇ ਮੇਡ ਦੇ ਹੱਥਾਂ ਦਾ ਖਾਣਾ ਮੈਨੂੰ ਪਸੰਦ ਨ੍ਹੀਂ ਤਾਂ ਮੈਂ ਆਪਣੇ ਪੋਤਰੇ ਨੂੰ ਕਿਸੇ ਆਇਆ ਦੇ ਹੱਥੋਂ ਕਿੱਦਾਂ ਖਾਂਦਾ-ਪੀਂਦਾ ਬਰਦਾਸ਼ਤ ਕਰਾਂਗੀ।” ਸੱਸ ਨੇ ਇਹ ਸੁਝਾਅ ਰੱਦ ਕਰ ਦਿੱਤਾ।

ਸਨੇਹਾ ਦੀ ਸ਼ਾਦੀ ਤੋਂ ਪਹਿਲਾਂ ਖਾਣਾ ਬਣਾਉਣ ਲਈ ਘਰ ਵਿਚ ਇਕ ਮੇਡ ਰੱਖੀ ਹੋਈ ਸੀ। ਸ਼ਾਦੀ ਤੋਂ ਕੁਝ ਦਿਨ ਮਗਰੋਂ ਉਹਦੀ ਸੱਸ ਨੇ ਮੇਡ ਨਾਲ ਲੜ ਕੇ ਉਹਨੂੰ ਹਟਾ ਦਿੱਤਾ। ਉਸ ਤੋਂ ਮਗਰੋਂ ਦੋ-ਤਿੰਨ ਵਾਰੀ ਸਨੇਹਾ ਨੇ ਨਵੀਂ ਮੇਡ ਰੱਖਣ ਲਈ ਆਖਿਆ। ਉਹ ਦਿਖਾਵੇ ਦੇ ਤੌਰ ’ਤੇ ਰੱਖ ਵੀ ਲੈਂਦੀ, ਪਰ ਇਕ ਹਫ਼ਤੇ ਦੇ ਅੰਦਰ-ਅੰਦਰ ਉਸ ਨਾਲ ਲੜਾਈ ਕਰ ਕੇ ਹਟਾ ਦਿੰਦੀ ਕਿ ਨਾ ਤਾਂ ਇਹ ਕੰਮ ਚੰਗਾ ਕਰਦੀ ਹੈ ਤੇ ਨਾ ਹੀ ਇਹਨੂੰ ਕੋਈ ਤਮੀਜ਼ ਹੈ।”

“ਫਿਰ ਕੋਈ ਕ੍ਰੈਚ ਵੇਖ ਲੈਂਦੇ ਹਾਂ ?” ਸਨੇਹਾ ਨੇ ਇਕ ਹੋਰ ਸੁਝਾਅ ਦਿੱਤਾ।

“ਕ੍ਰੈਚ !...ਨਾ...ਨਾ...ਕ੍ਰੈਚ ਦੀ ਤਾਂ ਗੱਲ ਹੀ ਨਾ ਕਰ। ਚੰਗਾ ਕ੍ਰੈਚ ਤਾਂ ਬਹੁਤ ਮਹਿੰਗਾ ਪਵੇਗਾ। ਫਿਰ ਬੱਚੇ ਨੂੰ ਛੱਡ ਕੇ ਆਣਾ, ਲੈ ਕੇ ਆਣਾ। ਫਿਰ ਤੇਰਾ ਸਕੂਲ ਆਣ-ਜਾਣ ਦਾ ਖ਼ਰਚਾ। ਕੁਲ ਮਿਲਾ ਕੇ ਓਨਾ ਤਾਂ ਤੂੰ ਕਮਾਏਂਗੀ ਹੀ ਨਹੀਂ, ਜਿੰਨਾ ਖ਼ਰਚ ਹੋ ਜਾਇਆ ਕਰੇਗਾ।” ਸੱਸ ਨੇ ਸਾਫ਼-ਸਾਫ਼ ਜਵਾਬ ਦਿੱਤਾ।

“ਜੇ ਮੇਰੀ ਮੰਮੀ ਦਾ ਘਰ ਨੇੜੇ ਹੁੰਦਾ ਤਾਂ ਸਮਰਿੱਧ ਨੂੰ ਸੁਬ੍ਹਾ ਆਪਣੀ ਮੰਮੀ ਕੋਲ ਛੱਡ ਜਾਇਆ ਕਰਦੀ ਤੇ ਸਕੂਲੋਂ ਬਾਅਦ ਲੈ ਆਇਆ ਕਰਦੀ।...ਹੋਰ ਦੱਸੋ ਮੈਂ ਕੀ ਕਰਾਂ ?” ਸਨੇਹਾ ਨੇ ਪਰੇਸ਼ਾਨ ਹੋ ਕੇ ਪੁੱਛਿਆ।

“ਤੂੰ ਅਜੇ ਇਹਨੂੰ ਥੋੜ੍ਹਾ ਜਿਹਾ ਹੋਰ ਵੱਡਾ ਹੋ ਲੈਣ ਦੇ। ਫਿਰ ਇਹ ਸਕੂਲ ਜਾਣ ਲੱਗ ਪਵੇਗਾ ਤੇ ਫਿਰ ਤੂੰ ਵੀ ਜਾ ਸਕਨੀ ਏਂ ਸਕੂਲ ਪੜ੍ਹਾਉਣ ਲਈ।” ਸੱਸ ਬੋਲੀ।

ਸਨੇਹਾ ਨੂੰ ਬਹੁਤ ਗੁੱਸਾ ਆਇਆ। ਉਹ ਸੋਚਣ ਲੱਗੀ, ਇਹ ਕਿੰਨੀ ਚਲਾਕ ਔਰਤ ਏ। ਇਸ ਨੇ ਇਕ ਵਾਰੀ ਵੀ ਨ੍ਹੀਂ ਆਖਿਆ ਕਿ ਸਮਰਿੱਧ ਦੀ ਦੇਖਭਾਲ ਮੈਂ ਕਰ ਲਵਾਂਗੀ। ਇਹ ਮੈਨੂੰ ਜੌਬ ਕਰਨ ਹੀ ਨਹੀਂ ਦੇਣਾ ਚਾਹੁੰਦੀ। ਬਸ ਘਰ ਦੀ ਨੌਕਰਾਣੀ ਬਣਾ ਕੇ ਰੱਖਣਾ ਚਾਹੁੰਦੀ ਏ।

ਸਨੇਹਾ ਨੇ ਪਹਿਲੇ ਲਿਫ਼ਾਫ਼ੇ ਵਿਚੋਂ ਖਿਡਾਉਣੇ ਕੱਢ ਕੇ ਸਮਰਿੱਧ ਦੇ ਸਕੂਲ ਬੈਗ ਵਿਚ ਖ਼ਾਲੀ ਜਗ੍ਹਾ ਵਿਚ ਪਾ ਦਿੱਤੇ। ਲਿਫ਼ਾਫ਼ਾ ਖ਼ਾਲੀ ਕਰ ਕੇ ਉਸ ਵਿਚ ਕਿਤਾਬਾਂ ਪਾਉਣ ਲੱਗੀ।

ਸਨੇਹਾ ਨੇ ਆਪਣੀ ਮਾਂ ਕੋਲ ਗੱਲ ਕੀਤੀ ਤਾਂ ਉਹ ਬੇਵਸੀ ਪ੍ਰਗਟਾਉਂਦੀ ਬੋਲੀ, "ਵੇਖ ਸਨੇਹਾ, ਅਸੀਂ ਆਪਣਾ ਇਹ ਫਲੈਟ ਕਿਰਾਏ 'ਤੇ ਦੇ ਕੇ ਤੇਰੇ ਘਰ ਦੇ ਨੇੜੇ ਮਕਾਨ ਕਿਰਾਏ 'ਤੇ ਲੈ ਸਕਦੇ ਹਾਂ। ਫਿਰ ਤੂੰ ਸਮਰਿੱਧ ਨੂੰ ਮੇਰੇ ਕੋਲ ਛੱਡ ਕੇ ਜਾ ਸਕਦੀ ਏਂ...ਪਰ ਤੇਰੇ ਪਾਪਾ ਹੁਣ ਰਿਟਾਇਰ ਹੋ ਚੁੱਕੇ ਨੇ। ਪੈਨਸ਼ਨ ਨਾਲ ਗੁਜ਼ਾਰਾ ਕਰ ਰਹੇ ਹਾਂ। ਇਹ ਫ਼ਲੈਟ ਦਾ ਕਿਰਾਇਆ ਘੱਟ ਮਿਲੇਗਾ, ਪਰ ਤੇਰੇ ਘਰ ਦੇ ਕੋਲ ਸਾਨੂੰ ਮਹਿੰਗਾ ਮਿਲੇਗਾ। ਦੂਜਾ ਧੀ ਦੇ ਸਹੁਰਿਆਂ ਦੇ ਨੇੜੇ ਜਾ ਕੇ ਰਹਿਣਾ, ਵੈਸੇ ਵੀ ਕੋਈ ਸਿਆਣੀ ਗੱਲ ਨ੍ਹੀਂ। ਇੱਦਾਂ ਤੂੰ ਸੁਬ੍ਹਾ-ਸ਼ਾਮ ਸਾਡੇ ਕੋਲ ਆਵੇਂਗੀ ਤਾਂ ਤੇਰੇ ਘਰੇਲੂ ਮਾਮਲਿਆਂ 'ਚ ਸਾਡਾ ਦਖ਼ਲ ਵਧ ਜਾਵੇਗਾ। ਅਸੀਂ ਦਖ਼ਲ ਨਾ ਵੀ ਦੇਈਏ ਪਰ ਤੇਰੇ ਸੱਸ-ਸਹੁਰੇ ਤੇ ਕਰਨ ਨੂੰ ਏਦਾਂ ਹੀ ਮਹਿਸੂਸ ਹੋਏਗਾ ਕਿ ਅਸੀਂ ਤੇਰੇ ਘਰੇਲੂ ਮਾਮਲਿਆਂ 'ਚ ਦਖਲ ਦੇ ਰਹੇ ਹਾਂ। ਉਹ ਹਰ ਚੰਗੀ-ਮਾੜੀ ਗੱਲ ਸਾਡੇ ਸਿਰ ਲਾਣਗੇ ਕਿ ਅਸੀਂ ਤੈਨੂੰ ਪੁੱਠੀ ਪੱਟੀ ਪੜ੍ਹਾਂਦੇ ਪਏ ਆਂ। ਉਨ੍ਹਾਂ ਦਾ ਸੁਭਾਅ ਤੈਨੂੰ ਪਤੈ ਅਜੀਬ ਕਿਸਮ ਦਾ ਏ। ਇਸ ਪ੍ਰੋਬਲਮ ਦਾ ਹੱਲ ਤਾਂ ਤੈਨੂੰ ਆਪਣੇ ਸਹੁਰੇ ਪਰਿਵਾਰ ਤੇ ਕਰਨ ਨਾਲ ਮਿਲ ਕੇ ਕੱਢਣਾ ਪਏਗਾ।"

ਸਨੇਹਾ ਨੇ ਇਸ ਬਾਰੇ ਕਰਨ ਨਾਲ ਗੱਲ ਕੀਤੀ ਤਾਂ ਉਹਨੇ ਵੀ ਆਪਣੀ ਮਾਂ ਦਾ ਪੱਖ ਪੂਰਿਆ, "ਮੰਮੀ ਜੋ ਕਹਿ ਰਹੀ ਏ, ਠੀਕ ਕਹਿ ਰਹੀ ਏ। ਮੰਮੀ ਤਾਂ ਸਮਰਿੱਧ ਦੇ ਭਲੇ ਦੀ ਹੀ ਗੱਲ ਕਰ ਰਹੀ ਏ। ਮਾਂ ਹੀ ਬੱਚੇ ਦੀ ਪਰਵਰਿਸ਼ ਸਹੀ ਢੰਗ ਨਾਲ ਕਰ ਸਕਦੀ ਏ।"

ਸਨੇਹਾ ਨੇ ਸੋਚਿਆ ਕਿ ਉਹਨੂੰ ਸੱਚਮੁੱਚ ਥੋੜ੍ਹੀ ਦੇਰ ਹੋਰ ਇੰਤਜ਼ਾਰ ਕਰਨਾ ਚਾਹੀਦਾ ਹੈ। ਆਪਣੇ ਬੱਚੇ ਦੀ ਬਿਹਤਰੀ ਲਈ ਫ਼ਿਲਹਾਲ ਨੌਕਰੀ ਦਾ ਖ਼ਿਆਲ ਛੱਡ ਦੇਣਾ ਚਾਹੀਦਾ ਹੈ।

ਕੁਝ ਚਿਰ ਮਗਰੋਂ ਉਹਦਾ ਸਹੁਰਾ ਰਿਟਾਇਰ ਹੋ ਗਿਆ। ਉਹ ਪੂਜਾ-ਪਾਠ ਵਿਚ ਮਗਨ ਰਹਿਣ ਲੱਗ ਪਿਆ। ਸਨੇਹਾ ਨੇ ਸੋਚਿਆ ਕਿ ਹੁਣ ਉਹ ਸਕੂਲ ਜਾ ਸਕਦੀ ਹੈ। ਕੁਝ ਦੇਰ ਲਈ ਇਸ ਘਰ ਤੋਂ ਬਾਹਰ ਖੁੱਲ੍ਹੀ ਹਵਾ ਵਿਚ ਸਾਹ ਲੈ ਸਕਦੀ ਹੈ। ਦੁਪਹਿਰ ਵੇਲੇ ਸਮਰਿੱਧ ਨੂੰ ਉਹਦਾ ਦਾਦਾ ਵੈਨ ਤੋਂ ਲਿਆ ਸਕਦਾ ਹੈ। ਦਾਦਾ-ਦਾਦੀ ਦੋਨੋਂ ਮਿਲ ਕੇ ਉਹਨੂੰ ਖਵਾ-ਪਿਆ ਸਕਦੇ ਹਨ। ਕੱਪੜੇ ਬਦਲ ਸਕਦੇ ਹਨ। ਫਿਰ ਢਾਈ ਵਜੇ ਤਕ ਉਹ ਆਪ ਸਕੂਲੋਂ ਪਰਤ ਆਇਆ ਕਰੇਗੀ। ਸਕੂਲੋਂ ਪਰਤ ਕੇ ਉਹ ਸਮਰਿੱਧ ਅਤੇ ਘਰ ਨੂੰ ਸੰਭਾਲ ਲਿਆ ਕਰੇਗੀ।

ਉਹ ਅਜੇ ਇਸ ਸੰਬੰਧੀ ਸੱਸ-ਸਹੁਰੇ ਨਾਲ ਗੱਲ ਕਰਨ ਬਾਰੇ ਸੋਚ ਹੀ ਰਹੀ ਸੀ ਕਿ ਉਹਦੇ ਪਾਪਾ ਦਾ ਐਕਸੀਡੈਂਟ ਹੋ ਗਿਆ।

ਸਮਰਿੱਧ ਦਾ ਧਿਆਨ ਪੈਕਿੰਗ ਕਰਦੀ ਸਨੇਹਾ ਵੱਲ ਗਿਆ ਤੇ ਉਹਨੇ ਪੁੱਛਿਆ, "ਮੰਮਾ, ਵੇਅਰ ਆਰ ਵੀ ਗੋਇੰਗ ?"

"ਵੀ ਆਰ ਗੋਇੰਗ ਟੂ ਯੂਅਰ ਨਾ..ਨੂ...ਸੌਰੀ ਨਾਨੀਜ਼ ਹਾਊਸ।" ਸਨੇਹਾ ਮੂੰਹੋਂ 'ਨਾਨੂ' ਨਿਕਲ ਗਿਆ ਸੀ, ਪਰ ਉਹ ਸੰਭਲ ਗਈ ਅਤੇ 'ਨਾਨੀ' ਆਖਿਆ। ਨਾਨੀ ਯਾਨੀ ਸਨੇਹਾ ਦਾ ਪਾਪਾ।

ਲਗਭਗ ਦੋ ਮਹੀਨੇ ਕੋਮਾ ਵਿਚ ਰਹਿਣ ਤੋਂ ਬਾਅਦ ਸਨੇਹਾ ਦੇ ਪਾਪਾ ਦਾ ਦੇਹਾਂਤ ਹੋ ਗਿਆ। ਦਾਹ ਸੰਸਕਾਰ 'ਤੇ ਸਨੇਹਾ ਦੇ ਸੱਸ-ਸਹੁਰਾ ਅਤੇ ਕਰਨ ਤਿੰਨੇ ਆਏ, ਉਹ ਆਪਣੇ ਸਹੁਰੇ ਪਰਿਵਾਰ ਨੂੰ ਵੇਖ ਕੇ ਬਹੁਤ ਦੁਖੀ ਹੋ ਰਹੀ ਸੀ। ਉਹਨੂੰ ਜਾਪ ਰਿਹਾ ਸੀ ਕਿ ਉਹ ਉਹਦੇ ਦੁੱਖ ਵਿਚ ਸ਼ਾਮਲ ਹੋਣ ਨਹੀਂ ਆਏ, ਸਗੋਂ ਇਸ ਖੁਸ਼ੀ ਵਿਚ ਆਏ ਹਨ ਕਿ ਚੰਗਾ ਹੋਇਆ ਸਨੇਹਾ ਦੇ ਪਾਪਾ ਮਰ ਗਏ। ਹੁਣ ਸਨੇਹਾ ਪੂਰਾ-ਪੂਰਾ ਦਿਨ ਆਪਣੇ ਪਾਪਾ ਕੋਲ ਹਸਪਤਾਲ ਨਹੀਂ ਰਹੇਗੀ। ਉਹ ਸਾਰਾ ਦਿਨ ਘਰੇ ਕੰਮ ਕਰੇਗੀ।

ਪਾਪਾ ਦੀ ਤੇਰ੍ਹਵੀਂ ਤੋਂ ਮਗਰੋਂ ਜਦੋਂ ਸਨੇਹਾ ਆਪਣੇ ਸਹੁਰੇ ਘਰ ਆਈ ਤਾਂ ਬਹੁਤ ਕੁਝ ਬਦਲ ਚੁੱਕਾ ਸੀ। ਘਰ ਦੇ ਸਾਰੇ ਜੀਅ ਉਹਨੂੰ ਓਪਰੇ-ਓਪਰੇ ਲੱਗ ਰਹੇ ਸਨ। ਰਾਤ ਨੂੰ ਕਰਨ ਉਹਦੇ ਕੋਲ ਸੌਣ ਲਈ ਆਇਆ। ਉਹਨੇ

ਪੁੱਛਿਆ, "ਤੁਸੀਂ ਹੁਣ ਮੰਮੀ ਕੋਲ ਨ੍ਹੀਂ ਸੌਂਦੇ ?"

"ਨਹੀਂ, ਹੁਣ ਮੰਮੀ ਦੀ ਤਬੀਅਤ ਠੀਕ ਏ।" ਕਰਨ ਨੇ ਜਵਾਬ ਦਿੱਤਾ।

"ਮੈਨੂੰ ਤਾਂ ਮੰਮੀ ਓਦਾਂ ਹੀ ਲੱਗਦੀ ਏ ਜਿੱਦਾਂ ਪਹਿਲਾਂ ਸੀ।" ਸਨੇਹਾ ਬੋਲੀ।

"...ਤੇਰਾ ਮਤਲਬ ਕੀ ਏ ?" ਕਰਨ ਬੋਲਿਆ।

"ਮਤਲਬ ਇਹ ਐ ਕਿ ਜੇ ਮੰਮੀ ਹੁਣ ਠੀਕ ਏ...ਤਾਂ ਪਹਿਲਾਂ ਵੀ ਠੀਕ ਈ ਸੀ।" ਸਨੇਹਾ ਬੋਲੀ।

"ਤੇਰਾ ਮਤਲਬ ਮੰਮੀ ਝੂਠ ਬੋਲਦੀ ਸੀ ਜਾਂ ਮੈਂ ਝੂਠ ਬੋਲਦਾ ਸਾਂ।...ਜਾਂ ਤੂੰ ਚਾਂਹਦੀ ਏਂ ਕਿ ਮੈਂ ਤੇਰੇ ਕੋਲ ਨਾ ਸੌਂਵਾਂ।" ਕਰਨ ਤਲਖ਼ ਹੋ ਕੇ ਬੋਲਿਆ।

"ਮੈਂ ਤਾਂ ਚਾਂਹਦੀ ਹਾਂ, ਪਰ ਕੋਈ ਹੋਰ ਨ੍ਹੀਂ ਚਾਂਹਦਾ ਕਿ ਤੂੰ ਮੇਰੇ ਕੋਲ ਸੌਂਵੇਂ।"

"ਕੋਈ ਹੋਰ !...ਤੇਰਾ ਮਤਲਬ ਮੰਮੀ ਨ੍ਹੀਂ ਚਾਂਹਦੀ ਮੈਂ ਤੇਰੇ ਕੋਲ ਸੌਂਵਾਂ ?" ਕਰਨ ਖਿਝ ਕੇ ਬੋਲਿਆ।

"ਹੋ ਸਕਦੈ।" ਸਨੇਹਾ ਬੋਲੀ।

"ਇਹ ਸਭ ਝੂਠ ਏ। ਮੰਮੀ ਤਾਂ ਕੀ, ਮੈਂ ਆਪ ਹੀ ਨੀਂ ਚਾਂਹਦਾ ਤੇਰੇ ਵਰਗੀ ਔਰਤ ਕੋਲ ਸੌਣਾ।" ਕਰਨ ਕੁਝ ਗੁੱਸੇ ਵਿਚ ਬੋਲਿਆ।

ਸਨੇਹਾ ਨੂੰ ਵੀ ਗੁੱਸਾ ਚੜ੍ਹ ਗਿਆ, "ਤੇਰੇ ਵਰਗੀ ਔਰਤ ! ਤੇਰਾ ਕੀ ਮਤਲਬ ਏ ਤੇਰੇ ਵਰਗੀ ਔਰਤ ਤੋਂ ? ਮੈਂ ਕੋਈ ਪਾਗ਼ਲ ਹਾਂ ? ਕਰੈਕਟ੍ਰਲੈਸ ਹਾਂ ? ਬਾਜ਼ਾਰੂ ਔਰਤ ਹਾਂ...ਤੂੰ ਕਹਿਣਾ ਕੀ ਚਾਂਹਦੈਂ ?"

"ਬਸ ! ਮੈਂ ਨ੍ਹੀਂ ਸੌਂਦਾ ਤੇਰੇ ਕੋਲ। ਉਹ ਬੈੱਡ ਤੋਂ ਉੱਠ ਕੇ ਕਮਰੇ ਤੋਂ ਬਾਹਰ ਚਲਾ ਗਿਆ। ਜਾ ਕੇ ਲਿਵਿੰਗ ਰੂਮ ਵਿਚ ਸੌਂ ਗਿਆ। ਉਸ ਤੋਂ ਬਾਅਦ ਉਹ ਕਦੇ ਵੀ ਸਨੇਹਾ ਕੋਲ ਨਾ ਸੁੱਤਾ। ਨਾ ਕਦੇ ਸਨੇਹਾ ਨੇ ਉਹਨੂੰ ਕਿਹਾ। ਨਾ ਕਦੇ ਉਹਦੇ ਸੱਸ-ਸਹੁਰੇ ਨੇ ਪੁੱਛਿਆ ਕਿ ਤੁਸੀਂ ਵੱਖ-ਵੱਖ ਕਿਉਂ ਸੌਂਦੇ ਹੋ ?

ਸਨੇਹਾ ਨੇ ਸਮਾਨ ਪੈਕ ਕਰ ਕੇ ਇਕ ਕੋਨੇ ਵਿਚ ਰੱਖ ਦਿੱਤਾ। ਇਕ ਸੂਟਕੇਸ, ਇਕ ਬੈਗ, ਦੂਜਾ ਸਮਰਿੱਧ ਦਾ ਸਕੂਲ ਬੈਗ ਅਤੇ ਦੋ ਪੋਲੀਥੀਨ ਬੈਗ ਹੋ ਗਏ। ਸਮਰਿੱਧ ਤੋਂ ਆਪਣਾ ਮੋਬਾਇਲ ਲੈ ਲਿਆ। ਉਹਦੇ ਲਈ ਟੀਵੀ ਔਨ ਕਰ ਦਿੱਤਾ। ਉਹ ਬੈੱਡ ਉੱਤੇ ਬੈਠਾ ਹੀ ਟੀਵੀ ਵੇਖਣ ਲੱਗ ਪਿਆ। ਇਹ ਓਹੀ ਬੈੱਡ ਸੀ, ਜਿਸ ਉੱਤੇ ਸਨੇਹਾ ਅਤੇ ਸਮਰਿੱਧ ਦੋਵੇਂ ਮਾਂ-ਬੇਟਾ ਸੌਂਦੇ ਸਨ। ਕਰਨ ਤਾਂ ਕਈ ਸਾਲਾਂ ਤੋਂ ਇਸ ਬੈੱਡ 'ਤੇ ਸੁੱਤਾ ਨਹੀਂ ਸੀ।

ਕਰਨ ਨੂੰ ਵੀ ਜਿਵੇਂ ਘਰ ਨਾਲ ਕੋਈ ਮਤਲਬ ਨਹੀਂ ਸੀ। ਉਹ ਆਪਣੇ ਮਾਂ-ਬਾਪ ਮੂਹਰੇ ਬਿਲਕੁਲ ਨਹੀਂ ਬੋਲਦਾ ਸੀ। ਸਨੇਹਾ ਨਾਲ ਵੀ ਉਹ ਲੋੜ ਪੈਣ 'ਤੇ ਹੀ ਬੋਲਦਾ। ਸਮਰਿੱਧ ਦੀ ਸਵੇਰੇ ਸੱਤ ਵਜੇ ਸਕੂਲ ਵੈਨ ਆਉਂਦੀ। ਸਨੇਹਾ ਉਹਨੂੰ ਤਿਆਰ ਕਰਦੀ, ਨਾਸ਼ਤਾ ਕਰਵਾਉਂਦੀ, ਲੰਚ ਪੈਕ ਕਰਦੀ ਅਤੇ ਫਿਰ ਵੈਨ ਵਿਚ ਚੜ੍ਹਾ ਆਉਂਦੀ। ਫਿਰ ਬਾਕੀ ਪਰਿਵਾਰ ਲਈ ਨਾਸ਼ਤਾ ਬਣਾਉਂਦੀ। ਕਰਨ ਦਾ ਟਿਫ਼ਨ ਤਿਆਰ ਕਰਦੀ। ਬਰਤਨ ਸਾਫ਼ ਕਰਦੀ। ਵਾਸ਼ਿੰਗ ਮਸ਼ੀਨ ਚਲਾ ਕੇ ਕੱਪੜੇ ਧੋਂਦੀ। ਫਿਰ ਸੁੱਕਣੇ ਪਾਉਂਦੀ। ਸਫ਼ਾਈ ਵਾਸਤੇ ਉਨ੍ਹਾਂ ਨੇ ਇਕ ਮਾਈ ਲਾ ਰੱਖੀ ਸੀ। ਉਹ ਝਾੜੂ-ਪੋਚਾ ਕਰ ਜਾਂਦੀ। ਫਿਰ ਉਹ ਆਪ ਨਹਾਉਂਦੀ-ਧੋਂਦੀ। ਐਨੇ ਵਿਚ ਸਮਰਿੱਧ ਦੇ ਸਕੂਲੋਂ ਪਰਤਣ ਦਾ ਵੇਲਾ ਹੋ ਜਾਂਦਾ। ਉਹ ਲੰਚ ਤਿਆਰ ਕਰਦੀ। ਸਮਰਿੱਧ ਖਾਣਾ ਖਾ ਕੇ ਕੁਝ ਚਿਰ ਸੌਂ ਜਾਂਦਾ। ਇਸ ਬਹਾਨੇ ਉਹ ਵੀ ਕੁਝ ਆਰਾਮ ਕਰਦੀ। ਫਿਰ ਉੱਠ ਕੇ ਚਾਹ ਬਣਾਉਂਦੀ। ਸਮਰਿੱਧ ਨੂੰ ਸਕੂਲ ਦਾ ਕੰਮ ਕਰਾਉਂਦੀ। ਫਿਰ ਘਰ ਦੇ ਨੇੜਲੀ ਛੋਟੀ ਜਿਹੀ ਮਾਰਕੀਟ ਵਿਚ ਰਸੋਈ ਦਾ ਸਮਾਨ ਅਤੇ ਸਬਜ਼ੀ ਵਗੈਰਾ ਖਰੀਦਣ ਜਾਂਦੀ। ਘਰ ਦੇ ਖ਼ਰਚੇ ਲਈ ਕਰਨ ਤੋਂ ਜਾਂ ਆਪਣੇ ਸਹੁਰੇ ਤੋਂ ਪੈਸੇ ਮੰਗ ਲੈਂਦੀ। ਦੋਵੇਂ ਉਹਦੀ ਸੱਸ ਕੋਲੋਂ ਪੈਸੇ ਲੈ ਕੇ ਉਹਨੂੰ ਦਿੰਦੇ। ਸੱਸ-ਸਹੁਰਾ ਬੜੇ ਕੰਜੂਸ ਸਨ। ਕੁਝ ਪੈਸੇ ਸਨੇਹਾ ਦੀ ਮਾਂ ਦੇ ਦਿੰਦੀ, ਜੋ ਉਹ ਆਪਣੇ ਨਿੱਜੀ ਖ਼ਰਚੇ ਲਈ ਰੱਖਦੀ। ਮਾਰਕੀਟ ਵਾਪਸ ਆ ਕੇ ਰਾਤ ਦਾ ਖਾਣਾ ਬਣਾਉਣ ਵਿਚ ਜੁਟ ਜਾਂਦੀ। ਕਰਨ ਔਫ਼ਿਸ ਤੋਂ ਆ ਜਾਂਦਾ। ਫਿਰ ਉਹ ਜਿੰਮ ਚਲਾ ਜਾਂਦਾ। ਜਿੰਮ ਤੋਂ ਪਰਤਦਾ ਤਾਂ ਸਨੇਹਾ ਸਭ ਨੂੰ ਖਾਣਾ ਖਵਾਉਂਦੀ। ਫਿਰ ਬਰਤਨ ਸਮੇਟਦੀ। ਇਸ ਤਰ੍ਹਾਂ ਉਹ ਸਾਰਾ ਦਿਨ ਰੁੱਝੀ ਰਹਿੰਦੀ। ਵਿਚੋਂ ਵਿਹਲ ਮਿਲਦੀ ਤਾਂ ਉਹ ਮੋਬਾਇਲ 'ਤੇ ਆਪਣੀ ਮੰਮੀ ਨਾਲ ਗੱਲ ਕਰ ਲੈਂਦੀ, ਕਦੇ ਰੇਣੂ ਨਾਲ। ਰੇਣੂ ਉਹਦੀ ਸਹੇਲੀ ਸੀ।

ਜਦੋਂ ਸਮਰਿੱਧ ਛੋਟਾ ਸੀ, ਸ਼ਾਮ ਨੂੰ ਕੁਝ ਚਿਰ ਲਈ ਸਨੇਹਾ ਸਮਰਿੱਧ ਨੂੰ ਖਿਡਾਉਣ ਵਾਸਤੇ ਪਾਰਕ ਵਿਚ ਲੈ ਜਾਂਦੀ। ਪਾਰਕ ਵਿਚ ਹੋਰ ਵੀ ਕਈ ਜ਼ਨਾਨੀਆਂ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਲੈ ਕੇ ਆਉਂਦੀਆਂ। ਸਮਰਿੱਧ

ਉਨ੍ਹਾਂ ਨਾਲ ਖੇਡਦਾ ਅਤੇ ਸਨੇਹਾ ਉਨ੍ਹਾਂ ਬੱਚਿਆਂ ਦੀਆਂ ਮਾਵਾਂ ਨਾਲ ਗੱਲਾਂ ਕਰਨ ਲੱਗ ਜਾਂਦੀ। ਇਸ ਤਰ੍ਹਾਂ ਤਿੰਨ-ਚਾਰ ਜ਼ਨਾਨੀਆਂ ਉਹਦੀਆਂ ਸਹੇਲੀਆਂ ਬਣ ਗਈਆਂ। ਰੇਣੂ ਉਹਦੀ ਪੱਕੀ ਸਹੇਲੀ ਬਣ ਗਈ। ਇਹ ਸਾਰੀਆਂ ਔਰਤਾਂ ਪਾਰਕ ਦੇ ਆਸ-ਪਾਸ ਹੀ ਰਹਿੰਦੀਆਂ ਸਨ। ਉਹ ਜ਼ਿਆਦਾਤਰ ਆਪਣੇ ਬੱਚਿਆਂ, ਪਤੀਆਂ ਅਤੇ ਸੱਸਾਂ ਦੀਆਂ ਗੱਲਾਂ ਹੀ ਕਰਦੀਆਂ ਸਨ। ਉਨ੍ਹਾਂ ਵਿਚੋਂ ਦੋ ਸਨੇਹਾ ਦੇ ਘਰ ਦੇ ਨੇੜੇ ਹੀ ਰਹਿੰਦੀਆਂ ਸਨ। ਉਹਦੇ ਸੱਸ-ਸਹੁਰੇ ਨੂੰ ਜਾਣਦੀਆਂ ਸਨ। ਰੇਣੂ ਵੀ ਟੀਚਰ ਸੀ। ਹੋਰ ਨੌਕਰੀ-ਪੇਸ਼ਾ ਤਾਂ ਸ਼ਾਮ ਨੂੰ ਦਫ਼ਤਰੋਂ ਪਰਤਦੀਆਂ। ਉਨ੍ਹਾਂ ਕੋਲ ਪਾਰਕ ਵਿਚ ਬੱਚਿਆਂ ਨੂੰ ਘੁਮਾਉਣ ਵਾਸਤੇ ਸਮਾਂ ਨਹੀਂ ਹੁੰਦਾ ਸੀ। ਉਹ ਤਾਂ ਐਤਵਾਰ ਜਾਂ ਹੋਰ ਛੁੱਟੀ ਵਾਲੇ ਦਿਨ ਹੀ ਨਜ਼ਰ ਆਉਂਦੀਆਂ।

ਸਨੇਹਾ ਰੇਣੂ ਨਾਲ ਪੂਰੀ ਤਰ੍ਹਾਂ ਖੁੱਲ੍ਹ ਗਈ ਸੀ। ਉਹ ਆਪਣੇ ਘਰ ਦੇ ਘੁਟਨ ਭਰੇ ਮਾਹੌਲ ਅਤੇ ਮਨ ਦੀ ਘੁਟਣ ਦੀ ਗੱਲ ਰੇਣੂ ਕੋਲ ਕਰ ਕੇ ਕੁਝ ਹਲਕਾ-ਹਲਕਾ ਮਹਿਸੂਸ ਕਰਦੀ। ਪਰ ਉਹਨੇ ਇਹ ਗੱਲ ਕਦੇ ਆਪਣੀ ਮਾਂ ਤੋਂ ਇਲਾਵਾ ਕਿਸੇ ਹੋਰ ਨਾਲ ਸਾਂਝੀ ਨਹੀਂ ਕੀਤੀ ਸੀ ਕਿ ਉਹਦਾ ਪਤੀ ਵੱਖਰੇ ਕਮਰੇ ਵਿਚ ਸੌਂਦਾ ਹੈ। ਉਹ ਕਿਸੇ ਕੋਲ ਇਹ ਗੱਲ ਕਰ ਕੇ ਮਜ਼ਾਕ ਦਾ ਪਾਤਰ ਨਹੀਂ ਬਣਨਾ ਚਾਹੁੰਦੀ ਸੀ। ਇਕ ਤਾਂ ਉਹਨੂੰ ਪਤਾ ਸੀ ਕਿ ਉਹਦੇ ਮੂੰਹ 'ਤੇ ਉਹ ਜੋ ਮਰਜ਼ੀ ਕਹਿਣ, ਪਰ ਮਗਰੋਂ ਤਾਂ ਮਜ਼ਾਕ ਹੀ ਉਡਾਉਣਗੀਆਂ। ਮਿਰਚ-ਮਸਾਲਾ ਲਾ-ਲਾ ਕੇ ਚਟਖਾਰੇ ਹੀ ਲੈਣਗੀਆਂ। ਦੂਜਾ ਕਿਸੇ ਦੀ ਹਮਦਰਦੀ ਦਾ ਪਾਤਰ ਉਹ ਨਹੀਂ ਬਣਨਾ ਚਾਹੁੰਦੀ ਸੀ।

ਰੇਣੂ ਨਾਲ ਉਹਦੀ ਨੇੜਤਾ ਦਾ ਕਾਰਨ ਇਕ ਹੋਰ ਵੀ ਸੀ। ਰੇਣੂ ਦੇ ਵੀ ਕੋਈ ਭਰਾ ਨਹੀਂ ਸੀ। ਪਰ ਉਹਦੀ ਇਕ ਭੈਣ ਹੋਰ ਸੀ। ਉਹ ਵੀ ਵਿਆਹੀ ਹੋਈ ਸੀ। ਉਨ੍ਹਾਂ ਦੋਵਾਂ ਦੇ ਪਤੀ ਅਤੇ ਸਹੁਰੇ ਚੰਗੇ ਸਨ, ਇਸ ਲਈ ਉਹ ਦੋਵੇਂ ਭੈਣਾਂ ਵਾਰੀ-ਵਾਰੀ ਆਪਣੇ ਮਾਪਿਆਂ ਕੋਲ ਜਾ ਆਉਂਦੀਆਂ। ਰੇਣੂ ਦੇ ਮਾਂ-ਪਿਓ ਅਜੇ ਸਿਹਤ ਪੱਖੋਂ ਤੰਦਰੁਸਤ ਸਨ। ਉਨ੍ਹਾਂ ਨੂੰ ਅਜੇ ਕਿਸੇ ਦੁਆਰਾ ਦੇਖਭਾਲ ਦੀ ਲੋੜ ਨਹੀਂ ਸੀ।

ਸਨੇਹਾ ਨੇ ਕਲੌਕ ਵੱਲ ਵੇਖਿਆ ਤੇ ਖਾਣਾ ਬਣਾਉਣ ਬਾਰੇ ਸੋਚਿਆ। ਉਹ ਰਸੋਈ ਵਿਚ ਚਲੀ ਗਈ। ਫ਼ਰਿਜ਼ ਖੋਲ੍ਹ ਕੇ ਵੇਖਣ ਲੱਗੀ। ਫ਼ਰਿਜ਼ ਵਿਚ ਰਾਤ ਦਾ ਗੁੰਨ੍ਹਿਆ ਹੋਇਆ ਆਟਾ ਪਿਆ ਸੀ। ਸਬਜ਼ੀਆਂ ਵੱਲ ਵੇਖ ਕੇ ਉਹ ਸੋਚਣ ਲੱਗੀ—ਹੁਣ ਕਿਹੜੀ ਸਬਜ਼ੀ ਬਣਾਉਣੀ ਚਾਹੀਦੀ ?...ਘਰ 'ਚ ਜਿੰਨੇ ਜੀਅ ਨੇ ਸਭ ਦੇ ਨਖਰੇ ਨੇ। ਕਰਨ ਜਿੰਮ ਦੇ ਡਾਈਟ ਚਾਰਟ ਮੁਤਾਬਕ ਖਾਂਦਾ ਏ। ਸਹੁਰਾ ਬਿਨਾਂ ਪਿਆਜ਼-ਲਸਣ ਵਾਲੀ ਦਾਲ-ਸਬਜ਼ੀ ਖਾਂਦਾ ਏ। ਸਮਰਿੱਧ ਵੀ ਖਾਣਾ ਨੱਕ ਮਾਰ ਕੇ ਖਾਂਦਾ ਏ। ਉਹਨੂੰ ਪਾਸਤਾ, ਮੈਗੀ, ਸੈਂਡਵਿਚ, ਬਰਗਰ ਚਾਹੀਦੈ।

ਸਨੇਹਾ ਨੇ ਇਕ ਚੁੱਲ੍ਹੇ ਉੱਤੇ ਚਾਵਲ ਧਰ ਦਿੱਤੇ ਅਤੇ ਦੂਜੇ ਚੁੱਲ੍ਹੇ ਉੱਤੇ ਕਰਨ ਲਈ ਬਰਾਊਨ ਚਾਵਲ ਧਰ ਦਿੱਤੇ। ਤੀਜੇ ਉੱਤੇ ਰਾਜਮਾਂਹ। ਫਿਰ ਉਹ ਆਲੂ-ਗੋਭੀ ਕੱਟਣ ਲੱਗੀ। ਸਬਜ਼ੀ ਕੱਟਦਿਆਂ ਉਹਦੇ ਹੱਥਾਂ ਵਿਚ ਇਕ ਉਤੇਜਨਾ ਸੀ। ਉਹਦੇ ਦਿਮਾਗ਼ ਵਿਚ ਖ਼ਿਆਲਾਂ, ਗੱਲਾਂ ਤੇ ਘਟਨਾਵਾਂ ਦੀ ਕੱਟ-ਵੱਢ ਹੋ ਰਹੀ ਸੀ। ਇਸੇ ਰਸੋਈ ਵਿਚ ਉਹ ਕਰਵਾ ਚੌਥ ਤੋਂ ਪਹਿਲੀ ਸ਼ਾਮ ਨੂੰ ਸਬਜ਼ੀ ਕੱਟ ਰਹੀ ਸੀ। ਉਹਦੀ ਸੱਸ ਰਸੋਈ ਵਿਚ ਆ ਕੇ ਉਹਦੇ ਹੱਥਾਂ ਵੱਲ ਵੇਖ ਕੇ ਕਹਿਣ ਲੱਗੀ, "ਸਨੇਹਾ, ਤੂੰ ਹੱਥਾਂ ਨੂੰ ਮਹਿੰਦੀ ਨ੍ਹੀਂ ਲਵਾਈ ਅਜੇ ਤਕ, ਕੱਲ੍ਹ ਕਰਵਾ ਚੌਥ ਏ।"

"ਨਹੀਂ, ਮੈਂ ਨਹੀਂ ਰੱਖਣਾ ਕਰਵਾ ਚੌਥ।" ਸਨੇਹਾ ਨੇ ਸਾਫ਼ ਜਵਾਬ ਦੇ ਦਿੱਤਾ। ਸਨੇਹਾ ਦੇ ਪਾਪਾ ਦੇ ਹਸਪਤਾਲ ਵਿਚ ਦਾਖ਼ਲ ਰਹਿਣ ਦੌਰਾਨ ਉਸਦੇ ਸੱਸ-ਸਹੁਰੇ ਤੇ ਪਤੀ ਦੇ ਵਤੀਰੇ ਨੇ ਉਹਨੂੰ ਤਲਖ਼ ਬਣਾ ਦਿੱਤਾ ਸੀ। ਪਾਪਾ ਦੀ ਮੌਤ ਤੋਂ ਮਗਰੋਂ ਉਹਦੇ ਸੁਭਾਅ ਵਿਚ ਕੁਝ ਬਦਲਾਅ ਆ ਗਿਆ ਸੀ। ਪਹਿਲਾਂ ਉਹ ਘੱਟ ਬੋਲਦੀ ਸੀ। ਹਰ ਕੰਮ ਧੀਰਜ ਨਾਲ ਅਤੇ ਖਿੜੇ ਮੱਥੇ ਕਰਦੀ ਸੀ। ਉਹ ਚੁੱਪਚਾਪ ਸਭ ਗੱਲਾਂ ਸੁਣ ਲੈਂਦੀ ਸੀ। ਹੁਣ ਉਹਦੇ ਸੁਭਾਅ ਵਿਚ ਬਗਾਵਤ ਜਿਹੀ ਝਲਕਣ ਲੱਗੀ ਸੀ। ਹੁਣ ਉਹ ਅਕਸਰ ਹਰ ਗੱਲ ਦਾ ਅੱਗੋਂ ਠੋਕਵਾਂ ਜਵਾਬ ਦੇਣ ਲੱਗ ਪਈ।

"ਕਿਉਂ ? ਕਿਉਂ ਨ੍ਹੀਂ ਰੱਖਣਾ ਕਰਵਾ ਚੌਥ ਦਾ ਵਰਤ ?" ਸੱਸ ਨੇ ਮੱਥੇ ਤਿਉੜੀਆਂ ਪਾ ਕੇ ਪੁੱਛਿਆ।

"ਨਹੀਂ ਰੱਖਦੀ। ਮੈਂ ਕਿਸੇ ਦੀ ਖ਼ਾਤਰ ਕਿਉਂ ਭੁੱਖੀ ਮਰਾਂ ?" ਸਨੇਹਾ ਦਾ ਜਵਾਬ ਸੁਣ ਕੇ ਸੱਸ ਹੱਕੀ-ਬੱਕੀ ਰਹਿ ਗਈ।

"ਕਿਸੇ ਦੀ ਖ਼ਾਤਰ ! ਪਤੀ ਦੀ ਖ਼ਾਤਰ ਹੁੰਦਾ ਏ ਇਹ ਕਰਵਾ ਚੌਥ। ਪਤੀ ਦੀ ਲੰਬੀ ਉਮਰ ਲਈ ਰੱਖਿਆ ਜਾਂਦਾ ਏ।" ਸੱਸ ਨੇ ਸਮਝਾਉਣ ਦੇ ਲਹਿਜੇ ਵਿਚ ਆਖਿਆ।

"ਸਭ ਬਕਵਾਸ ਏ। ਜੇ ਮੈਂ ਨਾ ਰੱਖਿਆ ਵਰਤ, ਫਿਰ ਕਿਹੜਾ ਪਤੀ ਨੂੰ ਗੋਲੀ ਵੱਜ ਜਾਣੀ ਏ।" ਸਨੇਹਾ ਖਿੜ

ਕੇ ਬੋਲੀ।

"ਸ਼ੁਭ ਸ਼ੁਭ ਬੋਲ, ਕਿੰਨੀ ਲੰਬੀ ਜ਼ਬਾਨ ਹੋ ਗਈ ਏ ਤੇਰੀ।" ਸੱਸ ਗੁੱਸੇ ਨਾਲ ਬੋਲੀ। ਫਿਰ ਇਕਦਮ ਢਿੱਲੀ ਪੈ ਗਈ, "ਕਰਨ ਤਾਂ ਤੈਨੂੰ ਕਰਵਾ ਚੌਥ ਦਾ ਗਿਫ਼ਟ ਦੇਣ ਲਈ ਬਹੁਤ ਸੋਹਣੀ ਸਾੜ੍ਹੀ ਲੈ ਕੇ ਆਇਆ ਏ ਤੇਰੇ ਤੋਂ ਚੋਰੀ ਚੋਰੀ ! ਤੈਨੂੰ ਸਰਪਰਾਈਜ਼ ਦੇਣ ਲਈ।" ਸੱਸ ਨੇ ਲਾਲਚ ਦੇ ਕੇ ਸਨੇਹਾ ਦਾ ਦਿਲ ਜਿੱਤਣਾ ਚਾਹਿਆ।

ਸਨੇਹਾ ਜਾਣਦੀ ਸੀ ਕਿ ਕਰਨ ਨੂੰ ਇਸ ਤਰ੍ਹਾਂ ਦੀਆਂ ਚੀਜ਼ਾਂ ਖ਼ਰੀਦਣ ਦਾ ਕੋਈ ਸ਼ੌਕ ਨਹੀਂ। ਇਹ ਸਾੜ੍ਹੀ ਉਹਦੀ ਸੱਸ ਨੇ ਮੰਗਵਾਈ ਹੋਵੇਗੀ ਜਾਂ ਆਪਣੀ ਅਲਮਾਰੀ ਵਿਚੋਂ ਹੀ ਪਹਿਲਾਂ ਦੀ ਕੋਈ ਸਾੜ੍ਹੀ ਕੱਢੀ ਹੋਵੇਗੀ। ਸਨੇਹਾ ਬੋਲੀ, "ਨਹੀਂ ਚਾਹੀਦੀ ਸਾੜ੍ਹੀ ਮੈਨੂੰ। ਉਹਨੂੰ ਕਰਨ ਨੂੰ ਕਹਿ ਦੇ ਉਹ ਖ਼ੁਦ ਪਹਿਨ ਲਵੇ ਸਾੜ੍ਹੀ। ਉਹ ਹੈ ਈ ਇਸ ਲਾਇਕ।"

"ਮੈਂ ਸਮਝ ਗਈ। ਮੈਂ ਸਮਝ ਗਈ ਤੇਰੀ ਚਾਲ ਨੂੰ । ਮੈਂ ਸਭ ਜਾਣਦੀ ਹਾਂ !...ਤੂੰ ਚਾਹਨੀ ਏਂ ਤੇਰਾ ਪਤੀ ਮਰ ਜਾਏ, ਅਸੀਂ ਮਰ ਜਾਈਏ।...ਤੇ ਤੂੰ ਇਸ ਘਰ ਦੀ ਮਾਲਕਣ ਬਣ ਜਾਵੇਂ ਤੇ ਫਿਰ ਐਸ਼ ਕਰੇਂ।" ਉਹਦੀ ਸੱਸ ਨੇ ਗੁੱਸੇ ਨਾਲ ਕਿਹਾ।

"ਨਹੀਂ ਚਾਹੀਦਾ ਮੈਨੂੰ ਤੇਰਾ ਘਰ। ਆ ਗਈ ਵੱਡੀ ਘਰ ਵਾਲੀ। ਲੈ ਜਾਣਾ ਤੂੰ ਆਪਣੀ ਛਾਤੀ 'ਤੇ ਰੱਖ ਕੇ ਇਸ ਘਰ ਨੂੰ। ਇਟਜ਼ ਔਨ ਮਾਈ ਫੁੱਟ।" ਸਨੇਹਾ ਨੇ ਸੱਸ ਵੱਲ ਅੱਖਾਂ ਕੱਢ ਕੇ ਆਖਿਆ।

"ਕਿੱਥੋਂ ਸਾਡੇ ਪੇਸ਼ ਪੈ ਗਈ। ਘਟੀਆ ਖ਼ਾਨਦਾਨ ਦੀ।" ਸਨੇਹਾ ਦੀ ਸੱਸ ਰਸੋਈ ਵਿਚੋਂ ਬਾਹਰ ਜਾਂਦੀ ਹੋਈ ਬੋਲੀ।

"ਉਦੋਂ ਤਾਂ ਮਿੰਨਤਾਂ ਕਰ-ਕਰ ਕੇ ਮੇਰਾ ਰਿਸ਼ਤਾ ਲਿਆ ਸੀ ਤੇ ਹੁਣ ਮੈਂ ਘਟੀਆ ਖ਼ਾਨਦਾਨ ਦੀ ਹੋ ਗਈ। ਨਾਲੇ ਮੇਰੀ ਗੱਲ ਕੰਨ ਖੋਲ੍ਹ ਕੇ ਸੁਣ ਲੈ ! ਹੁਣ ਤਕ ਤਾਂ ਮੈਂ ਚੁੱਪ ਰਹੀ। ਚੁੱਪ ਕਰ ਕੇ ਸੁਣਦੀ ਰਹੀ। ਬਰਦਾਸ਼ਤ ਕਰਦੀ ਰਹੀ। ਅੱਜ ਤੋਂ ਬਾਅਦ ਜੇ ਕੋਈ ਮੈਨੂੰ ਉੱਚੀ-ਨੀਵੀਂ ਗੱਲ ਕਹੇਗਾ ਤਾਂ ਮੈਂ ਇਕ ਦੀਆਂ ਚਾਰ ਸੁਣਾਵਾਂਗੀ।" ਸਨੇਹਾ ਨੇ ਚਿਤਾਵਨੀ ਦਿੱਤੀ।

ਉਹਦੀ ਸੱਸ ਬੁੜ-ਬੁੜ ਕਰਦੀ ਆਪਣੇ ਕਮਰੇ ਵੱਲ ਚਲੀ ਗਈ।

ਸਨੇਹਾ ਪਿਆਜ਼ ਕੱਟਦੀ ਮਨ ਹੀ ਮਨ ਵਿਚ ਬੋਲੀ—ਆਹ ਖੜ੍ਹਾ ਏ ਉਹਦਾ ਘਰ। ਕਿੱਥੇ ਗਈ ਘਰ ਵਾਲੀ ?

ਉਹਦੀ ਸੱਸ ਸੁਬ੍ਹਾ ਘਰ ਦੇ ਨੇੜੇ ਹੀ ਪਾਰਕ ਵਿਚ ਸੈਰ ਕਰਨ ਜਾਂਦੀ। ਬਾਕੀ ਸਾਰਾ ਦਿਨ ਬੈਠੀ ਜਾਂ ਬੈੱਡ 'ਤੇ ਲੇਟੀ ਟੀਵੀ 'ਤੇ ਸੀਰੀਅਲ ਵੇਖਦੀ ਰਹਿੰਦੀ। ਨੱਕ ਬੁੱਲ੍ਹ ਕੱਢਦੀ ਰਹਿੰਦੀ ਜਾਂ ਆਪਣੇ ਪਤੀ ਨਾਲ ਗਿਟਮਿਟ ਕਰਦੀ ਰਹਿੰਦੀ। ਸਨੇਹਾ ਦੀਆਂ ਜਾਂ ਆਂਢ-ਗੁਆਂਢ ਵਿਚੋਂ ਕਿਸੇ ਦੀਆਂ ਬੁਰਾਈਆਂ ਕਰਦੀ ਰਹਿੰਦੀ। ਜਦੋਂ ਉਹਨੂੰ ਲੱਗਦਾ ਕਿ ਉਹਦਾ ਪਤੀ, ਪੁੱਤਰ ਜਾਂ ਨੂੰਹ ਉਹਦੇ ਵੱਲ ਘੱਟ ਧਿਆਨ ਦੇ ਰਹੇ ਹਨ ਤਾਂ ਉਹ ਸਿਰ ਦਰਦ, ਕਮਰ ਦਰਦ, ਬੀਪੀ ਜਾਂ ਸ਼ੂਗਰ ਵਧ ਜਾਣ ਜਾਂ ਕਿਸੇ ਹੋਰ ਬਿਮਾਰੀ ਦਾ ਐਲਾਨ ਕਰ ਦਿੰਦੀ। ਆਪਣੀ ਕਿਸਮਤ ਨੂੰ ਕੋਸਦੀ। ਸਨੇਹਾ ਨੂੰ ਬੁਰਾ-ਭਲਾ ਕਹਿੰਦੀ, "ਜਦੋਂ ਦੀ ਇਹ ਆਈ ਏ, ਇਹਨੇ ਪਤਾ ਨ੍ਹੀਂ ਮੇਰੇ 'ਤੇ ਕੀ ਜਾਦੂ-ਟੂਣਾ ਕੀਤਾ ਏ। ਪਹਿਲਾਂ ਮੈਂ ਚੰਗੀ-ਭਲੀ ਹੁੰਦੀ ਸੀ। ਮੇਰਾ ਕਦੇ ਸਿਰ ਵੀ ਨ੍ਹੀਂ ਦੁਖਿਆ ਸੀ।"

ਸਨੇਹਾ ਚੁੱਪ ਰਹਿੰਦੀ। ਉਹ ਜਾਣਦੀ ਸੀ ਕਿ ਉਹਦੀ ਸੱਸ ਦਾ ਇਹ ਨਾਟਕ ਬਹੁਤ ਪੁਰਾਣਾ ਹੈ। ਭਾਵੇਂ ਉਹਦਾ ਸਹੁਰਾ, ਉਹਦੀ ਸੱਸ ਅੱਗੇ ਨਹੀਂ ਸੀ ਬੋਲਦਾ ਪਰ ਇਕ ਵਾਰ ਉਹਨੇ ਆਪਣੇ ਸਹੁਰੇ ਨੂੰ ਬੁੜਬੁੜਾਉਂਦੇ ਸੁਣ ਲਿਆ ਸੀ, "ਇਹਦੀ ਸਾਰੀ ਉਮਰ ਨਿਕਲ ਗਈ ਇਹੋ ਨਾਟਕ ਕਰਦਿਆਂ।"

ਅਚਨਚੇਤ ਲਿਵਿੰਗ ਰੂਮ ਵਿਚ ਪਏ ਲੈਂਡਲਾਈਨ ਫ਼ੋਨ ਦੀ ਘੰਟੀ ਵੱਜੀ। ਕਈ ਵਾਰ ਵੱਜੀ। ਰਸੋਈ ਵਿਚ ਖੜ੍ਹੀ ਸਨੇਹਾ ਦਾ ਧਿਆਨ ਫ਼ੋਨ ਵੱਲ ਗਿਆ। ਕਰਨ ਨੇ ਫ਼ੋਨ ਚੁੱਕਿਆ ਤੇ ਗੱਲ ਕਰਨ ਲੱਗ ਪਿਆ। ਉਂਝ ਵੀ ਸਨੇਹਾ ਲੈਂਡਲਾਈਨ ਫ਼ੋਨ ਨਹੀਂ ਚੁੱਕਦੀ ਸੀ। ਇਕ ਵਾਰ ਇਸੇ ਤਰ੍ਹਾਂ ਲੈਂਡਲਾਈਨ ਫ਼ੋਨ ਦੀ ਘੰਟੀ ਕਦੋਂ ਤੋਂ ਵੱਜ ਰਹੀ ਸੀ। ਸਨੇਹਾ ਨੇ ਜਾ ਕੇ ਫ਼ੋਨ ਚੁੱਕ ਲਿਆ, "ਹੈਲੋ !...ਨਮਸਕਾਰ। ਜੀ ਉਹ ਤਾਂ ਘਰ ਨਹੀਂ।...ਮੈਂ ਸਨੇਹਾ ਬੋਲ ਰਹੀ ਹਾਂ।...ਜੀ, ਠੀਕ ਏ, ਓ.ਕੇ.।"

ਸਨੇਹਾ ਫ਼ੋਨ ਰੱਖ ਕੇ ਪਿੱਛੇ ਮੁੜੀ ਤਾਂ ਪਿੱਛੇ ਉਹਦੀ ਸੱਸ ਖੜ੍ਹੀ ਸੀ। ਉਸ ਨੇ ਪੁੱਛਿਆ" ਕਿਹਦਾ ਫ਼ੋਨ ਸੀ ?"

"ਕੋਈ ਕਰਨ ਚੌਧਰੀ ਬਾਰੇ ਪੁੱਛ ਰਿਹਾ ਸੀ।" ਸਨੇਹਾ ਨੇ ਦੱਸਿਆ।

"...ਤੇ ਤੂੰ ਅੱਗੋਂ ਇਹ ਕਿਉਂ ਕਿਹਾ ਕਿ ਮੈਂ ਸਨੇਹਾ ਬੋਲ ਰਹੀ ਹਾਂ ? ਇਹ ਕਿਉਂ ਨਹੀਂ ਕਿਹਾ ਕਿ ਮੈਂ ਮਿਸਿਜ਼ ਸਨੇਹਾ ਚੌਧਰੀ ਬੋਲ ਰਹੀ ਹਾਂ।"

"ਕੀ ਮਤਲਬ ?" ਸਨੇਹਾ ਸਮਝੀ ਨਹੀਂ ਸੀ।

"ਮਤਲਬ ਇਹ ਕਿ ਤੂੰ ਹੁਣ ਆਪਣੀ ਵੱਖਰੀ ਪਛਾਣ ਬਣਾਨਾ ਚਾਂਹਨੀ ਏਂ, ਇਸ ਘਰ ਵਿਚ, ਇਸ ਪਰਿਵਾਰ ਦਾ ਨਾਂ ਆਪਣੇ ਨਾਂ ਨਾਲੋਂ ਹਟਾ ਕੇ।...ਮੈਂ ਸਨੇਹਾ ਬੋਲ ਰਹੀ ਹਾਂ।" ਉਹ ਆਖ਼ਰੀ ਵਾਕ ਵਿਚ ਸਨੇਹਾ ਦੀ ਸਾਂਗ ਲਾ ਕੇ ਠਿੱਠ ਕਰਨ ਦੇ ਇਰਾਦੇ ਨਾਲ ਬੋਲੀ।

"ਜੇ ਮੇਰੇ ਇਸ ਤਰ੍ਹਾਂ ਬੋਲਣ ਨਾਲ ਇਸ ਘਰ ਦੀ ਪਛਾਣ ਖ਼ਤਮ ਹੁੰਦੀ ਏ ਤਾਂ ਹੁੰਦੀ ਰਹੇ।...ਮੈਂ ਤਾਂ ਸੁਭਾਵਕ ਗੱਲ ਕੀਤੀ ਸੀ। ਇਹਦੇ 'ਚ ਏਨੀ ਤਿਲਮਿਲਾਣ ਵਾਲੀ ਕੀ ਗੱਲ ਏ ?" ਸਨੇਹਾ ਹੈਰਾਨ ਹੁੰਦੀ ਬੋਲੀ।

"ਜੇ ਤੈਨੂੰ ਮਿਸਿਜ਼ ਚੌਧਰੀ ਬਣਨਾ ਪਸੰਦ ਨਹੀਂ ਤਾਂ ਫਿਰ ਸਾਡਾ ਪਿੱਛਾ ਕਿਉਂ ਨਹੀਂ ਛੱਡ ਦਿੰਦੀ ? ਲੱਗਦੈ ਮੈਨੂੰ ਫ਼ੈਸਲਾ ਕਰਨਾ ਈ ਪੈਣਾ। ਇਕ ਪਾਸਾ ਕਰ ਕੇ ਆਪਣੇ ਪੁੱਤਰ ਦਾ ਖਹਿੜਾ ਛੁਡਾਣਾ ਈ ਪੈਣੈ। ਰੋਜ਼-ਰੋਜ਼ ਦਾ ਸਿਆਪਾ ਮੁੱਕੇ ਪਰ੍ਹਾਂ। ਮੇਰੇ ਪੁੱਤਰ ਦੀ ਜ਼ਿੰਦਗੀ ਬਰਬਾਦ ਕਰਨੀ ਪਈ ਏਂ ਤੂੰ।" ਸਨੇਹਾ ਦੀ ਸੱਸ ਨੇ ਕਚੀਚੀ ਵੱਟਦਿਆਂ ਆਖਿਆ।

"ਤੇਰੇ ਪੁੱਤਰ ਦੀ ਜ਼ਿੰਦਗੀ ਮੈਂ ਬਰਬਾਦ ਕਰਨੀ ਪਈ ਆਂ ਜਾਂ ਤੂੰ...ਜਿਥੋਂ ਤਕ ਇਕ ਪਾਸਾ ਕਰਨ ਦੀ ਗੱਲ ਏ ਨਾ, ਤੂੰ ਬੁਲਾ ਲੈ ਆਪਣੇ ਰਿਸ਼ਤੇਦਾਰਾਂ ਨੂੰ ਤੇ ਮੈਂ ਵੀ ਬੁਲਾ ਲੈਨੀ ਹਾਂ। ਫਿਰ ਮੈਂ ਤੇਰੀਆਂ ਕਰਤੂਤਾਂ ਦੀ ਪੋਲ ਖੋਲ੍ਹਾਂਗੀ।" ਸਨੇਹਾ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲੀ।

"ਮੇਰੀਆਂ ਕਰਤੂਤਾਂ ! ਉਲਟਾ ਚੋਰ ਕੋਤਵਾਲ ਕੋ ਡਾਂਟੇ। ਆ ਗਈ ਕਰਤੂਤਾਂ ਦੱਸਣ ਵਾਲੀ।" ਇਹ ਕਹਿੰਦੀ ਹੋਈ ਸੱਸ ਉਥੋਂ ਖਿਸਕ ਗਈ ਕਿਉਂਕਿ ਦੋ-ਤਿੰਨ ਬੱਚੇ ਟਿਊਸ਼ਨ ਪੜ੍ਹਨ ਆ ਗਏ ਸਨ। ਜਾਂਦੀ-ਜਾਂਦੀ ਬੱਚਿਆਂ ਨੂੰ ਵੇਖ ਕੇ ਬੋਲੀ, "ਇਕ ਆਹ ਨਵਾਂ ਸਿਆਪਾ ਖੜ੍ਹਾ ਕਰ ਰੱਖਿਆ।"

ਸਨੇਹਾ ਨੇ ਘਰ ਵਿਚ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਆਂਢ-ਗਵਾਂਢ ਦੇ ਛੋਟੀਆਂ ਕਲਾਸਾਂ ਦੇ ਬੱਚੇ ਉਸ ਕੋਲ ਆਉਣ ਲੱਗੇ। ਸ਼ੁਰੂਆਤ ਉਹਨੇ ਦੋ ਬੱਚਿਆਂ ਨਾਲ ਕੀਤੀ ਸੀ। ਮਹੀਨੇ ਦੇ ਅੰਦਰ-ਅੰਦਰ ਉਸ ਕੋਲ ਅੱਠ-ਦਸ ਬੱਚੇ ਹੋ ਗਏ। ਉਹ ਸ਼ਾਮ ਨੂੰ ਢਾਈ-ਤਿੰਨ ਘੰਟੇ ਟਿਊਸ਼ਨ ਪੜ੍ਹਾਉਂਦੀ। ਉਹਦੀ ਸੱਸ ਨੂੰ ਇਹ ਵੀ ਪਸੰਦ ਨਹੀਂ ਸੀ। ਬੱਚੇ ਕਈ ਵਾਰ ਰੌਲਾ ਪਾਉਂਦੇ ਜਾਂ ਆਉਣ-ਜਾਣ ਵੇਲੇ ਫਰਸ਼ ਉੱਤੇ ਠੱਪ-ਠੱਪ ਪੈਰ ਮਾਰਦੇ ਤਾਂ ਉਹਦੀ ਸੱਸ ਬੜਾ ਭੈੜਾ ਜਿਹਾ ਮੂੰਹ ਬਣਾਉਂਦੀ, "ਇਹ ਨ੍ਹੀਂ ਮੈਨੂੰ ਆਰਾਮ ਕਰਨ ਦਿੰਦੀ। ਇਹ ਨਵਾਂ ਸਿਆਪਾ ਸ਼ੁਰੂ ਕਰ ਦਿੱਤਾ।" ਇਸ ਤੋਂ ਇਲਾਵਾ ਕਿਸੇ ਨਾ ਕਿਸੇ ਬੱਚੇ ਦੇ ਮੰਮੀ-ਪਾਪਾ ਆਏ ਰਹਿੰਦੇ। ਬੱਚੇ ਦੀ ਪੜ੍ਹਾਈ ਬਾਰੇ ਪੁੱਛਣ ਜਾਂ ਟਿਊਸ਼ਨ ਦੇ ਪੈਸੇ ਦੇਣ।

ਹੁਣ ਪਿਛਲੇ ਲਗਭਗ ਡੇਢ ਮਹੀਨੇ ਤੋਂ, ਜਦੋਂ ਤੋਂ ਸਨੇਹਾ ਦੀ ਸੱਸ ਨਹੀਂ ਰਹੀ ਸੀ। ਉਹਨੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣਾ ਬੰਦ ਕਰ ਦਿੱਤਾ। ਪ੍ਰੈਸ਼ਰ ਕੂਕਰ ਦਾ ਢੱਕਣ ਬੰਦ ਕਰਦਿਆਂ ਉਹ ਮੂੰਹ ਵਿਚ ਬੋਲੀ, "ਸਿਆਪਾ-ਸਿਆਪਾ ਕਰਦੀ ਸੀ, ਉਹਦਾ ਆਪਣਾ ਹੀ ਸਿਆਪਾ ਮੁੱਕ ਗਿਆ।"

ਇਕ ਦਿਨ ਸਨੇਹਾ ਦੀ ਸੱਸ ਦੀ ਅਚਨਚੇਤ ਤਬੀਅਤ ਖ਼ਰਾਬ ਹੋ ਗਈ। ਉਹਦੀ ਛਾਤੀ ਵਿਚ ਤੇਜ਼ ਦਰਦ ਉੱਠਿਆ। ਉਹ ਜ਼ੋਰ ਨਾਲ ਕਰਾਹੁਣ ਲੱਗੀ। ਘਰ ਵਿਚ ਸਨੇਹਾ ਤੋਂ ਬਿਨਾ ਹੋਰ ਕੋਈ ਨਹੀਂ ਸੀ। ਸਨੇਹਾ ਦੌੜ ਕੇ ਉਹਦੇ ਕਮਰੇ ਵਿਚ ਗਈ। ਸੱਸ ਛਾਤੀ 'ਤੇ ਹੱਥ ਰੱਖ ਕੇ ਦਰਦ ਨਾਲ ਤੜਫ ਰਹੀ ਸੀ। ਚਿਹਰਾ ਪੀਲਾ ਪੈ ਗਿਆ ਸੀ ਤੇ ਤ੍ਰੇਲੀਆਂ ਨਾਲ ਮੁੜ੍ਹਕੋ-ਮੁੜ੍ਹਕੀ ਹੋ ਗਿਆ ਸੀ। ਸਨੇਹਾ ਸਮਝ ਗਈ ਸੀ ਕਿ ਉਹਨੂੰ ਹਾਰਟ ਅਟੈਕ ਆਇਆ ਹੈ। ਸਨੇਹਾ ਨੇ ਝੱਟ ਦੇਣੇ ਇਕ ਗਵਾਂਢਣ ਨੂੰ ਬੁਲਾਇਆ। ਕਰਨ ਦੀ ਕਾਰ ਘਰੇ ਖੜ੍ਹੀ ਸੀ। ਸਨੇਹਾ ਨੇ ਕਾਰ ਸਟਾਰਟ ਕੀਤੀ ਅਤੇ ਉਹਨੂੰ ਕਾਰ ਵਿਚ ਬਿਠਾ ਕੇ ਹਸਪਤਾਲ ਲੈ ਗਈ। ਉਹਦੀ ਜਾਨ ਬਚ ਗਈ। ਸਨੇਹਾ ਨੇ ਫ਼ੋਨ ਕਰਕੇ ਕਰਨ ਅਤੇ ਆਪਣੇ ਸਹੁਰੇ ਨੂੰ ਸਾਰੀ ਗੱਲ ਦੱਸੀ। ਕੁਝ ਚਿਰ ਬਾਅਦ ਉਹ ਵੀ ਹਸਪਤਾਲ ਪਹੁੰਚ ਗਏ।

ਹਸਪਤਾਲ ਤੋਂ ਛੁੱਟੀ ਹੋਣ ਮਗਰੋਂ ਜਦੋਂ ਉਹ ਉਹਨੂੰ ਘਰ ਲੈ ਆਏ ਤਾਂ ਸਨੇਹਾ ਦੀ ਸੱਸ ਸਭ ਦੇ ਸਾਹਮਣੇ ਬੋਲੀ, "ਸਨੇਹਾ, ਤੂੰ ਅੱਜ ਮੇਰੀ ਜਾਨ ਬਚਾਈ ਏ, ਥੈਂਕ ਯੂ ,"

"ਸ਼ੁਕਰ ਏ ਮੰਮੀ, ਤੁਹਾਡੀ ਜਾਨ ਬਚ ਗਈ। ਜੇ ਤੁਹਾਨੂੰ ਕੁਝ ਹੋ ਜਾਂਦਾ ਤਾਂ ਇਨ੍ਹਾਂ ਲੋਕਾਂ ਨੇ ਕਹਿਣਾ ਸੀ ਕਿ ਮੈਂ

ਜਾਣ-ਬੁੱਝ ਕੇ ਤੁਹਾਨੂੰ ਮਾਰਿਆ ਏ। ਤੁਹਾਡੀ ਮੌਤ ਦਾ ਇਲਜ਼ਾਮ ਮੇਰੇ ਸਿਰ ਲੱਗਣਾ ਸੀ।'' ਸਨੇਹਾ ਬੋਲੀ।

ਫਿਰ ਉਹ ਆਪਣੇ ਪਤੀ ਅਤੇ ਸਹੁਰੇ ਨੂੰ ਆਖਣ ਲੱਗੀ, ''ਤੁਸੀਂ ਮੰਮੀ ਦੇ ਕੋਲ ਰਿਹਾ ਕਰੋ। ਧਿਆਨ ਰੱਖਿਆ ਕਰੋ। ਜੇ ਦੁਬਾਰਾ ਇਨ੍ਹਾਂ ਨੂੰ ਕੁਝ ਹੋ ਗਿਆ ਤਾਂ ਫਿਰ ਮੈਨੂੰ ਦੋਸ਼ ਨਾ ਦੇਣਾ।''

''ਸਨੇਹਾ ਤੂੰ ਪਤਾ ਏ, ਮੈਂ ਚੌਵੀ ਘੰਟੇ ਮੰਮੀ ਦੇ ਸਿਰਹਾਣੇ ਬੈਠ ਨਹੀਂ ਸਕਦਾ। ਮੈਂ ਔਫਿਸ ਵੀ ਜਾਣਾ ਹੁੰਦੈ।'' ਕਰਨ ਬੋਲਿਆ।

''ਸਨੇਹਾ ਦੇ ਹੁੰਦਿਆਂ ਮੈਨੂੰ ਕੁਝ ਨ੍ਹੀਂ ਹੁੰਦਾ। ਮੈਂ ਤਾਂ ਹੁਣ ਦਵਾਈ ਲੈਣ ਵੀ ਸਨੇਹਾ ਦੇ ਨਾਲ ਜਾਇਆ ਕਰਾਂਗੀ। ਮੇਰੇ ਤੋਂ ਨ੍ਹੀਂ ਤੁਹਾਡੀਆਂ ਪਿਓ-ਪੁੱਤਰ ਦੀਆਂ ਮਿੰਨਤਾਂ ਕਰੀਦੀਆਂ।'' ਸਨੇਹਾ ਦੀ ਸੱਸ ਬੋਲੀ।

''ਇਹ ਸਭ ਝੂਠ। ਨਾ ਮੈਂ ਨ੍ਹੀਂ ਦਵਾਈ ਦਿਵਾਣ ਜਾ ਸਕਦੀ। ਇਹ ਦੋਵੇਂ ਵਿਹਲੇ ਕੀ ਕਰਦੇ ਨੇ। ਮੈਨੂੰ ਘਰ ਦੇ ਕੰਮ ਥੋੜ੍ਹੇ ਨੇ।'' ਇਹ ਕਹਿ ਕੇ ਸਨੇਹਾ ਕਮਰੇ ਵਿਚੋਂ ਬਾਹਰ ਚਲੀ ਗਈ।

ਤਿੰਨ-ਚਾਰ ਮਹੀਨਿਆਂ ਮਗਰੋਂ ਇਕ ਰਾਤ ਸਨੇਹਾ ਦੀ ਸੱਸ ਨੂੰ ਦਿਲ ਦਾ ਦੌਰਾ ਪਿਆ। ਉਹ ਸੁੱਤੀ ਦੀ ਸੁੱਤੀ ਰਹਿ ਗਈ। ਸਭ ਨੂੰ ਉਦੋਂ ਪਤਾ ਚੱਲਿਆ, ਜਦ ਉਹ ਸੁਬ੍ਹਾ ਜਗਾਉਣ 'ਤੇ ਵੀ ਨਹੀਂ ਜਾਗੀ।

ਖਾਣਾ ਬਣਾਉਂਦਿਆਂ ਸਨੇਹਾ ਦੇ ਜ਼ਿਹਨ ਵਿਚ ਜਿਥੇ ਇਸ ਘਰ ਨਾਲ ਜੁੜੀਆਂ ਘਟਨਾਵਾਂ ਹੇਠਾਂ ਉੱਤੇ ਹੁੰਦੀਆਂ ਰਹੀਆਂ, ਉਥੇ ਉਹ ਆਪਣੇ ਫ਼ੈਸਲੇ ਨੂੰ ਵੀ ਮਨ ਵਿਚ ਦੁਹਰਾਉਂਦੀ ਰਹੀ। ਪੱਕਾ ਕਰਦੀ ਰਹੀ। ਜਦੋਂ ਦੀ ਉਹਦੀ ਸੱਸ ਮਰੀ ਸੀ, ਇਕ ਕਸ਼ਮਕਸ਼, ਇਕ ਹਲਚਲ ਉਹਦੇ ਅੰਦਰ ਚੱਲ ਰਹੀ ਸੀ। ਪਿਛਲੇ ਕੁਝ ਦਿਨਾਂ ਤੋਂ ਇਕ ਫ਼ੈਸਲੇ 'ਤੇ ਪੁੱਜਦੀ-ਪੁੱਜਦੀ ਉਹ ਪੁੱਜ ਗਈ ਸੀ। ਅੱਜ ਆਪਣਾ ਫ਼ੈਸਲਾ ਪਤੀ ਕਰਨ ਅਤੇ ਸਹੁਰੇ ਨੂੰ ਸੁਣਾ ਕੇ ਚਲੇ ਜਾਣ ਦੀ ਤਿਆਰੀ ਉਹਨੇ ਕਰ ਲਈ ਸੀ।

ਖਾਣਾ ਤਿਆਰ ਹੋ ਗਿਆ। ਸਭ ਤੋਂ ਪਹਿਲਾਂ ਉਹਨੇ ਸਮਰਿੱਧ ਨੂੰ ਖਾਣਾ ਖਵਾਇਆ। ਸਮਰਿੱਧ ਦੇ ਨਾਲ ਹੀ ਉਹਨੇ ਆਪ ਖਾ ਲਿਆ। ਫਿਰ ਕਰਨ ਅਤੇ ਆਪਣੇ ਸਹੁਰੇ ਨੂੰ ਕਹਿਣ ਲੱਗੀ, ''ਲਓ ਲੰਚ ਕਰ ਲਓ।''

ਉਹ ਸਹੁਰੇ ਦਾ ਖਾਣਾ ਹਮੇਸ਼ਾ ਦੀ ਤਰ੍ਹਾਂ ਟਰੇਅ ਵਿਚ ਰੱਖ ਕੇ ਉਹਦੇ ਕਮਰੇ ਵਿਚ ਦੇ ਆਈ। ਕਰਨ ਲਈ ਡਾਈਨਿੰਗ ਟੇਬਲ 'ਤੇ ਲਾ ਦਿੱਤਾ। ਜਦੋਂ ਉਹ ਖਾਣਾ ਖਾ ਚੁੱਕੇ ਤਾਂ ਉਹ ਬਰਤਨ ਚੁੱਕਣ ਲੱਗੀ ਕਰਨ ਨੂੰ ਬੋਲੀ, ''ਇਹ ਮੇਰੇ ਹੱਥਾਂ ਦਾ ਬਣਿਆ ਹੋਇਆ ਤੁਹਾਡੇ ਲਈ ਆਖ਼ਰੀ ਖਾਣਾ ਸੀ। ਰਾਤ ਦਾ ਖਾਣਾ ਖ਼ੁਦ ਬਣਾ ਲੈਣਾ ਜਾਂ ਬਾਹਰੋਂ ਮੰਗਵਾ ਲੈਣਾ, ਜੋ ਤੁਹਾਡੀ ਇੱਛਾ ਹੋਵੇ। ਹੁਣ ਮੇਰੀ ਕੋਈ ਜ਼ਿੰਮੇਵਾਰੀ ਨਹੀਂ।...ਮੈਂ ਜਾ ਰਹੀ ਹਾਂ।''

''ਜਾ ਰਹੀ ਏਂ ! ਕਿੱਥੇ ?...ਆਪਣੀ ਮੰਮੀ ਕੋਲ ? ਕਿੰਨੇ ਦਿਨਾਂ ਲਈ ?'' ਕਰਨ ਨੇ ਪੁੱਛਿਆ।

''ਹਮੇਸ਼ਾ ਲਈ। ਤੁਸੀਂ ਸੁਣਿਆ ਨ੍ਹੀਂ। ਮੈਂ ਕਿਹਾ ਸੀ ਇਹ ਮੇਰੇ ਹੱਥਾਂ ਦਾ ਆਖ਼ਰੀ ਖਾਣਾ ਸੀ ਤੁਹਾਡੇ ਲਈ।'' ਸਨੇਹਾ ਬੋਲਦੀ-ਬੋਲਦੀ ਕੁਝ ਤਲਖ਼ ਹੋ ਗਈ, ''ਤੁਸੀਂ ਮੈਨੂੰ ਖਾਣਾ ਬਣਾਉਣ ਵਾਸਤੇ ਹੀ ਤਾਂ ਰੱਖਿਆ ਹੋਇਆ। ਉਹਦੇ ਲਈ ਤੁਸੀਂ ਮੇਡ ਵੀ ਰੱਖ ਸਕਦੇ ਓ। ਕੋਈ ਕੁੱਕ ਰੱਖ ਸਕਦੇ ਓ।''

''ਸਨੇਹਾ ਤੂੰ ਕੀ ਕਹਿ ਰਹੀ ਏਂ ?'' ਕਰਨ ਬੋਲਿਆ। ਉਨ੍ਹਾਂ ਦੀ ਆਵਾਜ਼ ਸੁਣ ਕੇ ਸਨੇਹਾ ਦਾ ਸਹੁਰਾ ਵੀ ਲਿਵਿੰਗ ਰੂਮ ਵਿਚ ਆ ਗਿਆ।

''ਮੈਂ ਤੈਨੂੰ ਤਲਾਕ ਦੇਣ ਦਾ ਫ਼ੈਸਲਾ ਕਰ ਲਿਆ ਏ। ਜੇ ਤੂੰ ਮ੍ਯੂਚੁਅਲ ਕਨਸੈਂਟ ਨਾਲ ਦੇਣਾ ਏ ਤਾਂ ਵੀ ਠੀਕ ਏ। ਜੇ ਕੋਰਟ-ਕਚਹਿਰੀ ਧੱਕੇ ਖਾ ਕੇ ਦੇਣਾ ਏ ਤਾਂ ਵੀ ਠੀਕ ਏ। ਮੈਂ ਦੋਵੇਂ ਤਰ੍ਹਾਂ ਤਿਆਰ ਹਾਂ। ਰਹੀ ਗੱਲ ਸਮਰਿੱਧ ਦੀ। ਸਮਰਿੱਧ ਨੂੰ ਨਾਲ ਲੈ ਕੇ ਜਾ ਰਹੀ ਹਾਂ। ਜੇ ਤੂੰ ਸਮਰਿੱਧ ਨੂੰ ਆਪਣੇ ਕੋਲ ਰੱਖਣਾ ਏ ਤਾਂ ਉਹਦੇ ਲਈ ਵੀ ਤੂੰ ਕੋਰਟ 'ਚ ਕੇਸ ਫ਼ਾਈਲ ਕਰ ਸਕਨਾ ਏਂ। ਕੋਰਟ ਜੋ ਫ਼ੈਸਲਾ ਕਰੇਗੀ ਮੈਨੂੰ ਮਨਜ਼ੂਰ ਹੋਵੇਗਾ।'' ਸਨੇਹਾ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

''ਸਨੇਹਾ ਤੂੰ ਕਿਹੋ ਜਿਹੀਆਂ ਗੱਲਾਂ ਕਰਨੀ ਪਈ ਏਂ। ਤੇਰੀ ਲੜਾਈ ਤਾਂ ਮੰਮੀ ਨਾਲ ਸੀ। ਮੰਮੀ ਤਾਂ ਹੁਣ ਰਹੀ ਨਹੀਂ। ਹੁਣ ਤੈਨੂੰ ਕੀ ਪ੍ਰੋਬਲਮ ਏ ? ਜੇ ਤਲਾਕ ਲੈਣਾ ਸੀ ਤਾਂ ਉਦੋਂ ਲੈਣਾ ਸੀ, ਜਦ ਮੰਮੀ ਜਿੰਦਾ ਸੀ। ਮੈਂ ਤਾਂ ਤੈਨੂੰ ਕਦੇ ਕੁਝ ਨ੍ਹੀਂ ਕਿਹਾ।'' ਕਰਨ ਸਨੇਹਾ ਨੂੰ ਸਮਝਾ ਵੀ ਰਿਹਾ ਸੀ ਅਤੇ ਹੈਰਾਨ ਵੀ ਹੋ ਰਿਹਾ ਸੀ।

''ਇਹ ਤਾਂ ਪ੍ਰੋਬਲਮ ਏ ਤੇਰੀ। ਤੂੰ ਪੂਰਾ ਸ਼ਰਿਊਡ ਏਂ। ਤੂੰ ਮੈਨੂੰ ਕਦੇ ਕੁਝ ਨਹੀਂ ਕਿਹਾ। ਤੂੰ ਉਦੋਂ ਵੀ ਚੁੱਪ ਰਿਹਾ,

ਮਾਂ ਦਾ ਚਮਚਾ ਬਣਿਆ ਰਿਹਾ, ਜਦੋਂ ਮੈਨੂੰ ਤੇਰੀ ਸਭ ਤੋਂ ਵੱਧ ਲੋੜ ਸੀ।'' ਸਨੇਹਾ ਗੁੱਸੇ ਨਾਲ ਬੋਲ ਰਹੀ ਸੀ।

''ਸਭ ਤੋਂ ਵੱਧ ਲੋੜ ਸੀ...ਮਤਲਬ ?'' ਕਰਨ ਨੇ ਅਣਜਾਣ ਜਿਹਾ ਬਣ ਕੇ ਪੁੱਛਿਆ।

''ਮਤਲਬ ਵੀ ਦੱਸਣਾ ਪਏਗਾ ਹੁਣ !...ਤੈਨੂੰ ਯਾਦ ਏ, ਜਦੋਂ ਮੇਰੇ ਪਾਪਾ ਹੌਸਪੀਟਲ 'ਚ ਕੋਮਾ 'ਚ ਪਏ ਸੀ। ਉਹ ਜ਼ਿੰਦਗੀ ਤੇ ਮੌਤ ਵਿਚਕਾਰ ਲਟਕ ਰਹੇ ਸੀ।...ਤੇ ਤੂੰ ਮੈਨੂੰ ਹੌਸਪੀਟਲ ਦੇ ਗੇਟ 'ਤੇ ਉਤਾਰ ਕੇ ਮੁੜ ਗਿਆ ਸੀ। ਮੇਰੇ ਕਹਿਣ 'ਤੇ ਵੀ ਤੂੰ ਮੇਰੇ ਪਾਪਾ ਦਾ ਪਤਾ ਲੈਣ ਅੰਦਰ ਨਹੀਂ ਗਿਆ। ਤੇਰੀ ਮਾਂ ਨੇ ਤੈਨੂੰ ਪੱਟੀ ਪੜ੍ਹਾਈ ਸੀ...ਤੇ ਜਦੋਂ ਤੇਰੀ ਮਾਂ ਨੇ ਮੈਨੂੰ ਹੌਸਪੀਟਲ ਜਾਂਦੀ ਨੂੰ ਕਿਹਾ ਸੀ, ਮੇਰੇ ਤੋਂ ਨ੍ਹੀਂ ਤੇਰੇ ਪੁੱਤ ਦਾ ਸਿਆਪਾ ਹੁੰਦਾ ਰੋਜ਼-ਰੋਜ਼।...ਮੈਂ ਤੈਨੂੰ ਦੱਸਿਆ ਤੇ ਤੂੰ ਅੱਗੋਂ ਬੋਲਿਆ ਸੀ ਕਿ ਤੈਨੂੰ ਮੰਮੀ ਦੀ ਪਰਮਿਸ਼ਨ ਲੈ ਕੇ ਜਾਣਾ ਚਾਹੀਦਾ ਸੀ।...ਅਜੇ ਤੂੰ ਮੈਨੂੰ ਕਦੇ ਕੁਝ ਕਿਹਾ ਈ ਨਹੀਂ। ਬਿਨਾਂ ਕਹੇ ਤੂੰ ਮੈਨੂੰ ਏਨਾ ਟਾਰਚਰ ਕੀਤਾ। ਜੇ ਕੁਝ ਕਹਿੰਦਾ ਤਾਂ ਪਤਾ ਨ੍ਹੀਂ ਕੀ ਕਰਦਾ ?...ਇਕ ਵਾਰ ਮਾਂ ਨੇ ਬਿਮਾਰੀ ਦੇ ਬਹਾਨੇ ਨਾਲ ਮੇਰੇ ਕੋਲ ਸੌਣ ਤੋਂ ਹਟਾ ਦਿੱਤਾ ਤੇ ਤੂੰ ਹਮੇਸ਼ਾ-ਹਮੇਸ਼ਾ ਲਈ ਇਸ ਲਿਵਿੰਗ ਰੂਮ 'ਚ ਸੌਣ ਲੱਗ ਪਿਆ। ਤੂੰ ਉਸ ਮਾਂ ਦਾ ਚਮਚਾ ਬਣਿਆ ਰਿਹਾ, ਜੋ ਆਪਣੇ ਪੁੱਤਰ ਦੀ ਖ਼ੁਸ਼ੀ ਬਰਦਾਸ਼ਤ ਨ੍ਹੀਂ ਕਰ ਸਕੀ। ਉਹਦਾ ਹਸਬੈਂਡ ਉਹਦੇ ਕੋਲ ਨਹੀਂ ਸੌਂਦਾ ਸੀ ਤਾਂ ਉਹਦਾ ਬਦਲਾ ਉਹਨੇ ਆਪਣੇ ਪੁੱਤਰ ਨੂੰ ਨੂੰਹ ਤੋਂ ਦੂਰ ਕਰ ਕੇ ਲੈ ਲਿਆ। ਤੈਨੂੰ ਆਪਣੀ ਵਾਈਫ਼ ਕੋਲ ਸੌਣ ਤੋਂ ਹਟਾ ਦਿੱਤਾ।'' ਸਨੇਹਾ ਗੁੱਸੇ ਵਿਚ ਬੋਲ ਰਹੀ ਸੀ।

ਇਹ ਸੁਣ ਕੇ ਉਹਦੇ ਸਹੁਰੇ ਨੇ ਵੀ ਨੀਵੀਂ ਪਾ ਲਈ। ਉਹਨੇ ਪਲ ਭਰ ਲਈ ਕੁਝ ਸੋਚਿਆ। ਜਿਵੇਂ ਉਹ ਕਿਸੇ ਦੁਚਿੱਤੀ ਵਿਚ ਹੋਵੇ। ਫਿਰ ਖੰਘੂਰਾ ਮਾਰ ਕੇ ਗਲਾ ਸਾਫ਼ ਕਰਦਾ ਬੋਲਿਆ, ''ਬੇਟੀ ! ਮੈਂ ਤੈਨੂੰ ਅੱਜ ਇਹ ਵੀ ਦੱਸ ਦਿਆਂ ਕਿ ਮੈਂ ਕਿਉਂ ਨ੍ਹੀਂ ਉਹਦੇ ਕੋਲ ਸੌਂਦਾ ਸੀ। ਪੁਰਾਣੀ ਗੱਲ ਐ ! ਤਕਰੀਬਨ ਵੀਹ ਸਾਲ ਹੋ ਗਏ। ਇਕ ਰਾਤ ਮੇਰੀ ਤੇ ਉਹਦੀ ਤੂੰ-ਤੂੰ, ਮੈਂ-ਮੈਂ ਹੋ ਗਈ। ਫਿਰ ਉਹ ਐਨੀ ਭੜਕ ਉੱਠੀ ਕਿ ਉਹਨੇ ਅੱਧੀ ਰਾਤ ਨੂੰ ਮੈਨੂੰ ਧੱਕੇ ਮਾਰ ਕੇ ਕਮਰੇ 'ਚੋਂ ਬਾਹਰ ਕੱਢ 'ਤਾ ਤੇ ਅੰਦਰੋਂ ਕੁੰਡੀ ਲਾ ਲਈ। ਬਾਅਦ 'ਚ ਮੈਂ ਬੂਹਾ ਖੜਕਾਇਆ।...ਕੁਝ ਦੇਰ ਖੜਕਾਉਂਦਾ ਰਿਹਾ, ਪਰ ਉਹਨੇ ਬੂਹਾ ਨਾ ਖੋਲ੍ਹਿਆ। ਫਿਰ ਮੈਂ ਫ਼ੈਸਲਾ ਕੀਤਾ ਕਿ ਮੈਂ ਕਦੇ ਵੀ ਉਹਦੇ ਕਮਰੇ 'ਚ ਨਹੀਂ ਸੌਂਵਾਂਗਾ। ਮੈਂ ਜਾ ਕੇ ਦੂਜੇ ਕਮਰੇ 'ਚ ਸੌਂ ਗਿਆ। ਉਸ ਤੋਂ ਦੋ ਕੁ ਦਿਨ ਬਾਅਦ ਫਿਰ ਸ਼ੁਰੂ ਹੋ ਗਏ ਉਹਦੇ ਬਿਮਾਰ ਹੋਣ ਦੇ ਬਹਾਨੇ ਤੇ ਡਰਾਮੇ ਤਾਂ ਜੋ ਮੈਂ ਉਹਦੇ ਕੋਲ ਚਲਾ ਜਾਵਾਂ। ਮੈਂ ਦਿਨ ਵੇਲੇ ਤਾਂ ਉਹਦੇ ਕੋਲ ਜਾਣ ਲੱਗ ਪਿਆ। ਹਾਲ-ਚਾਲ ਵੀ ਪੁੱਛਣ ਲੱਗਾ। ਪਰ ਰਾਤ ਨੂੰ ਕਦੇ ਨਾ ਪਿਆ ਉਹਦੇ ਕੋਲ। ਉਹਦੇ 'ਚ ਬਹੁਤ ਈਗੋ ਸੀ। ਨਾ ਉਹਨੇ ਮੇਰੇ ਤੋਂ ਮਾਫ਼ੀ ਮੰਗੀ...ਤੇ ਨਾ ਹੀ ਮੈਂ ਉਹਦੇ ਕੋਲ ਸੁੱਤਾ। ਮੇਰਾ ਘਰ ਨਾਲ ਕੋਈ ਲਗਾਅ ਨਾ ਰਿਹਾ। ਮੈਂ ਆਪਣਾ ਧਿਆਨ ਪੂਜਾ-ਪਾਠ ਵਾਲੇ ਪਾਸੇ ਲਾ ਲਿਆ। ਮੈਂ ਸਿਰਫ਼ ਬੇਟੇ ਕਰਨ ਦਾ ਕਰਕੇ ਇਸ ਘਰ ਨਾਲ ਜੁੜਿਆ ਰਿਹਾ।। ਕਰਨ ਦੀ ਖ਼ੁਸ਼ੀ ਲਈ ਹੀ ਮੈਂ ਤੇਰਾ ਰਿਸ਼ਤਾ ਮੰਗਣ ਲਈ ਤੇਰੇ ਮੰਮੀ-ਪਾਪਾ ਕੋਲ ਵੀ ਗਿਆ। ਉਹ ਵੀ ਗਈ ਸੀ।...ਪਰ ਮੈਨੂੰ ਪਤਾ ਸੀ ਉਹ ਤੁਹਾਡੀ ਜ਼ਿੰਦਗੀ 'ਚ ਜ਼ਿਆਦਾ ਦੇਰ ਖ਼ੁਸ਼ੀਆਂ ਨਹੀਂ ਰਹਿਣ ਦੇਵੇਗੀ। ਮੈਂ ਚੁੱਪ ਰਹਿੰਦਾ ਸਾਂ। ਜਾਣਦਾ ਸਾਂ, ਉਹ ਸਮਝੇਗੀ ਨਹੀਂ। ਮੇਰੇ ਬੋਲਣ ਨਾਲ ਘਰ ਵਿਚ ਲੜਾਈ ਹੋਰ ਵਧੇਗੀ। ਲੋਕ ਤਮਾਸ਼ਾ ਵੇਖਣਗੇ। ਘਰ ਦੀ ਸ਼ਾਂਤੀ ਪੂਰੀ ਤਰ੍ਹਾਂ ਤਬਾਹ ਹੋ ਜਾਵੇਗੀ।''

''...ਤੇ ਸਮਰਿੱਧ, ਉਸ ਮਾਸੂਮ ਦਾ ਕੀ ਕਸੂਰ ਸੀ ? ਤੁਸੀਂ ਕਿਸੇ ਨੇ ਵੀ ਉਹਨੂੰ ਕਦੇ ਆਪਣਾ ਨ੍ਹੀਂ ਸਮਝਿਆ ?'' ਸਨੇਹਾ ਨੇ ਸਹੁਰੇ ਨੂੰ ਪੁੱਛਿਆ।

''ਉਹ ਤਾਂ ਨਿਰਮੋਹੀ ਸੀ। ਉਹਨੂੰ ਤਾਂ ਆਪਣੇ ਬੇਟੇ ਕਰਨ ਨਾਲ ਵੀ ਬਹੁਤਾ ਮੋਹ ਨਹੀਂ ਸੀ। ਪਰ ਉਹ ਚਾਹੁੰਦੀ ਸੀ ਕਰਨ ਤੇ ਮੈਂ ਉਹਦੀ ਮੁੱਠੀ 'ਚ ਰਹੀਏ।...ਤੇ ਰਹੀ ਮੇਰੀ ਗੱਲ, ਜਦੋਂ ਬੰਦੇ ਨੂੰ ਘਰ ਨਾਲ ਹੀ ਲਗਾਅ ਨਾ ਰਹੇ ਤਾਂ ਪੋਤਰੇ ਨਾਲ ਕੀ ਲਗਾਅ ਹੋ ਸਕਦੈ।'' ਸਹੁਰਾ ਨੀਵੀਂ ਪਾ ਕੇ ਗੰਭੀਰਤਾ ਨਾਲ ਬੋਲਿਆ।

''ਤੁਸੀਂ ਸਾਰੇ ਈਗੋ ਦੇ ਮਾਰੇ ਆਪਣੇ-ਆਪਣੇ ਦਾਇਰਿਆਂ 'ਚ ਸਿਮਟ ਗਏ...ਤੇ ਮੇਰਾ ਵੀ ਦਾਇਰਾ ਕਿਚਨ ਨੂੰ ਬਣਾ ਦਿੱਤਾ। ਇਹ ਘਰ ਏ ਕਿ ਪਾਗ਼ਲਖਾਨਾ। ਮੈਂ ਇਥੇ ਹੋਰ ਨ੍ਹੀਂ ਰਹਿਣਾ। ਮੈਂ ਜਾ ਰਹੀ ਹਾਂ।'' ਸਨੇਹਾ ਨੇ ਆਪਣੇ ਫ਼ੈਸਲਾ ਦ੍ਰਿੜ੍ਹਤਾ ਨਾਲ ਦੁਹਰਾਇਆ।

ਕਰਨ ਬੋਲਿਆ, ''ਜੇ ਬੁਰਾ ਕੀਤਾ ਤੇਰੇ ਨਾਲ, ਉਹ ਮੰਮੀ ਨੇ ਕੀਤਾ ਨਾ। ਇਸੇ ਲਈ ਤਾਂ ਮੈਂ ਕਹਿ ਰਿਹਾ ਹਾਂ ਕਿ ਹੁਣ ਮੰਮੀ ਰਹੀ ਨ੍ਹੀਂ, ਹੁਣ ਕੌਣ ਏ ਤੇਰਾ ਬੁਰਾ ਕਰਨ ਵਾਲਾ ?...ਜੇ ਤਲਾਕ ਲੈਣਾ ਸੀ ਤਾਂ ਉਸ ਵਕਤ ਕਿਉਂ ਨ੍ਹੀਂ

ਲਿਆ ?''

ਸਨੇਹਾ ਨੇ ਜਵਾਬ ਦਿੱਤਾ, ''ਉਸ ਵਕਤ ਮੈਂ ਤਲਾਕ ਇਸ ਕਰਕੇ ਨਹੀਂ ਲਿਆ ਕਿ ਤੇਰੀ ਮਾਂ ਜੋ ਚਾਂਹਦੀ ਸੀ ਕਿ ਮੈਂ ਤਲਾਕ ਲੈ ਲਵਾਂ। ਘਰ ਛੱਡ ਕੇ ਚਲੀ ਜਾਵਾਂ। ਮੈਨੂੰ ਸਮਝ ਕੀ ਛੱਡਿਆ ਸੀ ਉਹਨੇ। ਇਕ ਖਿਡੌਣਾ। ਉਹਦੇ ਬੱਚੇ ਨੂੰ ਖਿਡੌਣਾ ਪਸੰਦ ਆ ਗਿਆ ਤਾਂ ਉਹਦੀ ਜ਼ਿੱਦ ਪੂਰੀ ਕਰਨ ਲਈ ਖਿਡੌਣਾ ਉਹਨੂੰ ਲੈ ਦਿੱਤਾ। ਉਹਦੇ ਨਾਲ ਖੇਡ ਕੇ ਮਨ ਭਰ ਗਿਆ ਤਾਂ ਉਹਨੂੰ ਤੋੜ-ਮਰੋੜ ਕੇ ਬਾਹਰ ਸੁੱਟ ਦਿਓ। ਪਹਿਲਾਂ ਤੁਸੀਂ ਆਪ ਮਿੰਨਤਾਂ ਕਰ-ਕਰ ਕੇ ਮੇਰਾ ਰਿਸ਼ਤਾ ਲਿਆ ਕਿਉਂਕਿ ਮੈਂ ਤੈਨੂੰ ਪਸੰਦ ਆ ਗਈ ਸੀ ਨਾ। ਮੈਂ ਏਨੀ ਵੀ ਗਈ-ਗੁਜ਼ਰੀ ਨਹੀਂ ਸੀ, ਬੁਜ਼ਦਿਲ ਨਹੀਂ ਸੀ ਕਿ ਇਕ ਬੇਵਕੂਫ਼, ਝੂਠੀ ਮੱਕਾਰ, ਗੱਲ-ਗੱਲ 'ਤੇ ਬਿਮਾਰੀ ਦਾ ਪਾਖੰਡ ਕਰਨ ਵਾਲੀ ਬੁੱਢੀ ਦੇ ਕਹਿਣ 'ਤੇ ਘਰ ਛੱਡ ਕੇ ਚਲੀ ਜਾਂਦੀ।...ਤੇ ਫਿਰ ਉਹ ਤੇਰੀ ਦੂਜੀ ਸ਼ਾਦੀ ਕਰ ਕੇ ਕਿਸੇ ਹੋਰ ਦੀ ਬੇਟੀ ਦੀ ਜ਼ਿੰਦਗੀ ਬਰਬਾਦ ਕਰਦੀ।''

ਹੁਣ ਸਨੇਹਾ ਦਾ ਸਹੁਰਾ ਬੋਲਿਆ, ''ਦੇਖ ਸਨੇਹਾ ਬੇਟੀ, ਹੁਣ ਤਾਂ ਉਹ ਬੁੱਢੀ ਨਹੀਂ ਰਹੀ। ਉਹ ਤਾਂ ਸੀ ਇਹੋ-ਜਿਹੀ। ਹੁਣ ਤਾਂ ਤੂੰ ਇਸ ਘਰ ਦੀ ਮਾਲਕਣ ਏਂ ਇਕੱਲੀ। ਹੁਣ ਤਲਾਕ ਦੀਆਂ ਗੱਲਾਂ ਕਿਉਂ ?''

''ਮੈਨੂੰ ਇਸ ਘਰ ਦੀ ਮਾਲਕਣ ਬਣਨ ਦਾ ਕੋਈ ਸ਼ੌਕ ਨਹੀਂ । ਮੈਂ ਤਾਂ ਆਪਣੇ-ਆਪ ਦੀ ਮਾਲਕਣ ਬਣਨਾ ਚਾਂਹਦੀ ਹਾਂ। ਮੇਰੀ ਲੜਾਈ ਕੋਈ ਘਰ ਦੀ ਮਾਲਕਣ ਬਣਨ ਖ਼ਾਤਰ ਨਹੀਂ ਸੀ।...ਉਹਨੇ ਵੀ ਮੈਨੂੰ ਇਹੀ ਕਿਹਾ ਸੀ ਕਿ ਤੂੰ ਸਾਨੂੰ ਮਾਰ ਕੇ ਘਰ ਦੀ ਮਾਲਕਣ ਬਣਨਾ ਚਾਂਹਦੀ ਏ।...ਮੇਰੇ ਲਈ ਇਹ ਘਰ ਤੇ ਤੁਸੀਂ ਪਹਿਲਾਂ ਵੀ ਅਜਨਬੀ ਸੀ ਤੇ ਹੁਣ ਵੀ।...ਤੇ ਤੁਹਾਨੂੰ ਵੀ ਮਾਲਕਣ ਦੀ ਨਹੀਂ, ਨੌਕਰਾਣੀ ਦੀ ਲੋੜ ਏ। ਨਾਲੇ ਮੇਰੀ ਆਪਣੀ ਮੰਮੀ ਵੀ ਹੁਣ ਏਜ਼ਡ ਹੁੰਦੀ ਜਾਂਦੀ ਏ। ਮੈਂ ਉਹਦੀ ਕੇਅਰ ਕਰਾਂਗੀ। ਯੂ ਪੀਪਲ ਗੋ ਟੂ ਹੈੱਲ।'' ਸਨੇਹਾ ਨੇ ਦ੍ਰਿੜ੍ਹਤਾ ਨਾਲ ਕਿਹਾ।

ਕਰਨ ਕਹਿਣ ਲੱਗਿਆ, ''ਤੂੰ ਆਪਣੀ ਮੰਮੀ ਦੀ ਦੇਖਭਾਲ ਕਰਨ ਲਈ ਡਿਵੋਰਸ ਲੈ ਰਹੀ ਏਂ। ਮੰਮੀ ਦੀ ਦੇਖਭਾਲ ਆਪਾਂ ਮਿਲਜੁਲ ਕੇ ਕਰਾਂਗੇ। ਆਫ਼ਟਰ ਆਲ ਉਹ ਮੇਰੇ ਲਈ ਵੀ ਮਾਂ ਸਮਾਨ ਏ।''

''ਰਹਿਣ ਦੇ, ਰਹਿਣ ਦੇ, ਤੂੰ ਮੇਰੀ ਮੰਮੀ ਦੀ ਦੇਖਭਾਲ ਕਰੇਂਗਾ। ਯੂ ਸ਼ਟਅਪ ! ਸ਼ਰਮ ਨ੍ਹੀਂ ਆਉਂਦੀ ਤੈਨੂੰ ਇਹ ਕਹਿੰਦੇ ਹੋਏ।'' ਸਨੇਹਾ ਦੇ ਇਹ ਤੇਵਰ ਵੇਖ ਕੇ ਕਰਨ ਚੁੱਪ ਕਰ ਗਿਆ।

ਸਨੇਹਾ ਨੇ ਮੋਬਾਇਲ 'ਤੇ ਔਨਲਾਈਨ ਕੈਬ ਬੁਲਾ ਲਈ।

''ਮੈਂ ਜਾ ਰਹੀ ਹਾਂ। ਡਿਵੋਰਸ ਦੇ ਪੇਪਰ ਮੈਂ ਭਿਜਵਾ ਦਿਆਂਗੀ। ਮੈਨੂੰ ਤੇਰਾ ਮਕਾਨ, ਪ੍ਰਾਪਰਟੀ ਕੁਝ ਨ੍ਹੀਂ ਚਾਹੀਦਾ। ਮੈਂ ਆਪਣੇ ਗੁਜ਼ਾਰੇ ਲਈ ਇੰਗਲਿਸ਼ ਸਪੀਕਿੰਗ ਅਕੈਡਮੀ ਖੋਲ੍ਹਾਂਗੀ। ਬੇਟੇ ਲਈ ਖ਼ਰਚਾ...ਮੈਂਟੇਨੈਂਸ ਦੇਵੇਂਗਾ ਤਾਂ ਕਦੇ-ਕਦੇ ਬੇਟੇ ਨੂੰ ਮਿਲ ਵੀ ਸਕਨਾ ਏਂ। ਜੇ ਪੇਪਰ ਸਾਈਨ ਨਹੀਂ ਕਰੇਂਗਾ ਤਾਂ ਮੈਂ ਕੋਰਟ 'ਚ ਖਿੱਚਾਂਗੀ ਤੈਨੂੰ।...ਤਲਾਕ ਮੈਂ ਲੈ ਕੇ ਰਹਾਂਗੀ।'' ਸਨੇਹਾ ਨੇ ਜ਼ੋਰ ਦੇ ਕੇ ਆਖਿਆ।

ਦਰਵਾਜ਼ੇ 'ਤੇ ਕੈਬ ਪਹੁੰਚ ਗਈ ਸੀ। ਸਨੇਹਾ ਆਪਣੇ ਬੈੱਡਰੂਮ ਵਿਚ ਗਈ। ਸਮਰਿੱਧ ਟੀਵੀ 'ਤੇ ਕਾਰਟੂਨ ਵੇਖ ਰਿਹਾ ਸੀ। ਟੀਵੀ ਬੰਦ ਕੀਤਾ। ਚੱਪਲਾਂ ਲਾਹ ਕੇ ਸਨੇਹਾ ਨੇ ਸੈਂਡਲ ਪਾ ਲਏ ਤੇ ਸਮਰਿੱਧ ਨੇ ਬੂਟ। ਚੱਪਲਾਂ ਜੁੱਤਿਆਂ ਵਾਲੇ ਲਿਫ਼ਾਫ਼ੇ ਵਿਚ ਪਾ ਲਈਆਂ। ਸਮਰਿੱਧ ਨੇ ਮੋਢਿਆਂ 'ਤੇ ਸਕੂਲ ਬੈਗ ਅਤੇ ਹੱਥ ਵਿਚ ਕਿਤਾਬਾਂ ਵਾਲਾ ਲਿਫ਼ਾਫ਼ਾ ਚੁੱਕ ਲਿਆ। ਸਨੇਹਾ ਨੇ ਬੈਗ ਚੁੱਕ ਕੇ ਮੋਢੇ 'ਤੇ ਲਟਕਾਇਆ। ਇਕ ਹੱਥ ਵਿਚ ਜੁੱਤਿਆਂ ਵਾਲਾ ਲਿਫ਼ਾਫ਼ਾ ਚੁੱਕਿਆ। ਦੂਜੇ ਹੱਥ ਵਿਚ ਸੂਟਕੇਸ ਦਾ ਹੈਂਡਲ ਫੜ ਕੇ ਰੇੜ੍ਹਣ ਲੱਗੀ। ਤੇਜ਼ ਕਦਮਾਂ ਨਾਲ ਚਲਦੀ ਹੋਈ ਮੇਨ ਗੇਟ ਤੋਂ ਬਾਹਰ ਨਿਕਲ ਗਈ। ਸਮਾਨ ਕੈਬ ਵਿਚ ਰੱਖਿਆ। ਸਮਰਿੱਧ ਨੂੰ ਕੈਬ ਵਿਚ ਬਿਠਾਇਆ ਤੇ ਫਿਰ ਆਪ ਬੈਠੀ।...ਤੇ ਉਹ ਚਲੀ ਗਈ।

ਕਰਨ ਅਤੇ ਕਰਨ ਦਾ ਬਾਪ ਜਾਂਦੀ ਹੋਈ ਕੈਬ ਨੂੰ ਵੇਖਦੇ ਰਹਿ ਗਏ...ਪਰ ਸਨੇਹਾ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਵ

ਸੰਪਰਕ : 98181 59422



**ਬਲਵਿੰਦਰ ਸਿੰਘ ਬਰਾੜ**



# 1947 ਦੇ ਝਰੋਖੇ ਵਿਚੋਂ

*-ਕਿਰਪਾਲ ਸਿੰਘ ਹੀਰਾ*

(ਅਸੀਂ ਬਾਰ ਬਾਰ '47 ਦੀ ਗੱਲ ਕਿਉਂ ਕਰਦੇ ਆਂ ? ਇਸ ਦਾ ਉੱਤਰ ਪਾਠਕ ਆਪ ਜਾਣਦੇ ਹੋਣਗੇ। ਸੋ ਇਹ ਗੱਲ ਉਨ੍ਹਾਂ ਉੱਤੇ ਈ ਛੱਡ ਦੇਣੀ ਠੀਕ ਰਹੇਗੀ। (ਇਹ ਪ੍ਰੋਜੈਕਟ ਕੋਈ ਮਹਾਨ ਖੋਜ ਨਹੀਂ ਹੈ। ਬਸ ਇਕ ਹੰਭਲਾ ਹੈ, ਇਕ ਕੋਸ਼ਿਸ਼ ਹੈ। ਪਾਠਕ ਸਾਡੀ ਕੋਸ਼ਿਸ਼ ਦੀਆਂ ਖਾਮੀਆਂ ਲਈ ਤੇ ਮੇਰੀ ਅਨੁਭਵਹੀਣਤਾ ਲਈ, ਮੈਨੂੰ ਖਿਮਾ ਕਰਨਗੇ। ਸਾਡਾ ਉਦੇਸ਼ ਕਿਸੇ ਦੀਆਂ ਮਾਨਸਿਕ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਣਾ ਨਹੀਂ ਹੈ। ਇਸ ਲੇਖ ਵਿਚ ਮੁੱਖ ਖੋਜ ਦੇ ਕੁਝ ਹੀ ਅੰਸ਼ ਦਿੱਤੇ ਜਾ ਰਹੇ ਹਨ। ਕਤਲੋਗਾਰਤ, ਲੁੱਟ-ਮਾਰ, ਅੱਗਜ਼ਨੀ ਅਰਥਾਤ ਹਿੰਸਾ ਦੇ ਅੰਸ਼ ਇਸ ਲੇਖ ਵਿਚ ਨਹੀਂ ਦਿੱਤੇ ਜਾ ਰਹੇ। ਕਿਉਂਕਿ ਸਾਡੀ ਖੋਜ ਦਾ ਮੁੱਖ ਉਦੇਸ਼ '47 ਜੇਹੇ ਮਹਾਂ-ਤਾਂਡਵ ਦੌਰਾਨ ਮਨੁੱਖਤਾ, ਭਾਈਚਾਰੇ, ਮੁਹੱਬਤ ਦੇ ਅੰਸ਼ਾਂ ਦਾ ਤੀਰਥ ਕਰਨਾ ਹੈ। ਆਪਣੀਆਂ ਜੜ੍ਹਾਂ ਤੋਂ ਟੁੱਟੇ ਪੰਜਾਬ ਤੇ ਪੰਜਾਬੀਅਤ ਨੂੰ 70 ਸਾਲਾਂ ਦੌਰਾਨ ਮੁੜ ਪੁੰਗਰਦੇ ਦੇਖਣ ਦੀ ਯਾਤਰਾ ਕਰਨਾ ਸਾਡਾ ਮਨੋਰਥ ਹੈ। ਇਹ ਖੋਜ ਸਮਰਪਿਤ ਹੈ ਉਨ੍ਹਾਂ ਲੱਖਾਂ ਪੰਜਾਬੀਆਂ ਨੂੰ ਜਿਨ੍ਹਾਂ ਨੇ ਆਪਣੇ ਖ਼ੂਨ-ਪਸੀਨੇ ਨਾਲ ਪੰਜਾਬ ਤੇ ਪੰਜਾਬੀ-ਸੰਸਕ੍ਰਿਤੀ ਨੂੰ ਬਣਾਇਆ, ਉਸਾਰਿਆ ਤੇ ਸਾਡੇ ਤੱਕ ਪਹੁੰਚਾਇਆ। ਮਜ਼ਹਬੀ ਨੁਕਤਾਚੀਨੀਆਂ ਦੀ ਜਗ੍ਹਾ, ਪੰਜਾਬੀ ਬੰਦੇ ਦੀ ਗੱਲ ਹੋ ਸਕੇ, ਜੋ ਇਸ ਸੰਸਕ੍ਰਿਤ ਦਾ ਸਿਰਜਕ ਹੈ, ਇਸ ਧਰਤੀ ਦਾ ਮਾਲਕ ਹੈ, ਜਿਸ ਨੇ ਇਥੋਂ ਦੀ ਧਰਤੀ ਨੂੰ ਅਰਸਿਆਂ ਤੋਂ ਸਿੰਝਿਆ, ਸੰਵਾਰਿਆ ਹੈ। '47 ਬਾਰੇ ਅਸਲ ਖੋਜ ਹੋਣੀ, ਅਸਲ ਸਾਹਿਤ ਰਚਨਾ ਕਰਨੀ ਅਤੇ ਅਸਲ ਫ਼ਿਲਮਾਂ ਬਣਨੀਆਂ ਹਾਲੇ ਬਾਕੀ ਹਨ।)

***ਡਾ. ਵਰਿੰਦਰ ਕਾਲਰਾ ਦੇ ਤਪ ਦਾ ਫਲ :***

ਡਾ. ਕਾਲਰਾ ਤੇ ਉਨ੍ਹਾਂ ਦੀ ਬੀਵੀ, ਨਵਤੇਜ ਪੁਰੇਵਾਲ, ਦੋਨੋਂ ਹੀ ਯੂਨੀਵਰਸਿਟੀ ਆਫ਼ ਮੈਨਚੇਸਟਰ, ਯੂ.ਕੇ. 'ਚ ਸਮਾਜ ਸ਼ਾਸਤਰ ਦੇ ਅਧਿਆਪਕ ਸਨ। ਸੰਨ 2007-08 ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨਾਲ ਕਈ ਪ੍ਰੋਜੈਕਟਾਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਨਵਤੇਜ ਦੇ ਪ੍ਰੋਜੈਕਟ, ਭਾਈ ਗੁਲਾਬ ਮੁਹੰਮਦ ਚਾਂਦ ਜੀ ਦੇ ਕੀਰਤਨ ਸੰਚਾਰ ਦੀ ਸੀ.ਡੀ. 'ਮਿੱਤਰ ਪਿਆਰੇ ਨੂੰ' ਤਿਆਰ ਕਰਨਾ ਅਤੇ ਪੰਜਾਬ ਲੋਕ ਲਹਿਰ, ਲਾਹੌਰ ਤੋਂ ਅੰਗਰੇਜ਼ੀ ਭਾਸ਼ਾ 'ਚ ਛਪੀ ਡਾ. ਕਾਲਰਾ ਦੀ ਕਿਤਾਬ 'ਪੰਜਾਬੀ ਮੌਸੀਕੀ ਦੇ ਰੂਹਾਨੀ ਅੰਗ-ਸੰਗ' ਕੁਝ ਵੱਡੇ ਪ੍ਰੋਜੈਕਟ

ਅਸੀਂ ਰਲ ਕੇ ਕੀਤੇ। ਅੱਜ ਕੱਲ੍ਹ ਡਾ. ਕਾਲਰਾ ਵਰਵਿਕ ਯੂਨੀਵਰਸਿਟੀ ਇੰਗਲੈਂਡ ’ਚ ਹਨ। 1947 ਦੀ ਵੰਡ ਦੇ 70 ਸਾਲ ਬਾਅਦ ਕੀਤਾ ਇਹ ਪ੍ਰੋਜੈਕਟ ਉਨ੍ਹਾਂ ਦੀ ਦਿਲੀ ਤਾਂਘ ਤੇ ਤਪ ਦਾ ਫਲ ਹੈ। ਜਿਸ ਦੀਆਂ ਜੜ੍ਹਾਂ ਉਨ੍ਹਾਂ ਦੇ ਸਵਰਗਵਾਸੀ ਪਿਤਾ, ਸਰਦਾਰ ਸੁਰਜੀਤ ਸਿੰਘ ਕਾਲਰਾ ਨੇ ’47 ਨੂੰ ਅੱਖੀਂ ਡਿੱਠਾ ਹੰਢਾਇਆ ਤੇ ਜੀਵਿਆ। ਉਹ ਆਪਣੀ ਜਨਮ-ਭੋਇੰ ਦੇ ਕੋਲ ਹੋ ਕੇ ਵੀ ਉਸ ਨੂੰ ਦੇਖਣ, ਚੁੰਮਣ ਤੇ ਸਪਰਸ਼ ਕਰਨ ਦਾ ਸੁਭਾਗ ਪ੍ਰਾਪਤ ਨਾ ਕਰ ਸਕੇ। ਡਾ. ਵਰਿੰਦਰ ਦੂਜੀ ਪੀੜ੍ਹੀ ਦੇ ਗੋਤਾਖੋਰ ਹਨ ਪਰ ’47 ਦਾ ਅਸਰ ਤੀਜੀ ਪੀੜ੍ਹੀ ’ਤੇ ਵੀ ਹੈ। ਤੀਜੀ ਪੀੜ੍ਹੀ ਦੇ ਅਵਚੇਤਨ ਅੰਦਰ ਵੀ ’47 ਦਾ ਧੂੰਆਂ ਧੁਖ ਰਿਹਾ ਹੈ।

***ਪਹਿਲਾ ਸ਼ੁਭ ਸੰਕੇਤ***

ਇਸ ਪ੍ਰੋਜੈਕਟ ਦੀ ਵਿਉਂਤ, ਲਾਹੌਰ ਵਿਖੇ ਨਜਮ ਹੁਸੈਨ ਸੱਯਦ ਦੀ ਬੈਠਕ ‘ਸੰਗਤ’ ਵਿਖੇ ਘੜੀ ਗਈ, ਜਿਸ ਉੱਤੇ ਪਾਣ ਡਾ. ਬੀ.ਐੱਸ. ਰਤਨ ਤੇ ਰਮਾ ਰਤਨ ਦੇ ਵਿਹੜੇ ‘ਸਾਰੰਗ ਲੋਕ’ ਵਿਚ ਚੜ੍ਹਾਈ ਗਈ। 18 ਮਾਰਚ 2018 ਨੂੰ ਐਤਵਾਰ ਵਾਲੇ ਦਿਹਾੜੇ, ਸਾਰੰਗ ਲੋਕ ’ਚ ਗਿਣਤੀ ਦੇ ਸਰੋਤੇ ਹਾਜ਼ਰ ਸਨ, ਜਿਥੇ ਇਸ ਪ੍ਰੋਜੈਕਟ ਦਾ ਜੋ ਨਿੱਕ-ਸੁੱਕ ਇਕੱਠਾ ਹੋਇਆ ਉਸ ਬਾਰੇ ਪਹਿਲੀ ਬੈਠਕ ਕੀਤੀ ਗਈ। ‘ਪ੍ਰੀਤਲੜੀ’ ਦੀ ਹਾਜ਼ਰੀ ਵਿਚ ਇਸ ਬੈਠਕ ਦਾ ਹੋਣਾ ਇਕ ਵੱਡੀ ਗੱਲ ਸੀ। ਕਰਨਲ ਜਸਬੀਰ ਭੁੱਲਰ, ਡਾ. ਸ਼ਮੀਲ, ਸਵਰਨ ਸਿੰਘ, ਕ੍ਰਿਕਟਰ ਬਿਸ਼ਨ ਸਿੰਘ ਬੇਦੀ, ਪ੍ਰੋ. ਈਸ਼ਵਰ ਦਿਆਲ ਗੌੜ, ਰੱਬੀ ਸ਼ੇਰਗਿੱਲ ਦੀ ਹਾਜ਼ਰੀ ਇਸ ਬੈਠਕ ਨੂੰ ਯਾਦਗਾਰੀ ਬਣਾ ਗਈ

***ਪ੍ਰੋਜੈਕਟ ਲਈ ਚੁਣੇ ਗਏ ਪਿੰਡ :***

ਸੰਨ 2008 ’ਚ ਸਾਨੂੰ ਇਕ ਅਜਿਹੇ ਪਿੰਡ ਦੀ ਲੋੜ ਸੀ, ਜਿਥੇ ਲੋਕ ਆਪਣੀ ਧਾਰਮਿਕ ਆਸਥਾ ਲਈ ਉਦਾਰ ਹੋਣ ਤੇ ਜਿਥੇ ਜਾਤੀ ਤੇ ਮਜ਼ਹਬੀ ਵਿਭਿੰਨਤਾ ਹੋਵੇ। ਮੇਰੇ ਯੂਨੀਵਰਸਿਟੀ ਦੇ ਜਮਾਤੀ, ਮਾਸਟਰ ਜਤਿੰਦਰ ਸਿੰਘ ਕੈਂਥ ਨੇ ਆਪਣੇ ਪਿੰਡ ਭਗੜਾਣਾ ਦਾ ਜ਼ਿਕਰ ਕੀਤਾ। ਭਗੜਾਣਾ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਇਕ ਇਤਿਹਾਸਕ ਤੇ ਵੱਡਾ ਪਿੰਡ ਹੈ। ਪੰਜਾਬ ਦੇ ਹੋਰਨਾਂ ਪਿੰਡਾਂ ਦੀ ਤਰ੍ਹਾਂ ਇਸ ਪਿੰਡ ’ਚ ਬਹੁਰੰਗੀ ਸਭਿਆਚਾਰਕ ਨਜ਼ਾਰੇ ਦੇਖਣ ਨੂੰ ਮਿਲੇ। ਨੌਵੀਂ ਪਾਤਸ਼ਾਹੀ ਦਾ ਇਤਿਹਾਸਕ ਗੁਰਦੁਆਰਾ ਸਾਹਿਬ ਹੈ, ਟੋਬੇ ’ਤੇ ਸਾਧਾਂ ਦਾ ਡੇਰਾ ਹੈ, ਖੇੜਾ ਹੈ, ਗੁੱਗੇ ਦੀ ਮਾੜੀ ਹੈ, ਸਤੀ ਹੈ, ਸੀਤਲਾ ਮਾਤਾ ਦੀ ਮਾੜੀ ਹੈ, ਪੁਰਾਤਨ ਸ਼ਿਵ ਮੰਦਰ ਹੈ, ਗੁਰੂ ਰਵਿਦਾਸ ਸਾਹਿਬ ਦਾ ਗੁਰਦੁਆਰਾ ਹੈ, ਮਸਜਿਦ ਹੈ, ਲਾਲਾ ਵਾਲੇ ਪੀਰ ਦੀ ਦਰਗਾਹ ਹੈ। ਇਸ ਤੋਂ ਇਲਾਵਾ ਪਿੰਡ ’ਚ ਦੋ ਸ਼ਮਸ਼ਾਨਘਾਟ ਹਨ, ਕਬਰਿਸਤਾਨ ਹੈ। ਪਿੰਡ ਦੀ ਆਬਾਦੀ ’ਚ ਲਗਭਗ ਹਰ ਜਾਤ-ਬਿਰਾਦਰੀ ਦੇ ਘਰ ਹਨ। ਮਾਸਟਰ ਜਤਿੰਦਰ ਸਿੰਘ ਦੇ ਪਿਤਾ, ਸਾਬਕਾ ਪੰਚਾਇਤ ਸੈਕਟਰੀ, ਸ. ਨਿਰੰਜਣ ਸਿੰਘ ਨੇ ਸਾਡੇ ਨਾਲ ਸਾਂਝਾ ਕੀਤਾ ਕਿ ਭਗੜਾਣੇ ’ਚ 1947 ’ਚ ਕਈ ਮੁਸਲਿਮ ਪਰਿਵਾਰਾਂ ਨੂੰ ਪਿੰਡ ਦੇ ਲੋਕਾਂ ਨੇ ਬਚਾਉਣ ਲਈ, ਅੰਮ੍ਰਿਤ ਛਕਾ ਕੇ ਸਿੱਖ ਕਰ ਲਿਆ ਸੀ ਤੇ ਹੁਣ ਵੀ ਇਹ ਬਿਰਾਦਰੀਆਂ, ਪਿੰਡ ’ਚ ਹੀ ਅਮਨ-ਅਮਾਨ ਨਾਲ ਰਹਿ ਰਹੀਆਂ ਹਨ। ਗੱਲਾਂ ’ਚੋਂ ਪਤਾ ਲੱਗਾ ਕਿ ਤੇਲੀਆਂ ਤੇ ਭਰਾਈਆਂ ਦੇ ਮੁਹੱਲੇ ’ਚ ਇਕ ਅਜਿਹਾ ਘਰ ਹੈ, ਜਿਥੇ ਪੰਜਾਬ ਦਾ ਇਕ ਅਨਮੋਲ ਹੀਰਾ ਗਰਦਿਸ਼ ’ਚ ਗੁਆਚਾ, ਆਪਣੇ ਆਖ਼ਰੀ ਸਾਹਾਂ ’ਤੇ ਦਿਨ ਕਟੀ ਕਰ ਰਿਹਾ ਹੈ। ਬੀਰੂ ਭਰਾਈ, ਜਿਸ ਨੂੰ ਪੰਜਾਬੀ ਦਾਨਿਸ਼ਮੰਦ ਲੋਕ ਬੀਰੂ ਢੋਲੀ ਦੇ ਨਾਂਅ ਨਾਲ ਜਾਣਦੇ ਹਨ। ਇਸ ਪ੍ਰੋਜੈਕਟ ਦਾ ਵਿਸਥਾਰ ਪੰਜਾਬੀ ਮੌਸੀਕੀ ਦੇ ਰੂਹਾਨੀ ਅੰਗ ਸੰਗ ਵਿਚ ਹੈ।

***2017 ’ਚ ਪਿੰਡਾਂ ਦੀ ਖੋਜ***

ਇਸ ਵਾਰ ਅਸੀਂ ਅਜਿਹੇ ਪਿੰਡਾਂ ਦੀ ਖੋਜ ਕਰਨੀ ਸੀ ਜਿਥੇ 1947 ਦੀ ਵੰਡ ਦੇ ਤਾਰ ਜੁੜੇ ਹੋਣ, ਨਿਰੰਜਣ ਅੰਕਲ ਨੇ 2008 ’ਚ ਹੀ ਸਾਨੂੰ ਦੋ-ਤਿੰਨ ਪਿੰਡਾਂ ਬਾਰੇ ਦੱਸ ਦਿੱਤਾ ਸੀ ਕਿ ਝਾਂਮਪੁਰ ਸਾਰਾ ਹੀ ਪਾਕਿਸਤਾਨ ਤੋਂ ਆਏ ਸਿੱਖਾਂ ਦਾ ਹੈ, ਕਈ ਲੋਕ ਝਾਂਮਪੁਰ ਨੂੰ ਹੁਣ ਵੀ ਰਿਫਿਊਜੀਆਂ ਦਾ ਪਿੰਡ ਕਹਿੰਦੇ ਹਨ। ਅੰਕਲ ਨੇ ਪੱਤੋਂ-ਪਵਾਲਾ ਦੇ ਨਾਂਅ ਵੀ ਲਏ ਪਰ ਸਭ ਤੋਂ ਵੱਧ ਜ਼ੋਰ ਉਨ੍ਹਾਂ ਨੇ ਬਰਾਸ ਪਿੰਡ ’ਤੇ ਦਿੱਤਾ ਸੀ...ਬਰਾਸ ਆਪਣੇ ਅੰਦਰ ਅਨੇਕਾਂ ਇਤਿਹਾਸ ਸਾਂਭੀ ਬੈਠਾ ਹੈ...ਕਿੰਨੇ ਸਾਲ ਬੀਤ ਗਏ, ਫਿਰ 2017 ’ਚ ਡਾ. ਕਾਲਰਾ ਦੀ ਅਗਵਾਈ ’ਚ ਪਿੰਡਾਂ ਦੀ ਖੋਜ ਕਰਨੀ ਸ਼ੁਰੂ ਕਰ ਕੀਤੀ। ਸਾਰੀ ਗੱਲਬਾਤ ਈ-ਮੇਲ ਦੁਆਰਾ ਹੁੰਦੀ ਰਹੀ। ਵਿਚ ਵਿਚ ਉਹ

ਇੰਡੀਆ ਆਉਂਦੇ ਰਹੇ ਤੇ ਖੋਜ ਦੀ ਰੂਪ-ਰੇਖਾ ਬਣਾਉਂਦੇ ਰਹੇ। ਉਨ੍ਹਾਂ ਨੇ ਇਕ ਕਿਤਾਬ ਭੇਜੀ ਜਿਸ ਨੇ ਮੇਰੀ ਅਗਵਾਈ ਕੀਤੀ। ਇਕਬਾਲ ਕੈਸਰ ਦੀ ਕਿਤਾਬ ਇਕ ਪਾਕਿਸਤਾਨੀ ਪਿੰਡ ਲਲਿਆਣੀ ਬਾਰੇ ਹੈ ਜੋ ਕਿ ਲਾਹੌਰ-ਫ਼ਿਰੋਜ਼ਪੁਰ ਸੜਕ ’ਤੇ ਕਸੂਰ ਜਾਂਦਿਆਂ ਰਾਹ ’ਚ ਪੈਂਦਾ ਹੈ। ਪਿੰਡ ਸਿੱਖਾਂ ਦਾ ਵਸਾਇਆ ਹੋਇਆ ਹੈ ਪਰ 1980 ’ਚ ਹਕੂਮਤੇ-ਪਾਕਿਸਤਾਨ ਨੇ ਪਿੰਡ ਦਾ ਨਾਂਅ ਬਦਲ ਕੇ ਮੁਸਤਫ਼ਾਬਾਦ ਕਰ ਲਿਆ। ਖ਼ੈਰ, ਅਸੀਂ ਆਪਣੀ ਖੋਜ ਦਾ ਧੁਰਾ ਭਗੜਾਣੇ ਦੇ ਆਸ-ਪਾਸ ਦੇ ਪਿੰਡ ਬਣਾ ਲਏ। ਆਪਣੇ ਦੋਸਤ ਸੁਰਿੰਦਰ ਸਿੰਘ ਧਾਲੀਵਾਲ, ਬੀ.ਡੀ.ਓ. ਬੱਸੀ ਪਠਾਣਾ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਪਿੰਡਾਂ ਦੇ ਰਿਕਾਰਡ ਜਾਂ ਇਤਿਹਾਸਕ ਪਿਛੋਕੜ ਲੱਭਣ ’ਚ ਮਦਦ ਕਰੋ। ਜਾਂ ਫਿਰ ਸਾਨੂੰ ਜੇ ਇਕ-ਦੋ ਪਿੰਡਾਂ ਦੇ ਨਕਸ਼ੇ ਮਿਲ ਸਕਣ, ਸੋ ਅਸੀਂ ਆਪਣਾ ਇੰਟਰਵਿਊ ਕਰਨ ਦਾ ਕਾਰਜ ਕਰ ਸਕੀਏ। ਉਨ੍ਹਾਂ ਨੇ ਪਟਵਾਰੀ ਗੁਰਿੰਦਰ ਸਿੰਘ ਦੀ ਡਿਊਟੀ ਲਗਾ ਦਿੱਤੀ। ਉਨ੍ਹਾਂ ਨੇ ਕਿਹਾ ਨਕਸ਼ਾ ਮਿਲਣਾ ਮੁਸ਼ਕਲ ਹੈ, ਪਰ ਪਿੰਡ ਦਾ ਲੱਠਾ ਮਿਲ ਸਕਦਾ ਹੈ, ਜਿਸ ’ਚ ਆਬਾਦੀ ਦੀ ਵਿਉਂਤਬੰਦੀ ਮਿਲ ਸਕਦੀ ਹੈ। ਪਰ ਪਟਵਾਰੀ ਸਾਹਿਬ ਨੇ ਮੇਰੀ ਮੁਲਾਕਾਤ ਖੇੜੀ ਬਲਾਕ ਦੇ ਬੀ.ਡੀ.ਓ. ਸਾਹਿਬ, ਜਸਬੀਰ ਸਿੰਘ ਜੀ ਨਾਲ ਕਰਵਾਈ, ਉਹ ਕੰਮਾਂ-ਕਾਰਾਂ ’ਚ ਰੁੱਝੇ ਹੋਏ ਸਨ। ਉਨ੍ਹਾਂ ਨੇ ਇਕ ਮੋਬਾਈਲ ਨੰਬਰ ਦਿੱਤਾ ਤੇ ਆਖਿਆ, ਇਹ ਸਾਹਬ ਬਾਸੀਆਂ ਬੈਦਵਾਣ ਪਿੰਡ ਦੇ ਹਨ, ਇਹ ਹੀ ਤੁਹਾਡੀ ਮਦਦ ਕਰ ਸਕਦੇ ਹਨ। ਮੇਰਾ ਚਿਹਰਾ ਖਿਲ ਗਿਆ, ਕਿਉਂਕਿ ਇਸੇ ਬੈਦਵਾਣ ਲੇਖਕ ਦੀ ਪੁਆਧੀ ’ਚ ਲਿਖੀ ਕਿਤਾਬ ਮੈਂ ਪੜ੍ਹ ਚੁੱਕਾ ਸੀ।

### *ਪੁਆਧੀ ਭਾਖਾ ’ਚ ਬਾਤ ਪਾਉਣ ਵਾਲਾ*

6 ਸਤੰਬਰ 2017 ਦੀ ਸ਼ਾਮ ਨੂੰ ਮੈਂ ‘ਰੰਗ ਪੁਆਧ ਕੇ’ ਵਾਲੇ ਸ. ਗੁਰਮੀਤ ਸਿੰਘ ਬੈਦਵਾਣ ਹੋਣਾ ਦੀ ਬੈਠਕ ’ਚ ਬੈਠਾ ਸੀ। ਸਧਾਰਨ ਦਿੱਖ ਵਾਲੇ ਇਹ ਗੁਣੀ, ਪੁਆਧੀ ਦੇ ਹੀਰੇ ਹਨ, ਇਨ੍ਹਾਂ ਨੇ ਇਸ ਖੋਜ ’ਚ ਮੇਰੀ ਮਦਦ ਓਵੇਂ ਹੀ ਕੀਤੀ ਜਿਵੇਂ ਕੋਈ ਗਾਈਡ ਆਪਣੇ ਪੀ.ਐੱਚ.ਡੀ. ਖੋਜਾਰਥੀ ਦੀ ਅਗਵਾਈ ਕਰਦਾ ਹੈ। ਪਿੰਡਾਂ ਦੀ ਸਹੀ ਚੋਣ ਕਰਨਾ ਤੇ ਪਿੰਡਾਂ ’ਚ ਕਿਸ ਬੰਦੇ ਨੂੰ ਮਿਲਣਾ ਹੈ, ਇਸ ਸਭ ਦੀ ਵਿਉਂਤ ਡਾ. ਬੈਦਵਾਣ ਹੋਣਾ ਨੇ ਬਣਾਈ। ਸਾਡੀ ਖੋਜ ਲਈ ਚੁਣੇ ਪਿੰਡ ਸਨ—ਬਾਸੀਆਂ ਬੈਦਵਾਣ, ਪਵਾਲਾ, ਪੱਤੋਂ, ਮੱਛਲੀ ਕਲਾਂ, ਮੱਛਲੀ ਖ਼ੁਰਦ, ਝਾਂਮਪੁਰ, ਚੁੰਨੀ ਕਲਾਂ, ਬਰਾਸ। ਪਰ ਆਪਣੀ ਪਾਕਿਸਤਾਨ ਫੇਰੀ ਬਾਰੇ ਉਨ੍ਹਾਂ ਨੇ ਜੋ ਰੌਚਕ ਕਿੱਸੇ ਮੇਰੇ ਨਾਲ ਸਾਂਝੇ ਕੀਤੇ, ਉਹ ਸਾਂਭਣਯੋਗ ਹਨ। ਉਨ੍ਹਾਂ ’ਤੇ ਇਕ ਝਾਤ ਪੁਆਣੀ ਠੀਕ ਰਹੇਗੀ। ਡਾ. ਬੈਦਵਾਣ ਦੇ ਬਾਬਾ, ਮੰਗਲ ਸਿੰਘ ਹਮੇਸ਼ਾ ਇਸੇ ਝੋਰੇ ’ਚ ਰਹੇ ਕਿ ਉਨ੍ਹਾਂ ਦਾ ਸਾਥੀ ਹਸਨੇ ਤੇ ਗੀਗੇ ਹੋਣਾ ਦਾ ਕੀ ਬਣਿਆ ਹੋਵੇਗਾ। ਹਸਨਾ ਜਦ ਵੀ ਖੇਤਾਂ ਨੂੰ ਜਾਂਦਾ ਤਾਂ ਉਹ ਬਾਬਾ ਜੀ ਨੂੰ ਆਵਾਜ਼ ਮਾਰ ਕੇ ਲੰਘਦਾ ਹੁੰਦਾ ਸੀ। ਬਾਬਾ ਜੀ ਹਮੇਸ਼ਾ ਗੰਭੀਰ ਸੁਰ ’ਚ ਹਸਨੇ ਤੇ ਗੀਗੇ ਦੇ ਥਹੁ-ਪਤੇ ਬਾਰੇ ਪੁੱਛਦੇ ਰਹਿੰਦੇ ਸੀ। ਕਦੀ ਉਨ੍ਹਾਂ ਦਾ ਕੋਈ ਅਤਾ-ਪਤਾ ਵੀ ਲੱਗ ਸਕਦਾ ਏ ? ਕੀ ਕਦੇ ਆਪਣੇ ਯਾਰਾਂ ਨਾਲ ਵੀ ਦੁਬਾਰਾ ਮੇਲ ਹੋ ਸਕਦਾ ਏ ? ’47 ਤੋਂ ਪਹਿਲਾਂ ਹਸਨੇ ਦੀ ਧੀ ਸਲਮਾ ਦਾ ਨਿਕਾਹ ਧਰਿਆ ਹੋਇਆ ਸੀ। ਦਹੇਜ ਦਾ ਸਮਾਨ ਤਿਆਰ ਹੋ ਰਿਹਾ ਸੀ। ਸੰਦੂਕ ਭਰੇ ਪਏ ਸਨ। ਹਸਨੇ ਨੇ ਦੁਹਾਈ ਪਾਈ, “ਗਿਆਨੀ ਜੀ, ਹੁਣ ਨਾ ਸਾਡੇ ਮੁਲਕ ਦਾ ਪਤਾ, ਨਾ ਪਿੰਡ ਦਾ ਕੋਈ ਥਾਂ ਠਿਕਾਣਾ ਪਤਾ, ਤੁਸੀਂ ਸਾਡੀਆਂ ਮੱਝਾਂ, ਘਿਓ ਤੇ ਰਾਸ਼ਨ ਆਪਣੇ ਕੋਲ ਸਾਂਭੋ। ਜੇ ਅੱਲ੍ਹਾ ਨੇ ਚਾਹਿਆ, ਅਸੀਂ ਮੁੜ ਆਵਾਂਗੇ ਤੇ ਆਪਣੀਆਂ ਅਮਾਨਤਾਂ ਲੈ ਲਾਂਗੇ।” ਬਾਬਾ ਮੰਗਲ ਸਿੰਘ ਦੀ ਹੂਕ ਨਿਕਲ ਗਈ, “ਹਸਨਿਆ, ਹੁਣ ਮੈਂ ਆਪਣੀ ਧੀ ਸਲਮਾ ਦੇ ਵਿਆਹ ਦਾ ਰਾਸ਼ਨ ਰੱਖਾਂਗਾ ? ਮੈਨੂੰ ਰੱਬ ਦਾ ਦੋਸ਼ੀ ਨਾ ਬਣਾਓ।” ਹਾਲਾਤ ਨੇ ਹਸਨੇ ਤੇ ਮੰਗਲ ਸਿੰਘ ਨੂੰ ਵੱਖ ਕਰਨ ਦੀ ਜ਼ਿੱਦ ਫੜੀ ਹੋਈ ਸੀ। ਬਾਬਾ ਜੀ ਹਸਨੇ ਦੇ ਟੱਬਰ ਨੂੰ ਅੰਬਾਲੇ ਕੈਂਪ ’ਚ ਛੱਡ ਕੇ ਆਏ। ਕਿਸ ਜੇਰੇ ਨਾਲ ਉਹ ਘੜੀ ਉਨ੍ਹਾਂ ਨੇ ਹੰਢਾਈ ਹੋਵੇਗੀ, ਇਸ ਦਾ ਅੰਦਾਜ਼ਾ ਸੰਵੇਦਨਸ਼ੀਲ ਪਾਠਕ ਮਹਿਸੂਸ ਕਰ ਰਿਹਾ ਹੋਵੇਗਾ।

ਹਸਨੇ ਦੀ ਇਕ ਮੱਝ ਕੈਂਪ ’ਚ ਤਹਿਸੀਲਦਾਰ ਨੇ ਰੱਖ ਲਈ। ਦੂਜੀ ਮੱਝ ਨੇ ਕਿੰਨੇ ਹੀ ਦਿਨ ਨਾ ਪਾਣੀ ਨੂੰ ਮੂੰਹ ਕੀਤਾ, ਨਾ ਘਾਹ ਨੂੰ ਥੂਥਨੀ ਛੁਹਾਈ। ਕਈ ਦਿਨਾਂ ਮਗਰੋਂ ਪਸ਼ੂ ਨੇ ਸੁਰਤ ਸੰਭਾਲੀ। ਜਦ ਦੁੱਧ ਦੀ ਬਾਲਟੀ ਭਰ ਕੇ ਆਈ ਤਾਂ ਬਾਬਾ ਜੀ ਦਾ ਗੱਚ ਭਰ ਆਇਆ। ਸਾਰੇ ਉਦਾਸ ਹੋ ਗਏ। ਫੇਰ ਪਹਿਲਾ ਦੁੱਧ ਗੁਰਦੁਆਰੇ ਜਾ ਕੇ ਲੰਗਰ ’ਚ ਪਾਇਆ ਤਾਂ ਕਿਤੇ ਬਾਬਾ ਜੀ ਦੀ ਰੂਹ ਨੂੰ ਕੁਝ ਚੈਨ ਆਇਆ। ਆਖ਼ਰੀ ਦਮ ਤਕ ਬਾਬਾ ਜੀ ਹਸਨੇ ਨੂੰ ਚੇਤੇ ਕਰਦੇ ਰਹੇ। ਉਹ ਆਪਣੀ ਨਿੱਤ ਦੀ ਅਰਦਾਸ ’ਚ ਇਹ ਬੋਲ ਜ਼ਰੂਰ ਬੋਲਦੇ ਸਨ—ਵਾਹਿਗੁਰੂ, ਹਸਨੇ ਦੀ

ਜੜ੍ਹ ਲੱਗੀ ਰਹੇ।

***ਕੁਝ ਕਿੱਸੇ ਬਾਬਾ ਬਚਨ ਸਿੰਘ ਨੇ ਸਾਂਝੇ ਕੀਤੇ***

ਨਵੰਬਰ 2007, ਬਚਨ ਸਿੰਘ ਹੁਰਾਂ ਨੇ ਜਥੇ ਦੇ ਨਾਲ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ। ਪਿੰਡ ਦੇ ਇਕ ਪਾਠੀ ਤੇ ਇਕ ਹੋਰ ਸੱਜਣ ਨਾਲ ਉਨ੍ਹਾਂ ਨੇ ਲਾਹੌਰ ਦੇ ਆਸ ਪਾਸ ਦੇ ਪਿੰਡਾਂ 'ਚ ਜਾਣ ਦੀ ਵਿਉਂਤ ਬਣਾਈ। ਪੰਜਾਬੀ ਦੇ 'ਯੰਗ' ਅਖ਼ਬਾਰ ਦੇ ਪੱਤਰਕਾਰ ਰਾਏ ਸਾਹਿਬ ਨੇ ਉਨ੍ਹਾਂ ਦੇ ਰਹਿਣ-ਸਹਿਣ ਦਾ ਬੰਦੋਬਸਤ ਕੀਤਾ ਸੀ। ਇਨ੍ਹਾਂ ਰਾਏ ਸਾਹਿਬ ਦੇ ਚਾਚਾ ਜੀ ਲਾਹੌਰ ਦੇ ਜਾਣੇ-ਪਛਾਣੇ ਤੇ ਰੁਤਬੇ ਵਾਲੇ ਬੰਦੇ ਸਨ। ਸੋ ਉਨ੍ਹਾਂ ਨੂੰ ਉਥੇ ਘੁੰਮਣ-ਫਿਰਨ 'ਚ ਕੋਈ ਖ਼ਾਸ ਦਿੱਕਤ ਨਹੀਂ ਆਈ। ਰਾਏ ਸਾਹਿਬ ਦੇ ਖਾਨਦਾਨ ਦਾ ਤਾਅਲੁੱਕ ਹੁਸ਼ਿਆਰਪੁਰ ਨਾਲ ਹੈ, ਉਨ੍ਹਾਂ ਦੀ ਜ਼ਮੀਨ ਹੁਸ਼ਿਆਰਪੁਰ 'ਚ ਸੀ। ਪਾਕਿਸਤਾਨ 'ਚ ਵੀ ਇਨ੍ਹਾਂ ਕੋਲ ਬੜਾ ਰੁਤਬਾ ਹੈ। ਬਚਨ ਸਿੰਘ ਨੇ ਦੱਸਿਆ ਕਿ ਪਾਕਿਸਤਾਨੀ ਪਿੰਡਾਂ ਦੇ ਲੋਕ ਸਾਨੂੰ 'ਬਜ਼ੁਰਗ' ਕਹਿੰਦੇ ਹਨ ਕਿਉਂਕਿ ਕਿਸੇ ਵੇਲੇ ਸਿੱਖ-ਸਰਦਾਰਾਂ ਨੇ ਹੀ ਉਨ੍ਹਾਂ ਦੇ ਪਿੰਡਾਂ ਨੂੰ ਵਸਾਇਆ ਸੀ। (ਇਸ ਗੱਲ ਦਾ ਜ਼ਿਕਰ 'ਲਲਿਆਣੀ' ਪਿੰਡ ਬਾਰੇ ਲਿਖੀ ਉਸ ਕਿਤਾਬ 'ਚ ਵੀ ਹੈ।) ਪਾਕਿਸਤਾਨੀ ਲੋਕ ਇਹ ਵੀ ਮੰਨਦੇ ਹਨ ਕਿ ਸਿੱਖਾਂ-ਸਰਦਾਰਾਂ ਨੇ ਹੀ ਉਨ੍ਹਾਂ ਦੇ ਟੱਬਰਾਂ ਦੇ ਜਾਨ-ਮਾਲ ਦੀ ਮਦਦ ਕੀਤੀ ਸੀ ਤੇ ਸਰਹੱਦ ਤਕ ਪਹੁੰਚਾਇਆ। ਉਹ ਸਿੱਖਾਂ ਨੂੰ ਬਾਬਾ ਨਾਨਕ ਕਰਕੇ ਤੇ '47 'ਚ ਕੀਤੀ ਹਿਫ਼ਾਜ਼ਤ ਕਰਕੇ ਦਿਲੋਂ ਮੁਹੱਬਤ ਕਰਦੇ ਹਨ। ਰਾਏ ਸਾਹਿਬ ਨੇ ਉਨ੍ਹਾਂ ਨੂੰ ਕੁਝ ਪਿੰਡਾਂ 'ਚ ਲਿਜਾਣ ਦਾ ਪ੍ਰਬੰਧ ਕੀਤਾ ਹੋਇਆ ਸੀ। ਕੁਝ ਯਾਦਗਾਰ ਕਿੱਸੇ ਪੇਸ਼ ਹਨ :

ਇਕ ਪਿੰਡ ਹੈ, ਲਾਹੌਰ ਤੋਂ 12 ਕਿਲੋਮੀਟਰ ਹੋਵੇਗਾ, ਰੂਪ ਸਿੰਘ ਵਾਲਾ। ਜਦ ਉਹ ਉਥੇ ਗਏ ਤਾਂ ਪਿੰਡ ਦੇ ਲੋਕ ਤਾਕੀਆਂ, ਦਰਵਾਜ਼ੇ ਤੇ ਛੱਤਾਂ 'ਚ ਖੜ੍ਹ-ਖੜ੍ਹ ਕੇ ਸਾਨੂੰ ਦੇਖ ਰਹੇ ਸਨ, ਜਿਵੇਂ ਪਿੰਡਾਂ 'ਚ ਲੋਕ ਤੇ ਨਿਆਣੇ ਨਵੀਂ ਵਿਆਹੀ ਬਹੂ ਨੂੰ ਦੇਖਣ ਆਉਂਦੇ ਹਨ। ਕੁਝ ਲੋਕਾਂ ਨੇ ਮਿੰਨਤਾਂ ਕੀਤੀਆਂ ਕਿ ਉਹ ਬਸ ਇਕ ਵਾਰ ਉਨ੍ਹਾਂ ਦੇ ਘਰ ਦੇ ਅੰਦਰੋਂ ਲੰਘ ਕੇ ਚਲੇ ਜਾਣ, ਕਿਉਂਕਿ ਉਨ੍ਹਾਂ ਦੇ ਬਜ਼ੁਰਗਾਂ ਦੇ ਪੈਰ ਪੈਣ ਨਾਲ ਉਨ੍ਹਾਂ ਦੇ ਘਰ ਪਵਿੱਤਰ ਹੋ ਜਾਵੇਗਾ। ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਮੇਰੇ ਨਾਲ ਦੇ ਵੀ ਹੈਰਾਨ, ਰਾਏ ਸਾਹਿਬ ਵੀ ਹੈਰਾਨ। ਕਈਆਂ ਨੇ ਕਿਹਾ ਸਾਡੇ ਘਰ ਆ ਕੇ ਕੁਝ ਖਾ ਕੇ ਜਾਓ ਜੀ, ਪਰ ਅਸੀਂ ਖਾ-ਖਾ ਕੇ ਭਰੇ ਹੋਏ ਸਾਂ। ਸੋ ਅਸੀਂ ਸਭ ਨੂੰ ਮਨ੍ਹਾ ਕਰਦੇ ਰਹੇ, ਕਈ ਲੋਕਾਂ ਨੇ ਕਿਹਾ ਕਿ ਬਸ ਉਹ ਸਾਡੇ ਖਾਣਿਆਂ ਨੂੰ ਹੱਥ ਈ ਲਾ ਜਾਣ, ਸਾਡੀ ਰਸੋਈ ਪਵਿੱਤਰ ਹੋ ਜਾਵੇਗੀ।

ਜਦ ਅਸੀਂ ਇਸ ਪਿੰਡ 'ਚੋਂ ਵਾਪਸ ਲਾਹੌਰ ਵੱਲ ਨੂੰ ਆ ਰਹੇ ਸਾਂ ਤਾਂ ਇਕ 25-30 ਸਾਲ ਦਾ ਮੁੰਡਾ ਸਾਡਾ ਪਿੱਛਾ ਕਰਦਾ ਆਈ ਜਾਏ। ਮੈਨੂੰ ਡਰ ਲੱਗਿਆ ਕਿ ਕਿਤੇ ਇਹ ਪੁਲਿਸ ਦਾ ਬੰਦਾ ਨਾ ਹੋਵੇ। ਰਾਏ ਸਾਹਿਬ ਨੇ ਉਸ ਨੂੰ ਸਖ਼ਤੀ ਨਾਲ ਪਿੱਛਾ ਕਰਨ ਦਾ ਕਾਰਨ ਪੁੱਛਿਆ ਤਾਂ ਉਹ ਮੁੰਡਾ ਕਹਿਣ ਲੱਗਾ, ਬਸ ਮੈਂ ਸਰਦਾਰ ਜੀ ਨੂੰ ਇਕ ਵਾਰ ਆਪਣੇ ਹੱਥ ਨਾਲ ਛੂਹ ਕੇ ਦੇਖਣਾ ਚਾਹੁੰਦਾ ਕਿ ਇਹ ਸੱਚਮੁੱਚ ਸਰਦਾਰ ਇੰਡੀਅਨ ਪੰਜਾਬ ਦੇ ਨੇ। ਬਸ ਮੈਂ ਹੱਥ ਲਾ ਕੇ ਮੁੜ ਜਾਵਾਂਗਾ ਤੇ ਆਪਣੇ ਪਿੰਡ ਜਾ ਕੇ ਦੱਸਾਂਗਾ ਕਿ ਮੈਂ ਸਰਦਾਰਾਂ ਨੂੰ ਆਪਣੇ ਹੱਥ ਨਾਲ ਛੂਹਿਆ ਹੈ।

ਪਿੰਡ ਮੌਲੀ ਮਹਿੰਦੀ : (ਫਗਵਾੜੇ ਕੋਲ ਵੀ ਮੌਲੀ ਮਹਿੰਦੀ ਪਿੰਡ ਹੈ) ਉਥੇ ਇਕ ਸ਼ਾਮ ਨੂੰ ਪਿੰਡ ਦੇ ਬਹੁਤ ਸਾਰੇ ਲੋਕ ਮੇਰੇ ਕੋਲੋਂ ਬੈਠੇ ਸਾਡੇ ਆਲੇ ਪੰਜਾਬ ਦੇ ਪਿੰਡਾਂ ਬਾਰੇ ਪੁੱਛਦੇ ਰਹੇ। ਜਦ ਰਾਤ ਪਈ ਤਾਂ ਸਾਰੇ ਲੋਕ ਆਪੋ-ਆਪਣੇ ਘਰਾਂ ਨੂੰ ਜਾਣ ਲੱਗੇ ਪਰ ਇਕ 60-70 ਸਾਲ ਦਾ ਬਜ਼ੁਰਗ ਉਥੇ ਈ ਬੈਠਾ ਰਿਹਾ। ਉਹਨੂੰ ਅਸੀਂ ਪੁੱਛਿਆ, ਬਾਬਾ ਜੀ ਕੁਝ ਹੋਰ ਵੀ ਪੁੱਛਣਾ ਬਾਕੀ ਰਹਿ ਗਿਆ ? ਬਾਬਾ ਕਹਿੰਦਾ, ਇਕ ਗੱਲ ਮੈਂ ਪੁੱਛਣੀ ਸੀ, ਸਭ ਦੇ ਸਾਹਮਣੇ ਨਹੀਂ ਸੀ ਪੁੱਛ ਸਕਦਾ। ਮੈਂ ਪੁੱਛਿਆ, ਇਹੋ ਜਿਹੀ ਕਿਹੜੀ ਗੱਲ ਹੈ ? ਬਾਬਾ, ਜਿਸ ਦਾ ਨਾਂ ਫ਼ਤਿਹਦੀਨ ਸੀ, ਕਹਿੰਦਾ—ਫਗਵਾੜੇ ਕਦੇ ਗਏ ਹੋ ? ਮੈਂ ਕਿਹਾ, ਬੜੀ ਵਾਰੀ ਗਿਆਂ। ਬਾਬਾ ਕਹਿੰਦਾ, ਫਗਵਾੜੇ ਰਸਤਾ ਬਣ ਗਿਆ ? ਜਾਣਾ-ਆਣਾ ਸ਼ੁਰੂ ਹੋ ਗਿਆ ? ਮੈਂ ਕਿਹਾ ਬਾਬਾ ਜੀ, ਫਗਵਾੜੇ ਤਾਂ ਸੜਕਾਂ ਬਣ ਗਈਆਂ, ਪੁਲ ਬਣ ਗਏ, ਬੱਸਾਂ, ਕਾਰਾਂ ਚੱਲਦੀਆਂ ਨੇ, ਇਹ ਕਿਉਂ ਪੁੱਛ ਰਹੇ ਹੋ ? ਬਾਬਾ ਕਹਿੰਦਾ, ਜਦ ਵੰਡ ਹੋਈ ਮੈਂ ਆਪਣੇ ਟੱਬਰ ਨਾਲ ਇਕ ਰਸਤੇ ਤੋਂ ਲੰਘ ਰਿਹਾ ਸੀ। ਰਸਤੇ ਦੇ ਆਲੇ-ਦੁਆਲੇ ਕੰਡਿਆਲੀ ਥੋਰ੍ਹ ਸੀ, ਲੰਘਣ ਵਾਲੀ ਥਾਂ ਬਹੁਤ ਥੋੜੀ ਸੀ, ਆਲੇ-ਦੁਆਲੇ ਕਟੀਆਂ-ਵੱਢੀਆਂ ਲੋਥਾਂ ਦੇ ਢੇਰ ਲੱਗੇ ਹੋਏ ਸਨ। ਮੈਂ ਬਸ ਇਹੋ ਪੁੱਛਣਾ ਏ ਕਿ ਉਹ ਲੋਥਾਂ ਹੁਣ ਵੀ ਉਥੇ ਨੇ ? ਰਸਤਾ ਚਾਲੂ ਹੋਇਆ ਹੋਣਾ ਜਾਂ ਓਵੇਂ ਹੀ ਬੰਦ ਤੇ ਤੰਗ ਹੋਣਾ ? ਇਹ



ਡਾ. ਵਰਿੰਦਰ ਕਾਲਰਾ (ਵਿਚਕਾਰ) ਡਾ. ਬੀ.ਐੱਸ. ਰਤਨ ਤੇ ਮੈਡਮ ਰਮਾ ਰਤਨ ਨਾਲ
ਪ੍ਰੋਜੈਕਟਰ ਬਾਰੇ ਸਾਂਝਾਂ ਕਰਦੇ ਹੋਏ। ਸਥਾਨ : ਸਾਰੰਗ ਲੋਕ, ਮੋਹਾਲੀ



ਨਸੀਬ ਖਾਨ ਡਾ. ਗੁਰਮੀਤ ਬੈਦਵਾਨ ਨਾਲ ਆਪਣਾ ਜੀਵਨ ਸਾਂਝਾ ਕਰਦੇ ਹੋਏ।
ਪਿੰਡ : ਬਾਸੀਆਂ ਬੈਦਵਾਨ, ਜ਼ਿਲ੍ਹਾ ਫਤਹਿਗੜ੍ਹ ਸਾਹਿਬ

ਸਵਾਲ ਸੁਣ ਕੇ ਕੰਬ ਗਏ। ਰਾਏ ਸਾਹਿਬ ਨੂੰ ਕਿਹਾ ਕਿ ਇਸ ਬੰਦੇ ਦੇ ਜ਼ਿਹਨ 'ਚ ਹਾਲੇ ਵੀ ਓਹੀ ਕੁੰਡੀ ਅੜੀ ਹੋਈ ਹੈ, ਸਾਲ ਬੀਤ ਗਏ ਪਰ ਇਹ ਹਾਲੇ ਓਸੇ ਦ੍ਰਿਸ਼ 'ਚ ਜੀ ਰਿਹਾ।

ਅਸੀਂ ਵਾਪਸ ਆ ਰਹੇ ਸਾਂ, 40-45 ਸਾਲਾ ਨਜ਼ੀਰ ਅਹਿਮਦ ਨਾਂ ਦੇ ਬੰਦੇ ਨੇ ਆ ਕੇ ਬੇਨਤੀ ਕੀਤੀ ਕਿ ਸਰਦਾਰ ਹੁਰਾਂ ਨੂੰ ਕਹੋ ਕਿ ਉਹ ਇਕ ਵਾਰ ਉਹਦੇ ਅੱਬਾ, ਸੁਲਤਾਨ (ਬਾਬਾ) ਨੂੰ ਮਿਲ ਲੈਣ ਕਿਉਂਕਿ ਉਹਦਾ ਬਾਬਾ 90 ਸਾਲ ਦਾ ਏ ਤੇ ਚੱਲ-ਫਿਰ ਨਹੀਂ ਸਕਦਾ। ਉਸ ਬਾਬੇ ਦੀ ਬਸ ਇਕੋ ਖ਼ਵਾਹਿਸ਼ ਏ ਕਿ ਸਿੱਖ ਨੂੰ ਇਕ ਵਾਰ ਦੇਖਣਾ ਹੈ। ਜਦ ਅਸੀਂ ਉਸ ਘਰ ਗਏ ਤਾਂ ਘਰ 'ਚ ਲੋਕਾਂ ਦੀ ਭੀੜ ਲੱਗ ਗਈ। ਬਾਬਾ ਕਹਿੰਦਾ ਮੈਂ ਧੰਨ ਹੋ ਗਿਆ, ਜੋ ਸਾਡੇ ਬਜ਼ੁਰਗਾਂ ਦੇ ਪੈਰ ਸਾਡੇ ਵਿਹੜੇ 'ਚ ਆਏ। ਸਾਨੂੰ ਰਾਤ ਓਥੇ ਹੀ ਰਹਿਣ ਲਈ ਜ਼ਿਦ ਕਰਨ ਲੱਗੇ ਕਿ ਸਾਰੀ ਰਾਤ ਗੱਲਾਂ ਕਰਦੇ ਆਂ, ਤੁਸੀਂ ਸਵਖ਼ਤੇ ਚਲੇ ਜਾਣ।

ਜਦ ਅਸੀਂ ਆਉਣ ਲੱਗੇ ਤਾਂ ਨਜ਼ੀਰ ਅਹਿਮਦ ਗਲ ਲੱਗ ਕੇ ਰੋਣ ਲੱਗਾ। ਕਹਿਣ ਲੱਗਾ, ਮੈਨੂੰ ਨੀਂ ਪਤਾ ਕਿ ਮੈਂ ਏਧਰ ਦਾ ਹਾਂ ਜਾਂ ਉਧਰ ਦਾ, ਪਰ ਮੇਰੀਆਂ ਜੜ੍ਹਾਂ ਤਾਂ ਉਧਰ ਈ ਆ, ਮੈਨੂੰ ਵੀ ਆਪਣੇ ਨਾਲ ਹੀ ਲੈ ਚੱਲੋ। ਮੈਂ ਆਪਣੀ ਧਰਤੀ 'ਤੇ ਮਰਨਾ ਚਾਹੁੰਦਾ ਹਾਂ। (ਕਮਾਲ ਦੇ ਲੋਕ ਆ। ਹੱਦ ਹੋ ਗਈ।)

ਪਿੰਡ 'ਚ ਇਕ ਬਜ਼ੁਰਗ ਪਹਿਲਵਾਨ ਸੀ, ਉਹਨੇ ਭਗਰਾਣੇ ਦੇ ਇਕ ਪਹਿਲਵਾਨ ਅਮਰੇ ਦੇ ਬਾਰੇ 'ਚ ਪੁੱਛਿਆ ਕਿ ਉਹਦਾ ਕੋਈ ਅਤਾ-ਪਤਾ ਹੈ ? ਮੈਂ ਕਿਹਾ, ਉਹ ਤੇ ਬਜ਼ੁਰਗ ਹੋ ਕੇ ਫ਼ੌਤ ਹੋ ਗਿਆ। ਸੁਣ ਕੇ ਉਹ ਰੋਣ ਲੱਗ ਪਿਆ। ਕਹਿਣ ਲੱਗਾ, ਤੁਸੀਂ ਵਾਪਸ ਜਾ ਕੇ ਮੇਰਾ ਹਾਲ ਕਿਸ ਨੂੰ ਦੱਸੋਗੇ ? ਜੋ ਮੇਰਾ ਯਾਰ ਸੀ, ਜਿਸ ਨਾਲ ਮੈਂ ਮਿਲ ਕੇ ਛਿੰਝਾਂ ਘੁਲੀਆਂ ਸਨ। ਉਹ ਹੀ ਨਹੀਂ ਰਿਹਾ।


ਜਦ ਅਸੀਂ ਵਾਪਸ ਆ ਰਹੇ ਸੀ, ਪਹਿਲਵਾਨ ਦਾ ਮੁੰਡਾ ਆ ਕੇ ਕਹਿਣ ਲੱਗਾ, ਮੇਰਾ ਬਾਬਾ ਕਹਿ ਰਿਹਾ ਏ ਕਿ ਸਰਦਾਰ ਹੁਰਾਂ ਨੂੰ ਬੇਨਤੀ ਕਰੋ ਕਿ ਇਕ ਰਾਤ ਸਾਡੇ ਘਰ ਰੁਕ ਕੇ ਜਾਣ, ਫੇਰ ਭਾਵੇਂ ਕੱਲ੍ਹ ਨੂੰ ਹੀ ਮੈਂ ਮਰ ਜਾਵਾਂ।

ਇਕ ਸ਼ਾਮ ਅਸੀਂ ਨਨਕਾਣਾ ਸਾਹਿਬ ਤੋਂ 10-12 ਕਿਲੋਮੀਟਰ ਬਚੋ ਕੀ ਮੰਡੀ ਦੇ ਬੱਸ ਅੱਡੇ 'ਤੇ ਖੜ੍ਹੇ ਸਾਂ ਤਾਂ ਇਕ ਕੱਪੜੇ ਦੀ ਦੁਕਾਨ ਦੇ ਮਾਲਿਕ ਨੇ ਸਾਨੂੰ ਦੁਕਾਨ ਦੇ ਅੰਦਰ ਆਉਣ ਦਾ ਸੱਦਾ ਦਿੱਤਾ। ਅਸੀਂ ਕਿਹਾ, ਲੇਟ ਹੋ ਰਹੇ ਹਾਂ। ਉਹ ਕਹਿੰਦਾ, ਇਕ ਵਾਰੀ ਆਓ ਤਾਂ ਸਹੀ ਜੀ। ਅਸੀਂ ਡਰਦੇ-ਡਰਦੇ ਦੁਕਾਨ ਦੇ ਅੰਦਰ ਗਏ, ਅੰਦਰ 4-5 ਬੰਦੇ ਕੰਮ ਕਰ ਰਹੇ ਤੇ ਉਨ੍ਹਾਂ ਨੂੰ ਮਾਲਿਕ ਨੇ ਹੁਕਮ ਦਿੱਤਾ, ਸਰਦਾਰ ਜੀ ਹੁਰਾਂ ਲਈ ਕਰਾਚੀ ਦੇ ਵਧੀਆ ਕੱਪੜੇ ਦੇ ਥਾਨ 'ਚੋਂ ਕੱਪੜਾ ਚੀਰ ਕੇ ਦਿਉ। ਅਸੀਂ ਕਿਹਾ ਬਈ ਸਾਨੂੰ ਇਨ੍ਹਾਂ ਦੀ ਲੋੜ ਨੀਂ। ਦੁਕਾਨ ਦਾ ਮਾਲਕ ਕਹਿੰਦਾ, ਸਰਦਾਰ ਜੀ, ਥੋਡੇ ਤੋਂ ਕੋਈ ਕੀਮਤ ਥੋੜੇ ਲੈਣੀ ਆਂ। ਤੁਸੀਂ ਸਾਡੇ ਵੱਡੇ ਹੋ, ਰੱਬ ਨੂੰ ਕੀ ਮੂੰਹ ਦਿਖਾਵਾਂਗੇ ਜੇ ਥੋਡੇ ਤੋਂ ਕੀਮਤ ਲਈ।

ਅਸੀਂ ਅੱਡੇ 'ਤੇ ਖੜੇ, ਬੱਸ ਆਈ ਤਾਂ ਓਥੇ ਖੜੇ ਲੋਕਾਂ ਨੇ ਹੱਥਾਂ ਨਾਲ ਹੱਥ ਫੜ ਕੇ ਬੱਸ ਅੱਗੇ ਖੜ ਕੇ ਬੱਸ ਰੁਕਵਾਈ। ਇਕ ਬੰਦੇ ਨੇ ਕਿਹਾ, ਸਰਦਾਰ ਜੀ ਹੁਰੀਂ ਸਭ ਤੋਂ ਪਹਿਲਾਂ ਚੜ੍ਹਨਗੇ।

ਬੱਸ ਦਾ ਡਰਾਈਵਰ ਸਾਨੂੰ ਸ਼ੀਸ਼ੇ 'ਚੋਂ ਵੇਖਦਾ ਰਿਹਾ। ਰਾਹ 'ਚ ਇਕ ਬੰਦਾ ਕੁਝ ਖਾਣ ਵਾਲੀ ਚੀਜ਼ (ਨਾਂ ਯਾਦ ਨਹੀਂ) ਲੈ ਕੇ ਚੜ੍ਹਿਆ। ਡਰਾਈਵਰ ਨੇ ਉਸ ਨੂੰ ਆਪਣੇ ਕੋਲ ਬੁਲਾ ਕੁ ਕੁਝ ਕਿਹਾ। ਉਹ ਬੰਦਾ ਸਾਡੇ ਕੋਲ ਆ ਕੇ ਕਹਿੰਦਾ, ਸਰਦਾਰ ਜੀ ਲੈ ਲੋ ਜੀ । ਮੈਂ ਕਿਹਾ, ਨਹੀਂ ਯਾਰ, ਮਿਹਰਬਾਨੀ ! ਉਹ ਕਹਿੰਦਾ, ਸਰਦਾਰ ਜੀ ਲੈ ਲੋ ਵਰਨਾ ਡਰਾਈਵਰ ਨੇ ਮੈਨੂੰ ਕਦੇ ਬੱਸ 'ਚ ਨਈਓਂ ਚੜ੍ਹਨ ਦੇਣਾ।

ਬਾਬਾ ਬਚਨ ਸਿੰਘ ਨੇ ਪਾਕਿਸਤਾਨੀ ਫੇਰੀ ਦੀ ਇਕ ਹੋਰ ਗੱਲ ਸਾਂਝੀ ਕੀਤੀ ਕਿ ਰਾਏ ਸਾਹਿਬ ਦੀ ਹਵੇਲੀ 'ਚੋਂ ਇਕ ਪਰਿਵਾਰ ਸਾਨੂੰ ਆਪਣੇ ਘਰ ਲੈ ਗਿਆ। ਉਸ ਘਰ ਦਾ ਇਕ ਮੁੰਡਾ ਪਾਕਿਸਤਾਨੀ-ਰੇਂਜਰ ਸੀ, ਪਾਕਿਸਤਾਨੀ ਫ਼ੌਜ 'ਚ। ਉਸ ਨੂੰ ਖ਼ਬਰ ਮਿਲੀ ਕਿ ਤਿੰਨ ਸਿੱਖ ਉਨ੍ਹਾਂ ਦੇ ਘਰ ਮਹਿਮਾਨ ਆਏ ਹਨ, ਉਹ ਫ਼ੌਜ 'ਚੋਂ ਛੁੱਟੀ ਲੈ ਕੇ ਆ ਗਿਆ। ਰਾਤ ਨੂੰ ਉਹ ਡੇਹੜ੍ਹੀ 'ਚ ਆਪਣੀ ਫ਼ੌਜੀ ਗੰਨ ਲੈ ਕੇ ਸੌਂ ਗਿਆ। ਮੈਂ ਜਦ ਘਰਵਾਲਿਆਂ ਨੂੰ ਪੁੱਛਿਆ ਕਿ ਇਹ ਬੰਦੂਕ ਲੈ ਕੇ ਕਿਉਂ ਸੁੱਤਾ ਏ ? ਤਾਂ ਉਹ ਕਹਿੰਦੇ ਇਹ ਤੁਹਾਡੀ ਹਿਫ਼ਾਜ਼ਤ ਲਈ ਏ। ਜਦ ਮੈਂ ਦਿਨ 'ਚ ਉਸ ਨੂੰ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹ ਫ਼ੌਜ 'ਚੋਂ ਛੁੱਟੀ ਲੈ ਕੇ ਇਸ ਲਈ ਆਇਆ ਕਿਉਂਕਿ ਉਸ ਦੇ ਘਰ ਅੱਜ ਸਿੱਖ ਆਏ ਨੇ, ਜਿਨ੍ਹਾਂ ਦੀ ਹਿਫ਼ਾਜ਼ਤ ਕਰਨਾ ਉਸ ਦਾ ਫ਼ਰਜ਼ ਏ। ਤੁਸੀਂ ਸਾਡੇ ਪੈਗੰਬਰ ਓ। ਸਾਡੇ



ਲੰਬਰਦਾਰ ਬਲਵੰਤ ਸਿੰਘ ਖੋਖਰ ਤੇ ਹੋਰ ਸੱਜਣ ਮਿਡਲ ਸਕੂਲ ਦੇ ਵਿਹੜੇ ਵਿਚ ਉਸ ਕਬਰ ’ਤੇ
ਜਿਥੇ ’47 ਤੋਂ ਪਹਿਲਾਂ ਫ਼ਕੀਰ ਧਮਾਲ ਪਾਉਂਦਾ ਰਿਹਾ ਸੀ।
ਸਥਾਨ : ਪਿੰਡ ਪਲਾਵਾ, ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ।



ਗੁਰੂ ਨਾਨਕ ਸਵੀਟਸ ਵਾਲੇ ਸ. ਸ਼ਿੰਗਾਰਾ ਸਿੰਘ ਆਪਣੀ ਜਨਮ ਭੌਂ ਪਿੰਡ ਰੱਛਾੜਾ
ਤਹਿਸੀਲ ਡਸਕਾ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ।
ਸਥਾਨ : ਪਿੰਡ ਪਵਾਲਾ, ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ।

ਬਜ਼ੁਰਗ ਓ। ਕੋਈ ਤੁਹਾਨੂੰ ਕੁਝ ਨਹੀਂ ਕਹਿ ਸਕਦਾ। ਜਦ ਤਕ ਤੁਸੀਂ ਸਾਡੇ ਘਰ 'ਚ ਹੋ, ਮੈਂ ਫ਼ੌਜ ਤੋਂ ਛੁੱਟੀ 'ਤੇ ਹੀ ਰਹਾਂਗਾ। ਬਚਨ ਸਿੰਘ ਨੇ ਦੱਸਿਆ ਕਿ ਜੇ ਮੈਂ ਬਾਰਡਰ ਟੱਪ ਕੇ ਆਉਂਦਾ ਤਾਂ ਇਸੇ ਫ਼ੌਜੀ ਨੇ ਮੈਨੂੰ ਜਾਨ ਤੋਂ ਮਾਰ ਦੇਣਾ ਸੀ, ਅੱਜ ਇਹੋ ਫ਼ੌਜੀ ਮੇਰੀ ਹਿਫ਼ਾਜ਼ਤ ਕਰਨ ਲਈ ਫ਼ੌਜ 'ਚੋਂ ਛੁੱਟੀ ਲਈ ਬੈਠਾ ਏ। ਪਾਕਿਸਤਾਨੀ ਮੁਸਲਮਾਨ ਸਿੱਖਾਂ ਨੂੰ ਐਨਾ ਪਿਆਰ ਕਰਦੇ ਹਨ।

***ਨਸੀਬ ਖਾਨ ਦੇ ਨਸੀਬ***

ਪਿੰਡ ਬਾਸੀਆਂ 'ਚ ਇਕ ਅਜਿਹਾ ਪਰਿਵਾਰ ਹੈ ਜੋ 47 ਸਮੇਂ ਮੁਸਲਮ (ਪੇਂਜੇ) ਤੋਂ ਸਿੱਖ ਬਣ ਗਏ ਸਨ। ਪਿਉ ਬਚਨ/ਧਰਮ ਸਿੰਘ, ਮਾਂ ਹਸਰਤ। ਮੇਰੀ ਮੁਲਾਕਾਤ ਨਸੀਬ ਸਿੰਘ ਨਾਲ ਹੋਈ, ਜਿਸ ਦਾ ਮੁਸਲਿਮ ਨਾਮ ਨਸੀਬ ਖ਼ਾਨ ਹੈ। ਉਸ ਦੀ ਘਰਵਾਲੀ ਮਹਿੰਦਰ ਕੌਰ, ਮੁਸਲਮ ਨਾਮ ਮਿੰਦਰੋ। ਨਸੀਬ ਸਿੰਘ ਦੇ ਦੋ ਭਰਾ ਪਿੰਡ ਝੰਜੇੜੀ 'ਚ ਹਨ, ਗੁਰਮੁਖ ਸਿੰਘ ਤੇ ਦਲਬੀਰ ਸਿੰਘ ਘੋਲਾ।

ਨਸੀਬ ਸਿੰਘ ਜੀ ਦੀ ਉਮਰ ਇਸ ਸਮੇਂ 80-82 ਸਾਲ ਦੀ ਹੈ। 47 ਵੇਲੇ ਉਮਰ ਕੋਈ 12-13 ਸਾਲ ਦੀ ਸੀ। (ਇਸ ਹਿਸਾਬ ਨਾਲ ਨਸੀਬ ਸਿੰਘ ਦਾ ਜਨਮ 1933-34 ਵਿਚ ਹੋਇਆ ਹੋ ਸਕਦਾ ਹੈ) ਬਜ਼ੁਰਗ ਨਸੀਬ ਸਿੰਘ ਬੋਲਦੇ ਹਨ—"ਮੁਸਲਮਾਨ ਡਾਰਾਂ ਕੀਆਂ ਡਾਰਾਂ ਬਣਾ ਕੇ ਪਵਾਲਾ ਪਿੰਡ 'ਚ ਕੱਠੇ ਹੋਣ ਲੱਗੇ। ਮਾਹਨੂੰ ਲੱਗਾ ਇਹ ਮਾਰ-ਕੁੱਟ ਕਰਨੇ ਨੂੰ ਜਮ੍ਹਾਂ ਹੋਵਾ, ਬਾਅਦ ਮਾਂ ਪਤਾ ਚਲਿਆ ਉਹ ਤਾਂ ਪਵਾਲਾ ਮਾਂ ਆਪਸ ਮਾਂ ਕੱਠੇ ਹੋ ਰਹੇ ਤੇ ਅੰਬਾਲੇ ਤੇ ਫ਼ੌਜ ਕਿਆਂ ਗੱਡੀਆਂ ਮਾਂ ਜਾਣ ਵਾਸਤੇ। ਹਮਾਂ ਨੇ ਡਾਰਾਂ ਆਹ ਖੇਤਾਂ ਮਾਂਦੀ ਜਾਂਦੀਆਂ ਦੇਖੀਆਂ, ਬਰਾਸ ਪਿੰਡ ਮਾਂ...।" ਬਰਾਸ ਪਿੰਡ 'ਚ ਮੁਸਲਮਾਨਾਂ ਦੀਆਂ ਕਬਰਾਂ ਹਨ, ਮਜ਼ਾਹਰਾਂ ਹਨ, ਅਨੇਕਾਂ ਪਾਕਿਸਤਾਨੀ ਉਧਰੋਂ ਬਰਾਸ 'ਚ ਜ਼ਿਆਰਤ ਕਰਨ ਆਉਂਦੇ ਹਨ।

ਸਵਾਲ : ਤੁਹਾਡਾ ਕੋਈ ਜੀਅ ਉੱਠ ਕੇ ਪਾਕਿਸਤਾਨ ਵੀ ਗਿਆ ?

ਉਤਰ : ਮਾਹਰੇ ਨਾਨਕੇ, ਮੁਲਾਂਪੁਰ ਸਦਾਕਪੁਰ, ਮਾਂ ਰਵ੍ਹੇ ਤੇ ਓਹ ਉੱਠ ਕੇ ਪਾਕਿਸਤਾਨ ਚਲੇ ਗਏ, ਪਰ ਮਾਹਨੂੰ ਨੀ ਪਤਾ, ਓਹ ਕਿੱਥੇ ਹੈ, ਕਿੱਥੇ ਨਹੀਂ। ਮੇਰੇ ਮਾਮੇ ਨੇ ਮਹਾਰੀ ਮਾਂ ਨੂੰ ਕਿਹਾ, ਬਈ ਚੱਲੋ, ਮੇਰਾ ਅੱਬਾ ਤੇ ਮਾਂ ਨੀ ਮੰਨੇ। ਹੁਣ ਸਾਡਾ ਕਦੇ ਕਿਸੇ ਨਾਲ ਕੋਈ ਚਿੱਠੀ-ਪੱਤਰ ਨੀ ਹੋਇਆ। ਮਾਰ੍ਹੇ ਮਾਮੇ ਕੇ ਮੁੰਡੇ ਅਰ ਉਨ੍ਹਾਂ ਕੇ ਨਿਆਣੇ ਹੁਣ ਓਧਰ ਹੋਣਗੇ।

ਸਵਾਲ : ਪਰਿਵਾਰ ਦੇ ਸਾਰੇ ਜੀਅ ਠੀਕ-ਠੀਕ ਐਧਰ ਰਹਿ ਗਏ ?

ਉਤਰ : ਮੇਰੀ ਇਕ ਭੂਆ, ਉਹਦਾ ਨਾਂ ਸਕੂਰਾਂ ਸੀ, ਉਹ ਫਸਾਦੀਆਂ ਨੇ ਬਲਾੜ੍ਹੀ ਪਿੰਡ 'ਚ ਮਾਰਤੀ ਸੀ। ਇਕ ਦੂਜੀ ਭੂਆ ਪੂਰੋ, ਇਥੇ ਹੀ ਰਹਿ ਗੀ, ਓਹਨੇ ਅੰਮ੍ਰਿਤ ਛਕ ਲਿਆ।

ਸਵਾਲ : ਪਿੰਡ ਦੇ ਲੋਕਾਂ ਨੇ ਅੰਮ੍ਰਿਤ ਛਕਾਤਾ ?

ਜਵਾਬ : ਜਾਨ ਬਚਾਉਣ ਲਈ ਕਰਨਾ ਪਿਆ, ਪੂਰੇ ਪਤਾਸੇ ਘੋਲ ਕੇ ਅੰਮ੍ਰਿਤ ਛਕਾਇਆ।

ਸਵਾਲ : ਤੁਸੀਂ ਆਪਣੀ ਜ਼ਿੰਦਗੀ ਕਿਵੇਂ ਸ਼ੁਰੂ ਕੀਤੀ, ਉਸ ਤੋਂ ਬਾਅਦ ?

ਉਤਰ : ਨਸੀਬ ਖ਼ਾਨ ਨੇ ਦੱਸਿਆ ਕਿ ਅਸੀਂ ਜੱਟਾਂ ਨਾਲ ਖੇਤਾਂ 'ਚ ਕੰਮ ਕਰਦੇ ਰਹੇ, ਡੰਗਰ ਵੀ ਚਾਰੇ, ਕਿੰਨੇ ਸਰਦਾਰਾਂ ਨਾਲ ਸਾਂਝੀ ਵੀ ਰਲੇ, ਦਿਹਾੜੀ ਵੀ ਕੀਤੀ। 50 ਸਾਲ ਪਹਿਲਾਂ ਮੇਰਾ ਵਿਆਹ ਇਸੇ ਪਿੰਡ 'ਚ 1300 ਰੁਪਏ 'ਚ ਹੋਇਆ। ਮੇਰੀਆਂ ਚਾਰ ਧੀਆਂ ਦਾ ਵਿਆਹ ਸਾਰੇ ਪਿੰਡ ਨੇ ਇਕੋ ਦਿਨ 'ਚ ਕਰਿਆ। 42000 ਰੁਪਏ ਦਾ ਖਰਚ ਆਇਆ, ਮੈਂ ਕਿੱਥੇ ਕਰ ਸਕਦਾ ਤਾ, ਇਹ ਤਾਂ ਪਿੰਡ ਨੇ ਸਾਂਝ 'ਚ ਹੀ ਕਰਤਾ। ਮੇਰੇ ਸਹੁਰੇ ਦਾਦੂ ਮਾਜਰੇ ਹਨ। ਉਥੇ ਵੀ ਪੇਂਜਿਆਂ ਦੇ ਚਾਰ ਘਰ ਤੇ, '47 ਵੇਲੇ ਸਿੱਖਾਂ ਨੇ ਉਨ੍ਹਾਂ ਸਿੱਖ ਬਣਾ ਕੇ ਆਪਣੇ ਕੋਲ ਹੀ ਰੱਖ ਲਿਆ।

ਨਸੀਬ ਖ਼ਾਨ ਨੇ ਦੱਸਿਆ ਕਿ ਉਨ੍ਹਾਂ ਦੇ ਮਾਮੇ ਦਾ ਪੁੱਤ, ਯੂਸਫ਼ ਪਾਕਿਸਤਾਨ ਤੋਂ ਚਿੱਠੀਆਂ ਲਿਖਦੇ ਹੁੰਦੇ ਸਨ। ਹੁਣ ਮਾਮੇ ਦਾ ਪੁੱਤ ਮਰ-ਮੁਰ ਗਏ। ਉਨ੍ਹਾਂ ਦੇ ਨਿਆਣੇ ਆ ਹੁਣ, ਸਾਡਾ ਉਨ੍ਹਾਂ ਨਾਲ ਕੋਈ ਮਿਲਣ-ਗਿਲਣ



ਗ਼ਫ਼ੂਰ ਖ਼ਾਂ '47 ਤੋਂ ਬਾਅਦ ਪਾਕਿਸਤਾਨ ਫੇਰਾ ਪਾ ਕੇ ਆਏ ਪਰ ਮੁੜ ਆਪਣੇ ਵਤਨ ਆਣ ਵੱਸੇ।
ਸਥਾਨ : ਪਿੰਡ ਪਵਾਲਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ।



ਪੁਰਾਣਾ ਖੂਹ, ਪਿੰਡ ਪੱਤੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ।

ਹੋਇਆ ਨਹੀਂ ਕਦੇ। ਜਦ ਡਾ. ਗੁਰਮੀਤ ਬੈਦਵਾਣ ਪਾਕਿਸਤਾਨ ਗਏ ਤਾਂ ਉਹ ਇਸੇ ਨਸੀਬ ਖ਼ਾਨ ਦੀ ਚਿੱਠੀ ਲੈ ਕੇ ਉਸ ਦੇ ਮਾਮੇ ਦੇ ਪੁੱਤਾਂ ਕੋਲ ਗਏ, ਉਸ ਵਕਤ ਮਾਮੇ ਦੇ ਪੋਤੇ ਆਪਸ 'ਚ ਘਰੇਲੂ ਝਗੜੇ ਕਰਕੇ ਰੁੱਸੇ ਹੋਏ ਸਨ, ਆਪਸੀ ਬੋਲਚਾਲ ਵੀ ਬੰਦ ਸੀ। ਪਰ ਜਦ ਡਾ. ਬੈਦਵਾਣ ਚਿੱਠੀ ਲੈ ਕੇ ਪੁੱਜੇ ਤਾਂ ਉਹ ਪੁਰਾਣੇ ਸਭ ਗਿਲੇ-ਸ਼ਿਕਵੇ ਭੁਲਾ ਕੇ ਫਿਰ ਤੋਂ ਇਕ ਹੋ ਗਏ, ਇਹ ਹੈ ਕਿਸੇ ਆਪਣੇ ਦੀ ਮਿੱਠੀ ਚਿੱਠੀ ਦੀ ਤਾਕਤ।

ਸਵਾਲ : ਉਸ ਸਮੇਂ ਇਹ ਸਭ ਕੀ ਕੁਝ ਹੋਇਆ ? ਤੁਹਾਨੂੰ ਕੁਝ ਮਹਿਸੂਸ ਹੋਇਆ ?

ਉਤਰ : ਨਾ ਮੈਨੂੰ ਕੁਸ਼ ਵੀ ਮਹਿਸੂਸ ਨਹੀਂ ਹੋਇਆ। ਇਹ ਕੁਸ਼ ਅੰਗਰੇਜ਼ਾਂ ਦਾ ਕੀਤਾ ਕਰਾਇਆ ਤਾ। ਸਾਨੂੰ ਕੋਈ ਖ਼ਬਰ ਨਾ ਚੇਤਾ ਕਿ ਕਿਆ ਹੋ ਗਿਆ।

ਨਸੀਬ ਖ਼ਾਨ ਦੇ ਸਿਰ 'ਤੇ ਹਮੇਸ਼ਾ ਪੰਡ ਰਹੀ ਹੈ, ਸਿਰ ਉੱਤੇ ਘਾਹ ਦੀ ਤੇ ਮਨ ਅੰਦਰ '47 ਦੀ ਵੰਡ ਦੀ। ਨਸੀਬ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰੇ ਵੀ ਜਾਂਦੇ ਹਨ ਤੇ ਮਸਜਿਦ ਵੀ ਜਾਂਦੇ ਹਨ। ਅਸੀਂ ਨਮਾਜ਼ ਪੜ੍ਹਨੀ ਨਹੀਂ ਜਾਣਦੇ। ਪਰ ਮੇਰੀ ਪੋਤ-ਨੂੰਹ ਕੁਰਾਨ ਪੜ੍ਹ ਲੈਂਦੀ। ਮੈਂ ਤਸਬੀ ਫੇਰ ਲੈਂਦਾ ਹਾਂ। ਯਾ-ਅੱਲ੍ਹਾ, ਯਾ-ਅੱਲ੍ਹਾ ਬੋਲ-ਬੋਲ ਕੇ ਫੇਰਦਾ ਹਾਂ।

ਰੱਬ ਦਾ ਸਬਰ-ਸ਼ੁਕਰ ਹੈ, ਜੋ ਵੀ ਹੋਇਆ ਓਹਨੇ ਸਾਡੀ ਇੱਜ਼ਤ ਰੱਖ ਲਈ ਹੈ। ਹੁਣ ਬਾਸੀਆਂ ਪਿੰਡ 'ਚ ਸਾਡੇ ਅੱਠ ਘਰ ਹੋ ਗਏ ਹਨ। ਹੁਣ ਅਸੀਂ ਮੁਸਲਮਾਨਾਂ ਵਾਂਗੂੰ ਹੀ ਰਹਿੰਦੇ ਹਾਂ। ਵਾਹਿਗੁਰੂ ਕਦੇ ਮੂੰਹ 'ਚੋਂ ਨਿਕਲਦਾ ਨਹੀਂ, ਅੱਲ੍ਹਾ ਕਹੇ ਬਿਨਾਂ ਸਰਦਾ ਨਹੀਂ।

ਤੁਸੀਂ ਕੋਈ ਸੁਨੇਹਾ ਲੋਕਾਂ ਲਈ ਦੇਣਾ ਚਾਹੁੰਦੇ ਹੋ ?


ਨਸੀਬ ਖਾਨ : ਦੁਆ ਹੈ ਭਾਈ, ਕਿਸੇ ਨੂੰ ਉਹ ਦਿਨ, ਉਹ ਦੁੱਖ ਨਾ ਕੱਟਣੇ ਪੈਣ। ਜੋ ਗ਼ੁਰਬਤ ਅਸੀਂ ਕੱਟੀ, ਰੱਬ ਕਿਸੇ ਨੂੰ ਨਾ ਦਿਖਾਏ।

### *ਪਿੰਡ ਪਵਾਲਾ*

ਮੋਰਾਲੀ ਤੋਂ ਚੁੰਨੀ ਕਲਾਂ 17 ਕਿਲੋਮੀਟਰ ਹੈ ਤੇ ਚੁੰਨੀ ਤੋਂ ਪਵਾਲਾ 6 ਕਿਲੋਮੀਟਰ ਹੈ। ਪਿੰਡ ਪਵਾਲਾ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਆਖ਼ਰੀ ਪਿੰਡ ਹੈ। ਇਹ ਇਕ ਇਤਿਹਾਸਕ ਪਿੰਡ ਹੈ। 18ਵੀਂ ਸਦੀ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਤਵੇਂ ਜਥੇਦਾਰ (ਸ਼ਹੀਦ) ਬਾਬਾ ਹਨੂੰਮਾਨ ਸਿੰਘ ਜੀ (ਬੁੱਢਾ ਦਲ) ਇਸ ਪਿੰਡ ਵਿਚ ਠਹਿਰੇ ਸਨ ਅਤੇ ਉਨ੍ਹਾਂ ਦੇ ਕੁਝ ਸਿੰਘ ਇਸ ਪਿੰਡ 'ਚ ਸ਼ਹੀਦ ਹੋਏ ਸਨ, ਉਨ੍ਹਾਂ ਦੀਆਂ ਸ਼ਹੀਦੀ ਯਾਦਗਾਰਾਂ ਇਸ ਪਿੰਡ 'ਚ ਅਜੇ ਵੀ ਹਨ।

ਲੰਬਰਦਾਰ, ਬਲਵੰਤ ਸਿੰਘ ਖੋਖਰ, ਜੋ ਪਿੰਡ ਦੇ ਸਰਪੰਚ ਵੀ ਰਹੇ ਹਨ, ਉਨ੍ਹਾਂ ਦੀ ਉਮਰ 47 ਸਮੇਂ 18-20 ਸਾਲ ਸੀ, ਆਧਾਰ ਕਾਰਡ 'ਤੇ ਉਨ੍ਹਾਂ ਦਾ ਜਨਮ ਸਾਲ 1931 ਲਿਖਿਆ ਹੈ। ਪਿਤਾ ਪਰਤਾਪ ਸਿੰਘ ਖੋਖਰ ਸਨ। ਦਾਦਾ ਹੀਰਾ ਸਿੰਘ। '47 ਤੋਂ ਪਹਿਲਾਂ ਇਨ੍ਹਾਂ ਦਾ ਇੱਟਾਂ ਦਾ ਭੱਠਾ ਹੁੰਦਾ ਸੀ, ਤਾਇਆ ਗੰਡਾ ਸਿੰਘ ਹੁੰਦਾ ਸੀ। ਬਜ਼ੁਰਗ ਬਲਵੰਤ ਸਿੰਘ ਲੰਬਰਦਾਰ ਨੇ ਹੀ ਮੈਨੂੰ 47 ਤੋਂ ਪਹਿਲੇ ਪਵਾਲਾ ਪਿੰਡ ਦੀ ਜਾਣਕਾਰੀ ਦਿੱਤੀ। ਪਿੰਡ ਮੱਛਲੀ ਇਕ ਸਕੂਲ ਹੁੰਦਾ ਸੀ, ਜਿਥੇ ਇਹ ਦੋ-ਤਿੰਨ ਸਾਲ ਪੜ੍ਹੇ ਸਨ। ਇਨ੍ਹਾਂ ਦੇ ਹਾਣੀ ਸਨ ਦੁੱਲੇ ਦਾ ਮੁੰਡਾ ਸਲਾਮੋਂ, ਓਹਦਾ ਭਰਾ ਸ਼ੇਰੂ। ਇਕ ਅਜੀਜ਼ ਹੁੰਦਾ ਸੀ, ਅਸੀਂ ਉਹਨੂੰ ਕੋਤਰੂ ਕਹਿੰਦੇ ਹੁੰਦੇ ਸੀ, ਕੱਠੇ ਕਬੱਡੀ ਖੇਡਦੇ ਹੁੰਦੇ ਸੀ। ਅਸੀਂ ਦੋ ਸੇਰ ਘਿਉ ਪੀ ਲੈਂਦੇ ਸੀ ਇਕੋ ਬਾਰ 'ਚ। ਮਜੀਦ ਘੁਮਿਆਰ ਹੁੰਦਾ ਸੀ। ਮਾਘੀ ਰਾਮਦਾਸੀਆ 14 ਹੱਥ ਲੰਬੀ ਛਾਲ ਮਾਰ ਦਿੰਦਾ ਸੀ, ਸਾਰੇ ਇਲਾਕੇ 'ਚ ਲੰਬੀ ਛਾਲ ਮਾਰਦਾ ਸੀ।

ਪਿੰਡ ਦੇ ਅਮੀਰ ਕਾਸਿਮ ਅਲੀ ਲੰਬਰਦਾਰ ਬਾਰੇ ਦੱਸਿਆ, ਉਹਦੇ ਮੁੰਡੇ ਸ਼ੀਨੂੰ, ਸੀਦੂ ਸਨ। ਸੀਦੂ ਆਪਣੇ ਖ਼ੀਸੇ 'ਚ ਰਿਓੜੀਆਂ ਰੱਖਦਾ ਹੁੰਦਾ ਸੀ। ਬੱਚੇ ਉਹਨੂੰ ਚਾਚਾ-ਚਾਚਾ ਕਹਿੰਦੇ ਹੁੰਦੇ ਸਨ। ਜੋ ਕੋਈ ਬੱਚਾ ਉਹਨੂੰ ਤਾਇਆ ਕਹਿੰਦਾ ਸੀ ਤੇ ਉਹ ਉਸ ਨੂੰ ਰਿਓੜੀਆਂ ਨਹੀਂ ਸੀ ਦਿੰਦਾ ਹੁੰਦਾ। ਮੇਹਰ ਅਲੀ ਵੀ ਇਕ ਅਮੀਰ ਮੁਸਲਮਾਨ ਹੁੰਦਾ ਸੀ, ਉਹਦੇ ਮੁੰਡੇ ਤਰੀਫ਼ ਤੇ ਨਸੀਰ ਹੁੰਦੇ ਸਨ। ਇਕ ਸੂਬਾ ਮੁਸਲਮਾਨ ਹੁੰਦਾ ਸੀ, ਉਹਦੇ ਮੁੰਡੇ ਸਨ ਯੂਸੁਫ਼ ਤੇ ਨੂਰਾ। ਇਕ ਸੱਤਾਰ ਹੁੰਦਾ ਸੀ, ਇਕ ਨਿਹਾਲਾ ਹੁੰਦਾ ਸੀ। ਇਕ ਮੇਹਰੂ ਘੁਮਿਆਰ ਹੁੰਦਾ ਸੀ,



ਬਾਪੂ ਜਗੀਰ ਸਿੰਘ ਆਪਣੇ ਪਿੰਡ ਗੋਜਰਾ ਬਾਰੇ ਜਾਣਕਾਰੀ ਦਿੰਦੇ ਹੋਏ।
ਸਥਾਨ : ਪਿੰਡ ਮੱਛਲੀ ਖੁਰਦ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ,



ਸੰਨ '47 ਵੇਲੇ ਬੇਬੇ ਅਮਰ ਕੌਰ ਦੀ ਉਮਰ ਕੋਈ 20 ਸਾਲ ਸੀ, ਉਸਦਾ ਮੁਕਲਾਵਾ ਇਸੇ ਸਾਲ ਹੋਣਾ ਸੀ।
ਸਥਾਨ : ਪਿੰਡ ਮੱਛਲੀ ਖ਼ੁਰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ।

ਉਹਦਾ ਮੁੰਡਾ ਸੀ ਖ਼ੈਰਦੀਨ। ਬਾਅਦ 'ਚ ਖ਼ੈਰਦੀਨ ਪਵਾਲੇ ਆਇਆ ਵੀ ਸੀ। ਉਹ ਸ਼ਾਇਦ ਸਿਆਲਕੋਟ ਰਹਿੰਦਾ ਏ। ਹੁਣ ਤਾਂ ਮਰ-ਮੁਰ ਗਿਆ ਹੋਣਾ।

ਫਿਰ ਬਜ਼ੁਰਗ ਬਲਵੰਤ ਸਿੰਘ ਖੋਖਰ ਨੇ ਦੱਸਿਆ ਪਵਾਲੇ 'ਚ ਖ਼ੁਦਾਇਆ ਮੁਸਲਮਾਨ ਸੀ, ਉਸ ਦਾ ਮੁੰਡਾ ਸੀ ਸ਼ਰੀਫ। ਇਕ ਹੋਰ ਮੁਸਲਮਾਨ ਸੀ ਜਿਊਣਾ, ਉਹਦਾ ਮੁੰਡਾ ਸੀ ਇਸਮਾਇਲ। ਸਾਰੇ ਪਿੰਡ 'ਚ ਉਨ੍ਹਾਂ ਦਾ ਹੀ ਪੱਕਾ ਚੁਬਾਰਾ ਸੀ। ਲੰਬਰਦਾਰ ਬਲਵੰਤ ਸਿੰਘ ਖੋਖਰ ਨੇ ਦੱਸਿਆ ਕਿ ਜਿਥੇ ਅੱਜ ਪਿੰਡ ਦਾ ਮਿਡਲ ਸਕੂਲ ਹੈ, ਓਥੇ ਇਕ ਫ਼ਕੀਰ ਦੀ ਕਬਰ ਅੱਜ ਵੀ ਹੈ, ਓਥੇ ਇਕ ਬੰਦਾ ਰੋਜ਼ ਸ਼ਾਮ ਨੂੰ ਢੋਲ 'ਤੇ ਧਮਾਲ ਪਾਉਂਦਾ ਹੁੰਦਾ ਸੀ। ਮੈਨੂੰ ਉਹ ਉਸ ਕਬਰ 'ਤੇ ਲੈ ਕੇ ਵੀ ਗਏ। ਬਲਵੰਤ ਸਿੰਘ ਲੰਬਰਦਾਰ ਜੀ ਨੇ ਦੱਸਿਆ ਕਿ ਪਿੰਡ ਮਹਿਦੂਦਾਂ ਦੇ ਤਿੰਨ ਅਮੀਰ ਮੁਸਲਮਾਨ ਹੁੰਦੇ ਸਨ। ਤਿੰਨੇ ਹੀ ਬਹੁਤ ਇਮਾਨਦਾਰ, ਇਕ ਗ਼ੁਲਾਮ ਰਸੂਲ ਸੀ, ਸਰਹਿੰਦ ਵਾਲਾ ਤਹਿਸੀਲਦਾਰ ਵੀ ਓਹਦਾ ਕਿਹਾ ਨਹੀਂ ਸੀ ਮੋੜਦਾ। ਗੁਲਾਮ ਰਸੂਲ ਉਰਦੂ 'ਚ ਲਿਖ ਕੇ ਜ਼ਮੀਨ ਦੀ ਖ਼ਰੀਦ-ਵੇਚ ਲੋਕਾਂ ਨੂੰ ਦੇ ਦਿੰਦਾ ਸੀ ਤੇ ਕਹਿੰਦਾ ਸੀ ਕਿ ਤਹਿਸੀਲਦਾਰ ਨੂੰ ਜਾ ਕੇ ਦੇ ਦੇਈਂ। ਤਹਿਸੀਲਦਾਰ ਬਿਨਾਂ ਕੋਈ ਸਵਾਲ ਪੁੱਛੇ-ਗਿੱਛੇ ਜ਼ਮੀਨ ਦਾ ਮਾਮਲਾ ਨਿਪਟਾ ਦਿੰਦਾ ਸੀ। ਅਫ਼ਸਰ ਉਹਦੀ ਗੱਲ ਮੰਨਦੇ ਸਨ।

### *ਗੁਰੂ ਨਾਨਕ ਸਵੀਟਸ ਦਾ ਜਨਮ '47 ਦੀ ਕੁੱਖੋਂ*

ਸ਼ਿੰਗਾਰਾ ਸਿੰਘ ਦੀ ਉਮਰ 1947 ਸਮੇਂ 15 ਕੁ ਸਾਲ ਦੀ ਸੀ। ਪਿੰਡ ਰੱਛਾੜਾ (ਜਦਾਲਾ), ਤਹਿਸੀਲ ਡਸਕਾ, ਜ਼ਿਲ੍ਹਾ ਸਿਆਲਕੋਟ। ਪਿਤਾ ਮੱਘਰ ਸਿੰਘ। ਜਦ ਸ਼ਿੰਗਾਰਾ ਸਿੰਘ 5-6 ਸਾਲ ਦੇ ਸਨ ਤਾਂ ਪਿਤਾ ਮੱਘਰ ਸਿੰਘ ਦੀ ਮੌਤ ਰੱਛਾੜਾ 'ਚ ਹੀ ਹੋ ਗਈ ਸੀ। ਭਰਾ ਕਰਤਾਰ ਸਿੰਘ, ਭਗਵਾਨ ਸਿੰਘ ਭਾਨਾ (ਇਹ ਪਾਕਿਸਤਾਨ ਵੀ ਗਏ ਸਨ), ਜੋਗਿੰਦਰ ਸਿੰਘ, ਪਿਆਰਾ ਸਿੰਘ, ਚਾਚੇ-ਤਾਏ ਦੇ ਘਰ 'ਚੋਂ ਹਨ।

ਸਾਡੇ ਪਿੰਡ 'ਚ ਸਿੱਖਾਂ ਦੇ ਘਰ ਜ਼ਿਆਦਾ ਸਨ, ਮੁਸਲਮਾਨ ਵੀ ਜ਼ਿਆਦਾ ਗਿਣਤੀ ਵਿਚ ਸਨ, ਕੁਝ ਘਰ ਮੁਸੱਲੀ ਤੇ ਈਸਾਈਆਂ ਦੇ ਵੀ ਸਨ। ਪਿੰਡਾਂ 'ਚ ਸਿੱਖਾਂ ਦਾ ਦਬਦਬਾ ਸੀ। ਮੇਰੀ ਪੜ੍ਹਾਈ-ਲਿਖਾਈ ਕੋਈ ਨਹੀਂ ਹੋਈ, ਕਦੇ ਸਕੂਲ ਨਹੀਂ ਗਿਆ। ਟੋਬੇ 'ਤੇ ਵਗ ਜਾਂਦੇ ਸੀ ਕਦੇ-ਕਦੇ ਮੌਲਵੀ ਕੋਲ ਪੜ੍ਹਨ, ਪਰ ਕੋਈ ਪੜ੍ਹਾਈ ਕੀਤੀ ਨਹੀਂ। 15 ਸਾਲ ਦੀ ਉਮਰ ਵਿਚ ਹੀ ਮੇਰਾ ਵਿਆਹ ਪਿੰਡ ਗੁੰਨਾ 'ਚ ਹੋ ਗਿਆ ਸੀ। ਮੇਰੇ ਵਿਆਹ 'ਚ ਚੰਗੇ ਰੁਤਬੇ ਵਾਲੇ ਮੁਸਲਮਾਨ ਵੀ ਆਏ ਸਨ, ਮੇਰੇ ਪਿਓ ਦੇ ਜਾਣਕਾਰ ਸਨ। ਮੇਰੇ ਬਚਪਨ ਦੇ ਹਾਣੀ ਸਨ ਰੱਖਾ, ਇਸਮਾਂ (ਸ਼ਹਿਨਸ਼ਾਹ ਦੇ ਮੁੰਡੇ ਸਨ), ਫੱਗੂ ਈਸਾਈ, ਜੀਤੂ ਭੇਡੂ। ਸ਼ਹਿਨਸ਼ਾਹ ਸਾਡੇ ਪਿੰਡ ਦਾ ਜਗੀਰਦਾਰ ਸੀ, ਰੁਤਬੇ ਵਾਲਾ ਬੰਦਾ ਸੀ। ਸਾਡੀ ਜ਼ਮੀਨ ਸੀ, ਦੋ-ਤਿੰਨ ਸੌ ਬਿੱਘੇ, ਖੂਹ ਵਾਲੀ ਜ਼ਮੀਨ ਸੀ। ਸਾਨੂੰ ਇੰਡੀਆ 'ਚ ਸਾਰੀ ਜ਼ਮੀਨ ਦਾ ਮੁਆਵਜ਼ਾ ਨਹੀਂ ਮਿਲਿਆ। ਜਦ ਸਮੇਂ ਦੀ ਮਾਰ ਪਈ, ਅਸੀਂ 15 ਭਾਦੋਂ ਨੂੰ ਆਪਣਾ ਪਿੰਡ ਛੱਡ ਕੇ ਰਾਤ ਨੂੰ ਨੌਂ-ਦਸ ਵਜੇ ਨਿਕਲੇ ਸਾਂ। ਮੈਨੂੰ ਯਾਦ ਹੈ, ਉਦੋਂ ਬਾਰਿਸ਼ ਪੈ ਰਹੀ ਸੀ। ਸਾਡੇ ਕਾਫ਼ਲੇ ਪੈਦਲ ਹੀ ਨਿਕਲ ਆਏ। ਚਾਰੇ ਪਾਸੇ ਮਾਰੋ-ਮਾਰ ਹੋ ਗਈ। ਸਾਡੇ ਪਿੰਡ ਵਾਲੇ ਪਟਿਆਲਾ ਜਾਣ ਲਈ ਨਿਕਲੇ। ਸਾਨੂੰ ਪਤਾ ਸੀ ਕਿ ਪਟਿਆਲਾ ਦੇ ਪਿੰਡਾਂ 'ਚ ਸਾਨੂੰ ਵਧੀਆ ਜ਼ਮੀਨ ਮਿਲ ਜਾਏਗੀ, ਸੋ ਅਸੀਂ ਸਾਰੇ ਪਟਿਆਲੇ ਵੱਲ ਨੂੰ ਰਵਾਨਾ ਹੋ ਗਏ। ਅਸੀਂ ਰਸਤੇ 'ਚ ਛੱਪੜਾਂ 'ਚ ਮੁਰਦਾ ਲਾਸ਼ਾਂ ਨੂੰ ਪਾਸੇ ਕਰਕੇ ਪਾਣੀ ਪੀਤਾ। ਅਸੀਂ 5-6 ਨਿਆਣੇ ਕੈਂਪ 'ਚੋਂ ਖੇਤਾਂ 'ਚ ਗੰਨੇ ਚੂਪਣ ਚਲੇ ਗਏ, ਜਦ ਕਮਾਦ 'ਚ ਵੜੇ, ਅਸੀਂ ਉਥੇ ਲਾਸ਼ਾਂ ਦੇ ਢੇਰ ਲੱਗੇ ਦੇਖੇ, ਅਸੀਂ ਡਰਦੇ ਮਾਰੇ ਭੱਜ ਆਏ ਉਥੋਂ। ਨਾਰੋਵਾਲ ਪਤਾ ਲੱਗਾ ਕਿ ਸਾਰੇ ਖੂਹਾਂ 'ਚ ਜ਼ਹਿਰ ਪਾ ਦਿੱਤੀ ਹੈ। ਸਾਨੂੰ ਪਾਣੀ ਨਾ ਮਿਲਿਆ। ਅਸੀਂ ਇਕ ਮੌਲਵੀ ਦੇ ਘਰ ਪਾਣੀ ਪੀਤਾ। ਉਥੇ ਪੰਜ-ਸੱਤ ਮੁਸਲਮਾਨ ਪਾਣੀ ਦੇ ਲੋਟੇ ਲੈ ਕੇ ਸਿੱਖਾਂ ਨੂੰ ਪਾਣੀ ਪਿਲਾ ਰਹੇ ਸਨ। ਮਦਦ ਕਰਨ ਵਾਲੇ ਵੀ ਸਨ, ਰੱਬ ਦਾ ਭੈਅ ਰੱਖਣ ਵਾਲੇ ਵੀ ਹਨ।

ਅਸੀਂ ਕਿੰਨੇ ਹੀ ਦਿਨ ਨਾਰੋਵਾਲ 'ਚ ਫਸੇ ਰਹੇ। ਪਟਿਆਲਾ ਦੇ ਰਾਜੇ ਭੁਪਿੰਦਰ ਸਿੰਘ ਦੀ ਇਕ ਚਿੱਠੀ ਆਈ ਕਿ ਸਾਰੇ ਸਿੱਖਾਂ ਨੂੰ ਨਾਰੋਵਾਲ ਤੋਂ ਕੱਢਣ ਲਈ ਜਲਦ ਹੀ ਮਿਲਟਰੀ ਆ ਜਾਏਗੀ। ਸਾਡੇ ਸਾਰੇ ਲੋਕ ਠੀਕ-ਠਾਕ ਇੰਡੀਆ ਆ ਗਏ ਸਨ। ਕਿਸੇ ਨਾਲ ਕੋਈ ਮਾਰ-ਕੱਟ ਨਹੀਂ ਹੋਈ। ਪੰਜ-ਸੱਤ ਦਿਨ ਲੱਗ ਗਏ, ਸਿਆਲਕੋਟ ਤੋਂ ਗੁਰਦਾਸਪੁਰ ਪੁੱਜਣ ਲਈ। ਬਾਰਿਸ਼ ਦਾ ਕੋਈ ਬਹੁਤਾ ਹੀ ਕਹਿਰ ਹੋਇਆ, ਸਾਉਣ-ਭਾਦੋਂ 'ਚ। ਗੁਰਦਾਸਪੁਰ ਅਸੀਂ ਇਕ ਰਾਤ ਇਕ ਮਸੀਤ ਦੇ ਉਪਰ ਚੜ੍ਹ ਕੇ ਕੱਟੀ। ਸਾਰੇ ਪਾਸੇ ਪਾਣੀ-ਪਾਣੀ ਹੋਣ ਕਰਕੇ ਅਸੀਂ ਜਲਦੀ ਹੀ

ਪਟਿਆਲਾ ਵੱਲ ਨੂੰ ਆ ਗਏ। ਪਾਵਲੇ ਸਾਨੂੰ ਜ਼ਮੀਨਾਂ ਅਲਾਟ ਹੋ ਗਈਆਂ। ਖੇਤੀ ਦਾ ਕੰਮ ਸ਼ੁਰੂ ਕਰ ਲਿਆ। ਲੋਕਾਂ ਦੇ ਘਰਾਂ 'ਚ ਦੁੱਧ ਪਾਉਣਾ ਸ਼ੁਰੂ ਕੀਤਾ। 1 ਰੁਪਏ ਕਿੱਲੋ ਦੁੱਧ ਵੇਚਿਆ। 7 ਕਿੱਲੇ ਜ਼ਮੀਨ ਹੋਰ ਲੈ ਲਈ।

ਸ਼ਿੰਗਾਰਾ ਸਿੰਘ ਦੇ ਸੱਤ ਪੁੱਤ ਹਨ। ਵੱਡੇ ਮੁੰਡੇ ਬੰਤ ਸਿੰਘ ਨੇ ਡੇਅਰੀ ਦਾ ਕੰਮ ਸ਼ੁਰੂ ਕਰ ਲਿਆ। ਉਹ ਜਰਮਨ ਚਲਾ ਗਿਆ ਸੀ। ਬਾਕੀ ਦੇ ਹੋਰ ਮੁੰਡੇ ਹਨ—ਬਲਕਾਰ ਸਿੰਘ, ਕੁਲਵੰਤ ਸਿੰਘ, ਦਰਬਾਰਾ ਸਿੰਘ, ਫੁੱਮਣ ਸਿੰਘ, ਗੁਰਮੀਤ ਸਿੰਘ, ਕੁਲਦੀਪ ਸਿੰਘ। ਚੰਡੀਗੜ੍ਹ-ਮੋਹਾਲੀ 'ਚ ਸਾਰੇ ਭਰਾਵਾਂ ਨੇ 5-7 ਗੁਰੂ ਨਾਨਕ ਸਵੀਟਸ ਤੇ ਰੈਸਟੋਰੈਂਟ ਖੋਲ੍ਹ ਲਏ। ਸਾਰੇ ਕਾਮਯਾਬ ਨੇ, ਚੰਡੀਗੜ੍ਹ-ਮੋਹਾਲੀ ਸ਼ਹਿਰਾਂ 'ਚ ਰਹਿੰਦੇ ਨੇ ਸਾਰੇ।

### *ਗ਼ਫ਼ੂਰ ਖ਼ਾਨ*

ਗ਼ਫ਼ੂਰ ਖ਼ਾਨ ਦੀ ਉਮਰ '47 ਵੇਲੇ 13-14 ਸਾਲ ਦੀ ਸੀ। ਅੱਬਾ ਦਾ ਨਾਂ ਸ਼ੁਜਾਦ ਖ਼ਾਨ। ਮਾਂ ਦਾ ਨਾਂ ਅਕੀ। ਚਾਰ ਭਰਾ ਸਨ : ਨੂਰ ਅਹਿਮਦ, ਮਜੀਦ, ਖ਼ੈਰਦੀਨ ਤੇ ਗ਼ਫ਼ੂਰ ਖ਼ਾਨ। ਜੱਦੀ ਪਿੰਡ ਸੀ ਘੋਗਾ ਕਮਾਲੀ, ਮਾਣਕਪੁਰ ਕੋਲ ਹੈ। ਨਾਨਕਾ ਪਿੰਡ ਸੀ ਰਿਉਣਾ (ਨੀਵਾਂ ਰਿਉਣਾ)। ਸਾਡੇ ਪਿੰਡ 'ਚ ਪੰਜ-ਸੱਤ ਘਰ ਸਨ ਮੁਸਲਮਾਨਾਂ ਦੇ, ਇਕ ਸਾਊਦੀ ਖ਼ਾਨ ਰੰਘੜ ਸੀ, ਫੈਜਾ ਗੁੱਜਰ, ਜਾਨਾ ਗੁੱਜਰ, ਕੂੜ ਗੁੱਜਰ, ਨਵੀਆ ਗੁੱਜਰ, ਜਮਾਲੇ ਦਾ ਮੁੰਡਾ ਸੀ ਇਕ। ਪਿੰਡ ਦੀ ਜਿਹੜੀ ਮਸਜਿਦ ਹੁਣ ਖੁੱਲ੍ਹੀ ਹੈ, ਉਹ ਅਸੀਂ 20-25 ਸਾਲ ਪਹਿਲਾਂ ਹੀ ਮੁਰੰਮਤ ਕਰਵਾ ਕੇ ਵਰਤਣੀ ਸ਼ੁਰੂ ਕੀਤੀ ਹੈ। ਉਥੇ ਇਕ ਯੂ.ਪੀ. ਦਾ ਪਰਿਵਾਰ ਰਹਿੰਦਾ ਏ, ਓਹੀ ਮਸਜਿਦ ਦੀ ਦੇਖ-ਭਾਲ ਕਰਦੇ ਨੇ। (ਉਥੇ ਮੌਲਵੀ ਦਾ ਮੁੰਡਾ, ਜੋ ਪਿੰਡ ਮਛਲੀ ਕਲਾਂ 'ਚ 11ਵੀਂ 'ਚ ਪੜ੍ਹਦਾ ਹੈ, ਉਹ ਵੀ ਨਮਾਜ਼ ਲਈ ਅਜ਼ਾਨ ਦਿੰਦਾ ਹੈ।)

47 ਤੋਂ ਪਹਿਲਾਂ ਅਸੀਂ ਖੇਤੀ ਕਰਦੇ ਹੁੰਦੇ ਸੀ, ਜੱਟਾਂ ਦੇ ਖੇਤਾਂ 'ਚ। 47 ਵੇਲੇ ਅਸੀਂ ਬਰਾਸ 'ਚ ਆਣ ਇਕੱਠੇ ਹੋਏ। ਕਈ ਮੁਸਲਮਾਨ ਖੇੜੇ 'ਚ ਜਮ੍ਹਾ ਹੋ ਗਏ। ਸਾਡਾ ਟੱਬਰ ਰਿਸ਼ਤੇਦਾਰਾਂ ਨਾਲ ਮਿਲ ਕੇ ਮਲੇਰਕੋਟਲੇ ਚਲੇ ਗਏ। ਅਸੀਂ ਤਿੰਨ ਸਾਲ ਮਲੇਰਕੋਟਲੇ ਰਹੇ। ਪਿੰਡ 'ਚ ਅਸੀਂ ਬੱਕਰੀਆਂ-ਭੇਡਾਂ ਦੇ ਇੱਜੜ ਛੱਡ ਕੇ ਮੱਝਾਂ ਛੱਡ ਕੇ ਚਲੇ ਗਏ ਸੀ। ਕਿਸੇ ਰਿਸ਼ਤੇਦਾਰ ਨੇ ਸਾਡੀ ਕੋਈ ਮਦਦ ਨਹੀਂ ਕੀਤੀ। ਅਸੀਂ ਮਲੇਰਕੋਟਲੇ ਜੱਟਾਂ ਦੇ ਨਾਲ ਖੇਤਾਂ 'ਚ ਕੰਮ ਕਰਨ ਲੱਗ ਗਏ। ਸਾਡੇ ਟੱਬਰ ਨੇ 3 ਸਾਲ ਲਗਾਤਾਰ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕੀਤੀ। ਸਾਡੀਆਂ ਮਾਸੀਆਂ ਪਾਕਿਸਤਾਨ ਚਲੀਆਂ ਗਈਆਂ। ਸਾਡਾ ਏਧਰ ਜੀ ਨਾ ਲੱਗੇ, ਅਸੀਂ ਬਸ ਪਾਕਿਸਤਾਨ ਦੀ ਜ਼ਿਦ ਫੜ ਲਈ। ਅਸੀਂ ਜਾਣ ਦੀ ਤਿਆਰੀ ਕਰਦੇ ਰਹੇ ਪਰ ਸਾਡਾ ਰਿਸ਼ਤੇਦਾਰ ਪੁਲਿਸ 'ਚ ਸੀ, ਉਹ ਸਾਨੂੰ ਜਾਣ ਨਹੀਂ ਸੀ ਦਿੰਦਾ। ਉਹ ਕਹਿੰਦਾ, ਮੈਂ ਜਾਣ ਨਹੀਂ ਦੇਣਾ। ਪਾਕਿਸਤਾਨ 'ਚ ਲੋਕਾਂ ਦਾ ਮਾੜਾ ਹਾਲ ਏ, ਤੁਸੀਂ ਉਥੇ ਕੀ ਕਰੋਗੇ। ਜੇ 10-15 ਦਿਨ ਜਾਣਾ ਹੈ ਤਾਂ ਜਾ ਆਓ। ਸਾਡੇ ਮਾਮੇ ਦਾ ਟੱਬਰ ਤੇ ਮਾਸੀਆਂ ਦੇ ਟੱਬਰ ਪਾਕਿਸਤਾਨ ਚਲੇ ਗਏ ਸਨ। ਬਸ ਉਨ੍ਹਾਂ ਕੋਲ ਜਾਣਾ ਸੀ। ਮਾਮੀ ਦੀ ਕੁੜੀ ਮੇਰੇ ਭਗੜਾਣੇ ਵਾਲੇ ਮਾਸੀ ਦੇ ਮੁੰਡੇ ਦੀ ਮੰਗ ਸੀ, ਸਰਗੋਧੇ 'ਚ। ਉਹਦੇ ਸਹੁਰੇ ਰੇਲਵੇ 'ਚ ਕੰਮ ਕਰਦੇ ਸੀ। ਰਹਿੰਦੇ ਉਹ ਜ਼ਿਲ੍ਹਾ ਗੁਜਰਾਤ ਦਾ ਇਕ ਪਿੰਡ ਹੈ, ਸ਼ਾਦੀਵਾਲ (ਸ਼ਾਦੀਆਲ) ਉਥੇ ਸੀ।

ਅਸੀਂ ਦਿੱਲੀ ਤੋਂ ਜਾ ਕੇ ਵੀਜ਼ਾ ਲਵਾ ਲਿਆਏ। ਚਾਰ ਜਣੇ ਸੀ ਅਸੀਂ, ਦੋ ਭਗੜਾਣੇ ਤੋਂ, ਇਕ ਰਾਜਪੁਰੇ ਤੋਂ ਤੇ ਇਕ ਮੈਂ। ਦੂਜੇ ਦਿਨ ਅਸੀਂ ਵਾਇਆ ਸਰਹੰਦ ਤੋਂ ਹੋ ਕੇ ਅੰਮ੍ਰਿਤਸਰ ਪੁੱਜ ਗਏ। ਅਸੀਂ ਪਿੰਡ ਸ਼ਾਦੀਵਾਲ, ਜ਼ਿਲ੍ਹਾ ਗੁਜਰਾਤ ਜਾਣਾ ਸੀ। ਬਾਰਡਰ 'ਤੇ ਸਾਡੇ ਕੋਲੋਂ ਪਾਕਿਸਤਾਨੀ ਪੁਲਿਸ ਵਾਲੇ ਪੈਸੇ ਮੰਗਣ। ਸਾਡੇ ਕੋਲ 300 ਰੁਪਏ ਸਨ। ਪੁਲਿਸ ਵਾਲੇ ਕਹਿੰਦੇ ਸਬੂਤੀ ਦਿਓ। ਫੇਰ ਅਸੀਂ 60 ਰੁਪਏ ਜਮ੍ਹਾਂ ਕਰਵਾਏ। ਕਹਿੰਦੇ ਵਾਪਸੀ 'ਤੇ ਦੇ ਦੇਵਾਂਗੇ। ਰਾਹ 'ਚ ਸਾਡੇ ਕੱਪੜੇ ਫਰੋਲਣ ਲੱਗ ਗਏ। ਸਾਡੇ ਕੱਪੜੇ ਖੋਹ ਲਏ। ਪਾਸਪੋਰਟ ਕੋਈ ਦੇਖੇ ਨਾ। ਮੈਂ ਕਿਹਾ, ਸਾਡੇ ਕੋਲ ਸਾਰੇ ਕਾਗ਼ਜ਼ ਹਨ। ਤੁਸੀਂ ਸਾਨੂੰ ਤੰਗ ਨਹੀਂ ਕਰ ਸਕਦੇ। 3 ਦਿਨ ਬਾਅਦ ਅਸੀਂ ਸ਼ਾਦੀਵਾਲ ਥਾਣੇ 'ਚ ਜਾ ਪੇਸ਼ ਹੋਏ। ਥਾਣੇਦਾਰ ਨੇ ਸਾਡੇ ਪਾਸਪੋਰਟ ਰੱਖ ਲਏ। ਕਹਿੰਦਾ ਤਿੰਨ ਮਹੀਨੇ ਲਈ ਘੁੰਮੋ-ਫਿਰੋ। ਪਰ ਪੰਦਰਾਂ ਦਿਨਾਂ 'ਚ ਥਾਣੇ ਆ ਕੇ ਰਿਪੋਰਟ ਕਰਨੀ ਪਊਗੀ। ਸੱਤ ਦਿਨਾਂ ਬਾਅਦ ਹੀ ਥਾਣੇਦਾਰ ਨੇ ਕਿਹਾ, ਕੋਈ ਗੱਲ ਨੀਂ, 3 ਮਹੀਨੇ ਬਾਅਦ ਆ ਕੇ ਆਪਣੇ ਪਾਸਪੋਰਟ ਲੈ ਜਾਇਓ। ਥਾਣੇਦਾਰ ਵਾਅਦੇ ਦਾ ਪੱਕਾ ਸੀ। ਸਾਡੇ ਪਾਸਪੋਰਟ ਵਾਪਸ ਕਰ ਦਿੱਤੇ। ਸਾਨੂੰ ਉਥੇ ਪਿਆਰ ਬਹੁਤ ਮਿਲਿਆ, ਲੋਕ ਸਾਨੂੰ ਸਾਡੇ ਕੱਪੜਿਆਂ ਤੋਂ ਦੇਖ ਕੇ ਪਛਾਣ ਲੈਂਦੇ ਸਨ ਕਿ ਇਹ ਇੰਡੀਆ ਤੋਂ ਆਏ ਆ। ਸਾਨੂੰ ਲੋਕਾਂ ਨੇ ਸਤਿਕਾਰ ਦਿੱਤਾ। ਅਸੀਂ 15 ਦਿਨ ਸਰਗੋਧੇ

ਰਹੇ। ਪਰ ਸਾਡਾ ਮਨ ਉਧਰ ਟਿਕਿਆ ਨਹੀਂ। ਅਸੀਂ ਵਾਪਸ ਆ ਗਏ।

ਮਲੇਰਕੋਟਲੇ ਤੋਂ ਤਿੰਨ ਸਾਲ ਬਾਅਦ ਅਸੀਂ ਖੇਤਾਂ 'ਚ ਕੰਮ ਛੱਡ ਕੇ ਬਨੂੰੜ 'ਚ ਆ ਗਏ। ਅਸੀਂ ਘੁਮਿਆਰਾਂ ਵਾਲਾ ਆਪਣਾ ਕੰਮ ਸ਼ੁਰੂ ਕਰ ਲਿਆ। ਮੈਂ, ਮੇਰੇ ਭਾਈ, ਮੇਰਾ ਅੱਬਾ, ਅਸੀਂ ਘੜੇ, ਭਾਂਡੇ ਬਣਾਉਣ ਲੱਗੇ। ਅਸੀਂ ਪਿੰਡ-ਪਿੰਡ ਜਾ ਕੇ ਭਾਂਡੇ ਵੇਚਦੇ ਰਹੇ। ਸਾਨੂੰ ਲੋਕ ਦਾਣੇ ਦੇ ਦਿੰਦੇ ਸਨ। ਮਹੀਨੇ 'ਚ ਤਿੰਨ-ਚਾਰ ਕਣਕ ਦੀਆਂ ਬੋਰੀਆਂ ਹੋ ਜਾਂਦੀਆਂ ਸਨ। ਇਹ ਕੰਮ ਕੋਈ ਬਹੁਤਾ ਚੱਲਿਆ ਨਹੀਂ। ਪਵਾਲੇ ਦੇ ਇਕ ਦੁਕਾਨਦਾਰ ਬੰਦੇ ਨੇ ਸਾਨੂੰ ਕਿਹਾ ਕਿ ਤੁਸੀਂ ਪਵਾਲੇ ਆ ਜਾਓ। ਸਾਨੂੰ ਪਿੰਡ ਦੇ ਅੰਦਰਲੇ ਪਾਸੇ ਥੋੜ੍ਹੀ ਜਗ੍ਹਾ ਦੇ ਦਿੱਤੀ, ਜਿਥੇ ਅਸੀਂ ਭਾਂਡੇ ਬਣਾਉਣ ਦਾ ਕੰਮ ਕਰਦੇ ਰਹੇ। ਇਸ ਕੰਮ 'ਚ ਕੋਈ ਬਹੁਤੀ ਕਾਮਯਾਬੀ ਨਹੀਂ ਮਿਲੀ। ਸੋ ਖੇਤੀ ਦਾ ਕੰਮ ਵਟਾਈ 'ਤੇ ਲੈ ਕੇ ਕਰਨ ਲੱਗੇ। ਬਾਕੀ ਸਭ ਠੀਕ ਏ ਪਰ ਹੁਣ ਸਾਡਾ ਸਭ ਤੋਂ ਵੱਡਾ ਮਸਲਾ ਕਬਰਿਸਤਾਨ ਦੀ ਜਗ੍ਹਾ ਦਾ ਹੈ। ਜੇ ਸਾਨੂੰ ਕੋਈ ਲਿਖਤੀ ਰਿਕਾਰਡ ਮਿਲ ਜਾਂਦਾ ਤਾਂ ਅਸੀਂ ਸਕੂਨ ਨਾਲ ਮਰ ਸਕਦੇ ਹਾਂ।

### *ਮੱਛਲੀ ਕਲਾਂ*

19 ਜਨਵਰੀ ਨੂੰ ਮੈਂ ਮੱਛਲੀ ਪੁੱਜਿਆ। ਦੋ ਬਜ਼ੁਰਗਾਂ ਨਾਲ ਮੇਰੀ ਗੱਲਬਾਤ ਹੋਈ। ਜਗਮਾਲ ਸਪੁੱਤਰ ਸ੍ਰੀ ਧਿਆਨੂੰ, 12-13 ਸਾਲ ਦੇ ਸਨ 47 ਵੇਲੇ। ਇਨ੍ਹਾਂ ਨੇ ਦੱਸਿਆ ਕਿ ਮੱਛਲੀ ਕਲਾਂ 'ਚ ਦੋ-ਢਾਈ ਹਜ਼ਾਰ ਦੇ ਲਗਭਗ ਵੋਟ ਹੈ। ਹਿੰਦੂ ਚੌਹਾਨ ਜ਼ਿਆਦਾ ਹਨ। ਹਿੰਦੂਆਂ ਦੀ ਵੱਸੋਂ ਇਥੇ ਰਾਜਸਥਾਨ ਤੋਂ ਆ ਕੇ ਵਸੀ ਹੈ। ਸਾਰੀ ਵਸੋਂ ਜੱਦੀ ਹੀ ਇਸ ਪਿੰਡ 'ਚ ਪੁਸ਼ਤਾਂ ਤੋਂ ਰਹਿ ਰਹੀ ਏ। ਸਿੱਖ ਬਹੁਤ ਘੱਟ ਹਨ। 80-85 ਘਰ ਮੁਸਲਮਾਨਾਂ ਦੇ ਹਨ। 47 ਵੇਲੇ ਕੋਈ ਵੀ ਮੁਸਲਮਾਨ ਕਿਸੇ ਨੇ ਨਾ ਮਾਰਿਆ, ਨਾ ਕਿਸੇ ਨੂੰ ਮਾਰਨ ਦਿੱਤਾ। ਸਭ ਨੂੰ ਪਿੰਡ ਦੇ ਹਿੰਦੂਆਂ ਨੇ ਬਚਾ ਲਿਆ। ਕਿਸੇ ਨੂੰ ਕੋਈ ਮਾਰ-ਧਾੜ ਨਾ ਕਰਨ ਦਿੱਤੀ। ਸਾਰੇ ਭਾਈਚਾਰੇ ਨਾਲ ਰਹਿੰਦੇ ਸਨ। ਆਪਸ 'ਚ ਮਿਲ-ਜੁਲ ਕੇ। ਸੁਹਾੜਾ, ਗਿੱਦੜਪੁਰ, ਸੈਦਪੁਰ, ਲੇਦੀ, ਛੋਟੀ ਮੱਛਲੀ ਵਗੈਰਾ ਪਿੰਡਾਂ ਦੇ ਮੁਸਲਮਾਨ ਪਵਾਲੇ ਕੈਂਪ 'ਚ ਇਕੱਠੇ ਹੋ ਗਏ। ਖੇੜੇ ਵਾਲੇ ਜ਼ੈਲਦਾਰ ਨੇ ਕਿਹਾ ਕਿ ਕੋਈ ਵੀ ਕਿਸੇ ਮੁਸਲਮਾਨ ਨੂੰ ਨਾ ਮਾਰੇ। ਸਾਰੇ ਮੁਸਲਮਾਨ ਰਾਤ ਨੂੰ ਅੰਬਾਲਾ ਕੈਂਪ ਲਈ ਨਿਕਲੇ। ਸਾਡੇ ਬਜ਼ੁਰਗਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਕੋਈ ਹੱਥ ਨਹੀਂ ਲਾਵੇਗਾ। ਸਾਡੀ ਕੌਮ ਚੌਹਾਨ ਹੈ, ਅਸੀਂ ਜੇ ਜ਼ਬਾਨ ਦੇ ਦਿੱਤੀ ਤਾਂ ਫੇਰ ਉਸ 'ਤੇ ਖੜਨਾ ਜ਼ਰੂਰੀ ਹੈ। ਸਾਡੇ ਪਿੰਡ 'ਚ ਇਕ ਵੀ ਮੁਸਲਮਾਨ ਨੂੰ ਕਿਸੇ ਨੇ ਹੱਥ ਤੱਕ ਨਹੀਂ ਲਾਇਆ। ਪਿੰਡ ਨੇ ਕਿਸੇ ਕਾਫ਼ਲੇ ਦਾ ਕੋਈ ਬੰਦਾ ਨਹੀਂ ਮਾਰਿਆ, ਕਿਸੇ ਦਾ ਕੋਈ ਡੰਗਰ-ਪਸ਼ੂ ਨਹੀਂ ਰੱਖਿਆ। ਕਿਸੇ ਨਾਲ ਕੋਈ ਲੁੱਟ-ਮਾਰ ਨਹੀਂ ਕੀਤੀ।


ਸੰਤ ਰਾਮ ਜੀ ਨੇ ਦੱਸਿਆ ਕਿ ਮੱਛਲੀ ਦੇ ਮੁਸਲਮਾਨ ਜੋ ਮੈਨੂੰ ਯਾਦ ਹਨ, ਉਨ੍ਹਾਂ ਦੇ ਨਾਂ ਹਨ : ਅਬਦੁੱਲ ਗ਼ਫ਼ੂਰ, ਇਸਮਾਇਲ, ਸਾਡੇ ਪਿੰਡ ਦਾ ਸ਼ਾਹ ਸੀ, ਬਹੁਤ ਰਹੀਸ ਆਦਮੀ ਸੀ, ਹਸਨਾ। ਗੀਜੂ ਲੰਬਰਦਾਰ, ਇਕ ਚਢਿਆਲਾ ਪਿੰਡ ਦਾ ਕਾਲੂ ਹੁੰਦਾ ਸੀ, ਉਸ ਕੋਲ 100 ਮੱਝਾਂ ਹੁੰਦੀਆਂ ਸਨ।

### *ਗੰਗਾ ਜਲ*


ਰਮਜ਼ਾਨ ਅਲੀ ਦੇ ਛੋਟੇ ਭਰਾ ਮਜੀਦ ਖ਼ਾਨ ਨਾਲ ਵੀ ਮੇਰੀ ਗੱਲ ਹੋਈ। ਉਨ੍ਹਾਂ ਦੀ ਉਮਰ 47 ਸਮੇਂ 12-13 ਸਾਲ ਸੀ। ਉਨ੍ਹਾਂ ਨੇ ਦੱਸਿਆ, ਪਿੰਡ ਦੇ ਰਾਜਪੂਤ ਚੌਧਰੀਆਂ ਨੇ ਸਾਰੇ ਮੁਸਲਮਾਨ ਮੰਦਰ 'ਚ ਬਿਠਾ ਲਏ ਟੋਬੇ ਕੋਲ। ਉਹਨੇ ਬਾਹਰਲੇ ਜਥਿਆਂ ਨੂੰ ਕਹਿ 'ਤਾ ਕਿ ਕੋਈ ਵੀ ਮੁਸਲਮਾਨਾਂ ਨੂੰ ਹੱਥ ਨਹੀਂ ਲਾਏਗਾ। ਸਾਨੂੰ ਮੰਦਰ ਦੇ ਬਰਾਂਡੇ 'ਚ ਬਿਠਾ ਕੇ ਸਾਡੇ ਵਾਲ ਕੱਟ ਕੇ ਬੋਦੀਆਂ ਕਰ ਦਿੱਤੀਆਂ। (ਕੋਲ ਬੈਠੇ ਰਮਜ਼ਾਨ ਅਲੀ ਦਾ ਪੋਤਾ ਨੁਸਰਤ ਅਲੀ ਤੇ ਦੋ ਹੋਰ ਮੁੰਡੇ ਖਿੜ-ਖਿੜ ਕਰਕੇ ਹੱਸ ਪਏ, ਰਮਜ਼ਾਨ ਅਲੀ ਖ਼ੁਦ ਵੀ ਇਹ ਕਿੱਸੇ ਹੱਸ-ਹੱਸ ਸੁਣਾ ਰਹੇ ਸਨ।) ਸਾਨੂੰ ਗੰਗਾ ਜਲ ਛਕਾਇਆ। ਉਨ੍ਹਾਂ ਨੇ ਕਹਿਤਾ, ਹੁਣ ਇਹ ਹਿੰਦੂ ਨੇ, ਕੋਈ ਇਨ੍ਹਾਂ ਵੱਲ ਵਧੇ ਵੀ ਨਾ। ਅਸੀਂ ਕੋਹਲੂ ਦਾ ਕੰਮ ਕਰਦੇ ਸੀ। ਹੁਣ ਜ਼ਮੀਨ ਠੇਕੇ 'ਤੇ ਵਾਹੀ ਕਰਦੇ ਆਂ।

### *ਪਿੰਡ : ਮੱਛਲੀ ਖ਼ੁਰਦ*

ਪਿੰਡ ਦੀ ਆਬਾਦੀ ਬਹੁਤੀ ਨਹੀਂ, 220 ਵੋਟਾਂ ਹਨ। ਮੌਜੂਦਾ ਪਿੰਡ 'ਚ 5ਵੀਂ ਤੱਕ ਸਰਕਾਰੀ ਸਕੂਲ ਹੈ ਇਕ



ਚੌਧਰੀ ਸੰਤ ਰਾਮ ਰਾਣਾ ਤੇ ਉਨ੍ਹਾਂ ਦਾ ਭਰਾ ਜਗਮਾਲ ਰਾਜਪੂਤ ਜਿਨ੍ਹਾਂ ਦੇ ਬਜ਼ੁਰਗਾਂ ਨੇ
ਪਿੰਡ ਦੇ ਮੁਸਲਮਾਨਾਂ ਨੂੰ ਪਨਾਹ ਦੇ ਕੇ ਬਚਾਇਆ।
ਸਥਾਨ : ਪਿੰਡ ਮੱਛਲੀ ਕਲਾਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।



ਮਜੀਦ ਖ਼ਾਂ ਤੇ ਉਨ੍ਹਾਂ ਦੇ ਭਰਾ ਰਮਜ਼ਾਨ ਅਲੀ ਨੇ ਦੱਸਿਆ
ਕਿਵੇਂ ਮੰਦਰ ਦੇ ਅਹਾਤੇ ਵਿਚ ਉਨ੍ਹਾਂ ਨੂੰ ਗੰਗਾ ਜਲ ਛਕਾ ਕੇ ਬਚਾ ਲਿਆ ਗਿਆ।
ਸਥਾਨ : ਪਿੰਡ ਮੱਛਲੀ ਕਲਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।

ਆਂਗਨਵਾੜੀ ਸੈਂਟਰ ਹੈ, ਕੋਈ ਹਸਪਤਾਲ ਨਹੀਂ ਹੈ, ਕੋਈ ਦੁਕਾਨ ਨਹੀਂ ਹੈ, ਲੋਕ ਮੱਛਲੀ , ਚੁੰਨੀ ਕਲਾਂ ਜਾਂਦੇ ਹਨ ਖ਼ਰੀਦਦਾਰੀ ਲਈ। ਇਕ ਪ੍ਰਾਈਵੇਟ ਬੱਸ ਆਉਂਦੀ ਹੈ।

ਬਲਵੰਤ ਸਿੰਘ ਬਾਜਵਾ, ਪਿਤਾ ਨਿਹਾਲ ਸਿੰਘ ਬਾਜਵਾ। ਦਾਦਾ ਮੀਤ ਸਿੰਘ ਬਾਜਵਾ। 47 ਸਮੇਂ ਉਮਰ ਛੇ-ਸੱਤ ਸਾਲ ਸੀ। ਪਿੰਡ : ਲਵੇਰੇ (ਹਰਦਾਵੇ), ਤਹਿਸੀਲ ਪਸਰੂਰ, ਜ਼ਿਲ੍ਹਾ ਸਿਆਲਕੋਟ। ਆਸ ਪਾਸ ਦੇ ਪਿੰਡ : ਰੱਛਾੜਾ, ਢਿੰਗਰਾਂਵਾਲੀ, ਕਮਾਲਾ (ਹੋਰ ਯਾਦ ਨਹੀਂ।) ਮੂਲ ਸਿੰਘ ਪਿੰਡ ਹਰਦਾਵੇ ਦੇ ਤਗੜੇ ਘਰ ਦੇ ਬੰਦੇ ਸਨ। ਪਿੰਡ 'ਚ ਰਲੀ-ਮਿਲੀ ਆਬਾਦੀ ਸੀ, 5-7 ਘਰ ਹੀ ਸਿੱਖਾਂ ਦੇ ਸਨ। ਬਾਕੀ ਆਬਾਦੀ ਮੁਸਲਮਾਨਾਂ ਦੀ ਹੀ ਸੀ। ਸਾਰੇ ਪਿਆਰ-ਮੁਹੱਬਤ ਨਾਲ ਮਿਲ ਕੇ ਰਹਿੰਦੇ ਸਨ। ਬਲਵੰਤ ਸਿੰਘ ਦੀ ਭਰਜਾਈ ਬੇਬੇ ਅਮਰ ਕੌਰ ਨਾਲ ਦੇ ਮੰਜੇ 'ਤੇ ਆ ਕੇ ਬੈਠ ਗਏ। ਉਨ੍ਹਾਂ ਦੀ ਉਮਰ 47 ਵੇਲੇ 20 ਸਾਲ ਦੀ ਸੀ। ਉਨ੍ਹਾਂ ਦਾ ਪੇਕਾ ਘਰ ਪਿੰਡ ਗੱਜ ਸੀ, ਜੋ ਕੇ ਲਵੇਰੇ ਪਿੰਡ ਤੋਂ 10-12 ਮੀਲ ਦੀ ਵਿੱਥ 'ਤੇ ਸੀ। ਉਨ੍ਹਾਂ ਦਾ ਵਿਆਹ ਹੋ ਚੁੱਕਾ ਸੀ। ਹਾਲੇ ਮੁਕਲਾਵਾ ਜਾਣਾ ਸੀ। ਉਨ੍ਹਾਂ ਨੂੰ ਏਧਰ ਆ ਕੇ ਜ਼ਮੀਨ ਦਾ ਪੂਰਾ ਮੁੱਲ ਨਹੀਂ ਮਿਲਿਆ। 4-5ਵਾਂ ਹਿੱਸਾ ਵੀ ਨਹੀਂ ਮਿਲਿਆ। ਆਪਣੇ ਡੰਗਰ-ਪਸ਼ੂ ਯਾਦ ਕਰਕੇ ਉਹ ਰੋ ਪਏ। ਕਹਿੰਦੇ, ਮੈਂ ਆਪਣੇ ਡੰਗਰ, ਗਲੀਆਂ 'ਚ ਬੈਂ-ਬੈਂ ਕਰਦੇ ਦੇਖੇ। ਰੋਂਦੇ ਹੋਏ ਬੇਬੇ ਨੇ ਦੱਸਿਆ ਕਿ ਉਹਦੇ ਦਹੇਜ ਦਾ ਸਾਰਾ ਸਮਾਨ ਵੀ ਓਧਰ ਹੀ ਰਹਿ ਗਿਆ। ਅਸੀਂ ਦੇਖ ਵੀ ਨਾ ਸਕੇ। ਸਾਡੀ ਚਾਰ ਕਿੱਲੇ ਤੋਂ ਵੱਧ ਪੈਲੀ ਸੀ, ਨਾਰੋਵਾਲ ਰੋਈ ਵੱਲ। ਸਾਡੀ ਪੈਲੀ ਖੂਹ 'ਤੇ ਵੀ ਸੀ। ਉਨ੍ਹਾਂ ਨੇ ਕਿਹਾ ਕਿ ਪਿੰਡ ਜਾਣ ਨੂੰ ਬੜਾ ਜੀਅ ਕਰਦਾ ਹੁੰਦਾ ਸੀ ਪਰ ਕੀ ਕਰੀਏ ? ਤੇ ਬੇਬੇ ਨੇ ਆਪਣੀਆਂ ਅੱਖਾਂ ਫੇਰ ਭਰ ਲਈਆਂ।

### *ਪੱਗ ਦੀ ਗੁਸਤਾਖ਼ੀ*

ਜਗੀਰ ਸਿੰਘ, 47 ਵੇਲੇ ਉਮਰ 18-20 ਸਾਲ। ਪਿਤਾ ਹਰਨਾਮ ਸਿੰਘ, ਦਾਦਾ ਖੁਸ਼ਹਾਲ ਸਿੰਘ, ਪੜਦਾਦਾ ਜਵਾਲਾ ਸਿੰਘ, ਪਿੰਡ ਗੋਜਰਾ, ਤਹਿ ?, ਜ਼ਿਲ੍ਹਾ ਲਾਇਲਪੁਰ। ਪਿੰਡ 'ਚ ਬਹੁਤੇ ਸਿੱਖ ਸਨ, ਕਮੀਂ-ਕਮੀਣ ਸਨ, ਮੁਸਲਮਾਨਾਂ ਦੇ ਘਰ ਵੀ ਸਨ। ਪਿੰਡ ਦੀ ਆਬਾਦੀ ਬਹੁਤ ਸੀ, ਮੈਨੂੰ ਯਾਦ ਨਹੀਂ। 500-700 ਲੋਕ ਹੋਣੇ ਆਂ। 2-4 ਘਰ ਹਿੰਦੂਆਂ ਦੇ ਸਨ, ਈਸਾਈ ਵੀ ਸਨ, ਉਹ ਉਧਰ ਹੀ ਰਹਿ ਗਏ। ਲਾਗਲੇ ਪਿੰਡ : ਗੁਨਾਂ (ਬਾਜਵੇ ਸਿੱਖਾਂ ਦਾ ਪਿੰਡ), ਭੁਪਾਲਵਾਲਾ, ਮਿੱਤਰਾਂਵਾਲਾ, ਭਲੇਰ। ਨੇੜੇ ਦਾ ਸ਼ਹਿਰ ਸੀ ਚੱਕ ਝੁਬਰਾਂ/ਚੁਬਰਾਂ/ਚੁਮਰਾਂ, ਲਾਇਲਪੁਰ ਤੋਂ 12 ਕੁ ਕੋਹ ਸੀ। ਬਚਪਨ ਦੇ ਸਾਥੀ ਮੈਨੂੰ ਯਾਦ ਨਹੀਂ।

ਅਸੀਂ ਖੇਤਾਂ 'ਚ ਰਹਿੰਦੇ ਸਾਂ।ਅਸੀਂ ਤਿੰਨ ਘਰ ਇਸ ਪਿੰਡ ਮੱਛਲੀ ਖ਼ੁਰਦ ਆਏ ਸਾਂ। ਸਾਡੇ ਪਿੰਡ ਦੇ ਬਾਕੀ ਸਿੱਖ, ਪਿੰਡ ਬੁੰਗਾ ਨੇੜੇ ਮਲੇਰਕੋਟਲਾ 'ਚ ਰਹਿ ਗਏ, ਕੁਝ ਜੱਟੂ ਮੰਡੀਆਂ ਪਿੰਡ 'ਚ ਹਨ। ਅਸੀਂ ਅਮਨ-ਚੈਨ ਨਾਲ ਆਏ ਸਾਂ। 12-13 ਦਿਨ ਪੈਦਲ ਚੱਲ ਕੇ ਆਏ ਸਾਂ। ਸਾਨੂੰ ਬਚਾਉਣ ਲਈ ਪਟਿਆਲੇ ਵਾਲੇ ਰਾਜੇ ਨੇ ਮਿਲਟਰੀ ਭੇਜੀ ਸੀ, ਗੋਰਖਾ ਫ਼ੌਜ। ਸਾਡਾ ਕੈਂਪ ਅੰਬਰਸਰ 'ਚ 10-15 ਦਿਨ ਰਿਹਾ। ਫਿਰ ਅਸੀਂ ਜਲੰਧਰ ਆ ਗਏ। ਸਾਡੇ ਦੋ ਬਜ਼ੁਰਗ ਜਲੰਧਰ ਕੈਂਪ 'ਚੋਂ ਸਰਹਿੰਦ ਆਏ। ਫਿਰ ਉਹ ਮੱਛਲੀ ਖੁਰਦ ਆ ਗਏ। ਕੈਂਪ 'ਚੋਂ ਉਨ੍ਹਾਂ ਨੂੰ ਸਰਕਾਰੀ ਅਫ਼ਸਰਾਂ ਨੇ ਦੱਸ ਦਿੱਤਾ ਸੀ ਮੱਛਲੀ ਖ਼ੁਰਦ ਖ਼ਾਲੀ ਪਿਆ ਹੋਇਆ ਹੈ।

ਮੈਨੂੰ ਇਕ ਘਟਨਾ ਯਾਦ ਹੈ—ਗੁਨੇ ਪਿੰਡ 'ਚ ਇਕ ਅੰਗਰੇਜ਼ ਅਫ਼ਸਰ ਆਇਆ, ਇਕ ਸਿੱਖ ਨੌਜਵਾਨ ਸੀ (ਤੁਹਾਡੇ ਵਰਗਾ ਕਿਰਪਾਲ ਸਿੰਘ), ਅੰਗਰੇਜ਼ ਅਫ਼ਸਰ ਨੇ ਉਹਦੀ ਪੱਗ ਦੇਖੀ, ਉਹਨੂੰ ਬਹੁਤ ਸੋਹਣੀ ਲੱਗੀ। ਅੰਗਰੇਜ਼ ਕਹਿੰਦਾ, ਤੈਨੂੰ ਇਨਾਮ ਦੇਣਾ ਹੈ, ਤੂੰ ਸੋਹਣੀ ਪੱਗ ਬੰਨ੍ਹਦਾ ਹੈਂ। ਪਰ ਉਹ ਨੌਜਵਾਨ ਬੋਲ ਪਿਆ, ਕਹਿੰਦਾ—ਜਨਾਬ, ਮੈਂ ਏਸ ਤੋਂ ਵੀ ਸੋਹਣੀ ਪੱਗ ਬੰਨ੍ਹ ਸਕਦਾ ਆਂ। ਅੰਗਰੇਜ਼ ਨੂੰ ਇਸ ਗੱਲ 'ਤੇ ਗੁੱਸਾ ਆ ਗਿਆ, ਉਸ ਨੌਜਵਾਨ ਨੂੰ ਛੇ ਮਹੀਨੇ ਦੀ ਸਜ਼ਾ ਕਰਤੀ, ਸਾਡੇ ਸਾਹਮਣੇ ਉਹਨੂੰ ਹੱਥਕੜੀਆਂ ਲਾ ਕੇ ਲੈ ਗਏ।

### *ਪੱਤੋਂ ਪਿੰਡ*

ਮੱਛਲੀ ਕਲਾਂ ਤੋਂ ਸੰਤ ਰਾਮ ਰਾਣਾ ਜੀ ਨੇ ਮੈਨੂੰ ਪੱਤੋਂ ਪਿੰਡ ਦੇ ਸਾਬਕਾ ਸਰਪੰਚ ਸ. ਆਤਮਾ ਸਿੰਘ ਤੇ ਉਨ੍ਹਾਂ ਦੇ ਬੇਟੇ ਲੰਬੜਦਾਰ ਸ. ਬਲਦੇਵ ਸਿੰਘ ਦੇ ਘਰ ਜਾਣ ਲਈ ਕਿਹਾ ਸੀ। ਮੈਂ ਪੱਤੋਂ ਪਿੰਡ ਜਾ ਕੇ ਲੰਬੜਦਾਰ ਸ. ਬਲਦੇਵ ਸਿੰਘ ਨੂੰ ਮਿਲਿਆ। ਉਨ੍ਹਾਂ ਦਾ ਜਨਮ 1946 ਦਾ ਹੈ, ਉਨ੍ਹਾਂ ਨੂੰ 47 ਬਾਰੇ ਕੋਈ ਸੋਝੀ ਨਹੀਂ। ਪਰ ਉਨ੍ਹਾਂ ਨੇ ਆਪਣੇ



ਸ. ਸਿੰਦਰ ਸਿੰਘ ਚੀਮਾ, ਜਾਮ ਕੇ ਚੀਮਿਆਂ
ਤਹਿਸੀਲ : ਡਸਕਾ, ਜ਼ਿਲ੍ਹਾ ਸਿਆਲਕੋਟ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ।
ਸਥਾਨ : ਪਿੰਡ ਝਾਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।



ਸ. ਸਿੰਦਰ ਸਿੰਘ ਚੀਮਾ ਤੇ ਲੰਬੜਦਾਰ ਸੰਤੋਖ ਸਿੰਘ ਚੀਮਾ '47 ਬਾਰੇ ਸਾਂਝਾਂ ਕਰਦੇ ਹੋਏ।
ਸਥਾਨ : ਪਿੰਡ ਝਾਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।

ਪਿਤਾ ਆਤਮਾ ਸਿੰਘ ਜੀ ਤੇ ਦਾਦਾ ਬਿਸ਼ਨ ਸਿੰਘ ਤੋਂ ਬੜਾ ਕੁਝ ਸੁਣਿਆ ਹੈ। ਉਨ੍ਹਾਂ ਦਾ ਪਿੰਡ ਚੱਕਰ ਨੰਬਰ 119, ਰਸੂਲਪੁਰ ਸੀ। ਉਹ ਮਦਦ ਲਈ, ਪਿੰਡੋਂ ਜਾ ਕੇ ਸ. ਬਲਬੀਰ ਸਿੰਘ ਨੂੰ ਬੁਲਾ ਲਿਆਏ। ਪੱਤੋਂ 'ਚ 600 ਵੋਟ ਹੈ। 21 ਘਰ ਪਾਕਿਸਤਾਨ ਤੋਂ ਆਏ ਸਨ। ਹੁਣ ਇਹ ਘਰ 70-72 ਹੋ ਗਏ। ਬਲਬੀਰ ਸਿੰਘ (ਇਹ ਇਸ ਇਲਾਕੇ ਦੇ ਫੁਟਬਾਲ ਦੇ ਪ੍ਰਸਿੱਧੀ ਵਾਲੇ ਖਿਡਾਰੀ ਰਹੇ ਹਨ।) ਓਧਰ ਵੀ ਇਹ ਫੁਟਬਾਲ ਖੇਡਦੇ ਹੁੰਦੇ ਸਨ। ਕਬੱਡੀ ਵੀ ਖੇਡਦੇ ਸਨ। ਉਨ੍ਹਾਂ ਦੇ ਪਿਤਾ ਗੁਰਦਿਆਲ ਸਿੰਘ, ਪਿੰਡ ਚੱਕ 119, ਸਮਾਣਾ ਵੱਡਾ (ਸਾਡਾ ਪੁਰਾਣਾ ਪਿੰਡ ਮੋਰਿੰਡੇ ਕੋਲ ਹੈ, ਸਮਾਣਾ ਉਸ ਦੇ ਨਾਲ ਹੀ ਹੈ, ਰਸੂਲਪੁਰ। ਅਸੀਂ ਉਥੋਂ ਹੀ ਬਾਰ ਦੇ ਇਲਾਕੇ 'ਚ ਗਏ ਸਾਂ।) ਜ਼ਿਲ੍ਹਾ ਲਾਇਲਪੁਰ, ਡਾਕਖਾਨਾ ਗੱਟੀ।

ਮੇਰੇ ਦਾਦਾ ਜੀ ਸ. ਜਿਊਣ ਸਿੰਘ ਉਧਰ ਗਏ ਸਨ। 1892 ਈ. 'ਚ ਉਧਰ ਗਏ ਸਨ। 1947 'ਚ ਮੇਰੀ ਉਮਰ 10 ਸਾਲ ਸੀ। ਮੈਂ ਤਿੰਨ ਜਮਾਤਾਂ ਉਧਰ ਹੀ ਪੜ੍ਹਿਆ ਹਾਂ। ਇਕ ਪ੍ਰਾਈਵੇਟ ਸਕੂਲ ਸੀ, ਧਨੌਲੇ ਤੋਂ ਇਕ ਮੌਲਵੀ ਸਾਨੂੰ ਪੜ੍ਹਾਉਣ ਲਈ ਆਉਂਦਾ ਹੁੰਦਾ ਸੀ। ਪਿੰਡ ਵਾਲੇ ਉਸ ਨੂੰ ਤਨਖ਼ਾਹ ਦਿੰਦੇ ਸਨ। ਲਾਗਲੇ ਪਿੰਡ ਸਨ : ਧਨੌਲਾ (ਮੁਸਲਮਾਨਾਂ ਦਾ ਪਿੰਡ), 20 ਚੱਕ (ਸਿੱਖਾਂ ਦਾ ਪਿੰਡ), ਰਸੂਲਪੁਰ (ਸਿੱਖਾਂ ਦਾ ਪਿੰਡ), ਚੂਹੜ ਮਾਜਰਾ (ਸਿੱਖਾਂ-ਮੁਸਲਮਾਨਾਂ ਦਾ ਪਿੰਡ)। ਸਾਡੇ ਪਿੰਡ ਸਮਾਣਾ 'ਚ ਸਿੱਖ, ਤੇਲੀ, ਹਰੀਜਨ, ਪੇਂਜੇ ਮੁਸਲਮਾਨ ਏਧਰੋਂ ਹੀ ਗਏ ਹੋਏ ਸਨ।

ਪਿੰਡ 'ਚ ਪਹੁੰਚ ਵਾਲੇ ਘਰ ਸਨ ਫਾਰਮੀਆਂ ਵਾਲੇ। ਉਹ ਟਰੱਕ ਯੂਨੀਅਨ ਦੇ ਟ੍ਰਾਂਸਪੋਟਰ ਸਨ। ਪਿੰਡ ਮੰਦਰ ਕੋਈ ਨਹੀਂ ਸੀ। ਇਕ ਗੁਰਦੁਆਰਾ ਸੀ। ਦੋ ਖੂਹ ਸੀ, ਹਰ ਘਰ 'ਚ ਹੈਂਡਪੰਪ ਸੀ। ਅੰਗਰੇਜ਼ ਨੇ ਇਸ ਇਲਾਕੇ 'ਚ ਸਿੱਖਾਂ ਨੂੰ ਆਬਾਦ ਕੀਤਾ ਸੀ। ਪਿੰਡਾਂ ਦੀ ਵਿਉਂਤਬੰਦੀ ਓਵੇਂ ਸੀ, ਜਿਵੇਂ ਚੰਡੀਗੜ੍ਹ ਹੈ। ਜੇ ਤੁਸੀਂ ਗੰਗਾ ਨਗਰ ਜਾਓਗੇ, ਬਿਲਕੁਲ ਓਵੇਂ ਦੇ ਪਿੰਡ ਮਿਲਣਗੇ ਹੁਣ ਵੀ। ਪਿੰਡ 'ਚੋਂ ਹਰ ਜਗ੍ਹਾ ਤੋਂ ਦੋ-ਦੋ ਗਲੀਆਂ ਇਕਦਮ ਸਿੱਧੀਆਂ ਹਰ ਦਿਸ਼ਾ ਵੱਲ ਨੂੰ ਜਾਂਦੀਆਂ ਸਨ। ਉਥੇ ਸਾਨੂੰ ਅੰਬਾਲੀਏ ਕਹਿੰਦੇ ਸਨ (ਅਸੀਂ ਕਿਉਂਕਿ ਮੋਰਿੰਡੇ ਕੋਲੋਂ ਗਏ ਸਨ, ਜੋ ਅੰਬਾਲਾ ਜ਼ਿਲ੍ਹਾ ਦਾ ਪਿੰਡ ਸੀ। ਅੰਬਰਸਰੀਏ, ਜਲੰਧਰੀਏ, ਲੁਧਿਆਣਵੀ ਲੋਕਾਂ ਦੇ ਉਧਰ ਪਿੰਡ ਵਸਾਏ ਹੋਏ ਸਨ ਅੰਗਰੇਜਾਂ ਨੇ।

### *ਪਿੰਡ ਝਾਮਪੁਰ / ਬਰਾਸਪੁਰ ਦਾ ਇਤਿਹਾਸ—ਸਿੱਧੂ ਸਰਦਾਰ ਲੰਬੜਦਾਰ ਪਾਸੋਂ*

ਚਰਨ ਇੰਦਰ ਸਿੰਘ ਸਿੱਧੂ ਦੇ ਪਿਤਾ ਸ. ਸ਼ਮਸ਼ੇਰ ਸਿੰਘ, ਪਟਿਆਲਾ ਰਿਆਸਤ 'ਚ ਤਹਿਸੀਲਦਾਰ ਰਹੇ ਹਨ। ਉਨ੍ਹਾਂ ਦਾ ਬੜਾ ਰੁਤਬਾ ਸੀ। ਇਲਾਕੇ 'ਚ ਉਨ੍ਹਾਂ ਦਾ ਸਤਿਕਾਰ ਹੈ। ਚਰਨ ਇੰਦਰ ਸਿੰਘ ਸਿੱਧੂ ਆਪ ਪੰਚਾਇਤ ਅਫ਼ਸਰ ਰਹੇ ਹਨ। ਪੜ੍ਹੇ-ਲਿਖੇ ਹਨ ਤੇ ਸਿਆਸੀ ਸੂਝ ਦੇ ਮਾਲਿਕ ਹਨ। ਇਤਿਹਾਸ ਦਾ ਅਧਿਐਨ ਕਰਨ ਵਾਲੇ ਤੇ ਇਕ ਉਦਾਰਵਾਦੀ ਸੋਚ ਦੇ ਮਾਲਿਕ ਹਨ। 1947 ਸਮੇਂ ਉਨ੍ਹਾਂ ਦੀ ਉਮਰ 4 ਸਾਲ ਸੀ। ਇਨ੍ਹਾਂ ਦੇ ਪਰਿਵਾਰ ਦਾ ਸੰਬੰਧ ਗੁਰੂ ਹਰਗੋਬਿੰਦ ਸਾਹਿਬ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਇਕ ਸਿੱਖ ਸ਼ਰਧਾਲੂ ਭਾਈ ਭਗਤੂ ਜੀ ਦੇ ਨਾਲ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਫ਼ਤਹਿ ਸਿੰਘ ਨਾਲ ਹੈ। ਭਾਈ ਫ਼ਤਹਿ ਸਿੰਘ ਜੀ ਦੇ ਪੋਤਰੇ ਦੇ ਵੀ ਪੋਤੇ ਭਾਈ ਬੈ ਸਿੰਘ (ਬੈਅ ਸਿੰਘ) ਨੇ ਭਾਈ ਬੰਦਾ ਸਿੰਘ ਬਹਾਦਰ ਨਾਲ ਦਿੱਲੀ ਵਿਖੇ ਸ਼ਹੀਦੀ ਪਾਈ ਸੀ। ਇਹ ਬਠਿੰਡੇ ਦੇ ਭਾਈਕੇ ਸਿੱਧੂ ਦੀ ਛੇਵੀਂ ਪੁਸ਼ਤ ਵਿਚੋਂ ਹਨ।

ਚਰਨਇੰਦਰ ਸਿੰਘ ਸਿੱਧੂ ਨੇ ਦੱਸਿਆ ਝਾਮਪੁਰ ਦੇ ਪਹੁੰਚ ਵਾਲੇ ਮੁਸਲਮਾਨ ਸਨ—ਚੌਧਰੀ ਅਨਾਇਤ ਗੁੱਜਰ। ਉਸਦੀ ਹਵੇਲੀ ਹੁੰਦੀ ਸੀ, ਹੁਣ ਕਿਸੇ ਸਿੱਖ ਦੀ ਕੋਠੀ ਹੈ, ਉਸ ਹਵੇਲੀ ਵਾਲੀ ਜਗ੍ਹਾ। ਉਹ ਜ਼ਮੀਨਾਂ ਦਾ ਮਾਲਿਕ ਸੀ। ਇਲਾਕੇ ਦੇ ਲੋਕਾਂ ਦੀਆਂ ਜ਼ਮੀਨਾਂ ਉਸ ਕੋਲ ਗਹਿਣੇ-ਬੈ ਸਨ। ਹੋਰ ਰੁਤਬੇ ਵਾਲੇ ਲੋਕ ਸਨ : ਨੂਰ ਮੁਹੰਮਦ ਲੰਬੜਦਾਰ ਸੀ, ਨਬੀ ਬਖ਼ਸ਼ ਲੰਬੜਦਾਰ ਸੀ, ਨਿਆਜ਼ ਮੁਹੰਮਦ ਲੰਬਰਦਾਰ ਸੀ, ਅਹਿਮਦ ਲੰਬੜਦਾਰ ਸੀ।

ਮੇਰੇ ਪਿਤਾ ਸ. ਸ਼ਮਸ਼ੇਰ ਸਿੰਘ ਵੱਡੇ ਅਫ਼ਸਰ ਸਨ, ਨਾਲੇ ਉਨ੍ਹਾਂ ਦਾ ਇਲਾਕੇ ਦੇ ਮੁਸਲਮਾਨਾਂ ਨਾਲ ਦੋਸਤੀ ਵਾਲਾ ਸੰਬੰਧ ਸੀ। ਇਸ ਲਈ ਕਿਸੇ ਵੀ ਮੁਸਲਮਾਨ ਨੂੰ ਸਾਡੇ ਪਿੰਡ ਮਾਰਿਆ ਨਹੀਂ ਗਿਆ। ਘੇਲ ਵਾਲੇ ਗੁੱਜਰ ਸਰਦਾਰ, ਉਨ੍ਹਾਂ ਦੇ ਦੋਸਤ ਸਨ। ਉਨ੍ਹਾਂ ਨੇ ਘੇਲ ਵਾਲੇ ਸਰਦਾਰ ਨਾਲ ਰਲ ਕੇ ਕਈ ਪਿੰਡਾਂ 'ਚੋਂ ਮੁਸਲਮਾਨਾਂ ਨੂੰ ਕੱਢ ਕੇ ਕੈਂਪਾਂ 'ਚ ਪੁਜਾਇਆ ਸੀ। ਸਰਕਪੜਾ, ਭੂਆ ਖੋੜੀ, ਬਹਿਲਾਂ, ਝਾਮਪੁਰ, ਘੇਲ ਦੇ ਮੁਸਲਮਾਨਾਂ ਨੂੰ ਬਚਾ ਕੇ

ਕੈਂਪਾਂ 'ਚ ਭੇਜਿਆ। ਖੇੜੇ ਦਾ ਜ਼ੈਲਦਾਰ ਸੀ ਫ਼ਜ਼ਲ ਸ਼ਾਹ, ਉਸ ਨੇ ਪੱਤੋਂ, ਪਵਾਲਾ, ਮਾਣਕਪੁਰ ਦੇ ਮੁਸਲਮਾਨਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਕੈਂਪਾਂ 'ਚ ਭੇਜਿਆ। ਮੱਛਲੀ ਕਲਾਂ 'ਚ ਬ੍ਰਿਜ ਲਾਲ ਚੌਧਰੀ ਨੇ ਮੁਸਲਮਾਨਾਂ ਨੂੰ ਬਚਾਇਆ।

***ਸਿੰਦਰ ਸਿੰਘ ਚੀਮਾ***

ਸਿੰਦਰ ਸਿੰਘ ਚੀਮਾ ਦੇ ਦਾਦਾ ਪਾਲ ਸਿੰਘ ਸੀ, ਪਿਤਾ ਖਜ਼ਾਨ ਸਿੰਘ ਸਨ। ਭਰਾ ਸੋਹਣ ਸਿੰਘ, ਭੈਣ ਬੰਤ ਕੌਰ। ਸਿੰਦਰ ਸਿੰਘ ਦੀ ਉਮਰ 47 ਵੇਲੇ 14-15 ਸਾਲ ਸੀ। ਪਿੰਡ : (ਇਕ ਕਸਬਾ ਹੈ) ਜਾਮ ਕੇ (ਚੀਮਿਆਂ ਕੇ), ਤਹਿਸੀਲ ਡਸਕਾ, ਜ਼ਿਲ੍ਹਾ ਸਿਆਲਕੋਟ। ਪੜ੍ਹਾਈ 4 ਜਮਾਤਾਂ, ਜਾਮ ਕੇ, ਸਰਕਾਰੀ ਹਾਈ ਸਕੂਲ 'ਚ ਕੀਤੀ। ਨੇੜੇ ਦੇ ਪਿੰਡ : ਰਲਯੋਕੇ, ਕੌਲਪੁਰ, ਘਰੋਲੀਆਂ, ਘੁਏ ਕੇ, ਮਾਊਤਰਾ, ਰਾਜੋ ਕੇ, ਅਲੂਮਾਰ, ਭੀਲੋਮਾਰ, ਆਦਮ ਕੇ (ਚੀਮੇ), ਆਬੇਵਾਲ। ਨੇੜੇ ਦਾ ਸਟੇਸ਼ਨ ਪਸਰੂਰ।

ਸਿੱਖ, ਮੁਸਲਮਾਨ ਬਰੋਬਰ ਗਿਣਤੀ ਵਿਚ ਸਨ। ਹਿੰਦੂ ਵੱਧ ਸਨ। ਪਰ ਸਿੱਖਾਂ ਦਾ ਦਬਦਬਾ ਜ਼ਿਆਦਾ ਸੀ। ਸਿੱਖਾਂ ਦੀਆਂ ਜ਼ਮੀਨਾਂ ਸਨ। ਹਿੰਦੂਆਂ ਦੀਆਂ ਦੁਕਾਨਾਂ ਸਨ। ਬਚਪਨ ਦੇ ਸਾਥੀ : ਬੂਟਾ, ਜਾਨੀ, ਫਿਰੋਜ਼ਾ, ਇਸਮਾਇਲ। ਸਕੂਲ ਦੇ ਹਾਣੀ ਸਨ। ਇਕ ਹਸਪਤਾਲ ਸੀ। ਇਕ ਬੈਂਕ ਸੋਸਾਇਟੀ ਵੀ ਸੀ। ਜਾਮਕੇ 'ਚ 4 ਗੁਰਦੁਆਰੇ ਸਨ, 3 ਮਸੀਤਾਂ ਸਨ, ਇਕ ਡੇਰਾ ਸੀ, ਬਾਬਾ ਗੁਰਦਿਆਲ ਦਾਸ ਦਾ। ਮੰਦਰ ਇਕ ਵੀ ਨਹੀਂ ਸੀ। ਜਾਮ ਕੇ 'ਚ ਵਿਸਾਖੀ ਦਾ ਮੇਲਾ ਲੱਗਦਾ ਸੀ, ਅਸੀਂ ਇਕੱਠੇ ਖਾਂਦੇ-ਪੀਂਦੇ ਸਾਂ। ਪਿੰਡ ਦੀ ਯਾਦ ਬਹੁਤ ਆਉਂਦੀ ਸੀ, ਹੁਣ ਵੀ ਆਉਂਦੀ ਹੈ ਪਰ ਕੋਈ ਜਾਣ ਤੇ ਦਿੰਦਾ ਨਹੀਂ। ਸਰਕਾਰਾਂ ਦੇ ਸਖ਼ਤ ਕਾਨੂੰਨ ਨੇ। ਇਲਾਕੇ ਦਾ ਇਕ ਪਹੁੰਚ ਵਾਲਾ ਮੁਸਲਮਾਨ ਬੰਦਾ ਸੀ ਕਾਸਿਮ ਅਲੀ, ਪਿੰਡ ਬਦੋਕੇ ਦਾ। ਓਹਦਾ ਭਰਾ ਡੀ.ਸੀ. ਸੀ। ਇਕ ਹੋਰ ਪਹੁੰਚ ਵਾਲਾ ਮੁਸਲਮਾਨ ਸੀ ਪੀਰੇ ਸ਼ਾਹ। ਉਹ ਸ਼ਹਿਰ ਦੀ ਕਮੇਟੀ ਦਾ ਮੈਂਬਰ ਸੀ। ਇਕ ਲਾਲੂ ਸ਼ਾਹ ਸੀ, ਫ਼ੌਜੀ ਸੀ ਉਹ। ਇਕ ਮਹੀਨਾ ਪਹਿਲੇ ਹੀ ਪਤਾ ਲੱਗ ਗਿਆ ਸੀ ਕਿ ਹਿੰਦੁਸਤਾਨ-ਪਾਕਿਸਤਾਨ ਦੀਆਂ ਵੰਡੀਆਂ ਪੈ ਰਹੀਆਂ ਹਨ। ਅਸੀਂ ਸਕੂਲ ਦੀਆਂ ਕੰਧਾਂ 'ਤੇ ਉਰਦੂ 'ਚ ਲਿਖਿਆ ਪੜ੍ਹ ਲਿਆ ਸੀ—'ਪਾਕਿਸਤਾਨ ਜ਼ਿੰਦਾਬਾਦ'। ਅਸੀਂ 15 ਅਗਸਤ ਦੀ ਰਾਤ ਨੂੰ ਜਾਮ ਕੇ ਛੱਡ ਕੇ ਨਿਕਲੇ।

ਅਸੀਂ ਮੁਸਲਮਾਨਾਂ ਨਾਲ ਭਰਾਵਾਂ ਵਾਂਗ ਰਹਿੰਦੇ ਸਾਂ। ਮੇਰੇ ਪਿਉ ਨੇ ਚਾਂਦੀ ਦੇ 2500-2600 ਰੁਪਏ ਘਰ 'ਚ ਦੱਬੇ ਹੋਏ ਸਨ। ਉਹ 15 ਦਿਨਾਂ ਮਗਰੋਂ ਕੈਂਪ 'ਚੋਂ ਪਿੰਡ ਵਾਪਸ ਗਿਆ, ਪੈਸੇ ਕੱਢ ਕੇ ਲਿਆਇਆ। ਅਸੀਂ ਆਪਣੀ ਜ਼ਿੰਦਗੀ ਉਨ੍ਹਾਂ ਪੈਸਿਆਂ ਨਾਲ ਤੋਰੀ ਰੱਖੀ। ਸਾਡੀ ਉਧਰ ਵਾਲੀ ਜ਼ਮੀਨ ਬਹੁਤ ਜ਼ਿਆਦਾ ਉਪਜਾਊ ਸੀ, ਏਧਰ ਤੇ ਕੁਝ ਵੀ ਨਹੀਂ ਸੀ ਜ਼ਮੀਨ। ਏਧਰ ਵਾਲੀ ਤਾਂ ਉਸ ਦੀ ਪਾਸਕੂ ਵੀ ਨਹੀਂ ਸੀ। ਉਧਰ ਸਾਡੇ ਕੋਲ 6-6 ਮੱਝਾਂ ਸਨ, 6-6 ਬਲਦ ਸਨ। ਅਸੀਂ ਜਲੰਧਰ ਕੈਂਪ 'ਚ ਰਹੇ। ਦੋਰਾਹੇ ਆ ਕੇ ਅਸੀਂ ਲਿਖਤ ਦਰਖਾਸਤਾਂ ਦਿੱਤੀਆਂ। ਉਥੇ ਇਕ ਤਹਿਸੀਲਦਾਰ ਨੇ ਸਾਨੂੰ ਕਿਹਾ, ਜਾਮਕੇ ਵਾਲਿਓ ! ਤੁਸੀਂ ਝਾਮਪੁਰ ਪਿੰਡ 'ਚ ਜਾਓ, ਉਹ ਪਿੰਡ ਖ਼ਾਲੀ ਵੀ ਹੈ ਔਰ ਜਾਮਕੇ ਨਾਲ ਇਸ ਦਾ ਨਾਮ ਵੀ ਮਿਲਦਾ-ਜੁਲਦਾ ਹੈ। ਜਾਮਕੇ ਦੇ ਬਹੁਤ ਸਾਰੇ ਪਰਿਵਾਰ ਗੁਰਦਾਸਪੁਰ, ਬਟਾਲੇ, ਮੁਕੇਰੀਆਂ, ਕੋਟਲੀ, ਬਰਾਸ, ਜੈਦਾਂ ਰੱਤੜ (ਬਾਰਡਰ ਲਾਗੇ) ਵੀ ਟਿਕ ਗਏ। ਅਸੀਂ ਏਧਰ ਸ਼ੁਰੂ-ਸ਼ੁਰੂ 'ਚ ਦਿਹਾੜੀਆਂ ਕੀਤੀਆਂ। ਅਸੀਂ ਮੰਗ-ਮੰਗ ਕੇ ਖਾਂਦੇ ਹੁੰਦੇ ਸੀ। ਪੱਤੇ ਵੀ ਖਾਧੇ ਸਨ, ਜਦ ਕੁਝ ਖਾਣ ਨੂੰ ਨਹੀਂ ਸੀ ਮਿਲਦਾ। ਸਾਡੇ ਬਾਪ ਹੋਣਾ ਨੇ ਭਾਖੜਾ ਨਹਿਰ, ਆਪਣੇ ਹੱਥਾਂ ਨਾਲ ਪੁੱਟੀ ਹੈ, ਮੋਢਿਆਂ 'ਤੇ ਪੱਥਰ ਢੋਏ ਹਨ।

**ਸੰਤੋਖ ਸਿੰਘ ਚੀਮਾ**, ਜਨਮ 3 ਮਾਰਚ 1941 (ਸਕੂਲ 'ਚ ਦਾਖ਼ਲੇ ਦੇ ਕਾਗ਼ਜ਼ਾਂ 'ਚ ਜਨਮ ਤਰੀਕ 15.12.1944), ਪਿੰਡ ਜਾਮਕੇ ਚੀਮਿਆਂ, ਤਹਿਸੀਲ ਡਸਕਾ, ਜ਼ਿਲ੍ਹਾ ਸਿਆਕੋਟ।

ਜਾਮਕੇ 'ਚ ਤਿੰਨ ਮਸਜਿਦਾਂ ਸਨ। ਤਿੰਨੇ ਵੱਡੀਆਂ ਮਸਜਿਦਾਂ ਸਨ—1. ਦਾਇਰਾ ਮਸਜਿਦ ਸੀ, ਟੋਠੇ ਵਾਲੇ ਪਾਸੇ। 2. ਇਕ ਮਸਜਿਦ ਈਸਾਈਆਂ ਵਾਲੀ ਠੱਠੀ ਵੱਲ ਸੀ। 3. ਇਕ ਕਸ਼ਮੀਰੀ ਮਸਜਿਦ ਸੀ, ਭੀਲੋਮਾਰੀਆਂ ਮੁਹੱਲੇ 'ਚ ਸੀ। ਉਥੇ ਕਸ਼ਮੀਰੀ ਮੁਸਲਮਾਨ ਰਹਿੰਦੇ ਸਨ।

ਜਾਮਕੇ 'ਚ ਇਕ ਫ਼ਤਹਿਆਣਾ ਡੇਰਾ ਸੀ, ਬਾਬਾ ਗੁਰਦਿਆਲ ਦਾਸ ਜੀ ਮਹੰਤ ਸਨ। ਮਾਈ ਰਲੋ ਵਾਲਾ ਗੁਰਦੁਆਰਾ ਸੀ, ਸਰਕਾਰੀ ਸਕੂਲ ਜਾਮਕੇ ਕੋਲ। ਪਿੰਡ ਦੇ ਲਹਿੰਦੇ ਪਾਸੇ ਸੰਤ ਰਾਮ ਦਾਸ ਦਾ ਡੇਰਾ ਸੀ।

ਸਾਡੇ ਪਿੰਡ ਦੇ ਲਾਗੇ ਬਾਜਵੇ, ਘੁੰਮਣ, ਚੀਮੇ ਵੀ ਸਨ। ਬਦੋਕੇ 'ਚ ਚੀਮੇ ਸਨ। ਉਹ ਸਾਰੇ ਸਿੱਖ ਤੋਂ ਮੁਸਲਮਾਨ ਹੋ ਗਏ ਸਨ। ਉਨ੍ਹਾਂ ਦੀਆਂ ਜ਼ਮੀਨਾਂ ਸਨ ਬਹੁਤੀਆਂ, ਉਨ੍ਹਾਂ ਨੂੰ ਪਹਿਲੇ ਹੀ ਪਤਾ ਲੱਗ ਗਿਆ ਸੀ ਕਿ ਮੁਲਕ ਦੀ ਤਕਸੀਮ ਹੋ ਜਾਣੀ ਹੈ, ਉਹ ਸਾਰੇ ਸਿੱਖ ਮੁਸਲਮਾਨ ਬਣ ਗਏ।

ਸਾਡੇ ਪਿੰਡ ਦੇ ਬਹੁਤੇ ਲੋਕ ਫ਼ੌਜ 'ਚ ਸਨ। ਇਕ ਖੱਤਰੀ, ਕ੍ਰਿਸ਼ਨ ਜੱਜ ਵੀ ਸੀ। ਇਕ ਸਾਡੇ ਪਿੰਡ ਦਾ ਬੰਦਾ ਡੀ.ਸੀ. ਵੀ ਸੀ। ਗੁੰਨਾ ਪਿੰਡ 'ਚ ਬਾਜਵੇ ਸਿੱਖ ਸਨ।

ਬਚਪਨ ਦੇ ਮਿੱਤਰ ਬੇਲੀ : ਮੀਆਂ ਘੁਮਿਆਰ ਦਾ ਮੁੰਡਾ ਸੀ ਬੂਟਾ, ਇਕ ਹੋਰ ਮੁੰਡਾ ਸੀ ਨਿੱਕੂ। ਘੁਮਿਆਰ ਦੀ ਘਰਵਾਲੀ ਦਾ ਨਾਮ ਸੀ ਹੁਕਮੋ, ਅਸੀਂ ਵਿਹੜੇ 'ਚ ਘਰ ਦੇ ਅੰਦਰ ਖੇਡਣਾ। ਇਕ ਸਾਡੇ ਗੁਆਂਢ 'ਚ ਰੱਲਾ ਸੁਨਿਆਰ ਦਾ ਘਰ ਸੀ। ਉਹਦੇ ਮੁੰਡੇ ਮੇਰੇ ਆੜੀ ਸਨ, ਓਮ ਪ੍ਰਕਾਸ਼ (ਓਮੀ), ਚੰਦਰ ਭਾਨ। ਇਨ੍ਹਾਂ ਦਾ ਇਕ ਭਰਾ ਹੋਰ ਸੀ, ਮਨਸਾ ਦੇਵ, ਅਸੀਂ ਹਾਕੀ ਖੇਡਦੇ ਸਾਂ।

ਗ਼ਫ਼ੂਰ ਅਲੀ ਸਾਨੂੰ ਬਹੁਤ ਪਿਆਰ ਕਰਦਾ ਹੁੰਦਾ ਸੀ। ਉਹਦਾ ਮੁੰਡਾ ਸੀ ਸਫ਼ੀ। ਉਹ ਫ਼ੌਜ 'ਚ ਸੂਬੇਦਾਰ ਮੇਜਰ ਸੀ, ਉਹ ਸਾਨੂੰ ਬਹੁਤ ਪਿਆਰ ਕਰਦਾ ਸੀ। ਸਾਨੂੰ ਚੁੱਕ ਕੇ ਆਪਣੇ ਘਰ ਲੈ ਜਾਂਦਾ ਹੁੰਦਾ ਸੀ। ਸਾਨੂੰ ਖਾਣ-ਪੀਣ ਦੀਆਂ ਚੀਜ਼ਾਂ ਦਿੰਦਾ ਹੁੰਦਾ ਸੀ। ਇਸ ਸਫ਼ੀ ਨੇ ਹੀ ਸਾਡੇ ਟੱਬਰਾਂ ਦੀ ਜਾਨ ਬਚਾਈ ਸੀ। 3 ਘਰ ਸੁਨਿਆਰਿਆਂ ਦੇ, ਇਕ ਸਾਡਾ ਘਰ। ਮੁਸਲਮਾਨਾਂ ਦੇ ਜੱਥੇ ਇਕੱਠੇ ਹੋ ਕੇ ਆ ਗਏ। ਸਫ਼ੀ ਕੋਲ ਬੰਦੂਕ ਹੁੰਦੀ ਸੀ। ਉਸਨੇ ਮੁਸਲਮਾਨ ਮੁੰਡਿਆਂ ਨੂੰ ਕਿਹਾ, ਜੇ ਕਿਸੇ ਸਿੱਖ ਨੂੰ ਕੁਝ ਹੋਇਆ ਤਾਂ ਮੈਂ ਥੋਨੂੰ ਕਿਸੇ ਨੂੰ ਨਹੀਂ ਛੱਡਾਂਗਾ। ਉਹਦਾ ਪਿਉ ਗ਼ਫ਼ੂਰ ਅਲੀ ਸਾਡੇ ਨਾਲ ਘਰ ਆ ਕੇ ਰਾਤ ਨੂੰ ਸੁੱਤਾ ਕਿ ਕੋਈ ਸਾਨੂੰ ਕੁਝ ਨਾ ਆਖੇ। ਸਫ਼ੀ ਸਾਨੂੰ ਪਿੰਡ ਦੀ ਹੱਦ ਤੱਕ ਛੱਡ ਕੇ ਗਿਆ। ਅਸੀਂ 23 ਅਗਸਤ 1947 ਨੂੰ ਪਿੰਡ 'ਚੋਂ ਨਿਕਲੇ।

ਸਾਨੂੰ ਲੋਕ ਹੁਣ ਵੀ ਕਈ ਵਾਰ ਰਿਫਿਊਜੀ ਕਹਿ ਦਿੰਦੇ ਹਨ। ਪਹਿਲਾਂ ਸਾਨੂੰ ਕੋਈ ਓਪਰੀ ਨਜ਼ਰ ਨਾਲ ਦੇਖਦੇ ਸਨ। ਲੋਕਲ ਨਾ ਸਾਨੂੰ ਆਪਣੀਆਂ ਕੁੜੀਆਂ ਦੇਂਦੇ ਸਨ ਤੇ ਨਾ ਅਸੀਂ ਇਨ੍ਹਾਂ ਨੂੰ ਆਪਣੀਆਂ ਕੁੜੀਆਂ ਦੇਂਦੇ ਆਂ। ਅਸੀਂ ਏਧਰ ਆ ਕੇ ਮਿਹਨਤਾਂ ਕਰਕੇ ਜ਼ਮੀਨਾਂ ਬਣਾ ਲਈਆਂ। ਸਾਡੀਆਂ ਮੋਟਰਾਂ-ਟਿਊਬਵੈੱਲਾਂ ਹਨ। ਅਸੀਂ ਖੇਸ ਬੁਣਦੇ ਹੁੰਦੇ ਸੀ, ਕੁੜੀਆਂ ਤ੍ਰਿੰਞਣ, ਚਰਖੇ ਕੱਤਦੀਆਂ ਸਨ। ਅਸੀਂ ਕੱਤਿਆ ਖੇਸ ਭਗੜਾਣੇ ਜੁਲਾਹਿਆਂ ਨੂੰ ਦੇ ਆਉਂਦੇ ਸਾਂ। ਰਾਤ-ਰਾਤ ਤੱਕ ਚਰਖੇ ਚੱਲਦੇ, ਗੀਤ ਗਾਏ ਜਾਂਦੇ। ਵਿਆਹ-ਸ਼ਾਦੀਆਂ ਤਿੰਨ-ਚਾਰ ਦਿਨ ਤਕ ਚੱਲਦੇ ਰਹਿੰਦੇ।

1947 'ਚ ਸਾਰੇ ਮੁਸਲਮਾਨ ਅੰਬਾਲੇ ਕੈਂਪ 'ਚ ਚਲੇ ਗਏ। ਸਾਡੇ ਪਿੰਡ 'ਚ ਸਰਦਾਰਾਂ ਨੇ ਨੱਥੂ ਸ਼ਾਹ, ਉਹਦੇ ਮੁੰਡੇ ਭਾਗ ਸ਼ਾਹ, ਹੀਰਾ ਸ਼ਾਹ ਦਾ ਟੱਬਰ ਇਥੇ ਹੀ ਰੱਖ ਲਿਆ। ਇਹ ਸਾਰੇ ਪਿੰਡ ਦੇ ਜੱਦੀ ਕਾਮੇ ਸਨ। ਦਿਹਾੜੀਦਾਰ, ਖੇਤੀ 'ਚ ਸਰਦਾਰਾਂ ਦੀ ਮਦਦ ਕਰਦੇ ਸਨ। ਸੋ ਉਹ ਸਰਦਾਰਾਂ ਨੇ ਨਾ ਜਾਣ ਦਿੱਤੇ। ਸ਼ਮਸ਼ੇਰ ਸਿੰਘ ਸਿੱਧੂ ਸਰਦਾਰ ਹੁਰਾਂ ਨੇ ਨੱਥੂ ਸ਼ਾਹ ਨੂੰ ਨਾ ਜਾਣ ਦਿੱਤਾ। ਇਨ੍ਹਾਂ ਦਾ ਧਰਮ ਬਦਲ ਦਿੱਤਾ, ਸਿੱਖ ਬਣਾ ਲਏ। ਨੱਥੂ ਸ਼ਾਹ, ਗੁਲਾਬ ਸਿੰਘ ਹੋ ਗਿਆ। ਭਾਗ ਸ਼ਾਹ, ਭਾਗ ਸਿੰਘ ਹੋ ਗਿਆ। ਹੀਰਾ ਸ਼ਾਹ, ਹੀਰਾ ਸਿੰਘ ਹੋ ਗਿਆ। ਹੀਰੇ ਸ਼ਾਹ ਦੀ ਲੜਕੀ ਸ਼ਰੀਫ਼ਾਂ ਜਦ ਪਾਕਿਸਤਾਨ ਤੋਂ ਏਧਰ ਆਈ ਤਾਂ ਸਾਰੇ ਪਿੰਡ ਨੇ ਉਸਦਾ ਆਦਰ-ਮਾਣ ਕੀਤਾ, ਉਸ ਨੂੰ 10-12 ਹਜ਼ਾਰ ਇਕੱਠਾ ਕਰਕੇ ਦਿੱਤਾ।

### *ਪੀਰਾਂ ਦੇ ਤਕੀਏ*

ਝਾਮਪੁਰ 'ਚ 4-5 ਤਕੀਏ ਹਨ, ਫ਼ਕੀਰਾਂ ਦੇ। ਜੱਟਾਂ ਦੇ ਘਰਾਂ 'ਚ ਹਨ। ਉਹ ਪੂਰਾ ਸਤਿਕਾਰ ਦਿੰਦੇ ਹਨ। ਡੇਰਾ ਹੈ, ਸਮਾਧੀ ਹੈ, ਗੁੱਗਾ ਪੀਰ ਦੀ ਮਾੜੀ ਹੈ। ਬਾਬਾ ਨਾਰਾਇਣ ਦਾਸ ਜੀ ਮੈਨੂੰ ਇਕ ਜੱਟ ਸਿੱਖ, ਲਾਇਲਪੁਰੀ ਪਰਿਵਾਰ ਦੇ ਘਰ ਲੈ ਗਏ। ਇਨ੍ਹਾਂ ਦੇ ਘਰ ਦੇ ਐਨ ਬਾਹਰ ਇਕ ਪੀਰ ਦਾ ਤਕੀਆ ਹੈ। ਘਰ ਦੇ ਮਾਲਕ ਨੇ ਦੱਸਿਆ ਕਿ ਇਹ ਤਕੀਆ ਸਯਦ ਗੁਲਾਬ ਸ਼ਾਹ ਦਾ ਹੈ। ਇਹ ਸਯਦ ਅਲੀ ਸ਼ਾਹ ਦਾ ਘਰ ਹੁੰਦਾ ਸੀ। ਇਥੇ



ਪੁਰਾਣੀ ਮਸੀਤ ਜੋ 1947 ਤੋਂ ਹੁਣ ਤਕ ਓਵੇਂ ਹੀ ਖੜ੍ਹੀ ਹੈ ਤੇ ਨੇਮ ਨਾਲ ਐਥੇ ਨਮਾਜ਼ ਹੁੰਦੀ ਹੈ।
ਸਥਾਨ : ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।



ਪਿੰਡ ਦੇ ਵਿਚਕਾਰ ਕਿਸੇ ਪੀਰ ਦਾ ਤਕੀਆ, ਜਿਥੇ ਸਿੱਖ ਪਰਿਵਾਰ ਹਰ ਸ਼ਾਮ ਚਿਰਾਗ਼ ਬਾਲਦੇ ਹਨ।
ਸਥਾਨ : ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।

ਇਕ ਸ਼ਰੀਂਹ ਦਾ ਰੁੱਖ ਹੁੰਦਾ ਸੀ। ਸਾਨੂੰ ਪਤਾ ਨਹੀਂ ਸੀ ਕਿ ਇਹ ਕਬਰਾਂ ਕਿਸ ਦੀਆਂ ਹਨ, ਅਸੀਂ ਕੋਈ ਧਿਆਨ ਨਹੀਂ ਦਿੱਤਾ। ਪਰ ਸਾਨੂੰ ਇਨ੍ਹਾਂ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਸਾਡਾ ਕੋਈ ਵੀ ਪਸ਼ੂ ਬਚਦਾ ਨਹੀਂ ਸੀ। ਪਹਿਲੇ ਸਾਲ 'ਚ ਹੀ ਮਰ ਜਾਂਦਾ ਸੀ। ਸਾਨੂੰ ਫੇਰ ਬਜ਼ੁਰਗਾਂ ਨੇ ਦੱਸਿਆ। ਅਸੀਂ ਇਸ ਜਗ੍ਹਾ ਨੂੰ ਸਾਫ਼ ਕਰਵਾ ਕੇ, ਚਾਰ-ਦੀਵਾਰੀ ਕਰਵਾਈ। ਪਿੰਡ ਦੀ ਮਦਦ ਨਾਲ ਅਸੀਂ ਇਸ ਦੀ ਦੇਖਭਾਲ ਕਰਦੇ ਹਾਂ। ਹਰ ਵੀਰਵਾਰ ਨੂੰ ਲੋਕ ਇਥੇ ਮੱਥਾ ਟੇਕਣ ਆਉਂਦੇ ਹਨ।

ਬਾਬਾ ਜੀ ਨੇ ਮੈਨੂੰ ਦੋ ਹੋਰ ਤਕੀਏ ਦਿਖਾਏ ਜੋ ਪਿੰਡ ਦੇ ਵਿਚਕਾਰ ਹਨ, ਗਲੀ ਦੇ ਦੋਨੋਂ ਪਾਸੇ। ਲਾਇਲਪੁਰੀ ਜੱਟਾਂ ਦੇ ਘਰਾਂ ਦੇ ਬਾਹਰ ਹਨ। ਇਹ ਨਾ-ਮਾਲੂਮ ਪੀਰਾਂ ਦੀਆਂ ਕਬਰਾਂ ਹਨ, ਜੋ ਨਿੰਮ ਦੇ ਵੱਡੇ ਦਰਖਤਾਂ ਦੇ ਥੱਲੇ ਹਨ, ਚਿਰਾਗ਼ ਦੀ ਜਗ੍ਹਾ ਬਣੀ ਹੋਈ ਹੈ। ਪੱਕੀ ਚਾਰ-ਦੀਵਾਰੀ ਤੇ ਪੱਕਾ ਫ਼ਰਸ਼ ਲੱਗਾ ਹੋਇਆ ਹੈ। ਪਿੰਡ ਦੇ ਪ੍ਰਾਇਮਰੀ ਸਕੂਲ ਦੇ ਅਹਾਤੇ ਵਿਚ ਪੀਰਾਂ ਦੇ ਤਕੀਏ ਹਨ, ਚਾਰ ਦੀਵਾਰੀ ਦੇ ਅੰਦਰ 4 ਕਬਰਾਂ ਇਕ ਲਾਈਨ ਵਿਚ ਹਨ, 2 ਪੈਰਾਂ ਵਾਲੇ ਪਾਸੇ ਹਨ। ਦੋ ਕਬਰਾਂ ਚਾਰ-ਦੀਵਾਰੀ ਦੇ ਬਾਹਰ ਹਨ, ਇਨ੍ਹਾਂ ਵਿਚ ਇਕ ਫ਼ਕੀਰ ਖ਼ਾਕੀ ਸ਼ਾਹ ਦੀ ਕਬਰ ਹੈ। ਕਬਰਾਂ ਦੇ ਸੱਜੇ ਹੱਥ ਇਕ ਬੋਹੜ ਦਾ ਵਿਸ਼ਾਲ ਦਰਖ਼ਤ ਖੜਾ ਹੈ।

### *ਪੁਆਧ 'ਚ ਵੀ ਰਾਂਝਾ ਜੋਗੀ ਹੋਇਆ*

ਝਾਮਪੁਰ 'ਚ ਲੋਕ ਪੁਰਾਣੇ ਸਮੇਂ ਦੀ ਇਕ ਗੱਲ ਦੱਸਦੇ ਹਨ, ਇਕ ਮੁਸਲਮਾਨ ਮੁੰਡਾ ਹੁੰਦਾ ਸੀ, ਅਬਦੁੱਲ ਦਾ ਮੁੰਡਾ ਸੀ ਝਾਮਪੁਰ ਦਾ ਹੀ। ਪਿੰਡ ਦੀ ਹੀ ਇਕ ਸ਼ਾਦੀ-ਸ਼ੁਦਾ ਮੁਸਲਮਾਨ ਔਰਤ 'ਤੇ ਆਸ਼ਕ ਹੋ ਗਿਆ। ਉਹਨੂੰ ਕਹਿੰਦਾ, ਮੈਂ ਤੇਰੇ ਨਾਲ ਨਿਕਾਹ ਕਰਨਾ ਏ। ਉਹ ਕਹਿੰਦੀ, ਜਾ ਪਹਿਲਾਂ ਕਿਸੇ ਇਕ ਫ਼ਕੀਰ ਦਾ ਹੋ ਕੇ ਦਿਖਾ। ਉਹ ਇਕ ਪੁੱਜੇ ਹੋਏ ਫ਼ਕੀਰ ਕੋਲ ਗਿਆ। ਫ਼ਕੀਰ ਨੇ ਕਿਹਾ, ਫ਼ਕੀਰੀ ਸੌਖਾ ਕੰਮ ਨਹੀਂ, ਜਿਸ ਵਜ੍ਹਾ ਤੋਂ ਤੂੰ ਫ਼ਕੀਰ ਹੋਣ ਲੱਗਾ ਏਂ, ਉਹ ਕੰਮ ਤੇ ਫ਼ਕੀਰੀ ਇਕੱਠੇ ਨਹੀਂ ਚੱਲਣੇ, ਭੀਖ ਮੰਗ ਕੇ ਖਾਣਾ ਪੈਣਾ ਏ। ਹਰ ਔਰਤ ਜ਼ਾਤ ਨੂੰ ਮਾਂ, ਭੈਣ ਦੀ ਨਜ਼ਰ ਨਾਲ ਵੇਖਣਾ ਪਏਗਾ। ਫਿਰ ਉਹ ਮੁੰਡਾ ਫ਼ਕੀਰ ਬਣ ਕੇ ਉਸੇ ਔਰਤ ਦੇ ਘਰ ਖੈਰ ਮੰਗਣ ਗਿਆ। ਉਸ ਨੂੰ ਮਾਂ ਕਹਿ ਕੇ ਖ਼ੈਰ ਮੰਗੀ। ਇਹੋ ਆਸ਼ਕ ਮੁੰਡਾ ਖ਼ਾਕੀ ਸ਼ਾਹ ਫ਼ਕੀਰ ਹੋਇਆ। ਬਹੁਤ ਮਾਨਤਾ ਵਾਲਾ ਫ਼ਕੀਰ ਹੋਇਆ। ਪਿੰਡ 'ਚ ਉਸਦੇ ਤਕੀਏ 'ਤੇ ਹਰ ਵੀਰਵਾਰ ਨੂੰ ਲੋਕ ਚਿਰਾਗ਼ ਜਗਾਂਦੇ ਨੇ।

ਇਨ੍ਹਾਂ ਕਬਰਾਂ ਤੋਂ ਥੋੜਾ ਦੂਰ ਹੀ ਇਕ ਪੁਰਾਣਾ ਖੂਹ ਹੈ, ਜੋ ਝਾੜ-ਫੂਸ ਨਾਲ ਢੱਕਿਆ ਹੋਇਆ ਹੈ। ਕਿਸੇ ਸਮੇਂ ਇਸ ਖੂਹ 'ਤੇ ਰੌਣਕ ਹੁੰਦੀ ਸੀ। ਇਸ ਖੂਹ ਤੋਂ 40-50 ਕਦਮਾਂ ਦੀ ਦੂਰੀ 'ਤੇ ਇਕ ਹੋਰ ਖੂਹ ਹੈ, ਇਹ ਹਰੀਜਨਾਂ ਦਾ ਖੂਹ ਹੈ। ਹੁਣ ਇਹ ਕਿਸੇ ਵਰਤੋਂ 'ਚ ਨਹੀਂ ਹੈ।

### *ਬੀਬੀ ਛੋਟੋ ਦੀ ਦਾਸਤਾਨ*

ਬੀਬੀ ਛੋਟੋ ਉਨ੍ਹਾਂ ਪੀੜਤਾ 'ਚੋਂ ਹੈ, ਜਿਸ ਦੀ ਅਗਲੀ ਪੀੜ੍ਹੀ ਤਾਂ ਹੈ ਪਰ ਪਿੱਛ ਕੀ ਹੈ, ਇਹ ਕਿਸੇ ਨੂੰ ਨਹੀਂ ਪਤਾ। ਬੀਬੀ ਛੋਟੋ ਨੂੰ ਆਪ ਨਹੀਂ ਪਤਾ। 1947 ਸਮੇਂ ਉਸ ਦੀ ਉਮਰ 2-3 ਸਾਲ ਸੀ। ਝਾਮਪੁਰ ਤੋਂ 5 ਕਿਲੋਮੀਟਰ ਪਿੰਡ ਹੈ ਤਿੰਬਰਪੁਰ, ਇਕ ਭਗੜਾਣਾ-ਬਰਾਸ ਸੜਕ 'ਤੇ ਹੈ। ਇਕ 2-3 ਸਾਲ ਦੀ ਬੱਚੀ ਟੋਭੇ ਦੇ ਗਾਰੇ 'ਚ ਖੁਭੀ ਹੋਈ ਰੋ ਰਹੀ ਸੀ। ਤਿੰਬਰਪੁਰ ਇਕ ਸਿੱਖ ਦੀ ਨਜ਼ਰ ਇਸ ਅਨਾਥ ਬੱਚੀ 'ਤੇ ਪੈ ਗਈ। ਹੁਣ ਉਹ ਜੱਟ ਸਵਰਗਵਾਸ ਹੋ ਚੁੱਕਾ ਹੈ। ਜੱਟ ਨੇ ਬੱਚੀ 'ਤੇ ਤਰਸ ਖਾ ਕੇ ਉਸ ਨੂੰ ਚੁੱਕ ਲਿਆ। ਉਹ ਸਿੱਖ ਇਸ ਬੱਚੀ ਨੂੰ ਝਾਮਪੁਰ ਦੇ ਝਿਊਰ, ਮੁਸਲਮਾਨਾਂ ਦੇ ਘਰ ਦੇ ਗਿਆ। ਨੱਥੂ ਸ਼ਾਹ ਤੇ ਭਾਗ ਸ਼ਾਹ ਨੇ ਇਸ ਬੱਚੀ ਨੂੰ ਆਪਣੀ ਧੀ ਬਣਾ ਕੇ ਪਾਲਿਆ। ਇਸ ਦਾ ਨਾਂਅ ਉਨ੍ਹਾਂ ਨੇ ਛੋਟੋ ਰੱਖਿਆ। ਜਦ ਛੋਟੋ ਜਵਾਨ ਹੋਈ, ਉਸਦਾ ਨਿਕਾਹ ਸਾਰੇ ਪਿੰਡ ਨੇ ਮਿਲ ਕੇ ਨੱਥੂ ਸ਼ਾਹ ਦੇ ਭਰਾ, ਹੀਰੇ ਸ਼ਾਹ ਦੇ ਮੁੰਡੇ ਬੀਰੂ ਸ਼ਾਹ ਨਾਲ ਕਰ ਦਿੱਤਾ। ਬੀਰੂ ਸ਼ਾਹ ਤੇ ਛੋਟੋ ਨੇ ਆਪਣੀ ਜ਼ਿੰਦਗੀ ਜੱਟ-ਜ਼ਿਮੀਦਾਰਾਂ ਦੇ ਖੇਤਾਂ 'ਚ ਬਟਾਈ 'ਤੇ ਖੇਤੀ ਕਰਕੇ ਬਸਰ ਕਰਨੀ ਸ਼ੁਰੂ ਕੀਤੀ। 3 ਮੁੰਡੇ ਤੇ 1 ਧੀ ਹੋਏ। ਸਾਰੇ ਹੀ ਵਿਆਹ ਦਿੱਤੇ ਨੇ। ਬੀਰੂ ਸ਼ਾਹ ਹੁਣ ਨਹੀਂ ਰਿਹਾ। ਹੁਣ ਬੀਬੀ ਛੋਟੋ ਪੋਤੇ-ਦੋਹਤੇ ਵਾਲੀ ਹੈ। ਸਾਰੇ ਸੁਖੀ, ਆਪੋ-ਆਪਣੇ ਵੱਸਦੇ ਹਨ। ਪਰ ਉਸਦੇ ਅੰਦਰਲਾ ਦਰਦ ਸ਼ਾਇਦ ਕਿਸੇ ਨੇ ਨਹੀਂ ਜਾਣਿਆ। ਜਦ ਮੈਂ ਇਹ ਮੁਲਾਕਾਤ ਬੀਬੀ ਛੋਟੋ ਨਾਲ ਕਰ ਰਿਹਾ ਸਾਂ ਤਾਂ ਉਹ ਆਪਣੀਆਂ ਬੁੱਢੀਆਂ ਅੱਖਾਂ 'ਚ 47 ਦੇ ਅੱਥਰੂ ਭਰ ਲੈ



ਪੁਰਾਣੀ ਮਸਜਿਦ ਜੋ ਕਿਸੇ ਦੇ ਕਬਜ਼ੇ ਵਿਚ ਰਹੀ ਤੇ ਅੱਜ ਖਸਤਾ ਹਾਲ ਹੈ।
ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।



ਖ਼ਾਕੀ ਸ਼ਾਹ ਤੇ ਹੋਰ ਫ਼ਕੀਰਾਂ ਦੀਆਂ ਕਬਰਾਂ।
ਸਥਾਨ : ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।

ਆਈ। ਉਸਨੇ ਕਿਹਾ, ਮੇਰੀ ਜੜ੍ਹ ਤਾਂ ਇਸ ਪਿੰਡ 'ਚ ਲੱਗ ਗਈ ਪਰ ਮੈਂ ਕੌਣ ਆਂ ? ਮੇਰੇ ਮਾਂ ਬਾਪ ਕੌਣ ਆ ? ਕੋਈ ਭੈਣ, ਕੌਣ ਭਾਈ। ਜਿਉਂਦੇ ਵੀ ਨੇ ਜਾਂ ਸਾਰੇ ਮਰ ਗਏ। ਐਥੇ ਈ ਨੇ ਜਾਂ ਪਾਕਿਸਤਾਨ ਚਲੇ ਗਏ, ਹਾਲੇ ਵੀ ਮੇਰਾ ਕੋਈ ਉਥੇ ਹੋਣੈ ? ਮੇਰਾ ਪਿੰਡ ਕਿਹੜਾ। ਮੈਨੂੰ ਕੁਝ ਨਹੀਂ ਪਤਾ।

ਜਦ ਮੈਂ ਪੁੱਛਿਆ, ਰੱਬ ਨਾਲ ਕੋਈ ਉਲ੍ਹਾਮਾ ਹੈ ਇਸ ਗੱਲ ਦਾ ? ਕਿ ਉਸਨੇ ਛੋਟੋ ਸਾਰੀ ਜ਼ਿੰਦਗੀ ਇਸ ਤਰ੍ਹਾਂ ਦਰਦ 'ਚ ਕੱਢ ਦਿੱਤੀ।

ਬੀਬੀ ਛੋਟੋ ਨੇ ਕਿਹਾ, ਰੱਬ ਦਾ ਤਾਂ ਭਰੋਸਾ ਰਿਹਾ। ਰੱਬ ਨਾਲ ਮੈਨੂੰ ਕੋਈ ਉਲ੍ਹਾਮਾ ਨਹੀਂ। ਰੱਬ ਨੇ ਕਯਾ ਕਰਿਆ ! ਮੇਰੀ ਜੋ ਕਿਸਮਤ 'ਚ ਸੀ ਮੈਨੂੰ ਓਹੀ ਮਿਲਿਆ। ਮੈਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ।

ਮੈਂ ਬੀਬੀ ਕੋਲ ਜ਼ਿਆਦਾ ਦੇਰ ਬੈਠ ਨਾ ਸਕਿਆ। ਮੈਂ ਖ਼ੁਦ ਰੋਣ ਲੱਗਾ। ਮੈਂ ਬੀਬੀ ਨੂੰ ਹੋਰ ਪੀੜਾ ਦੇਣੀ ਠੀਕ ਨਾ ਸਮਝੀ। ਮੈਂ ਉਸਦੇ ਪੈਰੀਂ ਹੱਥ ਲਾ ਕੇ ਮੁਆਫ਼ੀ ਮੰਗੀ, ਜੇ ਮੈਂ ਉਸਦੇ ਜ਼ਖ਼ਮਾਂ ਨੂੰ ਹਰਾ ਕਰ ਦਿੱਤਾ। ਬੀਬੀ ਛੋਟੋ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਮੈਨੂੰ ਵੱਡੀ ਉਮਰ ਦੀ ਦੁਆ ਦਿੱਤੀ। ਕਾਮਯਾਬੀ ਦੀ ਦੁਆ ਦਿੱਤੀ। ਉਸਨੇ ਕਿਹਾ, "ਨਾ ਪੁੱਤ ! ਤੁਸੀਂ ਮੈਨੂੰ ਕਿਆ ਕਹਿਣਾ ! ਮੈਂ ਤਾਂ ਆਪਣੇ ਮੁਕੱਦਰਾਂ ਦਾ ਖਾਧਾ ਏ।"

### *ਮੇਹਰਦੀਨ*

ਮੇਹਰਦੀਨ ਦਾ ਜਨਮ 47 ਤੋਂ ਕਈ ਸਾਲ ਬਾਅਦ ਹੋਇਆ ਹੈ। ਪਿਤਾ ਭਾਗ ਸ਼ਾਹ ਤੇ ਉਸਦੇ ਵੱਡੇ ਭਰਾ ਨੱਥੂ ਸ਼ਾਹ ਨੂੰ ਚੌਧਰੀ ਸ਼ਮਸ਼ੇਰ ਸਿੰਘ ਸਿੱਧੂ ਨੇ 47 ਵੇਲੇ ਬਚਾ ਕੇ ਏਧਰ ਹੀ ਰੱਖ ਲਿਆ ਸੀ। ਭਾਗ ਸ਼ਾਹ ਦੇ ਅੱਗੇ ਚਾਰ ਮੁੰਡੇ ਹੋਏ : ਜੀਤਾ ਸ਼ਾਹ, ਸਾਬੂ ਸ਼ਾਹ, ਮੇਹਰਦੀਨ ਤੇ ਦੀਨਾ ਸ਼ਾਹ। ਇਹ ਸਾਰੇ ਹੀ ਸਿੱਖ ਨਾਵਾਂ ਨਾਲ ਰਹੇ। 'ਸਿੰਘ' ਨਾਂਅ ਨਾਲ। ਬੀਬੀ ਛੋਟੋ ਰਿਸ਼ਤੇ 'ਚ ਮੇਹਰਦੀਨ ਦੀ ਚਾਚੀ ਲੱਗਦੀ ਹੈ। ਮੇਹਰਦੀਨ ਨੇ ਸਾਰੀ ਉਮਰ ਜੱਟਾਂ ਦੇ ਖੇਤਾਂ 'ਚ ਮਜ਼ੂਰੀ ਕੀਤੀ ਹੈ। ਹੁਣ ਉਸਦਾ ਸਰੀਰ ਢਿੱਲਾ-ਮੱਠਾ ਰਹਿ ਰਿਹਾ ਏ, ਕੁਝ ਦਿਨਾਂ ਤੋਂ। ਹੁਣ ਉਸਨੇ ਖੇਤਾਂ 'ਚ ਕੰਮ ਕਰਨਾ ਬੰਦ ਕਰ ਦਿੱਤਾ ਹੈ।

ਮੇਹਰਦੀਨ ਨੂੰ ਸਾਰੀ ਉਮਰ 'ਸਿੰਘ' ਨਾਂ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਾਗ਼ਜਾਂ 'ਚ ਮੇਹਰ ਸਿੰਘ ਲਿਖਿਆ ਹੈ, ਪਿਓ ਦਾ ਨਾਂਅ ਭਾਗ ਸਿੰਘ ਲਿਖਿਆ ਹੈ। ਸਰਕਾਰੀ ਅਫ਼ਸਰ ਕਹਿੰਦੇ ਨੇ, ਤੇਰਾ ਨਾਮ ਸਿੰਘ ਹੈ ਤੂੰ ਖ਼ੁਦ ਨੂੰ ਮੁਸਲਮਾਨ ਕਹਿੰਦਾ ਏਂ। ਅਸੀਂ ਨਾ ਕੋਈ ਬੈਂਕ ਦਾ ਕਾਗ਼ਜ਼ ਭਰ ਸਕਦੇ ਆਂ, ਨਾ ਕੋਈ ਲੋਨ ਲੈ ਸਕਦੇ ਆਂ। ਬਹੁਤ ਦਿੱਕਤ ਆਈ। ਸਾਡੇ ਆਪਣੇ ਮੁਸਲਮਾਨ ਰਿਸ਼ਤੇਦਾਰ ਹੀ ਸਭ ਤੋਂ ਪਹਿਲਾਂ ਸਾਨੂੰ ਓਪਰੀ ਨਜ਼ਰ ਨਾਲ ਦੇਖਦੇ ਸੀ। ਜੇ ਮੈਂ ਪੱਗ ਬੰਨ੍ਹ ਕੇ ਆਪਣੇ ਸਹੁਰੇ ਜਾਂਦਾ ਤਾਂ ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਨਾ ਕਰਦੇ। ਮੈਨੂੰ ਕਹਿੰਦੇ, ਤੂੰ ਸਿੱਖ ਏਂ ਜਾਂ ਮੁਸਲਮਾਨ ? ਰਿਸ਼ਤੇ ਦੇ ਲੈਣ-ਦੇਣ 'ਚ ਬਹੁਤ ਦਿੱਕਤ ਆਈ। ਹੁਣ ਸਾਡੇ ਜੁਆਕਾਂ ਦੇ ਨਾਂ ਨਾਲ ਅਸੀਂ ਖਾਨ ਹੀ ਲਿਖਦੇ ਹਾਂ।

### *ਬਰਾਸ ਦੇ ਰੋਜ਼ਿਆਂ ਬਾਰੇ*

ਬਰਾਸ ਦੇ ਰੋਜ਼ੇ ਦਾ ਕੰਮ-ਕਾਰ ਮਲੇਰਕੋਟਲੇ ਦੇ ਇਕ ਹੱਡੀਆਂ ਦੇ ਮਾਹਰ ਡਾਕਟਰ ਹਨ ਡਾ. ਨਿਜ਼ਾਮੁਦੀਨ ਸਾਹਿਬ ਕਰਵਾਉਂਦੇ ਹਨ। ਰੋਜ਼ੇ, ਮਸਜਿਦਾਂ, ਕਬਰਾਂ ਦਾ ਕੰਮ ਉਨ੍ਹਾਂ ਨੇ ਹੀ ਕਰਵਾਇਆ ਹੈ। ਹੁਣ ਤਾਂ ਦੁਨੀਆਂ ਭਰ ਤੋਂ ਲੋਕ ਬਰਾਸ ਆਉਂਦੇ ਹਨ। ਜੋ ਮੁਸਲਮਾਨ ਸਰਹਿੰਦ ਰੋਜ਼ਾ-ਸ਼ਰੀਫ਼ ਜਾਂਦਾ ਹੈ, ਉਸ ਦਾ ਆਉਣਾ ਤਾਂ ਹੀ ਸਫ਼ਲ ਹੋਏਗਾ ਜੋ ਉਹ ਬਰਾਸ ਵੀ ਜਾਵੇ।

ਨਿਜ਼ਾਮੁਦੀਨ ਸਾਹਿਬ ਨੂੰ ਇਕ ਰਾਤ ਸੁਪਨਾ ਆਇਆ। 'ਨਾ ਤੂੰ ਕਦੇ ਸਰਹੰਦ ਆਹਿਆ, ਨਾ ਕਦੇ ਬਰਾਸ ਆਇਆ, ਆਪ ਤੂੰ ਪਲੰਘਾਂ 'ਤੇ ਸੌਂਦਾ ਏਂ ਤੇ ਸਾਡੇ 'ਤੇ ਪਸ਼ੂ ਮੱਲ-ਮੂਤਰ ਕਰਦੇ ਨੇ'।

ਕਹਿੰਦੇ ਆ ਬਈ, ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਦੇ ਕਈ ਪੈਗ਼ੰਬਰ ਇਥੇ ਦਫ਼ਨ ਨੇ। ਇਕ ਨਕਸ਼ਬੰਦੀ ਸਿਲਸਿਲੇ ਦਾ ਇਕ ਮੌਲਵੀ ਸੀ ਮਜੱਦਦ ਅਲਫ਼ਸਾਨੀ ਸਰਹਿੰਦੀ, ਨੇ ਇਸ ਦਾ ਜ਼ਿਕਰ ਕੀਤਾ ਹੈ।

ਸਰਹਿੰਦ ਵਾਲੀਆਂ ਖ਼ਾਨਕਾਹਾਂ ਕਹਿੰਦੇ ਆ, ਅਹਿਮਦ ਸ਼ਾਹ ਅਬਦਾਲੀ ਨੇ ਬਣਵਾਈਆਂ ਸਨ। ਨਬੀਆਂ

ਦੀਆਂ 9 ਕਿ 13 ਦਰਗਾਹਾਂ ਹਨ। ਜਿਥੇ ਪੂਰੀ ਦੁਨੀਆ ਤੋਂ ਲੋਕ ਆਉਂਦੇ ਹਨ। ਹਰ ਰੋਜ਼ ਬੱਸਾਂ ਆਈਆਂ ਰਹਿੰਦੀਆਂ ਹਨ। ਪਾਕਿਸਤਾਨ ਤੋਂ ਵੀ ਲੋਕ ਆਉਂਦੇ ਹਨ। ਪਿੰਡ 'ਚ ਮੌਜੂਦਾ ਬਿਰਾਦਰੀਆਂ : ਸਿੱਖ, ਹਿੰਦੂ, ਹਰੀਜਨ, ਈਸਾਈ, ਲੁਹਾਰ, ਸਾਂਸੀ, ਲੁਬਾਣਾ ਸਿੱਖ ਹਨ। ਬਰਾਸ 'ਚ ਇਕ ਵੀ ਘਰ ਮੁਸਲਮਾਨਾਂ ਦਾ ਨਹੀਂ ਹੈ। ਹਿਜ਼ਰਤ ਕਰਕੇ ਆਏ ਲੋਕ : ਸਿਆਲਕੋਟ, ਲਾਇਲਪੁਰ, ਸ਼ੇਖੂਪੁਰੀਏ ਹਨ। ਮੈਨੂੰ ਲੰਬੜਦਾਰ ਸਾਹਿਬ ਆਪਣੇ ਨਾਲ ਰੋਜ਼ਿਆਂ ਵਾਲੀ ਜਗ੍ਹਾ ਲੈ ਗਏ। ਉਨ੍ਹਾਂ ਨੇ ਮੈਨੂੰ ਰੋਜ਼ੇ ਦੀਆਂ ਕਬਰਾਂ ਵਾਲੀਆਂ ਖ਼ਾਨਕਾਹਾਂ ਦਿਖਾਈਆਂ। ਇਹ ਰੋਜ਼ੇ 50 ਫੁੱਟ ਦੀ ਉਚਾਈ 'ਤੇ ਇਕ ਟਿੱਲੇ 'ਤੇ ਬਣੇ ਹਨ। ਇਕ ਬਹੁਤ ਹੀ ਵੱਡੇ ਖੁੱਲ੍ਹੇ ਵੇਹੜੇ ਅੰਦਰ ਜਿਥੇ ਵੇਹੜੇ 'ਚ ਟਾਈਲਾਂ ਨਾਲ ਪੱਕਾ ਫਰਸ਼ ਬਣਾਇਆ ਹੋਇਆ ਹੈ। ਵਿਹੜੇ 'ਚ ਲੰਬੀਆਂ-ਲੰਬੀਆਂ 9 ਕਬਰਾਂ ਹਨ। 30-30 ਫੁੱਟ ਲੰਮੀਆਂ ਕਬਰਾਂ। ਨਿੰਮ ਦੇ ਕਈ ਦਰਖ਼ਤ ਖੜ੍ਹੇ ਹਨ, ਇਨ੍ਹਾਂ ਵਿਚ ਦੋ ਕਬਰਾਂ ਟੀਨ ਨਾਲ ਛੱਤੀਆਂ ਹੋਈਆਂ ਹਨ। ਇਕ ਕਬਰ ਦੇ ਉੱਚੇ ਇਕ ਬਹੁਤ ਪੁਰਾਣਾ ਦਰਖ਼ਤ ਹੈ, ਜਿਸ ਕਰਕੇ ਟੀਨ ਦੇ ਵਿਚੋਂ ਅਸਮਾਨ ਨਜ਼ਰ ਆਉਂਦਾ ਹੈ। ਜ਼ਾਹਿਰ ਹੈ, ਬਰਸਾਤ ਦਾ ਪਾਣੀ ਵੀ ਅੰਦਰ ਡਿੱਗਦਾ ਹੋਵੇਗਾ। ਇਨ੍ਹਾਂ ਦੀ ਲੰਬਾਈ ਛੇ-ਛੇ ਫੁੱਟ ਹੈ।

ਦੋ ਹੋਰ ਕਬਰਾਂ ਮੁੱਖ ਮਸਜਿਦ ਵੱਲ ਨੂੰ ਜਾਂਦਿਆਂ ਖੁੱਲ੍ਹੇ ਵਿਚ ਹਨ। ਇਹ ਕਿਸੇ ਤਰ੍ਹਾਂ ਦੀ ਚਾਰ-ਦੀਵਾਰੀ ਤੋਂ ਬਿਨਾਂ ਹੀ ਹਨ। ਇਨ੍ਹਾਂ 'ਤੇ ਘਾਹ ਜੰਮਿਆ ਹੋਇਆ ਹੈ। ਇਨ੍ਹਾਂ ਦੀਆਂ ਇੱਟਾਂ ਬਿਨਾਂ ਪਲਾਸਤਰ ਤੋਂ ਹਨ। ਇਨ੍ਹਾਂ ਦੇ ਕੋਲ ਹੀ ਫ਼ਵਾਰੇ ਬਣੇ ਹੋਏ ਹਨ, ਜੋ ਹੁਣ ਸੁੱਕੇ ਹਨ। ਕਿਸੇ ਸਮੇਂ ਇਹ ਚਾਲੂ ਹਾਲਤ 'ਚ ਹੋਣਗੇ। ਰੋਜ਼ੇ ਦੇ ਮੁੱਖ ਸ਼ਾਹੀ ਦਵਾਰ/ਗੇਟ ਤੋਂ ਲੈ ਕੇ ਟਿੱਲੇ 'ਤੇ ਮੁੱਖ ਮਸਜਿਦ ਤੱਕ ਸੰਗਮਰਮਰ ਦੀਆਂ ਟਾਈਲਾਂ ਲੱਗੀਆਂ ਹੋਈਆਂ ਹਨ। ਉਪਰ ਤੱਕ ਪੌੜੀਆਂ ਹਨ। ਦੋਵੇਂ ਪਾਸੇ ਪੱਕੇ ਕਮਰੇ ਬਣੇ ਹੋਏ ਹਨ। ਜਿਨ੍ਹਾਂ ਦੇ ਖੱਬੇ ਹੱਥ ਵੁਜ਼ੂ ਕਰਨ ਲਈ ਅਨੇਕਾਂ ਟੂਟੀਆਂ ਹਨ। ਉਸ ਤੋਂ ਅਗਾਂਹ ਕੁਝ ਕਮਰੇ ਬਣੇ ਹੋਏ ਹਨ। ਮਸਜਿਦ ਵੱਲ ਜਾ ਰਹੀਆਂ ਪੌੜੀਆਂ ਦੇ ਸੱਜੇ ਹੱਥ 9 ਪੈਗੰਬਰਾਂ ਦੀਆਂ ਕਬਰਾਂ ਹਨ। ਜੋ ਇਕ ਛੋਟੇ ਬੁਲੰਦ ਦਵਾਰ/ਗੇਟ ਦੇ ਅੰਦਰ ਹਨ। ਗੇਟ ਦੇ ਬਾਹਰ ਹੇਠਲੇ ਪਾਸੇ ਇਕ ਪੱਕੀ ਕਬਰ ਬਣੀ ਹੋਈ ਹੈ। ਇਹ ਡਾ. ਨਿਜ਼ਾਮੁਦੀਨ ਸਾਹਿਬ ਦੀ ਬੀਵੀ ਦੀ ਕਬਰ ਹੈ। ਉਸਦੇ ਨਾਲ ਹੀ ਇਕ ਹੋਰ ਕਬਰ ਹੈ ਜੋ ਪੱਕੀ ਹਾਲਤ 'ਚ ਨਹੀਂ ਹੈ। ਰੋਜ਼ੇ ਵਾਲੇ ਸਥਾਨ 'ਤੇ ਇਕ ਮਦਰੱਸਾ ਹੈ, ਜਿਥੇ ਮੌਲਵੀ ਸਾਹਿਬ ਪਿਛਲੇ 15-20 ਸਾਲ ਤੋਂ ਮੁਸਲਿਮ ਬੱਚਿਆਂ ਨੂੰ ਕੁਰਾਨ ਪੜ੍ਹਾਉਂਦੇ ਹਨ। ਰੋਜ਼ੇ ਦੀ ਦੇਖਭਾਲ ਕਰਦੇ ਹਨ। ਮਸਜਿਦ 'ਚ ਨੇਮ ਨਾਲ ਆਜ਼ਾਨ ਦਿੰਦੇ ਹਨ। ਇਹ ਬੱਚੇ ਆਸ-ਪਾਸ ਦੇ ਪਿੰਡਾਂ ਦੇ ਗ਼ਰੀਬ ਘਰਾਂ ਦੇ ਹਨ, ਜਿਨ੍ਹਾਂ ਦੀ ਤਾਲੀਮ ਦਾ ਕੰਮ ਤੇ ਖਾਣ-ਪੀਣ ਦਾ ਪ੍ਰਬੰਧ ਮੌਲਵੀ ਸਾਹਿਬ ਦੀ ਦੇਖ-ਰੇਖ 'ਚ ਹੁੰਦਾ ਹੈ। ਇਸ ਦੇ ਪਿੱਛੇ ਜਿਸ ਇਨਸਾਨ ਦੀ ਦੂਰਅੰਦੇਸ਼ੀ ਸੋਚ ਕੰਮ ਕਰ ਰਹੀ ਹੈ, ਉਨ੍ਹਾਂ ਦਾ ਨਾਂਅ ਹੈ—ਜਨਾਬ ਡਾ. ਨਿਜ਼ਾਮੁਦੀਨ ਕੋਠਾਲਵੀ।

### *ਮਲੇਰਕੋਟਲੇ 'ਚ ਬੈਠਾ ਇਕ ਫੱਕਰ ਡਾਕਟਰ ਨਿਜ਼ਾਮੁਦੀਨ*

ਡਾ. ਹਾਜ਼ੀ ਨਿਜ਼ਾਮੁਦੀਨ ਮਲੇਰਕੋਟਲੇ 'ਚ ਹੱਡੀਆਂ ਦੇ ਮਾਹਿਰ ਡਾਕਟਰ ਹਨ। ਉਨ੍ਹਾਂ ਦੀ ਰਿਹਾਇਸ਼ਗਾਹ, 'ਗੁਲਜ਼ਾਰ ਹੱਡੀਆਂ ਦਾ ਹਸਪਤਾਲ' ਦੇ ਪਿਛਲੇ ਪਾਸੇ ਹੈ। ਉਨ੍ਹਾਂ ਨੇ ਮਾਣ ਨਾਲ ਦੱਸਿਆ ਕਿ ਫ਼ਿਲਮ ਐਕਟਰ ਧਰਮੇਂਦਰ ਉਨ੍ਹਾਂ ਦਾ ਆੜੀ ਹੈ। ਉਹ ਮਲੇਰਕੋਟਲੇ ਦੇ ਨਵਾਬ ਸਾਹਬ ਸ਼ੇਰ ਮੁਹੰਮਦ ਸਾਹਿਬ ਦੇ ਬਹੁਤ ਹੀ ਨਜ਼ਦੀਕੀ ਮਿੱਤਰ ਪਿਆਰਿਆਂ 'ਚੋਂ ਹਨ।

ਬਰਾਸ ਕਿਵੇਂ ਪਹੁੰਚ ਹੋਈ ?

ਬਸ ਰੱਬ ਨੇ ਮੈਨੂੰ ਪਹੁੰਚਾ ਦਿੱਤਾ। ਪਿੰਡ ਦੀ ਪੰਚਾਇਤ ਨੇ ਬੜੀ ਮਦਦ ਕੀਤੀ। ਸਭ ਤੋਂ ਵੱਧ ਮੈਂ ਸ਼ੁਕਰਗੁਜ਼ਾਰ ਹਾਂ ਲੰਬੜਦਾਰ ਸ. ਸਿੰਘ ਦਾ, ਜਿਨ੍ਹਾਂ ਨੇ ਸੱਚੇ ਸਿੱਖ ਹੋਣ ਦਾ ਸਬੂਤ ਦਿੱਤਾ। ਉਨ੍ਹਾਂ ਨੇ ਜੋ ਮੇਰੀ ਮਦਦ ਕੀਤੀ, ਉਹ ਰੱਬ ਜਾਣਦਾ ਏ।


ਕਿਵੇਂ ਤੇ ਕਦੋਂ ਪਤਾ ਚੱਲਿਆ ਕਿ ਬਰਾਸ 'ਚ ਇਹ ਥਾਵਾਂ ਹਨ ? ਮੈਨੂੰ ਇਕ ਪਿੰਡ 'ਚ ਇਕ ਬਜ਼ੁਰਗ ਸਿੱਖ ਨੇ ਦੱਸਿਆ ਬਈ ਇਕ ਰਾਤ ਤੁਹਾਨੂੰ ਸੁਪਨਾ ਆਇਆ ਕਿ ਤੂੰ ਇਥੇ ਪਲੰਘਾਂ 'ਤੇ ਸੁੱਤਾ ਹੋਇਆ ਏਂ, ਉਥੇ ਸਾਡੇ 'ਤੇ ਕੁੱਤੇ ਮਲ-ਮੂਤਰ ਕਰਦੇ ਹਨ। ਨਾ ਤੂੰ ਕਦੇ ਸਰਹਿੰਦ ਰੋਜ਼ਿਆਂ 'ਤੇ ਆਇਆ, ਨਾ ਕਦੇ ਬਰਾਸ ਆਇਆ। ਇਹ ਗੱਲ ਕਿੱਥੋਂ ਤਕ ਸਹੀ ਹੈ ?

ਗੱਲ ਠੀਕ ਹੈ। ਸਰਹਿੰਦ ਵਾਲੇ ਹਜ਼ਰਤ ਸ਼ੇਖ਼ ਅਹਿਮਦ ਮਜਦਦ ਅਲਫ਼ ਸਾਨੀ ਸਾਹਿਬ ਇਕ ਵਾਰ ਸਰਹਿੰਦ ਤੋਂ ਉਸ ਪਾਸੇ ਨੂੰ ਆਪਣੇ ਕੁਝ ਮਰੀਦਾਂ ਨਾਲ ਪੈਦਲ ਤਸ਼ਰੀਫ਼ ਲਿਜਾ ਰਹੇ ਸਨ। (ਬਰਾਸ ਪਿੰਡ ਸਰਹਿੰਦ ਤੋਂ ਕਰੀਬ-ਕਰੀਬ 20-22 ਕਿਲੋਮੀਟਰ ਚੁੰਨੀ ਤੇ ਬਡਾਲੀ ਆਲਾ ਸਿੰਘ ਦੇ ਦਰਮਿਆਨ ਹੈ) ਨਮਾਜ਼ ਦਾ ਵਕਤ ਹੋ ਗਿਆ ਸੀ। ਜਦ ਉਹ ਜਮਾਤ ਇਕ ਟਿੱਲੇ ਕੋਲ ਪੁੱਜੀ ਤਾਂ ਹਜ਼ਰਤ ਸਾਹਿਬ ਨੇ ਅੱਖਾਂ ਬੰਦ ਕਰ ਲਈਆਂ ਤੇ ਕਿਹਾ ਕਿ ਇਸ ਸਰਜ਼ਮੀਨ 'ਚੋਂ ਪਾਕ ਰੂਹਾਂ ਦੀ ਖ਼ੁਸ਼ਬੋ ਆ ਰਹੀ ਹੈ। ਉਨ੍ਹਾਂ ਨੇ ਇਸ ਟਿੱਲੇ 'ਤੇ ਜਾ ਕੇ ਨਮਾਜ਼ ਅਦਾ ਕੀਤੀ। ਉਨ੍ਹਾਂ ਨੇ ਇਥੋਂ ਦੀ ਪਾਕੀਜ਼ਗੀ ਤੋਂ ਮੁਤਾਸਰ ਹੋ ਕੇ ਕਬਰਾਂ ਨਾਲ 'ਮਰਾਕਬਾ' ਕਰਨ ਦਾ ਫ਼ੈਸਲਾ ਕੀਤਾ। (ਮਰਾਕਬਾ ਮਤਲਬ ਕਿ ਕਬਰ ਦੇ ਵਿਚ ਦਫ਼ਨ ਸ਼ਖ਼ਸ ਨਾਲ ਗੁਫ਼ਤਗੂ ਕਰਨੀ ਤਾਂ ਜੋ ਪਤਾ ਚੱਲ ਸਕੇ ਕਿ ਇਸ ਕਬਰ ਦਾ ਤਾਅਲੁਕ ਕਿਸ ਨਾਲ ਹੈ।) ਜਦ ਮਰਾਕਬਾ ਹੋਇਆ ਤਾਂ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਇਥੇ ਦੀਨ-ਏ-ਇਸਲਾਮ ਦੇ 13 ਅੰਬੀਆ (ਪੈਗੰਬਰ) ਦਫ਼ਨ ਹਨ। ਇਸ ਜਮਾਤ ਨੇ ਇਸ ਜਗ੍ਹ 'ਤੇ ਆਪਣਾ ਰਹਿਣਾ ਕੀਤਾ। ਸੋ ਅਲਫ਼ਸਾਨੀ ਸਾਹਿਬ ਨੇ ਇਨ੍ਹਾਂ ਦਾ ਜ਼ਿਕਰ ਕੀਤਾ ਸੀ। ਇਸ ਜ਼ਮੀਨ 'ਤੇ ਅੰਬੀਆ (ਪੈਗੰਬਰਾਂ) ਦੀਆਂ ਕਬਰਾਂ ਹਨ। ਜਦ ਡਾਕਟਰ ਸਾਹਿਬ ਇਸ ਪਿੰਡ 'ਚ ਆਏ ਤੇ ਆਪਣੀਆਂ ਥਾਵਾਂ ਦੀ ਤਲਾਸ਼ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਇਕ ਅਜਿਹੀ ਮਸਜਿਦ ਮਿਲੀ ਜਿਸ ਦੇ ਤਾਮੀਰ ਹੋਣ ਦੀ ਤਰੀਕ ਲਿਖੀ ਸੀ—ਮਾਂਹ ਰਮਜ਼ਾਨ, ਚਾਂਦ ਰਾਤ, 726 ਹਿਜ਼ਰੀ। ਹੋ ਸਕਦਾ ਹੈ, ਅਲਫ਼ਸਾਨੀ ਸਾਹਿਬ ਨੇ ਇਸ ਮਸਜਿਦ 'ਚ ਆਪਣੀ ਜਮਾਤ ਨਾਲ ਨਮਾਜ਼ ਅਦਾ ਕੀਤੀ ਹੋਏ। ਡਾ. ਅਬਦੁਰ ਰਹਿਮਾਨ ਅਹਿਸਾਨਪੁਰੀ ਨੇ ਉਨ੍ਹਾਂ ਦੇ ਲਿਖੇ ਕਿਤਾਬਚੇ 'ਗੁਲਸ਼ਨ-ਏ-ਔਲੀਆ-ਏ-ਕਿਰਾਮ' ਦੇ ਪੰਨਾ 25 'ਤੇ ਹਜ਼ਰਤ ਅਲਫ਼ਸਾਨੀ ਸਾਹਿਬ ਦੇ ਇਸ 'ਮਾਰਕਬੇ' ਦਾ ਜ਼ਿਕਰ ਕੀਤਾ ਹੋਇਆ ਸੀ। ਉਨ੍ਹਾਂ ਦੇ ਮਕਤੁਬਾਤ ਦੀ ਪਹਿਲੀ ਜਿਲਦ ਦੇ 260 ਮਕਤੂਬ ਜੋ ਕਿ ਉਨ੍ਹਾਂ ਨੇ ਆਪਣੇ ਬੇਟੇ ਹਜ਼ਰਤ ਮੁਹੰਮਦ ਸੱਯਦ ਦੇ ਨਾਮ ਲਿਖਿਆ ਹੈ। ਉਸ 'ਚ ਲਿਖਿਆ ਹੈ—"ਜੋ ਅੰਬੀਆ ਅਲੈਹ ਮੁਸਲਮਾਨ ਹਿੰਦ 'ਚ ਮਬਊਸ ਹੋਏ ਹਨ ਤੇ ਉਹ ਇਸ ਜਗ੍ਹਾ 'ਤੇ ਆਰਾਮ ਕਰ ਰਹੇ ਹਨ, ਮੇਰੇ 'ਤੇ ਉਹ ਜ਼ਾਹਿਰ ਹੋਏ ਹਨ। ਮੈਂ ਦੇਖਦਾ ਹਾਂ ਕਿ ਉਨ੍ਹਾਂ ਕਬਰਾਂ 'ਚੋਂ ਨੂਰ ਦੀਆਂ ਲਪਟਾਂ ਅਸਮਾਨ ਤੱਕ ਜਾ ਰਹੀਆਂ ਹਨ।" 25-26 ਪੰਨੇ 'ਤੇ ਡਾ. ਅਬਦੁਰ ਰਹਿਮਾਨ ਲਿਖਦੇ ਹਨ, "ਹਜ਼ਰਤ ਮੌਲਾਨਾ ਅਸ਼ਰਫ਼ ਅਲੀ ਥਾਨਵੀ ਰਹਿਮਤ ਉੱਲਾਹ ਅਲੈਹ ਨੇ ਆਪਣੇ ਮੁਰੀਦ ਮੁਹੰਮਦ ਹੁਸੈਨ ਬਸੀ ਨਿਵਾਸੀ ਨੂੰ ਦੱਸਿਆ ਕਿ ਉਨ੍ਹਾਂ ਨੇ ਇਸ ਜਗ੍ਹਾ 'ਤੇ 'ਮਰਾਕਬਾ' ਕੀਤਾ ਹੈ ਅਤੇ ਹਜ਼ਰਤ ਦੀਆਂ ਰੂਹਾਂ ਨਾਲ ਮੁਲਾਕਾਤ ਵੀ ਕੀਤੀ ਹੈ, ਜੋ ਗਿਣਤੀ ਪੱਖੋਂ 13 ਹਜ਼ਰਾ਼ ਹਨ ਅਤੇ ਉਨ੍ਹਾਂ 'ਚ ਇਕ ਬਾਪ-ਬੇਟੇ ਵੀ ਹਨ। ਹਜ਼ਰਤ ਦਾ ਨਾਮ ਇਬਰਾਹੀਮ ਤੇ ਬੇਟੇ ਦਾ ਨਾਮ ਹਜ਼ਰ ਹੈ। ਇਹ ਹਿੰਦੁਸਤਾਨ 'ਚ ਇਥੋਂ ਦੇ ਲੋਕਾਂ ਦੇ ਹਿਦਾਯਤ ਦੇ ਲਈ ਮਬਊਸ ਹੋਏ ਸਨ।" ਦੱਸਿਆ ਇਹ ਜਾਂਦਾ ਹੈ ਕਿ ਇਸ ਜਗ੍ਹਾ 13 ਅੰਬਆ ਦੀਆਂ ਕਬਰਾਂ ਹਨ। ਚਾਰ-ਦੀਵਾਰੀ ਦੇ ਅੰਦਰ 9 ਕਬਰਾਂ ਹਨ, ਦੋ ਕਬਰਾਂ ਇਕ ਛੋਟੇ ਜਿਹੇ ਕਮਰੇ ਦੇ ਅੰਦਰ ਹਨ, ਜਿਨ੍ਹਾਂ ਦੇ ਉੱਤੇ ਟੀਨ ਦੀ ਛੱਤ ਪਾਈ ਹੋਈ ਹੈ। ਇਕ ਬਹੁਤ ਪੁਰਾਣਾ ਦਰਖਤ ਇਕ ਕਬਰ ਦੇ ਇਕਦਮ ਕੋਲ ਖੜ੍ਹਾ ਹੈ। ਮਸਜਿਦ ਨੇੜੇ ਵੀ ਤਿੰਨ ਹੋਰ ਕਬਰਾਂ ਹਨ। ਡਾ. ਅਬਦੁਰ ਰਹਿਮਾਨ ਸਭ ਤੋਂ ਪੁਖਤਾ ਰਵਾਇਤ ਬਾਰੇ ਇਹ ਦੱਸਦੇ ਹਨ ਕਿ ਇਸ ਜਗ੍ਹਾ 'ਤੇ ਤਿੰਨ ਨਬੀ ਆਰਾਮ ਫ਼ਰਮਾ ਰਹੇ ਹਨ।

ਮੈਨੂੰ ਜਦ ਇਸ ਦਾ ਇਲਮ ਹੋਇਆ ਤਾਂ ਮੈਂ ਗੱਡੀ ਲਈ ਤੇ ਬਰਾਸ ਲਈ ਚੱਲ ਪਿਆ। ਇਹ 1994 ਦੀ ਗੱਲ ਹੈ। ਮੈਨੂੰ ਨਾ ਰਸਤਾ ਪਤਾ ਸੀ, ਨਾ ਪਿੰਡ ਪਤਾ ਸੀ। ਕੋਈ ਵੀ ਜਾਣ-ਪਛਾਣ ਨਹੀਂ ਸੀ। ਕਿਸ ਕੋਲ ਜਾਣਾ, ਕਿਸ ਨੂੰ ਕਹਿਣਾ। ਮੈਨੂੰ ਕੋਈ ਵੀ ਖ਼ਿਆਲ ਨਹੀਂ ਸੀ, ਬਸ ਇਕੋ ਲਗਨ ਸੀ ਬਈ, ਬਰਾਸ ਦੀ ਸਾਰ ਹੁਣ ਤੱਕ ਕਿਸੇ ਨਹੀਂ ਲਈ, ਮੈਨੂੰ ਰੱਬ ਨੇ ਇਸ ਕੰਮ ਲਈ ਚੁਣਿਆ ਹੈ।

ਪਿੰਡ ਦੇ ਲੋਕਾਂ ਇਸ ਕੰਮ 'ਚ ਕੋਈ ਮਦਦ ਕੀਤੀ ਜਾਂ ਤੁਹਾਡੀ ਕੋਈ ਮੁਖ਼ਾਲਫ਼ਤ ਵੀ ਹੋਈ ?

ਜਦ ਮੈਂ ਉਸ ਦਿਨ ਪਹਿਲੀ ਵਾਰ ਇਸ ਪਿੰਡ 'ਚ ਆਇਆ ਤਾਂ ਇਸ ਕਬਰਿਸਤਾਨ ਵਾਲੇ ਟਿੱਲੇ 'ਤੇ ਘਾਹ-ਫੂਸ ਉੱਗਿਆ ਹੋਇਆ ਸੀ। ਲੋਕਾਂ ਦੇ ਕੱਪੜੇ ਸੁੱਕਣੇ ਪਾਏ ਸਨ। ਲੋਕਾਂ ਨੇ ਆਪਣੇ ਡੰਗਰ-ਪਸ਼ੂ ਕਬਰਾਂ ਵਾਲੀ ਥਾਂ ਦੇ ਕੋਲ ਬੰਨੇ ਹੋਏ ਸਨ। ਹਰ ਪਾਸੇ ਗੋਹਾ ਹੀ ਗੋਹਾ। ਪਾਥੀਆਂ ਦੇ ਢੇਰ ਲੱਗੇ ਹੋਏ। ਡੰਗਰਾਂ ਦਾ ਮਲ-ਮੂਤਰ। ਬਦਬੂਦਾਰ ਸੀ ਸਾਰਾ ਕੁਝ। ਇਹ ਸਭ ਦੇਖ ਕੇ ਇਕ ਵਾਰ ਤਾਂ ਮੇਰਾ ਰੋਣਾ ਨਿਕਲ ਗਿਆ ਕਿ ਐਡੀ ਪਵਿੱਤਰ ਜਗ੍ਹਾ ਦੀ ਆ ਹਾਲਤ। ਮੈਂ ਉਥੇਂ ਦੋਵੇਂ ਹੱਥ ਦੁਆ ਲਈ ਅੱਡ ਲਏ ਤੇ ਰੱਬ ਨੂੰ ਦੁਆ ਕੀਤੀ ਕਿ ਸਾਨੂੰ



ਬੀਬੀ ਛੋਟੋ।
ਸਥਾਨ : ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।



ਮੇਹਰਦੀਨ/ਮੇਹਰ ਸਿੰਘ
ਸਥਾਨ : ਪਿੰਡ ਝਾਂਮਪੁਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।


ਮੁਆਫ਼ ਕਰ, ਜੋ ਇਸ ਜਗ੍ਹਾ ਦੀ ਬੇਅਦਬੀ ਹੋ ਰਹੀ ਹੈ, ਮੈਨੂੰ ਹਿੰਮਤ ਤੇ ਹੌਸਲਾ ਦੇ ਜੋ ਮੈਂ ਇਸ ਜਗ੍ਹਾ ਨੂੰ ਫਿਰ ਤੋਂ ਆਬਾਦ ਕਰ ਸਕਾਂ।

ਡਾ. ਸਾਹਿਬ ਨੇ ਪਿੰਡ ਦੀ ਪੰਚਾਇਤ ਨਾਲ ਰਾਬਤਾ ਕਾਇਮ ਕੀਤਾ। ਪਿੰਡ ਦੇ ਲੰਬੜਦਾਰ ਸ. ਸੁਰਜੀਤ ਸਿੰਘ ਤੇ ਸਰਪੰਚ ਸ. ਜੱਸਾ ਸਿੰਘ ਨੂੰ ਮਿਲ ਆਪਣੇ ਆਉਣ ਦਾ ਕਾਰਨ ਦੱਸਿਆ। ਉਨ੍ਹਾਂ ਦੋਨਾਂ ਨੇ ਡਾਕਟਰ ਸਾਹਿਬ ਦੀ ਬਹੁਤ ਮਦਦ ਕੀਤੀ। ਕਬਰਿਸਤਾਨ ਦਾ ਬਹੁਤਾ ਹਿੱਸਾ ਪੰਚਾਇਤ ਦੇ ਕਬਜ਼ੇ 'ਚ ਸੀ, ਆਪਣੇ ਰਸੂਖ਼ ਨਾਲ ਇਹ ਜਗ੍ਹਾ ਵਾਪਸ ਕਰਵਾਈ। ਕੁਝ ਖ਼ਰੀਦੀ ਵੀ। ਪੰਚਾਇਤ ਨਾਲ ਮਿਲ ਕੇ ਤੇ ਆਪਣੇ ਮਜ਼ਦੂਰ ਲਵਾ ਕੇ ਇਸ ਟਿੱਲੇ ਦੀ ਜਗ੍ਹਾ 'ਚ ਫੈਲੀ ਗੰਦਗੀ ਨੂੰ ਸਾਫ਼ ਕਰਨਾ ਸ਼ੁਰੂ ਕੀਤਾ। ਕਬਰਾਂ ਵਾਲੀ ਥਾਂ, ਜਿਥੇ ਚਾਰਦੀਵਾਰੀ ਸੀ, ਉਸ ਜਗ੍ਹਾ 'ਚੋਂ ਝਾੜੀਆਂ, ਘਾਹ-ਫੂ ਪੁੱਟਿਆ। ਟਿੱਲੇ ਦੀਆਂ ਢਲਾਨਾਂ ਨੂੰ ਪੱਧਰਾ ਕਰਵਾਉਣ ਦਾ ਕੰਮ ਸ਼ੁਰੂ ਕਰਵਾਇਆ। ਸਾਫ਼-ਸਫ਼ਾਈ ਕਰਦਿਆਂ ਨੂੰ ਇਕ ਖੂਹ ਦੀ ਝਲਕ ਨਜ਼ਰ ਆਈ। ਡਾ. ਸਾਹਿਬ ਦੇ ਮਨ ਖ਼ਿਆਲ ਆਇਆ ਕਿ ਕਿਉਂ ਨਾ ਇਸ ਨੂੰ ਮੁੜ ਤੋਂ ਚਾਲੂ ਕਰਕੇ ਪਾਣੀ ਦਾ ਬੰਦੋਬਸਤ ਕੀਤਾ ਜਾਵੇ। ਪਰ ਪਿੰਡ ਦੇ ਬਜ਼ੁਰਗ ਸਿੱਖਾਂ ਨੇ ਡਾਕਟਰ ਸਾਹਿਬ ਨੂੰ ਰੋਕ ਦਿੱਤਾ ਕਿ ਇਸ ਖੂਹ 'ਚ ਸਨ '47 'ਚ ਮੁਸਲਿਮ ਔਰਤਾਂ ਨੇ ਆਪਣੀ ਅਸਮਤ/ਇੱਜ਼ਤ ਬਚਾਉਣ ਲਈ ਛਾਲਾਂ ਮਾਰ ਕੇ ਜਾਨ ਗੁਆਈ ਸੀ। ਡਾਕਟਰ ਸਾਹਿਬ ਨੇ ਉਸ ਖੂਹ ਦੇ ਉਪਰ ਇਕ ਤਲਾਅ ਬਣਾ ਕੇ ਉਸ ਦੇ ਉੱਤੇ ਇਕ ਸੋਹਣਾ ਜੇਹਾ ਫਵਾਰਾ ਬਣਵਾ ਦਿੱਤਾ। 47 ਵਿਚ ਕਬਰਾਂ ਵਾਲੀ ਚਾਰਦੀਵਾਰੀ ਵੀ ਢਹਿ-ਢੇਰੀ ਹੋ ਚੁੱਕੀ ਸੀ। ਉਥੇ ਨਵੀਂ ਚਾਰ-ਦੀਵਾਰੀ ਦੀ ਤਾਮੀਰ ਕਰਵਾਈ। ਟਿੱਲੇ ਦੇ ਸਿਖ਼ਰ 'ਤੇ ਇਕ ਮਸਜਿਦ ਦੇ ਨਿਰਮਾਣ ਦੀ ਯੋਜਨਾ ਬਣਾਈ। ਮਸਜਿਦ ਦੇ ਨਿਰਮਾਣ ਵੇਲੇ ਕੁਝ ਰੇੜਕਾ ਪਿਆ। ਜਿਸ ਦਾ ਵਾਕਿਆ ਡਾਕਟਰ ਸਾਹਿਬ ਹੀ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ—ਮੈਨੂੰ ਪਿੰਡ 'ਚ ਇਕ ਪੁਰਾਣੀ ਮਸਜਿਦ ਮਿਲੀ। ਜਦ ਮੈਂ ਉਸ ਦੇ ਕੋਲ ਜਾ ਕੇ ਉਰਦੂ 'ਚ ਲਿਖਿਆ ਪੜ੍ਹਿਆ ਤਾਂ ਉਸ 'ਤੇ ਲਿਖਿਆ ਸੀ—ਮਾਂਹ ਰਮਜ਼ਾਨ, ਚਾਂਦ ਰਾਤ, 726 ਹਿਜ਼ਰੀ। ਮੈਨੂੰ ਅਹਿਸਾਸ ਹੋਇਆ, ਇਹ ਓਹੀ ਮਸਜਿਦ ਹੋਵੇਗੀ, ਜਿਸ 'ਚ ਹੋ ਸਕਦਾ ਏ ਹਜ਼ਰਤ ਅਲਫ਼ਸਾਨੀ ਹੋਣਾ ਨੇ ਨਮਾਜ਼ ਕੀਤੀ ਹੋਵੇ। ਹੋ ਸਕਦਾ ਏ, ਉਹ ਇਸ ਮਸਜਿਦ 'ਚ ਵੀ ਠਹਿਰੇ ਹੋਣਗੇ। ਮੈਂ ਮਨ 'ਚ ਠਾਣ ਲਿਆ। ਮੈਂ ਇਸ ਮਸਜਿਦ ਨੂੰ ਹਰ ਕੀਮਤ 'ਤੇ ਹਾਸਲ ਕਰਾਂਗਾ। ਮੈਂ ਤੇ ਲੰਬੜਦਾਰ ਸ. ਸੁਰਜੀਤ ਸਿੰਘ ਨੇ ਜਾ ਕੇ ਗੱਲ ਕੀਤੀ, ਬਈ ਇਹ ਮਸਜਿਦ ਸਾਨੂੰ ਦੇ ਦਿਉ। ਉਨ੍ਹਾਂ ਦੀਆਂ ਤੀਵੀਆਂ, ਬੁੜੀਆਂ 'ਕੱਠੀਆਂ ਹੋ ਗਈਆਂ। ਲੋਕ 'ਕੱਠੇ ਹੋ ਗਏ ਜੀ, ਸਾਰੇ ਚੁੱਪ, ਇਕ ਦੂਜੇ ਵੱਲ ਵੇਖਣ। ਮੈਂ ਤੇ ਲੰਬੜਦਾਰ ਇਕ-ਦੂਜੇ ਵੱਲ ਦੇਖ-ਦੇਖ ਕੇ ਹੱਸੀ ਜਾਈਏ। ਮੈਂ ਕਿਹਾ, ਤੁਸੀਂ ਦੱਸੋ ਪੈਸੇ ਕਿੰਨੇ ਲੈਣੇ ਹਨ। ਉਹ ਗੱਲ ਈ ਨਾ ਸੁਣੇ। ਦੁਪਹਿਰ ਤੋਂ ਸ਼ਾਮ ਹੋ ਗਈ। ਗੱਲ ਕਿਸੇ ਬੰਨ੍ਹੇ ਨਾ ਲੱਗੀ। ਮੈਂ ਠਾਣ ਲਿਆ ਸੀ, ਇਹ ਮਸਜਿਦ ਕਿਸੇ ਵੀ ਹਾਲ ਮੈਂ ਲੈਣੀ ਹੈ। ਭਾਵੇਂ ਕਿੰਨੀ ਵੀ ਕੀਮਤ ਦੇਣੀ ਪਵੇ। ਸ਼ਾਮ ਨੂੰ ਸਾਰੇ ਸ਼ਾਂਤ ਹੋ ਗਏ। ਉਸ ਘਰ ਦਾ ਮਾਲਿਕ ਸਾਡੇ ਕੋਲ ਆਪਣੇ ਆਪ ਆਇਆ ਤੇ ਕਹਿਣ ਲੱਗਾ, ਦੱਸੋ ਕਿੰਨੀ ਜਗ੍ਹਾ ਲੈਣੀ ਹੈ। ਮੈਂ ਫਟਾ-ਫਟ ਮਸਜਿਦ ਵਾਲੀ ਜਗ੍ਹਾ ਦੀ ਨਿਸ਼ਾਨਦੇਹੀ ਕਰਵਾ ਲਈ।

ਬਰਾਸ ਦੇ ਆਉਣ ਵਾਲੇ ਭਵਿੱਖ ਬਾਰੇ ਤੁਹਾਡੇ ਕੀ ਸੁਪਨੇ ਹਨ ?

ਮੈਂ ਥੋਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਮੈਨੂੰ ਜੋ ਖੂਹ ਬਰਾਸ ਮਿਲਿਆ ਸੀ, ਮੈਨੂੰ ਜਦ ਪਤਾ ਲੱਗਿਆ ਕਿ ਇਹ ਉਹੀ ਖੂਹ ਹੈ ਜਿਥੇ ਮੁਸਲਿਮ ਔਰਤਾਂ ਨੇ ਆਪਣੀਆਂ ਜਾਨਾਂ ਗਵਾ ਦਿੱਤੀਆਂ ਸਨ, ਮੇਰੇ ਦਿਲ 'ਚ ਇਕ ਤਮੰਨਾ ਹੋਈ ਕਿ ਇਸ ਜਗ੍ਹਾ 'ਤੇ ਇਕ ਸ਼ਹੀਦੀ ਯਾਦਗਾਰ ਕਾਇਮ ਕਰਨੀ ਚਾਹੀਦੀ ਹੈ। ਖੂਹ ਨੂੰ ਉਵੇਂ ਹੀ ਬੰਦ ਕਰਕੇ, ਉਸ ਦੇ ਉੱਪਰ ਇਕ ਖ਼ੂਬਸੂਰਤ ਫੁਵਾਰਾ ਬਣਵਾ ਦਿੱਤਾ। ਹੁਣ ਮੇਰੀ ਇਸ ਜਗ੍ਹਾ, ਇਕ ਅਜਿਹਾ ਸਕੂਲ ਖੋਲ੍ਹਣ ਦੀ ਖ਼ਵਾਹਿਸ਼ ਹੈ, ਜਿਸ 'ਚ ਬਿਹਤਰੀਨ ਤੋਂ ਬਿਹਤਰੀਨ, ਸਕੂਲਾਂ-ਕਾਲਜਾਂ ਦੇ ਰਿਟਾਇਰਡ ਪ੍ਰਿੰਸੀਪਲ, ਅਧਿਆਪਕ ਪੜ੍ਹਾਉਣਗੇ। ਕਿਸੇ ਦਾ ਵੀ ਬੱਚਾ ਉਥੇ ਆ ਕੇ ਪੜ੍ਹਾਈ ਕਰ ਸਕੇਗਾ। ਉਥੋਂ ਪੜ੍ਹ ਕੇ ਵਿਦਿਆਰਥੀ, ਆਈ.ਏ.ਐੱਸ./ਪੀ.ਸੀ.ਐੱਸ. ਜੱਜ ਬਣਨ। ਸਮਾਜ ਨੂੰ ਅਮਨ, ਮੁਹੱਬਤ ਭਾਈਚਾਰੇ ਦੀ ਲੋੜ ਹੈ। ਅਸੀਂ ਹਰ ਹਾਲ ਬਰਾਸ ਲੰਗਰ ਲਾਉਂਦੇ ਹਾਂ। ਪਿੰਡ ਵਾਲੇ ਵੀ ਸਾਲ 'ਚ ਇਕ ਲੰਗਰ ਲਾਉਂਦੇ ਨੇ। ਬਰਾਸ ਚੌਵੀ ਘੰਟੇ ਮੁਸਾਫ਼ਰਾਂ ਲਈ ਲੰਗਰ ਦਾ ਪ੍ਰਬੰਧ ਹੁੰਦਾ ਏ। ਪਿਆਰ ਤੇ ਭਾਈਚਾਰੇ ਲਈ ਕੁਝ ਇਹੋ ਜਿਹਾ ਹੋਣਾ ਚਾਹੀਦਾ ਹੈ। ਵ

ਸੰਪਰਕ : 98763 54359



## ਕਵਿਤਾਵਾਂ : *ਰੋਜ਼ੀ ਮਾਨ*

ਰੋਜ਼ੀ ਮਾਨ ਆਪਣੀਆਂ ਨਿੱਕੀਆਂ ਕਵਿਤਾਵਾਂ ਤੇ ਹਾਇਕੂ ਲਈ ਜਾਣੇ ਜਾਂਦੇ ਨੇ। ਉਨ੍ਹਾਂ ਦੀ ਕਵਿਤਾ ਵਿਚ ਕੁਦਰਤ ਦਾ ਜਲੌਅ, ਮੌਸਮਾਂ ਦੀ ਸਤਰੰਗੀ ਛਬ ਤੇ ਮਨੁੱਖੀ ਰਿਸ਼ਤਿਆਂ ਦੇ ਛਿਣ-ਭੰਗਰ ਅਹਿਸਾਸ ਦੇ ਸੂਖ਼ਮ ਪ੍ਰਛਾਵੇਂ ਹੁੰਦੇ ਹਨ। ਬਹੁਤੀ ਵੇਰ ਉਨ੍ਹਾਂ ਦੇ ਹਰ ਹਾਇਕੂ ਦੇ ਨਾਲ ਇਕ ਪੇਂਟਿੰਗ ਹੁੰਦੀ ਹੈ। ਵਾਹਗਾ ਦੇ ਪਾਠਕਾਂ ਨੂੰ ਉਨ੍ਹਾਂ ਦੀ ਕਾਵਿ-ਕਲਾ ਨਾਲ ਕਵਿਤਾਵਾਂ ਰਾਹੀਂ ਰੂਬਰੂ ਕਰਵਾ ਰਹੇ ਹਾਂ।

### ਸੂਰਜ ਨੂੰ

ਜਿਹੜੇ ਖ਼ਿਤਿਜ ਓਹਲੇ
ਤੂੰ ਜਾ ਵੱਸਦਾ ਏਂ
ਰੋਜ਼ ਹੀ ਹਰ ਸਾਂਝ
ਆ ਜਾਣਾ ਕਿਸੇ ਵੀ ਸ਼ਾਮ ਮੈਂ
ਮਗਰੇ ਤੇਰੇ
ਤੇਰੀ ਸੰਧੂਰੀ ਪੈੜ ਦੇ
ਪਿੱਛੇ ਪਿੱਛੇ ਤੁਰਦੀ...

ਤੈਨੂੰ 'ਕੱਲੇ ਨੂੰ ਡੁੱਬਦਾ ਕਿਵੇਂ ਵੇਖਾਂ ?
ਡੁੱਬ ਜਾਣਾ ਤੇਰੇ ਨਾਲ਼ ਹੀ
ਹੋ ਦੁਨੀਆ ਤੋਂ ਬੇਖ਼ਬਰ
ਤੇਰੇ ਹਨੇਰਿਆਂ 'ਚ ਘੁਲ਼ ਜਾਣਾ ਮੈਂ ਵੀ...
ਫਿਰ ਆਪਾਂ ਦੋਵੇਂ
ਸਾਰੇ ਅਸਮਾਨ ਨੂੰ ਰੁਸ਼ਨਾਉਂਦੇ ਹੋਏ
ਹੋਵਾਂਗੇ 'ਕੱਠੇ ਉਦੈ
ਨਵੀਂ ਸਵੇਰ ਨੂੰ

### ਸਵੇਰ

ਬੁਲਾ ਹੀ ਲੈਣਾ ਰਲ਼ ਕੇ ਫਿਰ
ਚਿੜੀਆਂ ਨੇ
ਤੇ ਮੈਂ
ਕੋਈ ਗੀਤ ਗਾ ਕੇ ਨਵਾਂ ਜਿਹਾ
ਯਾ ਪੁਰਾਣਾ ਹੀ
ਭਰ ਕੇ ਉਡੀਕ ਨੈਣਾਂ ਵਿਚ
ਬੇਚੈਨ ਜਿਹੀ
ਕਰ ਦੇਣਾ ਮਜਬੂਰ



ਅੱਜ ਤੜਕੇ ਹੀ
ਆ ਜਾਣ ਲਈ ਫਿਰ
ਕੱਲ੍ਹ ਸ਼ਾਮ ਦੇ ਵਿਛੜੇ ਸੂਰਜ ਨੂੰ

ਵ

# ਮੌਤ ਕਥਾ

## ਆਸ਼ੂਤੋਸ਼ ਭਾਰਦਵਾਜ

ਅਨੁਵਾਦ : *ਨਛੱਤਰ*

ਆਸ਼ੂਤੋਸ਼ ਭਾਰਦਵਾਜ ਨੇ ਅਗਸਤ 2011 ਤੋਂ ਸਤੰਬਰ 2015 ਤਕ ਇੰਡੀਅਨ ਐਕਸਪ੍ਰੈਸ ਦੇ ਲਈ ਮੱਧ ਭਾਰਤ ਦੇ ਮਾਓਵਾਦੀ ਇਲਾਕਿਆਂ ਦੀ ਖ਼ਬਰ ਨਵੀਸੀ ਕੀਤੀ ਸੀ। ਉਸ ਨੇ ਫ਼ਰਜ਼ੀ ਮੁਕਾਬਲੇ, ਆਦਿਵਾਸੀ ਸੰਘਰਸ਼, ਮਾਓਵਾਦੀ ਵਿਦਰੋਹ ਬਾਰੇ ਲਗਾਤਾਰ ਲਿਖਿਆ, ਜਿਸ ਲਈ ਉਸ ਨੂੰ ਖ਼ਬਰ ਨਵੀਸੀ ਦੇ ਬਹੁਤ ਸਾਰੇ ਸਨਮਾਨ ਮਿਲੇ। ਇਸੇ ਦੌਰਾਨ ਉਸ ਨੇ ਅਣਗਿਣਤ ਦਿਨ ਅਤੇ ਰਾਤਾਂ ਮਾਓਵਾਦੀਆਂ, ਸੁਰੱਖਿਆ ਦਸਤਿਆਂ ਅਤੇ ਉਨ੍ਹਾਂ ਦੇ ਅਖੌਤੀ ਮੁਖਬਰਾਂ ਦੇ ਨਾਲ ਸੰਘਣੇ ਜੰਗਲਾਂ ਵਿਚ ਸਥਿਤ ਉਨ੍ਹਾਂ ਦੇ ਖ਼ੁਫ਼ੀਆ ਅੱਡਿਆਂ ਉੱਤੇ ਬੰਦੂਕਾਂ ਅਤੇ ਬਾਰੂਦੀ ਸੁਰੰਗਾਂ ਦੇ ਵਿਚਕਾਰ ਗੁਜ਼ਾਰੇ ਸਨ। ਜਿਥੇ ਜੀਵਨ ਅਤੇ ਮੌਤ ਦਾ ਫ਼ਰਕ ਸਿਰਫ਼ ਇਕ ਸੰਜੋਗ ਰਹਿ ਜਾਂਦਾ ਹੈ। ਜਿਥੇ ਮਹੂਆ ਅਤੇ ਤਾੜੀ ਸਰੂਰ ਨਹੀਂ ਸਗੋਂ ਬਦਲੇ ਦਾ ਰੂਪਕ ਬਣਦੇ ਹਨ। ਦੋ ਵਰ੍ਹਿਆਂ ਬਾਅਦ ਉਹ ਪਿੱਛੇ ਮੁੜ ਕੇ ਦੇਖਦਾ ਹੈ। ਆਪਣੀਆਂ ਪੁਰਾਣੀਆਂ ਡਾਇਰੀਆਂ ਅਤੇ ਖ਼ਬਰਾਂ ਫਰੋਲਦਾ ਹੈ। ਆਪਣੇ ਧੁਰ ਅੰਦਰ ਦਰਜ ਲਹੂ ਦੀਆਂ ਅਣਗਿਣਤ ਕਥਾਵਾਂ ਵਰਤਮਾਨ ਦੀਆਂ ਉਂਗਲਾਂ ਨਾਲ ਪਲਟਦਾ ਹੈ ਅਤੇ ਇਹ ਹਾਸਲ ਕਰਦਾ ਹੈ ਕਿ ਇਹ ਵਕਫ਼ਾ ਮੌਤ ਨੂੰ ਦੇਖਣ ਦੀ ਇਕ ਨਵੀਂ ਦ੍ਰਿਸ਼ਟੀ ਦਿੰਦਾ ਹੈ, ਪਿਛਲੀ ਨਜ਼ਰ ਅਤੇ ਦਰਜ ਹੋਏ ਸ਼ਬਦਾਂ ਦਾ ਇਸਲਾਹ ਵੀ ਕਰਦਾ ਹੈ। ਮੌਤ ਦੇ ਇਸਲਾਹ ਦੀ ਇਹ ਤੀਜੀ ਕਿਸ਼ਤ...।

# ਦੰਡਕਾਰਣ

*ਸੁਪਨਾ-3*

"ਮੈਂ ਇਕ ਵਾਰ ਉਥੇ ਇਕ ਵੱਡੇ ਪੁਲਿਸ ਅਫ਼ਸਰ ਨੂੰ ਮਿਲਣ ਗਿਆ। ਉਹ ਜੁੱਤੇ ਲਾਹ ਕੇ ਬੈਠਾ ਸੀ।"

ਉਹ ਬੋਲਿਆ ਅਤੇ ਖਿੜ ਕੇ ਅਤੇ ਖੁੱਲ੍ਹ ਕੇ ਹੱਸਣ ਲੱਗਿਆ। ਕਈ ਪੁਲਿਸ ਵਾਲੇ ਤਾਂ ਆਪਣੇ ਦਫ਼ਤਰ ਅੰਦਰ ਜਾਂਦਿਆਂ ਹੀ ਬੈਲਟ ਵੀ ਢਿੱਲੀ ਕਰ ਲੈਂਦੇ ਨੇ। ਏਨਾ ਢਿੱਡ ਵਧਾਇਆ ਹੋਇਆ ਏਨ੍ਹਾਂ ਨੇ, ਬੰਦੂਕਾਂ ਭਲਾ ਕਿਵੇਂ ਫੜਨਗੇ।

ਉਸ ਦਾ ਹਾਸਾ ਨਿਰਦੋਸ਼ ਸੀ ਅਤੇ ਗਰਮ ਵੀ। ਆਪਣੇ ਆਪ ਉੱਤੇ ਅਭਿਮਾਨ ਪਰ ਦੂਜੇ ਨੂੰ ਦਿਖਾਉਣ ਦੇ ਅਹੰਕਾਰ ਤੋਂ ਮੁਕਤ।

ਪਹਿਲਾਂ ਮੈਂ ਉਸ ਨੂੰ ਚੁੱਪ-ਚਾਪ ਸੁਣਦਾ ਰਿਹਾ। ਮੈਨੂੰ ਉਸ ਸੂਬੇ 'ਚ ਗਿਆਂ ਚਾਰ ਮਹੀਨੇ ਹੀ ਹੋਏ ਸਨ। ਵੱਡੇ ਪੁਲਸ ਅਫ਼ਸਰਾਂ 'ਤੇ ਉਹ ਹੱਸਦਾ ਸੀ। ਮੈਂ ਸ਼ਾਇਦ ਨਹੀਂ, ਪਰ ਹੁਣ ਮੈਂ ਵੀ ਹੱਸਣ ਲੱਗਿਆ ਸਾਂ।

ਇਹ ਰਾਏਪੁਰ ਦੇ ਹੋਟਲ ਬੇਬੀਲਾਨ 'ਚ ਦਸੰਬਰ ਦੋ ਹਜ਼ਾਰ ਗਿਆਰਾਂ ਦੀ ਸ਼ਾਮ ਸੀ। ਰਿਟਾਇਰ ਬ੍ਰਿਗੇਡੀਅਰ ਬੀ.ਕੇ. ਪੋਨਵਾਰ ਦੇ ਨਾਲ ਮੇਰੀ ਪਹਿਲੀ ਸ਼ਾਮ। ਪਰ ਮੈਨੂੰ ਇਹ ਮਹਿਸੂਸ ਕਰਨ ਲਈ ਕਿੰਗਫਿਸ਼ਰ ਬੀਅਰ ਦੀ ਜ਼ਰੂਰਤ ਨਹੀਂ ਸੀ ਕਿ ਯੁੱਧ ਦੇ ਮੈਦਾਨ ਵਿਚੋਂ ਪਰਤੇ ਸਿਪਾਹੀ ਦੀ ਸੰਗਤ ਕਿਸੇ ਕਥਾਕਾਰ ਵਰਗੀ ਹੁੰਦੀ ਹੈ। 1971 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਉਹ ਇਕ ਨੌਜੁਆਨ ਕਮਾਂਡੋ ਸੀ। ਪਿਛਲੇ ਕੁਝ ਵਰ੍ਹਿਆਂ ਤੋਂ ਉਹ ਕਾਂਕੇਰ ਦੇ ਕਾਊਂਟਰ ਟੈਰੋਰਿਜ਼ਮ ਐਂਡ ਜੰਗਲ ਵਾਰਫੇਅਰ ਕਾਲਜ ਦਾ ਬੌਸ ਹੈ। ਨਕਸਲੀ ਮੋਰਚੇ ਉੱਤੇ ਨਿਯੁਕਤ ਕੀਤੇ ਜਾ ਰਹੇ ਸਿਪਾਹੀਆਂ ਨੂੰ ਛਾਪਾ ਮਾਰ ਲੜਾਈ ਦੇ ਉਹ ਪੈਂਤੜੇ ਸਿਖਾਉਂਦਾ ਹੈ। ਜਦੋਂ ਇਥੇ ਨਕਸਲੀ ਹਿੰਸਾ ਵਧਣ ਲੱਗੀ ਤਾਂ ਇਹ ਕਾਲਜ ਬਸਤਰ ਵਿਚ ਆਇਆ ਅਤੇ ਪੋਨਵਾਰ ਇਸ ਦੇ ਪਹਿਲੇ ਬੌਸ ਬਣੇ ਅਤੇ ਅੱਜ ਤੱਕ ਉਥੇ ਹੀ ਹਨ।

ਪੈਂਹਠ ਦੀ ਉਮਰ, ਪਰ ਕਸੀ ਟੀ-ਸ਼ਰਟ ਅਤੇ ਕਾਊ ਬੁਆਏ ਹੈਟ। ਬਾਰ ਅੰਦਰ ਵੀ ਦੇਰ ਤੱਕ ਹੈਟ ਪਹਿਨ ਰੱਖੀ। ਦੂਸਰੀ ਬੀਅਰ ਤੋਂ ਬਾਅਦ ਹੈਟ ਲਾਹ ਨਾਲ ਦੀ ਕੁਰਸੀ ਉੱਤੇ ਰੱਖ ਦਿੱਤਾ। ਉਨ੍ਹਾਂ ਦੇ ਹੰਢਾਏ ਪਲ ਬੜੇ ਅਜੀਬੋ-ਗਰੀਬ ਹਨ। ਕੋਬਰੇ ਨੂੰ ਫੜ, ਭੁੰਨ ਕੇ ਖਾਧਾ। "ਬਚਪਨ 'ਚ ਥੋਨੂੰ ਘਰ ਅੰਦਰ ਸਿਖਾਇਆ ਜਾਂਦਾ ਏ, ਸੱਪ ਤੋਂ ਡਰੋ। ਜਦੋਂ ਕੋਬਰਾ ਢਿੱਡ ਵਿਚ ਪਹੁੰਚ ਗਿਆ, ਫੇਰ ਕਾਹਦਾ ਡਰ...ਇਟ ਟੇਸਟਜ਼ ਲਾਈਕ ਏ ਨਾਈਸ ਫਿਸ਼ ਦੈਟਸ ਇਟ।"

ਹੁਣ ਤਕ ਪੰਜ ਸੌ ਤੋਂ ਜ਼ਿਆਦਾ ਸੱਪ ਉਸ ਨੇ ਸਿਰੀਓਂ ਫੜੇ ਹਨ, "ਮੈਨੂੰ ਸੱਪ ਡੰਗ ਨ੍ਹੀਂ ਮਾਰ ਸਕਦਾ ਅਤੇ ਗੋਲੀ ਛੂਹ ਨਹੀਂ ਸਕਦੀ।" ਉਹ ਉਥੇ ਨਿਯੁਕਤ ਉਨ੍ਹਾਂ ਵਿਹਲੇ ਅਫ਼ਸਰਾਂ ਵਿਚੋਂ ਹੈ

ਜਿਨ੍ਹਾਂ ਨੂੰ ਨਕਸਲੀ ਹਮਲੇ 'ਚ ਮੌਤ ਦਾ ਖ਼ੌਫ਼ ਅਤੇ ਨਾ ਫ਼ਿਕਰ ਹੋਵੇ। ਉਲਟਾ ਉਹ ਬਹੁਤ ਚੰਗੀ ਤਰ੍ਹਾਂ ਨਿਸਚਿੰਤ ਹਨ ਕਿ ਹਮਲਵਾਰ ਉਨ੍ਹਾਂ ਤਕ ਨਹੀਂ ਪਹੁੰਚ ਸਕਦਾ। ਉਸ ਦੀ ਅੰਬੈਸਡਰ ਸਵਾ ਸੌ ਕਿਲੋਮੀਟਰ ਤੋਂ ਜ਼ਿਆਦਾ ਗਤੀ ਨਾਲ ਦੌੜਦੀ ਹੈ। "ਏਨੀ ਤੇਜ਼ ਦੌੜਦੀ ਗੱਡੀ ਉੱਤੇ ਗੋਲੀ ਚਲਾਉਣ ਲਈ ਖ਼ਾਸ ਟ੍ਰੇਨਿੰਗ ਚਾਹੀਦੀ ਏ, ਨਕਸਲੀ ਮੇਰਾ ਕੁਝ ਨ੍ਹੀਂ ਵਿਗਾੜ ਸਕਣਗੇ।"

ਸੈਨਿਕ ਦਾ ਇਕੋ ਇਕ ਸਾਥੀ ਉਸ ਦਾ ਹਥਿਆਰ ਹੈ। ਉਹ ਉਂਗਲਾਂ ਘੋੜੇ ਉੱਤੇ ਰੱਖ ਕੇ ਸੌਂਦਾ ਹੈ, ਉਸ ਦਾ ਰਿਸਪੌਂਸ ਟਾਇਮ ਸਿਰਫ਼ ਅੱਠ ਸਕਿੰਟ ਹੈ।

ਉਹ ਅੱਥਰੇ ਘੋੜੇ ਕਾਬੂ ਕਰ ਲੈਂਦੇ ਹਨ, ਸੁੰਘ ਕੇ ਲੈਂਡਮਾਈਨ ਦੀ ਮੌਜੂਦਗੀ ਪਹਿਚਾਣ ਸਕਦੇ ਨੇ। ਦੁਨੀਆਂ ਭਰ ਦੇ ਉਨ੍ਹਾਂ ਦੇ ਕਿੱਸੇ ਮੁਹਾਕਾਮੀ ਅਤੇ ਮਾਰਖੇਜ ਦੇ ਗਲਪ ਨੂੰ ਮਾਤ ਪਾ ਦੇਣਗੇ। ਤ੍ਰਿਪੁਰਾ, ਕਸ਼ਮੀਰ, ਈਰਾਨ, ਅਸਾਮ—ਉਨ੍ਹਾਂ ਦੀਆਂ ਪੋਟਲੀਆਂ ਵਿਚ ਅਨੇਕਾਂ ਕਥਾਵਾਂ ਭਰੀਆਂ ਪਈਆਂ ਹਨ। ਉਨ੍ਹਾਂ ਦੀਆਂ ਵਿਸ਼ੁਧ ਅਖੌਤੀ ਕਲਾਵਾਂ ਪਤਾ ਨਹੀਂ ਕਿੰਨੇ ਨਾਵਲਕਾਰਾਂ ਦੀ ਪ੍ਰਚੰਡ ਕਲਪਨਾ ਨੂੰ ਵੀ ਮਰੀਅਲ ਅਤੇ ਮੁਰਦਾ ਬਣਾ ਦੇਣਗੀਆਂ।

ਉਹ ਆਪਣੇ ਕਰਮ-ਕਥਾ ਦੇ ਪ੍ਰਤੀ ਇੰਨੇ ਸਹਿਜ ਢੰਗ ਨਾਲ ਸ਼ਰਧਾਵਾਨ ਸਨ ਕਿ ਉਸ ਦੇ ਹਰ ਲਫ਼ਜ਼ ਉਤੇ ਇਕ ਅਨੁਭਵ ਫ਼ਿਦਾ ਹੋਇਆ ਦਿਖਾਈ ਦਿੰਦਾ ਸੀ ਅਤੇ ਉਸਦੇ ਹਰ ਇਕ ਅਨੁਭਵ ਉੱਤੇ ਕਾਇਨਾਤ ਦਾ ਪਹਿਲਾ ਅਤੇ ਆਖ਼ਰੀ ਲਫ਼ਜ਼ ਨਿਛਾਵਰ ਹੋਣ ਲਈ ਤਰਲੋਮੱਛੀ ਹੋ ਰਿਹਾ ਸੀ।

ਅਜਿਹੇ ਕਿੰਨੇ ਨਾਵਲਕਾਰ ਹੋਣਗੇ ਜਿਨ੍ਹਾਂ ਦੀ ਕਾਇਨਾਤ ਵਿਚੋਂ ਗੁਜ਼ਰਦੇ ਸਮੇਂ ਇਹ ਲਿਸ਼ਕਦਾ ਹੋਵੇ ਕਿ ਇਹ ਲਫ਼ਜ਼ ਕੁਰਬਾਨੀ ਦੀ ਰਾਤ ਉਤਰਿਆ ਹੈ। ਉਸ ਦੇ ਪਿੰਡੇ ਉੱਤੇ ਲਹੂ ਦੇ ਨਿਸ਼ਾਨ ਅਜੇ ਗਿੱਲੇ ਹੋਣ। ਉਸ ਦੇ ਨਾੜੂਏ ਵਿਚੋਂ ਅਜੇ ਵੀ ਲਾਲ ਲਹੂ ਰਿਸ ਰਿਹਾ ਹੈ, ਇਸ ਦੇ ਤਲਿਸਮੀ ਲਾਲ ਸਰੋਵਰ ਵਿਚ ਇਕ ਵਾਰ ਉਂਗਲਾਂ ਡੁਬੋਈਆਂ ਤਾਂ ਬਸ ਪੂਰੀ ਦੇਹ ਉਸ 'ਚ ਡੁੱਬਦੀ ਚਲੀ ਜਾਏਗੀ। ਕ੍ਰਿਸ਼ਨ ਬਲਦੇਵ ਵੈਦ ਦੀ ਡਾਇਰੀ ਵਿਚ ਲਗਾਤਾਰ ਇਹ ਤੜਫ਼ ਮਚਲਦੀ ਹੈ—ਸਿਰਫ਼ ਉਹੋ ਹੀ ਲਿਖਾਂ, ਜਿਸ ਤੋਂ ਬਿਨਾਂ ਰਿਹਾ ਨਾ ਜਾ ਸਕਦਾ ਹੋਵੇ, ਜਿਸ ਉੱਤੇ ਕੁਰਬਾਨ ਹੋ ਸਕਾਂ।

ਜਾਂ ਫੇਰ ਖ਼ੂਨ ਅਤੇ ਖ਼ੌਫ਼ ਦੀ ਸੀਮਾ ਤੇ ਅਟਕੀ ਫਰਨਾਂਦੋ ਪੈਸੂਆ ਦੀ 'ਦਾ ਬੁੱਕ ਆਫ ਡਿਸਕੁਆਈਟ'। ਇਕ ਥਾਂ ਉਹ ਲਿਖਦੇ ਹਨ—ਅਨੁਭਵ ਦਾ ਡਰ। ਅਨੁਭਵ ਕਰਨ ਦੀ ਮਜਬੂਰੀ ਦਾ ਡਰ।

ਸ਼ਾਇਦ ਫਰਾਂਜ ਕਾਫ਼ਕਾ ਦੇ ਮਨਾਂ 'ਚ ਅਨੁਭਵ ਹੋਣ ਦਾ ਡਰ ਵੀ ਹੁੰਦਾ ਹੋਏਗਾ। ਉਹ ਲੇਖਕ ਜਿਹੜਾ ਰੌਸ਼ਨੀ ਤੋਂ ਡਰਦਾ ਸੀ, ਖ਼ੁਦ ਨੂੰ ਸਭ ਤੋਂ ਲੁਕਾ ਕੇ ਕਿਸੇ ਡੱਬੀ ਵਿਚ ਬੰਦ ਕਰਕੇ ਰੱਖ ਦੇਣਾ ਚਾਹੁੰਦਾ ਸੀ।

ਆਪਣੇ ਲਫ਼ਜ਼ ਉੱਤੇ ਕੁਰਬਾਨ ਹੋਣਾ। ਵੱਡੇ ਲੇਖਕ ਦਾ ਪਹਿਲਾ ਨਿਸ਼ਾਨਾ ਹੁੰਦਾ ਹੈ।

ਮੇਰੀਆਂ ਪੋਨਾਵਰ ਸਾਹਿਬ ਨਾਲ ਕਈ ਵਿਚਾਰਕ ਅਸਹਿਮਤੀਆਂ ਰਹੀਆਂ ਪਰ ਚਾਰ ਸਾਲਾਂ ਦੌਰਾਨ ਜਦ ਕਦੇ ਵੀ ਉਨ੍ਹਾਂ ਨਾਲ ਮੇਲ ਹੋਇਆ ਇਹ ਅਹਿਸਾਸ ਪੱਕਾ ਹੋਇਆ ਕਿ ਇਸ ਸਿਪਾਹੀ ਨੇ ਇਕ ਬੇਖ਼ੌਫ਼ ਅਤੇ ਕੁਰਬਾਨ ਜ਼ਿੰਦਗੀ ਪ੍ਰਾਪਤ ਕੀਤੀ ਹੈ।

### *ਵਿਸਥਾਪਨ—5*

"ਜੇ ਮੈਂ ਆਖਾਂ ਕਿ ਮੈਂ ਇਸ ਸਮੇਂ ਖ਼ੁਸ਼ ਹਾਂ ਤਾਂ ਇਹ ਆਪਣੇ ਆਪ ਨੂੰ ਧੋਖਾ ਦੇਣਾ ਹੋਏਗਾ...ਮੈਂ ਆਪਣੀ ਪਹਿਚਾਣ ਗੁਆ ਚੁੱਕਾ ਹਾਂ।"

ਉਸਦੇ ਇਹ ਸ਼ਬਦ ਸੁਣ ਮੈਂ ਹੈਰਾਨ ਰਹਿ ਗਿਆ। "ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਆਖ ਰਹੇ ਹੋ ? ਜੋ ਤੁਸੀਂ ਆਖ ਰਹੇ ਹੋ ਉਹ ਮੈਂ ਲਿਖਣ ਵਾਲਾ ਹਾਂ।"

ਮੈਂ ਨਿਸਚਿਤ ਹੋਣਾ ਚਾਹੁੰਦਾ ਸੀ ਸ਼ਾਇਦ ਉਸ ਨੂੰ ਪਤਾ ਹੋਵੇ ਕਿ ਮੈਂ 'ਆਨ ਰਿਕਾਰਡ' ਗੱਲ ਕਰ ਰਿਹਾ ਹਾਂ। ਉਂਝ ਉਸ ਨੂੰ ਪਤਾ ਨਾ ਹੋਣ ਦਾ ਸੁਆਲ ਹੀ ਨਹੀਂ ਸੀ। ਅਸੀਂ ਦੋਵੇਂ ਤਿਲੰਗਾਨਾ ਪੁਲਸ ਦੇ ਇੰਟੈਲੀਜੈਂਸ ਮਹਿਕਮੇ ਦੇ ਦਫ਼ਤਰ ਅੰਦਰ ਬੈਠੇ ਸਾਂ। ਹੈਦਰਾਬਾਦ ਐੱਸ.ਆਈ.ਬੀ. (ਸਪੈਸ਼ਲ ਇੰਟੈਲੀਜੈਂਸ ਬਿਊਰੋ) ਦਾ ਇਕ ਅਫ਼ਸਰ ਸਾਡੇ ਸਾਹਮਣੇ ਸੀ। ਉਹ ਹੁੰਮਸ ਭਰਿਆ ਅਗਸਤ ਦੋ ਹਜ਼ਾਰ ਚੌਦਾਂ ਦਾ ਮਹੀਨਾ ਸੀ।

ਗੁੰਮਾਦਵੇਲੀ ਵੈਂਕਟਕਰਿਸ਼ਨ ਅਰਥਾਤ ਜੀ.ਵੀ.ਕੇ. ਪ੍ਰਸਾਦ ਕੁਝ ਮਹੀਨੇ ਪਹਿਲਾਂ ਤਕ ਗੁੜਸਾ ਓਸੈਂਡੀ ਉਰਫ਼ ਸੁਖਦੇਵ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸੀ.ਪੀ.ਆਈ. (ਮਾਓਵਾਦੀ) ਦੀ ਦੰਡਾਕਰਣ ਸਪੈਸ਼ਲ ਜ਼ੋਨਲ ਕਮੇਟੀ ਦਾ ਬੁਲਾਰਾ। ਮਓਵਾਦੀਆਂ ਦੀ ਉਸ ਸਭ ਤੋਂ ਮਹੱਤਵਪੂਰਨ ਕਮੇਟੀ ਦਾ ਬੁਲਾਰਾ ਗੁੜਸਾ ਓਸੈਂਡੀ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਉਸ ਦੀ ਪ੍ਰੈੱਸ ਰਿਲੀਜ਼, ਈਮੇਲਜ਼ ਪੱਤਰਕਾਰਾਂ ਤੱਕ ਪਹੁੰਚਿਆ ਕਰਦੀਆਂ ਸਨ। 53 ਸਾਲ ਦਾ ਉਹ ਕਈ ਭਾਸ਼ਾਵਾਂ ਜਾਣਦਾ ਸੀ, ਸਭ ਮਸਲਿਆਂ ਬਾਰੇ ਉਹ ਕਾਫ਼ੀ ਪੜ੍ਹਿਆ ਹੋਇਆ ਵੀ ਸੀ। ਆਪਣੇ ਕਈ ਹੋਰ ਸਾਥੀ ਕਾਮਰੇਡਾਂ ਵਾਂਗ ਵਾਰੰਗਲ ਜ਼ਿਲ੍ਹੇ ਤੋਂ ਸੀ।

ਪਰ ਹਾਂ, ਉਹ ਸਮਰਪਣ ਕਰ ਚੁੱਕਾ ਸੀ। ਉਸੇ ਸਾਲ ਜਨਵਰੀ ਵਿਚ ਤੇਲੰਗਾਨਾ ਪੁਲਿਸ ਨੇ ਉਸ ਦੀ ਵੱਡੀ ਪ੍ਰੈੱਸ ਕਾਨਫ਼ਰੰਸ ਕਰਵਾਈ ਸੀ ਜਿਸ ਵਿਚ ਉਸ ਨੇ ਇਕ ਸਾਥੀ ਕਾਮਰੇਡ ਸੰਤੋਸ਼ੀ ਮੜਕਾਮ, ਜਿਸ ਨੂੰ ਉਸਨੇ ਆਪਣੀ ਪਤਨੀ ਦੱਸਿਆ, ਦੇ ਨਾਲ ਸਮਰਪਣ ਕੀਤਾ ਸੀ। ਉਸਨੇ ਆਖਿਆ ਸੀ ਕਿ ਉਹ ਆਪਣੀ ਵਿਗੜਦੀ ਸਿਹਤ ਕਾਰਨ ਪਾਰਟੀ ਦੀ ਪ੍ਰਵਾਨਗੀ ਨਾਲ ਸਮਰਪਣ ਕਰ ਰਹੇ ਹਨ। ਪੁਲਿਸ ਨੇ ਉਨ੍ਹਾਂ ਦੋਹਾਂ ਦੇ ਇਲਾਜ ਲਈ ਕਾਫ਼ੀ ਪੈਸਾ ਦਿੱਤਾ। ਉਨ੍ਹਾਂ ਨੂੰ ਘਰ ਵੀ ਦਿੱਤਾ। ਪੁਲਿਸ ਨੇ ਇਹ ਵੀ ਚੁੱਪਚਾਪ ਪ੍ਰਚਾਰਿਆ ਕਿ ਉਸ ਸਮਰਪਣ ਦੇ ਪਿੱਛੇ ਦਰਅਸਲ ਔਰਤ ਹੀ ਸੀ।

ਪਰ ਕੁਝ ਹੀ ਦਿਨਾਂ ਬਾਦ ਉਨ੍ਹਾਂ ਦੇ ਬੌਸ ਅਰਥਾਤ ਉਸ ਕਮੇਟੀ ਦੇ ਸਕੱਤਰ ਰਮੰਨਾ ਦਾ, ਸੁਖਦੇਵ ਦੇ ਆਚਰਣ ਬਾਰੇ, ਦੋਸ਼ਾਂ ਨੂੰ ਉਜਾਗਰ ਕਰਦਾ ਇਕ ਸ਼ਰੇਆਮ ਬਿਆਨ ਆਇਆ ਸੀ ਕਿ ਸੰਤੋਸ਼ੀ ਮੜਕਾਮ ਉਰਫ਼ ਲਲਿਤਾ ਸੁਖਦੇਵ ਦੀ ਪਤਨੀ ਨਹੀਂ ਸੀ ਸਗੋਂ ਉਸਦੇ ਨਾਲ ਪਾਰਟੀ ਦੇ ਪ੍ਰੈੱਸ ਵਿਭਾਗ ਵਿਚ ਕੰਮ ਕਰਦੀ ਸੀ। "ਆਪਣੀ ਪਤਨੀ ਨੂੰ ਪਿੱਛੇ ਛੱਡ ਇਕ ਔਰਤ ਨਾਲ ਭੱਜ ਜਾਣਾ ਉਸ ਦੇ ਚਾਲ-ਚਲਣ ਨੂੰ ਦਰਸਾਉਂਦਾ ਹੈ।"

ਰਾਮੰਨਾ ਦੇ ਅਨੁਸਾਰ ਸੁਖਦੇਵ 1980 ਦੇ ਦਹਾਕੇ 'ਚ ਪਾਰਟੀ ਨਾਲ ਜੁੜਿਆ ਸੀ ਪਰ 1993 'ਚ ਉਸ ਸਮੇਂ ਪਾਰਟੀ ਛੱਡੀ। "ਜਦੋਂ ਪਾਰਟੀ ਸੰਘਰਸ਼ਾਂ ਅਤੇ ਸੰਗਠਨਾਤਮਕ ਪੱਧਰ 'ਤੇ ਕਈ ਸਮੱਸਿਆਵਾਂ ਨਾਲ ਜੂਝ ਰਹੀ ਸੀ।" "ਉਹ 1997 ਤੱਕ ਬਾਹਰ ਰਹੇ ਅਤੇ ਜਦੋਂ ਪਾਰਟੀ ਨੇ ਉਨ੍ਹਾਂ ਦਾ ਵਿਵਹਾਰ ਚੰਗੀ ਤਰ੍ਹਾਂ ਪਰਖ ਲਿਆ, ਉਨ੍ਹਾਂ ਨੂੰ ਫੇਰ ਤੋਂ ਸ਼ਾਮਲ ਕਰ ਲਿਆ ਗਿਆ। ਉਸ ਤੋਂ ਬਾਅਦ ਵੀ ਉਨ੍ਹਾਂ ਦੀਆਂ ਕਈ ਕਮਜ਼ੋਰੀਆਂ ਪਾਰਟੀ ਦੇ ਧਿਆਨ 'ਚ ਆਉਂਦੀਆਂ ਰਹੀਆਂ ਅਤੇ ਪਾਰਟੀ ਨੇ ਉਸ ਨੂੰ ਸੁਧਾਰਨ ਦਾ ਬਹੁਤ ਯਤਨ ਕੀਤਾ।"

'ਅਹਮ', 'ਬਿਓਰੋਕਰੇਸੀ' ਅਤੇ 'ਮਰਦ ਪੱਖੀ ਬੇਨਤੀਆਂ' ਉਸ ਦੀਆਂ ਕਮਜ਼ੋਰੀਆਂ ਵਿਚ ਸ਼ਾਮਲ ਸਨ। 1999 ਵਿਚ ਪਾਰਟੀ ਨੇ ਉਸ ਨੂੰ ਕਿਸੇ ਔਰਤ ਕੇਡਰ ਦੇ ਨਾਲ ਅਫੇਅਰ ਦੇ ਲਈ ਸਜ਼ਾ ਵੀ ਦਿੱਤੀ। ਜਦੋਂ ਉਸਦੀ ਪਤਨੀ ਇਕ ਇਨਕਾਊਂਟਰ ਵਿਚ ਮਾਰੀ ਗਈ, ਉਸਨੇ ਰਾਜੀ ਨਾਲ ਵਿਆਹ ਕਰਵਾ ਲਿਆ ਜਿਸ ਨੂੰ ਛੱਡ ਕੇ ਹੁਣ ਉਹ ਸੰਤੋਸ਼ੀ ਨਾਲ ਬਾਹਰ ਚਲਿਆ ਗਿਆ ਹੈ।

ਜਦੋਂ ਮੈਂ ਉਸ ਨੂੰ ਮਿਲਣ ਹੈਦਰਾਬਾਦ ਪਹੁੰਚਿਆ ਤਾਂ ਮੈਂ ਉਸ ਦੇ ਭੂਤਕਾਲ ਤੋਂ ਥੋੜ੍ਹਾ-ਬਹੁਤ ਜਾਣੂ ਸਾਂ। ਕੁਝ ਮਹੀਨੇ ਪਹਿਲਾਂ ਮੈਂ ਬਸਤਰ ਵਿਚ ਉਨ੍ਹਾਂ ਜੂਨੀਅਰ ਲੜਾਕਿਆਂ ਨਾਲ ਮਿਲਿਆ ਸਾਂ ਜਿਨ੍ਹਾਂ ਨੂੰ ਕਦੇ ਉਹ ਮਾਓਵਾਦੀ ਵਿਚਾਰ ਅਤੇ ਲੰਬੀ ਲੜਾਈ ਦਾ ਮਹੱਤਵ ਪੜ੍ਹਾਇਆ ਕਰਦਾ ਸੀ, ਕਦੇ ਹਿੰਮਤ ਨਾ ਹਾਰਨ ਦੀ ਸਿੱਖਿਆ ਦਿਆ ਕਰਦਾ ਸੀ। ਪੁਲਿਸ 'ਤੇ ਹਮਲੇ ਕਰਨ ਦੇ ਗੁਰ ਸਿਖਾਇਆ ਕਰਦਾ ਸੀ। ਪਰ ਹੁਣ ਉਹ ਨੌਜੁਆਨ ਗੁਰੀਲੇ ਆਪਣੇ ਭੂਤਪੂਰਵ ਬੌਸ ਨੂੰ ਤਬਾਹ ਕਰ ਰਹੇ ਸਨ। "ਗੰਦੀ ਮੱਛੀ। ਇਕ ਆਦਮੀ ਅਜਿਹਾ ਕਰਦਾ ਹੈ ਕਿ ਪੂਰੀ ਪਾਰਟੀ ਬਦਨਾਮ ਹੋ ਜਾਂਦੀ ਹੈ।" ਰਜਨੂੰ ਮੰਡਾਵੀ ਬੋਲਿਆ, ਜਿਹੜਾ ਸੁਖਦੇਵ ਨਾਲੋਂ ਉਮਰ ਵਿਚ ਅੱਧਿਓਂ ਵੀ ਘੱਟ ਸੀ।

ਭਾਵੇਂ ਇਸ ਪ੍ਰਸ਼ਨ ਦਾ ਪਾਰਟੀ ਕੋਲ ਕੋਈ ਵੀ ਜਵਾਬ ਨਹੀਂ ਸੀ ਕਿ ਜੇ ਸੁਖਦੇਵ ਦੇ 'ਚਾਲ ਚਲਣ ਬਾਰੇ ਦੋਸ਼' ਅਕਸਰ ਹੀ ਉਭਰਦੇ ਰਹੇ ਸਨ, ਜਿਸ ਤੋਂ ਪਾਰਟੀ ਪੂਰੀ ਤਰ੍ਹਾਂ ਜਾਣੂ ਸੀ ਤਾਂ ਫੇਰ ਉਹ ਇੰਨੇ ਵਰ੍ਹੇ ਪਾਰਟੀ ਵਿਚ ਕਿਉਂ ਵਿਚਰਦਾ ਰਿਹਾ। ਕਿਉਂ ਉਸ ਨੂੰ ਇੰਨੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ? ਕੀ ਇਹ ਮੌਕਾਪ੍ਰਸਤੀ ਸੀ ਜਾਂ ਆਪਣੇ ਸਾਥੀ ਨੂੰ ਵੱਖ ਹੋਣ ਦੇ ਬਾਅਦ ਇਸ ਤਰ੍ਹਾਂ ਬਦਨਾਮ ਕਰਨਾ ਪਾਰਟੀ ਦਾ ਬਹੁਤ ਭੈੜੇ ਅਤੇ ਨਾ ਸਹਿਣਯੋਗ ਚੇਹਰੇ ਦਾ ਸੂਚਕ ਸੀ ? ਕੀ ਕੋਈ ਇਨਸਾਨ ਸਿਰਫ਼ ਇਸ ਕਾਰਨ ਕਰਕੇ ਬੁਰਾ ਹੋ ਜਾਂਦਾ ਹੈ ਕਿ ਉਹ ਹੁਣ ਤੁਹਾਡੇ ਨਾਲ ਨਹੀਂ ਰਹਿਣਾ ਚਾਹੁੰਦਾ ? ਭਾਵੇਂ ਇਹ ਕੋਈ ਨਵੀਂ ਗੱਲ ਨਹੀਂ ਸੀ। ਪਾਰਟੀ ਅਕਸਰ ਸਮਰਪਣ ਕਰਨ ਵਾਲੇ ਕਾਮਰੇਡ ਨੂੰ ਇਸੇ ਤਰ੍ਹਾਂ ਦੇ ਵਿਸ਼ੇਸ਼ਣ ਦਿਆ ਕਰਦੀ ਸੀ, ਹੈ।

ਹੋ ਸਕਦਾ ਸੁਖਦੇਵ ਨੂੰ ਇਹ ਪਤਾ ਹੀ ਹੋਵੇ ਕਿ ਉਸ ਦੇ ਪਿਛਲੇ ਸਾਥੀਆਂ ਨੇ ਉਸ ਨੂੰ ਬਦਚਲਣ ਐਲਾਨ ਦਿੱਤਾ ਹੈ। ਮੇਰੀ ਦਿਲਚਸਪੀ ਇਹ ਜਾਣਨ ਦੀ ਸੀ ਕਿ ਇਸ ਵਕਫ਼ੇ ਦੇ ਬਾਅਦ ਇੰਨਾ ਲਹੂ ਵਹਿ ਜਾਣ ਤੋਂ ਬਾਅਦ ਉਹ ਕਿਸ ਤਰ੍ਹਾਂ ਆਪਣੇ ਦੋਸਤਾਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਨਾਲ ਅੱਸੀ ਦੇ ਦਹਾਕੇ ਵਿਚ ਉਹ ਸਮਾਜ ਅੰਦਰ ਸਮਾਨਤਾ ਪ੍ਰਾਪਤ ਕਰਨ ਲਈ ਬਹੁਤ ਵੱਡੀ ਕ੍ਰਾਂਤੀ ਕਰਨ ਦਾ ਸਪਨਾ ਹੱਥਾਂ ਵਿਚ ਲੈ ਆਂਧਰਾ ਤੋਂ ਬਸਤਰ ਅੰਦਰ ਦਾਖ਼ਲ ਹੋਇਆ ਸੀ ਅਤੇ ਉਸ ਤੋਂ ਬਾਅਦ ਦਾ ਜੀਵਨ ਉਸ ਨੇ ਹਥਿਆਰਾਂ ਦੀ ਸੋਹਬਤ ਵਿਚ ਗੁਜ਼ਾਰਿਆ।

ਮੈਂ ਹੈਰਾਨ ਸਾਂ ਕਿ ਸੁਖਦੇਵ ਸਰੰਡਰ ਕਰਨ ਤੋਂ ਬਾਅਦ ਵੀ ਆਪਣੀ ਜ਼ਿੰਦਗੀ ਨੂੰ ਇਕ ਪੁਲਿਸ ਅਫ਼ਸਰ ਦੇ ਸਾਹਮਣੇ ਮੁੱਢੋਂ ਹੀ ਨਕਾਰ ਰਿਹਾ ਸੀ। "ਸੰਪੂਰਨ ਸੁੱਖ ਵਰਗਾ ਕੁਝ ਵੀ ਨਹੀਂ ਹੁੰਦਾ। ਮੇਰੇ ਵਰਗਾ ਕੋਈ ਇਨਸਾਨ ਇਥੋਂ ਤੱਕ ਕਿ ਅੰਬਾਨੀ ਵੀ ਪੂਰੀ ਤਰ੍ਹਾਂ ਖ਼ੁਸ਼ ਨਹੀਂ ਹੋਵੇਗਾ। ਮੈਂ ਜੰਗਲ ਵਿਚ ਵੀ ਬਹੁਤ ਸੁਖੀ ਸੀ। ਜੇ ਮੈਂ ਆਖਾਂ ਕਿ ਮੈਂ ਇਸ ਸਮੇਂ ਖ਼ੁਸ਼ ਹਾਂ ਤਾਂ ਇਹ ਆਪਣੇ ਆਪ ਨੂੰ ਧੋਖਾ ਦੇਣਾ ਹੋਏਗਾ। ਮੇਰੇ ਕੋਲ ਘਰ ਹੈ, ਤਿੰਨੋਂ ਵੇਲਿਆਂ ਦਾ ਖਾਣਾ ਹੈ ਪਰ ਇਹ ਸਿਰਫ਼ ਮੇਰੇ ਲਈ ਹੈ। ਜਦੋਂ ਵੀ ਮੈਂ ਆਪਣੇ ਆਲੇ-ਦੁਆਲੇ ਅੱਤ ਦੀ ਗ਼ਰੀਬੀ ਦੇਖਦਾ ਹਾਂ ਤਾਂ ਮੇਰੀਆਂ ਦੁਨਿਆਵੀ ਸੁੱਖ-ਸਹੂਲਤਾਂ ਮੈਨੂੰ ਝੰਜੋੜਦੀਆਂ ਹਨ...।" ਉਸ ਦੀ ਆਵਾਜ਼ ਲੜਖੜਾਉਣ ਲੱਗੀ। ਐਨਕ ਦੇ ਪਿੱਛੇ ਉਸ ਦੀਆਂ ਪੁਤਲੀਆਂ ਚਮਕਦੀਆਂ ਸਨ। ਪਤਾ ਨਹੀਂ ਉਹ ਕਿਵੇਂ ਖੁੱਲ੍ਹਦਾ ਜਾ ਰਿਹਾ ਸੀ। "ਮੈਂ ਬਤੌਰ ਮਨੁੱਖ ਆਪਣੀ ਪਛਾਣ ਗੁਆ ਚੁੱਕਾ ਹਾਂ...ਮੇਰੇ ਲਈ ਇਥੋਂ ਦੀ, ਸ਼ਹਿਰ ਦੀ ਜ਼ਿੰਦਗੀ ਅਸਾਨ ਨਹੀਂ ਹੋਏਗੀ।"

ਮੇਰੀ ਇਹ ਮੁਲਾਕਾਤ ਉਸ ਨਾਲ ਹੈਦਰਾਬਾਦ ਐੱਸ.ਆਈ.ਬੀ. ਦੀ ਮੇਹਰਬਾਨੀ ਨਾਲ ਹੋਈ ਸੀ। ਐੱਸ.ਆਈ.ਬੀ. ਨੇ ਇਹ ਸ਼ਰਤ ਰੱਖੀ ਸੀ ਕਿ ਮੈਂ ਸੁਖਦੇਵ ਨਾਲ ਉਨ੍ਹਾਂ ਦੇ ਦਫ਼ਤਰ ਵਿਚ ਇਕ ਅਧਿਕਾਰੀ ਦੀ ਹਾਜ਼ਰੀ ਵਿਚ ਹੀ ਮਿਲ ਸਕਾਂਗਾ। ਮੈਂ ਝੱਟ ਮੰਨ ਗਿਆ। ਮੈਂ ਨਿਸ਼ਚਤ ਸਮੇਂ 'ਤੇ ਦਫ਼ਤਰ ਜਾ ਕੇ ਬੈਠ ਗਿਆ ਸਾਂ। ਉਹ ਅਧਿਕਾਰੀ ਵੀ ਆ ਗਿਆ ਸੀ। ਕੁਝ ਦੇਰ ਬਾਅਦ ਸੁਖਦੇਵ ਆਇਆ। ਮਧਰੇ ਕੱਦ ਦਾ ਪਤਲਾ ਜਿਹਾ। ਕੁਝ ਦੇਰ ਸਾਡੀ ਗੱਲ ਉਨ੍ਹਾਂ ਦੀ ਪਾਰਟੀ ਅਰਥਾਤ ਸੀ.ਪੀ.ਆਈ. (ਮਾਓਵਾਦੀ) ਦੇ ਬਾਰੇ ਹੁੰਦੀ ਰਹੀ। ਫੇਰ ਅਚਾਨਕ ਉਹ ਖੁੱਲ੍ਹਣ ਲੱਗਿਆ। ਉਸ ਨੂੰ ਇਸ ਗੱਲ ਦੀ ਚਿੰਤਾ ਨਹੀਂ ਸੀ ਰਹੀ ਕਿ ਖ਼ੁਫ਼ੀਆ ਵਿਭਾਗ ਦਾ ਅਧਿਕਾਰੀ ਉਨ੍ਹਾਂ ਦੇ ਸਾਹਮਣੇ ਬੈਠਾ ਹੈ, ਸੰਭਵ ਹੈ ਉਨ੍ਹਾਂ ਵਿਚੋਂ ਉਹ ਇਕ ਹੋਵੇ ਜਿਨ੍ਹਾਂ ਨੇ ਉਸ ਦਾ ਸਰੰਡਰ ਕਰਵਾਇਆ ਸੀ।

"ਮੈਂ ਉਸ ਸਮੇਂ ਖ਼ੁਸ਼ ਹੋਵਾਂਗਾ ਜਦੋਂ ਅਸਮਾਨਤਾ ਖ਼ਤਮ ਹੋ ਜਾਏਗੀ।" ਉਹ ਬੋਲਿਆ।

ਹਫ਼ਤੇ ਕੁ ਬਾਅਦ ਇਹੋ ਹੀ ਚੀਜ਼ ਲੰਕਾ ਪਾਪੀ ਰੇਡੀ ਨੇ ਮੈਨੂੰ ਆਖੀ। ਰੈਡੀ ਅੱਸੀ ਦੇ ਦਹਾਕੇ ਵਿਚ ਦੰਡਕਾਰਣ 'ਚ ਆਂਧਰਾ ਤੋਂ ਸ਼ਾਮਲ ਹੋਣ ਵਾਲੇ ਪਹਿਲੇ ਦਸਤੇ ਦਾ ਗੁਰੀਲਾ ਸੀ, 2008 ਵਿਚ ਉਸ ਨੇ ਸਰੰਡਰ ਕਰ ਦਿੱਤਾ।

ਅਗਸਤ ਦੀ ਉਹ ਦੁਪਹਿਰ ਵਾਰੰਗਲ ਵਾਲੇ ਆਪਣੇ ਘਰ 'ਚ ਸੀ। ਉਹ ਆਪਣੀ ਬੇਟੀ ਦੀ ਪਹਿਲੀ ਵਿਦੇਸ਼ ਯਾਤਰਾ ਦਾ ਪ੍ਰਬੰਧ ਕਰ ਰਿਹਾ ਸੀ, ਜੋ ਕੁਝ ਮਹੀਨੇ ਬਾਅਦ ਮੈਡੀਕਲ ਦੀ ਪੜ੍ਹਾਈ ਪੜ੍ਹਨ ਲਈ ਬਾਹਰ ਜਾ ਰਹੀ ਸੀ। ਖੰਮ, ਵਾਰੰਗਲ ਅਤੇ ਕਰੀਮ ਨਗਰ ਜ਼ਿਲ੍ਹੇ ਕਦੇ ਨਕਸਲੀ ਗੁਰੀਲਿਆਂ ਦੇ ਗੜ੍ਹ ਹੋਇਆ ਕਰਦੇ ਸਨ, ਚੰਗੀ ਡਿਗਰੀ ਲੈਣ ਵਾਲੇ ਹੋਣਹਾਰ ਅਤੇ ਗੋਲਡ ਮੈਡਲਿਸਟ ਵਿਦਿਆਰਥੀ ਆਪਣਾ ਕੈਰੀਅਰ ਛੱਡ ਕ੍ਰਾਂਤੀ ਦੀ ਲੜਾਈ ਵਿਚ ਸ਼ਾਮਲ ਹੋ ਗਏ ਸਨ। 1980 ਦਾ ਮਾਓਵਾਦੀ ਅੰਦੋਲਨ ਤੇਲੰਗਾਨਾ ਦੇ ਇਨ੍ਹਾਂ ਤਿੰਨ ਜ਼ਿਲ੍ਹਿਆਂ ਦੇ ਨੌਜੁਆਨਾਂ ਦੇ ਆਲੇ-ਦੁਆਲੇ ਘੁੰਮਦਾ ਹੈ। ਪਰ ਉਹ ਇਕ ਵੱਖਰੀ ਕਹਾਣੀ ਹੈ ਕਿ ਅੱਜ ਉਸ ਇਲਾਕੇ ਦੇ ਕਈ ਵਿਦਿਆਰਥੀ ਬਾਹਰ ਪੜ੍ਹਨ ਜਾ ਰਹੇ ਹਨ। ਉਨ੍ਹਾਂ ਵਿਚੋਂ ਇਕ ਲੜਕੀ ਉਸ ਗੁਰੀਲੇ ਦੀ ਸੀ, ਜਿਹੜਾ ਹੁਣ ਤਕ ਦੇ ਇਤਿਹਾਸ ਵਿਚ ਸਰੰਡਰ ਕਰਨ ਵਾਲਾ ਸਭ ਤੋਂ ਵੱਡਾ ਕੈਡਰ ਸੀ, ਅਜੇ ਵੀ ਹੈ।

ਬਵੰਜਾ ਵਰ੍ਹੇ ਦੇ ਰੈਡੀ ਨੂੰ ਆਪਣੇ ਕ੍ਰਾਂਤੀਕਾਰੀ ਦਿਨ ਅਜੇ ਵੀ ਤੜਫਾਉਂਦੇ ਸਨ। "ਮੈਂ ਅੰਦਰ ਕਿਤੇ ਵਧੀਆ ਜ਼ਿੰਦਗੀ ਜਿਉ ਰਿਹਾ ਸਾਂ। ਮੈਂ ਇਕ ਬਿਹਤਰ ਸਮਾਜ ਦੇ ਨਿਰਮਾਣ ਲਈ ਜਿਉਂਦਾ ਸੀ। ਉਹ ਮੈਨੂੰ ਸੰਤੁਸ਼ਟੀ ਦਿੰਦਾ ਸੀ। ਮੈਂ ਹੁਣ ਕਿਤੇ ਜ਼ਿਆਦਾ ਕਮਾ ਰਿਹਾ ਹਾਂ ਪਰ ਹੁਣ ਹਰ ਤਰ੍ਹਾਂ ਦੇ ਪਾਪ ਦਾ ਹਿੱਸੇਦਾਰ ਹੁੰਦਾ ਹਾਂ। ਪਹਿਲਾਂ ਜਿਹੜੇ ਲੋਕ ਰਿਸ਼ਵਤ ਲੈਂਦੇ ਸਨ, ਮੈਂ ਉਨ੍ਹਾਂ ਨੂੰ ਕੁਟਾਪਾ ਚਾੜ੍ਹ ਦਿਆ ਕਰਦਾ ਸਾਂ। ਹੁਣ ਮੈਂ ਖ਼ੁਦ ਰਿਸ਼ਵਤ ਦੇਣ ਨੂੰ ਮਜਬੂਰ ਹਾਂ।" ਰੈਡੀ ਬੋਲਿਆ।

ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਇਹ ਗੱਲ ਮੈਨੂੰ ਸੁਖਦੇਵ ਨੇ ਵੀ ਦੱਸੀ ਸੀ ਤਾਂ ਉਸ ਨੂੰ ਹੈਰਾਨੀ ਨਹੀਂ ਹੋਈ। "ਮੈਂ ਕਦੇ ਵੀ ਪਾਰਟੀ ਦੇ ਵਿਰੁੱਧ ਕੁਝ ਨਹੀਂ ਬੋਲਿਆ। ਜਦੋਂ ਸੁਖਦੇਵ ਬਾਹਰ ਆਇਆ ਤਾਂ ਮੈਂ ਉਸ ਨੂੰ ਫ਼ੋਨ ਕੀਤਾ ਅਤੇ

ਆਖਿਆ ਕਿ ਪਾਰਟੀ ਦੇ ਵਿਰੁੱਧ ਕੁਝ ਨਹੀਂ ਆਖਣਾ ਹੈ।"

ਉਸ ਦੀ ਵੀਹ ਵਰ੍ਹਿਆਂ ਦੀ ਬੇਟੀ ਤੇਜਸਵੀ ਸੋਫੇ 'ਤੇ ਬੈਠੀ ਉਸ ਨੂੰ ਸੁਣ ਰਹੀ ਸੀ। ਬੇਟੀ ਲਈ ਉਸ ਦਾ ਪਿਤਾ ਸਿਰਫ਼ ਹੀਰੋ ਸੀ। ਚਾਰ ਮਹੀਨੇ ਬਾਅਦ ਉਹ ਮੈਨੂੰ ਵਟਸਐਪ ਮੈਸਜ ਭੇਜਣ ਵਾਲੀ ਸੀ। "I love my dad so muchhh."

ਪਰ ਮੇਰਾ ਸੰਬੰਧ ਜਿਸ ਕਾਰਨ ਬਾਪ-ਬੇਟੀ ਨਾਲ ਬਣਿਆ ਅਤੇ ਗਹਿਰਾ ਹੋਇਆ, ਉਹ ਇਕ ਦੂਸਰੀ ਕਹਾਣੀ ਹੈ। ਉਸ ਦੁਪਹਿਰ ਤਾਂ ਰੈਡੀ ਦੀ ਚੀਸ ਰੜਕ ਰਹੀ ਸੀ।

ਰੈਡੀ ਦਾ ਕ੍ਰਾਂਤੀਕਾਰੀ ਜੀਵਨ ਨਿਰਦੋਸ਼ ਨਹੀਂ ਸੀ। ਉਹ ਕਈ ਥਾਈਂ ਲੜਖੜਾਇਆ ਸੀ। ਕਈ ਵਰ੍ਹੇ ਪਹਿਲਾਂ ਜਦੋਂ ਉਹ ਪਾਰਟੀ ਵਿਚ ਸੀ, ਉਸ ਨੂੰ ਇਕ ਔਰਤ ਕੈਡਰ ਨਾਲ ਮੰਦਾ ਵਰਤਾਉ ਕਰਨ ਦੇ ਜੁਰਮ 'ਚ ਸਜ਼ਾ ਦੇ ਤੌਰ 'ਤੇ ਬਸਤਰ ਵਿਚੋਂ ਚੁੱਕ ਪੰਜਾਬ ਭੇਜ ਦਿੱਤਾ ਗਿਆ। ਉਹ ਉਦੋਂ ਸੀ.ਪੀ.ਆਈ. (ਮਾਓਵਾਦੀ) ਦੀ ਸੈਂਟ੍ਰਲ ਕਮੇਟੀ ਦਾ ਮੈਂਬਰ ਸੀ। ਪਾਰਟੀ ਦੀ ਸਭ ਤੋਂ ਉੱਚੀ ਪੌੜੀ 'ਤੇ ਬੈਠੇ ਗਿਣਤੀ ਦੇ ਨੇਤਾਵਾਂ ਵਿਚ ਸ਼ਾਮਲ। ਪਰ ਪਾਰਟੀ ਨੇ ਇੰਨੇ ਸੀਨੀਅਰ ਅਹੁਦੇਦਾਰ ਨੂੰ ਸਜ਼ਾ ਦੇਣ 'ਚ, ਉਸ ਤੋਂ ਕਿਤੇ ਬਹੁਤ ਛੋਟੀ ਉਮਰ ਦੇ ਲੜਾਕੂਆਂ ਦੇ ਸਾਹਮਣੇ ਉਸ ਦੀ ਲਾਹ-ਪਾਹ ਕਰਨ 'ਚ ਭੋਰਾ ਦੇਰ ਨਹੀਂ ਸੀ ਕੀਤੀ। ਕਿਸੇ ਮਾਓਵਾਦੀ ਨੇਤਾ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਬਹੁਤ ਲੰਬੇ ਸਮੇਂ ਤੱਕ ਪੰਜਾਬ ਵਿਚ ਅਪਮਾਨਤ ਰਹਿ ਆਉਣ ਤੋਂ ਬਾਅਦ ਲੰਕਾ ਰੈਡੀ ਨੇ ਅੰਤ ਨੂੰ ਮਜਬੂਰ ਹੋ ਕੇ ਸਮਰਪਣ ਕਰ ਦਿੱਤਾ।

ਮੈਂ ਅਨੇਕਾਂ ਗੁਰੀਲੇ ਲੜਾਕੂਆਂ ਨੂੰ ਉਨ੍ਹਾਂ ਦੇ ਸਮਰਪਣ ਤੋਂ ਬਾਅਦ ਮਿਲਿਆ ਹਾਂ। ਸਮਰਪਣ ਕਰਨ ਦੇ ਕਈ ਕਾਰਨ ਹੁੰਦੇ ਹਨ। ਕ੍ਰਾਂਤੀ ਦੀ ਅਸੰਭਵਤਾ ਬਾਰੇ ਜਾਣ ਕੇ ਹਿੰਮਤ ਦਾ ਟੁੱਟ ਜਾਣਾ। ਇਕ ਸੁਰੱਖਿਆ ਜੀਵਨ ਅਤੇ ਪਰਵਾਰ ਦੀ ਚਾਹਤ। ਜੰਗਲ ਵਿਚ ਭੁੱਖੇ ਰਹਿ ਕੇ ਹਿੰਸਕ ਮੌਤ ਨੂੰ ਪੁੱਠੀ ਹਥੇਲੀ 'ਤੇ ਲੈ ਚੱਲਦੇ ਰਹਿਣਾ ਸਭ ਦੇ ਵਸ ਦੀ ਗੱਲ ਨਹੀਂ ਹੁੰਦੀ। ਹਰ ਰੋਜ਼ ਸਵੇਰੇ ਇਸ ਅਹਿਸਾਸ ਨਾਲ ਸੂਰਜ ਨੂੰ ਦੇਖਣਾ ਕਿ ਇਹ ਜੀਵਨ ਦੀ ਆਖ਼ਰ ਧੁੱਪ ਹੋ ਸਕਦੀ ਹੈ। ਕ੍ਰਾਂਤੀ ਦਾ ਸੁਫ਼ਨਾ ਕਿੰਨਾ ਵੀ ਵੱਡਾ ਹੋਵੇ, ਜੰਗਲ ਦੇ ਇਕ ਕੋਣੇ ਤੋਂ ਦੂਜੇ ਤਕ ਭਟਕਦੇ ਹੋਏ ਕਈ ਬਿਮਾਰੀਆਂ ਦੇਹ ਨੂੰ ਲੱਗ ਜਾਂਦੀਆਂ ਹਨ। ਭਿਆਨਕ ਮੱਛਰ ਕਈ ਕਈ ਕਿਸਮਾਂ ਦੇ ਮਲੇਰੀਏ ਸਰੀਰ ਅੰਦਰ ਛੱਡਦੇ ਜਾਂਦੇ ਹਨ। ਬਾਹਰ ਇਲਾਜ ਕਰਵਾਉਣ 'ਤੇ ਫੜੇ ਜਾਣ ਦਾ ਡਰ। ਲਹੂ ਅਤੇ ਲਾਸ਼ਾਂ ਦੀ ਭਿਆਨਕਤਾ ਲੜਾਕੇ ਦੀ ਦੇਹ ਅਤੇ ਰੂਹ ਨੂੰ ਚਕਨਾਚੂਰ ਕਰ ਦਿੰਦੀ ਹੈ।

ਕਿਸੇ ਦੇਸ ਦੀ ਫ਼ੌਜ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਅਤੇ ਇਲਾਜ ਮੁਹੱਈਆ ਹੁੰਦਾ ਹੈ ਤਾਂ ਕਿਤੇ ਜਾ ਕੇ ਫ਼ੌਜੀ ਆਪਣੀ ਦੇਹ ਨੂੰ ਦੇਰ ਤਕ ਮੋਰਚਿਆਂ 'ਤੇ ਵਰਤ ਸਕਦੇ ਹਨ। ਪਰ ਮਾਓਵਾਦੀ ਗੁਰੀਲਾ ਘੱਟੋ ਘੱਟ ਸਹੂਲਤਾਂ ਵਿਚ ਜਿਉਂਦਾ ਹੈ ਅਤੇ ਵੱਡੇ ਸੁਪਨੇ ਦੇਖਦਾ ਹੈ। ਕਿਤੇ ਧੁਰ ਅੰਦਰ ਉਸ ਨੂੰ ਅਹਿਸਾਸ ਹੁੰਦਾ ਰਹਿੰਦਾ ਹੈ ਕਿ ਭਾਰਤੀ ਸ਼ਾਸਨ ਦੀ ਤਾਕਤ ਦੇ ਸਾਹਮਣੇ ਉਸ ਦੀ ਕੋਈ ਹਸਤੀ ਨਹੀਂ। ਭਾਵੇਂ ਹਰ ਵਰ੍ਹੇ ਸੌ ਦੋ ਸੌ ਪੁਲਿਸ ਵਾਲਿਆਂ ਨੂੰ ਉਹ ਘਾਤ ਲਾ ਕੇ ਮਾਰ ਲਵੇ ਪਰ ਲਾਲ ਕਿਲ੍ਹੇ ਉੱਤੇ ਲਾਲ ਝੰਡਾ ਤਾਂ ਉਸਦੇ ਜੀਵਨ ਵਿਚ ਸੰਭਵ ਨਹੀਂ। ਲੰਬੀ ਲੜਾਈ ਦੇ ਨਾਅਰੇ ਦੀ ਵੇਦੀ 'ਤੇ ਉਹ ਕਦੋਂ ਤਕ ਆਪਣੀ ਬਲੀ ਦਿੰਦਾ ਰਹੇਗਾ ? ਇਹ ਰੂਹਾਨੀ ਥਕਾਵਟ ਉਸ ਨੂੰ ਅੰਤ 'ਚ ਤੋੜ ਦਿੰਦੀ ਹੈ ਅਤੇ ਉਹ ਇਹ ਜਾਣਦੇ ਹੋਏ ਵੀ ਜੰਗਲ ਨੂੰ ਛੱਡਣ ਦਾ ਮਨ ਬਣਾਉਂਦਾ ਹੈ ਕਿ ਬਾਹਰੀ ਸਥਿਤੀਆਂ ਕਿਤੇ ਮੁਸ਼ਕਲ ਹੋਣਗੀਆਂ। ਉਸ ਨੂੰ ਉਹ ਸਭ ਕੁਝ ਕਰਨਾ ਪਏਗਾ, ਜਿਸ ਨੂੰ ਉਹ ਸਾਰੀ ਜ਼ਿੰਦਗੀ ਨਫ਼ਰਤ ਕਰਦਾ ਆਇਆ ਸੀ।

ਪਰ ਲੰਕਾ ਰੈਡੀ ? ਉਹ ਸ਼ਾਇਦ ਸਮਰਪਣ ਲਈ ਤਿਆਰ ਨਹੀਂ ਸੀ। ਉਸ ਨੂੰ ਆਪਣੇ ਕ੍ਰਾਂਤੀਕਾਰੀ ਜੀਵਨ ਦੇ ਉਭਾਰ 'ਤੇ ਕੀਤੀ ਗਈ ਇਕ ਨੈਤਿਕ ਗ਼ਲਤੀ ਦੇ ਕਾਰਨ ਮਜਬੂਰ ਹੋ ਕੇ ਕੁਝ ਇਸ ਤਰ੍ਹਾਂ ਬਾਹਰ ਆਉਣਾ ਪਿਆ ਕਿ ਉਸ ਦੇ ਕਰਮਾਂ ਦੀ ਇਕੱਠੀ ਕੀਤੀ ਪੂੰਜੀ ਪਲ ਪਲ ਲੁਟਦੀ ਚਲੀ ਗਈ।

*ਬਰਸਾਤ-1*

"ਤੁਸੀਂ ਫ਼ੁਰਸਤ 'ਚ ਆਇਓ...ਏਥੇ ਕੋਰਟ 'ਚ ਕੀ ਗੱਲ ਕਰ ਸਕਾਂਗੇ ?"

"ਸ਼ਾਮੀਂ ਤੁਸੀਂ ਫ੍ਰੀ ਹੋਵੋਗੇ ?"

"ਰਾਤ ਨੌਂ ਵਜੇ ਦੇ ਲਾਗੇ ਠੀਕ ਰਹੂ...?"

"ਏਨਾ ਲੇਟ ?"

"ਹਾਂ...ਆਫਿਸ ਈ ਜਾਇਓ।"

ਇਹ ਦੋ ਹਜ਼ਾਰ ਗਿਆਰਾਂ ਦਾ ਸਤੰਬਰ ਹੈ। ਉਹ ਐੱਸਆਰ ਕੇਸ ਦੀ ਪੜਤਾਲ ਕਰ ਰਹੀ ਹੈ। ਦਾਂਤੇਵਾੜਾ ਪੁਲਿਸ ਨੇ ਉਸ ਵੱਡੀ ਕੰਪਨੀ ਤੇ ਨਕਸਲੀਆਂ ਨੂੰ ਹਫ਼ਤਾ ਦੇਣ ਦਾ ਦੋਸ਼ ਲਾਇਆ ਹੈ। ਸ਼ਾਇਦ ਦਾਂਤੇਵਾੜਾ ਵਿਚ ਭਾਰਤ ਦਾ ਸਭ ਤੋਂ ਵਧੀਆ ਲੋਹਾ ਹੈ ਅਤੇ ਐੱਸਆਰ ਦਾ ਵੱਡਾ ਕਾਰਖਾਨਾ ਵੀ। ਮੈਂ ਡੀ.ਐੱਸ.ਪੀ. ਪ੍ਰਤਿਭਾ ਪਾਂਡੇ ਨੂੰ ਪਹਿਲੀ ਵਾਰ ਦਾਂਤੇਵਾੜਾ ਅਦਾਲਤ 'ਚ ਮਿਲਦਾ ਹਾਂ। ਚਰਚਿਤ ਨਾਂ ਹੈ। ਖਾਖੀ ਵਰਦੀ ਵਿਚ ਸਖ਼ਤ ਅਧਿਕਾਰੀ। ਚਰਚਾ ਹੈ ਕਿ ਕੁਝ ਦਿਨਾਂ ਵਿਚ ਉਸਨੇ ਕਈ ਗੁਪਤ ਸੂਚਨਾਵਾਂ ਇਕੱਠੀਆਂ ਕਰ ਲਈਆਂ ਹਨ। ਪੂਰੀ ਪੂਰੀ ਰਾਤ ਦੋਸ਼ੀਆਂ ਅਤੇ ਸ਼ੱਕੀ ਲੋਕਾਂ ਨੂੰ ਥਾਣੇ ਅੰਦਰ ਬਿਠਾ ਕੇ ਤਫ਼ਤੀਸ਼ ਕਰਦੀ ਹੈ। ਅੱਜ ਅਦਾਲਤ ਵਿਚ ਕੇਸ ਦੀ ਸੁਣਵਾਈ ਦੇ ਸਮੇਂ ਨੀਲਾ ਸਲਵਾਰ-ਸੂਟ ਪਾ ਇਕ ਬਾਈਆਂ ਤੇਈਆਂ ਵਰਗੀ ਦਿਖਦੀ ਮਾਸੂਮ ਲੜਕੀ ਨੂੰ ਬੰਦੂਕਧਾਰੀ ਪੁਲਸੀਆਂ ਦੇ ਵਿਚਕਾਰ ਆਉਂਦੇ ਦੇਖ ਮੈਂ ਤ੍ਰਭਕ ਗਿਆ।

ਪਰ ਅਸਲੀ ਹੈਰਾਨੀ ਰਾਤ ਉਸ ਦੇ ਦਫ਼ਤਰ ਵਿਚ ਹੋਣੀ ਸੀ। ਕੈਬਿਨ ਅੰਦਰ ਜਾਂਦਿਆਂ ਹੀ ਇਕ ਅਧਿਕਾਰੀ ਲੱਗਦੇ ਆਦਮੀ ਨੂੰ ਉਸ ਦੇ ਸਾਹਮਣੇ ਬੈਠੇ ਦੇਖਿਆ। ਪਤਾ ਲੱਗਿਆ ਕਿ ਉਹ ਐੱਸਆਰ ਕੇਸ ਨਾਲ ਜੁੜੇ ਕੁਝ ਲੋਕਾਂ ਤੋਂ ਲੰਬੀ ਪੁੱਛਗਿੱਛ ਕਰ ਰਹੀ ਹੈ। ਪਤਾ ਨਹੀਂ ਕਿਉਂ ਮੈਨੂੰ ਲੱਗਿਆ ਜਿਵੇਂ ਉਹ ਉਨ੍ਹਾਂ ਵਿਚੋਂ ਹੀ ਇਕ ਹੋਵੇ। ਸ਼ਾਇਦ ਐੱਸਆਰ ਦਾ ਵੱਡਾ ਅਧਿਕਾਰੀ ਜਨਰਲ ਮੈਨੇਜਰ ਡੀ.ਵੀ.ਸੀ.ਐੱਸ. ਵਰਮਾ ਜਿਸ ਨਾਲ ਮੈਂ ਫ਼ੋਨ 'ਤੇ ਤਾਂ ਗੱਲ ਕਰ ਚੁੱਕਿਆ ਸਾਂ ਪਰ ਕਦੇ ਮਿਲਿਆ ਨਹੀਂ। ਇਹ ਖ਼ਿਆਲ ਆਉਂਦਿਆਂ ਹੀ ਕਿ ਇਹ ਉਹ ਹੋ ਸਕਦਾ ਹੈ, ਮੈਂ ਕੁਝ ਅਸਹਿਜ ਹੋ ਗਿਆ। ਅਸਹਿਜ ਹੋਣ ਦਾ ਇਕ ਕਾਰਨ ਇਹ ਵੀ, ਕਿ ਸੋਚਿਆ ਸੀ ਇਸ ਸਮੇਂ ਪ੍ਰਤਿਭਾ ਨਾਲ ਕੇਸ ਦੇ ਬਾਰੇ ਫ਼ੁਰਸਤ 'ਚ ਗੱਲ ਹੋ ਸਕੇਗੀ।

"ਬੈਠੋ ਨਾ...ਦੱਸੋ, ਤੁਸੀਂ ਕੋਰਟ 'ਚ ਕੀ ਆਖ ਰਹੇ ਸੀ।"

ਮੈਂ ਉਸ ਆਦਮੀ ਵੱਲ ਇਸ਼ਾਰਾ ਕੀਤਾ ਤਾਂ ਉਹ ਮੇਰੀ ਝਿਜਕ ਸਮਝ ਗਈ। ਆਪ ਹੀ ਕੇਸ ਸੰਬੰਧੀ ਗੱਲ ਤੋਰ ਲਈ ਅਤੇ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਉਸ ਆਦਮੀ ਦੀ ਚਿੰਤਾ ਨਾ ਕਰਾਂ। ਅਸੀਂ ਖੁੱਲ੍ਹਣ ਲੱਗ ਪਏ। ਨਕਸਲ ਮਸਲੇ ਬਾਰੇ ਗੱਲਾਂ ਕਰਦੇ ਰਹੇ ਕਿ ਪੁਲਿਸ ਵਾਲੇ ਕਿਸ ਭੈਅ ਵਿਚ ਜਿਉ ਰਹੇ ਨੇ, ਜ਼ਰਾ ਜਿੰਨੀ ਵੀ ਅਣਗਹਿਲੀ ਹੋਈ ਨਹੀਂ ਕਿ ਬਸ ਉਡਾ ਦਿੱਤੇ ਜਾਓਗੇ। ਐੱਸਆਰ ਦੇ ਜਨਰਲ ਮੈਨੇਜਰ ਵਰਮਾ ਦੀ ਤਫ਼ਤੀਸ਼ ਦੇ ਬਾਰੇ 'ਚ ਵੀ ਗੱਲ ਹੋਈ, ਜਿਸ ਨੂੰ ਮੈਂ ਕਾਫ਼ੀ ਦੇਰ ਤੋਂ ਆਪਣੇ ਲਾਗੇ ਬੈਠਾ ਆਦਮੀ ਹੀ ਸਮਝਦਾ ਰਿਹਾ ਸਾਂ।

ਪ੍ਰਤਿਭਾ ਦੱਸਦੀ ਰਹੀ ਕਿ ਜਨਰਲ ਮੈਨੇਜਰ ਨਾਲ ਕੀ ਪੁੱਛਗਿੱਛ ਹੋ ਚੁੱਕੀ ਹੈ ਅਤੇ ਕੀ ਅਜੇ ਬਾਕੀ ਹੈ। ਕਿਹੜਾ ਸਮਾਨ ਹੱਥ ਲੱਗਿਆ ਅਤੇ ਕਿਹੜਾ ਬਚਿਆ ਹੈ। ਆਪਣੇ ਬਾਰੇ ਵੀ ਦੱਸਿਆ। ਹੁਣੇ ਹੀ ਪੁਲਿਸ 'ਚ ਆਈ ਹੈ, ਇਹ ਉਸ ਦਾ ਪਹਿਲਾ ਕੇਸ ਹੈ। ਇਕਦਮ ਪੱਕੀ ਹੈ ਕਿ ਸਜ਼ਾ ਦਵਾ ਕੇ ਹੀ ਰਹੇਗੀ। ਉਸ ਸਮੇਂ ਉਸ 'ਚ ਭੋਰਾ ਵੀ ਪੁਲਿਸ ਵਾਲਿਆਂ ਵਰਗੀ ਕੋਈ ਗੱਲ ਨਹੀਂ ਸੀ। ਪਛਾਣਿਆ ਜਿਹਾ ਹਾਸਾ। ਬਹੁਤ ਆਪਣੀ ਜਿਹੀ ਆਵਾਜ਼।

ਕੈਬਿਨ ਦੀ ਦੀਵਾਰ 'ਤੇ ਥਾਣੇ ਦੇ ਕ੍ਰਾਈਮ ਰਿਕਾਰਡ ਦਾ ਚਾਰਟ ਟੰਗਿਆ ਹੋਇਆ ਸੀ। ਜ਼ਿਲ੍ਹੇ ਦਾ ਇਕ ਵੱਡਾ ਸਾਰਾ ਨਕਸ਼ਾ ਵੀ ਜਿਸ 'ਚ ਨਕਸਲੀ ਇਲਾਕੇ ਵਿਚ ਪੁਲਿਸ ਅਤੇ ਸੀ.ਆਰ.ਪੀ.ਐੱਫ਼. ਦੀ ਪੋਸਟ ਨੂੰ ਚਿੰਨ੍ਹਤ ਕਰਦੇ ਹੋਏ ਲਾਲ, ਹਰੇ ਕਈ ਨਿਸ਼ਾਨ ਬਣੇ ਹੋਏ ਸਨ। ਬੋਲਦੇ ਸਮੇਂ ਉਸ ਦੀਆਂ ਉਂਗਲਾਂ ਵਿਚ ਫੜਿਆ ਹੋਇਆ ਪੈੱਨ ਘੁੰਮਦਾ ਰਹਿੰਦਾ ਸੀ। ਕਦੇ ਪੈੱਨ ਕੱਚ ਦੇ ਗਿਲਾਸ ਨਾਲ ਟਕਰਾਉਣ ਲੱਗਦਾ। ਮੈਂ ਭੁੱਲ ਗਿਆ ਕਿ ਕੋਈ ਆਦਮੀ ਲਾਗੇ ਵੀ ਬੈਠਾ ਹੋਇਆ ਹੈ, ਵਿਚ ਵਿਚ ਹੋਰ ਹੀ ਤਰ੍ਹਾਂ ਦਾ ਵੀ ਲੱਗਦਾ, ਜਦੋਂ ਮਸਲਾ ਕੁਝ ਜ਼ਿਆਦਾ ਹੀ ਖ਼ੁਫ਼ੀਆ ਹੋ ਜਾਂਦਾ ਕਿ ਕੋਈ ਸਾਨੂੰ ਸੁਣ ਰਿਹਾ ਹੈ। ਪਰ ਪਲਾਂ 'ਚ ਹੀ ਬੇਫ਼ਿਕਰ ਹੋ ਜਾਂਦਾ, ਜਦੋਂ ਉਹ ਹੀ ਉਸ ਆਦਮੀ ਦਾ ਖ਼ਿਆਲ ਨਹੀਂ ਕਰ ਰਹੀ ਤਾਂ ਮੈਨੂੰ ਕੀ ਹੈ। ਜ਼ਰੂਰ ਕੋਈ ਪੁਲਿਸ ਵਾਲਾ ਹੀ ਹੋਵੇਗਾ।

ਉਦੋਂ ਹੀ ਉਸ ਨੂੰ ਬੁਲਾਵਾ ਆਇਆ।

"ਤੁਸੀਂ ਬੈਠੋ, ਬਸ ਦੋ ਮਿੰਟਾਂ 'ਚ ਆਈ।"

ਹੁਣ ਉਸ ਕੈਬਿਨ ਅੰਦਰ ਉਹ ਆਦਮੀ ਅਤੇ ਮੈਂ। ਉਸ ਆਦਮੀ ਨੇ ਨੀਵੀਂ ਪਾਈ ਹੋਈ ਸੀ, ਸ਼ਾਇਦ ਨਜ਼ਰਾਂ ਨਾਲ ਆਪਣੇ ਜੁੱਤਿਆਂ ਦੀ ਨੋਕ ਲੱਭ ਰਿਹਾ ਹੋਵੇ। ਮੇਰੀ ਨਿਗ੍ਹਾ ਮੇਜ਼ ਉੱਤੇ ਪਏ ਉਸ ਦੇ ਬਲੈਕ ਬੇਰੀ 'ਤੇ ਵੀ ਗਈ। (ਇਹ

ਦੋ ਹਜ਼ਾਰ ਗਿਆਰਾਂ ਸੀ। ਲਗਭਗ ਅਸੀਂ ਸਾਰੇ ਨੌਕੀਆ ਫ਼ੋਨ ਵਰਤਦੇ ਸਾਂ। ਬਲੈਕ ਬੇਰੀ ਉਦੋਂ ਇਕ ਬਹੁਤ ਹੀ ਸ਼ੋਹਰਤ ਹੋਇਆ ਕਰਦਾ ਸੀ।) ਦਾਂਤੇਵਾੜਾ 'ਚ ਕਿਸ ਦੇ ਕੋਲ ਆਇਆ ਬਲੈਕ ਬੇਰੀ ? ਫੇਰ ਉਹੋ ਹੀ ਕੀੜਾ ਮੇਰੇ ਅੰਦਰ ਨੱਚਣ ਅਤੇ ਮੈਨੂੰ ਕੁੱਤਰਨ ਲੱਗਿਆ। ਕੀ ਇਹ ਉਹੋ ਹੀ ਜਨਰਲ ਮੈਨੇਜਰ ਵਰਮਾ ਹੈ, ਜਿਸ ਨਾਲ ਉਸ ਦਿਨ ਫ਼ੋਨ 'ਤੇ ਗੱਲ ਹੋਈ ਸੀ ਅਤੇ ਜਿਸ ਨੂੰ ਉਹ ਲੜਕੀ ਘੇਰ-ਘਾਰ ਕੇ ਪੁੱਛਗਿੱਛ ਕਰ ਰਹੀ ਏ ? ਚੁੱਪ ਚਾਪ ਮੈਂ ਉਸ ਦਾ ਨੰਬਰ ਮਿਲਾਇਆ। ਮੇਜ਼ ਉੱਤੇ ਵਾਈਬ੍ਰੇਸ਼ਨ ਮੋਡ 'ਤੇ ਰੱਖਿਆ ਉਸ ਦਾ ਬਲੈਕ ਬੇਰੀ ਘੁਰ ਘੁਰ ਕਰਨ ਲੱਗਿਆ।

ਦਿੱਲੀ ਵਿਚ 2G ਕੇਸ ਦੀ ਰਿਪੋਰਟਿੰਗ ਦੇ ਦੌਰਾਨ ਮਨੋਵਿਗਿਆਨਕ ਦਬਾਓ ਬਣਾਉਣ ਲਈ ਸੀ.ਬੀ.ਆਈ. ਦੇ ਬੜੇ ਚਲਾਕ ਪਰਿੰਦੇ ਸਨ। ਵਾਲਾਂ ਨੂੰ ਢਿੱਲਾ ਛੱਡ ਰਬੜ ਬੈਂਡ ਬੰਨ੍ਹ ਇਹ ਕੰਨਿਆ ਅੱਧਾ ਘੰਟਾ ਉਸ ਆਦਮੀ ਦੀ ਪੋਲ ਖੋਲ੍ਹਦੀ ਰਹੀ, ਉਸ ਨੂੰ ਖਰੀਆਂ-ਖੋਟੀਆਂ ਆਖਣ ਲਈ ਮੈਨੂੰ ਉਕਸਾਉਂਦੀ ਰਹੀ। ਮੈਂ ਅਣਜਾਣ ਬਣ ਉਸ ਲਾਗੇ ਬੈਠਾ ਸੁਣਦਾ ਰਿਹਾ। ਚੰਗਾ ਹੈ, ਇਹ ਉਸਦਾ ਪਹਿਲਾ ਕੇਸ ਹੈ

ਤ੍ਰੇਲ ਵਰਗੀ ਕੋਮਲ ਆਵਾਜ਼ ਵਾਲੀ ਬਾਹਠ ਇੰਚ ਦੀ ਬਹੁਤ ਹੀ ਨਾਜ਼ੁਕ ਦਿਖਦੀ ਲੜਕੀ ਦਾ ਆਪਣੀ ਪਹਿਲੀ ਹੀ ਪੋਸਟਿੰਗ ਦੇ ਦੌਰਾਨ ਫ਼ਿਲਮ ਨੋਆਰ ਦੀ ਨਾਇਕਾ ਵਿਚ ਬਦਲਦੀ ਬਸਤਰ ਵਿਚਲੇ ਕਿਸੇ ਬਹੁਤ ਦੂਰ ਦੁਰਾਡੇ ਦੇ ਥਾਣੇ ਵਿਚ ਹੀ ਸ਼ਾਇਦ ਸੰਭਵ ਹੋਵੇ।

*ਸੁਫ਼ਨਾ—4*

ਉਸਦਾ ਜਨਮ ਵੀ ਬਗਾਵਤ ਦਾ ਰੂਪਕ ਸੀ। ਉਸਦੇ ਮਾਤਾ ਪਿਤਾ ਗੁਰੀਲੇ ਬਾਗੀਆਂ ਦੀ ਇਕ ਅਜਿਹੀ ਜਥੇਬੰਦੀ ਨਾਲ ਜੁੜੇ ਹੋਏ ਸਨ, ਜਿਹੜੀ ਸੰਤਾਨ ਦੇ ਜਨਮ ਨੂੰ ਬਗ਼ਾਵਤ ਦੇ ਵਿਰੁੱਧ ਮੰਨਦੀ ਸੀ। ਉਹ ਬਸਤਰ ਵਿਚ ਮਾਓਵਾਦੀ ਦਸਤਕ ਦੇ ਆਰੰਭਕ ਵਰ੍ਹੇ ਸਨ। ਆਂਧਰਾ ਤੋਂ ਆਏ ਪੀ.ਡਬਲਯੂ.ਜੀ. ਉਰਫ਼ ਪੀਪਲਜ਼ ਵਾਰ ਗਰੁੱਪ ਦੇ ਗੁਰੀਲੇ ਮੱਧ ਭਾਰਤ ਦੇ ਉਸ ਸੰਘਣੇ ਜੰਗਲ ਨੂੰ ਆਪਣਾ ਕੇਂਦਰ ਬਣਾ ਕੇ ਇਕ ਬਹੁਤ ਵੱਡੀ ਸੈਨਾ ਤਿਆਰ ਕਰਨੀ ਚਾਹੁੰਦੇ ਸਨ। ਸਥਾਨਕ ਆਦਿਵਾਸੀ ਉਸ ਸੈਨਾ ਦੇ ਸਿਪਾਹੀ ਬਣਨ ਵਾਲੇ ਸਨ। ਉਸ ਸੈਨਾ ਵਿਚ ਔਰਤ ਵੀ ਬਰਾਬਰ ਦੀ ਹਿੱਸੇਦਾਰੀ ਹੋਣ ਵਾਲੀ ਸੀ। ਕਿਸੇ ਔਰਤ ਦੇ ਪੇਟ ਵਿਚਲੀ ਸੰਤਾਨ ਉਸ ਔਰਤ ਅਤੇ ਬੱਚੇ ਦੇ ਪਿਤਾ ਦੋਨਾਂ ਨੂੰ ਹੀ ਆਪਣੇ ਨਿਸ਼ਾਨੇ ਤੋਂ ਭਟਕਾ ਸਕਦੀ ਸੀ। ਉਸਦਾ ਪਿਤਾ ਸਭ ਤੋਂ ਉੱਚੇ ਦਰਜੇ ਦਾ ਗੁਰੀਲਾ ਲੜਾਕੂ ਕ੍ਰਾਂਤੀ ਦਾ ਸੁਫ਼ਨਾ ਲੈ ਜਿਉ ਰਿਹਾ ਆਪਣੀ ਗੋਦੀ ਵਿਚ ਸੰਤਾਨ ਵੀ ਚਾਹੁੰਦਾ ਸੀ।

ਲੰਕਾ ਪਾਪੀ ਰੈਡੀ ਦੀ ਉਸ ਮਾਮਲੇ 'ਚ ਆਪਣੇ ਕਾਮਰੇਡ ਸਾਥੀਆਂ ਨਾਲ ਗਹਿਗੱਚ ਬਹਿਸ ਹੋਈ। ਉਨ੍ਹਾਂ ਨੇ ਉਸ ਨੂੰ ਹੱਦੋਂ ਵੱਧ ਸਮਝਾਇਆ ਪਰ ਉਹ ਨਹੀਂ ਮੰਨਿਆ ਅਤੇ 1994 ਦੇ ਅਕਤੂਬਰ ਵਿਚ ਅਬੂਝਮਾੜ 'ਚ ਇਕ ਨਦੀ ਦੇ ਕਿਨਾਰੇ ਗੁਰੀਲਾ ਔਰਤਾਂ, ਜਿਨ੍ਹਾਂ ਦੇ ਮੋਢਿਆਂ ਉੱਤੇ ਹਥਿਆਰ ਟੰਗੇ ਹੋਏ ਸਨ, ਨੇ ਦਰਖ਼ਤਾਂ ਦੀ ਓਟ ਬਣਾਈ ਜਿਸ ਦੇ ਪਰ੍ਹੇ ਉਸ ਦੀ ਪਤਨੀ ਸਰੋਜਾ ਨੇ ਇਕ ਪਿਆਰੀ ਜਿਹੀ ਬੱਚੀ ਨੂੰ ਜਨਮ ਦਿੱਤਾ। ਬਸਤਰ ਵਿਚ ਮਾਓਵਾਦੀ ਕ੍ਰਾਂਤੀ ਦੇ ਇਤਿਹਾਸ 'ਚ ਉਹ ਕਿਸੇ ਕ੍ਰਾਂਤੀਕਾਰੀ ਮਾਤਾ-ਪਿਤਾ ਦੀ ਪਹਿਲੀ ਅਤੇ ਸ਼ਾਇਦ ਉਸ ਸਮੇਂ ਤਕ ਦੀ ਇਕੱਲੀ ਬੱਚੀ ਸੀ, ਜਿਸ ਨੇ ਅਬੂਝਮਾੜ ਵਿਚ ਜਨਮ ਲਿਆ। ਉਹੋ ਹੀ ਅਬੂਝਮਾੜ ਜਿਹੜਾ ਅਜੇ ਤਕ ਚੋਟੀ ਦੇ ਗੁਰੀਲੇ ਨੇਤਾਵਾਂ ਦਾ ਗੜ੍ਹ ਬਣਿਆ ਹੋਇਆ ਹੈ। ਜੰਗਲ ਵਿਚ ਹਥਿਆਰਾਂ ਦੇ ਝੂਲੇ ਵਿਚ ਝੂਲਦੀ ਆਪਣੀ ਬੇਟੀ ਦਾ ਨਾਂ ਰੈਡੀ ਨੇ ਬੜੇ ਮੋਹ ਨਾਲ ਰੱਖਿਆ ਸੀ—ਤੇਜਸਵੀ। ਕੀ ਉਸ ਨੂੰ ਉਸ ਸਮੇਂ ਭੋਰਾ ਵੀ ਇਹ ਪਤਾ ਹੋਏਗਾ ਕਿ ਕਈ ਸਾਲਾਂ ਬਾਅਦ ਉਹ ਚੀਨ ਜਾਏਗੀ ? ਕੀ ਉਸ ਪਿਤਾ ਅਤੇ ਉਸਦੀ ਬੇਟੀ ਦੀ ਕਥਾ ਹਿੰਦੁਸਤਾਨ ਵਿਚ ਮਾਓਵਾਦੀ ਇਤਿਹਾਸ ਦੀ ਸਭ ਤੋਂ ਅਨੋਖੀ ਮਿੱਥ ਹੈ ?

ਮੇਰਾ ਉਸ ਕਥਾ ਵਿਚ ਇਕਦਮ ਅਚਾਨਕ, ਲਗਭਗ ਮਿਥਕੀ ਦਾਖਲਾ ਹੁੰਦਾ ਹੈ, ਠੀਕ ਵੀਹ ਸਾਲ ਬਾਅਦ, 26 ਅਗਸਤ 2014 ਵਿਚ ਵਾਰੰਗਲ ਜ਼ਿਲ੍ਹੇ ਦੇ ਹਨਮਕੌਂਡਾ ਕਸਬੇ ਦੀ ਇਕ ਦੁਪਹਿਰੇ ਸਾਬਕਾ ਕ੍ਰਾਂਤੀਕਾਰੀਆਂ ਨੂੰ ਲੱਭਦਾ ਮੈਂ ਰੈਡੀ ਦੇ ਘਰ ਬੈਠਾ ਹਾਂ। ਉਹ ਦੱਸ ਰਹੇ ਨੇ ਕਿ ਉਹ ਇਕ ਤਕੜੇ ਜ਼ਿਮੀਂਦਾਰ ਪਰਿਵਾਰ ਵਿਚੋਂ ਸਨ, ਜਿਹੜਾ ਰਾਜਨੀਤੀ ਵਿਚ ਬੁਰੀ ਤਰ੍ਹਾਂ ਧਸਿਆ ਹੋਇਆ ਸੀ। ਉਸਦੇ ਪਿਤਾ ਪੁਰਾਣੇ ਕਾਂਗਰਸੀ ਸਨ ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਲੜੀ ਸੀ, ਤਾਇਆ ਕਮਿਊਨਿਸਟ ਲੀਡਰ ਸਨ। 1970 ਦੇ ਦਹਾਕੇ ਵਿਚ ਰੈਡੀ ਨਕਸਲਵਾਦੀ ਅੰਦੋਲਨ ਵਿਚ ਸ਼ਾਮਿਲ ਹੋ ਗਿਆ। ਕੁਝ ਵਰ੍ਹੇ ਬਾਅਦ ਐਮਰਜੈਂਸੀ ਦੇ ਦੌਰਾਨ ਉਸਦੇ ਭਾਈ ਮੁਰਲੀ

ਮੋਹਣ ਰੈਡੀ ਨੂੰ ਇਕ ਫਰਜ਼ੀ ਪੁਲਿਸ ਇਨਕਾਊਂਟਰ 'ਚ ਤਿੰਨ ਹੋਰ ਨੌਜੁਆਨਾਂ ਦੇ ਨਾਲ ਮਾਰ ਦਿੱਤਾ ਗਿਆ, ਜਿਨ੍ਹਾਂ ਵਿਚੋਂ ਇਕ ਵਾਰੰਗਲ ਦੇ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਵੀ ਸੀ।

ਉਸ ਤੋਂ ਤੁਰੰਤ ਬਾਅਦ 1976 ਵਿਚ ਉਹ ਅੰਡਰ ਗਰਾਊਂਡ ਹੋ ਗਿਆ। ਕੁਝ ਸਾਲਾਂ ਬਾਅਦ ਪੀ.ਡਬਲਯੂ.ਜੀ. ਹੋਂਦ 'ਚ ਆਉਂਦੀ ਹੈ ਅਤੇ ਉਹ ਆਪਣਾ ਭਰਿਆ ਭੁਕੰਨਿਆ ਪਰਿਵਾਰ ਛੱਡ ਕੇ ਬੰਦੂਕ ਦੀ ਨਲੀ ਵਿਚੋਂ ਨਿਕਲਣ ਵਾਲੀ ਕ੍ਰਾਂਤੀ ਦਾ ਸੁਫ਼ਨਾ ਲੈ ਬਸਤਰ ਚਲਿਆ ਜਾਂਦਾ ਹੈ।

ਅਸੀਂ ਦੋਵੇਂ ਉਸ ਦੇ ਅੱਗੇ ਵਾਲੇ ਕਮਰੇ ਅੰਦਰ ਬੈਠੇ ਗੱਲਾਂ ਕਰ ਰਹੇ ਹਾਂ ਕਿ ਇਕ ਲੜਕੀ ਆਉਂਦੀ ਹੈ। ਦੋਵੇਂ ਤੇਲਗੂ 'ਚ ਗੱਲਾਂ ਕਰ ਰਹੇ ਹਨ ਜਿਹੜੀਆਂ ਮੈਨੂੰ ਸਮਝ ਨਹੀਂ ਲੱਗ ਰਹੀਆਂ ਪਰ ਮੈਂ ਇੰਨਾ ਸਮਝ ਸਕਦਾ ਹਾਂ ਕਿ ਉਹ ਉਸ ਦੀ ਬੇਟੀ ਹੈ। ਮੈਨੂੰ ਸਹਿਜ ਹੈਰਾਨੀ ਹੁੰਦੀ ਹੈ—2008 ਵਿਚ ਸਮਰਪਣ ਕਰਨ ਤੋਂ ਪਹਿਲਾਂ ਰੈਡੀ ਪਿਛਲੇ ਤੀਹ ਕੁ ਸਾਲ ਤੋਂ ਅੰਡਰ ਗਰਾਊਂਡ ਸੀ। ਉਸ ਲੜਕੀ ਦਾ ਜਨਮ ਭਲਾ ਕਦੋਂ ਹੋਇਆ ਹੋਏਗਾ ? ਉਸ ਦੀ ਮਾਂ ਕੌਣ ਹੋਏਗੀ ? ਕੀ ਉਹ ਪਲਾਟੂਨ ਕਮਾਂਡਰ ਸਰੋਜਾ ਜਿਹੜੀ ਉਸਦੀ ਪਤਨੀ ਸੀ ਅਤੇ ਜਿਸ ਨੇ ਉਸਦੇ ਸਮਰਪਣ ਦੇ ਕੁਝ ਮਹੀਨੇ ਬਾਦ ਆਪ ਹਥਿਆਰ ਸੁੱਟ ਦਿੱਤੇ ਜਾਂ ਕੋਈ ਹੋਰ ? ਪਰ ਜੇ ਉਹੋ ਹੀ ਕਮਾਂਡਰ ਉਸ ਦੀ ਮਾਂ ਸੀ ਤਾਂ ਕੀ ਉਹ ਲੜਕੀ ਵੀ ਇੰਨੇ ਵਰ੍ਹੇ ਜੰਗਲ ਵਿਚ ਹਥਿਆਰਾਂ ਅਤੇ ਹਮਲਿਆਂ ਦੇ ਵਿਚਕਾਰ ਰਹੀ ਹੋਏਗੀ ? ਉਸ ਦੀ ਪੜ੍ਹਾਈ ਕਦੋਂ ਅਤੇ ਕਿੱਥੇ ਹੋਈ ? ਕੀ ਉਹ ਪੰਜਾਬ 'ਚ ਆਪਣੇ ਮਾਤਾ ਪਿਤਾ ਦੇ ਨਾਲ ਸੀ ? (ਬਹੁਤ ਪਹਿਲਾਂ ਇਕ ਗੁਰੀਲੇ ਨੇ ਉਸਦੇ ਪੰਜਾਬ ਜਾਣ ਦੀ ਕਹਾਣੀ ਸੁਣਾਈ ਸੀ।)

ਪਰ ਇੰਨੇ ਨਿੱਜੀ ਪ੍ਰਸ਼ਨ ਪੁੱਛਣ ਦੀ ਮੇਰੀ ਹਿੰਮਤ ਨਹੀਂ ਹੁੰਦੀ। ਮੈਂ ਜ਼ੇਰਾ ਕਰ ਗੱਲ ਖੋਲ੍ਹਣ ਲਈ ਪੁੱਛਦਾ ਹਾਂ ਕਿ ਉਸਨੇ ਸਮਰਪਣ ਕਿਉਂ ਕੀਤਾ ਤਾਂ ਮੈਨੂੰ ਬੇਨਤੀ ਕਰਕੇ ਕਿ ਮੈਂ ਇਹ ਨਾ ਪੁੱਛਾਂ, ਉਹ 'ਨਿੱਜੀ ਕਾਰਨ' ਆਖ ਟਾਲ ਦਿੰਦਾ ਹੈ।

ਪਰ ਗੱਲ ਸ਼ਾਇਦ ਖ਼ਤਮ ਨਹੀਂ ਸੀ ਹੋਣੀ। ਉਹ ਲੜਕੀ ਅਜੇ ਵੀ ਉਥੇ ਹੀ ਬੈਠੀ ਹੈ। ਮੈਂ ਉਸਦੀ ਪੜ੍ਹਾਈ ਬਾਰੇ ਪੁੱਛਦਾ ਹਾਂ ਤਾਂ ਉਹ ਦੱਸਦੀ ਹੈ ਕਿ ਦੋ ਸਾਲ ਪਹਿਲਾਂ ਬਾਰ੍ਹਵੀਂ ਕੀਤੀ ਹੈ ਅਤੇ ਹੁਣ ਮੈਡੀਕਲ ਦੀ ਪੜ੍ਹਾਈ ਕਰਨ ਚੀਨ ਜਾ ਰਹੀ ਹੈ।

"ਚੀਨ ?" ਮੇਰੇ ਅੰਦਰ ਹਲਚਲ ਪੈਦਾ ਹੁੰਦੀ ਹੈ—ਕੀ ਚੀਨ ਦੀ ਸਾਮਵਾਦੀ ਸਰਕਾਰ ਹਿੰਦੁਸਤਾਨੀ ਮਾਓਵਾਦੀ ਲੜਾਕੂਆਂ ਦੇ ਬੱਚਿਆਂ ਨੂੰ ਪੜ੍ਹਾਈ ਲਈ ਆਪਣੇ ਦੇਸ਼ ਬੁਲਾ ਰਹੀ ਹੈ ?

"ਵਾਰੰਗਲ ਦੇ ਕਈ ਬੱਚੇ ਉਥੇ ਐੱਮ.ਬੀ.ਬੀ.ਐੱਸ. ਦਾ ਕੋਰਸ ਕਰਨ ਜਾਂਦੇ ਨੇ—ਏਥੇ ਤਾਂ ਦਾਖ਼ਲਾ ਮੁਸ਼ਕਲ ਨਾਲ ਮਿਲਦਾ ਏ।" ਉਹ ਦੱਸਦੀ ਹੈ।

ਹੁਣ ਤਕ ਇਹ ਲੱਗਣ ਲੱਗਿਆ ਹੈ ਕਿ ਜਦੋਂ ਰੈਡੀ ਜੰਗਲ ਵਿਚ ਸੀ ਤਾਂ ਉਹ ਬਾਹਰ ਰਹਿ ਕੇ ਪੜ੍ਹ ਰਹੀ ਹੋਏਗੀ। ਪਰ ਕਿੱਥੇ ? ਕਿਵੇਂ ? ਅਤੇ ਉਸ ਪਲ ਇਕ ਨੁਕਤਾ ਮਿਲਦਾ ਹੈ, ਜਿਸ ਨਾਲ ਕਥਾ ਖੁੱਲ੍ਹਣ ਲੱਗਦੀ ਹੈ। "ਤੁਸੀਂ ਮੈਡੀਕਲ ਦੀ ਪ੍ਰੈਕਟਿਸ ਉਥੇ ਈ ਕਰੋਗੇ ਜਾਂ ਏਥੇ ਆ ਜਾਓਗੇ ?"

ਜਵਾਬ ਫੇਰ ਤੋਂ ਪਿਤਾ ਦਿੰਦਾ ਹੈ। "ਮੈਂ ਚਾਹੁੰਦਾ ਹਾਂ ਕਿ ਇਹ ਮੁੜ ਕੇ ਵਾਪਸ ਆਏ ਅਤੇ ਲੋਕਾਂ ਦੀ ਸੇਵਾ ਕਰੇ। ਇਕ ਵਾਰ ਉਸ ਥਾਵੇਂ ਜ਼ਰੂਰ ਜਾਏ, ਜਿਥੇ ਇਸ ਦਾ ਜਨਮ ਹੋਇਆ ਸੀ।"

ਇਹ ਆਖ ਪਿਤਾ ਬੇਟੀ ਵੱਲ ਦੇਖਦਾ ਹੈ ਅਤੇ ਬੇਟੀ ਆਪਣੇ ਸੋਫ਼ੇ ਤੋਂ ਉੱਠ ਪਿਤਾ ਦੇ ਲਾਗੇ ਜਾ ਬੈਠੀ ਹੈ ਅਤੇ ਆਖਦੀ ਹੈ ਕਿ ਹਾਂ, ਮੈਂ ਵੀ ਉਥੇ ਜਾਣਾ ਹੈ।

"ਕਿੱਥੇ ? ਕਿਸ ਥਾਵੇਂ ?"

"ਅਬੂਝਮਾੜ।"

"ਅਬੂਝਮਾੜ ? ਇਸ ਦਾ ਜਨਮ ਉਥੇ ਹੋਇਆ ਏ ? ਉਥੇ ਕਿੱਥੇ ?"

"ਤੁਹਾਨੂੰ ਨ੍ਹੀਂ ਪਤਾ ਹੋਣਾ। ਜੰਗਲ ਦੇ ਬਹੁਤ ਅੰਦਰ ਇਕ ਨਦੀ ਵਹਿੰਦੀ ਹੈ ਨਈਂ ਬੇਰੜ ! ਉਥੇ...ਉਸ ਦੇ ਕੰਢੇ... ਪਤਾ ਨਹੀਂ ਕਦੋਂ ਜਾ ਸਕੇਗੀ ਏਹ ਉਥੇ ?" ਪਿਤਾ ਬੇਟੀ ਦੋਵੇਂ ਇਕ ਦੂਜੇ ਵੱਲ ਦੇਖਦੇ ਰਹਿੰਦੇ ਹਨ। ਉਨ੍ਹਾਂ ਦੀ ਨਿਗ੍ਹਾ ਦੱਸ ਰਹੀ ਹੈ ਕਿ ਇਹ ਇਕ ਅਜਿਹੀ ਕਥਾ ਹੈ ਜਿਹੜੀ ਪਤਾ ਨਹੀਂ ਪਿਤਾ ਨੇ ਕਿੰਨੀ ਵਾਰ ਬੇਟੀ ਨੂੰ ਸੁਣਾਈ ਹੋਵੇਗੀ

ਅਤੇ ਜਿਹੜੀ ਕਦੀ ਵੀ ਪੂਰੀ ਨਹੀਂ ਹੋਏਗੀ। ਬੇਟੀ ਉਸ ਜੰਗਲ ਅੰਦਰ ਕਦੇ ਨਹੀਂ ਜਾ ਸਕੇਗੀ, ਜਿਥੇ ਪਿਤਾ ਕਦੇ ਰਾਇਫਲ ਲੈ ਘੁੰਮਿਆ ਕਰਦਾ ਸੀ, ਜਿਥੇ ਪਿਤਾ ਦੇ ਸਾਬਕਾ ਸਾਥੀ ਅਜੇ ਵੀ ਪੁਲਿਸ ਦੇ ਸ਼ਿਕਾਰ ਲਈ ਨਿਕਲਦੇ ਹਨ।

"ਨਈਂ ਬੇਰੜ !...ਉਹ ਜਿਹੜੀ ਬਾਲੇਬੇੜਾ ਪਿੰਡ ਦੇ ਲਾਗੋਂ ਦੀ ਵਹਿੰਦੀ ਏ ?"

"ਹਾਂ...ਬਾਲੇਬੇੜਾ...ਤੁਹਾਨੂੰ ਕਿਵੇਂ ਪਤਾ ?"

"ਹਾਂ, ਮੈਂ ਇਸੇ ਫਰਵਰੀ 'ਚ ਉਥੇ ਸੀ। ਦੋ ਤਿੰਨ ਦਿਨ ਉਸੇ ਪਿੰਡ 'ਚ ਰਿਹਾ ਸਾਂ। ਉਸ ਨਦੀ ਵਿਚ ਰੋਜ਼ ਨਹਾਉਣ ਜਾਇਆ ਕਰਦਾ ਸਾਂ। ਦੂਰੋਂ ਸਿੱਧੀ ਵਹਿੰਦੀ ਆਉਂਦੀ ਹੈ, ਉਸ ਪਿੰਡ ਦੇ ਲਾਗੇ ਆ ਇਕ ਘੁੰਮਾਊ ਮੋੜ ਕੱਟਦੀ ਹੈ। ਬਹੁਤ ਸਾਰੀਆਂ ਚੱਟਾਨਾਂ ਵਿਚਕਾਰ ਘਿਰੀ ਹੋਈ।"

"ਹਾਂ...ਉਹੋ ਹੀ। ਗੋਲ ਚੱਕਰ ਲੈਂਦੀ ਏ।"

"ਮੇਰੇ ਕੋਲ ਉਸ ਨਦੀ ਅਤੇ ਪਿੰਡ ਦੀਆਂ ਤਸਵੀਰਾਂ ਹਨ—ਦੇਖੋਗੇ ਤੁਸੀਂ ?"

"ਤਸਵੀਰਾਂ ! ਏਥੇ ? ਏਸ ਸਮੇਂ ?"

"ਹਾਂ। ਲੈਪਟੌਪ 'ਚ ਹੋਣਗੀਆਂ, ਬਾਹਰ ਗੱਡੀ 'ਚ ਪਿਆ ਏ।"

ਉਸ ਤੋਂ ਬਾਅਦ ਦਾ ਦ੍ਰਿਸ਼ ਬਹੁਤ ਜੋਸ਼ ਭਰਪੂਰ ਹੈ। ਇਕ ਪਲ ਦੂਜੇ ਦੇ ਉੱਤੇ ਡਿੱਗਦਾ-ਖਿਲਰਦਾ ਹੋਇਆ...ਮੈਂ ਭੱਜ ਕੇ ਬਾਹਰ ਜਾਂਦਾ ਹਾਂ...ਸਫੈਦ ਇੰਡੀਕਾ ਕੁਝ ਦੂਰ ਖੜ੍ਹੀ ਹੈ...ਉਹਦੇ ਪਿਛਲੇ ਦਰਵਾਜ਼ੇ ਦਾ ਹੈਂਡਲ ਘੁਮਾਉਂਦਾ ਹਾਂ, ਬੰਦ ਹੈ...ਗੱਡੀ ਦੇ ਚਾਰੇ ਦਰਵਾਜ਼ੇ ਬੰਦ ਹਨ...ਡਰਾਇਵਰ ਆਸੇ ਪਾਸੇ ਕਿਤੇ ਨਹੀਂ ਹੈ...ਅਕਸਰ ਜਦੋਂ ਉਹ ਕਿਤੇ ਕਿਸੇ ਨੂੰ ਮਿਲਣ ਜਾਂਦਾ ਹੈ ਤਾਂ ਡਰਾਇਵਰ ਗੱਡੀ ਬੰਦ ਕਰ ਕਿਤੇ ਆਸ-ਪਾਸ ਨਿਕਲ ਜਾਂਦਾ ਹੈ। ਉਸ ਨੂੰ ਫੋਨ ਕਰਕੇ ਬੁਲਾਇਆ ਕਰਦਾ ਹਾਂ। ਕਈ ਵਾਰ ਉਸ ਦਾ ਫ਼ੋਨ ਬੰਦ ਜਾਂਦਾ ਹੈ ਜਾਂ ਉਹ ਦੂਰ ਹੁੰਦਾ ਹੈ ਤਾਂ ਮੈਂ ਗੱਡੀ ਦੇ ਨਜ਼ਦੀਕ ਬੈਠ ਕੇ ਦੇਰ ਤਕ ਇੰਤਜ਼ਾਰ ਕਰਿਆ ਕਰਦਾ ਹਾਂ। ਪਰ ਓਦਣ ਮੈਂ ਝੁੰਜਲਾ ਰਿਹਾ ਹਾਂ। ਡਰਾਇਵਰ ਦਾ ਫ਼ੋਨ ਨਹੀਂ ਮਿਲ ਰਿਹਾ...ਮੈਂ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਆਲੇ-ਦੁਆਲੇ ਦੇ ਲੋਕ ਕੀ ਸੋਚਣਗੇ, ਗੱਡੀ ਦੀ ਛੱਤ ਅਤੇ ਬੋਨਟ ਨੂੰ ਖੜਕਾਉਂਦਾ ਹਾਂ। ਕੁਝ ਦੇਰ ਬਾਅਦ ਡਰਾਇਵਰ ਆਇਆ ਹੈ ਅਤੇ ਮੈਂ ਲੈਪਟੌਪ ਚੁੱਕ ਅੰਦਰ ਵੱਲ ਭੱਜਦਾ ਹਾਂ। ਬਾਹਰ ਵਾਲੇ ਕਮਰੇ ਅੰਦਰ ਦੋਵੇਂ ਅਜੇ ਵੀ ਮੇਰਾ ਇੰਤਜ਼ਾਰ ਕਰਦੇ ਹੋਏ ਬੈਠੇ ਹਨ। ਮੈਂ ਲੈਪਟੌਪ ਖੋਲ੍ਹਦਾ ਹਾਂ। ਤੇਜ਼ੀ ਨਾਲ ਫੋਟੋ ਵਾਲੇ ਫੋਲਡਰ 'ਤੇ ਜਾਂਦਾ ਹਾਂ। ਉਸਦੇ ਅੰਦਰ ਫਰਵਰੀ 2014 ਨਾਂ ਵਾਲਾ ਇਕ ਫੋਲਡਰ ਹੈ ਜਿਥੇ ਦੋ-ਢਾਈ ਸੌ ਤਸਵੀਰਾਂ ਹਨ। ਉਨ੍ਹਾਂ ਵਿਚੋਂ ਹੀ ਲਗਭਗ ਦਸ-ਪੰਦਰਾਂ ਨਈਂ ਬੇਰੜ ਦੀਆਂ ਹੋਣਗੀਆਂ। ਮੈਂ ਉਨ੍ਹਾਂ ਪੰਦਰਾਂ ਨੂੰ ਲੱਭ ਰਿਹਾ ਹਾਂ। ਮੈਂ ਸਲਾਈਡ ਸ਼ੋਅ ਨਹੀਂ ਚਲਾਉਣਾ ਚਾਹੁੰਦਾ। ਸਾਰੀਆਂ ਤਸਵੀਰਾਂ ਪਿਤਾ ਨੂੰ ਨਹੀਂ ਦਿਖਾਉਣੀਆਂ ਚਾਹੁੰਦਾ ਸ਼ਾਇਦ ਉਨ੍ਹਾਂ ਵਿਚੋਂ ਕਈ ਪਿਤਾ ਦੇ ਕਾਮਰੇਡ ਸਾਥੀਆਂ ਦੀਆਂ ਹੋਣ। ਮੈਂ ਸਿੱਧਾ ਨਦੀ 'ਤੇ ਆਉਣਾ ਚਾਹੁੰਦਾ ਹਾਂ। ਤਸਵੀਰਾਂ ਦੇ ਥੰਬਨੇਲ ਨੂੰ ਤੇਜ਼ੀ ਨਾਲ ਲੱਭਦਾ ਹੋਇਆ, ਅਚਾਨਕ ਇਕ ਤਸਵੀਰ 'ਤੇ ਆ ਰੁਕਦਾ ਹਾਂ, ਉਸ ਨੂੰ ਪੂਰੀ ਸਕਰੀਨ 'ਤੇ ਫੈਲਾਉਂਦਾ ਹਾਂ। ਉਹੋ ਨਦੀ, ਹਾਂ ਇਹੋ ਹੈ। ਪਿਤਾ ਜੀ ਦੀਆਂ ਅੱਖਾਂ ਚਮਕ ਜਾਂਦੀਆਂ ਹਨ। ਵੀਹ ਵਰ੍ਹੇ ਹੋ ਗਏ ਪਰ ਇਹ ਨਦੀ ਨਹੀਂ ਬਦਲੀ। ਇਥੇ ਕਿਹੜੀ ਥਾਂ ਹੋਵੇਗੀ, ਕਿਹੜਾ ਦਰਖ਼ਤ ਹੋਏਗਾ ਜਿਸ ਦੀ ਓਟ ਵਿਚ ਬੇਟੀ ਦਾ ਜਨਮ ਹੋਇਆ ਹੋਵੇਗਾ ? ਤੇ ਬੇਟੀ ਉਨ੍ਹਾਂ ਤਸਵੀਰਾਂ ਵਿਚੋਂ ਆਪਣੀ ਪਹਿਲੀ ਕਿਲਕਾਰੀ ਲੱਭ ਰਹੀ ਹੈ। ਇਹ ਥਾਂ ਸੀ। ਇਹ ਜੰਗਲ ਸੀ। ਕੁਝ ਤਸਵੀਰਾਂ ਬਾਲੇਬੇੜਾ ਪਿੰਡ ਦੀਆਂ ਵੀ ਹਨ। ਪਰ ਪਿੰਡ ਦਾ ਚਿਹਰਾ ਬਦਲ ਚੁੱਕਿਆ ਹੈ। ਹਾਂ, ਨਦੀ ਉਹੋ ਹੀ ਹੈ। ਬਾਪ-ਬੇਟੀ ਸਕਰੀਨ ਨੂੰ ਛੂੰਹਦੇ ਹਨ, ਸਹਿਲਾਉਂਦੇ ਹਨ। ਕਿਹੜੀ ਧਰਤੀ ਹੋਏਗੀ ਜਿਥੇ ਉਸ ਦੀ ਮਾਂ ਲੇਟੀ ਹੋਏਗੀ। ਪਿਤਾ ਚਾਹੁੰਦਾ ਹੈ ਕਿ ਬੇਟੀ ਪੂਰੀ ਦੀ ਪੂਰੀ ਨਦੀ ਨੂੰ ਡੀਕ ਲਾ ਕੇ ਪੀ ਜਾਵੇ।

ਬੇਟੀ ਆਪਣੀ ਉਮਰ ਦੇ ਪਹਿਲੇ ਦੋ ਸਾਲ ਉਥੇ ਅਬੂਝਮਾੜ 'ਚ ਰਹੀ। ਹਥਿਆਰਾਂ ਅਤੇ ਹਮਲਿਆਂ ਦੇ ਖਟੋਲੇ ਦੇ ਝੂਲੇ ਵਿਚ ਝੂਟਦੀ ਰਹੀ। ਪਰ ਛੇਤੀ ਹੀ ਪਿਤਾ ਨੂੰ ਅਹਿਸਾਸ ਹੋ ਗਿਆ ਕਿ ਉਸ ਦਾ ਬਚਪਨ ਉਥੇ ਸੁਰੱਖਿਅਤ ਨਹੀਂ ਅਤੇ 1996 ਦੀ ਇਕ ਰਾਤ ਪਿਤਾ ਨੇ ਚੁੱਪਚਾਪ ਬੱਚੀ ਨੂੰ ਗੋਦੀ ਚੁੱਕਿਆ, ਗੋਦਾਵਰੀ ਪਾਰ ਕੀਤੀ ਅਤੇ ਆਪਣੀ ਮਾਂ ਦੇ ਘਰ ਵਾਰੰਗਲ ਛੱਡ ਆਇਆ। ਬੇਟੀ ਦਾਦੀ ਦੇ ਘਰ ਪਲਦੀ ਰਹੀ, ਇਸ ਗੱਲੋਂ ਬੇਖ਼ਬਰ ਕਿ ਉਸ ਦਾ ਪਿਤਾ ਜੰਗਲ ਅੰਦਰ ਕ੍ਰਾਂਤੀਕਾਰੀ ਹੈ।

ਪਿਤਾ ਦੀ ਘਰ ਵਾਪਸੀ ਬਹੁਤ ਵੱਡੀ ਘਟਨਾ ਸੀ। ਮਾਓਵਾਦੀ ਇਤਿਹਾਸ ਵਿਚ ਸਮਰਪਣ ਕਰਨ ਵਾਲਾ ਉਹ ਸੈਂਟਰਲ ਕਮੇਟੀ ਦਾ ਇਕੋ ਇਕ ਮੈਂਬਰ ਸੀ, ਅਜੇ ਵੀ ਹੈ। ਆਂਧਰਾ ਪ੍ਰਦੇਸ ਦੇ ਗ੍ਰਹਿ ਮੰਤਰੀ ਕੇ.ਜਨ.ਰੈਡੀ ਦੇ ਸਾਹਮਣੇ ਸਮਰਪਣ ਹੋਇਆ ਸੀ। ਸਰਕਾਰ ਨੇ ਉਸ ਨੂੰ ਵੱਧ ਚੜ੍ਹ ਕੇ ਪ੍ਰਚਾਰਿਆ। "ਮੈਨੂੰ ਯਾਦ ਹੈ, ਮੈਂ ਨਿਊਜ਼ 'ਚ ਦੇਖਿਆ ਸੀ, ਉਦੋਂ ਦਾਦੀ ਨੇ ਦੱਸਿਆ ਕਿ ਪਾਪਾ ਆ ਰਹੇ ਆ।" ਬੇਟੀ ਨੇ ਉਸ ਖਬਰ ਨਵੀਸ ਨੂੰ ਦੱਸਿਆ।

ਪਰ ਕਥਾ ਦਾ ਦੂਜਾ ਅਧਿਆਇ ਹੁਣ ਸ਼ੁਰੂ ਹੋਣਾ ਸੀ। ਪਿਤਾ ਨੇ ਹੁਣ ਆਪਣੀ ਬੇਟੀ ਨੂੰ 'ਪ੍ਰਾਪਤ' ਕਰਨਾ ਸੀ ਜਿਸ ਨੂੰ ਬਾਰਾਂ ਵਰ੍ਹੇ ਪਹਿਲਾਂ ਛੱਡਣਾ ਪਿਆ ਸੀ। ਪਿਤਾ ਨੂੰ ਅਜੇ ਵੀ ਯਾਦ ਹੈ, "ਆਪਣੀ ਬੇਟੀ ਨੂੰ ਫੇਰ ਤੋਂ ਪ੍ਰਾਪਤ ਕਰਨ ਦਾ ਸੰਘਰਸ਼।" ਉਹ ਤਸਵੀਰਾਂ ਚੰਗੀਆਂ ਖਿੱਚਦਾ ਸੀ। ਕੰਪਿਊਟਰ ਬਾਰੇ ਵੀ ਚੰਗੀ ਜਾਣਕਾਰੀ ਸੀ। ਜੰਗਲ ਦੇ ਦਿਨਾਂ ਵਿਚ ਮਾਓਵਾਦੀਆਂ ਦੇ ਤਕਨੀਕੀ ਵਿਭਾਗ ਨੂੰ ਸੰਭਾਲਦਾ ਸੀ। ਉਸ ਨੇ ਬੇਟੀ ਦੀਆਂ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ। ਫੋਟੋਸ਼ਾਪ ਕਰਕੇ ਉਨ੍ਹਾਂ ਨੂੰ ਫੇਸਬੁੱਕ 'ਤੇ ਪਾਇਆ।

ਪਿਤਾ ਬੇਟੀ ਨੂੰ ਨਕਸਲੀ ਲੜਾਈ ਦੀ ਕਹਾਣੀ ਸੁਣਾਉਂਦਾ ਸੀ। ਆਪਣੇ ਆਦਰਸ਼ ਨੂੰ ਦੱਸਦਾ ਸੀ। ਪਰ ਬਹੁਤ ਸੰਕੋਚ ਨਾਲ ਉਸ ਖਬਰ ਨਵੀਸ ਨੂੰ ਇਹ ਮੇਲ ਵੀ ਲਿਖਣਾ ਸੀ, "ਮੈਂ ਇਕ ਆਤਮ ਸਮਰਪਣ ਕੀਤਾ ਹੋਇਆ ਕ੍ਰਾਂਤੀਕਾਰੀ ਹਾਂ। ਮੈਂ ਆਪਣੀ ਜ਼ਿੰਦਗੀ ਵਿਚ ਨਾ ਕੋਈ ਵੱਡਾ ਕੰਮ ਕੀਤਾ ਹੈ ਅਤੇ ਨਾ ਹੀ ਕੋਈ ਵੱਡੀ ਸਫ਼ਲਤਾ ਮਿਲੀ। ਬਸ ਵਿਸ਼ਵਾਸ ਕੀਤੇ ਹੋਏ ਆਦਰਸ਼ਾਂ ਦੇ ਲਈ ਕੰਮ ਕੀਤੇ ਸਨ।"

ਪਿਤਾ ਨੂੰ ਇਹ ਵੀ ਫ਼ਿਕਰ ਸੀ ਕਿ ਜਦੋਂ ਬੇਟੀ "ਹੈਦਰਾਬਾਦ ਦੇ ਇਕ ਹੋਸਟਲ ਵਿਚ ਰਹਿ ਮੈਡੀਕਲ ਦੀ ਤਿਆਰੀ ਕਰ ਰਹੀ ਸੀ, ਮੈਂ ਹਰ ਐਤਵਾਰ ਉਸ ਲਈ ਚਿਕਨ ਲੈ ਕੇ ਜਾਇਆ ਕਰਦਾ ਸਾਂ, ਜਦੋਂ ਚੀਨ ਚਲੀ ਜਾਏਗੀ ਤਾਂ ਕਿਵੇਂ ਜਾਊਂਗਾ।"

ਪਰ ਬੇਟੀ ਨੂੰ ਮਾਣ ਸੀ ਕਿ ਉਸਦੇ ਪਿਤਾ ਨੇ "ਲੋਕਾਂ ਲਈ ਸੰਘਰਸ਼ ਕੀਤਾ ਸੀ।" ਕਈ ਮਹੀਨੇ ਬਾਅਦ ਉਹ ਚੀਨ ਤੋਂ ਇਹ ਵਟਸਐਪ ਮੈਸਜ ਖਬਰ ਨਵੀਸ ਨੂੰ ਭੇਜਣ ਵਾਲੀ ਸੀ—"I love my dad soo muchhh." ਕਈ ਵਰ੍ਹੇ ਪਹਿਲਾਂ ਕਈ ਸਮੁੰਦਰ ਪਾਰ ਅਲਿਦਾ ਗੁਏਵਾਰਾ ਨੇ ਅਜਿਹੇ ਹੀ ਆਪਣੇ ਕ੍ਰਾਂਤੀਕਾਰੀ ਪਿਤਾ ਬਾਰੇ ਲਿਖਿਆ ਸੀ—"ਜਿੰਨਾ ਮੈਂ (ਉਨ੍ਹਾਂ ਦੇ ਜੀਵਨ ਨੂੰ) ਪੜ੍ਹਦੀ ਹਾਂ, ਓਨੀ ਹੀ ਉਸ ਲੜਕੇ ਦੇ ਪ੍ਰੇਮ 'ਚ ਡੁੱਬਦੀ ਜਾਂਦੀ ਹਾਂ, ਜਿਹੜਾ ਮੇਰਾ ਪਿਤਾ ਸੀ।"

ਆਪਣੇ ਸਮਰਪਣ ਦੇ ਪਲਾਂ ਨੂੰ ਆਪਣੇ ਜ਼ਿਹਨ 'ਚ ਸਾਂਭੇ ਲੰਕਾ ਰੈਡੀ ਸ਼ਾਇਦ ਜੀਵਨ ਭਰ ਪ੍ਰਾਪਤੀਆਂ ਅਤੇ ਅਸਫਲਤਾਵਾਂ ਨੂੰ ਲੱਭਦਾ ਰਹੇਗਾ ਪਰ ਉਸ ਦੁਪਹਿਰ ਹਨਮਕੋਂਡਾ ਤੋਂ ਵਾਪਸ ਮੁੜਦੇ ਸਮੇਂ ਮੈਨੂੰ ਇਹ ਲੱਗਿਆ ਕਿ ਆਪਣੀ ਬੇਟੀ ਦੀ ਆਸਥਾ ਅਤੇ ਪਿਆਰ ਪਾ ਸਕਣਾ ਸ਼ਾਇਦ ਹਰ ਪਿਤਾ ਦੇ ਵਸ ਅਤੇ ਨਸੀਬ 'ਚ ਨਹੀਂ ਹੁੰਦਾ।

(ਮਾਸਿਕ 'ਹੰਸ' ਵਿਚੋਂ ਧੰਨਵਾਦ ਸਹਿਤ)




ਚਰਚਿਤ ਨੌਜਵਾਨ ਕਥਾਕਾਰ ਅਤੇ ਪੱਤਰਕਾਰ ਆਸ਼ੂਤੋਸ਼ ਭਾਰਦਵਾਜ ਮੱਧ ਭਾਰਤ ਦੇ ਨਕਸਲ ਇਲਾਕੇ ਵਿਚ ਆਪਣੀ ਖ਼ਬਰਨਵੀਸੀ ਲਈ ਜਾਣਿਆ ਜਾਂਦਾ ਹੈ। ਉਸ ਨੂੰ ਇਸ ਕੰਮ ਲਈ ਕਾਫ਼ੀ ਪੁਰਸਕਾਰ ਮਿਲੇ ਹਨ। ਉਸ ਦੇ ਸਾਹਿਤਕ ਨਿਬੰਧਾਂ ਅਤੇ ਡਾਇਰੀ ਦਾ ਇਕ ਸੰਗ੍ਰਹਿ ਛੇਤੀ ਹੀ ਪ੍ਰਕਾਸ਼ਿਤ ਹੋਣ ਵਾਲਾ ਹੈ। ਉਸ ਨੂੰ ਕ੍ਰਿਸ਼ਨ ਬਲਦੇਵ ਵੈਦ ਫੈਲੋਸ਼ਿਪ ਮਿਲੀ ਹੈ। ਉਹ ਭਾਰਤੀ ਉੱਚ ਅਧਿਐਨ ਸੰਸਥਾਨ, ਸ਼ਿਮਲਾ ਵਿਚ ਫੈਲੋ ਹੈ।



E-mail : abharwdaj@gmail.com, Mob : 09406001949

ਅਨੁਵਾਦਕ : 9313292863, E-mail : nachhatar2003@gmail.com

ਕਵਿਤਾਵਾਂ : ਗੁਰਭਜਨ ਗਿੱਲ

## *ਬਹੁਤ ਯਾਦ ਆਉਂਦੀ ਹੈ ਲਾਲਟੈਣ*

ਕੱਚੇ ਕੋਠਿਆਂ 'ਚ ਬਹੁਤ ਕੁਝ ਸੀ ਚਾਨਣ ਤੋਂ ਬਗ਼ੈਰ
ਸੂਰਜ ਛਿਪਦਾ ਤਾਂ ਦੀਵਿਆਂ ਵੇਲੇ ਮਨ ਡੁੱਬਦਾ।
ਚਾਨਣਾ ਤਾਂ ਖ਼ਰਚ ਲੈਂਦੇ ਸਾਂ
ਸ਼ਾਮੀਂ ਖੇਡਦਿਆਂ ਮੱਲਦਿਆਂ
ਰੱਕੜੀ 'ਚ ਖਿੱਦੋ-ਖੂੰਡੀ ਚੱਲਦੀ
ਰੂੜੀਆਂ 'ਚ ਖਿੱਦੋ ਗੁਆਚਦੀ
ਤਾਂ ਸ਼ਿਕਾਰੀਆਂ ਵਾਂਗ ਸੁੰਘਦੇ ਫਿਰਦੇ।
ਘਰ ਪਰਤਦੇ ਤਾਂ ਮਾਂ ਆਖਦੀ—
ਪਹਿਲਾਂ ਪਿੰਡੇ ਪਾਣੀ ਪਾ
ਸਕੂਲ ਦਾ ਕੰਮ ਨਬੇੜ ਰੋਟੀ ਤਾਂ ਮਿਲੂ।

ਦੀਵੇ ਦੀ ਲਾਟ ਡੋਲਦੀ, ਭਮੱਕੜ ਨੱਚਦੇ ਇਰਦ-ਗਿਰਦ
ਇਕੋ ਦੀਵਾ ਚੌਂਕੇ 'ਚ ਜਗਦਾ
ਚੁੱਲ੍ਹਾ ਚੌਂਕਾ ਸਮੇਟ ਕੇ ਹੀ ਦੀਵਾ ਮਿਲਦਾ ਕੰਬਦਾ ਕੰਬਦਾ
ਨੀਂਦਰ ਦੇ ਡੋਰੇ ਅੱਖੀਆਂ ਮੱਲ ਖਲੋਂਦੇ
ਅੱਖਰ ਅੱਗੇ-ਅੱਗੇ ਮੈਂ ਪਿੱਛੇ-ਪਿੱਛੇ
ਦੀਵਾਂ ਦੁਸ਼ਮਣ ਜਾਪਦਾ
ਘਰ 'ਚ ਮੇਜ਼ ਨਹੀਂ ਸੀ
ਉੱਚੀ ਬੰਨ੍ਹੀ 'ਤੇ ਜਗਦਾ ਮਘਦਾ
ਗਿਆਨ ਦੂਤ ਜਮਦੂਤ ਜਾਪਦਾ
ਨੀਂਦਰ ਦਾ ਵੈਰੀ।

ਦੀਵਾ ਵਧਾ ਕੇ ਮਾਂ ਆਖਦੀ—
ਹੁਣ ਸੌਂ ਜਾ, ਸਵੇਰੇ ਜਾਗ ਪਵੀਂ ਧਾਰਾਂ ਵੇਲੇ।

ਤੇ ਜਦ ਘਰ 'ਚ ਲਾਲਟੈਣ ਆਈ
ਘਰ ਰੁਸ਼ਨਾ ਉੱਠਿਆ
ਬਾਪੂ ਜੀ ਆਖਦੇ—
ਹੁਣ ਤਾਂ ਕੀੜੀ ਤੁਰਦੀ ਵੀ ਦਿਸਦੀ ਹੈ
ਚਾਨਣ 'ਚ ਕਿਤਾਬਾਂ ਆਖਦੀਆਂ—
ਆ ਜਾ ਮੇਰੇ ਨਾਲ ਗੱਲਾਂ ਕਰ
ਵਰਕਾ ਵਰਕਾ ਹਰਫ਼ ਹਰਫ਼
ਪੌੜੀ ਦਰ ਪੌੜੀ
ਮਿੱਟੀ ਦਾ ਤੇਲ ਬਲਦਾ ਤਾਂ ਕਾਲਾ ਧੂੰਆਂ
ਨਾਸੀਂ ਵੜਦਾ ਕੌੜ ਕੁਸੈਲਾ ਜਿਹਾ।

ਚਿਮਨੀ ਅੰਦਰ ਕਾਲਖ ਜੰਮਦੀ
ਤਾਂ ਬੀਬੀ ਜੀ
ਚੁੰਨੀ ਦੇ ਪਾਟੇ ਪੱਲੇ ਨਾਲ ਪੂੰਝਦੇ

ਧੁੰਦਲੇ ਅੱਖਰ ਜਗਮਗ ਕਰਦੇ
ਨੂਰ-ਸਰੋਵਰ 'ਚ ਸੁਪਨੇ ਤਰਦੇ
ਕੱਚੇ ਵਿਹੜੇ 'ਚ ਰੀਝਾਂ ਉੱਗਦੀਆਂ
ਹਿੰਮਤ ਦਾ ਪਾਣੀ ਮਾਪੇ ਪਾਉਂਦੇ
ਵੱਡੇ ਭੈਣ-ਭਰਾ ਕੜ੍ਹੇ ਹੋਏ ਦੁੱਧ ਨੂੰ ਵਿਸ਼ਵਾਸ ਦੀ ਜਾਗ ਲਾਉਂਦੇ
ਲਾਲਟੈਣ ਨੇ ਮੇਰਾ ਸੰਸਾਰ ਬਦਲਿਆ
ਇਸ ਦੀ ਲੋਏ ਲੋਏ ਜਾਗਦਿਆਂ
ਮੈਨੂੰ ਸੁੰਦਰ ਸੁਪਨੇ ਆਉਂਦੇ, ਸੁੱਤਿਆਂ ਨੂੰ ਫੇਰ ਜਗਾਉਂਦੇ
ਚਾਨਣ ਯਾਰ ਬਣ ਗਿਆ
ਲਾਲਟੈਣ ਦੇ ਆਉਣ ਨਾਲ।

ਬਿਜਲੀ ਆਈ ਤਾਂ ਬਾਪੂ ਜੀ ਨੇ
ਦੂਰ ਖਲੋ ਕੇ ਡਾਂਗ ਨਾਲ ਜਗਾਈ
ਕਿਸੇ ਕਿਹਾ ਸੀ—
ਬਾਪੂ ਹਰਨਾਮ ਸਿੰਹਾਂ ਨੇੜੇ ਨਾ ਜਾਈਂ
ਫੜ ਲੈਂਦੀ ਹੈ ਇਹ ਡੈਣ
ਉਦੋਂ ਪਤਾ ਹੀ ਨਹੀਂ ਸੀ ਕਿ
ਹਨ੍ਹੇਰਾ ਕਿੰਨਾ ਸ਼ਾਤਰ ਹੈ
ਬੰਦੇ ਦੇ ਰੂਪ ਵਿਚ ਆਉਂਦਾ ਹੈ
ਭੋਲੇ ਲੋਕ ਡਰਾਉਂਦਾ ਹੈ
ਚਾਨਣ ਨੂੰ ਨਹੀਂ ਜਰਦਾ
ਭਰਮ ਜਾਲ ਫੈਲਾਉਂਦਾ ਹੈ

ਬਿਜਲੀ ਦੇ ਲਾਟੂ 'ਚੋਂ ਕਿੰਨਾ ਕੁਝ ਨਿਕਲਿਆ
ਸਤਰ ਦਰ ਸਤਰ ਚਾਨਣ ਲੜੀਆਂ
ਇਨ੍ਹਾਂ ਨੇ ਹੀ ਸਾਡੀਆਂ ਉਂਗਲਾਂ ਫੜੀਆਂ
ਮੱਥੇ 'ਚ ਗੂੜ੍ਹੀਆਂ ਲਕੀਰਾਂ ਜੜੀਆਂ

ਹੁਣ ਹਰ ਕਮਰੇ ਵਿਚ ਦੋ-ਦੋ ਤਿੰਨ-ਤਿੰਨ
ਟਿਊਬਾਂ ਜਗਦੀਆਂ, ਬਲਬ ਰੁਸ਼ਨਾਉਂਦੇ
ਪਰ ਖ਼੍ਵਾਬ ਨਹੀਂ ਆਉਂਦੇ
ਕੰਕਰੀਟ ਕਿੰਨਾ ਬੇਰਹਿਮ ਜੰਗਲ ਹੈ
ਕਮਰਿਆਂ 'ਚ ਤਾੜ ਦਿੱਤਾ ਹੈ
ਤਾਰਿਆਂ ਨਾਲ ਨਹੀਂ ਮਿਲਣ ਦਿੰਦਾ
ਲਾਲਟੈਣ ਰਾਹੀਂ ਕਿੰਨਾ ਕੁਝ
ਮਿਲਿਆ ਮਿਲਾਇਆ ਖੋਹ ਲੈਂਦਾ ਟੱਬਰ ਟੀਰ
ਸਾਂਝੇ ਆਦਰਸ਼ ਤੇ ਸੁਪਨੇ
ਛੱਤਾਂ ਨਾਲ ਜੁੜੀਆਂ ਛੱਤਾਂ
ਬਾਤਾਂ ਹੁੰਗਾਰੇ, ਟਿਮਟਿਮਾਉਂਦੇ ਤਾਰੇ

ਬੜਾ ਜ਼ਾਲਮ ਹੈ ਸੁੱਖਾਂ ਲੱਧਾ ਸੰਸਾਰ
ਕੱਚੇ ਵਿਹੜੇ, ਦੀਵੇ ਲਾਲਟੈਣਾਂ
ਤੇ ਹੋਰ ਬੜਾ ਕੁਝ ਭੁਲਾ ਦਿੰਦਾ ਹੈ

ਸੁਪਨੇ ਜੜ੍ਹੋਂ ਸੁਕਾ ਦਿੰਦਾ ਹੈ
ਧਰਤ ਆਕਾਸ਼ ਭੁਲਾ ਦੇਂਦਾ ਹੈ
ਖ਼ਾਲਮ–ਖ਼ਾਲੀ ਕਰ ਦਿੰਦਾ ਹੈ
ਸਭ ਕੁਝ ਹੁੰਦਿਆਂ ਸੁੰਦਿਆਂ

## *ਜੰਗਬਾਜ਼ਾਂ ਦੇ ਖ਼ਿਲਾਫ਼*

(ਨਾਗਾਸਾਕੀ ਹੀਰੋਸ਼ੀਮਾ ਦੇ ਪਰਮਾਣੂ ਹਮਲੇ ’ਚ
ਸ਼ਹੀਦ ਹੋਏ ਬੇਨਾਮ ਜਾਪਾਨੀਆਂ ਦੇ ਨਾਮ)

ਇਹ ਕੋਈ ਜੰਗ ਨਹੀਂ ਸੀ
ਸੁੱਤਿਆਂ ਸ਼ਹਿਰਾਂ ’ਚ
ਜਾਗਦੇ ਸੁਪਨਿਆਂ ਦੇ ਖ਼ਿਲਾਫ਼ ਸਦੀਵੀ ਵੈਰ ਦਾ ਸਿਖ਼ਰ ਸੀ
ਨਸਲਕੁਸ਼ੀ ਦੀ ਗਿਣੀ ਮਿਥੀ ਸਾਜ਼ਿਸ਼ ਸੀ
ਨਾਗਾਸਾਕੀ ਨਾ ਹੀਰੋਸ਼ੀਮਾ ਮਿਟਿਆ
ਲਾਸ਼ਾਂ ਤੇ ਮਲਬਾ ਲਟ ਲਟ ਬਲਿਆ
ਮੁੜ ਜਗਿਆ ਜਾਪਾਨ
ਦੈਂਤ ਦੀ ਹਿੱਕ ’ਤੇ ਬੈਠ ਗਿਆ ਤੇ ਗਰਜ਼ਿਆ
ਹੁਣ ਬੋਲ—ਅਸੀਂ ਜਿਊਂਦੇ ਅਸੀਂ ਜਾਗਦੇ
ਸਾਡੇ ਬਿਨ ਇਕ ਵੀ ਕਦਮ ਤੁਰ ਕੇ ਵਿਖਾ
ਤੇਰੀ ਨਬਜ਼ ਹੁਣ ਸਾਡੇ ਹੱਥ ਹੈ—ਵੱਡਿਆ ਹੰਕਾਰੀਆ !

ਤੇਰੇ ਕੋਲ ਸਰਮਾਇਆ ਹੈ—ਸਾਡੇ ਕੋਲ ਸਿਰ ਹਨ
ਨਿਰੰਤਰ ਜਾਗਦੇ, ਸੋਚਦੇ, ਤੁਰਦੇ ਸੁਪਨੇ ਹਨ
ਤੇਰੇ ਕੋਲ ਸਿਰਫ਼
ਮੌਤ ਦਾ ਬੇਇੰਤਹਾ ਸਾਮਾਨ ਹੈ
ਹੋਰ ਦੱਸ ?
ਤੇਰੇ ਪੱਲੇ ਕੀ ਹੈ ਹੈਂਕੜਬਾਜ਼ਾ !
ਮੌਤ ਦੀਆਂ ਪੁੜੀਆਂ ਵੇਚਦਾ ਹੈ
ਗਲੀ–ਗਲੀ, ਮੁਹੱਲੇ–ਮੁਹੱਲੇ ਸਹਿਮ
ਬੱਚੇ ਲੁਕ ਜਾਂਦੇ ਹਨ ਤੇਰਾ ਕਰੂਪ ਚਿਹਰਾ ਵੇਖਦਿਆਂ
ਆਦਮ ਖਾਣਿਆ ! ਤੈਨੂੰ ਕੋਈ ਨਹੀਂ ਉਡੀਕਦਾ

ਦੋ ਵਾਰ ਬੁਰਕ ਮਾਰਿਆ ਹੈ ਤੂੰ
ਦੁੱਧ ਚੁੰਘਦੇ ਬਾਲਾਂ
ਮਾਸੂਮ ਬਾਲੜੀਆਂ ਮੁਸਕਾਨਾਂ ’ਤੇ

ਆਤਿਸ਼ਬਾਜ਼ਾ ! ਤੂੰ
ਮਾਸੂਮ ਘੁੱਗੀਆਂ ਦੇ ਆਲ੍ਹਣਿਆਂ ਨੂੰ
ਆਂਡਿਆਂ, ਬੱਚਿਆਂ, ਉਡਾਰੀਆਂ ਸਣੇ
ਅਗਨ ਭੇਟ ਕੀਤਾ ਹੈ
ਸੱਜਰੀਆਂ ਫੁੱਟੀਆਂ ਕਰੂੰਬਲਾਂ, ਤੂਈਆਂ
ਦਾ ਮਲੀਆਮੇਟ ਕੀਤਾ ਹੈ ?

ਭਾਂਤ-ਸੁਭਾਂਤੇ ਹਥਿਆਰ
ਰਕਤ ਨਦੀਆਂ ਤੈਰਦੇ ਫਿਰਦੇ
ਲਾਹਨਤ ਹੈ ਜ਼ਾਲਮ ਮਛੇਰਿਆ

ਜਾਲ ਵਿਚ ਮੁਲਕਾਂ ਦੇ ਮੁਲਕ ਫਾਹੁੰਦਾ
ਆਪਣੀ ਅਗਨਾਰ ਬੋਲੀ ਪੜ੍ਹਾਉਂਦਾ ਸਿਖਾਉਂਦਾ
ਪੁੱਠੇ ਰਾਹ ਪਾਉਂਦੇ

ਪਰਮਾਣੂ ਦੀ ਛਾਵੇਂ ਜੰਤ ਪਰਿੰਦੇ ਨਹੀਂ ਬੈਠਦੇ
ਮੌਤ ਹੀ ਤਾਂਡਵ ਨਾਚ ਨੱਚਦੀ ਹੈ
ਦੌਲਤਾਂ ਦੇ ਹੰਕਾਰੇ ਅੰਬਾਰ
ਕਿਸੇ ਲਈ ਅੰਨ ਦੀ ਗਰਾਹੀ ਨਹੀਂ
ਭੈ ਦਾ ਮੁਕਾਮ ਬਣਦੇ ਨੇ।
ਉੱਡ ਜਾਂਦੀਆਂ ਨੇ ਸਿਰਾਂ ਤੋਂ ਛਾਵਾਂ
ਧੀਆਂ ਬਿਨ ਨਿਪੁੱਤੀਆਂ ਮਾਵਾਂ
ਗਾਉਂਦੀਆਂ ਨੇ ਦਰਦ ਰਾਗ
ਖੰਭ ਖਿੱਲਰੇ ਨੇ ਕਾਵਾਂ ਦੇ
ਜੰਗਬਾਜ਼ਾ ਬਸ ਕਰ ਤੂੰ
ਪੁੱਤ ਮੁੱਕ ਚੱਲੇ ਮਾਵਾਂ ਦੇ

ਪਹਿਲਾਂ ਤੂੰ ਫ਼ੌਜਾਂ ਚਾੜ੍ਹਦਾ ਸੈਂ
ਤਾਂ ਸਰਹੱਦਾਂ ਕੰਬਦੀਆਂ ਸਨ
ਹੁਣ ਪੂਰਾ ਗਲੋਬ ਕੰਬਦਾ ਹੈ
ਪਰਮਾਣੂ ਅੰਨ੍ਹਾ ਮਸਤਿਆ ਹਾਥੀ ਹੈ
ਬੇਲਗਾਮ ਘੋੜਾ ਸੁਪਨੇ ਲਿਤਾੜਦਾ
ਪੌਣਾਂ ਵਿਚ ਭਰ ਦਿੰਦਾ ਹੈ
ਮੌਤ ਦਾ ਜ਼ਹਿਰੀ ਸਮਾਨ
ਸੁਸਰੀ ਵਾਂਗ ਸੌਂ ਜਾਂਦੀ ਹੈ ਕਾਇਨਾਤ
ਤੈਨੂੰ ਚਿਤਵਦਿਆਂ

ਤੂੰ ਹੀ ਖਿਲਾਰੇ ਸਨ
ਸਵੇਰਸਾਰ
ਸਕੂਲੀ ਬੱਚਿਆਂ ਦੇ ਬਸਤੇ
ਕਾਮਿਆਂ ਦੇ
ਦੁਪਹਿਰ ਰੋਟੀ ਵਾਲੇ ਡੱਬੇ
ਚੌਂਕੇ 'ਚ ਗੁੰਨੇ ਆਟੇ 'ਚ ਜ਼ਹਿਰ ਪਾਇਆ
ਉਡਾਏ ਭੜੋਲੀਆਂ ਸਣੇ
ਹਵਾ 'ਚ ਉਡਾਈ ਸੀ ਪਰਖਚੇ ਕਰਕੇ

ਸੂਰਜ ਨੇ ਸੁਣਿਆ
ਤੇਰਾ ਰਾਵਣੀ ਹਾਸਾ
ਵੇਖਿਆ ਤੇਰਾ ਜਬਰ
ਧਰਤੀ ਦਾ ਸਬਰ

ਮੱਥੇ 'ਤੇ ਕਾਲਖ ਦਾ ਟਿੱਕਾ
ਸਦੀਆਂ ਤੀਕ ਨਹੀਂ ਪੈਣਾ ਫਿੱਕਾ
ਲਾਹਣਤੀਆ
ਮਾਰੂ ਰਾਗ ਸੀ ਆਉਂਦੀਆਂ
ਅੰਬਰੀਂ ਇੱਲਾਂ ਭੌਂਦੀਆਂ
ਉਡਣ ਖਟੋਲਾ ਬਣ ਕੇ
ਜਾਪਾਨ ਨੂੰ ਛੱਡ
ਪੂਰਾ ਵਿਸ਼ਵ ਨਹੀਂ ਭੁੱਲਿਆ ਅੱਜ ਤੀਕ
ਮੌਤ ਦਾ ਕੁਲਹਿਣਾ ਆਂਡਾ ਫੁੱਟਿਆ
ਵਿਛ ਗਈ ਫੂਹੜੀ ਪੂਰੀ ਧਰਤੀ 'ਤੇ
ਅੰਬਰ ਕਾਲਾ ਕਾਲਾ
ਦਰਦਮੰਦਾਂ ਦੀਆਂ ਆਹਾਂ ਨਾਲ
ਪਿਘਲ ਗਏ ਸਮੂਲਚੇ ਸ਼ਹਿਰ
ਖਿੰਘਰ ਵੱਟੇ ਹੋ ਗਏ
ਪਰ ਮੁੜ ਜਾਗੇ
ਜਗੇ ਤੇ ਰੌਸ਼ਨ ਮੀਨਾਰ ਬਣੇ
ਤੇਰੇ ਸਾਹਮਣੇ ਕਾਲੇ ਮੂੰਹ ਵਾਲਿਆ

ਤੈਨੂੰ ਭਰਮ ਸੀ
ਲਾਸ਼ਾਂ ਦੇ ਅੰਬਾਰ ਤੱਕ ਡੋਲ ਜਾਣਗੇ
ਪਹਾੜ ਜਿੱਡੇ ਜੇਰੇ
ਤੂੰ ਫੇਰ ਭਬਕਿਆ, ਬਰਸਿਆ ਤੇਜ਼ਾਬ
ਮੌਤ ਫਿਰ ਘਰ ਘਰ ਘੁੰਮੀ
ਜਿਉਂਦੇ ਜੀਅ ਲੱਭਦੀ ਹਾਰ ਗਈ ਮੌਤ
ਬੁਲੰਦ ਹੌਸਲੇ ਦੇ ਦਵਾਰ
ਲੋਹਾ ਪਿਘਲ ਕੇ ਫੌਲਾਦ ਬਣਿਆ
ਲੋਹੇ ਦੇ ਮਰਦ ਸਿਰਜਣਹਾਰਾ
ਪਿਘਲੀਆਂ ਜਾਨਾਂ
ਇਤਿਹਾਸ ਦੀ ਕਿਤਾਬ ਬਣੀਆਂ

ਮੂੰਹ ਮੂੰਹ ਨਾ ਰਹੇ
ਨੱਕ ਉੱਘੜ ਦੁਘੜੇ ਆਕਾਰ
ਖ਼ੂਨ ਨਸਾਂ 'ਚ ਤੇਜ਼ ਦੌੜਿਆ
ਪਹਿਲਾਂ ਤੋਂ ਬਹੁਤ ਤੇਜ਼ ਅੱਖਾਂ ਚਮਕੀਆਂ
ਮੱਥੇ 'ਤੇ ਤੀਜਾ ਨੇਤਰ ਪਰਚੰਡ ਹੋਇਆ

ਪਰਮਾਣੂ ਜੰਗ ਦੇ ਪਹਿਲੇ ਵਰਕੇ ਨੇ
ਸਬਕ ਦਿੱਤਾ ਪੂਰੇ ਬ੍ਰਹਿਮੰਡ ਨੂੰ
ਪਿਕਾਸੋ ਦੇ ਚਿਤਰ ਵਾਲੀ ਘੁੱਗੀ ਦੇ
ਮੂੰਹ ਵਿਚ ਫੜੀ ਜੈਤੂਨ ਦੀ ਪੱਤੀ ਨਾ ਮੁਰਝਾਵੇ ਕਦੇ
ਉਹ ਜ਼ਾਲਮ ਮੌਤ ਦਾ ਉਡਣ ਖਟੋਲਾ
ਪਰਤ ਨਾ ਆਵੇ ਕਦੇ



ਗੁਰਭਜਨ ਗਿੱਲ
ਸੰਪਰਕ : 9872631199

## ਗ਼ਜ਼ਲਾਂ : ਪ੍ਰੇਮ ਸਾਹਿਲ

—1—

ਬਿਨਾ ਇਕ ਕੰਸ ਨਈਂ ਸੀ ਸ਼ਾਮ ਹੋਣਾ
ਨ ਰਾਵਣ ਦੇ ਬਿਨਾ ਸੀ...ਰਾਮ ਹੋਣਾ

ਉਹ ਕੋਈ ਗ਼ੈਰ ਨਈਂ ਸਨ ਕਿ ਜਿਨ੍ਹਾਂ ਨੂੰ
ਸੀ ਰਾਸ ਆਇਆ ਮੇਰਾ ਨਾਕਾਮ ਹੋਣਾ

ਨ ਵਸ ਵਿਚ ਖ਼ਾਸ ਹੋਣਾ ਹੈ ਕਿਸੇ ਦੇ
ਨ ਚਾਹੁੰਦਾ ਹੈ ਕੋਈ ਵੀ...ਆਮ ਹੋਣਾ

ਕਿਸੇ ਸਿਰ 'ਤੇ ਮੁਕੁਟ ਸੋਭਾ ਨਾ ਦੇਵੇ
ਕਿਸੇ ਨੂੰ ਸੋਭਦਾ...ਬਦਨਾਮ ਹੋਣਾ

ਰਿਹਾ ਖਟਕਾ ਕੁਵੇਲੇ ਜੋ ਹੈ ਦਰ ਨੂੰ
ਕੋਈ ਈਨਾਮ ਨਈਂ, ਇਲਜ਼ਾਮ ਹੋਣਾ

ਅਦਾਲਤ ਵਿਚ ਸਹੁੰ ਚੁੱਕਣ ਲਈ ਵੀ
ਮੇਰੇ ਹੱਥ ਵਿਚ...ਸਾਹਿਲ ਜਾਮ ਹੋਣਾ

—2—

ਜਨਤਾ, ਨਿਰਧਨ ਪਿਓ ਦੀ ਧੀ, ਤਾਂ ਕੁਝ ਵੀ ਨਈਂ
ਆਖਿਰ ਉਦੇ ਵਸ ਵਿਚ ਵੀ ਤਾਂ...ਕੁਝ ਵੀ ਨਈਂ

ਹੋਵੇਗੀ ਜਿਹੜੇ ਲੋਕਾਂ ਲਈ ਹੋਵੇਗੀ
ਕੁਝ ਲੋਕਾਂ ਦੇ ਲਈ...ਸਰਦੀ ਤਾਂ ਕੁਝ ਵੀ ਨਈਂ

ਸੀ ਸੀ ਵੀ ਤਕੜੀ ਧਿਰ ਦੀ ਖਿੱਚ ਪਾਉਂਦੀ ਏ
ਉਸ ਅੱਗੇ...ਮਾੜੇ ਦੀ ਸੀ ਤਾਂ ਕੁਝ ਵੀ ਨਈਂ

ਜੋ ਵੀ ਹੈ ਬਸ ਉਹ ਹੀ ਹੈ, ਭੁੱਲ ਕੇ ਵੀ ਨਾ
ਇਹ ਕਹਿ ਦੇਣਾ...ਕਿ ਵਰਦੀ ਤਾਂ ਕੁਝ ਵੀ ਨਈਂ

ਜੇ ਤੇਰੇ ਅੱਗੇ ਮੈਂ ਕੁਝ ਵੀ ਨਈਂ ਸਾਹਿਲ
ਮੇਰੇ ਅੱਗੇ ਫਿਰ...ਤੂੰ ਵੀ ਤਾਂ ਕੁਝ ਵੀ ਨਈਂ

—3—

ਰਹਾਂ ਚੁੱਪ ਜੇ...ਦਰਦ ਚਿਹਰੇ 'ਤੇ ਛਾ ਜਾਵੇ
ਹੈ ਘਰ ਵਿਚ ਕੀ ਨਜ਼ਰ ਦਰ ਤੋਂ ਹੀ ਆ ਜਾਵੇ

ਯਕੀਂ ਆਉਂਦਾ ਨਹੀਂ ਮਤਲਬ ਪਰਸਤਾਂ ਨੂੰ
ਜੇ ਬੇਮਤਲਬ...ਕੋਈ ਰਿਸ਼ਤਾ ਨਿਭਾ ਜਾਵੇ

ਇਹ ਧਰਕੇ ਹੱਥ 'ਤੇ ਹੱਥ ਬਹਿ ਨਹੀਂ ਹੋਣਾ
ਕਿਸੇ ਨੂੰ ਕੀ ਪਤਾ...ਕਦ ਇਹ ਵਬਾ ਜਾਵੇ

ਕਦੇ ਆਵ ਨਹੀਂ ਰੱਬ ਦੀ ਮੇਰੇ ਤਾਈਂ
ਤੇ ਨਾ ਉਸ ਤੀਕ...ਮੇਰੀ ਹੀ ਸਦਾ ਜਾਵੇ

ਨਹੀਂ ਬਿਗੜੇਗਾ ਇਸ ਦੁਨੀਆ ਦਾ ਕੁਝ ਸਾਹਿਲ
ਚਲਾ ਦੁਨੀਆ 'ਚੋਂ...ਜੇ ਬਾਹਰ ਖ਼ੁਦਾ ਜਾਵੇ

—4—

ਵੈਰੀ ਤੋਂ ਨਈਂ ਦਿਲ-ਜਾਨੀ ਤੋਂ ਡਰ ਲਗਦਾ ਹੈ
ਆਫ਼ਤ, ਕੇਵਲ ਅਸਮਾਨੀ ਤੋਂ ਡਰ ਲਗਦਾ ਹੈ

ਘੁਟ ਨਾ ਦੇਵੇ ਗਲ, ਅਜਕਲ ਹੈ ਕੀ ਭਰਵਾਸਾ
ਗਲ ਦੇ ਵਿਚ ਪਾਈ ਗਾਨੀ ਤੋਂ ਡਰ ਲਗਦਾ ਹੈ

ਖ਼ੁਸ਼ ਹੁੰਦੇ ਹਾਂ, ਕੁਰਬਾਨੀ ਦਿੰਦੇ ਜਦ ਦੂਜੇ
ਬਸ ਅਪਣੇ ਦੀ ਕੁਰਬਾਨੀ ਤੋਂ ਡਰ ਲਗਦਾ ਹੈ

ਮੁਸ਼ਕਲ ਨੂੰ ਤਕੜਾ ਹੋ ਕੇ ਟੱਕਰਦਾ ਬੰਦਾ
ਲੈ ਨਾ ਬੈਠੇ...ਆਸਾਨੀ ਤੋਂ ਡਰ ਲਗਦਾ ਹੈ

ਮਨ-ਮਰਜ਼ੀ ਦੇ ਪਹਿਨਣ-ਖਾਵਣ 'ਤੇ ਖ਼ੁਸ਼ ਹੋਈਏ
ਪਰ ਬੱਚੇ ਦੀ ਮਨਮਾਨੀ ਤੋਂ ਡਰ ਲਗਦਾ ਹੈ

—5—


ਗਲੀ ਉਸਦੀ 'ਚ ਨਾ ਕੇਵਲ ਮੈਂ ਧਰ ਹੁਣ ਪੱਬ ਚੁੱਕਾ ਹਾਂ
ਹਿਕਾਰਤ 'ਚ ਵੀ ਕੌੜਾ ਅੱਕ ਮੈਂ ਤਾਂ...ਚੱਬ ਚੁੱਕਾ ਹਾਂ

ਨਿਕਲ ਆਏ ਉਨ੍ਹਾਂ ਦੇ ਫੇਰ ਪੱਤੇ ਨੇ ਜ਼ਮੀਂ ਵਿਚੋਂ
ਹਿਕਾਰਤ ਦੇ ਜਿਨ੍ਹਾਂ ਜ਼ਖ਼ਮਾਂ ਨੂੰ ਡੂੰਘਾ...ਦੱਬ ਚੁੱਕਾ ਹਾਂ

ਨਹੀਂ ਵਿਸ਼ਵਾਸ 'ਚ ਸਕਿਆ ਮੈਂ ਲੈ ਦਿਲ ਨੂੰ ਅਜੇ ਤਾਈਂ
ਖਰੇ ਕਿੰਨੇ ਵਰਤ ਇਸ ਕੰਮ ਦੇ ਲਈ...ਢੱਬ ਚੁੱਕਾ ਹਾਂ

ਕਿਤੇ ਇਕ ਰੱਬ ਹੈ ਸੁਣਿਆ ਮਗਰ ਹੈ ਦੇਖਿਆ ਕਿਸ ਨੇ
ਇਸੇ ਦੁਨੀਆ 'ਚ ਅੱਖੀਂ ਵੇਖ...ਕਿੰਨੇ ਰੱਬ ਚੁੱਕਾ ਹਾਂ

ਨ ਜਾਣੇ ਧਰਤ 'ਤੇ ਰਹਿਣਾ ਕਿਉਂ ਆਇਆ ਨਹੀਂ ਸਾਹਿਲ
ਮੈਂ ਚੰਨਾਂ ਤਾਰਿਆਂ 'ਤੇ ਰੱਖ...ਜਦਕਿ ਪੱਬ ਚੁੱਕਾ ਹਾਂ



ਪ੍ਰੇਮ ਸਾਹਿਲ
ਸੰਪਰਕ : 09410313590

ਵ

## ਕਾਵਿ-ਰਚਨਾਵਾਂ : ਆਰਥਰ ਵਿਕਟਰ

### *ਗੀਤ*

ਮੈਂ ਪੰਜਾਬ ਹਾਂ! ਮੈਂ ਪੰਜਾਬ ਹਾਂ!
ਮੈਂ ਦੁਆ ਕਿਸੇ ਹਾਂ ਫ਼ਕੀਰ ਦੀ, ਰਹਿਮਤ ਅੱਲਾ ਬੇਨਜ਼ੀਰ ਦੀ
ਮੈਂ ਕਟਾ ਕੇ ਸੀਸ ਸਮੇਂ-ਸਮੇਂ, ਸੱਜਦਾ ਰਿਹਾ ਜੋ ਗੁਲਾਬ ਹਾਂ।

ਤ੍ਰਿਸ਼ੂਲ, ਖੰਡੇ, ਸਲੀਬ ਦੀ, ਸਾਂਝੀ ਮਿੱਸੀ ਤਹਿਜ਼ੀਬ ਦੀ
ਮੈਂ ਸਮੇਂ ਦੇ ਗਰਦ-ਓ-ਗੁਬਾਰ ਦੀ, ਸਦੀਆਂ ਪੁਰਾਣੀ ਕਿਤਾਬ ਹਾਂ।

ਮੇਰੇ ਬੋਲ ਵੇਦ ਗ੍ਰੰਥ ਨੇ, ਸਭ ਨੇ ਸਲਾਹੇ ਬੇਅੰਤ ਨੇ
ਨਾਜ਼ਲ ਜਿਹਦੀ ਸੁਰ ਤੇ ਹੋਈ, ਬਾਣੀ ਮੈਂ ਉਹੋ ਰਬਾਬ ਹਾਂ।

ਮੇਰੇ ਪੈਰਾਂ ਹੇਠ ਬੁਲੰਦੀਆਂ, ਫ਼ਿਤਰਤ 'ਚ ਅਮਨਪਸੰਦੀਆਂ,
ਮੈਂ ਸਮੇਂ ਦੇ ਅੱਥਰੇ ਘੋੜੇ ਦੀ, ਕਾਠੀ, ਲਗਾਮ, ਰਕਾਬ ਹਾਂ।

ਮੈਂ ਲਹੂ ਲੁਹਾਨ ਕਿਉਂ ਹੋ ਗਿਆ, ਮੈਨੂੰ ਵੇਖ ਕੇ ਹਰ ਕੋਈ ਰੋ ਪਿਆ
ਮੇਰਾ ਸਬਰ ਟੁੱਟਦਾ ਜਾ ਰਿਹਾ, ਪੱਛਿਆ ਗਿਆ ਬੇਹਿਸਾਬ ਹਾਂ।

### *ਗ਼ਜ਼ਲ*

ਇਹ ਮੇਰਾ ਸ਼ਹਿਰ ਹੈ ਅਪਣਾ, ਛੱਡਣ ਨੂੰ ਦਿਲ ਨਹੀਂ ਕਰਦਾ।
ਮਗਰ ਹਾਲਾਤ ਜੋ ਇਥੇ, ਵੱਸਣ ਨੂੰ ਦਿਲ ਨਹੀਂ ਕਰਦਾ।

ਕੋਈ ਸੁਣਦਾ ਨਹੀਂ ਇਥੇ, ਨਾ ਸਰਕਾਰੇ ਨਾ ਦਰਬਾਰੇ,
ਬੜਾ ਮਜਬੂਰ ਹਾਂ, ਦੁੱਖ ਵੀ ਦੱਸਣ ਨੂੰ ਦਿਲ ਨਹੀਂ ਕਰਦਾ।

ਜੋ ਰਸਮੀ ਤੌਰ 'ਤੇ ਆਪਸ 'ਚ ਗੁਲਦਸਤੇ ਵਟਾਉਂਦੇ ਹਨ,
ਉਨ੍ਹਾਂ ਦੇ ਨਾਲ ਕੋਈ ਨਾਤਾ, ਰੱਖਣ ਨੂੰ ਦਿਲ ਨਹੀਂ ਕਰਦਾ।

ਮੇਰੇ ਵਿਹੜੇ ਦੇ ਰੁੱਖ ਸਾਰੇ, ਬਜ਼ੁਰਗਾਂ ਦੀ ਨਿਸ਼ਾਨੀ ਹਨ,
ਇਹ ਛਾਂ ਦੇਣ ਜਾਂ ਨਾ ਦੇਵਣ, ਵੱਢਣ ਨੂੰ ਦਿਲ ਨਹੀਂ ਕਰਦਾ।

ਹਾਲਾਤ-ਇ-ਹਾਜਿਰਾ ਤੋਂ ਇਸ ਕਦਰ ਉਦਾਸ ਹਾਂ ਅੱਜ ਕੱਲ੍ਹ,
ਕਿ ਰੱਬ ਦਾ ਨਾਮ ਵੀ ਯਾਰੋ, ਜਪਣ ਨੂੰ ਦਿਲ ਨਹੀਂ ਕਰਦਾ।

ਮੈਂ ਨੇਤਾ ਤਾਂ ਨਹੀਂ ਕਿ ਆਪਣੇ ਪੈਂਤੜੇ ਬਦਲਾਂ,
ਮੈਂ ਸ਼ਾਇਰ ਹਾਂ, ਮੇਰਾ ਥੁੱਕ ਕੇ ਚੱਟਣ ਨੂੰ ਦਿਲ ਨਹੀਂ ਕਰਦਾ।

ਵਲੂੰਧਰਿਆ ਗਿਆ ਚਿਹਰਾ ਹੈ ਮੇਰੇ ਸ਼ਹਿਰ ਦਾ ਏਨਾ,
ਇਹਦੇ ਗਲੀਆਂ ਬਾਜ਼ਾਰਾਂ ਨੂੰ, ਤੱਕਣ ਨੂੰ ਦਿਲ ਨਹੀਂ ਕਰਦਾ।

ਮੇਰੇ ਵੱਡੇ-ਵੱਡੇ ਸਭ ਸਪੁਰਦ-ਇ-ਖ਼ਾਕ ਨੇ ਇਥੇ,
ਮਿੱਟੀ ਦੀਆਂ ਢੇਰੀਆਂ ਬੇਸ਼ੱਕ, ਛੱਡਣ ਨੂੰ ਦਿਲ ਨਹੀਂ ਕਰਦਾ।



ਸੰਪਰਕ :
+1 (703) 930-9980

## ਕਵਿਤਾਵਾਂ : ਦੀਪ ਇੰਦਰ

—1—

ਓਸ ਦੁਨੀਆਂ ਦੀ
ਕਦੇ ਪਰਵਾਹ ਨਹੀਂ ਕੀਤੀ

ਹੁਣ ਵੀ ਨਹੀਂ ਕਰਦਾ

ਫਰਕ ਸਿਰਫ਼ ਏਨਾ
ਕਿ ਹੁਣ ਮੈਂ ਵੀ ਦੁਨੀਆਂ ਹਾਂ

—2—

ਹੌਲੀ ਹੌਲੀ
ਦੇਖਣ ਸੁੰਘਣ
ਤੇ ਖਾਣ ਦੀਆਂ ਸ਼ਕਤੀਆਂ
ਜਾ ਰਹੀਆਂ ਜਿਸਮ ਤੋਂ

ਖੇਡ ਵਿਚ
ਜਿੱਤਣਾ ਤੇ ਹਾਰਨਾ
ਸਿਖਾਇਆ ਸੀ ਜਿਨ੍ਹਾਂ ਨੂੰ
ਉਨ੍ਹਾਂ ਦਾ ਯਕੀਨ
ਪੱਕਾ ਹੁੰਦਾ ਜਾ ਰਿਹੈ
ਮੇਰੇ ਪੰਜਿਆਂ ਦੀ ਨਿਰਬਲਤਾ ’ਤੇ

ਪਰ ਏਹ
ਕੋਈ ਨਹੀਂ ਜਾਣਦਾ
ਬੁੱਢੀਆਂ ਬਿੱਲੀਆਂ
ਕਿਵੇਂ ਜਿੰਦਾ ਰਹਿ ਲੈਂਦੀਆਂ
ਸਾਲੋਂ ਸਾਲ
ਜਦ ਕਿ
ਸ਼ਿਕਾਰ ਕਰਨਾ
ਉਨ੍ਹਾਂ ਦੇ ਬਸ ’ਚ ਨਹੀਂ ਰਹਿੰਦਾ

—3—

ਕੱਚੇ ਦੁੱਧ ਤੋਂ ਬਾਅਦ
ਡਿਟੋਲ ਨਾਲ ਧੋਇਆ ਗਿਆ
ਫਰਸ਼ ਦੋ ਵਾਰ

ਪਈ ਸੀ
ਕੁਝ ਦੇਰ ਪਹਿਲਾਂ ਤੱਕ

ਜਿਸ ਜਗ੍ਹਾ
ਪਿਤਾ ਦੀ ਦੇਹੀ

ਪਿਤਾ ਵਰਤਮਾਨ ਤੋਂ
ਭੂਤ ਹੋ ਗਏ

ਮੰਤਰਾਂ ਨਾਲ
ਬੰਨ੍ਹਿਆ ਜਾ ਰਿਹਾ
ਘਰ ਦਾ ਕੋਨਾ ਕੋਨਾ

**—4—**

ਪਿਤਾ
ਪਰੇਮ ਵਿਚ ਨੇ
ਮੈਂ ਬਦਲਦੇ ਦੇਖ ਰਹੀ ਧਰਤੀ
ਧਰਤੀ
ਜਿਸ 'ਤੇ ਹੈ ਮੇਰਾ   ਇਕ ਨਿੱਕਾ ਜਿਹਾ ਘਰ
ਘਰ ਦੇ ਮੂਹਰੇ ਬਗੀਚੀ
ਮਾਂ ਚਾਹ ਦਾ ਪਾਣੀ ਉਬਾਲ ਰਹੀ
ਪਿਤਾ ਤੋੜ ਕੇ ਲਿਆਏ ਤੁਲਸੀ
ਮਾਂ ਅੱਜ ਕੱਲ੍ਹ ਹਲਕਾ ਹਲਕਾ ਖੰਘ ਰਹੀ

ਦੋਹਾਂ ਨੇ ਆਲਾ-ਦੁਆਲਾ ਦੇਖ
ਇਕ ਦੂਜੇ ਨੂੰ ਚੁੰਮਿਆ
ਘਰ ਖਿੜ ਪਿਆ

ਮਾਂ ਨੇ ਕਦੇ ਨਹੀਂ ਪੁੱਛਿਆ
ਓਸ ਔਰਤ ਬਾਰੇ
ਸ਼ਾਇਦ ਪਿਤਾ ਵੀ ਨਹੀਂ ਜਾਣਦੇ
ਓਹ ਔਰਤ ਕੌਣ ਹੈ...

—5—

ਮਾਂਵਾਂ ਸਭ ਜਾਣਦੀਆਂ
ਹਥ-ਰਸੀ ਤੋਂ ਲੈ ਕੇ
ਪਹਿਲੇ ਕੀਤੇ ਨਸ਼ੇ ਤੱਕ

ਪੜ੍ਹ ਲੈਂਦੀਆਂ
ਅੱਖਾਂ ਵਿਚਲੇ ਪਰੇਮ ਤੋਂ ਲੈ
ਹਵਸ ਤੱਕ

ਮਾਵਾਂ ਤੋਂ ਕੀ ਛੁਪ ਸਕਦੈ

ਚੁੱਪਚਾਪ
ਧੋ ਦੇਂਦੀਆਂ ਦਾਗ
ਲਹੂ ਤੋਂ ਲੈ ਵੀਰਜ ਤੱਕ

## ਗ਼ਜ਼ਲਾਂ : ਸ਼ਸ਼ੀਕਾਂਤ ਉੱਪਲ

—1—

ਨ੍ਹੇਰੇ ਦੀ ਹਿੱਕ ਉੱਤੇ ਚਾਨਣ ਦੀ ਲੀਕ ਪਾ ਕੇ।
ਕਿੱਧਰ ਨੂੰ ਤੁਰ ਗਿਆ ਉਹ ਰਸਤਾ ਨਵਾਂ ਵਿਖਾ ਕੇ।

ਮੰਜ਼ੂਰ ਇਹ ਨਹੀਂ ਹੈ ਚਾਹੁੰਦੇ ਨੇ ਜੋ ਉਹ ਮੈਥੋਂ,
ਕੀ ਜਿਸਮ ਦਾ ਬਚਾਉਣਾ ਇਕ ਸੋਚ ਨੂੰ ਗੁਆ ਕੇ।

ਆਪਸ ਦੀ ਸਾਂਝ ਮੁੱਕੀ, ਰਿਸ਼ਤੇ ਦੀ ਤੰਦ ਟੁੱਟੀ,
ਕੀ ਮਿਲਿਆ ਬੈਠ ਸੋਚੋ ਇਕ ਕੰਧ ਨੂੰ ਉਠਾ ਕੇ।

ਜੰਗਲ ਨੂੰ ਅੱਗ ਲਾ ਕੇ ਜੋ ਤੁਰ ਗਿਆ ਹੈ ਕਿਧਰੇ,
ਉਸ ਨੂੰ ਜ਼ਰਾ ਇਹ ਆਖੋ ਹੁਣ ਵੇਖੇ ਨੇੜੇ ਆ ਕੇ।

ਜੋ ਮੰਚ ’ਤੇ ਨੇ ਦਿਸਦੇ ਪਾਤਰ ਨੇ ਸਾਰੇ ਝੂਠੇ,
ਤੁਰ ਜਾਣਗੇ ਇਹ ਕਿਧਰੇ ਸਾਨੂੰ ਭੁਲੇਖੇ ਪਾ ਕੇ

—2—

ਤੁਹਾਡੇ ਸ਼ਹਿਰ ਦਾ ਹਰ ਸ਼ਖ਼ਸ ਸੂਲੀ ਟੰਗਿਆ ਦਿੱਸੇ।
ਲਹੂ ਦੇ ਵਿਚ ਪੂਰਾ ਸ਼ਹਿਰ ਮੈਨੂੰ ਡੁੱਬਿਆ ਦਿੱਸੇ।

ਸੁਲਘਦਾ ਸਹਿਕਦਾ ਉਹ ਆਪਣਿਆਂ ਹੀ ਟੁਕੜਿਆਂ ਅੰਦਰ,
ਫ਼ਲਕ ਨਾਲੋਂ ਕਿਸੇ ਤਾਰੇ ਦੇ ਵਾਂਗੂੰ ਟੁੱਟਿਆ ਦਿੱਸੇ।

ਜੋ ਰੌਸ਼ਨ ਹੈ ਮੇਰੇ ਅੰਬਰ ’ਤੇ ਅੱਜ ਦੀ ਰਾਤ ਉਹ ਮੈਨੂੰ,
ਕਿਸੇ ਖੰਜਰ ਦੇ ਵਾਂਗੂੰ ਦਿਲ ਦੇ ਅੰਦਰ ਖੁੱਭਿਆ ਦਿੱਸੇ।

ਬਹੁਤ ਹੀ ਦੂਰ ਰਹਿੰਦਾ ਹੈ ਜੋ ਰੰਗਾਂ ਦੀ ਨੁਮਾਇਸ਼ ਤੋਂ,
ਕਿਸੇ ਸੰਗੀਨ ਮੌਸਮ ਦਾ ਉਹ ਮੈਨੂੰ ਡੰਗਿਆ ਦਿੱਸੇ।

ਅਜ਼ਬ ਸ਼ਤਰੰਜ ਦੀ ਬਾਜ਼ੀ ਹੈ ਇਹ ਦੁਨੀਆ ਐ ਇਸ ਦਿਲ ਵਿਚ,
ਨਾ ਕੋਈ ਹਾਰਿਆ ਦਿੱਸੇ, ਨਾ ਕੋਈ ਜਿੱਤਿਆ ਦਿੱਸੇ।

—3—

ਅਜੇ ਕਾਗ਼ਜ਼ ’ਤੇ ਮੇਰੇ ਖ਼ਾਬ ਦਾ ਮੰਜ਼ਰ ਅਧੂਰਾ ਹੈ।
ਅਜੇ ਤਾਂ ਮੈਂ ਉਦੈ ਹੁੰਦਾ ਨਵਾਂ ਸੂਰਜ ਬਣਾਉਣਾ ਹੈ।

ਅਜੇ ਮੈਂ ਤੀਰ ਨੂੰ ਤਰਕਸ਼ ’ਚੋਂ ਬਾਹਰ ਕੱਢਿਆ ਹੀ ਸੀ,
ਮੇਰਾ ਦੁਸ਼ਮਣ ਉਦੋਂ ਤੋਂ ਹੀ ਮੇਰੇ ਤੋਂ ਖ਼ੌਫ਼ ਖਾਂਦਾ ਹੈ।

ਕੁਰਾਹੇ ਪੈ ਗਿਆ ਹਾਂ ਦੇਰ ਤੋਂ ਤੁਰਿਆ ਹੀ ਜਾਂਦਾ ਹਾਂ,
ਕੋਈ ਮੰਜ਼ਿਲ ਨਹੀਂ ਕਿਧਰੇ ਜੋ ਹੈ ਰਸਤਾ ਹੀ ਰਸਤਾ ਹੈ।



ਕਿ ਜਿਸਦਾ ਸੇਕ ਮੇਰੇ ਤਨ ਬਦਨ ਨੂੰ ਸਾੜਦਾ ਰਹਿੰਦੈ,
ਅਜਿਹਾ ਕੀ ਹੈ ਮੇਰੇ ਖ਼ੂਨ ਅੰਦਰ ਜੋ ਕਿ ਧੁਖਦਾ ਹੈ।

ਹਕੀਕਤ ਦੁਸ਼ਮਣੀ ਜਾਂ ਦੋਸਤੀ ਦੀ ਹੈ ‘ਸ਼ਸ਼ੀ’ ਏਹੋ,
ਕਿ ਸਾਰੀ ਉਮਰ ਬੰਦਾ ਆਪਣੇ ਹੀ ਨਾਲ ਲੜਦਾ ਹੈ। ਵ



*ਮੁਲਾਕਾਤ*

# ਬ੍ਰਿਗੇਡੀਅਰ ਹਰਚਰਨ ਸਿੰਘ ਨਾਲ ਗੱਲਬਾਤ

*ਮੁਲਾਕਾਤੀ : ਬਲਦੇਵ ਚੱਕ ਸਕੰਦਰ*

ਇਕ ਸਾਊ, ਮਿਹਨਤੀ, ਖੁਸ਼ਮਿਜ਼ਾਜ ਇਨਸਾਨ। ਇਕ ਇਮਾਨਦਾਰ ਖਿਡਾਰੀ! ਹਾਕੀ ਦੀ ਪੁਰਾਣੀ ਸ਼ਾਖ ਦਾ ਪੁੱਜ ਕੇ ਪ੍ਰਸੰਸਕ। ਉਹ ਗੁਜ਼ਰੇ ਸਮਿਆਂ ਨੂੰ ਯਾਦ ਕਰਦਾ, ਖੇਡਾਂ ਤੇ ਖਿਡਾਰੀਆਂ ਦੀ ਰੌਣਕ ਦੁਬਾਰਾ ਪਿੰਡਾਂ ਤੇ ਕਸਬਿਆਂ 'ਚ ਲਿਆਉਣ ਦਾ ਚਾਹਵਾਨ ਹੈ। ਨਿੱਤ ਨਵੀਆਂ ਤਕਨੀਕਾਂ, ਰਾਹਾਂ ਤੇ ਸਕੀਮਾਂ ਦੀ ਤਲਾਸ਼ 'ਚ ਸਰਗਰਮ, ਅੱਜ ਦੀ ਜਵਾਨੀ ਨੂੰ ਵੰਗਾਰਦਾ, ਨਸ਼ਿਆਂ ਤੋਂ ਵਰਜਦਾ, ਉਹ ਉਹਨਾਂ ਵਿੱਚ ਆਪਣੇ ਦੇਸ਼ ਲਈ ਕੁਝ ਕਰ ਦਿਖਾਉਣ ਦਾ ਜਜ਼ਬਾ ਮੁੜ ਪੈਦਾ ਕਰਨ ਲਈ ਯਤਨਸ਼ੀਲ ਹੈ। ਉਘੇ ਪੁਰਾਣੇ ਖਿਡਾਰੀਆਂ ਦਾ ਹਿਮਾਇਤੀ, ਸਿਹਤਮੰਦ ਜ਼ਿੰਦਗੀ ਦਾ ਸਰਪ੍ਰਸਤ, ਜਿੱਤਾਂ ਤੇ ਰੱਬ ਦਾ ਸ਼ੁਕਰ ਕਰਦਾ, ਹਾਰਾਂ ਵੇਲੇ ਵੱਡਾ ਦਿਲ ਰੱਖਦਾ, ਸੰਭਲਦਾ ਤੇ ਸਭ ਕੁੱਝ ਖਿੜੇ ਮੱਥੇ ਸਵਕਾਰਦਾ, ਉਹ ਹਾਕੀ ਦੀ ਸੁਖਿਮ ਕਲਾ ਕੌਸ਼ਿਲਤਾ ਦਾ ਮਾਹਰ ਹੈ। ਹਰਚਰਨ, ਪੰਜਾਬ, ਪੰਜਾਬੀਆਂ ਤੇ ਹਿੰਦੁਸਤਾਨ ਦਾ ਮਾਣ ਹੈ। ਉਹ ਸਾਡੀ ਨਵੀਂ ਪੌਦ ਤੇ ਜਵਾਨੀ ਲਈ ਵੱਡੀ ਮਿਸਾਲ ਹੈ।

ਉਹਨਾਂ ਦੀਆਂ ਖੇਡ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ ਇਕ ਲੰਮੀ ਫੈਰਿਸਤ ਬਣਦੀ ਹੈ। ਪੰਜਾਬ ਸਟੇਟ ਸਪੋਰਟਸ ਕਾਲਜ, ਜਲੰਧਰ ਵਿਚ ਪੜ੍ਹਦਿਆਂ ਉਹ ਆਪਣੇ ਕਾਲਜ ਦੀ ਹਾਕੀ ਟੀਮ ਦਾ ਕਪਤਾਨ ਬਣਿਆ ਤੇ ਇੰਟਰਵਰਸਿਟੀ ਹਾਕੀ ਚੈਂਪੀਨਸ਼ਿਪ ਵਿਚ ਯੂਨੀਵਰਸਿਟੀ ਵਲੋਂ ਖੇਡਿਆ ਤੇ ਇਸੇ ਦੌਰਾਨ ਕੰਬਾਈਡ ਯੂਨੀਵਰਸਿਟੀ ਟੀਮ ਦਾ ਮੈਂਬਰ ਬਣਿਆ। ਸੰਨ 1968, ਮਹਿਜ਼ ਅਠਾਰਾਂ ਸਾਲਾਂ ਦੀ ਉਮਰ ਵਿਚ ਉਹ ਪਹਿਲਾਂ ਪੰਜਾਬ ਟੀਮ ਦਾ ਤੇ ਫਿਰ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਗਿਆ। 1969 ਤੇ 1972 ਤਕ ਉਹ ਪੰਜਾਬ ਵੱਲੋਂ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਖੇਡਿਆ ਤੇ ਚਾਰੇ ਸਾਲ ਪੰਜਾਬ ਦੀ ਟੀਮ ਨੈਸ਼ਨਲ ਚੈਂਪੀਅਨ ਬਣੀ। ਉਹ ਸਰਵਿਸਿਜ਼ ਟੀਮ ਵੱਲੋਂ ਨੌ ਵਾਰ ਖੇਡਿਆ ਤੇ ਦੋ ਵਾਰ ਟੀਮ ਨੂੰ ਰਾਸ਼ਟਰੀ ਹਾਕੀ ਚੈਂਪੀਅਨ ਦਾ ਖਿਤਾਬ

ਦਵਾਇਆ। ਆਪਣੇ ਦੱਸ ਸਾਲ ਦੇ ਉਪਰ ਰਾਸ਼ਟਰੀ ਹਾਕੀ ਕੈਰੀਅਰ ਦੌਰਾਨ ਉਨ੍ਹਾਂ ਤਿੰਨ ਵਰਲਡ ਕੱਪ ਤੇ ਦੋ ਉਲੰਪਿਕ ਖੇਡਾਂ ਵਿਚ ਦੇਸ਼ ਦੀ ਨੁਮਾਇੰਦਗੀ ਕੀਤੀ। ਉਹ ਦੁਨੀਆਂ ਦੇ ਉਹਨਾਂ ਚਾਰ ਨਵੇਕਲੇ ਹਾਕੀ ਖਿਡਾਰੀਆਂ ’ਚੋਂ ਇੱਕ ਹਨ ਜਿਨ੍ਹਾਂ ਨੂੰ ਵਰਲਡ ਕੱਪ ਹਾਕੀ ਵਿੱਚ ਸੋਨੇ, ਚਾਂਦੀ ਅਤੇ ਕਾਂਸੀ ਦੇ ਤਿੰਨ ਤਗ਼ਮੇ ਜਿੱਤਣ ਦਾ ਮਾਣ ਪ੍ਰਾਪਤ ਹੈ। ਇਹ ਲਗਾਤਾਰ 1971, 1973 ਤੇ 1975 ਦੇ ਵਰਲਡ ਕੱਪ ਸਨ। ਉਹਨਾਂ 1972 ਅਤੇ 1976 ਦੀਆਂ ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦੀ ਨਮਾਇੰਦਗੀ ਕੀਤੀ ਤੇ ਇਹਨਾਂ ’ਚੋਂ 1972 ਵਾਲੀਆਂ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। 1970 ਤੇ 1974 ਵਿੱਚ ਏਸ਼ੀਅਨ ਖੇਡਾਂ ਵਿੱਚ ਹਿੱਸਾ ਲਿਆ ਤੇ ਦੋਵੇਂ ਵਾਰ ਚਾਂਦੀ ਦੇ ਤਗ਼ਮੇ ਜਿੱਤੇ। ਸੱਤਰਿਆਂ ਦੇ ਦਹਾਕੇ ਵਿਚ ਉਹ ਦੁਨੀਆਂ ਦਾ ਸਭ ਤੋਂ ਤੇਜ਼-ਤਰੀਨ ਹਾਕੀ ਲੈਫਟ ਵਿੰਗਰ ਗਿਣਿਆਂ ਜਾਂਦਾ ਸੀ। ਹਰਚਰਨ ਉਸ ਟੀਮ ਦਾ ਉਪ-ਕਪਤਾਨ ਸੀ ਜਿਸ ਨੇ 1975 ਕੁਆਲਾਲੰਪੁਰ, ਮਲੇਸ਼ੀਆ ਵਿਚ ਖੇਡਦੇ ਹੋਏ ਪਹਿਲਾ ਤੇ ਇਕੋ ਇਕ ਵਰਲਡ ਕੱਪ ਭਾਰਤ ਦੇ ਨਾਂ ਕੀਤਾ। ਉਹ ਇਸ ਵਰਲਡ ਕੱਪ ਵਿਚ ਆਪਣੀ ਓਸ ਬੇਹਤਰੀਨ ਕਾਰਗੁਜਾਰੀ ਵਾਸਤੇ ਵੀ ਜਾਣਿਆਂ ਜਾਂਦਾ ਹੈ ਜਦੋਂ ਉਸ ਨੇ ਸੈਮੀਫਾਈਨਲ ਵਿੱਚ ਮਲੇਸ਼ੀਆ ਨਾਲ ਖੇਡਦੇ ਹੋਏ ਐਕਸਟਰਾਂ ਟਾਈਮ ਵਿੱਚ ਜੇਤੂ ਗੋਲ ਕਰਕੇ ਟੀਮ ਦੀ ਫਾਈਨਲ ਵਿੱਚ ਜਗ੍ਹਾ ਬਣਾਈ ਤੇ ਇਹੀ ਟੀਮ ਫਾਈਨਲ ’ਚ ਪਾਕਿਸਤਾਨ ਨੂੰ ਹਰਾ ਕੇ ਵਰਲਡ ਚੈਂਪੀਅਨ ਬਣੀ। ਇਹਨਾਂ ਨਾਮੀ-ਗਰਾਮੀ ਖੇਡ ਮੁਕਾਬਲਿਆਂ ਤੋਂ ਇਲਾਵਾ ਵੀ ਉਨ੍ਹਾਂ ਨੇ ਦੇਸ਼ ਵਿਦੇਸ਼ ਵਿਚ ਹੋਣ ਵਾਲੇ ਕਈ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟਸ ’ਚ ਹਿੱਸਾ ਲਿਆ ਤੇ ਦੇਸ਼ ਲਈ ਨਾਮ ਕਮਾਇਆ। ਆਪਣੇ ਫ਼ੌਜ ਦੇ ਸੇਵਾ ਕਾਲ ਦੌਰਾਨ ਉਹਨਾਂ ਸਮੇਂ-ਸਮੇਂ ਭਾਰਤੀ ਫ਼ੌਜ ਦੀ ਹਾਕੀ ਟੀਮ ਦੀ ਅਗਵਾਈ ਕੈਪਟਨ, ਕੋਚ ਤੇ ਮੈਨੇਜਰ ਕੀਤੀ। 1999 ਵਿਚ ਉਹ ਭਾਰਤ ਦੇ ਚੀਫ਼ ਨੈਸ਼ਨਲ ਹਾਕੀ ਕੋਚ ਵੀ ਬਣੇ ਚਾਹੇ ਕਿ ਇਹ ਕਾਰਜਕਾਲ ਉਨ੍ਹਾਂ ਦੀ ਯੂਨਿਟ ਦੀ ਕਾਰਗਿਲ ਯੁੱਧ ਵਿੱਚ ਸ਼ਮੂਲੀਅਤ ਦੀ ਵਜ੍ਹਾ ਸਦਕਾ ਘੱਟ ਕਰਨਾ ਪਿਆ।

ਉਹ ਖੇਡਾਂ ਨੂੰ ਮਨੁੱਖ ਦੀ ਮੂਲ ਪ੍ਰਵਿਰਤੀ ਮੰਨਦਿਆਂ ਹੋਇਆਂ ਕਹਿੰਦੇ ਹਨ, “ਖੇਡਾਂ ਕੇਵਲ ਸਰੀਰਕ ਕਸਰਤ ਲਈ ਹੀ ਨਹੀਂ ਬਲਕਿ ਲੋਕਾਂ ਦੇ ਮਨੋਰੰਜਨ ਦਾ ਇਕ ਵਿਸ਼ੇਸ਼ ਸਾਧਨ ਵੀ ਹਨ। ਖੇਡਾਂ ਜਿੱਥੇ ਸਰੀਰਕ ਬਲ ਬਖ਼ਸ਼ਦੀਆਂ ਹਨ, ਉਥੇ ਰੂਹ ਨੂੰ ਖ਼ੁਸ਼ੀ ਤੇ ਖੇੜਾ ਵੀ ਪ੍ਰਧਾਨ ਕਰਦੀਆਂ ਹਨ, ਜਿਸ ਨਾਲ ਆਤਮਾ ਬਲਵਾਨ ਹੁੰਦੀ ਹੈ ਅਤੇ ਜੀਵਨ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ। ਜ਼ਿੰਦਗੀ ਵਿਚ ਕਾਮਯਾਬੀ ਹਾਸਲ ਕਰਨ ਲਈ ਆਤਮ-ਵਿਸ਼ਵਾਸ ਸਭ ਤੋਂ ਜਿਆਦਾ ਅਹਿਮੀਅਤ ਰੱਖਦਾ ਹੈ। ਖੇਡਾਂ ਤੋਂ ਬਹੁਤ ਕੁਝ ਸਿੱਖ ਕੇ, ਇਨਸਾਨ ਜ਼ਿੰਦਗੀ ਦੀ ਦੌੜ ਵਿਚ ਹਰ ਪ੍ਰਕਾਰ ਦੀ ਸਥਿਤੀ ਦਾ ਮੁਕਾਬਲਾ ਕਰਨ ਲਈ ਭਾਵਨਾ ਪ੍ਰਫੁੱਲਤ ਕਰਦਾ ਹੈ। ਇਹ ਖੇਡ ਭਾਵਨਾਂ ਮਨੁੱਖ ਨੂੰ ਹਰ ਪ੍ਰਕਾਰ ਦੇ ਮੁਕਾਬਲੇ ਲਈ ਜੂਝਣ ਵਾਸਤੇ ਤਿਆਰ ਹੀ ਨਹੀਂ ਕਰਦੀ ਬਲਕਿ ਹਾਰਨ ਦੀ ਸੂਰਤ ਵਿਚ ਉਸ ਹਾਰ ਨੂੰ ਖਿੜੇ ਮੱਥੇ ਸਹਿਣ ਦੀ ਸ਼ਕਤੀ ਵੀ ਪ੍ਰਦਾਨ ਕਰਦੀ ਹੈ। ਖੇਡਾਂ ਖਿਡਾਰੀ ਦੇ ਸਰੀਰ ਨੂੰ ਰਿਸ਼ਟ-ਪੁਸ਼ਟ, ਚੁਸਤ, ਫੁਰਤੀਲਾ ਅਤੇ ਸ਼ਕਤੀਸ਼ਾਲੀ ਬਣਾਉਂਦੀਆਂ ਹਨ। ਖੇਡਾਂ ਇਨਸਾਨ ਨੂੰ ਮਾਨਸਿਕ ਤੌਰ ’ਤੇ ਮਜ਼ਬੂਤ ਕਰਦੀਆਂ ਹਨ ਅਤੇ ਉਸ ਨੂੰ ਸਮਾਜ ਵਿੱਚ ਅਨੁਸ਼ਾਸਨ ਨਾਲ ਰਹਿਣਾ ਵੀ ਸਿੱਖਾਉਂਦੀਆਂ ਹਨ। ਖੇਡਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਤਾਂ ਹੁੰਦਾ ਹੀ ਹੈ ਪਰ ਨਾਲ ਨਾਲ ਜੋ ਖਿਡਾਰੀ ਖੇਡਾਂ ਵਿੱਚ ਜੰਮ ਜਾਂਦੇ ਹਨ, ਉਨ੍ਹਾਂ ਦੀਆਂ ਤਾਂ ਸਮਝ ਲਉ ਸਾਰੀਆਂ ਉਂਗਲਾਂ ਹੀ ਘਿਉ ਵਿਚ। ਇੱਜ਼ਤ, ਮਾਣ, ਸ਼ੋਹਰਤ, ਪੈਸਾ, ਨੌਕਰੀ ਆਦਿ ਸਭ ਮਿਲ ਜਾਂਦਾ ਹੈ ਪਰ ਮਿਹਨਤ ਸਖ਼ਤ ਮਿਹਨਤ ਅਤੇ ਹੋਰ ਮਿਹਨਤ ਰੋਜ਼ਾਨਾ, ਬਾਰਾਂ ਮਹੀਨੇ ਅਤੇ ਕਈ ਕਈ ਸਾਲ ਮਿਹਨਤ-ਤਿਆਗ ਅਤੇ ਕੁਝ ਨਿਵੇਕਲਾ ਕਰਕੇ ਵਿਖਾਉਣ ਦੀ ਭਾਵਨਾ ਤੋਂ ਬਿਨਾਂ ਕੁਝ ਹਾਸਲ ਨਹੀਂ ਹੁੰਦਾ।”

ਉਹਨਾਂ ਨੂੰ ਮਿਲੇ ਮਾਨ-ਸਨਮਾਨਾ ਦਾ ਸਫ਼ਰ ਬਚਪਨ ਵਿਚ ਮਿਲੀ ਇਕ ਸਾਬਣਦਾਨੀ ਤੋਂ ਸ਼ੁਰੂ ਹੋ ਕੇ 1978 ਵਿਚ ਭਾਰਤੀਯ ਖੇਡਾਂ ਦੇ ਸਰਵ-ਉੱਚ ਖਿਤਾਬ ‘ਅਰਜਨ ਅਵਾਰਡ’ ਤੱਕ ਦੀ ਸਿਖਰ ਛੂੰਹਦਾ ਹੈ। ਭਾਰਤੀ ਸੈਨਾ ਵਿਚ ਉਹਨਾਂ ਦੀਆਂ ਉੱਚ-ਕੋਟੀ ਸੇਵਾਵਾਂ ਲਈ, 1981 ਵਿੱਚ ਉਸ ਸਮੇਂ ਦੇ ਰਾਸ਼ਟਰਪਤੀ ਸ਼੍ਰੀ ਨੀਲਮ ਸੰਜੀਵਾ ਰੈਡੀ ਨੇ ਉਹਨਾਂ ਨੂੰ ਵਸ਼ਿਸ਼ਟ ਸੇਵਾ ਮੈਡਲ ਨਾਲ ਨਿਵਾਜਿਆ। ਪੰਜਾਬ ਸਰਕਾਰ ਨੇ, ਜੁਲਾਈ 2019 ਵਿਚ ਉਹਨਾਂ ਦੀਆਂ ਉੱਚ-ਤਮ ਖੇਡ ਸੇਵਾਵਾਂ ਸਦਕਾ ‘ਮਹਾਰਾਜਾ ਰਣਜੀਤ ਸਿੰਘ ਅਵਾਰਡ’ ਨਾਲ ਸਨਮਾਨਤ ਕੀਤਾ। ਨਵੰਬਰ 2019 ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮੇਂ, ਉਹ ਉਹਨਾਂ 400 ਪ੍ਰਮੁੱਖ ਪੰਜਾਬੀਆਂ

ਵਿਚ ਸ਼ਾਮਲ ਸਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਉਹਨਾਂ ਦੀਆਂ ਬੇਹਤਰੀਨ ਸਮਾਜ ਸੇਵਾਵਾਂ ਲਈ 'ਸ੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ਼ ਅਵਾਰਡ' ਦੇ ਕੇ ਸਨਮਾਨਤ ਕੀਤਾ।

◆ ◆ ◆

ਵਾਹਗਾ : ਹਰਚਰਨ ਸਿੰਘ ਜੀ ਅਸੀ ਵਾਹਗਾ ਅਦਾਰੇ ਵਲੋਂ ਤੁਹਾਡਾ ਨਿੱਘਾ ਸਵਾਗਤ ਕਰਦੇ ਹਾਂ। ਸਭ ਤੋਂ ਪਹਿਲਾਂ ਤਾਂ ਤੁਸੀਂ ਸਾਡੇ ਪਾਠਕਾਂ ਨੂੰ ਆਪਣੇ ਪਿੰਡ, ਪਰਿਵਾਰ ਅਤੇ ਮੁਢਲੀ ਪੜ੍ਹਾਈ ਬਾਰੇ ਦੱਸੋ। ਇਸ ਦੇ ਨਾਲ ਨਾਲ ਇਹ ਵੀ ਦੱਸੋ ਕਿ ਹਾਕੀ ਖੇਡਣ ਦਾ ਸ਼ੌਂਕ ਕਦੋਂ ਅਤੇ ਕਿੱਦਾਂ ਪੈਦਾ ਹੋਇਆ ?

ਹਰਚਰਨ : ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਾਗਾ, ਮੈਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਵਾਹਗਾ ਨੇ ਇਕ ਹਾਕੀ ਖਿਡਾਰੀ ਦੀ ਇੰਟਰਵਿਊ ਲਈ ਉਪਰਾਲਾ ਕੀਤਾ। ਮੇਰਾ ਜਨਮ 15 ਜਨਵਰੀ 1950 ਦਾ ਹੈ। ਮੈਂ ਪਿੰਡ ਮਰੜ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਜੀ ਸਰਦਾਰ ਦਰਸ਼ਨ ਸਿੰਘ ਸਾਡੇ ਇਲਾਕੇ ਦੇ ਮੰਨੇ ਪ੍ਰਮੰਨੇ ਕੱਬਡੀ ਦੇ ਖਿਡਾਰੀ ਸਨ। ਮੇਰੇ ਵੱਡੇ ਭਰਾ ਸਰਦਾਰ ਪਿਆਰਾ ਸਿੰਘ ਪੰਜਾਬ ਯੂਨੀਵਰਸਿਟੀ ਦੇ ਸਿਰਕੱਢ ਅਥਲੀਟ ਸਨ। ਮੇਰਾ ਛੋਟਾ ਭਰਾ ਕੁਲਦੀਪ ਕੇਂਦਰੀ ਰਿਜ਼ਰਵ ਪੁਲਿਸ ਦਾ ਮੈਂਬਰ ਰਿਹਾ ਹੈ। ਏਦਾਂ ਘਰ ਵਿੱਚ ਹੀ ਐਸਾ ਮਹੌਲ ਹੋਣ ਕਰਕੇ ਮੇਰੀ ਵੀ ਰੁਚੀ ਖੇਡਾਂ ਵੱਲ ਹੋ ਜਾਣੀ ਕੁਦਰਤੀ ਸੀ। ਸ਼ੁਰੂ 'ਚ ਦੌੜਾਂ, ਛਾਲਾਂ, ਫੁੱਟਬਾਲ ਆਦਿ ਸ਼ੌਂਕ ਸਨ। ਚੌਥੀ 'ਚ ਪੜ੍ਹਦਿਆਂ ਮੈਂ ਬਲਾਕ ਪੱਧਰ 'ਤੇ ਹੋਈਆਂ ਬੱਚਿਆਂ ਦੀਆਂ ਖੇਡਾਂ ਵਿਚ ਹਿੱਸਾ ਲਿਆ। ਮੈਨੂੰ ਹਾਲੇ ਵੀ ਯਾਦ ਹੈ, ਇਸ 'ਚ ਮੈਨੂੰ ਤਿੰਨ ਇਨਾਮ ਮਿਲੇ, ਇੱਕ ਰੁਮਾਲ, ਇੱਕ ਬਨੈਣ ਤੇ ਇੱਕ ਸਾਬਣਦਾਨੀ। ਜਦੋਂ ਮੈਂ ਇਹ ਇਨਾਮ ਘਰ ਲੈ ਕੇ ਗਿਆ ਤਾਂ ਮੇਰੇ ਮਾਤਾ ਜੀ ਦੇ ਅਲਫ਼ਾਜ਼ ਸਨ, ਕਿ ਬੇਟਾ ਇਨਾਮ ਦੀ ਤਾਂ ਚਪੇੜ ਹੀ ਬਹੁਤ ਹੁੰਦੀ ਹੈ। ਫਿਰ ਜਦੋਂ ਮੈਂ ਖ਼ਾਲਸਾ ਹਾਈ ਸਕੂਲ ਸ਼ੇਖ਼ੂਪੁਰਾ ਪੜ੍ਹਦਾ ਸੀ ਤਾਂ ਐਥਲੈਟਿਕਸ ਦੇ ਨਾਲ-ਨਾਲ ਹਾਕੀ ਖੇਡਣ ਦਾ ਮੌਕਾ ਵੀ ਮਿਲਿਆ। ਮੈਨੂੰ ਖੇਡਾਂ ਦੀ ਮੁੱਢਲੀ ਟ੍ਰੇਨਿੰਗ ਪੀ. ਟੀ. ਮਾਸਟਰ ਸ. ਦਲੀਪ ਸਿੰਘ ਜੀ ਨੇ ਦਿੱਤੀ। ਉਦੋਂ ਮੈਂ ਸਤਵੀਂ ਜਮਾਤ ਵਿੱਚ ਸਾਂ ਜਦੋਂ ਸਕੂਲ ਦੀ ਹਾਕੀ ਟੀਮ ਵਿੱਚ ਚੁਣਿਆ ਗਿਆ ਸੀ। ਨੌਵੀਂ ਜਮਾਤ 'ਚ ਪੜਦਿਆਂ ਟੀਮ ਦਾ ਕਪਤਾਨ ਬਣਿਆ ਤੇ ਡਿਵੀਜ਼ਨ ਪੱਧਰ ਤੇ ਖੇਡਿਆ। ਖੇਡਾਂ ਦੇ ਨਾਲ-ਨਾਲ ਪੜ੍ਹਾਈ ਵਿੱਚ ਵੀ ਮੇਰੀ ਦਿਲਚਸਪੀ ਹਮੇਸ਼ਾਂ ਬਣੀ ਰਹੀ 'ਤੇ ਸਦਾ ਚੰਗੇ ਨੰਬਰਾਂ ਨਾਲ ਪਾਸ ਹੁੰਦਾ ਰਿਹਾ। ਦਸਵੀਂ ਦੇ ਇਮਤਿਹਾਨ ਮੈਂ 72 ਪ੍ਰਤੀਸ਼ਤ ਨੰਬਰ ਲੈ ਕੇ ਪਾਸ ਕੀਤੇ। ਮੇਰਾ ਇਹ ਜਾਤੀ ਵਿਚਾਰ ਹੈ ਕਿ ਜਿੱਥੇ ਖੇਡਾਂ, ਚੰਗੀ ਸਿਹਤ ਤੇ ਸਰੀਰਕ ਵਿਕਾਸ ਲਈ ਜ਼ਰੂਰੀ ਹਨ, ਉਥੇ ਵਧੀਆਂ ਮਾਨਸਿਕ ਵਿਕਾਸ ਲਈ ਪੜ੍ਹਾਈ ਲਿਖਾਈ ਵੀ ਉਨੀ ਹੀ ਜ਼ਰੂਰੀ ਹੈ ਤੇ ਦੋਨਾਂ ਦਾ ਸਹੀ ਤਾਲਮੇਲ ਹੀ ਇਕ ਖ਼ੁਸ਼ਹਾਲ ਜ਼ਿੰਦਗੀ ਜੀਣ ਵਿਚ ਸਹਾਈ ਹੁੰਦਾ ਹੈ।

ਵਾਹਗਾ : ਪੰਜਾਬ ਸਪੋਰਟਸ ਕਾਲਜ, ਜਲੰਧਰ ਵਿਚ ਤੁਹਾਡੀ ਆਮਦ 'ਤੇ ਇਸ ਦਾ ਤੁਹਾਡੀ ਹਾਕੀ ਨੂੰ ਹੋਰ ਸੰਵਾਰਨ, ਨਿਖਾਰਨ 'ਚ ਰਹੇ ਰੋਲ ਬਾਰੇ ਦੱਸੋ।

ਹਰਚਰਨ : ਹਾਈ ਸਕੂਲ ਤੋਂ ਬਾਅਦ ਮੇਰੇ ਕੋਲ ਦੋ ਹੀ ਰਾਹ ਸਨ, ਜਾਂ ਤਾਂ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਜਾਂਦਾ ਤੇ ਜਾਂ ਫਿਰ ਸਪੋਰਟਸ ਕਾਲਜ, ਜਲੰਧਰ। ਖ਼ਾਲਸਾ ਕਾਲਜ ਅੰਮ੍ਰਿਤਸਰ ਵੀ ਹਮੇਸ਼ਾਂ ਖੇਡਾਂ ਨੂੰ ਤਰਜੀਹ ਦੇਂਦਾ ਰਿਹਾ ਹੈ। ਉਸ ਵੇਲੇ ਦੇ ਹਾਕੀ ਦੇ ਇੰਚਾਰਜ਼ ਮੇਰੇ ਸਕੂਲ ਵੀ ਆਏ ਤੇ ਘਰ ਵੀ ਆਏ ਪਰ ਮੈਨੂੰ ਪਤਾ ਲੱਗਾ ਸੀ ਕਿ ਸਪੋਰਟਸ ਕਾਲਜ, ਜਲੰਧਰ 'ਚ ਖੇਡਾਂ ਦਾ ਮਾਹੌਲ ਜਿਆਦਾ ਬੇਹਤਰ ਹੈ। ਭਾਵੇਂ ਕਿ ਉਥੇ ਦਾਖ਼ਲਾ ਲੈਣਾ ਕਾਫੀ ਮੁਸ਼ਕਲ ਸੀ। ਸੀਟਾਂ ਬੜੀਆਂ ਸੀਮਤ ਸਨ, ਟੋਟਲ ਤਕਰੀਬਨ 130 ਸੀਟਾਂ 'ਤੇ ਔਸਤਨ ਇਕ ਕਲਾਸ ਵਿੱਚ ਸਾਰੀਆਂ ਖੇਡਾਂ ਮਿਲਾ ਕੇ 30 ਕੁ ਸੀਟਾਂ ਹੁੰਦੀਆਂ ਸਨ। ਆਸ-ਪਾਸ ਦੇ ਸਾਰੇ ਰਾਜਾਂ ਦੇ ਖਿਡਾਰੀ ਇਥੇ ਹੀ ਦਾਖ਼ਲਾ ਲੈਣਾ ਚਹੁੰਦੇ ਸਨ। ਮੈਂ ਕੋਸ਼ਿਸ਼ ਕੀਤੀ ਤੇ ਕੁਦਰਤੀ ਮੈਨੂੰ ਇਹ ਦਾਖ਼ਲਾ ਮਿਲ ਗਿਆ। ਬਸ ਇਥੋਂ ਹੀ ਮੇਰਾ ਹਾਕੀ ਦਾ ਅਸਲੀ ਸਫ਼ਰ ਸ਼ੁਰੂ ਹੋਇਆ। ਸਹੀ ਵਾਤਾਵਰਨ ਮਿਲਿਆ, ਚੰਗੇ ਕੋਚ ਮਿਲੇ...ਮੈਂ ਖ਼ਾਸ ਕਰ ਕੇ ਸਾਡੇ ਹਾਕੀ ਕੋਚ ਮਨਮੋਹਨ ਸਿੰਘ ਦਾ ਜ਼ਿਕਰ ਜ਼ਰੂਰ ਕਰਨਾ ਚਾਹਵਾਂਗਾ ਜਿਨ੍ਹਾਂ ਦੀ ਬਦੌਲਤ ਮੇਰੀ ਹਾਕੀ ਵਿਚ ਵਿਆਪਕ ਸੁਧਾਰ ਆਇਆ। ਹਰ ਪੱਧਰ ਤੇ ਵੱਖ-ਵੱਖ ਥਾਵਾਂ 'ਤੇ ਖੇਡਣ ਦਾ ਐਕਸਪੋਜ਼ਰ ਮਿਲਿਆ। ਕਾਲਜ ਵਿਚ ਰਹਿੰਦਿਆਂ, ਇੰਟਰਵਰਸਿਟੀ ਹਾਕੀ ਚੈਪੀਨਸ਼ਿਪ, ਨੈਸ਼ਨਲ ਹਾਕੀ ਚੈਪੀਨਸ਼ਿਪ ਖੇਡਣ ਦਾ ਮੌਕਾ

ਮਿਲਿਆ। ਮਾਰਚ 1969 ਨੂੰ, ਮੇਰੇ ਕਾਲਜ ਦੇ ਦਿਨੀਂ ਹੀ ਮੈਂ ਇੰਡੀਅਨ ਹਾਕੀ ਟੀਮ ਲਈ ਚੁਣ ਲਿਆ ਗਿਆ ਸੀ। ਸਪੋਰਟਸ ਕਾਲਜ ਜਲੰਧਰ ਦੀ ਦੇਣ ਹੀ ਸਮਝੋ ਕਿ ਮੈਂ ਇਹ ਲੰਮਾ ਸਫ਼ਰ, ਛੋਟੀ ਉਮਰ ਵਿੱਚ ਹੀ ਤੇ ਬਹੁਤ ਥੋੜੇ ਸਮੇਂ ਵਿੱਚ ਤਹਿ ਕਰ ਸਕਿਆ। ਏਥੋਂ ਤੱਕ ਕਿ ਜਦੋਂ ਇਕ ਵਾਰ ਹਾਕੀ ਕੈਂਪਾਂ ਕਰ ਕੇ ਮੇਰੇ ਲੈਕਚਰ ਪੂਰੇ ਨਾ ਹੋਏ ਤਾਂ ਪ੍ਰਿੰਸੀਪਲ ਸ੍ਰੀ ਸੋਮਨਾਥ ਜੀ ਨੇ ਖੁਦ ਸਪੈਸ਼ਲ ਕੇਸ ਬਣਾਇਆ ਤੇ ਵਾਈਸ ਚਾਂਸਲਰ ਤੋਂ ਮਨਜ਼ੂਰੀ ਲੈ ਕੇ ਮੇਰਾ ਇਮਤਿਹਾਨ ਦਵਾਇਆ।

ਵਾਹਗਾ : ਭਾਰਤੀ ਹਾਕੀ ਦੇ ਇਤਿਹਾਸ ਵਿੱਚ 1975 ਦੇ ਵਰਲਡ ਕੱਪ ਦੀ ਸ਼ਾਨਦਾਰ ਜਿੱਤ ਹਮੇਸ਼ਾਂ ਸੁਨਹਿਰੀ ਅੱਖਰਾਂ ਵਿੱਚ ਲਿਖੀ ਜਾਵੇਗੀ। ਇਸ ਵਰਲਡ ਕੱਪ ਲਈ ਟੀਮ ਦੀ ਟ੍ਰੇਨਿੰਗ ਤੇ ਮਨੋਬਲ ਕਿਹੋ ਜਿਹਾ ਸੀ। ਇਸ ਰੋਮਾਂਚਕ ਮੁਕਾਬਲੇ ਦੇ ਉਹ ਕਿਹੜੇ ਖ਼ਾਸ ਪਲ ਸਨ, ਜੋ ਤੁਸੀਂ ਮਹਿਸੂਸ ਕੀਤੇ ਤੇ ਅੱਜ ਤੱਕ ਯਾਦ ਹਨ।

ਹਰਚਰਨ : ਇਹ ਉਹ ਸਮਾਂ ਸੀ ਜਦੋਂ ਹਾਕੀ 'ਚ ਇੰਡੀਆ ਤੇ ਪਾਕਿਸਤਾਨ ਦਾ ਪੂਰਾ ਦਬਦਬਾ ਸੀ ਦੁਨੀਆਂ ਵਿੱਚ ਜਰਮਨੀ ਤੇ ਹਾਲੈਂਡ ਦੀਆਂ ਟੀਮਾਂ ਹਾਲੇ ਉਭਰ ਰਹੀਆਂ ਸਨ। ਪਹਿਲਾਂ ਵਰਲਡ ਕੱਪ ਜਿਹੜਾ 1971 ਵਿੱਚ ਹੋਇਆ ਸੀ ਅਸੀਂ ਕਾਂਸੀ ਦਾ ਮੈਡਲ ਜਿੱਤਿਆ ਸੀ। ਦੂਜਾ 1973 ਦਾ ਵਰਲਡ ਕੱਪ ਜਿਹੜਾ ਐਮਸਟਰਡਮ, ਹਾਲੈਂਡ 'ਚ ਹੋਇਆ ਸੀ ਅਸੀਂ ਚਾਂਦੀ ਦਾ ਮੈਡਲ ਜਿੱਤਿਆ ਸੀ। ਇਸ ਵਿੱਚ ਸਾਡਾ ਮੁਕਾਬਲਾ ਹਾਲੈਂਡ ਨਾਲ ਸੀ। ਉਨ੍ਹਾਂ ਤੋਂ ਦੋ ਗੋਲਾਂ ਦੀ ਬੜਤ ਲੈਣ ਦੇ ਬਾਵਯੂਦ ਜਦੋਂ ਅਸੀਂ ਇਹ ਮੁਕਾਬਲਾ ਹਾਰੇ ਤਾਂ ਉਹ ਪਲ ਸਾਡੇ ਲਈ ਬਹੁਤ ਦੁੱਖਦਾਈ ਸਨ। ਸਾਡੇ ਤੇ ਗਰਾਉਂਡ ਤੋਂ ਹੋਟਲ ਤੱਕ ਦਾ ਸਫ਼ਰ ਵੀ ਪੂਰਾ ਨਹੀਂ ਸੀ ਹੋ ਰਿਹਾ। ਸਾਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਅਸੀਂ ਜਿੱਤਿਆ ਹੋਇਆ ਕੱਪ ਕਿਵੇਂ ਗਵਾ ਬੈਠੇ। ਹੁਣ ਤੀਜੇ ਵਰਲਡ ਕੱਪ 'ਚ, ਜਿਹੜਾ ਪਹਿਲੀ ਮਾਰਚ ਤੋਂ ਪੰਦਰਾਂ ਮਾਰਚ 1975 'ਚ ਕੁਆਲਾਲੰਪੁਰ, ਮਲੇਸ਼ੀਆ ਵਿੱਚ ਹੋਇਆ, ਅਸੀਂ ਛੇ-ਸੱਤ ਖਿਡਾਰੀ ਉਹ ਸਾਂ ਜੋ ਪਹਿਲੇ ਦੋ ਵਰਲਡ ਕੱਪ ਖੇਡ ਚੁੱਕੇ ਸਾਂ, ਜਿਵੇਂ ਕਿ ਅਜੀਤਪਾਲ, ਮਾਈਕਲ ਕਿੰਡੋ, ਅਸ਼ੋਕ ਕੁਮਾਰ , ਬੀ ਪੀ ਗੋਬਿੰਦਾ, ਮੈਂ, ਅਸਲਮ ਸ਼ੇਰ ਖਾਂ। ਸਾਡੇ ਅੰਦਰ ਇਸ ਵਰਲਡ ਕੱਪ 'ਚ ਜਾਣ ਤੋਂ ਪਹਿਲਾਂ ਹੀ ਜਜ਼ਬਾ ਸੀ ਕਿ ਅਸੀਂ ਦੋ ਵਾਰ ਇਹ ਕੱਪ ਜਿਤਦੇ ਜਿਤਦੇ ਰਹੇ ਗਏ ਹਾਂ ਇਸ ਵਾਰ ਇਸ ਨੂੰ ਹੱਥੋਂ ਨਹੀਂ ਜਾਣ ਦੇਣਾ। ਸੈਮੀ ਫਾਈਨਲ ਵਿਚ ਸਾਡਾ ਮੁਕਾਬਲਾ ਮੇਜ਼ਬਾਨ ਟੀਮ ਮਲੇਸ਼ੀਆ ਨਾਲ ਸੀ। ਹੋਮ ਗਰਾਉਂਡ ਹੋਣ ਕਰਕੇ ਲੱਖਾਂ ਦੀ ਭੀੜ ਨਾਲ ਮਰਡੇਕਾ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ। ਮਲੇਸ਼ੀਆ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਅੱਬਦਲ ਰਜ਼ਾਕ ਹੁਸੈਨ ਖ਼ੁਦ ਇਸ ਮੈਚ ਨੂੰ ਵੇਖਣ ਆਏ ਹੋਏ ਸਨ। ਬਰੋਬਰ ਦੀ ਟੱਕਰ ਸੀ। ਦੋਵੇਂ ਟੀਮਾਂ ਜੀ ਜਾਨ ਲਗਾ ਕੇ ਖੇਡ ਰਹੀਆਂ ਸਨ। ਨਿਰਧਾਰਿਤ ਸਮੇਂ 'ਚ ਮੈਚ 2-2 ਦੀ ਬਰਾਬਰੀ 'ਤੇ ਖ਼ਤਮ ਹੋ ਗਿਆ। ਫਿਰ ਐਕਸਟਰਾ ਟਾਈਮ 'ਚ ਇਹ ਮੇਰੀ ਖ਼ੁਸ਼ਕਿਸਮਤੀ ਸੀ ਕਿ ਇੱਕ ਗੱਲ ਮੇਰੇ ਹੱਥੀ ਹੋ ਗਿਆ ਤੇ ਹਰ ਪਾਸੇ ਮੇਰੇ ਹੀ ਨਾਂ ਦੀ ਗੂੰਜ ਸੁਣਾਈ ਦੇ ਰਹੀ ਸੀ। ਫਾਈਨਲ 'ਚ ਰਵਾਇਤੀ ਵਿਰੋਧੀ ਪਾਕਿਸਤਾਨ ਨਾਲ ਡਟਕੇ ਮੁਕਾਬਲਾ ਹੋਇਆ ਤੇ ਆਖਿਰ ਜਦੋਂ ਇਸ ਰੁਮਾਂਚਿਕ ਮੈਚ ਨੂੰ ਅਸੀਂ 2-1 ਦੇ ਫ਼ਰਕ ਨਾਲ ਜਿੱਤ ਲਿਆ ਤਾਂ ਇਹ ਸਾਰੀ ਜ਼ਿੰਦਗੀ ਦਾ ਸਭ ਤੋਂ ਅਹਿਮ ਪਲ ਸੀ। ਉਸ ਸਮੇਂ ਕਪਤਾਨ ਅਜੀਤਪਾਲ ਸਿੰਘ ਨੇ ਜੇਤੂ ਕੱਪ ਨੂੰ ਚੁੱਕਿਆ ਹੋਇਆ ਸੀ ਤੇ ਮੈਂ ਤਿੰਰਗਾ ਝੰਡਾ ਲੈ ਕੇ ਸਭ ਤੋਂ ਮੋਹਰੀ ਹੋ ਕੇ ਜਦੋਂ ਵਿਕਟਰੀ ਚੱਕਰ ਲਾਇਆ ਤਾਂ ਸਰੀਰ ਵਿੱਚ ਖ਼ੁਸ਼ੀ ਦੀ ਇੱਕ ਝੁਣਝੁਣੀ ਫੈਲੀ ਹੋਈ ਸੀ ਕਿ ਆਖਿਰ ਸਾਡਾ ਉਹ ਲੰਮੇਂ ਸਮੇਂ ਦਾ ਸੁਫਨਾ ਪੂਰਾ ਹੋਇਆ ਸੀ। ਉਸ ਵੇਲੇ ਦਾ ਨਜ਼ਾਰਾ ਅੱਜ ਵੀ ਜਵਾਨੀ ਦੀ ਯਾਦ ਤਾਜ਼ਾ ਕਰਵਾ ਦਿੰਦਾ ਹੈ।

ਵਾਹਗਾ : ਭਾਰਤੀ ਹਾਕੀ ਦੀ ਉਹ ਬੁਲੰਦੀ ਜੋ ਤੁਸੀਂ ਛੂਹੀ ਸੀ, ਉਹ ਫਿਰ ਕਦੀ ਵੇਖਣ ਨੂੰ ਨਾ ਮਿਲੀ। ਇਸ ਗਿਰਾਵਟ ਦਾ ਦੋਸ਼ ਕਿਹਨੂੰ ਦਈਏ।

ਹਰਚਰਨ : ਇਹਦੇ ਲਈ ਕਈ ਕਾਰਨ ਜ਼ਿੰਮੇਵਾਰ ਨੇ। 1975 ਦੇ ਵਰਲਡ ਕੱਪ ਤੋਂ ਬਾਅਦ, ਅਗਲੇ ਹੀ ਸਾਲ ਹਾਕੀ ਫੈਡਰੇਸ਼ਨ ਦੀ ਮੈਨੇਜਮੈਂਟ ਬਦਲੀ ਕੀਤੀ ਗਈ। ਅਸ਼ਵਨੀ ਕੁਮਾਰ ਜੀ ਜੋ ਪ੍ਰੈਜੀਡੈਂਟ ਸਨ ਉਹਨਾਂ ਦੀ ਥਾਂ ਐਮ. ਏ.ਐਮ, ਰਾਮਾਸਵਾਮੀ ਲਾਏ ਗਏ। ਸਭ ਤੋਂ ਪਹਿਲੀ ਗ਼ਲਤੀ ਤੇ ਇਹ ਹੋਈ ਕਿ ਜੇਤੂ ਟੀਮ ਦੇ ਮੈਨੇਜਰ ਤੇ ਕੋਚ ਬਲਬੀਰ ਸਿੰਘ ਸੀਨੀਅਰ ਤੇ ਗੁਰਚਰਨ ਸਿੰਘ ਬੋਦੀ ਨੂੰ ਕੱਢ ਕੇ ਨਵਾਂ ਮੈਨੇਜਰ ਤੇ ਕੋਚ ਲਾਇਆ। ਜਦੋਂਕਿ ਪੂਰੀ ਦੁਨੀਆਂ ਨੂੰ ਪਤਾ ਸੀ ਕਿ 1976 ਦੀ ਮਾਂਟਰੀਅਲ ਉਲੰਪਿਕ ਹਾਕੀ ਐਸਟ੍ਰੋਟਰਫ 'ਤੇ ਹੋਣੀ ਹੈ, ਇਸੇ ਕਰਕੇ

ਇਕ ਪ੍ਰੀ-ਉਲੰਪਿਕ ਟੂਰਨਾਮੈਂਟ ਰੱਖਿਆ ਸੀ ਤਾਂ ਕਿ ਸਭ ਟੀਮਾਂ ਨੂੰ ਇਸ ਉੱਤੇ ਖੇਡਣ ਦਾ ਅਨੁਭਵ ਹੋ ਸਕੇ, ਪਤਾ ਲੱਗ ਸਕੇ ਕਿ ਇਸ ਤੇ ਬਾਲ ਕਿਵੇਂ ਮੂਵ ਕਰਦਾ ਹੈ। ਸਾਨੂੰ ਤਾਂ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਐਸਟ੍ਰੋ ਟਰਫ ਕੀ ਛੈਅ ਹੁੰਦਾ। ਹਾਕੀ ਫੈਡਰੇਸ਼ਨ ਦੀ ਇਹ ਦੂਜੀ ਵੱਡੀ ਗ਼ਲਤੀ ਸੀ ਕਿ ਇੰਡੀਅਨ ਟੀਮ ਨੂੰ ਇਸ ਟੂਰਨਾਮੈਂਟ ਵਾਸਤੇ ਭੇਜਿਆ ਹੀ ਨਹੀਂ। ਸਾਡਾ ਟ੍ਰੇਨਿੰਗ ਕੈਂਪ ਪਟਿਆਲੇ ਲੱਗਾ, ਆਮ ਵਾਂਗ ਘਾਹ ਵਾਲੀ ਗਰਾਊਂਡ 'ਤੇ ਪ੍ਰੈਕਟਿਸ ਕਰਦੇ ਸੀ। ਫਿਰ ਲਾਗੇ ਇਕ ਮੈਦਾਨ 'ਚੋਂ ਘਾਹ ਕੱਟ ਕੇ, ਉੱਤੇ ਗੋਹੇ ਦਾ ਪੋਚਾ ਮਾਰਕੇ ਇੱਕ ਗਰਾਊਂਡ ਤਿਆਰ ਕੀਤੀ, ਇਸ ਨੂੰ ਚੁੱਟ ਗਰਾਊਂਡ ਕਹਿੰਦੇ ਸਨ, ਤੇ ਇਸ ਨੂੰ ਸਾਡਾ ਐਸਟ੍ਰੋਟਰਫ ਦਾ ਸਬਸਟੀਚੂਅਟ ਕਿਹਾ ਗਿਆ। ਜਦ ਕਿ ਦੋਨਾਂ ਦਾ ਕੋਈ ਮੇਲ ਹੀ ਨਹੀਂ ਸੀ। ਇਹ ਤਾਂ ਸਗੋਂ ਹਾਕੀ ਨੂੰ ਵਾਪਸ ਉਨੀਂਵੀਂ ਸਦੀ ਵੱਲ ਲਿਜਾਣ ਵਾਲੀ ਗੱਲ ਸੀ। ਇਹ ਫ਼ੈਸਲਾ ਸੀ ਸਾਡੀ ਉਸ ਵੇਲੇ ਦੀ ਫੈਡਰੇਸ਼ਨ ਦਾ, ਉਸ ਵੇਲੇ ਦੇ ਅਹੁਦੇਦਾਰਾਂ ਦਾ। ਟੀਮ ਸਲੈਕਟ ਹੋਣ ਤੋਂ ਬਾਅਦ ਸਾਨੂੰ ਦੋ ਹਫਤੇ ਪੈਰਿਸ ਰੱਖਿਆ। ਜਿਸ ਹੋਟਲ 'ਚ ਅਸੀਂ ਰਹਿੰਦੇ ਸਾਂ ਉਥੋਂ ਐਸਟ੍ਰੋ ਟਰਫ਼ ਵਾਲੀ ਗਰਾਊਡ ਕਾਫੀ ਦੂਰ ਸੀ। ਫਿਰ ਐਸਟ੍ਰੋ ਟਰਫ ਤੇ ਖੇਡਣ ਦਾ ਇਹ ਅਸੂਲ ਹੈ ਕਿ ਇਸ ਤੋਂ ਖੇਡਣ ਤੋਂ ਪਹਿਲਾਂ ਤੇ ਅੱਧੇ ਸਮੇਂ ਵੇਲੇ ਚੰਗੀ ਤਰ੍ਹਾਂ ਪਾਣੀ ਦਿੱਤਾ ਜਾਂਦਾ ਹੈ, ਪਰ ਸਾਨੂੰ ਉਥੇ ਦੋ ਹਫ਼ਤੇ ਸੁੱਕੇ ਐਸਟ੍ਰੋ ਟਰਫ 'ਤੇ ਹੀ ਪ੍ਰੈਕਟਿਸ ਕਰਾਈ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਬਹੁਤ ਸਾਰੇ ਖਿਡਾਰੀਆਂ ਨੂੰ ਸੱਟਾਂ ਲੱਗ ਗਈਆਂ। ਕਿਸੇ ਦਾ ਮੋਢਾ, ਕਿਸੇ ਦਾ ਗੋਡਾ ਤੇ ਕਿਸੇ ਦੇ ਗਿੱਟੇ ਵਿੰਗੇ ਹੋਏ। ਮਾਂਟ੍ਰੀਅਲ ਪਹੁੰਚਣ ਤੱਕ ਸਾਡੇ ਪੰਜ ਛੇ ਖਿਡਾਰੀਆਂ ਨੂੰ ਗੰਭੀਰ ਚੋਟਾਂ ਸਨ। ਆਖ਼ਰ ਇਹੀ ਕਹਿ ਸਕਦੇ ਹਾਂ ਕਿ ਸਾਡੀ ਤਜਰਬੇ ਦੀ ਕਮੀ, ਤਿਆਰੀ ਦੀ ਕਮੀ ਤੇ ਪ੍ਰੀ-ਓਲਿੰਪਕ ਖੇਡਣ ਵਰਗੇ ਮੌਕੇ ਨੂੰ ਗਵਾ ਬੈਹਣਾ, ਕੁੱਝ ਐਸੇ ਕਾਰਨ ਸਨ ਕਿ ਅਸੀਂ ਵਰਲਡ ਚੈਂਪੀਅਨ ਹੁੰਦੇ ਹੋਏ ਵੀ ਉਲਿੰਪਕ 'ਚ ਸੈਮੀਫਾਈਨਲ ਤੱਕ ਪਹੁੰਚਣ ਜੋਗੇ ਵੀ ਨਾ ਰਹੇ।

ਵਾਹਗਾ : ਜੇ ਹੁਣ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਦੇਖਦੇ ਹਾਂ, ਹਾਕੀ ਦੇ ਜੋ ਕੁਦਰਤੀ ਸਰੋਤ ਪੰਜਾਬ ਦੇ ਪਿੰਡ ਸਨ, ਜਿੱਥੇ ਬੱਚੇ ਗੁਲਾਬਾਸੀ ਦੇ ਡੰਡਿਆਂ ਨਾਲ ਖਿੱਦੋ ਖੂੰਡੀ ਖੇਡਦੇ ਜਵਾਨ ਹੁੰਦੇ ਸਨ, ਜਿੱਥੋਂ ਹਾਕੀ ਦੀ ਨਵੀਂ ਪੌਦ ਪੁੰਗਰਦੀ ਸੀ, ਉਹ ਸਰੋਤ ਹੁਣ ਖ਼ਤਮ ਹੋ ਗਏ ਹਨ। ਸਕੂਲਾਂ ਵਿੱਚ ਵੀ ਹਾਕੀ ਦੀ ਉਹ ਖਿੱਚ ਨਹੀਂ ਰਹੀ।

ਹਰਚਰਨ : ਇਸ ਦਾ ਕਾਰਨ ਇਹ ਹੈ ਕਿ ਜਦੋਂ ਅਸੀਂ ਖੇਡਦੇ ਸੀ, ਹਾਕੀ ਨੂੰ ਸਹੀ ਮਾਅਨਿਆਂ 'ਚ ਕੌਮੀ ਖੇਡ ਸਵੀਕਾਰਿਆ ਜਾਂਦਾ ਸੀ। ਹਾਕੀ ਦਾ ਇਤਿਹਾਸ ਦੇਖੀਏ ਤਾਂ 1928 ਵਿੱਚ ਪਹਿਲੀ ਵਾਰ ਇੰਡੀਅਨ ਬੈਨਰ ਹੇਠਾਂ ਸਾਡੀ ਟੀਮ ਨੇ ਉਲਿੰਪਕ ਵਿੱਚ ਹਿੱਸਾ ਲਿਆ। ਅੱਧੇ ਕੁ ਖਿਡਾਰੀ ਅੰਗਰੇਜ਼ ਸੀ, ਅੱਧੇ ਕੁ ਐਂਗਲੋ ਇੰਡੀਅਨ ਸੀ ਤੇ ਇਕ ਦੋ ਇੰਡੀਅਨ ਵੀ ਸੀ ਜਿਵੇਂ ਧਿਆਨ ਚੰਦ। ਪਿੰਡਾਂ ਦੇ ਵਿੱਚ ਅੰਗਰੇਜ਼ ਹੀ ਹਾਕੀ ਲੈ ਕੇ ਆਏ, ਕੰਟੂਨਮੈਂਟਾਂ ਦੇ ਜ਼ਰੀਏ। ਝਾਂਸੀ, ਮੇਰਠ, ਜਲੰਧਰ ਕੰਨਟੂਨਮੈਂਟਾਂ 'ਚ ਹਾਕੀ ਦੀ ਆਮਦ ਹੋਈ। ਸੰਸਾਰ ਪੁਰ ਕਿਉਂਕਿ ਜਲੰਧਰ ਕੈਂਟ ਦੇ ਨਾਲ ਲਗਦਾ ਪਿੰਡ ਸੀ ਇਹ ਭਾਰਤੀ ਹਾਕੀ ਦਾ ਇਕ ਤਰ੍ਹਾਂ ਦਾ ਗੜ੍ਹ ਬਣ ਗਿਆ। ਇਸ ਇਕੱਲੇ ਪਿੰਡ 'ਚੋਂ ਤੇਰਾ ਓਲੰਪਿਅਨ ਪੈਦਾ ਹੋਏ ਨੇ, ਗਿਆਰਾਂ ਇੰਡੀਆ ਵੱਲੋਂ ਖੇਡੇ ਨੇ ਤੇ ਦੋ ਕੀਨੀਆਂ ਵੱਲੋਂ। ਓਲੰਪਿਕ ਵਿਚ ਇੰਡੀਅਨ ਟੀਮ ਅੱਠ ਵਾਰ ਗੋਲਡ, ਇਕ ਵਾਰ ਸਿਲਵਰ ਤੇ ਦੋ ਵਾਰ ਬਰੌਂਜ਼ ਮੈਡਲ ਜਿੱਤ ਕੇ ਦੁਨੀਆ ਵਿਚ ਸਭ ਤੋਂ ਸਫਲ ਰਹੀ ਹੈ। ਉਸ ਤੋਂ ਬਾਅਦ ਜਦੋਂ ਗੋਰਿਆਂ ਨੂੰ ਇਹ ਮਹਿਸੂਸ ਹੋਇਆ ਕਿ ਹਾਕੀ ਦੇ ਕਲਾਤਮਿਕ ਹੁਨਰ ਤੇ ਸਟਿੱਕ ਵਰਕ ਵਿੱਚ ਇਹ ਸਾਨੂੰ ਲਾਗੇ ਨਹੀਂ ਲਗਣ ਦੇਂਦੇ, ਉਹਨਾਂ ਨੇ ਐਸਟ੍ਰੋ ਟਰਫ ਲਿਆ ਕੇ ਹਾਕੀ ਨੂੰ ਸਕਿੱਲ ਘੱਟ ਤੇ ਜਿਸਮਾਨੀ ਤਾਕਤ ਜ਼ਿਆਦਾ ਵਰਤੋਂ ਵਾਲੀ ਖੇਡ 'ਚ ਤਬਦੀਲ ਕਰ ਦਿੱਤਾ। ਉਦੋਂ ਤੋਂ ਹੀ ਹਾਕੀ ਦੇ ਦੋਨੇ ਏਸ਼ੀਅਨ ਪਾਵਰਜ਼, ਇੰਡੀਆਂ ਤੇ ਪਾਕਿਸਤਾਨ, ਪਿੱਛੇ ਹੋ ਗਏ। ਆਰਥਿਕ ਤੌਰ 'ਤੇ ਬਿਹਤਰ ਦੇਸ਼ ਅੱਗੇ ਹੋ ਗਏ। ਇੱਕ ਐਸਟ੍ਰੋ ਟਰਫ ਲਗਾਣਾ ਹੀ ਤਕਰੀਬਨ ਤਿੰਨ ਚਾਰ ਕਰੋੜ ਦਾ ਖ਼ਰਚਾ ਹੈ। ਇਸ ਦਾ ਰਿਜਲਟ ਇਹ ਹੋਇਆ ਕਿ ਇਕ ਵਾਰ ਤਾਂ ਇੰਡੀਆ ਬਾਹਰਵੇਂ ਨੰਬਰ 'ਤੇ ਆ ਗਿਆ। ਫਿਰ ਹੌਲੀ-ਹੌਲੀ ਗੌਰਮਿੰਟ ਨੂੰ ਅਹਿਸਾਸ ਹੋਇਆ ਕਿ ਇਹ ਕਰਨਾ ਹੀ ਪੈਣਾ ਹੈ, ਫਿਰ ਐਸਟ੍ਰੋ ਲੱਗਣੇ ਸ਼ੁਰੂ ਹੋਏ, ਚਾਹੇ ਦੂਜੇ ਦੇਸ਼ਾਂ ਦੇ ਮੁਕਾਬਲੇ ਘੱਟ, ਹਾਲੇ ਯੂਨੀਵਰਸਿਟੀ ਕਾਲਜ ਲੈਵਲ 'ਤੇ ਹੀ ਸੰਭਵ ਹੋ ਪਾਏ ਨੇ, ਪਿੰਡਾਂ 'ਚ ਨਹੀਂ ਹੈਗੇ। ਇਸ ਕਰਕੇ ਗਰਾਸ ਰੂਟ ਲੈਵਲ ਦੀ ਹਾਕੀ ਖ਼ਤਮ ਹੋਗੀ। ਜਦ ਮੈਂ ਸਕੂਲ ਪੜ੍ਹਦਾ ਸਾਂ ਉਸ ਵੇਲੇ ਗੁਰਦਾਸਪੁਰ ਜ਼ਿਲ੍ਹੇ ਦੇ ਸਲਾਨਾ ਹਾਕੀ ਟੂਰਨਾਮੈਂਟ ਵਿੱਚ ਘੱਟੋ ਘੱਟ ਸੌ ਸਕੂਲੀ ਟੀਮਾਂ ਹਿੱਸਾ ਲੈਂਦੀਆਂ ਸਨ। ਹੁਣ ਪਿੱਛੇ ਜਿਹੇ ਉਸੇ ਟੂਰਨਾਮੈਂਟ ਦੇ

ਫਾਈਨਲ ਤੇ ਮੈਨੂੰ ਬੁਲਾਇਆ ਸੀ। ਸਿਰਫ਼ ਛੇ ਟੀਮਾਂ ਸਨ। ਹਾਕੀ ਤਕਨੀਕੀ ਪੱਖੋਂ ਚਾਹੇ ਵਿਕਾਸ ਕਰ ਗਈ ਹੈ ਪਰ ਇਹਦੇ ਕੁਦਰਤੀ ਸਰੋਤ ਸੁੱਕ ਗਏ ਹਨ। ਇਹਦੀ ਮਿਸਾਲ ਤੁਸੀਂ ਐਂ ਲੈ ਲਓ ਕਿ ਜਿਵੇਂ ਪੁਰਾਣੇ ਜ਼ਮਾਨੇ ਦਾ ਹਰੇਕ ਘਰ 'ਚ ਮੁਰਗੇ ਹੁੰਦੇ ਸੀ, ਮੁਰਗੀਆਂ ਹੁੰਦੀਆਂ ਸਨ, ਉਸ ਤੋਂ ਬਾਅਦ ਮੁਰਗੀਖਾਨੇ ਬਣ ਗਏ, ਮੁਰਗੀਆਂ ਘਰਾਂ 'ਚੋਂ ਨਿਕਲ ਗਈਆਂ। ਏਦਾਂ ਹੀ ਹੁਣ ਅਕੈਡਮੀਆਂ ਬਣਕੇ ਖਿਡਾਰੀਆਂ ਦੇ ਮੁਰਗੀਖਾਨੇ ਬਣ ਗਏ, ਜਿਹੜਾ ਏਹਦਾ ਵਿਸ਼ਾਲ ਆਧਾਰ ਸੀ ਉਹ ਖ਼ਤਮ ਹੋ ਗਿਆ।

ਵਾਹਗਾ : ਜਿਵੇਂ ਤੁਸੀਂ ਦੱਸਿਆ ਕਿ ਸ਼ੁਰੂ 'ਚ ਹਾਕੀ ਦਾ ਫੈਲਾਅ ਫ਼ੌਜ ਦੇ ਜ਼ਰੀਏ, ਕੇਂਟੋਨਮੈਂਟਾਂ ਰਾਹੀਂ ਪਿੰਡਾਂ ਤੱਕ ਪਹੁੰਚਿਆ। ਕੀ ਫ਼ੌਜ, ਹਾਕੀ ਦੀ ਬਹਾਲੀ ਲਈ ਦੁਬਾਰਾ ਕੋਈ ਰੋਲ ਅਦਾ ਕਰ ਸਕਦੀ ਹੈ।

ਹਰਚਰਨ : ਹੁਣ ਤਾਂ ਫ਼ੌਜ ਵੀ ਬਦਲੀ ਹੋ ਗਈ ਹੈ, ਬਾਹਰ ਕੀ ਪ੍ਰੇਰਣਾ ਦੇਣੀ ਹੈ। ਫ਼ੌਜ ਦੇ ਅੰਦਰ ਵੀ ਨਾ ਕੋਈ ਇੰਟਰ-ਯੂਨਿਟ ਟੂਰਨਾਮੈਂਟ ਹੁੰਦਾ, ਨਾ ਹੀ ਕੋਈ ਡਿਵੀਜ਼ਨ ਚੈਪੀਅਨਸ਼ਿਪ ਹੁੰਦੀ ਹੈ। ਸਿੱਧੇ ਟਰਾਇਲ ਹੋਕੇ ਆਰਮੀ ਟੀਮ ਬਣਾਈ ਜਾਂਦੀ ਹੈ। ਹਰੇਕ ਚੀਜ਼ ਸੈਂਟਰਲਾਈਜ਼ ਹੁੰਦੀ ਗਈ। ਜਿਵੇਂ ਪਿੰਡਾਂ ਤੋਂ ਹਟਕੇ ਅਕੈਡਮੀਆਂ ਬਣ ਗਈਆਂ, ਉਵੇਂ ਫ਼ੌਜ ਵਿੱਚ ਵੀ ਇੰਟਰ-ਯੂਨਿਟ ਮੁਕਾਬਲੇ ਖ਼ਤਮ ਹੋਗੇ, ਜਿਹੜੇ ਕਿ ਕਮਾਂਡਿੰਗ ਅਫ਼ਸਰ (CO ਸਾਹਬ) ਦੀ ਸ਼ਾਨ ਹੁੰਦੇ ਸਨ। ਟੀਮ ਜਿੱਤਦੀ ਸੀ, ਢੋਲ ਵੱਜਦੇ ਆਉਂਦੇ ਸਨ, ਬੜਾ ਖਾਣਾ ਹੁੰਦਾ ਸੀ, ਕਮਾਂਡਿੰਗ ਅਫ਼ਸਰ ਜਾਨ ਦੇ ਦੇਂਦੇ ਸਨ ਗਰਾਊਂਡ ਵਿੱਚ, ਕਿ ਮੇਰੀ ਟੀਮ ਜਿੱਤਣੀ ਚਾਹੀਦੀ ਆ। ਇਹੀ ਚੀਜ਼ਾਂ ਦੇਖਕੇ ਹੀ ਤਾਂ ਮੈਂ ਫ਼ੌਜ 'ਚ ਆਇਆ ਸੀ। ਵਰਨਾ ਇੱਕ ਏਸ਼ੀਅਨ ਗੇਮ, ਇੱਕ ਵਰਲਡ ਕੱਪ ਤੇ ਇੱਕ ਓਲੰਪਿਕ ਤਾਂ ਮੈ ਫ਼ੌਜ 'ਚ ਆਉਣ ਤੋਂ ਪਹਿਲਾਂ ਹੀ ਖੇਡ ਚੁੱਕਾ ਸੀ। ਉਸ ਵੇਲੇ ਸ਼ੌਂਕ ਇਹ ਸੀ, ਇੰਡੀਆ ਦਾ ਬਲੇਜ਼ਰ ਤਾਂ ਪਾਇਆ ਲੇਕਿਨ ਐਥੇ ਮੋਢਿਆਂ ਤੇ ਇੱਕ ਸਟਾਰ ਆਉਣਾ ਚਾਹੀਦਾ। ਇਹ ਗੌਰਵ ਤੇ ਇਹ ਪ੍ਰੇਰਣਾ ਸੀ। ਜਦੋਂ ਆਰਮੀ ਕਮਿਸ਼ਨ ਵਾਸਤੇ ਸਰਵਿਸ ਸਲੈਕਸ਼ਨ ਬੋਰਡ, ਰੁੜਕੀ ਗਿਆ ਤਾਂ ਫਾਈਨਲ ਇੰਟਰਵਿਊ 'ਚ ਮੈਂ ਓਲੰਪਿਕ ਬਲੇਜ਼ਰ ਪਾਇਆ ਹੋਇਆ ਸੀ। ਬੋਰਡ ਦੇ ਪ੍ਰੈਜੀਡੈਂਟ ਦਾ ਮੈਨੂੰ ਆਖਰੀ ਸਵਾਲ ਇਹ ਸੀ, "ਹਰਚਰਨ, ਤੂੰ ਸੱਚੀਂ ਮੁੱਚੀਂ ਫ਼ੌਜ ਵਿੱਚ ਆਉਣਾ ਚਾਹੁੰਦਾ ਕਿ ਐਂਵੇ ਸਾਡਾ ਟਾਈਮ ਹੀ ਖ਼ਰਾਬ ਕਰ ਰਿਆਂ" ਮੈਂ ਕਿਹਾ, ਸਰ ਮੈਂ ਭਾਰਤੀ ਫ਼ੌਜ ਦਾ ਅਫ਼ਸਰ ਬਣਨਾ ਚਹੁੰਦਾ। ਮੈਂ ਭਾਵੇਂ ਇੰਡੀਅਨ ਬਲੇਜਰ ਪਾਇਆ ਹੋਇਆ ਪਰ ਮੈਂ ਚਹੁੰਦਾਂ ਕਿ ਮੇਰੇ ਮੋਢਿਆਂ 'ਤੇ ਸਟਾਰ ਲੱਗੇ। ਉਸ ਵੇਲੇ ਜੋ ਆਰਮੀ ਅਫ਼ਸਰ ਦੀ ਦਿੱਖ, ਰੋਹਬ, ਰੁਤਬਾ, ਪਹਿਚਾਣ ਸੀ ਉਹੀ ਇਕ ਵੱਡੀ ਪ੍ਰੇਰਨਾ ਸੀ। ਅੱਜ ਕੱਲ ਅਗਰ ਕੋਈ ਜਵਾਨ ਵੀ ਕਿਤੇ ਇੰਡੀਆ ਟੀਮ 'ਚ ਖੇਲ ਲਵੇ ਤਾਂ ਕਹਿੰਦਾ ਜਾਂ ਤਾਂ ਮੈਨੂੰ ਜੂਨੀਅਰ ਕਮਿਸ਼ਨਡ ਅਫ਼ਸਰ ਬਣਾਓ ਜਾਂ ਫਿਰ ਮੈਂ ਚੱਲਿਆਂ ਫ਼ੌਜ ਛੱਡਕੇ। ਕਿਉਂਕਿ ਹੁਣ ਉਸੇ ਵੇਲੇ ਤੇਲ ਕੰਪਨੀਆਂ ਜਾਂ ਦੂਜੇ ਕਾਰਪੋਰੇਟ ਸੈਕਟਰ ਉਹਨੂੰ ਭੱਜ ਕੇ ਲੈ ਲੈਂਦੇ ਆ। ਇਕ ਸਮਾਂ ਸੀ ਜਦੋਂ 1956 ਦੀਆਂ ਓਲਿੰਪਕ ਖੇਡਾਂ 'ਚ ਸਰਵਿਸਿਜ਼ ਦੇ ਸੱਤ ਖਿਡਾਰੀ ਇੰਡੀਅਨ ਹਾਕੀ ਟੀਮ 'ਚ ਖੇਡ ਰਹੇ ਸਨ। ਜਦੋਂ 1975 ਦਾ ਵਰਲਡ ਕੱਪ ਜਿੱਤਿਆ, ਅਸੀਂ ਪੰਜ ਖਿਡਾਰੀ ਸਰਵਿਸਿਜ਼ ਦੇ ਸਾਂ। ਏਨਾ 'ਚੋਂ ਦੋ ਅਫ਼ਸਰ ਸਨ, ਮੈਂ ਤੇ ਬ੍ਰਗੇਡੀਅਰ ਚਿਮਨੀ। ਹੁਣ ਪਿਛਲੇ ਦਸ ਸਾਲਾਂ ਤੋਂ ਇੰਡੀਅਨ ਟੀਮ 'ਚ ਫ਼ੌਜ ਦੀ ਕੋਈ ਨੁਮਾਇੰਦਗੀ ਨਹੀਂ ਰਹੀ। ਘੋੜਸਵਾਰੀ ਵਿੱਚ ਹਾਲੇ ਥੋੜੀ ਬਹੁਤੀ ਭਾਗੀਦਾਰੀ ਹੈ। ਪਰ ਇਹ ਵੀ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਪਿਛਲੀਆਂ ਏਸ਼ੀਅਨ ਗੇਮਜ਼ 'ਚ ਜਿਨ੍ਹਾਂ ਦਸਾਂ ਜਣਿਆਂ ਹਿੱਸਾ ਲਿਆ ਉਨ੍ਹਾਂ ਵਿਚੋਂ ਸਿਰਫ਼ ਦੋ ਸਰਵਿਸਿਜ਼ ਵੱਲੋਂ ਸਨ।

ਵਾਹਗਾ : ਇਸ ਨਿਰਾਸ਼ਾਜਨਕ ਰੁਝਾਨ ਨੂੰ ਰੋਕਣ ਦਾ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ? ਕੇਂਦਰ ਸਰਕਾਰ ਜਾਂ ਸੂਬਾਈ ਸਰਕਾਰਾਂ ਆਪਣੀ ਖੇਡ ਨੀਤੀ ਰਾਹੀਂ ਕੋਈ ਬਦਲਾਵ ਲਿਆਉਣ ਲਈ ਕੀ ਕਦਮ ਚੁੱਕ ਰਹੀਆਂ ਨੇ ?

ਹਰਚਰਨ : ਖੇਡਾਂ ਸੰਵਿਧਾਨ ਦੀ ਸਟੇਟ ਲਿਸਟ ਵਿਚ ਸ਼ਾਮਲ ਹਨ, ਇਸ ਕਰਕੇ ਕੇਂਦਰ ਦੀ ਖੇਡ ਨੀਤੀ ਵੱਖਰੀ ਹੈ ਤੇ ਸਟੇਟਾਂ ਦੀ ਵੱਖਰੀ। ਪਿੱਛੇ ਜਿਹੇ ਕੇਂਦਰ ਵੱਲੋਂ ਖੇਡਾਂ ਨੂੰ ਕਨਕਰੰਟ ਲਿਸਟ ਵਿਚ ਲਿਆਉਣ ਦਾ ਪ੍ਰਸਤਾਵ ਸੀ ਪਰ ਹਾਲੇ ਇਹ ਕਿਸੇ ਸਿਰੇ ਨਹੀਂ ਚੜ੍ਹਿਆ। ਇਸ ਦੇ ਆਉਣ ਨਾਲ ਕੇਂਦਰ ਆਪਣੀ ਖੇਡ ਨੀਤੀ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰ ਸਕੇਗਾ। 'ਖੇਲੋ ਇੰਡੀਆ' ਪ੍ਰੋਗਰਾਮ ਵੀ ਬਹੁਤ ਵਧੀਆ ਉਪਰਾਲਾ ਹੈ। ਇਹਦੇ ਨਾਲ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਖੇਡਾਂ 'ਚ ਹਿੱਸੇਦਾਰੀ ਵਧਣ ਦੀ ਉਮੀਦ ਹੈ। ਪੰਜਾਬ ਸਰਕਾਰ ਨੇ ਵੀ 2018 ਖੇਡ ਨੀਤੀ ਜਾਰੀ ਕੀਤੀ ਹੈ। ਇਸ ਨੀਤੀ ਅਨੁਸਾਰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਤਮਗਾ ਜਿੱਤਣ ਵਾਲੇ

ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਨਗਦ ਇਨਾਮ ਰਾਸ਼ੀ ਵਿੱਚ ਤਿੰਨ ਤੋਂ ਚਾਰ ਗੁਣਾ ਵਾਧਾ ਕੀਤਾ ਗਿਆ ਹੈ। ਵੱਡੀਆਂ ਖੇਡ ਪ੍ਰਾਪਤੀਆਂ ਵਾਲੇ ਖਿਡਾਰੀਆਂ ਨੂੰ ਸਰਕਾਰੀ ਨੌਕਰੀ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਸਪੋਰਟਸ ਬਜਟ 150 ਕਰੋੜ ਤੋਂ ਵਧਾ ਕੇ 270 ਕਰੋੜ ਕੀਤਾ ਗਿਆ ਹੈ। ਪਿੰਡ ਤੇ ਬਲਾਕ ਪੱਧਰ ਤੇ ਖੇਡ ਸਟੇਡੀਅਮ ਉਸਾਰਨਾ, ਐਸਟ੍ਰੋ ਟਰਫ ਲਾਣਾ ਤੇ ਬਾਕੀ ਖੇਡ ਸੁਵਿਧਾਵਾਂ ਦਾ ਪ੍ਰਬੰਧ ਕਰਨ ਦੀਆਂ ਯੋਜਨਾਵਾਂ ਵੀ ਹਨ। ਤਕਰੀਬਨ ਦਸ ਸਾਲ ਦੇ ਵਕਫੇ ਬਾਅਦ ਪੰਜਾਬ ਦੇ ਉੱਘੇ ਖਿਡਾਰੀਆਂ ਨੂੰ ਦੋ ਲੱਖ ਰੁਪਏ ਦਾ ਮਹਾਰਾਜਾ ਰਣਜੀਤ ਸਿੰਘ ਐਵਾਰਡ ਤੇ ਟਰੋਫੀ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਮੈਨੂੰ ਮਾਣ ਹੈ ਕਿ ਇਹਨਾਂ ਖਿਡਾਰੀਆਂ ਵਿਚ ਮੈਂ ਵੀ ਸ਼ਾਮਿਲ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਤੇ ਪੰਜਾਬ ਦੀਆਂ ਉਹ ਅਹਿਮ ਹਸਤੀਆਂ ਨੂੰ ਜਿਨ੍ਹਾਂ ਨੇ ਅਲੱਗ ਅਲੱਗ ਖੇਤਰਾਂ ਵਿਚ ਠੋਸ ਯੋਗਦਾਨ ਪਾਇਆ, ਸਨਮਾਨਿਆ ਗਿਆ ਹੈ। ਇਸੇ ਸਪੋਰਟਸ ਪਾਲਸੀ ਰਾਹੀਂ, ਸਾਡੇ ਸੀਨੀਅਰ ਖਿਡਾਰੀਆਂ ਲਈ ਪੈਨਸ਼ਨਾਂ ਦਾ ਐਲਾਨ ਹੋਇਆ ਹੈ। ਤੁਸੀਂ ਜਾਣਦੇ ਹੀ ਹੋ ਕਿ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਵਿਖੇ ਬਣਾਈ ਜਾ ਰਹੀ ਹੈ। ਇਹ ਵਿਸ਼ਵ ਪੱਧਰੀ ਸਹੂਲਤਾਂ ਤੇ ਖੇਡ ਤਕਨੀਕਾਂ ਨਾਲ ਲੈਸ ਹੋਵੇਗੀ। ਸਰਕਾਰ ਦੀਆਂ ਇਹ ਕੋਸ਼ਿਸ਼ਾਂ ਅਗਰ ਕਾਮਯਾਬ ਹੁੰਦੀਆਂ ਨੇ ਤਾਂ ਖੇਡ ਖੇਤਰ ਵਿੱਚ ਉਹ ਗਵਾਚੀ ਹੋਈ ਸ਼ਾਨ ਅਸੀਂ ਫਿਰ ਬਹਾਲ ਕਰ ਸਕਦੇ ਹਾਂ।

ਵਾਹਗਾ : ਤੁਹਾਡੇ ਵਿਚਾਰ 'ਚ ਵਿਦੇਸ਼ੀ ਕੋਚ ਹੋਣੇ ਚਾਹੀਦੇ ਹਨ ਜਾਂ ਆਪਣੇ ਖੁੱਦ ਦੇ ਹੀ ਕੋਚ ਖਿਡਾਰੀਆਂ ਨੂੰ ਬਿਹਤਰ ਤਿਆਰ ਕਰਨ ਦੇ ਕਾਬਿਲ ਹਨ।

ਹਰਚਰਨ : ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਅਸੀਂ ਕੋਈ ਵਿਦੇਸ਼ੀ ਕੋਚ ਨਹੀਂ ਮੰਗਵਾਉਂਦੇ ਸਾਂ ਪਰ ਜਿੰਨੇ ਵੀ ਵਿਕਾਸਸ਼ੀਲ ਦੇਸ਼ ਸਨ ਉਹ ਖੇਡਾਂ ਵਿਚ ਚੰਗਾ ਪ੍ਰਦਰਸ਼ਨ ਕਰ ਰਹੇ ਸਨ। ਅਸੀਂ ਖੇਡਾਂ ਨੂੰ ਵਿਗਿਆਨਕ ਤਰੀਕੇ ਨਾਲ ਨਹੀਂ ਸੀ ਲੈ ਰਹੇ। ਛੋਟੇ ਹੁੰਦਿਆਂ ਹੀ ਬੱਚਿਆਂ ਦੀ ਪ੍ਰਤਿਭਾ ਨੂੰ ਪਹਿਚਾਨਣਾ, ਉਸ ਨੂੰ ਤਰਾਸ਼ਣਾ ਤੇ ਉਸ ਦੀ ਪੜ੍ਹਾਈ ਤੇ ਖੇਡ ਵਿਚ ਸਹੀ ਸੰਤੁਲਨ ਬੈਠਾਣਾ ਬਹੁਤ ਜ਼ਰੂਰੀ ਹੁੰਦਾ ਹੈ। ਸਾਡੇ ਸਮੇਂ ਅਗਰ ਸੋਲਾਂ ਖਿਡਾਰੀ ਹੁੰਦੇ ਸੀ ਤਾਂ ਕੇਵਲ ਇਕ ਕੋਚ ਤੇ ਇਕ ਮੈਨੇਜਰ ਨਾਲ ਗੁਜ਼ਾਰਾ ਹੋ ਜਾਂਦਾ ਸੀ। ਕੋਈ ਡਾਕਟਰ ਨਹੀਂ ਹੁੰਦਾ ਸੀ, ਕੋਈ ਫਿਜਿਓਥ੍ਰੈਪਿਸਟ ਨਹੀਂ ਸੀ। ਖੁਰਾਕ ਕਿੰਨੀ ਤੇ ਕਿਹੜੀ ਖਾਣੀ ਹੈ, ਉਹਦੇ ਲਈ ਡਾਈਟੀਸ਼ੀਅਨ ਨੇ, ਖਿਡਾਰੀਆਂ ਦੀ ਉਚਿਤ ਸਲਾਹ ਲਈ ਸਾਈਕੋਥ੍ਰੈਪਿਸਟ ਨੇ। ਹੁਣ ਜੇ ਸੋਲਾਂ ਖਿਡਾਰੀ ਨੇ ਤਾਂ ਉਹਨਾਂ ਨਾਲ ਸੋਲਾਂ ਮੈਂਬਰਾਂ ਦਾ ਹੀ ਸਟਾਫ ਹੁੰਦਾ ਹੈ। ਦੂਜੀ ਗੱਲ ਇਹ ਹੈ ਜਿਹੜੀਆਂ ਪਾਵਰ ਗੇਮਜ਼ ਆ, ਜਿਨ੍ਹਾਂ 'ਚ ਜਿਸਮਾਨੀ ਜੋਰ ਜਿਆਦਾ ਚਾਹੀਦਾ, ਕਦਰਤੀ ਤੌਰ 'ਤੇ ਉਹਨਾਂ 'ਚ ਯੂਰਪੀਅਨ ਦੇਸ਼ ਚੰਗੇ ਹਨ। ਇਵੇਂ ਹੀ ਲੰਮੀਆਂ ਦੌੜਾਂ 'ਚ ਅਫਰੀਕਨ ਦੇਸ਼ਾਂ ਦਾ ਮੁਕਾਬਲਾ ਨਹੀਂ। ਹੁਣ ਏਸ ਗੱਲ ਦੀ ਪਛਾਣ ਹੋ ਗਈ ਹੈ ਕਿ ਅਸੀਂ ਉਨ੍ਹਾਂ ਖੇਡਾਂ 'ਚ ਚੰਗੇ ਹਾਂ ਜਿਨ੍ਹਾਂ 'ਚ ਹੈਂਡ ਆਈ ਕੋਆਰਡੀਨੇਸ਼ਨ ਦੀ ਜ਼ਰੂਰਤ ਹੈ, ਜਿਵੇਂ ਟੈਨਿਸ ਹੈ, ਬੈਡਮਿੰਟਨ ਹੈ, ਸ਼ੂਟਿੰਗ ਹੈ। ਹੁਣ ਉਸੇ ਹਿਸਾਬ ਨਾਲ ਏਨ੍ਹਾਂ ਗੇਮਾਂ ਵਾਸਤੇ ਵਿਦੇਸ਼ੀ ਕੋਚ ਮੰਗਵਾਏ ਜਾ ਰਹੇ ਹਨ। ਇਹਦਾ ਨਤੀਜਾ ਵੀ ਚੰਗਾ ਆ ਰਿਹਾ, ਖ਼ਾਸ ਕਰਕੇ ਲੜਕੀਆਂ ਵਾਸਤੇ। ਬੌਕਸਿੰਗ, ਬੈਡਮਿੰਟਨ, ਟੇਬਲ ਟੈਨਿਸ, ਸ਼ੂਟਿੰਗ ਆਦਿ 'ਚ ਕੁੜੀਆਂ ਹੀ ਅੱਗੇ ਆ ਰਹੀਆਂ ਹਨ।

ਵਾਹਗਾ : ਪਿਛਲੇ ਕੁਝ ਸਾਲਾਂ ਤੋਂ ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਨੇ। ਲੋਕਾਂ ਦੇ ਰਹਿਣ ਸਹਿਣ, ਕੰਮ ਕਾਜ 'ਚ ਫਰਕ ਪਿਆ ਹੈ। ਇਸ ਬਦਲਦੇ ਸਮਾਜਿਕ ਮਹੌਲ ਦਾ ਅਸਰ ਕੁਦਰਤੀ ਹੈ ਕਿ ਖੇਡਾਂ ਤੇ ਵੀ ਪਿਆ ਹੈ।

ਹਰਚਰਨ : ਖੇਡਾਂ ਦੇ ਪ੍ਰਸਾਰ ਲਈ ਲੋਕਾਂ ਦੀ ਭਾਗੀਦਾਰੀ ਹੋਣਾ ਬਹੁਤ ਜ਼ਰੂਰੀ ਹੈ। ਬਦਕਿਸਮਤੀ ਨਾਲ ਕੁੱਝ ਇੱਕ ਸਮਾਜਿਕ ਕਾਰਨਾਂ ਕਰਕੇ ਲੋਕਾਂ ਦਾ ਧਿਆਨ ਖੇਡਾਂ ਵੱਲੋਂ ਭੱਟਕਿਆ ਹੈ। ਪੁਰਾਣੇ ਜ਼ਮਾਨੇ ਵਿੱਚ ਹਰ ਮਾਂ ਪਿਉ ਨੂੰ, ਦਾਦੇ ਦਾਦੀ ਨੂੰ ਖ਼ੁਸ਼ੀ ਹੁੰਦੀ ਸੀ, ਸ਼ੌਂਕ ਹੁੰਦਾ ਸੀ ਕਿ ਸਾਡਾ ਪੁੱਤ ਕਬੱਡੀ ਖੇਡੇ, ਹਾਕੀ ਖੇਡੇ ਜਾਂ ਕੋਈ ਹੋਰ ਗੇਮ ਖੇਡਕੇ ਆਵੇ।ਅੱਜ ਕੱਲ ਦੇ ਬੱਚੇ ਜਿਆਦਾਤਰ ਨਵੀਂ ਟੈਕਨਾਲੋਜੀ, ਮੋਬਾਇਲ ਵਗੈਰਾ ਨਾਲ ਬਿਜ਼ੀ ਰਹਿੰਦੇ ਆ। ਇਹਦਾ ਕਰਕੇ ਘਰਾਂ 'ਚ ਹੀ ਵੜੇ ਰਹਿੰਦੇ, ਬਾਹਰ ਜਾਕੇ ਖੇਡਣ ਮਲਣ ਦਾ ਸ਼ੌਕ ਨਹੀਂ ਰਿਹਾ। ਸਾਡੇ ਟਾਈਮ ਸਾਡੀਆਂ ਮਾਂਵਾਂ ਸਾਨੂੰ ਵਾਜਾਂ ਮਾਰ-ਮਾਰ ਥੱਕ ਜਾਂਦੀਆਂ ਸੀ ਕਿ ਤੂੰ ਘਰ ਆਕੇ ਤੋਸਾ ਖਾ ਲੈ, ਮੈਂ ਭਾਂਡੇ ਮਾਂਜਣੇ ਨੇ, ਚੌਂਕਾ ਸਾਂਭਣਾ ਏਂ, ਤੇ ਹੁਣ ਦੀਆਂ ਮਾਂਵਾਂ ਕਹਿੰਦੀਆਂ ਕਿ ਬਾਹਰ ਕਦੋਂ ਦਫ਼ਾ ਹੋਵੇਗਾ। ਲੋਕ ਬਹੁਤਾ ਟੀ. ਵੀ. ਤੇ

ਸ਼ੋਸ਼ਲ ਮੀਡੀਆ ਨਾਲ ਰੁੱਝੇ ਰਹਿੰਦੇ ਨੇ। ਦੂਜਾ ਬੇਰੁਜ਼ਗਾਰੀ ਵਧੀ ਹੈ, ਵਿਹਲੇ ਨੌਜਵਾਨ ਜਾਂ ਨਸ਼ਿਆਂ ਵੱਲ ਭੱਜਦੇ ਨੇ ਜਾਂ ਬਾਹਰਲੇ ਮੁਲਕਾਂ ਨੂੰ, ਇਹ ਵੀ ਇਕ ਪਾਗਲਪੁਣਾ ਹੈ ਜਾਂ ਮਜਬੂਰੀ ਕਹਿ ਲਵੋ। ਜਿਹੜੇ ਅੱਛੇ-ਅੱਛੇ ਪਰਿਵਾਰ ਨੇ, ਜਿਨ੍ਹਾਂ ਦੀ ਪੰਜਾਹ ਪੰਜਾਹ ਏਕੜ ਜ਼ਮੀਨ ਵੀ ਹੈਗੀ ਆ, 'ਕਲਾ 'ਕਲਾ ਮੁੰਡਾ, ਉਹ ਵੀ ਕਹਿੰਦਾ ਮੈਂ ਬਾਹਰ ਜਾਣਾ। ਮੈਂ ਕਹਿੰਦਾ ਹਰੇਕ ਬੱਚਾ ਜਿਹੜਾ 17-18 ਸਾਲ ਦੀ ਉਮਰ ਤੋਂ ਲੈਕੇ 25-26 ਸਾਲ ਤੱਕ ਦਾ ਹੈ, ਜੇ ਪਿੰਡਾਂ 'ਚ ਗਰਾਉਂਡਾ ਹੋਣ, ਕੋਚ ਹੋਣ, ਸਰਕਾਰ ਇਹ ਸਹੂਲਤਾਂ ਮੁਹੱਈਆ ਕਰਾਵੇ, ਲੋਕ ਖੇਡਣਗੇ, ਥੱਕਣਗੇ, ਆਰਾਮ ਨਾਲ ਸੌਣਗੇ ਤੇ ਨਸ਼ਿਆਂ ਤੋਂ ਦੂਰ ਰਹਿਣਗੇ। ਡਰੱਗਜ਼ ਦੀ ਅੱਧੀ ਸਮੱਸਿਆ ਤੇ ਵੈਸੇ ਖ਼ਤਮ ਹੋ ਜਾਏਗੀ।

ਵਾਹਗਾ : ਕੀ ਸਰਕਾਰ ਤੋਂ ਇਲਾਵਾ ਕੋਈ ਹੋਰ ਸੰਸਥਾਵਾਂ ਵੀ ਹਨ, ਜੋ ਖੇਡਾਂ 'ਚ ਦਿਲਚਸਪੀ ਲੈਂਦੀਆਂ ਹਨ, ਉਹਨਾਂ ਦਾ ਹਾਕੀ 'ਚ ਕਿੰਨਾ ਕੁ ਯੋਗਦਾਨ ਹੈ।

ਹਰਚਰਨ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਪੰਜ ਮੈਂਬਰੀ ਕਮੇਟੀ ਬਣਾਈ ਸੀ ਜਿਹਦੇ ਮੈਂਬਰ ਸਨ, ਅਜੀਤਪਾਲ ਸਿੰਘ, ਪਰਗਟ ਸਿੰਘ, ਸੁਰਜੀਤ ਸਿੰਘ ਸੰਧੀ, ਰਾਜਪਾਲ ਸਿੰਘ ਤੇ ਮੈਂ। ਤਿੰਨ ਅਕੈਡਮੀਆਂ ਚਲਦੀਆਂ ਨੇ ਐਸ ਵੇਲੇ, ਫ਼ਰੀਦਕੋਟ, ਬਾਬਾ ਬਕਾਲਾ ਤੇ ਅੰਮ੍ਰਿਤਸਰ। ਸਾਰੇ ਖਿਡਾਰੀ ਕੇਸਧਾਰੀ ਸਿੱਖ ਹੁੰਦੇ ਆ। ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਉਹਨਾਂ ਨੇ ਨਿਸ਼ਾਨੇ ਸਿੱਖੀ ਦੇ ਨਾਂਅ 'ਤੇ ਅਕੈਡਮੀ ਬਣਾਈ ਆ। ਬੜੇ ਅੱਛੇ ਬੱਚੇ ਕੱਢੇ ਨੇ ਉਹਨਾਂ। ਇੰਡੀਆ ਟੀਮ 'ਚ ਦੋ ਖਿਡਾਰੀ ਓਸ ਅਕੈਡਮੀ ਦੇ ਨੇ, ਅਕਾਸ਼ਦੀਪ ਤੇ ਰਮਨਦੀਪ ਉਹ ਦੋਨੋਂ ਹੀ ਬੱਚੇ ਅਸੀਂ ਸਲੈਕਟ ਕੀਤੇ ਸੀ। ਇਥੇ ਅੰਮ੍ਰਿਤਸਰ, ਮਹਾਰਾਜਾ ਰਣਜੀਤ ਸਿੰਘ ਅਕੈਡਮੀ ਹੈ, ਬਲਵਿੰਦਰ ਸਿੰਘ ਸੰਮੀ ਚਲਾ ਰਿਹਾ। ਅਸੀਂ ਸਾਰੇ ਸਹਿਯੋਗ ਕਰਦੇ ਹਾਂ। ਇਸੇ ਤਰ੍ਹਾਂ ਨਾਮਧਾਰੀ ਸੰਸਥਾ ਵਲੋਂ ਸਰਸਾ ਵਿਖੇ ਅਕੈਡਮੀ ਚਲਾਈ ਜਾ ਰਹੀ ਹੈ। ਇਸ ਅਕੈਡਮੀ ਦਾ ਵੀ ਹਾਕੀ 'ਚ ਚੰਗਾ ਯੋਗਦਾਨ ਹੈ। ਹਾਲ ਹੀ ਵਿੱਚ ਚੀਫ਼ ਖ਼ਾਲਸਾ ਦਿਵਾਨ ਵੱਲੋਂ ਵੀ ਹਾਕੀ ਅਕੈਡਮੀ ਖੋਲੀ ਗਈ ਹੈ। ਏਸੇ ਤਰ੍ਹਾਂ ਹਾਕੀ ਇੰਡੀਆ ਲੀਗ ਬਣਨ ਨਾਲ ਖਿਡਾਰੀਆਂ ਨੂੰ ਹੋਰ ਐਕਸਪੋਜ਼ਰ ਮਿਲਿਆ ਹੈ, ਉਤਸ਼ਾਹ ਵਧਿਆ ਹੈ। ਇਹ ਕੁੱਝ ਅਦਾਰੇ ਨੇ ਜੋ ਹਾਕੀ ਨੂੰ ਦੁਬਾਰਾ ਲੀਹਾਂ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਨੇ। ਚਲੋ, ਦੇਰ ਆਏ ਦਰੁਸਤ ਆਏ।

ਵਾਹਗਾ : ਇਹ ਸਾਰਾ ਕੰਮ ਸਰਕਾਰ ਜਾਂ ਪ੍ਰਾਈਵੇਟ ਅਦਾਰਿਆਂ ਵੱਲੋਂ ਕੀਤਾ ਜਾ ਰਿਹਾ ਹੈ। ਕੀ ਵਿਅਕਤੀਗਤ ਪੱਧਰ ਤੇ, ਜਿਵੇਂ ਤੁਹਾਡੇ ਲੈਵਲ ਦੇ ਖਿਡਾਰੀ ਨੇ ਕੋਈ ਅਕੈਡਮੀ ਖੋਲ੍ਹੀ ਹੋਵੇ।

ਹਰਚਰਨ : ਹਾਕੀ ਵਿੱਚ ਵਿਅਕਤੀਗਤ ਤੌਰ 'ਤੇ ਕੋਈ ਐਸਾ ਉਪਰਾਲਾ ਨਹੀਂ ਹੋਇਆ, ਜਿਵੇਂ ਕਿ ਕ੍ਰਿਕੇਟ ਵਿੱਚ ਕਪਿਲ ਦੇਵ, ਸੌਰਵ ਗੰਗੋਲੀ ਜਾਂ ਰਾਹੁਲ ਡ੍ਰੈਵਿਡ ਵੱਲੋਂ ਵੱਖ-ਵੱਖ ਸੂਬਿਆਂ 'ਚ ਅਕੈਡਮੀਆਂ ਖੋਲ੍ਹ ਕੇ ਕੀਤਾ ਗਿਆ। ਉਹਨਾਂ ਦੀ ਵੀ ਮੱਦਦ ਸੂਬਾਈ ਸਰਕਾਰਾਂ ਨੇ ਜ਼ਮੀਨ ਦੇ ਕੇ ਕੀਤੀ ਹੈ। ਸਾਨੂੰ ਵੀ ਸਰਕਾਰ ਕੋਲ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਹਾਕੀ ਵਾਸਤੇ ਐਸੀਆਂ ਅਕੈਡਮੀਆਂ ਲਈ ਜਗ੍ਹਾ ਦਿੱਤੀ ਜਾਵੇ ਜਿੱਥੇ ਕੌਮਾਂਤਰੀ ਪੱਧਰ ਤੇ ਮਹਾਰਤ ਹਾਸਿਲ ਕੀਤੇ ਖਿਡਾਰੀ ਆਪਣੀਆਂ ਸੇਵਾਵਾਂ ਸਿੱਧੇ ਤੌਰ 'ਤੇ ਦੇ ਸਕਣ। ਮੌਜੂਦਾ ਸਥਿਤੀ 'ਚ ਤਾਂ ਉਹਨਾਂ ਦਾ ਰੋਲ ਮਹਿਜ਼ ਸਲਾਹਕਾਰ ਵਜੋਂ ਹੀ ਸੀਮਤ ਰਹੇ ਜਾਂਦਾ ਹੈ। ਹੁਣ ਜਿਵੇਂ ਮਿੱਠਾਪੁਰ ਵਿੱਚ ਹਾਕੀ ਦਾ ਪੁਰਾਣਾ ਕਲਚਰ ਹੈ। ਏਸੇ ਪਿੰਡ ਦੇ ਸਰਦਾਰ ਸਰੂਪ ਸਿੰਘ 1952 ਤੇ ਕੁਲਵੰਤ ਸਿੰਘ 1972 ਵਿੱਚ ਓਲਿੰਪਕ ਖੇਡੇ ਹਨ। ਕੁਲਵੰਤ ਮੇਰਾ ਹੀ ਕਲਾਸਫੈਲੋ ਤੇ ਰੂਮਮੇਟ ਸੀ। ਉਸ ਤੋਂ ਬਾਅਦ ਪਰਗਟ ਸਿੰਘ ਖੇਡਿਆ। ਉਹ ਉਸ ਹਲਕੇ ਦੇ ਐਮ.ਐਲ.ਏ. ਚੁਣੇ ਗਏ ਤਾਂ ਉਹਨਾਂ ਦੀ ਪਹਿਲ ਕਦਮੀ ਸਦਕਾ ਉਥੇ ਗਰਾਉਂਡ ਤੋਂ ਸਟੇਡੀਅਮ ਬਣਿਆਂ। ਖਿਡਾਰੀਆਂ ਨੂੰ ਸਹੂਲਤਾਂ ਮਿਲੀਆਂ ਤੇ ਐਸ ਵੇਲੇ ਉਸ ਪਿੰਡ ਦੇ ਤਿੰਨ ਖਿਡਾਰੀ, ਮਨਪ੍ਰੀਤ, ਮਨਦੀਪ ਤੇ ਵਰੁਨ ਕੁਮਾਰ ਇੰਡੀਆ ਟੀਮ 'ਚ ਖੇਲ ਰਹੇ ਨੇ। ਸੰਸਾਰਪੁਰ ਦੇ ਖਿਡਾਰੀ ਘੱਟ ਗਏ ਨੇ, ਉਹ ਵਿਦੇਸ਼ਾਂ ਵੱਲ ਤੁਰ ਪਏ ਨੇ। ਹਾਕੀ ਦਾ ਅਮੀਰ ਵਿਸ਼ਾ ਹੁਣ ਸੰਸਾਰਪਰ ਤੋਂ ਮਿੱਠਾਪਰ ਸ਼ਿਫਟ ਹੋ ਗਿਆ ਹੈ। ਸੁਰਜੀਤ ਹਾਕੀ ਅਕੈਡਮੀ, ਜਲੰਧਰ ਤਾ ਗੌਰਮਿੰਟ ਦੀ ਹੈ, ਜਰਖੜ ਅਕੈਡਮੀ, ਸੰਗਰੂਰ ਅਕੇਡਮੀ ਤੇ ਏਦਾਂ ਕੁੱਝ ਹੋਰ ਪ੍ਰਾਈਵੇਟ ਅਕੈਡਮੀਆਂ ਹਨ ਜੋ ਬਿਨਾਂ ਸਰਕਾਰੀ ਮਦਦ ਤੇ ਚੰਦ ਇਕ ਲੋਕ ਚਲਾ ਰਹੇ ਨੇ।

ਵਾਹਗਾ : ਬਾਰਡਰ ਨਾਲ ਲਗਦੇ ਏਰੀਏ ਵਿੱਚ ਕਿਸੇ ਵੇਲੇ ਚੰਗੀ ਹਾਕੀ ਖੇਡੀ ਜਾਂਦੀ ਰਹੀ ਹੈ। ਅੱਜ ਕੱਲ ਕੀ ਮਹੌਲ ਹੈ।

ਹਰਚਰਨ : ਜਿਹੜੀ ਮਾਝੇ ਦੀ ਬੈਲਟ ਹੈ ਇਹਦੀ ਹਾਕੀ ਨੂੰ ਬਹੁਤ ਦੇਣ ਹੈ। ਜਿਸ ਤਰ੍ਹਾਂ ਸਭ ਤੋਂ ਪਹਿਲਾਂ ਸਰਦਾਰ ਧਰਮ ਸਿੰਘ ਸਰਹਾਲੀ ਤੋਂ ਸੀ। ਉਹ 1948 ਤੇ 1952 ਦੀ ਉਲਿੰਪਕ ਖੇਲ੍ਹੇ। ਉਸ ਤੋਂ ਬਾਅਦ ਅਸੀਂ ਤਿੰਨ ਖਿਡਾਰੀ ਆਏ, ਮੈਂ ਸੁਰਜੀਤ ਸਿੰਘ ਤੇ ਮੁੱਖਬੇਨ ਸਿੰਘ। ਉਸ ਤੋਂ ਬਾਅਦ ਬਲਵਿੰਦਰ ਸਿੰਘ ਸ਼ੰਮੀ ਆ ਆਇਆ। ਐਸ ਵੇਲੇ ਬਾਰਡਰ ਬੈਲਟ ਦੇ ਰਮਨਦੀਪ ਸਿੰਘ, ਅਕਾਸ਼ਦੀਪ ਸਿੰਘ ਤੇ ਹਰਮਨਪ੍ਰੀਤ ਸਿੰਘ ਖੇਡ ਰਹੇ ਹਨ। ਬਾਕੀ ਪੰਜਾਬ ਦੀ ਤਕਰੀਬਨ ਹਰ ਅਕੈਡਮੀ ਵਿੱਚ ਬਾਰਡਰ ਬੈਲਟ ਦੇ ਬੱਚੇ ਖੇਡ ਰਹੇ ਹਨ। ਖ਼ਾਸ ਕਰਕੇ ਜੈਪੁਰ, ਸ਼ੇਖੂਪੁਰਾ, ਮੱਰੜ੍ਹ ਦੇ ਇਲਾਕੇ ’ਚ ਬਹੁਤ ਹਾਕੀ ਹੈ, ਇਸ ਇਲਾਕੇ ’ਚ ਟੂਰਨਾਮੈਂਟ ਵੀ ਕਰਵਾਈਦੇ ਨੇ। ਇਹ 45 ਸਾਲ ਪਹਿਲਾਂ ਮੈਂ ਹੀ ਸ਼ੁਰੂ ਕਰਵਾਇਆ ਸੀ।

ਵਾਹਗਾ : ਕਬਾਇਲੀ ਇਲਾਕਿਆਂ ਤੋਂ ਕਾਫੀ ਖਿਡਾਰੀ ਪੈਦਾ ਹੁੰਦੇ ਆਏ ਨੇ। ਉਹ ਕਿੱਦਾਂ ਇਸ ਲੈਵਲ ਤੱਕ ਪਹੁੰਚ ਪਾਉਂਦੇ ਹਨ।

ਹਰਚਰਨ : ਉੜੀਸਾ ਦੇ ਦੋਹ ਜ਼ਿਲ੍ਹਿਆਂ, ਰੁੜਕੇਲਾ ਤੇ ਸੁੰਦਰਗੜ੍ਹ ਵਿੱਚ ਹਾਕੀ ਬਹੁਤ ਸਮੇਂ ਤੋਂ ਪ੍ਰਚਲਿਤ ਹੈ। ਓਥੇ ਇਹ ਪਹਿਲਾਂ ਪਹਿਲਾਂ ਕਰੀਸ਼ਚਿਅਨ ਮਿਸ਼ਨਰੀਜ਼ ਦੁਆਰਾ ਖੋਲ੍ਹੇ ਗਏ ਸਕੂਲਾਂ ’ਚ ਆਈ। ਫਿਰ ਲਾਗੇ ਚਾਗੇ ਦੇ ਪਿੰਡਾਂ ਵਿੱਚ ਕਬਾਇਲੀ ਬੱਚਿਆਂ ਦਾ ਮੋਹ ਇਸ ਨਾਲ ਪਿਆ। ਏਥੋਂ ਤੱਕ ਕੇ ਸਕੂਲਾਂ ’ਚ ਦਾਖ਼ਲੇ ਵੇਲੇ ਹਾਕੀ ਨਾਲ ਖੜਨੀ ਪੈਂਦੀ ਸੀ। ਇਸ ਇਲਾਕੇ ਵਿੱਚ ਹਾਕੀ ਦੀ ਮਕਬੂਲੀਅਤ ਦਾ ਪਤਾ ਇਸ ਗੱਲੋਂ ਲਗਾ ਸਕਦੇ ਹਾਂ ਕਿ ’ਕੱਲੇ ਸੁੰਦਰਗੜ ਨੇ ਨੈਸ਼ਨਲ ਟੀਮ ਦੇ ਪੰਜ ਕੈਪਟਨ ਪੈਦਾ ਕੀਤੇ ਨੇ-ਪੁਰਸ਼ ਹਾਕੀ ਵਿਚ ਦਲੀਪ ਟਿਰਕੇ, ਇਗਨੇਸ ਟਿਰਕੇ, ਪਰਾਬੋਧ ਟਿਰਕੇ ਤੇ ਮਹਿਲਾ ਹਾਕੀ ਵਿਚ ਸੁਭਦਰਾ ਪ੍ਰਧਾਨ, ਜਯੋਤੀ ਸੁਨੀਤਾ ਕੁਲੂ। ਸੁੰਦਰਗੜ੍ਹ ਜ਼ਿਲ੍ਹੇ ਦੇ ਸੌਨਮਾਰਾ ਪਿੰਡ ਨੂੰ ਹਾਕੀ ਵਿੱਚ ਉਹੀ ਦਰਜਾ ਹਾਸਲ ਹੈ ਜੋ ਜਲੰਧਰ ਜ਼ਿਲ੍ਹੇ ਦੇ ਸੰਸਾਰਪੁਰ ਨੂੰ ਹੈ। ਇਥੇ ਹਾਕੀ ਦੀ ਬਦੌਲਤ, ਸ਼ੌਹਰਤ, ਨੌਕਰੀ, ਕੈਸ਼ ਅਵਾਰਡ ਤੇ ਮਾਣ ਸਨਮਾਨ ਮਿਲਦਾ ਹੈ। ਇਸੇ ਕਰਕੇ ਇਥੇ ਵਿਸ਼ਵ ਪੱਧਰ ’ਤੇ ਨੈਸ਼ਨਲ ਪੱਧਰ ਦੇ ਦਰਜਨਾਂ ਖਿਡਾਰੀ ਨਿਕਲੇ ਹਨ। ਰਾਂਚੀ ਲਾਗਲੇ ਕਬਾਇਲੀ ਇਲਾਕਿਆਂ ਵਿੱਚ ਵੀ ਹਾਕੀ ਬਹੁਤ ਖੇਡੀ ਜਾਂਦੀ ਹੈ। ਇਹਦੇ ਵਿੱਚ ਉਥੇ ਦੀਆਂ ਰਾਜ ਸਰਕਾਰਾਂ ਦੀ ਵੱਡੀ ਭੂਮਿਕਾ ਹੈ। ਉੜੀਸਾ ਦੇ ਹਾਲੀਆ ਮੁੱਖ ਮੰਤਰੀ ਨਵੀਨ ਪਟਨਾਇਕ ਹਾਕੀ ਦੇ ਸ਼ੌਕੀਨ ਹਨ। 2018 ਦਾ ਵਰਲਡ ਕੱਪ ਭੁਵਨੇਸ਼ਵਰ ਵਿੱਚ ਕਰਵਾਇਆ ਗਿਆ, ਜਿਸ ਨਾਲ ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਬਣਿਆ। ਹੁਣ ਅਗਲੇ ਵਰਲਡ ਕੱਪ 2022 ਦੀ ਮੇਜ਼ਬਾਨੀ ਵੀ ਉਸ ਨੂੰ ਹੀ ਮਿਲੀ ਹੈ। ਹਾਕੀ ਇੰਡੀਆ ਨੇ ਟੀਮਾਂ ਦੀ ਤਿਆਰੀ ਲਈ ਮੇਨ ਸਪੌਂਸਰਸ਼ਿਪ ਵੀ ਉੜੀਸਾ ਸਰਕਾਰ ਨੂੰ ਦਿੱਤੀ ਹੈ। ਵਰਲਡ ਲੈਵਲ ਤੇ ਪ੍ਰੋਫੈਸ਼ਨਲ ਹਾਕੀ ਲੀਗ ਦੇ ਹੋਮ ਮੈਚਾਂ ਲਈ ਭੁਵਨੇਸ਼ਵਰ ਨੂੰ ਚੁਣਿਆ ਗਿਆ ਹੈ। ਇੰਜ ਕਹਿ ਲਵੋ, ਭੁਵਨੇਸ਼ਵਰ ਦੁਨੀਆਂ ਦੇ ਨਕਸ਼ੇ ਤੇ ਹਾਕੀ ਦਾ ਨੰਬਰ ਵੰਨ ਸਟੇਸ਼ਨ ਉੱਭਰ ਕੇ ਆਇਆ ਹੈ। ਜਿੰਨੇ ਵੀ ਵਰਲਡ ਹਾਕੀ ਫੈਡਰੇਸ਼ਨ ਦੇ ਅਧਿਕਾਰੀ ਓਥੇ ਆਉਂਦੇ ਹਨ, ਮੁੱਖ ਮੰਤਰੀ ਪਟਨਾਇਕ ਸਾਹਿਬ ਉਹਨਾਂ ਨੂੰ ਮਿਲਦੇ ਹਨ। ਸਾਨੂੰ ਵੀ ਬੁਲਾ ਕੇ ਸਨਮਾਨਤ ਕੀਤਾ, ਕੈਸ਼ ਅਵਾਰਡ ਦਿੱਤੇ। ਹੁਣ ਉਹਨੇ ਜਿਹੜਾ ਅਗਲਾ ਜੂਨੀਅਰ ਵਰਲਡ ਕੱਪ ਹੋਣਾ ਹੈ। ਉਹ ਰਉੜਕੇਲਾ ਹੋਣਾ ਨਿਰਧਾਰਿਤ ਕਰਵਾ ਲਿਆ ਹੈ। ਜਿੰਨੀ ਉਹ ਦਿਲਚਸਪੀ ਲੈ ਰਿਹਾ, ਉਮੀਦ ਕਰਦੇ ਹਾਂ, ਬਾਕੀ ਚੀਫ਼ ਮਨਿਸਟਰ ਵੀ ਲੈਣ। ਇਹੀ ਸਭ ਕਾਰਨ ਨੇ ਕਿ ਕਬਾਇਲੀ ਇਲਾਕੇ, ਆਰਥਿਕ ਤੌਰ ’ਤੇ ਪਿਛੜੇ ਹੋਣ ਦੇ ਬਾਵਜੂਦ ਏਨੇ ਵਧੀਆ ਪਲੇਅਰ ਪੈਦਾ ਕਰ ਰਹੇ ਆ। ਇਹ ਕੋਈ ਨਿੱਕੀ ਜਹੀ ਕਾਮਯਾਬੀ ਨਹੀਂ ਹੈ।

ਵਾਹਗਾ : 1976 ਦੀਆਂ ਮਾਂਟ੍ਰੀਅਲ ਖੇਡਾਂ ਤੋਂ ਛੇਤੀ ਹੀ ਬਾਅਦ ਤੁਸੀਂ ਐਕਟਿਵ ਹਾਕੀ ਵਿਚ ਹਿੱਸਾ ਨਹੀਂ ਲਿਆ। ਕੀ ਏਨੀ ਜਲਦੀ ਹਾਕੀ ਖੇਡਣਾ ਛੱਡ ਦੇਣਾ ਮਹਿਸੂਸ ਹੁੰਦਾ ਹੈ।

ਹਰਚਰਨ : 1978 ਵਿਚ ਬਿਉਨਿਸ ਏਅਰਜ ਵਿਸ਼ਵ ਕੱਪ ਖੇਡਣ ਲਈ ਭਾਰਤੀ ਹਾਕੀ ਫੈਡਰਸਨ ਵਲੋਂ ਸੱਦਾ ਆਇਆ ਸੀ ਪਰ ਉਸ ਸਮੇਂ ਫ਼ੌਜ ਦੇ ਅਹਿਮ ਰੁਝੇਵਿਆਂ ਕਾਰਨ ਮੈਂ ਪ੍ਰਵਾਨ ਨਾ ਕਰ ਸਕਿਆ। ਵੈਸੇ ਵੀ ਚੰਗੇ ਖਿਡਾਰੀ ਦੇ ਖੇਡ ਤੋਂ ਰਿਟਾਇਰ ਹੋਣ ਦਾ ਸਹੀ ਸਮਾਂ ਉਦੋਂ ਹੁੰਦਾ ਹੈ ਜਦ ਲੋਕ ਕਹਿਣ, “ਤੂੰ ਅਜੇ ਹੋਰ ਖੇਡ ਸਕਦਾ।” ਨਾ ਕਿ ਦਰਸ਼ਕ ਕਹਿਣ ਲਗ ਪੈਣ, “ਹੁਣ ਤੂੰ ਖੇਡਣੋਂ ਹਟਦਾ ਕਿਉਂ ਨਹੀਂ?” ਵ

ਸੰਪਰਕ : 8427640440



ਕਹਾਣੀ

# ਅਗਰਬੱਤੀ

ਕੇ. ਸੀ. ਮੋਹਨ

ਗੁਰਦੁਆਰਾ ਸਾਹਿਬ ਵਿਚ ਆਨੰਦ ਕਾਰਜ ਦੀ ਸਮਾਪਤੀ ਬਾਅਦ ਭੋਜਨ ਪਾਣੀ ਦਾ ਇੰਤਜ਼ਾਮ ਗਰੇਵਜੈਂਡ ਬਾਹਰ ਕਰਕੇ ਹਰਿਆਲੀ ਭਰੇ ਖੇਤਾਂ ਵਿਚ ਬਣੇ ਹੋਏ ਇਕ ਆਲੀਸ਼ਾਨ ਹਾਲ 'ਦ ਪੈਰਾਡਾਈਜ਼' ਵਿਚ ਸੀ। ਕੁੜੀ ਅਤੇ ਮੁੰਡੇ ਵਾਲੇ ਪਰਿਵਾਰਾਂ ਦੇ ਮੈਂਬਰ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਹੌਲੀ-ਹੌਲੀ ਦੁਲਹਨ ਵਾਂਗ ਸਜੇ ਹਾਲ ਦੀਆਂ ਕੁਰਸੀਆਂ 'ਤੇ ਬਿਰਾਜਮਾਨ ਹੋ ਰਹੇ ਸਨ।

ਹਾਲ ਵਿਚ ਰੌਣਕ ਵਧਣ ਲੱਗ ਚੁੱਕੀ ਸੀ , ਹਾਲ ਰੰਗ ਬਰੰਗੀਆਂ ਰੌਸ਼ਨੀਆਂ ਨਾਲ ਜਗਮਗਾ ਰਿਹਾ ਸੀ। ਡੀ.ਜੇ. ਵਾਲੇ ਆਪਣਾ ਸੰਦ ਤਿਆਰ ਕਰੀ ਬੈਠੇ ਸਨ। ਡੀ.ਜੇ. ਦੀ ਸਟੇਜ ਦੇ ਐਨ ਸਾਹਮਣੇ ਹਾਲ ਦੇ ਵਿਚਾਲੇ ਨੱਚਣ ਵਾਲਿਆਂ ਵਾਸਤੇ ਭੂਰੇ ਰੰਗ ਦੀ ਲੱਕੜ ਦਾ ਪਿੜ ਬਣਿਆ ਹੋਇਆ ਸੀ। ਹਾਲ ਦੀ ਇਕ ਨੁੱਕਰੇ ਦਾਰੂ ਪਾਣੀ ਦੀ ਸਟਾਲ ਲੱਗ ਚੁੱਕੀ ਸੀ।

ਲਾੜਾ-ਲਾੜੀ ਬੜੇ ਅੰਦਾਜ਼ ਨਾਲ ਹਾਲ ਦੇ ਮੱਧ ਗੇਟ ਰਾਹੀਂ ਢੋਲਚੀਆਂ ਦੇ ਪਿੱਛੇ-ਪਿੱਛੇ ਨਿੱਕੇ-ਨਿੱਕੇ ਕਦਮ ਭਰਦੇ ਹਾਲ ਦੇ ਕੇਂਦਰ ਵੱਲ ਵਧਣ ਲੱਗੇ। ਲਾੜੇ ਦੇ ਪਾਸੇ ਦੇ ਰਿਸ਼ਤੇਦਾਰ ਹਾਲ ਦੇ ਸੱਜੇ ਪਾਸੇ ਅਤੇ ਲਾੜੀ ਦੇ ਪਾਸੇ ਦੇ ਹਾਲ ਦੇ ਖੱਬੇ ਪਾਸੇ ਵਾਲੇ ਮੇਜ਼ ਕੁਰਸੀਆਂ 'ਤੇ ਸੁਸ਼ੋਭਿਤ ਸਨ। ਦੋਵਾਂ ਪਾਸਿਆਂ ਦੇ ਰਿਸ਼ਤੇਦਾਰ ਖੜ੍ਹੇ ਹੋ ਲਾੜਾ-ਲਾੜੀ ਦਾ ਤਾੜੀਆਂ ਮਾਰ ਕੇ ਸਵਾਗਤ ਕਰਨ ਲੱਗੇ। ਇਹ ਕਹਿਣਾ ਔਖਾ ਸੀ ਕਿ ਦੁਲਹਾ ਜ਼ਿਆਦਾ ਸੋਹਣਾ ਸੀ ਜਾਂ ਦੁਲਹਨ, ਪਰ ਇਹ ਗੱਲ ਪੱਕ ਨਾਲ ਕਹੀ ਜਾ ਸਕਦੀ ਸੀ ਕਿ ਦੋਵਾਂ ਦੀ ਜੋੜੀ ਖ਼ੂਬ ਫੱਬਦੀ ਸੀ। ਮੁੰਡੇ ਵਾਂਗ ਕੁੜੀ ਦਾ ਕੱਦ ਵੀ ਵਾਹਵਾ ਸੀ। ਉਹ ਹੱਥ ਵਿਚ ਹੱਥ ਪਾਈ ਕਦੀ ਇਕ ਦੂਜੇ ਵੱਲ ਤੇ ਕਦੀ ਮਹਿਮਾਨਾਂ ਵੱਲ ਮੁਸਕਾਨਾਂ ਬਿਖੇਰਦੇ ਅੱਗੇ ਵਧ ਰਹੇ ਸਨ।

ਨੱਚਣ ਦੇ ਦੌਰ ਦੀ ਸ਼ੁਰੂਆਤ ਲਾੜਾ ਅਤੇ ਲਾੜੀ ਨੇ ਇਕੱਠਿਆ ਇਕ ਦੂਜੇ ਦੇ ਕਰੀਬ ਹੋ ਕੇ ਨੱਚਦਿਆਂ ਕੀਤੀ। ਹਾਲ ਵਿਚ ਤਾੜੀਆਂ ਤੇ ਸੀਟੀਆਂ ਗੂੰਜੀਆਂ। ਕੁਝ ਮਹਿਮਾਨਾਂ ਨੇ ਮੁੰਡਾ-ਕੁੜੀ ਉਪਰੋਂ ਨੋਟ ਵਾਰ ਕੇ ਡੀ.ਜੇ. ਵਾਲਿਆਂ ਨੂੰ ਦਿੱਤੇ। ਮੁੰਡਾ ਕੁੜੀ ਦੇ ਨਾਚ ਬਾਅਦ ਫਿਰ ਹਰ ਕੋਈ ਨੱਚਣ ਦੇ ਪਿੜ ਵਿਚ ਆ ਗਿਆ। ਡੀ.ਜੇ. ਦੇ ਸਪੀਕਰਾਂ ਦੀ ਆਵਾਜ਼ ਏਨੀ ਉੱਚੀ ਸੀ ਕਿ ਕੋਲ ਖੜ੍ਹੇ ਬੈਠੇ ਜਣੇ ਦੀ ਗੱਲ ਨਹੀਂ ਸੀ ਸੁਣਦੀ। ਇਕ ਤੋਂ ਬਾਅਦ ਇਕ ਭੰਗੜੇ ਦੇ ਗੀਤ ਵੱਜ ਰਹੇ ਸਨ।

ਦਾਰੂ ਪਾਣੀ ਦੀ ਸਟਾਲ ਵਾਲੇ ਡਾਢੇ ਵਿਅਸਤ ਸਨ। ਤਾਸ਼ਨ ਨੇ ਆਪਣੇ ਪੇਂਡੂ ਚਾਚੇ ਤੋਂ ਪਹਿਲਾਂ ਇਕ ਅੱਧ ਬੀਅਰ ਲਾਈ। ਚਾਚੇ ਨੇ ਗੁਰਦਿਆਂ ਦੀ ਕਸਰ ਕਰਕੇ ਪੱਕੀ ਪੀਣੀ ਛੱਡ ਰੱਖੀ ਸੀ ਤੇ ਹੁਣ ਉਹ ਸੰਗਤਰਿਆਂ ਦਾ ਰਸ ਪੀ ਰਿਹਾ ਸੀ। ਵਿਆਹ ਦੀ ਪਾਰਟੀ ਖ਼ੂਬ ਨਸ਼ਿਆ ਚੁੱਕੀ ਸੀ। ਬੱਚੇ, ਔਰਤਾਂ ਤੇ ਵਡੇਰੀ ਉਮਰ ਵਾਲੇ ਸਾਰੇ ਇਕੱਠੇ ਨਾਚ ਦਾ ਲੁਤਫ਼ ਲੈ ਰਹੇ ਸਨ। ਕਈ ਦਹਾਕਿਆਂ ਤੋਂ ਏਸ਼ੀਅਨਾਂ ਦੇ ਇੰਗਲੈਂਡ ਵਿਚ ਵਾਸੇ ਕਰਕੇ ਹੁਣ ਏਸ਼ੀਅਨਾਂ ਦੀ ਦੂਜੀ-ਤੀਜੀ ਪੀੜ੍ਹੀ ਦੇ ਨਾਤੇ ਤੇ ਦੋਸਤੀਆਂ ਹੋਰ ਕੌਮੀਆਂ ਨਾਲ ਹੋਣ ਕਰਕੇ ਕਈ ਇਕ ਗ਼ੈਰ-ਏਸ਼ੀਅਨ ਭਾਈਚਾਰਿਆਂ ਅਤੇ ਪਿਛੋਕੜਾਂ ਦੇ ਲੋਕ ਵੀ ਵਿਆਹ ਦੀਆਂ ਰੌਣਕਾਂ ਵਿਚ ਵਾਧਾ ਕਰ ਰਹੇ ਸਨ। ਇਨ੍ਹਾਂ ਲੋਕਾਂ ਦੀ ਏਸ਼ੀਅਨਾਂ ਦੇ ਵਿਆਹਾਂ ਜਾਂ ਹੋਰ ਪ੍ਰੋਗਰਾਮਾਂ ਵਿਚ ਹਾਜ਼ਰੀ ਹੁਣ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ ਰਹਿ ਗਈ। ਸਗੋਂ ਇਹ ਦੂਜੀਆਂ ਕੌਮੀਅਤਾਂ ਦੇ ਲੋਕ ਏਸ਼ੀਅਨ ਜਸ਼ਨਾਂ ਵਿਚ ਸ਼ਾਮਲ ਹੋ ਕੇ ਖ਼ੁਸ਼ ਹੁੰਦੇ ਹਨ ਅਤੇ ਏਸ਼ੀਅਨ ਪਕਵਾਨਾਂ ਨੂੰ ਚਾਅ ਨਾਲ ਖਾਂਦੇ ਹਨ। ਦਿਲਚਸਪੀ ਜਾਂ ਹੈਰਾਨੀ ਵਾਲੀ ਗੱਲ ਹੈ ਕਿ ਉਹ ਵੀ ਦਿਨ ਸਨ ਜਦ ਗੋਰੇ ਏਸ਼ੀਅਨ ਖਾਣਿਆਂ ਨੂੰ ਸੁੰਘਦਿਆਂ ਨੱਕ ਬੁੱਲ੍ਹ ਚਾੜ੍ਹ ਲੈਂਦੇ ਸਨ। ਵਕਤ ਦਾ ਤਕਾਜ਼ਾ ਵੇਖੋ ਕਿ ਹੁਣ ਕਈ ਗੋਰੇ ਏਸ਼ੀਅਨਾਂ ਨਾਲੋਂ ਵੀ ਵੱਧ ਕਰਾਰੇ ਭੋਜਨ ਖਾ ਕੇ ਖੁਸ਼ ਹੁੰਦੇ ਹਨ। ਲੱਸਣ ਬਥੇਰਾ ਖਾਣ ਲੱਗ ਪਏ ਹਨ।

ਵਿਆਹ ਦੀ ਪਾਰਟੀ ਚੱਲੀ ਨੂੰ ਕੋਈ ਘੰਟਾ ਡੇਢ ਘੰਟਾ ਹੀ ਹੋਇਆ ਸੀ ਕਿ ਤਾਸ਼ਨ ਦਾ ਧਿਆਨ ਨੱਚਣ ਦੀ ਝੱਟ ਲਾਉਣ ਬਾਅਦ ਇਕ ਗੋਰੀ ਕੁੜੀ ਵੱਲ ਗਿਆ ਜੋ ਇਕ ਬਜ਼ੁਰਗ ਜੋੜੇ ਦੇ ਨਾਲ ਦੀ ਕੁਰਸੀ 'ਤੇ ਥੋੜ੍ਹਾ ਪਰ੍ਹੇ ਕਰਕੇ ਮੇਜ਼ ਨੰਬਰ 25 'ਤੇ ਬੈਠੀ ਕਿਸੇ ਗਾਣੇ 'ਤੇ ਪੋਲੀ-ਪੋਲੀ ਤਾੜੀ ਮਾਰ ਰਹੀ ਸੀ। ਇਸ ਮੇਜ਼ ਵਾਲੇ ਕਈ ਇਕ ਜਣੇ ਨੱਚਣ ਦੇ ਪਿੜ ਵਿਚੋਂ ਸਨ, ਪਰ ਇਹ ਗੋਰੀ ਕੁੜੀ ਅਜੇ ਨਾਚ ਵਿਚ ਸ਼ਾਮਲ ਨਹੀਂ ਸੀ ਹੋਈ ਲੱਗਦੀ।

ਤਾਸ਼ਨ ਨੇ ਹਿੰਮਤ ਕਰਕੇ ਕੁੜੀ ਨੂੰ 'ਹਾਈ' ਕਿਹਾ। ਅੱਗੋਂ ਕੁੜੀ ਨੇ ਮੁਸਕਰਾਉਂਦਿਆਂ 'ਹਾਈ' ਦਾ ਜਵਾਬ ਦਿੱਤਾ।

'ਤੇਰਾ ਨੱਚਣ ਨੂੰ ਦਿਲ ਨਹੀਂ ਕਰਦਾ', ਤਾਸ਼ਨ ਨੇ ਫੱਟ ਦੇਣੀ ਕੁੜੀ ਨੂੰ ਪੁੱਛਿਆ।

'ਮੈਨੂੰ ਕਿਸੇ ਨੇ ਨੱਚਣ ਲਈ ਕਿਹਾ ਹੀ ਨਹੀ।' ਕੁੜੀ ਨੇ ਹਲਕੇ ਮੋਢੇ ਹਿਲਾਉਂਦਿਆਂ ਕਿਹਾ।

'ਕੀ ਤੂੰ ਮੇਰੇ ਨਾਲ ਨੱਚਣਾ ਪਸੰਦ ਕਰੇਂਗੀ ?' ਤਾਸ਼ਨ ਨੇ ਫੌਰਨ ਆਪਣਾ ਸੱਜਾ ਹੱਥ ਕੁੜੀ ਵੱਲ ਵਧਾਉਂਦਿਆਂ ਕੁੜੀ ਨੂੰ ਨੱਚਣ ਦਾ ਨਿਮੰਤਰਣ ਦਿੱਤਾ।

'ਕਿਉਂ ਨਹੀਂ, ਕਿਉਂ ਨਹੀਂ।' ਕਹਿੰਦਿਆਂ ਕੁੜੀ ਉੱਠ ਖੜ੍ਹੀ ਹੋਈ।

'ਮੈਂ ਤਾਸ਼ਨ ਹਾਂ', ਤਾਸ਼ਨ ਨੇ ਆਪਣੀ ਸਿਆਣ ਕਰਾਉਂਦਿਆਂ ਕਿਹਾ।

'ਮੈਂ ਪੌਲੀਨ ਹਾਂ', ਕੁੜੀ ਨੇ ਆਪਣਾ ਹੱਥ ਤਾਸ਼ਨ ਨੂੰ ਪਕੜਾਉਂਦਿਆਂ ਕਿਹਾ ਤੇ ਦੋਵੇਂ ਨੱਚਣ ਵਾਲੇ ਪਿੜ ਵਿਚ ਸ਼ਾਮਲ ਹੋ ਗਏ।

'ਮੈਂ ਦੋ ਤਿੰਨ ਏਸ਼ੀਅਨ ਵਿਆਹਾਂ ਵਿਚ ਗਈ ਹਾਂ ਪਰ ਮੈਨੂੰ ਅਜੇ ਵੀ ਭੰਗੜਾ ਨਾਚ ਚੰਗੀ ਤਰ੍ਹਾਂ ਨਹੀਂ ਆਉਂਦਾ।'

'ਨੱਚਣ ਲਈ ਦਿਲ ਕਰਦਾ ਹੋਣਾ ਚਾਹੀਦਾ ਹੈ, ਨਾਚ ਤਾਂ ਆਪਣੇ ਆਪ ਉਤਰ ਆਉਂਦਾ ਹੈ। ਜਿਹੜਾ ਸ਼ਰਮਾਅ ਗਿਆ, ਸ਼ਰਮਾਅ ਗਿਆ। ਗਾਣੇ ਦੀ ਤਾਲ ਨਾਲ ਹੱਥ ਪੈਰ ਮਾਰਨਾ ਆਉਣਾ ਚਾਹੀਦਾ ਹੈ। ਗੱਲ ਤਾਂ ਪਾਰਟੀ ਮਾਨਣ ਦੀ ਹੈ ਤੇ ਆਪਣਾ ਦਿਲ ਖ਼ੁਸ਼ ਕਰਨ ਦੀ ਹੈ।' ਤਾਸ਼ਨ ਨੇ ਆਪਣਾ ਨੱਚਣ ਵਾਲਾ ਗੁਰ ਪੌਲੀਨ ਨੂੰ ਦੱਸਦਿਆਂ ਕਿਹਾ।

'ਹੱਲਾਸ਼ੇਰੀ ਦੇਣ ਵਾਸਤੇ ਬਹੁਤ ਬਹੁਤ ਧੰਨਵਾਦ।' ਪੌਲੀਨ ਨੇ ਮੁਸਕਰਾਉਂਦਿਆਂ ਤਾਸ਼ਨ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ।

ਫਿਰ ਤਾਸ਼ਨ ਤੇ ਪੌਲੀਨ ਕੁਝ ਦੇਰ ਇਕੱਠੇ ਨੱਚਦੇ ਰਹੇ ਤੇ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰਦੇ ਰਹੇ, ਜਿਵੇਂ ਕਿ ਤੂੰ ਕਿਹੜੇ ਪਾਸਿਓਂ ਹੈਂ ? ਕੁੜੀ ਵਾਲੇ ਜਾਂ ਮੁੰਡੇ ਵਾਲਿਆਂ ਵੱਲੋਂ ? ਤੂੰ ਕਿੱਥੇ ਰਹਿੰਦੀ/ਰਹਿੰਦਾ ਏਂ ? ਦੋਹਾਂ ਨੂੰ ਹਲਕਾ ਹਲਕਾ ਮੁੜ੍ਹਕਾ ਵੀ ਆ ਗਿਆ ਹੋਇਆ ਸੀ।

'ਚਲੋ ਇਕ ਛੋਟੀ ਬਰੇਕ ਲਈਏ।' ਤਾਸ਼ਨ ਨੇ ਸੁਝਾਓ ਦਿੱਤਾ, 'ਤੇ ਇਕ ਇਕ ਡਰਿੰਕ ਵੀ ਹੋਰ ਲਈਏ।'

ਦੋਵੇਂ ਜਣੇ ਡਰਿੰਕ ਲਿਆਉਣ ਬਾਅਦ ਪੌਲੀਨ ਵਾਲੇ ਮੇਜ਼ 'ਤੇ ਆ ਬੈਠੇ। ਬਜ਼ੁਰਗ ਜੋੜਾ ਆਪਣੀਆਂ ਗੱਲਾਂ ਵਿਚ ਮਗਨ ਸੀ।

ਤਾਸ਼ਨ ਮੁੰਡੇ ਵਾਲਿਆਂ ਵੱਲੋਂ ਸੀ। ਉਹਦੀ ਮੁੰਡੇ ਦੇ ਪਰਿਵਾਰ ਨਾਲ ਦੂਰ ਦੀ ਰਿਸ਼ਤੇਦਾਰੀ ਸੀ। ਤਾਸ਼ਨ ਗਰੇਵਜੈਂਡ ਵਿਚ ਹੀ ਰਹਿੰਦਾ ਸੀ। ਪੌਲੀਨ ਦੁਲਹਨ ਦੀ ਯੂਨੀਵਰਸਿਟੀ ਦੀ ਦੋਸਤ ਸੀ ਤੇ ਦੱਖਣ ਪੱਛਮੀ ਲੰਡਨ ਦੇ ਸ਼ਹਿਰ ਪਟਨੀ ਵਿਚ ਰਹਿੰਦੀ ਸੀ।

ਦਰਮਿਆਨੇ ਕੱਦ ਦੀ ਪੌਲੀਨ ਦੇ ਚਿਹਰੇ ਨੂੰ ਉਹਦੇ ਕੱਕੇ ਲੰਮੇ ਵਾਲ ਲੁਕੋਂਦੇ ਪਏ ਸਨ। ਉਹ ਵਾਰ ਵਾਰ ਆਪਣੇ ਵਾਲਾਂ ਨੂੰ ਆਪਣੇ ਚਿਹਰੇ ਤੋਂ ਪਰ੍ਹੇ ਕਰਦੀ ਤੇ ਇੰਝ ਕਰਦਿਆਂ ਉਹ ਆਪਣੀ ਗਰਦਨ ਨੂੰ ਰਤਾ ਟੇਢੀ ਕਰਕੇ ਘੁੰਮਾਉਂਦੀ ਤੇ ਵਾਲਾਂ ਨੂੰ ਪਾਸੇ ਕਰਨ ਦਾ ਯਤਨ ਕਰਦੀ।

ਛੋਟੇ ਫੁੱਲਾਂ ਵਾਲੀ ਸਕਰਟ ਅਤੇ ਕਰੀਮ ਰੰਗ ਦੀ ਟੌਪ ਵਿਚ ਪੌਲੀਨ ਦਿਲਕਸ਼ ਲੱਗਦੀ ਸੀ। ਨਾਭੀ ਮਹਿਰੂਮ ਨੀਲ ਪਾਲਿਸ਼ ਅਤੇ ਮਹਿਰੂਮ ਲਿਪਸਟਿਕ ਤੋਂ ਬਿਨਾਂ ਉਹਨੇ ਹੋਰ ਕੋਈ ਵੀ ਮੇਕਅੱਪ ਨਹੀਂ ਸੀ ਕੀਤੀ ਹੋਈ। ਉਹਦਾ ਤਣੀਆਂ ਵਾਲਾ ਕਰੀਮ ਰੰਗ ਦਾ ਪਰਸ ਮੇਜ਼ 'ਤੇ ਪਿਆ ਸੀ ਤੇ ਪਰਸ ਨਾਲ ਇਕ ਛੋਟੀ ਡੋਲ ਲਟਕਦੀ ਪਈ ਸੀ। ਮੁੜਕਾ ਆਉਣ ਕਰਕੇ ਉਹਨੇ ਆਪਣਾ ਲਾਲ ਰੰਗ ਦਾ ਸਕਾਰਫ ਗਲੋਂ ਲਾਹ ਕੇ ਕੁਰਸੀ 'ਤੇ ਲਟਕਾ ਦਿੱਤਾ ਸੀ ਤੇ ਉਸਨੇ ਆਪਣੇ ਟੌਪ ਦਾ ਉਪਰਲਾ ਬਟਨ ਖੋਲ੍ਹ ਲਿਆ ਸੀ। ਪੌਲੀਨ ਡਾਢੇ ਇਤਮਿਨਾਨ ਵਾਲੀ ਕੁੜੀ ਲੱਗਦੀ ਸੀ।

ਤਾਸ਼ਨ ਨੇ ਅਸਮਾਨੀ ਰੰਗ ਦਾ ਸੂਟ ਪਾਇਆ ਹੋਇਆ ਸੀ। ਕਾਲੇ ਰੰਗ ਦੀ ਛੋਟੀ ਮੁਲਾਇਮ ਦਾੜ੍ਹੀ ਉਸਦੇ ਮੁਲਾਇਮ ਚਿਹਰੇ 'ਤੇ ਡਾਢੀ ਫੱਬਦੀ ਸੀ। ਪਰ ਉਹਦੇ ਕਾਲੇ ਰੰਗ ਦੇ ਨੋਕੀਲੇ ਜੁੱਤੇ ਬੜੇ ਅਜੀਬ ਲੱਗਦੇ ਸਨ।

ਇਕੱਠੇ ਨੱਚਣ ਅਤੇ ਕੈਮਿਸਟਰੀ ਦੇ ਮੇਲ ਨੇ ਪੌਲੀਨ ਅਤੇ ਤਾਸ਼ਨ ਵਿਚਕਾਰ ਦਿਲਚਸਪੀ ਦੀ ਅਗਰਬੱਤੀ ਲਾ ਦਿੱਤੀ ਲੱਗਦੀ ਸੀ। ਇਕ ਦੂਜੇ ਬਾਰੇ ਪਹਿਲੇ ਪ੍ਰਭਾਵਾਂ ਨੇ ਤਾਂਘ ਨੂੰ ਜਨਮ ਦੇ ਦਿੱਤਾ ਸੀ। ਮੁੱਢਲੀਆਂ ਗੱਲਾਂ ਬਾਤਾਂ ਨੇ ਇਕ ਦੂਜੇ ਨੂੰ ਹੋਰ ਜਾਨਣ-ਸਮਝਣ ਲਈ ਭੂਮੀ ਤਿਆਰ ਕਰ ਦਿੱਤੀ ਹੋਈ ਸੀ।

'ਤੂੰ ਕੀ ਕੰਮ ਕਰਦਾ ਏਂ ?' ਗੱਲਾਂ ਦੇ ਸਿਲਵਟੇ ਵਿਚ ਪੌਲੀਨ ਨੇ ਤਾਸ਼ਨ ਨੂੰ ਪੁੱਛਿਆ।

'ਮੈਂ ਪ੍ਰਾਇਮਰੀ ਸਕੂਲ ਦਾ ਅਧਿਆਪਕ ਹਾਂ, ਇਥੇ ਈਰਥ ਵਿਚ ਹੀ ਤੇ ਤੂੰ ਕੀ ਕਰਦੀ ਏਂ ?'

'ਮੈਂ ਆਈ.ਟੀ. 'ਚ ਹਾਂ। ਆਈ.ਟੀ. ਇੰਜੀਨੀਅਰ। ਮੈਨੂੰ ਸਫ਼ਰ ਬਹੁਤ ਕਰਨਾ ਪੈਂਦਾ ਹੈ। ਸਾਲ ਵਿਚ ਔਸਤਨ ਮੈਨੂੰ ਤੀਹ ਪੈਂਤੀ ਮੁਲਕਾਂ ਵਿਚ ਜਾਣਾ ਪੈਂਦਾ ਹੈ। ਕਿਤੇ ਦੋ ਦਿਨ, ਕਿਤੇ ਚਾਰ ਦਿਨ ਵੀ। ਬੜੀ ਖਜਾਲਤ ਰਹਿੰਦੀ ਹੈ। ਭਾਵੇਂ ਤਨਖ਼ਾਹ ਡਾਢੀ ਹੈ। ਤੋਰੇ ਫੇਰੇ ਕਰਕੇ ਜੀਵਨ 'ਚ ਟਿਕਾਓ ਜਿਹਾ ਨਹੀਂ। ਕੋਈ ਰੁਟੀਨ ਵੀ ਨਹੀਂ ਬੱਝਾ ਹੋਇਆ। ਕਈ ਵਾਰ ਮੈਂ ਬਹੁਤ ਅੱਕ ਵੀ ਜਾਂਦੀ ਹਾਂ। ਪਰ ਕਈ ਵਾਰ ਚੰਗਾ ਵੀ ਲੱਗਦਾ ਹੈ। ਨਵੇਂ-ਨਵੇਂ ਸ਼ਹਿਰਾਂ 'ਚ ਕਈ ਨਵੇਂ ਬੰਦਿਆਂ ਨੂੰ ਮਿਲਣਾ ਤੇ ਉਨ੍ਹਾਂ ਨਾਲ ਵਿਚਰਨਾ। ਬੜੇ ਦਿਲਚਸਪ ਤਜਰਬੇ ਹੁੰਦੇ ਹਨ। ਕੱਲ੍ਹ ਸਵੇਰੇ ਮੈਂ ਮਲੇਸ਼ੀਆ ਲਈ ਫ਼ਲਾਈਟ ਲੈਣੀ ਹੈ।

ਦੋਵਾਂ ਵਿਚ ਗੱਲਬਾਤ ਦਾ ਸਿਲਸਿਲਾ ਖ਼ੂਬ ਚੱਲ ਰਿਹਾ ਸੀ। ਦੋਵੇਂ ਇਕ ਦੂਜੇ ਵਿਚ ਗਹਿਰੀ ਦਿਲਚਸਪੀ ਲੈ ਰਹੇ ਸਨ। ਉਨ੍ਹਾਂ ਇਕ ਦੋ ਹੋਰ ਡਰਿੰਕ ਲਏ। ਕੁਝ ਹੋਰ ਨਾਚ ਕੀਤਾ ਤੇ ਮੁੜ ਗੱਲਾਂ 'ਚ ਮਗਨ ਹੋ ਗਏ।

'ਕੀ ਤੂੰ ਸ਼ਾਦੀ-ਸ਼ੁਦਾ ਏਂ ?' ਪੌਲੀਨ ਨੇ ਤਾਸ਼ਨ ਦੀਆਂ ਅੱਖਾਂ ਵਿਚ ਤੱਕਦਿਆਂ ਪੁੱਛਿਆ।

'ਲੈ, ਮੈਂ ਸ਼ਾਦੀ-ਸ਼ੁਦਾ ਕਿੱਥੋਂ ਹੋਣਾ ਸੀ। ਮੈਨੂੰ ਤਾਂ ਕੋਈ ਕੁੜੀ ਪਸੰਦ ਨਹੀਂ ਕਰਦੀ।'

'ਓ ਸ਼ਟ ਅੱਪ ਯੂ।' ਪੌਲੀਨ ਨੇ ਤਾਸ਼ਨ ਦੀ ਸੱਜੀ ਬਾਂਹ 'ਤੇ ਪੋਲਾ ਜਿਹਾ ਹੱਥ ਮਾਰਦਿਆਂ ਕਿਹਾ।

'ਨਹੀਂ ਨਹੀਂ ਮੈਂ ਸੱਚ ਕਹਿ ਰਿਹਾਂ।'

'ਓ ਕਮਆਨ, ਮੈਨੂੰ ਪਾਗ਼ਲ ਨਾ ਬਣਾ। ਮੈਂ ਬਥੇਰੀ ਦੁਨੀਆ ਤੱਕੀ ਹੋਈ ਹੈ।' ਪੌਲੀਨ ਨੇ ਤਾਸ਼ਨ ਵੱਲ ਉਂਗਲੀ ਹਿਲਾਉਂਦਿਆਂ ਕਹਿਣਾ ਸ਼ੁਰੂ ਕੀਤਾ ਤੇ ਫਿਰ ਉਹ ਅਚਾਨਕ ਰਤਾ ਗੰਭੀਰ ਹੁੰਦੀ ਬੋਲੀ, 'ਤੇਰੇ ਵਰਗੇ ਦਰਸ਼ਨੀ ਮੁੰਡੇ ਨੂੰ ਕੁੜੀਆਂ ਦਾ ਕੀ ਘਾਟਾ। ਤੂੰ ਤੇ ਛਬੀਲਾ ਏਂ, ਛਬੀਲਾ। ਤੇਰੇ 'ਚ ਸੈਨਸ ਆਫ ਹਿਊਮਰ ਹੈ। ਤੂੰ ਸਮਾਰਟ ਹੈਂ। ਤੇਰੇ ਚਿਹਰੇ 'ਤੇ ਇਕ ਬੱਚੇ ਜੇਹੀ ਮੁਸਕਰਾਹਟ ਫੈਲੀ ਹੋਈ ਹੈ। ਵਧੀਆ ਨੌਕਰੀ ਕਰਦਾ ਏਂ। ਹੋਰ ਕਿਸੇ ਕੁੜੀ ਨੂੰ ਕੀ ਚਾਹੀਦਾ ਹੈ ?'

ਤਾਸ਼ਨ ਨੇ ਰਤਾ ਸ਼ਰਮਾਉਂਦਿਆਂ ਕਿਹਾ, 'ਤੇਰੇ ਏਨ੍ਹਾਂ ਦਿਆਲੂ ਤੇ ਪਿਆਰੇ ਬੋਲਾਂ ਲਈ ਧੰਨਵਾਦ ਪਰ ਮੁਸ਼ਕਲ ਇਹ ਵੀ ਹੈ ਕਿ ਮੈਨੂੰ ਕੁੜੀਆਂ ਪੱਟਣੀਆਂ ਵੀ ਨਹੀਂ ਆਉਂਦੀਆਂ।"

'ਅੱਛਾ, ਮੈਨੂੰ ਨਹੀਂ ਸੀ ਪਤਾ ਕਿ ਤੂੰ ਖ਼ਚਰਾ ਵੀ ਏਂ, ਜੇਕਰ ਕੁੜੀਆਂ ਪਟਣੀਆਂ ਨਹੀਂ ਆਉਂਦੀਆਂ ਤਾਂ ਇਹ ਮੇਰੇ ਨਾਲ ਕੀ ਭਜਨ ਬੰਦਗੀ ਕਰ ਰਿਹਾ ਏਂ।" ਕਹਿੰਦਿਆਂ ਪੌਲੀਨ ਜ਼ੋਰ ਨਾਲ ਹੱਸੀ, 'ਤੂੰ ਬਹੁਤ ਸ਼ਰਾਰਤੀ ਏਂ।"

ਫਿਰ ਉਹ ਦੋਵੇਂ ਹੱਸਣ ਲੱਗੇ। ਬਜ਼ੁਰਗ ਜੋੜਾ ਆਖਣ ਲੱਗਾ, 'ਤੁਸੀਂ ਤਾਂ ਬਈ ਦੋਵੇਂ ਜਣੇ ਪਾਰਟੀ ਲੁੱਟਦੇ ਪਏ ਲੱਗਦੇ ਹੋ ।'

'ਹਾਂ ਜੀ, ਬਿਲਕੁਲ ਬਿਲਕੁਲ।' ਤਾਸ਼ਨ ਤੇ ਪੌਲੀਨ ਦੋਵੇਂ ਬੋਲੇ।

ਥੋੜੀ ਦੇਰ ਬਾਅਦ ਪੌਲੀਨ ਨੇ ਤਾਸ਼ਨ ਨੂੰ ਪੁੱਛਿਆ—'ਕੀ ਤੂੰ ਬੱਚੇ ਚਾਹੁੰਦਾ ਏਂ ?'

'ਹਾਂ ਹਾਂ, ਕਿਉਂ ਨਹੀਂ। ਇਕ, ਦੋ, ਤਿੰਨ। ਸਾਡੇ ਪ੍ਰਧਾਨ ਮੰਤਰੀ ਦੇ ਵੀ ਤਾਂ ਚਾਰ ਨਿਆਣੇ ਹਨ। ਮੈਂ ਤਾਂ ਕੰਮ ਵੀ ਬੱਚਿਆਂ ਨਾਲ ਕਰਦਾ ਹਾਂ। ਬੱਚਿਆਂ ਨਾਲ ਬੱਚਾ ਬਣ ਕੇ ਬੜਾ ਸੁਆਦ ਆਉਂਦਾ ਏ।' ਤਾਸ਼ਨ ਨੇ ਆਪਣੀ ਮੰਸ਼ਾ ਪੌਲੀਨ ਦੇ ਸਾਹਮਣੇ ਵਿਛਾ ਦਿੱਤੀ।

ਸੁਣ ਕੇ ਪੌਲੀਨ ਖ਼ਾਮੋਸ਼ ਹੋ ਗਈ। ਕੁਝ ਦੇਰ ਕੁਝ ਵੀ ਨਾ ਬੋਲੀ। ਆਪਣੇ ਹੱਥ ਮਲਣ ਲੱਗੀ। ਹਾਲ ਦੇ ਮੇਨ ਗੇਟ ਵੱਲ ਵੇਖਣ ਲੱਗੀ। ਲੱਗਿਆ ਕਿ ਉਹ ਹੌਲੀ ਹੌਲੀ ਆਪਣੇ ਆਪ ਨੂੰ ਪਾਸੇ ਕਰਨ ਦੇ ਯਤਨ ਵਿਚ ਸੀ।

'ਆਰ ਯੂ ਓ.ਕੇ. ਪੌਲੀਨ' ਤਾਸ਼ਨ ਨੇ ਫ਼ਿਕਰ ਨਾਲ ਪੁੱਛਿਆ।

'ਹਾਂ ਹਾਂ, ਮੈਂ ਠੀਕ ਹਾਂ।' ਪੌਲੀਨ ਤਾਸ਼ਨ ਨਾਲ ਬਿਨਾਂ ਅੱਖ ਮਿਲਾਇਆਂ ਬੋਲੀ।

ਕੁਝ ਮਿੰਟਾਂ ਬਾਅਦ ਪੌਲੀਨ ਉੱਠ ਕੇ ਜ਼ਨਾਨੇ ਬਾਥਰੂਮ ਵੱਲ ਚਲੀ ਗਈ। ਤਾਸ਼ਨ ਨੇ ਕੁਝ ਦੇਰ ਉਹਦਾ ਇੰਤਜ਼ਾਰ ਕੀਤਾ ਪਰ ਉਹ ਦੇਰ ਤਕ ਮੇਜ਼ ਨੰਬਰ 25 'ਤੇ ਵਾਪਸ ਨਾ ਆਈ।

ਤਾਸ਼ਨ ਆਪਣੇ ਚਾਚੇ ਨੂੰ ਲੱਭਣ ਲੱਗਾ ਪਰ ਉਹ ਸੋਚਦਾ ਵੀ ਰਿਹਾ ਕਿ ਪੌਲੀਨ ਨੂੰ ਅਚਾਨਕ ਕੀ ਹੋ ਗਿਆ , ਉਹਨੇ ਪੌਲੀਨ ਨਾਲ ਕੋਈ ਮਾੜੀ ਗੱਲ ਨਹੀਂ ਸੀ ਕੀਤੀ। ਉਹਨੇ ਕਿਸੇ ਸੀਮਾਂ ਦੀ ਉਲੰਘਣਾ ਨਹੀਂ ਕੀਤੀ। ਇਕ ਅਰਸੇ ਬਾਅਦ ਇਕ ਕੁੜੀ ਦਿਲ ਵਿਚ ਉਤਰਨ ਲੱਗੀ ਸੀ। ਤਾਸ਼ਨ ਦੇ ਮਨ 'ਤੇ ਉਦਾਸੀ ਤੇ ਨਿਰਾਸ਼ਾ ਤੈਰਨ ਲੱਗੀ। ਉਹਨੂੰ ਪੌਲੀਨ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਵਿਚੋਂ ਕਿਰਦੀ ਮੁਸਕਾਨ ਦਾ ਚੇਤਾ ਆ ਰਿਹਾ ਸੀ।



ਤਾਸ਼ਨ ਨੇ ਬੜਾ ਜ਼ੋਰ ਨਾਲ ਸੋਚਿਆ—ਆਖ਼ਰ ਕੀ ਹੋ ਗਿਆ ਪੌਲੀਨ ਨੂੰ। ਉਹਨੇ ਤਾਂ ਸਿਰਫ਼ ਪੌਲੀਨ ਦੇ ਬੱਚਿਆਂ ਬਾਰੇ ਸਵਾਲ ਦਾ ਜਵਾਬ ਦਿੱਤਾ ਸੀ।

ਸੰਪਰਕ : 0044 7947522084



*ਸਫ਼ਰਨਾਮਾ*

# ਕਸੂਤੀ ਵੰਡ

*ਚਰਨਜੀਤ ਸਿੰਘ ਪੰਨੂੰ*

3 ਜੂਨ 1947 ਨੂੰ ਲਾਰਡ ਲੂਈ ਮਾਊਂਟਬੈਟਨ ਨੇ ਹਿੰਦੁਸਤਾਨ ਨੂੰ ਅਜ਼ਾਦ ਕਰਨ ਦੇ ਨਾਲ–ਨਾਲ ਦੇਸ਼ ਵੰਡ ਦੀ ਘੋਸ਼ਣਾ ਕਰ ਕੇ ਇਕ ਸੁੰਦਰ ਵੇਹੜੇ ਵਿਚ ਸੇਹ ਦਾ ਤੱਕਲਾ ਗੱਡ ਦਿੱਤਾ। ਰੈਡਕਲਿਫ ਚੇਅਰਮੈਨ ਦੀ ਅਗਵਾਈ ਵਿੱਚ ਬਣੇ ਵੰਡ ਕਮਿਸ਼ਨ ਨੇ ਨਕਸ਼ੇ ’ਤੇ ਲਕੀਰ ਵਾਹ ਕੇ ਇਕ ਬਹੁ ਭਾਸ਼, ਬਹੁ ਸਭਿਆਚਾਰਕ ਤੇ ਬਹੂ ਧਰਮੀ ਹਿੰਦੁਸਤਾਨ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ। ਬ੍ਰਿਟਿਸ਼ ਪਾਰਲੀਮੈਂਟ ਨੇ ਜੁਲਾਈ 1947 ਵਿਚ ‘ਇੰਡੀਅਨ ਇੰਡੀਪੈਂਡੈਂਸ ਐਕਟ’ ਪਾਸ ਕਰ ਕੇ ਭਾਰਤ ਤੇ ਪਾਕਿਸਤਾਨ ਦੀ ਵੰਡ ਦਾ ਰਾਹ ਪੱਧਰਾ ਕਰ ਦਿੱਤਾ। ਇਹ ਐਕਟ 14–15 ਅਗਸਤ 1947 ਦੀ ਅੱਧੀ ਰਾਤ ਨੂੰ ਬਾਰਾਂ ਵਜੇ ਲਾਗੂ ਹੋਣਾ ਸੀ। ਇਸ ਤਰ੍ਹਾਂ ਦੋ ਭਰਾਵਾਂ ਦੇ ਆਂਗਣ ਵਿਚਕਾਰ ਗੁਜਰਾਤ, ਰਾਜਸਥਾਨ, ਪੰਜਾਬ, ਜੰਮੂ ਕਸ਼ਮੀਰ ਤੱਕ ਤੇਤੀ ਸੌ ਕਿਲੋਮੀਟਰ ਤੋਂ ਵੱਧ ਲੰਮੀ ਲਕੀਰ ਵਾਹ ਦਿੱਤੀ ਗਈ। ਇਸ ਲਕੀਰ ਨੇ ਕਸ਼ਮੀਰ, ਬੰਗਾਲ ਅਤੇ ਪੰਜਾਬ ਦੇ ਦੋ–ਦੋ ਹਿੱਸੇ ਕਰ ਦਿੱਤੇ। ਲਾਹੌਰ ਅੰਮ੍ਰਿਤਸਰ ਨੂੰ ਮਿਲਾਉਣ ਵਾਲੀ ਜੀ. ਟੀ. ਰੋਡ ਅਤੇ ਰੇਲਵੇ ਲਾਈਨਾਂ ਵਿਚਕਾਰ ਵਾਹਗਾ ਅਤੇ ਅਟਾਰੀ ਦੇ ਪਿੰਡਾਂ ਦੀ ਭੂਗੋਲਿਕ ਹੱਦ ਕੌਮਾਂਤਰੀ ਸਰਹੱਦ ਬਣ ਗਈ। ਵਾਹਗਾ ਪਾਕਿਸਤਾਨ ਵੱਲ ਚਲਾ ਗਿਆ ਤੇ ਅਟਾਰੀ ਭਾਰਤ ਦੇ ਹਿੱਸੇ ਆਇਆ। ਸੰਸਾਰ ਦੇ ਜੁਗਰਾਫ਼ੀਏ ਤੇ ਪਾਕਿਸਤਾਨ ਨਾਂ ਦਾ ਨਵਾਂ ਮੁਲਕ ਹੋਂਦ ਵਿੱਚ ਆ ਗਿਆ। ਇਹ ਵੰਡ ਆਬਾਦੀ ਦੇ ਆਧਾਰ ’ਤੇ ਨਹੀਂ ਸਗੋਂ ਧਰਮ ਦੇ ਅਧਾਰ ’ਤੇ ਕੀਤੀ ਗਈ। ਪਹਿਲੀ ਖ਼ਬਰ ਅਨੁਸਾਰ ਲਾਹੌਰ

ਭਾਰਤ ਦੇ ਹਿੱਸੇ ਆਇਆ ਸੀ ਤੇ ਫ਼ਿਰੋਜ਼ਪੁਰ ਪਾਕਿਸਤਾਨ ਨੂੰ ਦਿੱਤਾ ਗਿਆ ਸੀ। ਐਨ ਅਖ਼ੀਰਲੇ ਮੌਕੇ ਸ਼ਾਸਕਾਂ ਦੇ ਮਨ ਇਹ ਗੱਲ ਆਈ ਕਿ ਪਾਕਿਸਤਾਨ ਨੂੰ ਵੱਡਾ ਕੋਈ ਸ਼ਹਿਰ ਨਸੀਬ ਨਹੀਂ ਹੋਇਆ, ਇਸ ਲਈ ਲਾਹੌਰ ਦੀ ਵਾਗਡੋਰ ਪਾਕਿਸਤਾਨ ਨੂੰ ਪਕੜਾ ਦਿੱਤੀ ਗਈ ਤੇ ਫ਼ਿਰੋਜ਼ਪੁਰ ਭਾਰਤ ਨੂੰ। ਇਸ ਵੰਡ ਦੀ ਖ਼ਬਰ ਨੇ ਹਿੰਦੂ ਸਿੱਖਾਂ ਵਿਚ ਭਾਜੜ ਪਾ ਦਿੱਤੀ, ਜਿਸ ਨਾਲ ਪਾਕਿਸਤਾਨ ਵਿਚ ਵੱਸਦੇ ਲੱਖਾਂ ਹਿੰਦੂਆਂ ਸਿੱਖਾਂ ਨੂੰ ਉੱਜੜ ਕੇ ਭਾਰਤ ਆਉਣਾ ਪਿਆ ਤੇ ਲੱਖਾਂ ਮੁਸਲਮਾਨਾਂ ਨੂੰ ਭਾਰਤ ਵਿਚੋਂ ਵੱਸਦੇ ਰਸਦੇ ਘਰ ਛੱਡ ਕੇ ਪਾਕਿਸਤਾਨ ਜਾਣ ਲਈ ਮਜਬੂਰ ਹੋਣਾ ਪਿਆ। ਇਸ ਸਮੇਂ ਵਾਹਗਾ ਸਰਹੱਦ ਦੇ ਦੋਵੇਂ ਪਾਸੇ ਹੈਵਾਨੀਅਤ ਦਾ ਨੰਗਾ ਨਾਚ ਹੋਇਆ। ਗੁਰੂਆਂ, ਪੀਰਾਂ ਤੇ ਵਾਰਸ ਸ਼ਾਹ, ਬੁੱਲੇ ਸ਼ਾਹ ਵਰਗੇ ਫੱਕਰਾਂ ਦੀ ਧਰਤੀ ਬੇਦੋਸ਼ੇ ਲੋਕਾਂ ਦੇ ਖ਼ੂਨ ਨਾਲ ਰੰਗੀ ਗਈ। ਆਪਣੇ ਵੱਡੇ-ਵੱਡੇ ਘਰ, ਮਹਿਲ ਮੁਨਾਰੀਆਂ ਪਾ ਕੇ ਬੈਠੇ ਬਹੁਤ ਸਾਰੇ ਹਿੰਦੂ-ਸਿੱਖ ਜ਼ਿੰਮੀਦਾਰ, ਅਮੀਰ ਵਜ਼ੀਰ ਆਪਣੇ ਤੰਗੜ ਤੱਪੜ ਸਮੇਤ ਵਾਹਗਾ ਟੱਪ ਗਏ।

ਦਸ-ਪੰਦਰਾਂ ਲੱਖ ਦੇ ਕਰੀਬ ਮੁਸਲਮਾਨ, ਹਿੰਦੂ, ਸਿੱਖ ਫਿਰਕਾਪ੍ਰਸਤੀ ਦੀ ਭੱਠੀ ਵਿਚ ਝੁਲਸ ਗਏ। ਇਸ ਵਟਾਦਰੇ ਵਿਚ ਚੁਤਾਲੀ ਲੱਖ ਮੁਸਲਮਾਨ ਭਾਰਤ ਤੋਂ ਉਜਾੜ ਕੇ ਪਾਕਿਸਤਾਨ ਧੱਕੇ ਗਏ ਤੇ ਲਗਪਗ ਏਨੇ ਹਿੰਦੂ ਸਿੱਖ ਉਧਰੋਂ ਹਿਜਰਤ ਕਰ ਕੇ ਇੱਧਰ ਆਏ। ਵਤਨਾਂ ਵਾਲੇ ਬੇਵਤਨੇ ਹੋ ਗਏ, ਘਰਾਂ ਵਾਲੇ ਬੇਘਰੇ ਸ਼ਰਨਾਰਥੀ ਬਣ ਗਏ। ਬਹੁਤ ਨਿਕਰਮੇ ਪੁੱਤਾਂ ਵਾਲੇ ਨਿਪੁੱਤੇ ਹੋ ਗਏ। ਕਈ ਬਜ਼ੁਰਗ ਜੋ ਆਪਣਿਆਂ ਨੂੰ ਗੁਆ ਕੇ ਇੱਧਰ-ਉੱਧਰ ਵੱਟੇ ਗਏ, ਹੁਣ ਤੱਕ ਯਾਦ ਕਰਦੇ ਹੰਝੂ ਕੇਰਦੇ ਰਹਿੰਦੇ ਹਨ। ਉਨ੍ਹਾਂ ਦੇ ਹਉਕੇ ਵੇਖਣ ਸੁਣਨ ਵਾਲੇ ਦੁਸ਼ਮਣਾਂ ਦੇ ਦਿਲ ਵੀ ਪਸੀਜ ਦਿੰਦੇ ਹਨ। ਜਿਹੜੇ ਲੋਕ ਉਸ ਵੇਲੇ ਜੁਆਨ ਸਨ, ਹੁਣ 90-95 ਸਾਲਾਂ ਦੇ ਬਜ਼ੁਰਗ ਹੋਏ ਹਯਾਤੀ ਦੀ ਸਦੀ ਛੂਹਣ ਵਾਲੇ ਹਨ। ਬਹੁਤੇ ਤਾਂ ਆਪਣੀ ਅਵਧ ਪੁਗਾ ਕੇ ਰੋਂਦੇ ਚੀਕਦੇ ਧੁਰ ਦੀ ਗੱਡੀ ਚੜ੍ਹ ਗਏ। ਬਾਕੀ ਰਹਿੰਦੇ ਜਿਉਂ ਜਿਉਂ ਆਪਣੀਆਂ ਦਰਦ ਭਰੀਆਂ ਕਥਾਵਾਂ ਸੁਣਾਉਂਦੇ, ਤਿਉਂ-ਤਿਉਂ ਸਾਡਾ ਦਿਲ ਉਨ੍ਹਾਂ ਦੀਆਂ ਪੁਰਾਣੀਆਂ ਪੈੜਾਂ ਨੱਪਣ ਖਾਤਰ ਪਾਕਿਸਤਾਨ ਵੇਖਣ ਨੂੰ ਲਲਚਾ ਜਾਂਦਾ ਸੀ।

ਅਣਵੰਡੇ ਪੰਜਾਬ ਦੇ ਸਾਂਝੇ ਸਮਾਜ ਦੇ ਆਪਸੀ ਭਾਈਚਾਰਕ ਰਿਸ਼ਤਿਆਂ ਵਿਚ ਇਕ ਦਮ ਦਰਾੜਾਂ ਪ੍ਰਗਟ ਹੋ ਗਈਆਂ। ਇਕ ਨਿਸ਼ਚਿਤ ਭਵਿੱਖ ਦਾ ਡਰ ਦੂਰ ਦੁਰਾਡੇ ਹੋਏ ਭਾਈਚਾਰੇ ਦੇ ਨੇਤਾਵਾਂ ਦੇ ਵਿਚਕਾਰ ਸੰਚਾਰ ਦੀ ਘਾਟ, ਬਰਤਾਨਵੀ ਸਰਕਾਰ ਦਾ ਪਤਨ ਅਥਾਰਿਟੀ ਅਤੇ ਸਰਕਾਰੀ ਸੰਸਥਾਵਾਂ ਅਤੇ ਕਰਮਚਾਰੀਆਂ ਦੇ ਸਤਰਕ ਨਾ ਹੋਣ ਕਾਰਨ ਸਮਾਜਿਕ ਅਤੇ ਰਾਜਨੀਤਿਕ ਮਾਹੋਲ ਅਸਥਿਰ ਹੋ ਗਿਆ। ਇਸ ਵਿਚੋਂ ਸ਼ੱਕ ਅਤੇ ਡਰ ਪੈਦਾ ਹੋਇਆ। ਆਮ ਲੋਕ ਅਜਿਹੀਆਂ ਸਥਿਤੀਆਂ ਵਿਚ ਕ੍ਰਿਆ ਅਤੇ ਵਧੇਰੇ ਪ੍ਰਤੀਕਿਰਿਆ ਦਾ ਇਰਾਦਾ ਧਾਰਦੇ ਹਨ ਜਿਸ ਕਾਰਨ ਅਣਇੱਛਤ ਨਤੀਜੇ ਨਿਕਲਦੇ ਸਨ। ਇਸ ਨਾਲ ਸਥਿਤੀ ਵਿਗੜਦੀ ਗਈ। ਅੰਤ ਵਿਚ ਇੰਡੀਆ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਮਨੁੱਖੀ ਤਰਾਸਦੀ ਵਾਪਰ ਗਈ ਜਿਸ ਵਿਚ ਲਹੂ ਭਿੱਜੀਆਂ ਕਬਰਾਂ ਚੋ ਪਈਆਂ ਤੇ ਘਰ-ਘਰ ਵੈਣ ਤੇ ਸੱਥਰ ਵਿਛ ਗਏ। ਇਨਸਾਨੀਅਤ ਹੈਵਾਨੀਅਤ ਬਣ ਕੇ ਸ਼ਰੇਆਮ ਨੱਚੀ। ਹਿੰਦੁਸਤਾਨ ਦੇ ਭੂਗੋਲਿਕ ਬਟਵਾਰੇ ਦੀ ਪ੍ਰਕਿਰਿਆ ਵਿਚ ਪੰਜਾਬ ਦਾ ਜ਼ਿਆਦਾ ਪ੍ਰਤੀਸ਼ਤ ਭਾਰਤ ਦੇ ਹਿੱਸੇ ਤੇ ਬਾਕੀ ਪਾਕਿਸਤਾਨ ਦੇ ਹਿੱਸੇ ਆਇਆ। ਇਸ ਘੱਲੂਘਾਰੇ ਦਾ ਸਭ ਤੋਂ ਜ਼ਿਆਦਾ ਕਸ਼ਟ ਅੰਮ੍ਰਿਤਸਰ ਅਤੇ ਲਾਹੌਰ ਸ਼ਹਿਰਾਂ ਨੇ ਆਪਣੇ ਹੱਡਾਂ ਪੈਰਾਂ ਸਿਰਾਂ 'ਤੇ ਝੱਲਿਆ। ਲੋਕਾਂ ਦੀ ਹਿਜਰਤ ਤੇ ਸਮਾਨ ਦੀ ਢੋਆ-ਢੁਆਈ ਕਈ ਮਹੀਨੇ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਵੰਡ ਦੇ ਉਹ ਆਖਰੀ ਅਠਤਾਲੀ ਘੰਟੇ ਵਫ਼ਾਦਾਰੀਆਂ ਦੀ ਇਕ ਡਾਢੀ ਮੁਸ਼ਕਲ ਅਜ਼ਮਾਇਸ਼ ਸੀ। ਕਿਧਰੇ ਦੋਸਤਾਂ ਨੇ ਦੋਸਤ-ਮਾਰ ਕੀਤੀ ਤੇ ਕਿਧਰੇ ਦੁਸ਼ਮਣਾਂ ਨੇ ਮਨੁੱਖਤਾ ਦੇ ਨਾਮ ਤੇ ਦੁਸ਼ਮਣਾਂ ਦੀਆਂ ਜਾਨਾਂ ਬਚਾਈਆਂ। ਇਹ ਕੁੱਝ ਹਫ਼ਤੇ ਤੇ ਦਿਨ ਕਿੰਨੀਆਂ ਘਿਣਾਉਣੀਆਂ ਇਬਾਰਤਾਂ ਲੁਕਾਈ ਬੈਠੇ ਹਨ। ਮੱਕਾਰ ਗੋਰੀ ਸਰਕਾਰ ਵੱਲੋਂ ਜਾਂਦੇ-ਜਾਂਦੇ ਪੈਦਾ ਕੀਤੀ ਇਹ ਭਰਾ ਮਾਰੂ ਜੰਗ, ਖਾਨਾਜੰਗੀ, ਧੜੇ ਬੰਧਕ ਤਿਗੜਮਬਾਜ਼ੀ ਤੇ ਸਮਾਜਿਕ ਅਫ਼ਰਾ ਤਫ਼ਰੀ ਦਾ ਸਿਖਰ ਹੋ ਕੇ ਨਿੱਬੜਿਆ।

ਕਿਹਾ ਜਾਂਦਾ ਹੈ ਕਿ ਮੁਹੰਮਦ ਜਿਨਾਹ ਨੇ ਸਿੰਘਾਂ ਨੂੰ ਸਾਂਝਾ ਪੰਜਾਬ ਦੀ ਪੇਸ਼ਕਸ਼ ਕਰ ਕੇ ਪਾਕਿਸਤਾਨ ਵੱਲ ਚਲਣ ਦੀ ਸਲਾਹ ਦਿੱਤੀ ਪਰ ਸਿੱਖਾਂ ਨੇ ਭਾਰਤ ਵੱਲ ਜਾਣ ਦੀ ਤਰਜੀਹ ਕੀਤੀ ਕਿਉਂਕਿ ਉਨ੍ਹਾਂ ਨੂੰ ਨਿਰੋਲ ਇਸਲਾਮਿਕ ਲੀਹਾਂ ਤੇ ਬਣਨ ਵਾਲੇ ਪਾਕਿਸਤਾਨ ਦੀਆਂ ਨੀਤੀਆਂ ਤੋਂ ਸੁਖਾਵੀ ਸੰਪਰਦਾਈ ਆਸ ਨਹੀਂ ਸੀ। ਦੂਜੇ ਪਾਸੇ

ਜਵਾਹਰ ਲਾਲ ਨਹਿਰੂ ਤੋਂ ਸਿੱਖਾਂ ਨੂੰ ਪੂਰਨ ਆਸ ਸੀ। ਨਹਿਰੂ ਨੇ ਸਿੱਖਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਨਹਿਰੂ ਤੇ ਮਾਸਟਰ ਤਾਰਾ ਸਿੰਘ ਦੀ ਸਿਆਸੀ ਦੋਸਤੀ ਤੋਂ ਸਿੱਖ ਲਾਹਾ ਲੈਣਾ ਚਾਹੁੰਦੇ ਸਨ। ਨਹਿਰੂ ਸਿੱਖ ਲੀਡਰਾਂ ਨੂੰ ਭਰੋਸਾ ਦਿਵਾਉਂਦਾ ਰਿਹਾ ਕਿ ਉਨ੍ਹਾਂ ਨੂੰ ਆਜ਼ਾਦ ਭਾਰਤ ਦੀ ਸੱਤਾ ਵਿਚ ਬਰਾਬਰ ਹਿੱਸਾ, ਚੰਗਾ ਮਾਣ ਸਨਮਾਨ ਤੇ ਸਾਰੇ ਹੱਕ ਹਕੂਕ ਮਿਲਣਗੇ।

ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ, ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ। ਸਿੱਖ ਵਿਚ-ਵਿਚਾਲੇ ਲਟਕਦੇ ਰਹਿ ਗਏ। ਉਹ ਮਜਬੂਰਨ ਆਪਣੀਆਂ ਜੜ੍ਹਾਂ, ਦਿਲ ਦਿਮਾਗ਼ ਉੱਧਰ ਛੱਡ ਕੇ ਖਾਲੀ ਲੋਥਾਂ ਲੈ ਕੇ ਵਾਹਗੇ ਵਾਲੀ ਲੀਕ ਟੱਪ ਗਏ। ਕਸ਼ਮੀਰ ਦਾ ਇਕ ਹਿੱਸਾ ਮਕਬੂਜ਼ਾ ਕਸ਼ਮੀਰ ਪਾਕਿਸਤਾਨ ਵੱਲ ਤੇ ਬਾਕੀ ਭਾਰਤ ਦੇ ਹਿੱਸੇ ਬਚਿਆ ਰਿਹਾ ਜੋ ਹੁਣ ਤੱਕ ਦੋਹਾਂ ਦੇਸ਼ਾਂ ਵਿਚਕਾਰ ਕਈ ਲੜਾਈਆਂ ਦੀ ਜੜ੍ਹ ਬਣਿਆ ਪਿਆ ਹੈ। ਪੰਜਾਬੀਆਂ ਨੂੰ ਆਪਣੇ ਅਸਲੀ ਹੱਕ ਲੈਣ ਖ਼ਾਤਰ ਕਿੰਨੇ ਮੋਰਚੇ, ਭੁੱਖ ਹੜਤਾਲਾਂ ਤੇ ਮਰਨ ਵਰਤ ਰੱਖਣੇ ਪਏ। ਮਾਸਟਰ ਤਾਰਾ ਸਿੰਘ, ਫਤਿਹ ਸਿੰਘ, ਪ੍ਰਕਾਸ਼ ਸਿੰਘ ਬਾਦਲ ਆਦਿ ਆਗੂਆਂ ਦੀਆਂ ਝੂਠੀਆਂ ਨੌਟੰਕੀਆਂ ਤੇ ਖੋਖਲੇ ਇਕਰਾਰ ਸ਼ਰੀਫ਼ ਸਿੱਖਾਂ ਨੂੰ ਰਾਜਨੀਤਕ ਵੇਲਣੇ ਵਿਚ ਪੀੜਦੇ ਆਪਣੀਆਂ ਸ਼ੁਹਰਤਾਂ ਤੇ ਮੁਲਾਹਜੇਦਾਰੀਆਂ ਪੁਗਾਉਂਦੇ ਰਹੇ। ਅਨੇਕਾਂ ਕਸ਼ਟ ਝੱਲ ਕੇ ਕਈ ਸੱਤਿਆਗ੍ਰਹਿ ਕਰ ਕੇ, ਜੇਲ੍ਹਾਂ ਭਰ ਕੇ ਪੰਜਾਬੀ ਸੂਬਾ ਦੀ ਹੋਂਦ ਅਸਲੀਅਤ ਵਿਚ ਬਦਲੀ। ਇਸ ਵਿਚੋਂ ਬਹੁਤ ਪੰਜਾਬੀ ਬੋਲਦੇ ਇਲਾਕੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਨੂੰ ਦੇ ਕੇ ਪੰਜਾਬ ਨੂੰ ਅੱਧਾ ਅਧੂਰਾ ਕਰ ਦਿੱਤਾ ਗਿਆ। ਹਰਿਆਣਾ ਤੇ ਹਿਮਾਚਲ ਨੂੰ ਬੈਠੇ ਬਿਠਾਏ ਮੁਕੰਮਲ ਖ਼ੁਦਮੁਖ਼ਤਾਰੀ ਵਾਲੀਆਂ ਸਟੇਟਾਂ ਮਿਲ ਗਈਆਂ।

### *ਵਾਹਗਾ ਸਰਹੱਦ ਦਾ ਗੇਟ*

ਭਾਰਤ ਦੀ ਪੱਛਮੀ ਸਰਹੱਦ 'ਤੇ ਖੜਾ ਇਹ ਵੱਡਾ ਸੁੰਦਰ ਬੁਲੰਦ 'ਗੇਟ ਵੇ ਆਫ਼ ਇੰਡੀਆ' ਭਾਰਤ ਦੀ ਆਜ਼ਾਦੀ ਦਾ ਪ੍ਰਤੀਕ ਤੇ ਝੰਡਾਬਰਦਾਰ ਹੈ। ਭਾਰਤ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਇਸ ਵਾਹਗਾ ਗੇਟ 'ਤੇ ਖੜ੍ਹੇ ਮੁਸਕਰਾ ਰਹੇ ਹਨ। 1947 ਦੀ ਭਾਰਤ ਪਾਕ ਵੰਡ ਸਮੇਂ ਅਟਾਰੀ ਤੋਂ ਅੱਗੇ ਵਾਹਗਾ ਪਿੰਡ ਲਾਗੇ ਇਹ ਅੰਤਰਰਾਸ਼ਟਰੀ ਹੱਦ ਨੀਯਤ ਹੋਈ। ਪੰਜਾਬ ਦੇ ਦੋ ਟੁਕੜੇ ਹੋ ਗਏ। ਅੰਮ੍ਰਿਤਸਰ ਤੋਂ ਲਾਹੌਰ ਜਾਂਦੀ ਰੇਲਵੇ ਲਾਈਨ ਤੇ ਜੀ. ਟੀ. ਰੋਡ ਵਾਹਗੇ ਆ ਕੇ ਕੱਟੀਆਂ ਗਈਆਂ। ਉਸ ਪਾਰ ਦਾ ਇਲਾਕਾ ਪੱਛਮੀ ਪੰਜਾਬ ਪਾਕਿਸਤਾਨੀ ਪੰਜਾਬ ਬਣ ਗਿਆ ਤੇ ਇੱਧਰ ਪੂਰਬੀ ਪੰਜਾਬ ਭਾਰਤ ਦੇ ਹਿੱਸੇ ਆਇਆ। ਸਦੀਆਂ ਤੋਂ ਇਕੱਠੇ ਹੱਸਦੇ ਰਸਦੇ ਹਿੰਦੂ ਮੁਸਲਿਮ ਸਿੱਖ ਇਸਾਈ ਸਾਰੇ ਦੋ ਦੇਸ਼ਾਂ ਵਿਚਕਾਰ ਵੰਡੇ ਗਏ। ਦੋਹਾਂ ਵਿਚਕਾਰਲਾ ਇਹ ਗੇਟ ਦੋਹਾਂ ਦੇਸ਼ਾਂ ਦੇ ਖੁਦਮੁਖਤਿਆਰ ਲੋਕਤੰਤਰ ਦਾ ਪ੍ਰਤੀਕ ਕਸਟੋਡੀਅਨ ਹੈ।

ਹੁਣ ਪੰਜਾਬ ਸਿੰਘ ਜਦ ਕਦੇ ਇਸ ਅੰਤਰਰਾਸ਼ਟਰੀ ਗੇਟ ਦੇ ਮੂੰਢ ਬੈਠ ਕੇ ਆਪਣੀ ਕਹਾਣੀ ਸੁਣਾਉਂਦਾ ਹੈ, ਉਸ ਨਾਲ ਸੁਣਨ ਵਾਲਾ ਤੇ ਸੁਣਾਉਣ ਵਾਲਾ ਦੋਵੇਂ ਭਾਵਕ ਹੋ ਜਾਂਦੇ ਭੁੱਬਾਂ ਮਾਰ ਕੇ ਰੋਣ ਲੱਗਦੇ ਹਨ। ਕੀ ਸੋਚਿਆ ਸੀ! ਕੀ ਹੋ ਗਿਆ। ਇਹ ਵਿਸ਼ਾਲ ਪੰਜਾਬ ਜੋ ਰਿਗੁ ਵੇਦ ਸਮੇਂ ਸਪਤ ਸਿੰਧੂ ਸਤ ਨਦੀਆਂ ਯਮੁਨਾ, ਸਤਲੁਜ, ਬਿਆਸ, ਰਾਵੀ, ਝਨਾਂ, ਜਿਹਲਮ ਸਿੰਧ ਦਾ ਦੇਸ ਕਿਹਾ ਜਾਂਦਾ ਸੀ, ਚੰਦਰ ਗੁਪਤ ਮੋਰੀਆ ਦੇ ਜ਼ਮਾਨੇ ਤੱਕ ਪੰਚ ਨਦ ਯਾਨੀ ਕਿ ਸਤਲੁਜ ਤੋਂ ਲੈ ਕੇ ਹਿੰਦੂਕੁਸ ਤੱਕ ਨਦੀਆਂ ਵਿਚਕਾਰ ਸੁੰਗੜ ਗਿਆ। ਮੁਗਲਾਂ ਵੇਲੇ ਇਹ ਪੰਜ ਆਬ ਸਤਲੁਜ, ਬਿਆਸ, ਰਾਵੀ, ਝਨਾਂ, ਤੇ ਜਿਹਲਮ ਦੀ ਧਰਤੀ ਪੰਜਾਬ ਬਣ ਗਈ। ਸਿੱਖ ਰਾਜ ਸਮੇਂ ਦਾ ਪੰਜਾਬ ਸਭ ਤੋਂ ਵੱਡਾ ਪੰਜਾਬ ਸੀ ਜਿਸ ਦੇ ਛੇ ਸੂਬੇ ਸਨ, ਮੁਲਤਾਨ, ਰਾਵਲਪਿੰਡੀ, ਪੇਸ਼ਾਵਰ, ਕਸ਼ਮੀਰ, ਲਾਹੌਰ ਤੇ ਸੂਬਾ ਸਰਹਿੰਦ। ਉਸ ਤੋਂ ਬਾਦ ਬਹੁਤ ਵੇਰਾਂ ਪੰਜਾਬ ਸਿੰਧ ਦੀ ਕਾਟ ਛਾਂਟ ਹੁੰਦੀ ਰਹੀ। 1849 ਵਿਚ ਇਸ ਨਾਲੋਂ ਕਸ਼ਮੀਰ ਦਾ ਤੋੜ ਵਿਛੋੜਾ ਹੋ ਗਿਆ। 1901 ਵਿਚ ਉਤਰ ਪੱਛਮੀ ਸਰਹਿੰਦ ਦਾ ਸੂਬਾ ਵੱਖ ਹੋ ਗਿਆ ਤੇ 1911 ਵਿਚ ਦਿੱਲੀ ਕੱਟ ਕੇ ਪਾਸੇ ਕਰ ਦਿੱਤੀ ਗਈ। 1947 ਵਿਚ ਪੱਛਮੀ ਪੰਜਾਬ ਦਾ ਪਾਕਿਸਤਾਨ ਬਣਾ ਦਿੱਤਾ ਗਿਆ ਤੇ ਪੂਰਬੀ ਪੰਜਾਬ ਹਿੰਦੁਸਤਾਨ ਦੇ ਹਿੱਸੇ ਆ ਗਿਆ। ਇੱਥੇ ਹੀ ਅਜੇ ਬੱਸ ਨਹੀਂ ਹੋਈ। 1947 ਤੋਂ ਬਾਅਦ ਪਹਾੜੀ ਰਿਆਸਤਾਂ

ਵਿਚੋਂ ਹਿਮਾਚਲ ਪ੍ਰਦੇਸ਼ ਬਣਾ ਦਿੱਤਾ ਗਿਆ। ਪੰਜਾਬ ਦਾ ਚੀਫ਼ ਮਨਿਸਟਰ ਪਰਤਾਪ ਸਿੰਘ ਕੈਰੋਂ ਇਸ ਸੁੰਦਰ ਸੁਹਣੇ ਪੰਜਾਬ ਨੂੰ ਮਥਰਾ ਗਵਾਲੀਅਰ ਤੱਕ ਮਹਾਂ ਪੰਜਾਬ ਬਣਾਉਣਾ ਲੋਚਦਾ ਸੀ ਪਰ ਅਕਾਲੀਆਂ ਦੇ ਮੋਰਚਿਆਂ ਨੇ 1966 ਵਿਚ ਇਸ ਦੇ ਚਾਰ ਟੁਕੜੇ ਕਰਾ ਦਿੱਤੇ। ਹਰਿਆਣਾ, ਹਿਮਾਚਲ, ਚੰਡੀਗੜ੍ਹ ਕੇਂਦਰ ਕੱਢ ਕੇ ਚੌਥਾ ਕੇਵਲ ਦੋ ਦਰਿਆਵਾਂ ਦੇ ਦੋਆਬ ਪੰਜਾਬ ਦੇ ਹਿੱਸੇ ਰਹਿ ਗਿਆ। ਹੁਣ ਉਪਰਲੇ ਡਾਢਿਆਂ ਦੀ ਪੰਜਾਬ ਦੇ ਪਾਣੀਆਂ ਤੇ ਵੀ ਅੱਖ ਹੈ। ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ। ਇਕ ਭਰਾ ਪੱਛਮੀ ਪੰਜਾਬ ਤਾਂ ਅੱਡ ਹੋ ਕੇ ਸਦੀਵੀ ਤੌਰ ਤੇ ਦੁਸ਼ਮਣ ਗਵਾਂਢੀ ਵਾਂਗ ਵਿਚਰ ਰਿਹਾ ਹੈ ਤੇ ਇੱਧਰਲੇ ਦੇ ਅੱਗੇ ਹੋਰ ਵੱਖਰੀਆਂ ਰਿਆਸਤਾਂ ਬਣ ਕੇ ਕਰੀਬੀ ਸਰੀਕ ਵਰੀਕ ਬਣ ਗਏ।

14-15 ਅਗਸਤ 1947 ਦੀ ਦਰਮਿਆਨੀ ਭਿਆਨਕ ਰਾਤ 48 ਘੰਟਿਆਂ ਦੇ ਲੰਬੇ ਕਹਿਰ ਨੇ ਡੇਢ ਕਰੋੜ ਤੋਂ ਵਧੀਕ ਹਿੰਦੂ ਸਿੱਖ ਮੁਸਲਮਾਨਾਂ ਨੂੰ ਆਪਣੇ ਵੱਸਦੇ ਰਸਦੇ ਘਰ ਘਾਟ ਛੱਡ ਕੇ ਦੂਸਰੇ ਨਵਜੰਮੇ ਦੇਸ਼ ਵੱਲ ਪ੍ਰਸਤੁਤ ਹੋਣਾ ਪਿਆ ਸੀ। ਇਹ ਬੇਗੁਨਾਹ ਨੌਜੁਆਨ, ਬੱਚੇ, ਬੁੱਢੇ, ਮਰਦ, ਔਰਤਾਂ ਬੇਕਸੂਰ ਵਿਚਾਰੇ ਇਸ ਵੰਡ ਦੀ ਭੇਟ ਚੜ੍ਹੇ ਸਨ। ਇਸ ਆਜ਼ਾਦੀ ਬਟਵਾਰੇ ਸਮੇਂ ਕੁੱਝ ਸਿਆਸੀ ਚੌਧਰੀਆਂ ਦੀ ਹਉਮੈ ਖਾਤਰ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ। ਆਮ ਨਾਗਰਿਕ ਦੋਹਾਂ ਪੁੜਾਂ ਥੱਲੇ ਘੁਣ ਵਾਂਗ ਪਿਸ ਗਿਆ। ਜ਼ਮੀਨਾਂ ਜਾਇਦਾਦਾਂ ਦਾ ਵਿਨਾਸ਼ ਹੋਇਆ। ਬੇਗਿਣਤ ਔਰਤਾਂ ਨਾਲ ਬੇਹੁਰਮਤੀ ਬਲਾਤਕਾਰ ਹੋਇਆ। 1947 ਤੋਂ ਬਾਦ ਹਿੰਦੁਸਤਾਨ ਤੇ ਪਾਕਿਸਤਾਨ ਵਿਚਕਾਰ ਹੁਣ ਤੱਕ ਕਈ ਜੰਗਾਂ ਹੋਈਆਂ। ਅੱਸੀ ਹਜ਼ਾਰ ਤੋਂ ਵਧੇਰੇ ਫ਼ੌਜੀ ਜਵਾਨ ਸ਼ਹੀਦ ਹੋਏ ਤੇ ਇਕ ਲੱਖ ਤੋਂ ਵੱਧ ਜੰਗੀ ਕੈਦੀ ਹੋਏ। ਸੈਂਕੜੇ ਸਾਲਾਂ ਤੋਂ ਇਕੱਠੇ ਰਹਿੰਦੇ ਆ ਰਹੇ ਹਿੰਦੂ, ਮੁਸਲਮਾਨ ਤੇ ਸਿੱਖ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ। ਔਰਤਾਂ ਦੀ ਪੱਤਾਂ ਰੋਲੀਆਂ ਗਈਆਂ, ਜਵਾਨ ਬਜ਼ੁਰਗ, ਬੱਚੇ ਅਤੇ ਔਰਤਾਂ ਨੂੰ ਮੂਲੀਆਂ ਗਾਜਰਾਂ ਵਾਂਗ ਕੱਟਿਆ ਗਿਆ।

ਇਹ ਅੰਤਰਰਾਸ਼ਟਰੀ ਸਰਹੱਦ ਪਾਕਿਸਤਾਨ ਤੇ ਹਿੰਦੁਸਤਾਨ ਦੇ ਪੰਜਾਬੀਆਂ ਦੇ ਧਾਰਮਿਕ ਰਸਮ ਰਿਵਾਜ, ਰਹਿਣੀ ਬਹਿਣੀ, ਸਭਿਆਚਾਰ ਤੇ ਆਪਸੀ ਪ੍ਰੇਮ ਪਿਆਰ ਨਾ ਵੰਡ ਸਕੀ। ਕੁੱਝ ਦੇਰ ਬਾਦ ਜਦ 1947 ਦੇ ਵੱਢ ਫੱਟ ਦੇ ਜ਼ਖ਼ਮਾਂ ਤੇ ਕੁੱਝ ਅੰਗੂਰ ਆਇਆ ਤਾਂ ਇਸ ਅੰਤਰਰਾਸ਼ਟਰੀ ਸਰਹੱਦ ਤੇ ਇਕੇਰਾਂ ਫਿਰ ਧੂਤ ਧਮੱਕੇ ਦੇ ਬੱਦਲ ਛਾ ਗਏ। ਪਾਕਿਸਤਾਨ ਇਕ ਭਰਾ ਨਾ ਰਹਿ ਕੇ ਇਕ ਭਿਆਨਕ ਦੁਸ਼ਮਣ ਬਣ ਲਿਆ। 1971 ਵਿਚ ਢਾਕਾ ਬੰਗਲਾ ਦੇਸ਼ ਉਸ ਨਾਲੋਂ ਅੱਡ ਹੋ ਗਿਆ। ਉਸ ਤੋਂ ਬਾਦ ਉਹ ਹਰ ਤਰ੍ਹਾਂ ਦੇ ਆਨੇ ਬਹਾਨੇ ਲੱਭ ਕੇ ਭਾਰਤ ਤੋਂ ਆਪਣੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਹੈ। ਇਸ ਲਈ ਪੰਜਾਬ ਵਿਚ ਜੋ ਪਿਛਲੇ 70 ਸਾਲਾਂ ਤੋਂ ਹੋਇਆ ਹੈ ਜਾਂ ਜੰਮੂ ਕਸ਼ਮੀਰ ਵਿਚ ਅੱਜ ਹੋ ਰਿਹਾ ਹੈ ਇਹ ਪਾਕਿਸਤਾਨ ਦੀ ਉਹੀ ਕਿੜ ਕੱਢਣ ਦਾ ਇਕ ਹਿੱਸਾ ਹਨ। ਮਾੜਾ ਗੁਆਂਢੀ ਰੱਜੇ ਨੂੰ ਦੇਖ ਕੇ ਈਰਖਾ ਕਰਦਾ ਹੈ। ਨਾ ਖਾਣਾ ਨਾ ਖਾਣ ਦੇਣਾ, ਨਾ ਨੱਚਣਾ ਨਾ ਨੱਚਣ ਦੇਣਾ। ਇਸ ਲਈ ਭਾਰਤ ਦੀ ਖ਼ੁਸ਼ਹਾਲੀ ਉਸ ਦੀਆਂ ਅੱਖਾਂ ਵਿਚ ਰੋੜਾ ਬਣ ਕੇ ਰੜਕੀ ਤੇ ਭਾਰਤ ਦਾ ਨੁਕਸਾਨ ਕਰਨ ਲਈ ਉਹ ਹਰ ਸਿੱਧਾ ਅਸਿੱਧਾ ਹਰਬਾ ਵਰਤਣ ਲੱਗਾ।

1965 ਤੇ 1971 ਦੀਆਂ ਲੜਾਈਆਂ ਤੇ ਕਸ਼ਮੀਰ ਦੇ ਭਖਦੇ ਮੁੱਦੇ ਨੇ ਇਹ ਸਾਬਤ ਕਰ ਦਿੱਤਾ ਕਿ ਇਹ ਰਿਸ਼ਤੇ ਤੇ ਸਾਂਝਾਂ ਹੁਣ ਕਦੇ ਵੀ ਦੋਬਾਰਾ ਨਹੀਂ ਜੁੜਨ ਲੱਗੀਆਂ। ਦੋਹਾਂ ਲੜਾਈਆਂ ਵਿਚ ਭਾਰਤੀ ਫ਼ੌਜਾਂ ਇਸੇ ਰਸਤੇ ਹੀ ਪਾਕਿਸਤਾਨੀ ਇਲਾਕੇ ਵਿਚ ਦਾਖ਼ਲ ਹੋਈਆਂ ਸਨ ਤੇ ਪਾਕਿਸਤਾਨੀ ਫ਼ੌਜੀਆਂ ਨੂੰ ਪਿੱਛੇ ਲਾਹੌਰ ਲਾਗੇ ਇੱਛੋਗਿਲ ਕੈਨਾਲ ਤੱਕ ਧੱਕ ਕੇ ਪਿੱਛੇ ਲੈ ਗਈਆਂ ਸਨ। ਇਕ ਪਾਕਿਸਤਾਨੀ ਕਸਬਾ ਡੋਗਰਾਈ ਇਸ ਗੇਟ, ਵਾਹਗੇ ਦੀ ਸਰਹੱਦ ਤੋਂ ਕੋਈ 10-12 ਕਿੱਲੋਮੀਟਰ ਹੈ, ਮੈਂ ਖ਼ੁਦ ਆਪ ਜਾ ਕੇ ਦੇਖਿਆ ਸੀ। ਇੱਥੇ ਭਾਰਤੀ ਫ਼ੌਜੀ, ਟੈਂਕਾਂ ਜਾਂ ਗੱਡੀਆਂ ਜਾਂ ਗੋਲਿਆਂ ਦੇ ਨਿਸ਼ਾਨਾਂ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸੀ ਦਿਸ ਰਿਹਾ। ਭੁੱਖੇ ਮਰਦੇ ਤੜਫਦੇ ਪਸ਼ੂ ਤੇ ਕੁੱਤੇ ਆਵਾਰਾ ਘੁੰਮ ਰਹੇ ਸਨ। ਇਸ ਗੇਟ ਦਾ ਜ਼ਿਹਨ ਬਹੁਤ ਸਬਰ ਵਾਲਾ ਹੈ। ਇਸ ਨੇ ਦੋਹਾਂ ਪਾਸਿਆਂ ਤੋਂ ਬਹੁਤ ਘਸੁੰਨ ਮੁੱਕਿਆਂ ਦੀ ਪੀੜ ਜਰੀ ਹੈ। ਅੰਨ੍ਹਾ ਮਾਰੇ ਅੰਨ੍ਹੀ ਨੂੰ ਘਸੁੰਨ ਵਜੇ ਥੰਮ੍ਹੀ ਨੂੰ ਵਾਂਗ ਇਸ ਨੂੰ ਦੋਹਾਂ ਭਰਾਵਾਂ ਕੋਲੋਂ ਹੁੱਝਾਂ ਪੈਂਦੀਆਂ ਰਹੀਆਂ ਹਨ। ਇਸ ਨੇ ਹਿੱਕ ਵਿਚ ਵੀ ਤੇ ਪਿੱਠ ਵਿਚ ਵੀ ਦੋਹਾਂ ਦੇ ਵਾਰ ਝੱਲੇ ਹਨ। ਦੋਹਾਂ ਦੀਆਂ ਗੋਲ਼ੀਆਂ, ਗੋਲ਼ੇ ਇਸ ਦਾ ਸਰੀਰ ਛਲਨੀ ਕਰਦੇ ਰਹੇ ਹਨ।

ਪੰਜਾਬ ਦੇ ਕੌਮਾਂਤਰੀ ਸੰਤਾਪ ਤੋਂ ਕੁੱਝ ਥੋੜ੍ਹੀ ਜਿਹੀ ਫੁਰਸਤ ਪਾ ਕੇ ਭਾਰਤ ਦੇ ਖ਼ਾਸ ਕਰ ਕੇ ਪੰਜਾਬ ਦੇ ਬੁੱਧੀਜੀਵੀ ਲੇਖਕ ਸਾਹਿੱਤਕਾਰ ਤੇ ਕਲਾਕਾਰਾਂ ਨੇ ਮਨ ਬਣਾਇਆ ਤੇ ਮਸ਼ਵਰਾ ਕੀਤਾ ਕਿ ਪਾਕਿਸਤਾਨੀ ਲੋਕਾਂ ਨੂੰ ਜਾਗਰੂਕ ਕਰ ਕੇ ਉਨ੍ਹਾਂ ਅੰਦਰਲੀ ਪੰਜਾਬੀਅਤ ਹਲੂਣ ਕੇ, ਆਪਣੀਆਂ ਕਲਾਵਾਂ ਦੀ ਸਾਂਝ ਦਾ ਵਾਸਤਾ ਦੇ ਕੇ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਦੇ ਵਿਚਕਾਰ ਕਲੇਸ਼ ਮਿਟਾ ਕੇ ਸ਼ਾਂਤੀ ਤੇ ਪ੍ਰੇਮ ਦਾ ਮਾਹੌਲ ਸਿਰਜਿਆ ਜਾਵੇ। ਸੈਂਕੜਿਆਂ ਦੀ ਗਿਣਤੀ ਵਿਚ ਪੰਜਾਬ ਤੇ ਪੰਜਾਬੀਅਤ ਦੇ ਲੰਬਰਦਾਰ ਤੇ ਮੰਨੇ-ਪ੍ਰਮੰਨੇ ਬੁੱਧੀਜੀਵੀਆਂ ਦੀ ਅਗਵਾਈ ਵਿਚ ਸਰਹੱਦ ’ਤੇ ਜਾ ਕੇ ਉੱਧਰ ਰਹਿੰਦੇ ਪੰਜਾਬੀਆਂ ਨੂੰ ਆਵਾਜ਼ਾਂ ਮਾਰਨ ਦੀ ਰਿਹਰਸਲ ਕਰਨ ਲੱਗੇ।

‘ਵੀਰੋ ਆ ਜਾਓ ਸਾਡੇ ਕੋਲ ਆਓ, ਸਾਡੇ ਨਾਲ ਮਿਲ ਕੇ ਰਹੋ, ਅਸੀਂ ਇਕ ਹਾਂ, ਆਓ ਰਲ ਕੇ ਰਹੀਏ।’ ਕਬਰਾਂ ਵਿਚ ਜਾ ਕੇ ਮੁਰਦਿਆਂ ਨੂੰ ਵਾਜਾਂ ਮਾਰਨ ਵਾਂਗ ਅੱਗੋਂ ਕੋਈ ਵੀ ਉਤਰ ਨਾ ਮਿਲਿਆ। ਜੋ ਵਿਰਲਾ ਆਵਾਜ਼ਾਂ ਹੁੰਗਾਰਾ ਉੱਧਰ ਦੇ ਚੁਣੇ-ਮਿਣੇ ਲੋਕਾਂ ਸਾਹਿਤਕਾਰਾਂ ਨੇ ਭਰਿਆ ਤਾਂ ਉਨ੍ਹਾਂ ਦਾ ਮੂੰਹ ਪਾਕਿਸਤਾਨੀ ਸਰਕਾਰ ਨੇ ਬੰਦ ਕਰ ਦਿੱਤਾ। ਫਿਰ ਉੱਧਰਲੇ ਲੋਕਾਂ ਨੂੰ ਦੋਬਾਰਾ ਹੇਜ ਚੜ੍ਹਿਆ। ਉਨ੍ਹਾਂ ਮੋਮਬਤੀਆਂ ਜਗਾ ਕੇ ਬਾਰਡਰ ਵੱਲ ਮਾਰਚ ਕੀਤਾ। ਉਨ੍ਹਾਂ ਦੀਆਂ ਟੀ. ਵੀ. ਤੇ ਫ਼ੋਟੋ ਆਈਆਂ ਸਨ। ਅਖ਼ਬਾਰਾਂ, ਰੇਡੀਉ ਤੇ ਹੋਰ ਮੀਡੀਆ ਵਿਚ ਕੁੱਝ ਚਰਚਾ ਹੋਈ ਸੀ। ਉਨ੍ਹਾਂ ਦੀਆਂ ਮੋਮਬਤੀਆਂ ਸਰਕਾਰਾਂ ਦਾ ਦਿਲ ਰੌਸ਼ਨ ਨਾ ਕਰ ਸਕੀਆਂ। ਉਨ੍ਹਾਂ ਦੇ ਦਿਲਾਂ ਦੀ ਕੁੜੱਤਣ ਭਰੀ ਮੈਲ ਨਾ ਧੋ ਸਕੀਆਂ। ਏਸੇ ਤਰ੍ਹਾਂ ਉੱਧਰਲੇ ਅਦੀਬ ਵੀ ਨਿਰਾਸ਼ ਪਰਤ ਗਏ।

ਇਹ ਗੇਟ ਪੰਜਾਬ ਨਾਲ ਹੁੰਦੀ ਤ੍ਰਾਸਦਿਕ ਵਰਤਾਵੇ ਦੀ ਸ਼ਹਾਦਤ ਭਰਦਾ ਹੈ। ਫਿਰ ਇਕ ਲਹਿਰ ਚੱਲੀ ਸੀ, ਇਸ ਗੇਟ ਤੇ ਭਾਰਤ ਪਾਕਿਸਤਾਨ ਦੋਸਤੀ ਦੀ ਸਾਂਝ ਦੇ ਫੁੱਲ ਬੂਟੇ ਲਗਾਉਣ ਸਜਾਉਣ ਲਈ। ਗੇਟ ਦੇ ਅੰਦਰ ਪੌਦੇ ਲਗਾਉਣੇ ਸਨ। ਮੇਲਾ ਲੱਗਿਆ ਸੀ, ਕਵੀ ਦਰਬਾਰ ਹੋਇਆ ਸੀ ਦੋਹਾਂ ਪੰਜਾਬਾਂ ਦੀ ਸਾਂਝ ਦੇ ਗੀਤ ਗਾਏ ਗਏ ਸਨ। ਇਸ ਕੰਡਿਆਲੀ ਤਾਰ ਨੇ ਇਕ ਦਿਨ ਫੁੱਲ ਬਣਨਾ ਜਾਂ ‘ਕਦੇ ਚੰਦ ਅਸਮਾਨ ਤੋਂ ਆ ਕੇ ਖੇਡੂ ਸਾਡੇ ਬਾਲਾਂ ਨਾਲ।’ ਵਾਂਗ ਇਕ ਸੁਪਨਾ ਸੀ ਜੋ ਇਕ-ਪਾਸੜ ਹੀ ਪਲਮਦਾ ਰਿਹਾ। ਉੱਪਰਲੇ ਪਾਸਿਉਂ ਕੋਈ ਹੁੰਗਾਰਾ ਨਾ ਆਇਆ। ਉਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੇ ਵੀਜ਼ਾ ਨਹੀਂ ਦਿੱਤਾ। ਇੱਧਰਲੇ ਸ਼ੌਕੀਨਾਂ ਦੇ ਲਗਾਏ ਤੰਬੂ ਕਨਾਤਾਂ ਹਨੇਰੀ ਝੱਖੜ ਉਡਾ ਕੇ ਲੈ ਗਿਆ। ਕੁੱਝ ਲੇਖਕਾਂ ਨੂੰ ਪੁਲਿਸ ਡਾਂਗਾਂ ਖਾਣੀਆਂ ਪਈਆਂ ਪਰ ਹੱਥ ਪੱਲੇ ਕੁੱਝ ਨਾ ਪਿਆ। ਇੰਗਲੈਂਡ ਤੋਂ ਆਇਆ ਨਾਵਲਕਾਰ ਹਰਜੀਤ ਅਟਵਾਲ, ਅੰਮ੍ਰਿਤਸਰ ਤੋਂ ਤਲਵਿੰਦਰ, ਡਾ. ਜੋਗਿੰਦਰ ਕੈਰੋਂ, ਹਰਭਜਨ ਸਿੰਘ ਹੁੰਦਲ, ਚਰਨਜੀਤ ਪੰਨੂ, ਜਲੰਧਰ ਤੋਂ ਜਿੰਦਰ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਤੇ ਕਈ ਹੋਰ ਸਾਹਿੱਤਕਾਰ ਸੱਜਣ ਪੱਕੀ ਸੜਕ ਤੇ ਹੀ ਸ਼ਹੀਦਾ ਦੀ ਲਾਠ ਨੇੜੇ ਮਿੱਟੀ ਦੀਆਂ ਚਾਰ ਮੁੱਠਾਂ ਰੱਖ ਕੇ ਤੀਲ੍ਹਿਆਂ ਵਾਂਗ ਕੁੱਝ ਬੂਟੇ ਗੱਡ ਆਏ ਸੀ। ਗੇਟ ਤੋਂ ਪਾਰਲੇ ਲੋਕਾਂ ਨੂੰ ਪਾਕਿਸਤਾਨੀ ਰੇਂਜਰਾਂ ਨੇ ਜਿਸ ਤਰ੍ਹਾਂ ਡਾਂਗਾਂ ਵਰ੍ਹਾ ਕੇ ਲੰਝੇ ਲੁੱਜੇ ਕਰ ਕੇ ਵਾਪਸ ਦੁੜਾਇਆ, ਉਹ ਵੀ ਅਗਲੇ ਦਿਨ ਅਖ਼ਬਾਰਾਂ ਦੀਆਂ ਮੁਹਰਲੀਆਂ ਸੁਰਖੀਆਂ ਵਿਚ ਪੜ੍ਹਨ ਨੂੰ ਮਿਲ ਗਿਆ ਸੀ। ਫਿਰ ਬਹੁਤ ਦੇਰ ਕਿਸ ਨੇ ਉੱਧਰ ਮੂੰਹ ਕਰਨ ਦੀ ਜੁਰਅਤ ਨਹੀਂ ਕੀਤੀ। ਨਾ ਹੀ ਕੰਡਿਆਲੀ ਤਾਰ ਫੁੱਲ ਬਣੀ ਤੇ ਨਾ ਉਸਨੇ ਕਦੇ ਬਣਨਾ ਹੈ। ਸਾਡੇ ਇਕ-ਪਾਸੜ ਉਪਰਾਲੇ ਕਦੇ ਵੀ ਕੁੱਝ ਨਹੀਂ ਸਵਾਰ ਸਕਦੇ। ਉਸ ਦਿਨ ਭਾਰਤੀ ਰਖਵਾਲਿਆਂ ਨੇ ਅੰਦਰਲੇ ਗੇਟ ਦੀਆਂ ਸੀਖਾਂ ਨੂੰ ਜਾਣ ਬੁਝ ਕੇ ਤਾਜ਼ਾ ਤਾਜ਼ਾ ਕਾਲਾ ਰੰਗ ਲਗਾ ਰੱਖਿਆ ਸੀ ਸ਼ਾਇਦ ਭੀੜ ਰੋਕਣ ਲਈ। ਬਹੁਤ ਦੇਰ ਤੱਕ ਮੇਰੇ ਚਿੱਟੇ ਕਮੀਜ਼ ਦੀ ਜੇਬ ਨਾਲ ਚਿਮਟਿਆ ਇਹ ਰੰਗ ਇਸ ਘਟਨਾ ਨੂੰ ਤਾਜ਼ਾ ਰੱਖਦਾ ਰਿਹਾ।

ਹੁਣ ਵੀ ਚੌਦਾਂ ਪੰਦਰਾਂ ਅਗਸਤ ਹਰ ਸਾਲ ਹਿੰਦੁਸਤਾਨ ਅਤੇ ਪਾਕਿਸਤਾਨ ਦੋਵੇਂ ਦੇਸ਼ ਆਜ਼ਾਦੀ ਦੇ ਜਸ਼ਨ ਮਨਾਉਂਦੇ ਹਨ। ਦੋਹਾਂ ਦੇਸ਼ਾਂ ਦੀਆਂ ਕੁੱਝ ਜਥੇਬੰਦੀਆਂ ਆਪਸੀ ਪ੍ਰੇਮ ਪਿਆਰ ਦੀ ਮੁੜ ਸੁਰਜੀਤੀ ਵਾਸਤੇ ਬੜੀ ਸ਼ਿੱਦਤ ਨਾਲ ਇਮਾਨਦਾਰ ਕੋਸ਼ਿਸ਼ਾਂ ਕਰਦੀਆਂ ਹਨ। ਦਿੱਲੀ ਅਤੇ ਹੋਰ ਥਾਵਾਂ ਤੋਂ ਹਰ ਸਾਲ ਅਮਨ ਸ਼ਾਂਤੀ ਮਾਰਚ ਵਾਹਗਾ ਬਾਰਡਰ ਤੱਕ ਕੱਢੇ ਜਾਂਦੇ ਹਨ। ਵਾਹਗਾ ਸਰਹੱਦ ਗੇਟ ਅਤੇ ਡੇਰਾ ਬਾਬਾ ਨਾਨਕ ਵਿਖੇ ਦੋਵਾਂ ਦੇਸ਼ਾਂ ਵਿਚਕਾਰਲੇ ਮੇਲ ਮਿਲਾਪ ਨੂੰ ਸਮਰਪਿਤ ਲੱਗਦੇ ਮੇਲਿਆਂ ਵਿਚ ਸਤਨਾਮ ਮਾਣਕ, ਰਮੇਸ਼ ਯਾਦਵ, ਕੁਲਦੀਪ ਨਈਅਰ, ਡਾ. ਜਗੀਰ ਸਿੰਘ ਨੂਰ, ਡਾ. ਕੈਰੋਂ, ਹਰਭਜਨ ਹੁੰਦਲ, ਸੁਰਜੀਤ ਪਾਤਰ, ਕੁਲਦੀਪ ਸਿੰਘ ਵਡਾਲਾ, ਪ੍ਰੋ. ਬਲਵਿੰਦਰਪਾਲ ਸਿੰਘ ਆਦਿ ਬਹੁਤ ਸਾਰੇ ਬੁੱਧੀਜੀਵੀ ਤੇ ਸਾਹਿੱਤਕਾਰ ਰਲ ਕੇ ਦੇਸ ਵਿਦੇਸ਼ ਵਿਚ ਯੋਗਤਾ

ਅਨੁਸਾਰ ਆਪਣੀ ਕਲਮ ਅਜ਼ਮਾਉਂਦੇ ਰਹੇ ਹਨ। ਇਨ੍ਹਾਂ ਬਾਰਡਰਾਂ ਉੱਤੇ ਪਿਆਰਾਂ ਦੇ ਗੁਲਦਸਤੇ ਵੰਡਾਏ ਜਾਂਦੇ ਹਨ। ਇਹ ਇਕੱਲਾ ਭਾਰਤ ਵੱਲੋਂ ਹੀ ਨਹੀਂ, ਸਗੋਂ ਪਾਕਿਸਤਾਨ ਦੇ ਬੁੱਧੀਜੀਵੀਆਂ ਵੱਲੋਂ ਵੀ ਸਾਰਥਿਕ ਹੁੰਗਾਰਾ ਦਿੱਤਾ ਜਾ ਰਿਹਾ ਹੈ। ਪੱਛਮੀ ਪੰਜਾਬ ਦੇ ਲੋਕ ਵੀ ਸਦਭਾਵਨਾ ਗੁਲਦਸਤੇ ਲੈ ਕੇ ਇਸ ਕੌਮਾਂਤਰੀ ਸਰਹੱਦ ’ਤੇ ਪਹੁੰਚ ਕੇ ਮੁੜ ਮਿਲਣ ਦੀ ਆਪਣੀ ਸਿੱਕ ਲੋਚਾ ਤਾਂਘ ਪ੍ਰਗਟਾਉਂਦੇ ਦੁਆਵਾਂ ਕਰਦੇ ਹਨ। ਮਾਸ਼ਾ ਅੱਲਾ! ਕਿਸੇ ਚੰਗੇ ਭਲੇ ਵੇਲੇ ਦੀ ਅਰਦਾਸ ਅੱਲਾ ਤਾਲਾ, ਰੱਬ ਪ੍ਰਮਾਤਮਾ ਦੀ ਦਰਗਾਹ ਵਿਚ ਮਨਜ਼ੂਰ ਹੋ ਜਾਵੇ ਤੇ ਇਹ ਸਰਹੱਦ ਆਮ ਅਵਾਮ ਦੇ ਦਿਲਾਂ ਦੀਆਂ ਦੂਰੀਆਂ ਮਿਟਾ ਦੇਵੇ।

ਅੰਦਰਲੇ ਗੇਟ ਤੋਂ ਮੇਰਾ ਮਤਲਬ ਜ਼ੀਰੋ ਲਾਈਨ ਤੇ ਉਹ ਗੇਟ ਹੈ ਜੋ ਨੋ ਮੈਨ ਲੈਂਡ ’ਤੇ ਸਥਿਤ ਹੈ। ਇਸ ਤੋਂ ਅੱਗੇ ਉੱਧਰਲੇ ਪਾਸੇ ਨੂੰ ਮੈਨ ਲੈਂਡ ਤੋਂ ਪਾਰ ਅਜਿਹਾ ਹੀ ਇਕ ਪਾਕਿਸਤਾਨੀ ਸੀਖਾਂ ਵਾਲਾ ਦਰਵਾਜ਼ਾ ਹੈ। ਇਹਨਾਂ ਦੋਨਾ ਅੰਦਰਲਿਆਂ ਦਰਵਾਜ਼ਿਆਂ ਤੇ ਆਪਣੇ ਆਪਣੇ ਝੰਡੇ ਝੁੱਲਦੇ ਰਹਿੰਦੇ ਹਨ। ਹਰ ਰੋਜ਼ ਸ਼ਾਮ ਨੂੰ ਸੂਰਜ ਛਿਪਣ ਸਮੇਂ ਝੰਡਾ ਉਤਾਰਨ ਦੀ ਰੋਮਾਂਚਕ ਰਸਮ ਦੋਨਾਂ ਦੇਸ਼ਾਂ ਦੇ ਸਿਪਾਹੀ ਦੋਸਤ ਸ਼ਰੀਕਾਂ ਵਾਂਗ ਰਲ ਕੇ ਕਰਦੇ ਹਨ। ਇਹ ਬੜਾ ਮਨਮੋਹਨ ਤੇ ਸੁੰਦਰ ਦ੍ਰਿਸ਼ ਹੁੰਦਾ ਹੈ। ਦੋਨਾਂ ਦੇਸ਼ਾਂ ਦੇ ਇਹਨਾਂ ਦਰਵਾਜ਼ਿਆਂ ਸਾਹਮਣੇ ਬੜੇ ਵੱਡੇ ਸ਼ਾਨਦਾਰ ਦਰਸ਼ਨੀ ਕੱਦ ਵਾਲੇ ਜੁਆਨ ਮਰਦ ਔਰਤਾਂ ਪਰੇਡ ਕਰਦੇ ਬੂਟਾਂ ਦੀ ਧਮਕ ਨਾਲ ਧਰਤੀ ਹਿਲਾ ਛੱਡਦੇ ਹਨ। ਵਾਰੀ ਵਾਰੀ ਇਕ ਉਧਰੋਂ ਆਉਂਦਾ ਹੈ ਇਕ ਇੱਧਰੋਂ ਧਮਕ ਮਚਾਉਂਦਾ ਜਾਂਦਾ ਹੈ। ਫਿਰ ਨੋ ਮੈਨ ਲੈਂਡ ਤੇ ਦੋਨੋਂ ਸਲਾਮੀ ਦੇ ਕੇ ਵਾਪਸ ਮੁੜਦੇ ਹਨ। ਅਜਿਹੇ ਸੀਨ ਦੇਖ ਕੇ ਦਰਸ਼ਕ ਤਾੜੀਆਂ ਨਾਲ ਉਨ੍ਹਾਂ ਦਾ ਸੁਆਗਤ ਕਰਦੇ ਹਨ। ਇਹ ਦ੍ਰਿਸ਼ ਦੇਖਣ ਲਈ ਇੱਧਰ ਤੇ ਉੱਧਰ ਦੋਹਾਂ ਦੇਸ਼ਾਂ ਦੇ ਵਸਨੀਕ ਤੇ ਵਿਦੇਸ਼ੀ ਸੈਲਾਨੀ ਵੀ ਬੜੀ ਦੂਰ-ਦੂਰ ਤੋਂ ਆਉਂਦੇ ਅਨੰਦ ਮਾਣਦੇ ਹਨ।

ਐਨ ਸੂਰਜ ਛਿਪਣ ਸਮੇਂ ਦੋਹਾਂ ਦੇਸ਼ਾਂ ਦੇ ਬਿਗਲ ਦੀ ਬਿਗਲ ਧੁਨ ਉੱਭਰਦੀ ਹੈ। ਇਕ-ਇਕ ਜੁਆਨ ਆਪਣੇ ਆਪਣੇ ਝੰਡਿਆਂ ਦੀ ਡੋਰ ਬਿਗਲ ਦੀ ਧੁਨੀ ਤੇ ਥੱਲੇ ਨੂੰ ਖਿਸਕਾਉਂਦੇ ਜਾਂਦੇ ਹਨ। ਠੀਕ ਸੂਰਜ ਦੀ ਆਖਰੀ ਕਿਰਨ ਨਾਲ ਇਹ ਦੋ ਝੰਡੇ ਬੜੇ ਆਦਰ ਸਤਿਕਾਰ ਨਾਲ ਉਤਾਰ ਕੇ ਪਿੱਛੇ ਤਹਿਖਾਨੇ ਵਿਚ ਲੈ ਜਾਂਦੇ ਹਨ। ਅਜਿਹੇ ਸਮੇਂ ਭੀੜ ਨੂੰ ਕੰਟਰੋਲ ਕਰਨ ਲਈ ਕਈ ਵੇਰਾਂ ਪ੍ਰਬੰਧਕੀ ਅਮਲੇ ਨੂੰ ਸਖ਼ਤੀ ਵੀ ਕਰਨੀ ਪੈਂਦੀ ਹੈ। ਝੰਡਾ ਉਤਾਰਨ ਤੋਂ ਬਾਦ ਇਹ ਦੋਵੇਂ ਗੇਟ ਬੰਦ ਹੋ ਜਾਂਦੇ ਹਨ। ਬਾਹਰ ਖੜੀ ਭੀੜ ਜਾਂ ਉਨ੍ਹਾਂ ਦੇ ਚੋਣਵੇਂ ਸਿਫ਼ਾਰਸੀ ਬੰਦੇ ਅੱਗੇ ਗੇਟ ਦੇ ਨਾਲ ਜਾ ਕੇ ਉਧਰਲੀ ਭੀੜ ਨੂੰ ਟਾਹ ਟਾਹ ਕਰਦੇ ਹਨ। ਅਜਿਹੀ ਸ਼ਾਮ ਵੇਖਣ ਲਈ ਹੁਣ ਇੱਥੇ ਪੰਜਾਹ ਹਜ਼ਾਰ ਦਰਸ਼ਕਾਂ ਦੇ ਬੈਠਣ ਸਮਾਉਣ ਵਾਸਤੇ ਇਕ ਸੁੰਦਰ ਦੋ ਮੰਜ਼ਲੀ ਦਰਸ਼ਕ ਗੈਲਰੀ ਬਣ ਗਈ ਹੈ। ਕੁਰਸੀਆਂ ’ਤੇ ਨਾ ਸਮਾਉਣ ਵਾਲੀ ਭੀੜ ਵਾਸਤੇ ਬਾਹਰ ਵੱਡੀਆਂ ਟੀ. ਵੀ. ਸਕਰੀਨਾਂ ਲਗਾਈਆਂ ਗਈਆਂ ਹਨ ਜਿੱਥੋਂ ਇਹ ਨਜ਼ਾਰਾ ਵੇਖਿਆ ਜਾ ਸਕਦਾ ਹੈ।

ਮੋਮਬਤੀਆਂ ਤੋਂ ਲੈ ਕੇ, ਸਾਂਝ ਦੇ ਪੌਦੇ ਲਗਾਉਣ ਤੱਕ ਤੇ ਫਿਰ 1993 ਵਿਚ ਭਾਰਤ ਵੱਲੋਂ ਇਕ ਬੱਸ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਹੱਥ ਸ਼ਾਂਤੀ ਦਾ ਸੁਨੇਹਾ ਲੈ ਕੇ ਇਸੇ ਰਸਤੇ ਲਹੌਰ ਪਹੁੰਚੀ ਸੀ। ਸਾਰੀ ਦੁਨੀਆ ਦੇ ਸਾਹ ਰੁਕ ਗਏ। ਦੋਹਾਂ ਪੰਜਾਬਾਂ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ। ਸ਼ਾਇਦ ਹੁਣ ਸੱਚ-ਮੁੱਚ ਹੀ ਦੋਵੇਂ ਦੇਸ਼ ਸਭ ਕੁੜੱਤਣ ਭੁਲਾ ਕੇ ਇਕ ਦੂਜੇ ਦੀਆਂ ਖ਼ੁਸ਼ੀਆਂ ਗਮੀਆਂ ਵਿਚ ਸਰੀਕ ਹੋ ਸਕਣਗੇ। ਪਰ ਇਹ ਇਕ ਭੁਲੇਖਾ ਹੀ ਰਿਹਾ। ਸਿਵਾ ਜੀ ਮਰਹੱਟਾ ਨੂੰ ਅਫ਼ਜ਼ਲ ਖਾ ਨੇ ਮਿਲ ਕੇ ਦੋਸਤੀ ਪਾਉਣ ਦੀ ਇੱਛਾ ਪ੍ਰਗਟ ਕੀਤੀ ਪਰ ਮਿਲਦੇ ਸਮੇਂ ਉਸ ਨੂੰ ਬੁੱਕਲ ਛੁਪਾਈ ਹੋਈ ਕਟਾਰ ਸਿਵਾ ਜੀ ਦੇ ਖੋਤਣ ਦੀ ਕੋਸ਼ਿਸ਼ ਕੀਤੀ ਜੋ ਉਨ੍ਹਾਂ ਬੜੀ ਫੁਰਤੀ ਨਾਲ ਨਿਸਫਲ ਕਰ ਦਿੱਤੀ। 1961 ਵਿਚ ਚੀਨੀਆਂ ਨੇ ਹਿੰਦੀ ਚੀਨੀ ਭਾਈ-ਭਾਈ ਦਾ ਨਾਅਰਾ ਲਗਾ ਕੇ ਸੁਹਿਰਦ ਭਾਰਤੀਆਂ ਨਾਲ ਦਗਾ ਕੀਤਾ ਤੇ ਉੱਪਰੋਂ ਭਾਈ-ਭਾਈ ਕਹਿੰਦੇ ਬੰਬ ਵਰਾਏ ਤੇ ਭਾਰਤੀ ਇਲਾਕਾ ਨਿਗਲਨ ਦੀ ਕੋਸ਼ਿਸ਼ ਕੀਤੀ। 1971 ਵਿਚ ਪਾਕਿਸਤਾਨ ਦਾ ਜਨਰਲ ਯਾਹੀਆ ਖਾਂ ਜੰਗਬੰਦੀ ਦੇ ਅਖੀਰਲੇ ਪਲ ਢਾਕਾ ਹਰਾ ਕੇ ਪਾਕਿਸਤਾਨੀ ਰੇਡੀਓ ਤੋਂ ਸਭ ਕੁੱਝ ਭੁੱਲਣ ਦਾ ਪੈਗਾਮ ਦੇ ਰਿਹਾ ਸੀ ਪਰ ਠੀਕ ਉਸ ਵੇਲੇ ਉਸ ਦੇ ਜਹਾਜ਼ਾਂ ਦੀ ਇਕ ਫਲੀਟ ਛਿਹਰਟੇ ਦੇ ਵੱਡੇ ਸੰਘਣੇ ਬਾਹਰ ਵਿਚ ਗੋਲੀਆਂ ਦਾ ਛਰਾਟਾ ਵਰਾ ਰਹੀ ਸੀ। ਪਿੱਛੇ ਛੇ ਸੱਤ ਸੌ ਲਾਸ਼ਾਂ ਛਿਹਰਟੇ ਦੇ ਬਾਹਰ ਵਿਚ ਵਿਛਾ ਕੇ ਕਈ ਵੱਸਦੇ ਘਰਾਂ ਵਿਚ ਸੋਗ ਦੇ ਸੁਨੇਹੇ ਸੁੱਟ ਗਿਆ ਸੀ। ਉਹ

ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ। ਅਜਿਹਾ ਹੀ ਭਾਰਤ ਦੇ ਸੁਹਿਰਦ ਲੋਕਾਂ ਦਾ ਹਾਲ ਜਾਪਦਾ ਹੈ। ਇਹ ਕੀ ਸੋਚਦੇ ਹਨ, ਉਹ ਕੀ ਸੋਚਦੇ ਹਨ। ਅਸੀਂ ਬਾਹਰੀ ਸਰਹੱਦ ਤੇ ਖੜੋ ਕੇ ਢੋਲ ਵਜਾਉਂਦੇ ਆਵਾਜਾਂ ਲਗਾਉਂਦੇ ਸਾਂਝ ਦੇ ਗੀਤ ਗਾਉਂਦੇ ਹਾਂ। ਆ ਜਾਓ ਭਰਾਓ ਢੋਲ ਦੀ ਤਰਜ਼ ਤੇ ਇਕੱਠੇ ਹੋ ਕੇ ਨੱਚੀਏ। ਪਰ ਇਹ ਸਭ ਕੁੱਝ ਉਨ੍ਹਾਂ ਦੀਆਂ ਮਜਬੂਰੀਆਂ ਵਿਚ ਦਫ਼ਨ ਹੋ ਜਾਂਦਾ ਹੈ। ਉਹ ਚਾਹੁੰਦੇ ਹੋਏ ਵੀ ਸਾਰਥਿਕ ਹੁੰਗਾਰਾ ਨਹੀਂ ਕਰ ਸਕਦੇ। ਇਸੇ ਬੱਸ ਦੀ ਪਹਿਲ ਸਮੇਂ ਜਦ ਇੱਧਰ ਨਵਾਜ਼ ਸ਼ਰੀਫ਼ ਤੇ ਅਟੱਲ ਬਿਹਾਰੀ ਵਾਜਪਾਈ ਮਠਿਆਈਆਂ ਦੇ ਟੋਕਰੇ ਤੇ ਫੁੱਲਾਂ ਦੇ ਗੁਲਦਸਤੇ ਵਟਾ ਰਹੇ ਸਨ, ਠੀਕ ਉਸੇ ਵੇਲੇ ਪਾਕਿਸਤਾਨੀ ਫ਼ੌਜ ਕਾਰਗਿਲ 'ਤੇ ਕਬਜਾ ਕਰਨ ਦੀ ਯੁੱਧ ਨੀਤੀ ਅਪਨਾ ਰਹੀ ਸੀ ਜੋ ਬਾਦ ਵਿਚ ਜੱਗ ਜ਼ਾਹਰ ਹੋ ਗਈ।

ਮੋਮਬੱਤੀਆਂ ਮਿਥਿਹਾਸ ਤਾਂ ਸਿਰਜ ਸਕਦੀਆਂ ਹਨ ਪਰ ਇਤਿਹਾਸ ਨਹੀਂ ਬਣ ਸਕਦੀਆਂ। ਇਹ ਇਕ ਕਲਪਨਾ ਸੀਲ ਰੋਮਾਂਚ ਹੈ। ਸੂਰਜ ਨੂੰ ਦੀਵਾ ਦਿਖਾਵਾ ਕੋਈ ਮਤਲਬ ਨਹੀਂ ਰੱਖਦਾ ਪਰ ਅੱਜ ਐਟਮਾਂ ਨੂੰ ਮੋਮਬਤੀਆਂ ਦਿਖਾਉਣਾ ਕਿੰਨੀ ਹਾਸੋਹੀਣੀ ਗੱਲ ਹੈ। ਕਿੰਨਾ ਜਜ਼ਬਾਤੀਪਨ ਹੈ। ਅਸੀਂ ਦੋ ਧਮਾਕੇ ਕੀਤੇ ਉਨ੍ਹਾਂ ਚਾਰ ਕਰ ਦਿੱਤੇ। ਅਸਾਂ ਆਰਤੀ ਦਿਖਾਈ ਉਨ੍ਹਾਂ ਗ਼ੌਰੀ ਚੜ੍ਹਾਈ। ਅਸੀਂ ਸ਼ਾਂਤੀ ਦੀ ਬੱਸ ਲਾਹੌਰ ਭੇਜੀ, ਉਨ੍ਹਾਂ ਕਾਰਗਿਲ ਤੇ ਡੇਰੇ ਜਾ ਲਾਏ। ਉਨ੍ਹਾਂ ਸਾਡੇ ਫ਼ੌਜੀ ਸ਼ਹੀਦ ਕੀਤੇ, ਮਿੱਗ ਡੇਗੇ ਪਰ ਸਾਡਾ ਸ਼ਾਂਤੀ ਦਾ ਨਾਅਰਾ, ਜਾਓ ਵੀਰੋ ਸਾਡੇ ਘਰੋਂ ਸਹੀ ਸਲਾਮਤ ਚਲੇ ਜਾਓ। "ਗੂੰਜਦਾ ਰਿਹਾ। ਫ਼ਰੀਦ ਦੇ ਜੋ ਤੈ ਮਾਰਨ ਮੁੱਕੀਆਂ ਤਿਨ੍ਹਾਂ ਨਾ ਮਾਰੇ ਘੁੰਮ...।" ਵਾਂਗ ਅਸੀਂ ਗਾਂਧੀਵਾਦ ਸਿਧਾਂਤ ਤੋਂ ਚੱਲਦੇ ਰਹੇ। ਸਾਡਾ ਸਰਜੀਕਲ ਓਪਰੇਸ਼ਨ ਵੀ ਮਿੱਠੀ ਲੋਰੀ ਵਰਗਾ ਹੀ ਸਾਬਤ ਹੁੰਦਾ ਹੈ। ਅਸੀਂ ਕਹਿੰਦੇ ਹਾਂ ਇਸ ਕੰਡਿਆਲੀ ਤਾਰ ਨੂੰ ਫੁਲ ਬਣਾਈਏ, ਉਹ ਇਸ ਵਿਚ ਬਿਜਲੀ ਦਾ ਕਰੰਟ ਛੱਡ ਰਹੇ ਨੇ। ਦੋਹਾਂ ਦੇਸ਼ਾਂ ਦੇ ਸਕੱਤਰ ਮਿਲਦੇ ਹਨ, ਮਿਲਦੇ ਰਹਿਣਗੇ, ਵਿਦੇਸ਼ ਮੰਤਰੀ ਮਿਲਦੇ ਹਨ, ਮਿਲਦੇ ਰਹਿਣਗੇ। ਹਥਿਆਰ ਮਿਲਦੇ ਹਨ, ਮਿਲਦੇ ਰਹਿਣਗੇ ਤੋਪਾਂ ਚੱਲਦੀਆਂ ਹਨ, ਚੱਲਦੀਆ ਰਹਿਣਗੀਆਂ, ਮਨੁੱਖੀ ਜਾਨਾਂ ਜਾਂਦੀਆਂ ਹਨ, ਜਾਂਦੀਆਂ ਰਹਿਣਗੀਆਂ। ਨਾ ਇਹ ਕੰਧਾਂ ਢਹਿਣੀਆਂ, ਨਾ ਇਹ ਤਾਰਾਂ ਲਹਿਣੀਆਂ, ਨਾ ਇਹ ਦੰਗੇ ਬੰਦ ਹੋਣੇ ਨੇ ਕਿਉਂਕਿ ਇਹ ਸਿਆਸਤ ਦਾ ਖੇਲ੍ਹ ਹੈ ਪਿਆਰੇ! ਸਰਹੱਦ ਦੇ ਨਾਲ ਇੱਧਰਲੇ ਜਾਂ ਉੱਪਰਲੇ ਬਾਸ਼ਿੰਦਿਆਂ ਦਾ ਕਿਰਸਾਨਾਂ ਦਾ ਕੀ ਹਾਲ ਹੁੰਦਾ ਹੈ, ਇਹ ਉਹ ਹੀ ਜਾਣਦੇ ਹਨ। ਜਦ ਕਦੇ ਕਿਸੇ ਧਿਰ ਵੱਲੋਂ ਵੀ ਕੋਈ ਧਮਕੀ ਨਿਕਲਦੀ ਹੈ, ਸਾਹ ਉਨ੍ਹਾਂ ਦੇ ਹੀ ਸੁੱਕਦੇ ਹਨ। ਉਨ੍ਹਾਂ ਨੂੰ ਨਾ ਰਾਤ ਨੀਂਦ ਆਉਂਦੀ ਹੈ ਨਾ ਦਿਨੇ ਚੈਨ।

ਵੈਸੇ ਨਿੱਜੀ ਲੜਾਈ ਦੇ ਭੈਅ ਨੇ ਵੀ ਇਸ ਵਾਹਗੇ ਦੀ ਰੌਣਕ ਤੇ ਕੋਈ ਫ਼ਰਕ ਨਹੀਂ ਪਾਇਆ। ਹਰ ਸ਼ਾਮ ਇੱਥੇ ਝੰਡਾ ਉਤਾਰਨ ਦੀ ਰਸਮ ਸਮੇਂ ਦਰਸ਼ਕਾਂ ਦੀ ਭੀੜ ਪਹਿਲਾਂ ਵੀ ਜ਼ਿਆਦਾ ਹਜ਼ਾਰਾਂ ਵਿਚ ਪਹੁੰਚਦੀ ਹੈ। ਅਜਿਹੀ ਰਿਹਰਸਲ ਕਰਦੇ ਸਮੇਂ ਕਈ ਵੇਰਾਂ ਦੋਨਾਂ ਦੇਸ਼ਾਂ ਦੇ ਸਿਪਾਹੀ ਤਣਜਾਂ ਕੱਸਦੇ, ਆਪੋ ਵਿਚ ਭਿੜ ਪੈਂਦੇ ਇਕ ਦੂਜੇ ਵੱਲ ਸੰਗੀਨਾਂ ਤਾਣ ਕੇ ਦਰਸ਼ਕਾਂ ਵਿਚ ਭਾਜੜ ਪਾ ਦਿੰਦੇ ਹਨ। ਹੁਣ ਲਾਹੌਰ-ਅੰਮ੍ਰਿਤਸਰ ਦਿੱਲੀ ਵਿਚਕਾਰ ਸਮਝੌਤਾ ਐਕਸਪ੍ਰੈੱਸ ਰੇਲ ਗੱਡੀ ਤੇ ਬੱਸਾਂ ਆਮ ਵਾਂਗ ਚੱਲ ਪਈਆਂ ਹਨ ਪਰ ਬਾਰਡਰ ਤੇ ਖੜਕਾ-ਦੜਕਾ ਵੀ ਚੱਲਦਾ ਹੀ ਰਹਿੰਦਾ ਹੈ। ਕੁੜੱਤਣ ਭਰੇ ਮਾਹੌਲ ਵਿਚ ਕੁੱਝ ਦੇਰ ਗੱਡੀਆਂ, ਬੱਸਾਂ, ਟਰੱਕਾਂ ਦੀ ਢੋਆ-ਢੁਆਈ ਬੰਦ ਹੋ ਜਾਂਦੀ ਹੈ। ਹੁਣ ਫੇਰ ਇਸ ਗੇਟ ਦੀ ਕਿਸਮਤ ਜਾਗੀ ਹੈ। ਕਈ ਸਾਲਾਂ ਬਾਦ ਬੱਸਾਂ ਟਰੱਕਾਂ ਗੱਡੀਆਂ ਦੇ ਕਾਫ਼ਲੇ ਚੱਲ ਪਏ ਹਨ। ਫੁੱਲਾ ਫਲਾਂ ਮਠਿਆਈਆਂ ਦੀ ਦੇਣ ਲੈਣ ਹੁੰਦੀ ਹੈ। ਬੁੱਧੀਜੀਵੀ ਲਿਖਾਰੀ, ਸਿਆਸਤਦਾਨ, ਸੌਦਾਗਰੀ ਤੇ ਹੋਰ ਹਰ ਕਿਸਮ ਦੀਆਂ ਭਾਵਨਾਵਾਂ ਵਾਲੇ ਸੱਜਣ ਉੱਧਰ ਇੱਧਰ ਆਪਣੇ-ਆਪਣੇ ਇਸ਼ਕ ਸ਼ੌਕ ਆਦਾਨ ਪ੍ਰਦਾਨ ਕਰਨ ਲੱਗੇ ਹਨ। ਕਾਸ਼ ਮੇਰੀ ਸਾਂਝੀਵਾਲਤਾ ਕਵਿਤਾ ਦਾ ਇਹ ਸੁਨੇਹਾ ਦੋਹਾਂ ਸਰਕਾਰਾਂ ਵਾਸਤੇ ਕਾਰਗਰ ਹੋ ਜਾਵੇ।

ਦਿਲਾਂ ਵਿਚੋਂ ਮਾਈਨਾ ਹਟਾਓ ਦੋਸਤੋ, ਪਿਆਰ ਦੀ ਪਨੀਰੀ ਉਗਾਓ ਦੋਸਤੋ।
ਪੁੱਟ ਸੁੱਟੋ ਕੰਡੇ ਵਾਲੀ ਤਾਰ ਬੇਲੀਓ, ਸੁੱਟ ਦਿਓ ਮਾਰੂ ਹਥਿਆਰ ਬੇਲੀਉ।
ਹਿੰਦ ਪਾਕ ਭਾਈ-ਭਾਈ ਯਾਰ ਬੇਲੀਓ, ਦੇ ਦਿਉ ਸੁਨੇਹਾ ਹੱਦ ਪਾਰ ਬੇਲੀਉ॥

'ਹੇ ਅੱਲਾ...ਹੇ ਵਾਹਿਗੁਰੂ ਦੇ ਗਾਡ ਸਾਨੂੰ ਵਿੱਛੜੇ ਭਰਾਵਾਂ ਨੂੰ ਮੁੜ ਕੇ ਇਕੱਠੇ ਮਿਲਵਰਤਨ ਦੀ ਬਲ ਬੁੱਧ ਬਖਸ਼ ਦੇਹ।'

ਆਮ ਸਾਧਾਰਨ ਨਾਗਰਿਕ ਆਪਸੀ ਭਾਈਚਾਰੇ ਦੀ ਉਮੀਦ ਵਿਚ ਅਰਦਾਸਾਂ ਕਰਦੇ ਰਹਿੰਦੇ ਹਨ।

## *ਵਾਹਗਾ ਬਾਰਡਰ ਵੱਲ ਤਿਆਰੀ*

ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇੜੇ ਘਰ ਤੋਂ ਮੈਂ 15 ਦਸੰਬਰ 2016 ਨੂੰ ਆਪਣੀ ਮਾਤਾ ਨਾਲ ਅਟਾਰੀ ਬਾਰਡਰ ਵੱਲ ਚਾਲੇ ਪਾ ਦਿੱਤੇ। ਡੁਬਈ ਤੋਂ ਆਇਆ ਮੇਰਾ ਛੋਟਾ ਵੀਰ ਸਰਬਜੀਤ ਸਾਨੂੰ ਬਾਰਡਰ ਤੱਕ ਛੱਡਣ ਆਇਆ। ਇਸ ਗੇਟ 'ਤੇ ਮੈਂ ਪਹਿਲਾਂ ਵੀ ਕਈ ਵਾਰ ਆ ਚੁੱਕਾ ਹਾਂ ਪਰ ਇਸ ਵੇਰਾਂ ਮੇਰੇ ਵਾਸਤੇ ਇਹ ਨਵਾਂ ਤਜਰਬਾ ਸੀ। ਕਿਉਂਕਿ ਅੱਗੇ ਰਸਤੇ ਵਿਚ ਰੁਕਾਵਟਾਂ ਖੜ੍ਹੀਆਂ ਕਰ ਕੇ ਟਰੈਫ਼ਿਕ ਖੱਬੇ ਹੱਥ ਇਕ ਨਵੇਂ ਬਣਾਏ ਗੇਟ ਅੰਦਰ ਵਾੜੀ ਜਾ ਰਹੀ ਹੈ। ਸਰਬਜੀਤ ਨੇ ਦੱਸਿਆ ਕਿ ਸਾਹਮਣਲੇ ਗੇਟ ਨੇੜੇ ਗੜਬੜ ਦਾ ਖ਼ਤਰਾ ਹੋਣ ਕਾਰਨ ਇਮੀਗ੍ਰੇਸ਼ਨ ਤੇ ਹੋਰ ਚੈਕਿੰਗ ਕਾਰਵਾਈ ਵਾਸਤੇ ਹੁਣ ਇੱਧਰ ਨਵੀਆਂ ਇਮਾਰਤਾਂ ਵਿਚ ਪ੍ਰਬੰਧ ਕੀਤਾ ਗਿਆ ਹੈ। ਗੇਟ ਤੋਂ ਅੱਗੇ ਸਿਰਫ ਪਾਕਿਸਤਾਨ ਜਾਣ ਵਾਲੇ ਯਾਤਰੀ ਹੀ ਜਾ ਸਕਦੇ ਹਨ। ਮਾਤਾ ਦੀ ਕਮਜ਼ੋਰ ਸਿਹਤ ਕਾਰਨ ਗੱਡੀ ਨੂੰ ਅੱਗੇ ਜਾਣ ਦੀ ਇਜਾਜ਼ਤ ਮਿਲ ਗਈ। ਅੱਧਾ ਕੁ ਮੀਲ ਜਾ ਕੇ ਇਕ ਗੋਲ ਚੱਕਰ ਤੇ ਸਾਨੂੰ ਉਤਾਰ ਦਿੱਤਾ ਗਿਆ। ਇੱਥੋਂ ਸਰਬਜੀਤ ਨੇ ਇਕ ਵੀਲ ਚੇਅਰ ਲਿਆ ਕੇ ਮਾਤਾ ਨੂੰ ਅੱਗੇ ਦਫ਼ਤਰ ਤੱਕ ਪਹੁੰਚਾ ਦਿੱਤਾ। ਇੰਮੀਗ੍ਰੇਸ਼ਨ ਦਾ ਕੰਮ ਵੀ ਜਲਦੀ ਹੀ ਨਿੱਬੜ ਗਿਆ। ਸਾਮਾਨ ਜ਼ਿਆਦਾ ਹੋਣ ਕਾਰਨ ਦੋ ਕੁੱਲੀ ਸਾਡੀ ਸੇਵਾ ਲਈ ਹਾਜ਼ਰ ਹੋ ਗਏ। ਬਰਾਂਡਿਆਂ ਅੰਦਰ ਸਰਸਰੀ ਝਾਤੀ ਮਾਰੀ। ਕੰਧ ਚਿੱਤਰਾਂ ਤੇ ਭਾਰਤ-ਪਾਕ ਵੰਡ ਸਮੇਂ ਹੋਈ ਲੁੱਟ-ਖਸੁੱਟ ਤੇ ਕਤਲੇਆਮ ਦੀਆਂ ਤ੍ਰਾਸਦਿਕ ਕਹਾਣੀਆਂ ਤਸਵੀਰਾਂ ਦੀ ਜ਼ਬਾਨੀ ਵੇਖ ਕੇ ਮਨ ਬਹੁਤ ਦੁਖੀ ਹੋ ਗਿਆ।

'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ...।' ਅੰਮ੍ਰਿਤਾ ਪ੍ਰੀਤਮ ਦੀ ਲਿਖੀ ਇਸ ਸਾਕੇ ਨੂੰ ਬਿਆਨ ਕਰਦੀ ਦਰਦਨਾਕ ਕਵਿਤਾ ਵੇਖ ਪੜ੍ਹ ਕੇ ਮੇਰਾ ਮਨ ਭਰ ਆਇਆ। 'ਰੱਬਾ ਰੱਬਾ ਮੀਂਹ ਵਰਸਾ, ਸਾਡੇ ਕੋਠੇ ਦਾਣੇ ਪਾ।' ਇਹ ਅਰਜੋਈਆਂ ਵੀ ਹਿੰਦੂ ਮੁਸਲਮਾਨ ਰਲ ਕੇ ਇਕੱਠੇ ਗਾਉਂਦੇ ਹੁੰਦੇ ਸਨ।

'ਹੇ ਅੱਲਾ! ਫਿਰ ਨਾ ਇਹ ਜ਼ੁਲਮ ਕਮਾਈ, ਸਾਡੇ ਕੋਠੇ ਮੁੜ ਨਾ ਢਾਹੀਂ। ਸਰਹੰਦ ਦੇ ਕੰਢੇ ਤੋਪਾਂ ਦੀ ਮਾਰ ਥੱਲੇ ਆਉਂਦੇ ਸਾਰੇ ਵਸਨੀਕਾਂ ਦੀ ਅੰਦਰਲੀ ਵੇਦਨਾ ਵੀ ਇੱਥੇ ਉੱਕਰਨੀ ਚਾਹੀਦੀ ਹੈ ਤਾਂ ਜੋ ਇਹ ਪੁਕਾਰ ਦੋਹੇਂ ਪਾਸੇ ਸਰਕਾਰਾਂ ਦੇ ਆਹਲਾ ਅਧਿਕਾਰੀਆਂ ਤੱਕ ਪਹੁੰਚ ਜਾਏ। ਮੇਰੇ ਮਨ ਦੀ ਹੂਕ ਅਗਲੀਆਂ ਅਦਿੱਖ ਛੁਹਲੀਆਂ ਘੜੀਆਂ ਦੀ ਭੇਟ ਚੜ੍ਹ ਗਈ। ਸਾਨੂੰ ਚੜ੍ਹਦੇ ਪਾਸੇ ਬਾਹਰ ਬੱਸ ਵੱਲ ਨਿਕਲਣ ਦਾ ਹੁਕਮ ਹੋ ਗਿਆ।

ਇੱਥੋਂ ਇਕ ਬੱਸ ਦੀ ਉਡੀਕ ਕੀਤੀ ਜਾ ਰਹੀ ਸੀ ਜੋ ਇੱਧਰੋਂ ਅੰਤਰਰਾਸ਼ਟਰੀ ਗੇਟ ਤੱਕ ਸਵਾਰੀਆਂ ਦੀ ਢੋਆ-ਢੁਆਈ ਕਰਦੀ ਹੈ। ਇਹ ਸੁੰਦਰ ਡੀਲਕਸ ਬੱਸ ਵੀ ਛੇਤੀ ਹੀ ਆ ਗਈ। ਸਾਡੇ ਕੁੱਲੀਆਂ ਦੇ ਨਾਲ ਮਾਤਾ ਨੂੰ ਚੜ੍ਹਾਉਣ ਵਾਲਾ ਸੇਵਾਦਾਰ ਵੀ ਚੜ੍ਹ ਗਿਆ। ਗੇਟ ਤੋਂ ਵੀਹ ਕੁ ਗਜ ਪਹਿਲਾਂ ਉਤਾਰ ਕੇ ਕੁੱਝ ਹੋਰ ਅਧਿਕਾਰੀ ਪਾਸਪੋਰਟ ਵਗੈਰਾ ਚੈੱਕ ਕਰਦੇ ਹਨ। ਗੇਟ ਵੱਲ ਇਕ ਵੱਡੀ ਇਮਾਰਤ ਦੀ ਉਸਾਰੀ ਹੋਣ ਕਾਰਨ ਇੱਧਰ ਸਿੱਧੇ ਜਾਣਾ ਬੰਦ ਹੈ। ਮੀਂਹ ਦੀ ਕਿਣ-ਮਿਣ ਨੇ ਇਹ ਰਸਤਾ ਬਹੁਤ ਖਤਰਨਾਕ ਕਰ ਦਿੱਤਾ ਸੀ। ਇੰਸਪੈਕਟਰ ਨੂੰ ਬੇਨਤੀ ਕਰ ਕੇ ਅਸੀਂ ਇਹ ਸੇਵਾਦਾਰ ਵੀ ਨਾਲ ਹੀ ਲੈ ਲਏ, ਜਿਨ੍ਹਾਂ ਸਾਨੂੰ ਨੋ ਮੈਨ ਲੈਂਡ ਤੇ ਛੱਡ ਕੇ ਆਉਣਾ ਸੀ। ਬਹੁਤ ਚਿੱਕੜ ਤੇ ਤਿਲ੍ਹਕਣ ਕਾਰਨ ਉਹ ਔਖੇ ਹੋ ਰਹੇ ਅਹਿਸਾਨ ਜਤਾਉਂਦੇ ਕਹਿਣ ਲੱਗੇ ਕਿ ਹੁਣ ਅੱਗੇ ਆਪੇ ਲੈ ਜਾਓ। ਮੈਂ ਗਰਮੀ ਜਿਹੀ ਵਿਚ ਉਨ੍ਹਾਂ ਨੂੰ ਉਨ੍ਹਾਂ ਦੀ ਡਿਊਟੀ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਹ ਮੰਨ ਗਏ ਜਾਂ ਸਮਝੋ, ਜਰਕ ਗਏ।

ਅਸਮਾਨ ਵਿਚ ਘਣਘੋਰ ਕਾਲੀ ਘਟਾ ਨੇ ਅੰਧੇਰਾ ਜਿਹਾ ਕਰ ਦਿੱਤਾ। ਅਚਾਨਕ ਅਸਮਾਨੀ ਪੀਂਘ ਦਾ ਇਕ ਡੰਡਾ ਇੱਧਰ ਅੰਮ੍ਰਿਤਸਰ ਤੇ ਦੂਸਰਾ ਉੱਧਰ ਲਾਹੌਰ ਨਾਲ ਚੰਬੜਦਾ ਉਜਾਗਰ ਹੋ ਗਿਆ। ਕੁੱਝ ਪੰਛੀ ਚਿੜੀਆਂ ਕਾਂ, ਬਗਲੇ, ਮੁਰਗਾਬੀਆਂ ਦੀਆਂ ਡਾਰਾਂ ਬੇਰੋਕ ਉਧਰੋਂ ਉੱਪਰੋਂ ਵਾੜ ਲੰਘ ਕੇ ਇੱਧਰ ਵੜ ਰਹੀਆਂ ਹਨ। ਮੈਨੂੰ ਇਨ੍ਹਾਂ ਨਾਲ ਸਾੜਾ ਜਿਹਾ ਹੋਇਆ। ਕਾਸ਼! ਸਾਰੇ ਮਨੁੱਖਾਂ ਨੂੰ ਵੀ ਇਨ੍ਹਾਂ ਪੰਛੀਆਂ ਦੀ ਤਰ੍ਹਾਂ ਇੱਧਰ ਉੱਧਰ ਆਜ਼ਾਦੀ ਨਾਲ ਘੁੰਮਣ ਦੀ ਆਜ਼ਾਦੀ ਹੋਵੇ। ਮੇਰਾ ਜੀ ਕੀਤਾ ਇਸ ਅਸਮਾਨੀ ਪੀਂਘ ਦਾ ਇੱਧਰਲਾ ਡੰਡਾ ਪਕੜ ਕੇ ਉੱਧਰ ਜਾ ਡਿੱਗਾਂ, ਪਰ ਇਹ ਸੰਭਵ ਨਹੀਂ ਸੀ।

ਕੌਮਾਂਤਰੀ ਸਰਹੱਦ ਦੀ ਇਹ 'ਨੋ ਮੈਨ ਲੈਂਡ' ਮੈਨੂੰ ਅਮਰੀਕਾ ਕੈਨੇਡਾ ਦੀ ਅੰਤਰਰਾਸ਼ਟਰੀ ਸਰਹੱਦ ਵਾਂਗ ਮਹਿਸੂਸ ਹੁੰਦੀ ਹੈ। ਕੈਨੇਡਾ ਸਰੀ ਇਲਾਕੇ ਦੇ ਵਸਨੀਕ ਘਰ ਦਾ ਕਰਿਆਨਾ ਸਾਮਾਨ, ਤੇਲ ਗੈਸ, ਜਾਂ ਹੋਰ ਵਸਤਾਂ ਖ਼ਰੀਦਣ ਵਾਸਤੇ ਬਾਰਡਰ ਟੱਪ ਕੇ ਅਮਰੀਕਾ ਦੀ ਵਾਸ਼ਿੰਗਟਨ ਸਟੇਟ ਦੇ ਸ਼ਹਿਰ ਸਿਆਟਲ ਤੱਕ ਚਲੇ ਜਾਂਦੇ ਹਨ ਤੇ ਸਿਆਟਲ (ਅਮਰੀਕਾ) ਵਾਲੇ ਸਰੀ ਵੈਨਕੂਵਰ ਜਾਂਦੇ ਹਨ। ਮਿਲੀਅਨ ਡਾਲਰਾਂ ਦੀ ਚੋਰ-ਬਜਾਰੀ ਤੇ ਕਾਲੇ ਧੰਦੇ ਕਾਰਨ ਸਰਕਾਰਾਂ ਸਤਰਕ ਹੋ ਗਈਆਂ। ਇਸ ਆਜ਼ਾਦੀ ਦਾ ਨਾਜਾਇਜ ਫਾਇਦਾ ਉਠਾਉਣ ਕਾਰਨ ਹੁਣ ਅਮਰੀਕਾ ਕੈਨੇਡਾ ਦਰਮਿਆਨ ਵੀ ਕੰਡਿਆਲੀ ਤਾਰ ਲਗਾਉਣ ਦੀ ਚਰਚਾ ਛਿੜ ਪਈ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਲੋਕ ਸੌਦਾ-ਸੂਤ ਲੈਣ ਲਈ ਲਾਹੌਰ ਬੇਰੋਕ ਟੱਪ ਜਾਂਦੇ ਸਨ ਤੇ ਲਾਹੌਰ ਵਾਲੇ ਅੰਮ੍ਰਿਤਸਰ ਆਉਂਦੇ ਸਨ। ਬਹੁਤੀ ਸਖ਼ਤੀ ਨਹੀਂ ਸੀ। ਇਸ ਨਰਮਾਈ ਨੇ ਗ਼ਲਤ ਅਨਸਰਾਂ ਨੂੰ ਜਨਮ ਦਿੱਤਾ। ਉਨ੍ਹਾਂ ਇਸ ਦਾ ਨਜਾਇਜ਼ ਫਾਇਦਾ ਉਠਾ ਕੇ ਕਾਲਾ ਧੰਦਾ ਸ਼ੁਰੂ ਹੋ ਗਿਆ। ਅੱਜ ਵੀ ਸੀਨੇ ਠਾਰਦੀਆਂ ਹਵਾਵਾਂ ਉਹੀ ਹਨ, ਧਰਤੀ ਵੀ ਉਹੀ ਹੈ। ਨੀਲਾ ਕਾਲਾ ਅਸਮਾਨ ਉਹੀ, ਧੁੰਦ ਤੇ ਕੋਹਰੇ ਦਾ ਰੰਗ-ਰੂਪ ਤੇ ਡੰਗਣ ਦੀ ਸ਼ਕਤੀ ਉਹੀ ਹੈ। ਲੋਕਾਂ ਦੀ ਬੋਲ-ਚਾਲ ਪਹਿਰਾਵਾ, ਗਾਲਾਂ ਦੁਆਵਾਂ ਉਹੀ ਸਨ। ਫ਼ਰਕ ਸਿਰਫ਼ ਤੇ ਸਿਰਫ਼ ਇਸ ਵੱਡੇ ਸਾਰੇ ਗੇਟ ਤੇ ਇਸ ਨਾਲ ਉੱਤਰ ਦੱਖਣ ਵੱਲ ਜਾ ਰਹੀਆਂ ਕੰਡਿਆਲੀ ਤਾਰਾਂ ਦਾ ਹੈ ਜਿਨ੍ਹਾਂ ਨੇ ਦੋ ਭਰਾਵਾਂ ਦੇ ਘਰ ਵਿਚ ਇਕ ਉੱਚੀ ਕੰਧ ਖੜੀ ਕਰ ਕੇ ਬਿਗਾਨੇ ਬਣਾ ਦਿੱਤਾ।

'ਨਦੀ ਕੰਢੇ ਰੁੱਖੜਾ ਕਿਚਰ ਬੰਨ੍ਹੇ ਧੀਰ...।' ਵਾਂਗ ਬਾਰਡਰ ਤੇ ਵਸੇ ਇਨ੍ਹਾਂ ਲੋਕਾਂ ਦਾ ਕਿੰਨਾ ਮੰਦੜਾ ਹਾਲ ਹੈ। ਪਤਾ ਨਹੀਂ ਕਿਹੜੇ ਵੇਲੇ ਤੋਪਾਂ ਦੇ ਮੂੰਹ ਖੋਲ੍ਹ ਕੇ ਇਨ੍ਹਾਂ ਨੂੰ ਉਖਾੜ ਜਾਣ। ਬਹੁਤ ਵਾਰ ਉਜੜੇ ਤੇ ਕਈ ਵੇਰਾਂ ਵੱਸੇ ਨੇ ਇਹ ਹਮਸਾਏ। ਪਹਿਲਾਂ ਇਹ ਰਲ ਮਿਲ ਕੇ ਬਹੁਤ ਮੌਜਾਂ ਵੀ ਮਾਣਦੇ ਘਾਲਾ ਮਾਲਾ ਕਰਦੇ ਇਕ ਖਿੜੀ ਪਵਾਉਂਦੇ ਰਹੇ। ਸਰਹੱਦੀ ਕਿੱਲਿਆਂ ਵਾਲੇ ਆਪਣੇ ਗਵਾਂਢੀ ਕਿਸਾਨਾਂ ਨਾਲ ਬੈਠ ਕੇ ਸ਼ਾਹ ਵੇਲਾ, ਲੌਢਾ ਵੇਲਾ ਇਕੱਠੇ ਸਾਂਝਾ ਕਰਦੇ ਸਨ। ਰੌਹ ਦਾ ਪੀਪਾ ਇੱਧਰੋਂ ਚਲਾ ਜਾਂਦਾ ਤੋਂ ਲੱਸੀ ਦੀ ਚਾਟੀ ਉਧਰੋਂ ਆ ਜਾਂਦੀ। ਰਲ ਰਲਾ ਕੇ ਦੋਹੇਂ ਗਵਾਂਢੀ ਤਪਾਕ ਨਾਲ ਸਰਹੱਦ ਦੀ ਸਾਂਝੀ ਵੱਟ 'ਤੇ ਬੈਠ ਕੇ ਪੀਂਦੇ ਖਾਂਦੇ। ਭੱਤਾ ਲੈ ਕੇ ਜਾਂਦੀਆਂ ਸੁਆਣੀਆਂ ਕਦੇ ਇੱਧਰ ਦੇ ਤੂਤਾਂ ਥੱਲੇ ਬੈਠ ਕੇ ਰਲ ਖਾ ਲੈਂਦੇ ਤੇ ਕਦੇ ਉਧਰਲੀ ਟਾਹਲੀ ਦੀ ਛਾਂ ਮਾਣਦੇ। ਇਧਰ ਦਾ ਚੋਰੀ ਹੋਇਆ ਮਾਲ-ਢਾਂਡਾ ਉਧਰ ਪਾਰ ਲੰਘ ਜਾਂਦਾ ਤੇ ਵਟਾਂਦਰੇ ਵਿਚ ਉਧਰ ਦਾ ਚੋਰੀ ਦਾ ਮਾਲ ਇਧਰ ਆ ਕੇ ਕੌਡੀਆਂ ਦੇ ਭਾ ਵਿਕਦਾ। ਉਨ੍ਹਾਂ ਦੀ ਭੱਠੀ ਦੀਆਂ ਕੱਢੀਆਂ ਦੇਸੀ ਦਾਰੂ ਦੀਆਂ ਬੋਤਲਾਂ ਇਧਰ ਵਿਕਦੀਆਂ। ਇੱਧਰ ਦੀ ਅਫ਼ੀਮ ਦੇ ਮਾਵੇ ਉਧਰ ਡੂੰਗੇ ਜਾਂਦੇ। ਮਾਇਕ ਮੁੜੱਤਣ ਨੇ ਕਮਜ਼ੋਰੀਆਂ ਪੈਦਾ ਕੀਤੀਆਂ। ਕਮਜ਼ੋਰੀਆਂ ਨੇ ਕਮਾਈ ਦੇ ਜਾਇਜ਼ ਨਜਾਇਜ਼ ਢੰਗ ਈਜਾਦ ਕੀਤੇ। ਇਨ੍ਹਾਂ ਕਾਰਸਤਾਨੀਆਂ ਕਰ ਕੇ ਸਰਕਾਰਾਂ ਦੀ ਚਾਬਕ ਨੇ ਗਵਾਂਢੀਆਂ ਨੂੰ ਚੰਦਰੇ ਗਵਾਂਢੀਂ ਵਿਚ ਬਦਲ ਦਿੱਤਾ। ਹੁਣ ਸਰਹੱਦਾਂ 'ਤੇ ਨਿੱਤ ਦਿਨ ਗੜਬੜ ਕਰਨ ਕਰ ਕੇ ਇਨ੍ਹਾਂ ਕਿਸਾਨਾਂ ਦਾ ਉਜਾੜਾ ਹੁੰਦਾ ਹੈ। ਇਨ੍ਹਾਂ ਚਾਟੀਆਂ ਵਿਚ ਪ੍ਰੇਮ ਦੀ ਥਾਂ ਜਦੋਂ ਜ਼ਹਿਰ, ਸਮੈਕ, ਹੈਰੋਇਨ, ਚਿੱਟੇ ਆਦਿ ਭਰ ਕੇ ਵਟਾਂਦਰੇ ਹੋਣ ਲੱਗੇ ਤਾਂ ਨਸ਼ਿਆਂ ਦੀ ਸਮਗਲਿੰਗ ਨੂੰ ਨੱਥ ਪਾਉਣ ਵਾਸਤੇ ਸਰਕਾਰਾਂ ਚੌਕਸ ਹੋਈਆਂ। ਇਹ ਨੌਬਤ ਕੰਡਿਆਲੀ ਤਾਰ ਤੱਕ ਪਹੁੰਚ ਗਈ। ਚੋਰੀ ਛੁਪੇ ਇਨ੍ਹਾਂ ਤਾਰਾਂ ਨੂੰ ਉਲੰਘਣ ਦੀਆਂ ਵਾਰਦਾਤਾਂ ਕਰ ਕੇ ਇਸ ਵਿਚ ਰਾਤ ਨੂੰ ਬਿਜਲੀ ਦਾ ਕਰੰਟ ਛੱਡਿਆ ਜਾਣ ਲੱਗਾ। ਹੁਣ ਗਵਾਂਢੀਆਂ ਦਾ ਇਕ ਦੂਜੇ ਨਾਲ ਹੱਥ ਮਿਲਾਉਣਾ ਤਾਂ ਦੂਰ, ਉਹ ਅੱਖ ਵੀ ਨਹੀਂ ਮਿਲਾ ਸਕਦੇ।

ਨਨਕਾਣਾ ਲਾਹੌਰ ਪਰਾਇਆ ਮੈਨੂੰ ਉਨ੍ਹਾਂ ਨੂੰ ਅਜਮੇਰ ਸ਼ਰੀਫ਼ ਨਕੋਦਰ। ਸਾਡੇ ਨਾਲੋਂ ਪੰਛੀ ਚੰਗੇ, ਜਾਣ ਮਨ ਮਰਜ਼ੀ ਇੱਧਰ ਓਧਰ।' ਇਕ ਹੂਕ ਜਿਹੀ ਅਸਮਾਨ ਵਿਚ ਗੂੰਜਦੀ ਹੈ। ਇਹ ਸਾਰਾ ਖੇਤਰ, ਰਿਸੈਂਪਸ਼ਨ ਵਾਲੀਆਂ ਪੌੜੀਆਂ ਤੇ ਬਿਲਡਿੰਗ ਦੇ ਨਵੀਨੀਕਰਨ ਕਾਰਨ ਉੱਤਿਆਂ ਪਿਆ ਹੈ। ਰਸਤੇ ਵਿੱਚ ਚਿਕੜ, ਖੋਭਾ ਤੇ ਕਿਧਰੇ ਪਾਣੀ ਦੀਆਂ ਘੜੀਆਂ ਬਣੀਆਂ ਪਈਆਂ ਹਨ। ਕੁੱਲੀਆਂ ਨੇ ਕਿਹਾ, 'ਸਾਨੂੰ ਦੋ ਦੋ ਸੌ ਰੁਪਏ ਪਹਿਲਾਂ ਹੁਣੇ ਦੇ ਦਿਉ।' ਉਨ੍ਹਾਂ ਨੂੰ ਚਾਰ ਸੌ ਰੁਪਏ ਦੇ ਦਿੱਤੇ। ਟੇਢੇ ਮੇਢੇ ਰਸਤੇ ਵਿਚੋਂ ਲੰਘ ਕੇ ਫਿਰ ਸਿੱਧੇ ਸੜਕ ਤੇ ਆ ਕੇ ਨੋ ਮੈਨ ਲੈਂਡ ਰਾਹੀਂ ਪਾਕਿਸਤਾਨ ਵਿੱਚ ਦਾਖ਼ਲ ਹੋਏ।

ਪਾਕਿਸਤਾਨ ਦੀਆਂ ਬਰੂੰਹਾਂ ਟੱਪਣ ਤੇ ਬਿਗਾਨੀ ਹਕੂਮਤ ਦੇ ਕਰਿੰਦੇ ਸਾਨੂੰ ਵੇਖ ਕੇ ਮੁਸਕਰਾਉਂਦੇ ਖ਼ੁਸ਼ਆਮਦੀਦ

ਕਹਿੰਦੇ ਹਨ। ਉਸ ਜੂਹ ਵਿਚ ਪੈਰ ਧਰਨ ਤੇ ਮੈਨੂੰ ਪਲ ਭਰ ਘਬਰਾਹਟ ਜਿਹੀ ਹੋਈ ਪਰ ਉੱਧਰਲੇ ਕੁੱਲੀਆਂ ਦੀ ਧਾੜ ਨੇ ਸਾਡਾ ਸਾਮਾਨ ਚੁੱਕਦੇ ਮੇਰਾ ਧਿਆਨ ਖਿੱਚ ਲਿਆ ਤੇ ਮੈਨੂੰ ਇਸ ਵਜਾਹਾ ਤੋਂ ਨਿਜਾਤ ਦਵਾ ਦਿੱਤੀ। ਚੰਦ ਤਾਰੇ ਅਤੇ ਜਿਨਾਹ ਦੀ ਫੋਟੋ ਵਾਲੇ ਪਾਕਿਸਤਾਨੀ ਗੇਟ ਮੋਹਰੇ ਕੁਲੀਆਂ ਦੇ ਖਿੜੇ ਮੱਥੇ ਤੇ ਹੱਸਦੇ ਸਲੀਕੇ ਨਾਲ ਬਿਗਾਨੇ ਦੇਸ਼ ਵਾਲੀ ਬੇਗਾਨਗੀ ਦਾ ਅਹਿਸਾਸ ਖੰਭ ਲਾ ਕੇ ਉੱਡ ਗਿਆ। ਕਾਇਦੇ-ਆਜ਼ਮ ਮੁਹੰਮਦ ਅਲੀ ਜ਼ਿਨਾਹ ਦੀ ਵੱਡੀ ਸਾਰੀ ਮੂਰਤ ਮੁਸਕਰਾਉਂਦੀ ਵੈੱਲਕਮ ਕਹਿੰਦੀ ਵੇਖ ਕੇ ਮੈਂ ਵੀ ਨਿਮਨ ਕੀਤਾ। ਇਹ ਮੁਹੰਮਦ ਅਲੀ ਜ਼ਿਨਾਹ ਭਾਈ ਪਾਕਿਸਤਾਨ ਦਾ ਜਨਮ ਦਾਤਾ ਤੇ ਪਿਤਾਮਾ ਹੈ। ਉਸ ਨੇ ਬੜੀ ਮਿਹਨਤ, ਰੀਝਾਂ ਤੇ ਚਾਵਾਂ ਨਾਲ ਪਾਕਿਸਤਾਨ ਦਾ ਅਸਤਿਤਵ ਕਾਇਮ ਕੀਤਾ। 1947 ਵਿਚ ਆਜ਼ਾਦੀ ਮਿਲਣ ਤੇ ਉਸ ਨੂੰ ਗਵਰਨਰ ਜਨਰਲ ਦਾ ਪਲੇਠਾ ਅਹੁਦਾ ਨਸੀਬ ਹੋਇਆ। ਉਸ ਨੇ ਵੀਹ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਬੰਬੇ ਹਾਈਕੋਰਟ ਵਿਚ ਵਕੀਲ ਵਜੋਂ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਸਨ। ਉਹ ਘਾਗ ਕਿਸਮ ਦਾ ਆਜ਼ਾਦੀ ਘੁਲਾਟੀਆ, ਵਿਦਵਾਨ, ਸਿਆਸਤਦਾਨ, ਕਾਨੂੰਨਦਾਨ ਸਾਬਤ ਹੋਇਆ। ਉਸ ਦੀ ਸੁਯੋਗ ਅਗਵਾਈ ਵਿਚ ਪਾਕਿਸਤਾਨ ਦੀ ਨਵੀਂ ਸਰਕਾਰ ਨੇ ਕਈ ਸਕੀਮਾਂ ਘੜਦੇ ਅੰਤਰਰਾਸ਼ਟਰੀ ਪੱਧਰ ਤੇ ਆਪਣੀਆਂ ਨਵੀਆਂ ਵਫ਼ਾਦਾਰੀਆਂ ਪੈਦਾ ਕੀਤੀਆਂ। ਉਹ ਅਵਾਮ ਦਾ ਸੱਚਾ ਸੇਵਾਦਾਰ ਸੀ। ਉਸ ਨੇ ਸਰਕਾਰੀ ਖਜ਼ਾਨੇ ਵਿਚੋਂ ਸਿਰਫ਼ ਇਕ ਰੁਪੈ ਤਨਖ਼ਾਹ ਲੈ ਕੇ ਹੋਰਾਂ ਨੂੰ ਸੇਵਾ ਕਰਨ ਦਾ ਵੱਲ ਸਿਖਾਇਆ। ਪਰ ਉਸ ਨੂੰ ਜ਼ਿਆਦਾ ਦੇਰ ਸੱਤਾ ਦਾ ਇਹ ਫ਼ਲ ਭੋਗਣ, ਮਾਣਨ ਤੇ ਪਾਕਿਸਤਾਨ ਦੀ ਸੇਵਾ ਕਰਨ ਦਾ ਸਮਾਂ ਨਾ ਮਿਲਿਆ। ਸਤੰਬਰ 1948 ਵਿਚ ਅੱਲਾ ਨੂੰ ਉਸ ਦੀ ਜ਼ਰੂਰਤ ਪੈ ਗਈ, ਉਹ ਅੱਲਾ ਨੂੰ ਪਿਆਰਾ ਹੋ ਗਿਆ। ਆਪਣੀ ਅਵਾਮ ਪ੍ਰਤੀ ਉਸ ਦੀ ਕੁਰਬਾਨੀ ਤੇ ਯੋਗਦਾਨ ਦੀ ਸ਼ਰਧਾ ਸਤਿਕਾਰ ਵਜੋਂ ਉਸ ਨੂੰ ਕਾਇਦੇ-ਆਜ਼ਮ ਵਜੋਂ ਸਤਿਕਾਰਿਆ ਪੁਕਾਰਿਆ ਜਾਂਦਾ ਹੈ। ਨਹਿਰੂ ਤੇ ਮੁਹੰਮਦ ਜ਼ਿਨਾਹ ਦੀ ਆਪਸੀ ਬੜੀ ਕਰੀਬੀ ਦੋਸਤੀ ਸੀ। ਇਹ ਵਿਅਕਤੀਗਤ ਵੀ ਸੀ ਤੇ ਸਿਆਸੀ ਵੀ ਸੀ। ਇਹ ਉਨ੍ਹਾਂ ਸਿਆਸੀ ਤੌਰ ’ਤੇ ਵੀ ਖ਼ੂਬ ਨਿਭਾਈ। ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ ਵਾਂਗ ਇੱਧਰ ਤੋਂ ਉੱਧਰ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਖਿਲਵਾੜ ਕਰ ਕੇ ਇਨ੍ਹਾਂ ਨੇ ਆਪਣੀ ਆਪਣੀ ਡੁਗਡੁਗੀ ਵਜਾਈ।

ਇਸਲਾਮੀ ਗਣਤੰਤਰ ਪਾਕਿਸਤਾਨ ਚਾਰ ਰਿਆਸਤਾਂ ਪੰਜਾਬ, ਖੈਬਰ ਪਖਤੂਨਵਾ, ਸਿੰਧ, ਬਲੋਚਿਸਤਾਨ, ਅਤੇ ਟਰਾਈਬਲ ਏਰੀਆ, ਇਸਲਾਮਾਬਾਦ ਕੈਪੀਟਲ, ਗਿਲਗਿਤ ਬਾਲਤਿਸਤਾਨ ਅਤੇ ਆਜ਼ਾਦ ਕਸ਼ਮੀਰ ਪੰਜ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਿਆ ਹੋਇਆ ਹੈ। ਇਹ ਵਿਸ਼ਾਲ ਗਣਤੰਤਰ 881913 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਤੇ 2017 ਦੀ ਜਨ ਸੰਖਿਆ ਅਨੁਸਾਰ ਆਬਾਦੀ 212742631 ਸੀ। ਇਸ ਵਿਚ ਵੀਹ ਹਜ਼ਾਰ ਦੇ ਕਰੀਬ ਰਹਿੰਦੇ ਸਿੱਖਾਂ ਦੀ ਗਿਣਤੀ ਸ਼ਾਮਲ ਨਹੀਂ ਕਿਉਂਕਿ ਇਹ ਲੋਕ ਤਾਜ਼ਾ ਤਾਜ਼ਾ ਕੀਤੀ ਮਰਦਮ ਸ਼ੁਮਾਰੀ ਤੋਂ ਬਾਹਰ ਰੱਖੇ ਗਏ ਹਨ ਜਾਂ ਇਨ੍ਹਾਂ ਦੀ ਗਿਣਤੀ ਨਹੀਂ ਕੀਤੀ ਗਈ। ਇਨ੍ਹਾਂ ਦੀ ਜ਼ਿਆਦਾ ਨਫ਼ਰੀ ਉਤਰ ਪੱਛਮੀ ਖ਼ੈਬਰ ਪਖਤੂਨਵਾ ਵਿਚ ਮੌਜੂਦ ਇਨ੍ਹਾਂ ਦੇ ਰਹਿਮੋ ਕਰਮ ਤੇ ਨਿਰਭਰ ਕਰਦੀ ਹੈ। ਇਹ ਸਾਰੇ ਬਾਬੇ ਨਾਨਕ ਦੇ ਕੱਟੜ ਅਨੁਆਈ ਸਿੱਖ ਹਨ। ਪੰਜਾਬ ਰਿਆਸਤ ਆਬਾਦੀ ਵਜੋਂ ਸਭ ਤੋਂ ਪਹਿਲੇ ਨੰਬਰ ਅਤੇ ਜ਼ਮੀਨ ਦੀ ਪੈਮਾਇਸ਼ ਵਿਚ ਦੂਜੇ ਨੰਬਰ ਤੇ ਆਉਂਦੀ ਹੈ। ਪੰਜਾਬ ਰਾਜਨੀਤਕ ਤੌਰ ਤੇ ਛੱਤੀ ਜ਼ਿਲ੍ਹਿਆਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਵਿਚ ਫੈਸਲਾਬਾਦ, ਰਾਵਲਪਿੰਡੀ, ਗੁੱਜਰਾਂਵਾਲਾ, ਸਰਗੋਧਾ, ਸਿਆਲਕੋਟ, ਬਹਾਵਲਪੁਰ, ਗੁਜਰਾਤ, ਮੁਲਤਾਨ, ਸ਼ੇਖੂਪੁਰਾ, ਸਾਹੀਵਾਲ, ਜਿਹਲਮ ਆਦਿ ਪ੍ਰਮੁੱਖ ਹਨ।

ਪੈਦਲ ਤੁਰ ਕੇ ਅਸੀਂ ਮੁਨਾਸਬ ਜਗ੍ਹਾ ਨਹੀਂ ਲੱਭ ਸਕੇ। ਸਾਨੂੰ ਉਨ੍ਹਾਂ ਕੁਲੀਆਂ ਤੇ ਨਿਰਭਰ ਕਰਨਾ ਪਿਆ। ਉਹ ਮਾਤਾ ਜੀ ਵਾਸਤੇ ਵੀਲ ਚੇਅਰ ਵੀ ਲੈ ਆਏ। ਉਨ੍ਹਾਂ ਨੇ ਸਾਨੂੰ ਇਮੀਗ੍ਰੇਸ਼ਨ ਹਾਤੇ ਵਿਚ ਵਾੜ ਦਿੱਤਾ। ਉਸ ਤੋਂ ਪਹਿਲਾਂ ਮਨੀ-ਚੇਂਜਰ ਟੱਕਰ ਗਏ। ਉਨ੍ਹਾਂ ਨਾਲ ਸੌਦੇਬਾਜੀ ਸ਼ੁਰੂ ਹੋ ਗਈ। ਮੈਂ ਸੋਚਿਆ ਮੇਰਾ ਦੋਸਤ ਹੋਸਟ ਅਹਿਸਨ ਫਾਰੂਕ ਅੱਗੇ ਇੰਤਜ਼ਾਰ ਕਰ ਰਿਹਾ ਹੈ, ਉਸ ਦੀ ਸਲਾਹ ਨਾਲ ਪੈਸਿਆਂ ਦਾ ਤਬਾਦਲਾ ਕਰਾਂਗੇ। ਇੰਮੀਗ੍ਰੇਸ਼ਨ ਵਿਚ ਬਹੁਤੀ ਦੇਰ ਨਹੀਂ ਲੱਗੀ, ਉਨ੍ਹਾਂ ਜਲਦੀ ਭੁਗਤਾ ਦਿੱਤਾ। ਬਾਹਰ ਆ ਕੇ ਕੁੱਲੀਆਂ ਨੇ ਇਕ ਲੰਬੀਆਂ ਰੇਹੜੀਆਂ ਵਾਲੀ ਛਕੜਾ ਗੱਡੀ ਜਿਸ ਨੂੰ ਟਰੈਕਟਰ ਖਿੱਚਦਾ ਹੈ, ਵਿਚ ਬਿਠਾ ਦਿੱਤਾ। ਇੱਥੋਂ ਪਾਕਿਸਤਾਨੀ ਕੁਲੀਆਂ ਦੀ ਅਸਲੀ ਔਕਾਤ ਦਿਸਣੀ ਸ਼ੁਰੂ ਹੋ ਗਈ। ਸ਼ੁਰੂ ਵਿਚ ਉਨ੍ਹਾਂ ਨੇ ਮੇਰੇ ਕੋਲੋਂ ਤਿੰਨ ਸੌ

"

ਧਰਤੀ ਵੰਡਣ ਨਾਲ ਇਹ ਬਾਬੇ ਪੀਰਾਂ ਫਕੀਰਾਂ ਦੀ ਜਗ੍ਹਾ ਭਾਵੇਂ ਵੰਡੀ ਗਈ ਪਰ ਇਹ ਬਾਬੇ ਨਹੀਂ ਵੰਡੇ ਜਾ ਸਕਦੇ। ਸਆਦਤ ਹਸਨ ਮੰਟੋ ਦੀ ਕਹਾਣੀ ਵਾਲਾ ਟੋਬਾ ਟੇਕ ਸਿੰਘ ਵੀ ਇੱਧਰ ਹੈ। ਸੋਹਣ ਸਿੰਘ ਸੀਤਲ ਦਾ ਤੂਤਾਂ ਵਾਲਾ ਖੂਹ ਵੀ ਇੱਧਰ ਹੈ। ਭਾਰਤ ਦੀ ਆਜ਼ਾਦੀ ਦਾ ਪਰਵਾਨਾ ਸ਼ਹੀਦ ਭਗਤ ਸਿੰਘ ਏਸੇ ਪੰਜਾਬ ਵਿਚ ਜੰਮਿਆ ਤੇ ਸੀ ਤੇ ਝੂਟੇ ਲੈਂਦਿਆਂ ਏਸੇ ਮਿੱਟੀ ਵਿਚ ਸਮਾ ਗਿਆ।

"

ਮੰਗੇ। ਮੈਂ ਕਿਹਾ ਸੱਤ ਬਚਨ ਭਾਈ ਜਾਨ, ਮਿਲ ਜਾਣਗੇ। ਇੱਥੇ ਉਤਰ ਕੇ ਮੈਂ ਤਿੰਨ ਸੌ ਦੇ ਦਿੱਤੇ। ਇਸ ਤੋਂ ਪਹਿਲਾਂ ਮਨੀ ਚੇਂਜਰ ਤੋਂ ਸੌ ਡਾਲਰ ਦੇ ਦਸ ਹਜ਼ਾਰ ਤਿੰਨ ਸੌ ਯਾਨੀ ਕਿ 103 ਰੂਪੈ ਦੇ ਹਿਸਾਬ ਨਾਲ ਤੁੜਾ ਲਏ ਸਨ। ਰੇਟ ਭਾਵੇਂ 105 ਸੀ, ਪਰ ਮੈਂ ਕਿਹਾ ਕੋਈ ਨਹੀਂ, ਠੀਕ ਹੈ। ਉਸ ਵਿਚੋਂ ਤਿੰਨ ਨੋਟ ਕੱਢ ਕੇ ਉਨ੍ਹਾਂ ਨੂੰ ਦਿੱਤੇ। ਉਨ੍ਹਾਂ ਕਿਹਾ, ਅਸੀਂ ਤਾਂ ਦੋ ਜਾਣੇ ਆ, ਸਾਨੂੰ ਤਿੰਨ-ਤਿੰਨ ਸੌ ਦੋਵਾਂ ਨੂੰ ਚਾਹੀਦੇ ਨੇ। ਮੈਂ ਬਿਨਾਂ ਕਿਸੇ ਹੀਲ-ਹੁੱਜਤ ਤਿੰਨ ਸੌ ਹੋਰ ਦਿੱਤੇ। ਕਿਉਂਕਿ ਬਿਰਧ ਮਾਤਾ ਨਾਲ ਤੇ ਸਾਮਾਨ ਕਾਫ਼ੀ ਹੋਣ ਕਾਰਨ ਉਨ੍ਹਾਂ ਨਾਲ ਉਲਝਣਾ ਮੈਂ ਠੀਕ ਨਹੀਂ ਸਮਝਿਆ। ਉਹ ਅੱਗੋਂ ਫੇਰ ਅੜ ਗਏ, ਸਾਨੂੰ ਤੁਹਾਡੀ ਭਾਰਤੀ ਕਰੰਸੀ ਵਾਲੇ ਤਿੰਨ ਸੌ ਰੁਪਏ ਚਾਹੀਦੇ ਨੇ। ਮਨੀ ਚੇਂਜਰ ਉਨ੍ਹਾਂ ਦੀ ਮਦਦ ਕਰਨ ਲੱਗਾ ਕਿ ਠੀਕ ਹੈ ਜੀ, ਇਹ ਭਾਰਤੀ ਕਰੰਸੀ ਹੀ ਲੈਂਦੇ ਹਨ। ਮੈਨੂੰ ਗ਼ੁੱਸਾ ਆ ਗਿਆ ਕਿ ਤੁਸੀ ਪਾਕਿਸਤਾਨ ਦੇ ਸੁਹਿਰਦ ਸ਼ਹਿਰੀ ਭਾਰਤੀ ਨੋਟ ਮੰਗ ਰਹੇ ਹੋ! ਮੈਂ ਤੁਹਾਡੀ ਸ਼ਿਕਾਇਤ ਕਰਦਾ ਹਾਂ। ਮੈਂ ਮਨੀ ਚੇਂਜਰ ਨੂੰ ਵੀ ਦਬਕਾ ਲਗਾਇਆ। ਤੇਰਾ ਹੁਣ ਕੰਮ ਖ਼ਤਮ ਹੋ ਗਿਆ ਤੂੰ ਪਿੱਛੇ ਹੱਟ ਜਾਹ। ਉਹ ਕੰਨ ਲਪੇਟ ਕੇ ਪਿੱਛੇ ਚਲਾ ਗਿਆ। ਉਨ੍ਹਾਂ ਨੂੰ ਮੈਂ ਸੌ ਰੁਪਿਆ ਹੋਰ ਦਿੱਤਾ ਯਾਨੀ ਕਿ ਦੋ ਜਾਣਿਆ ਦੇ ਸੱਤ ਸੌ ਰੁਪਏ ਕੁਲੀਆਂ ਨੂੰ ਦਿਵਾ ਕੇ ਉਹ ਰੇਹੜਾ ਗੱਡੀ ਜੋ ਕੁੱਲੀਆਂ ਦੀ ਸੌਦੇਬਾਜੀ ਵੇਖ ਰਹੀ ਸੀ, ਚੱਲ ਪਈ। ਉਸ ਨੇ ਦੋ ਕੁ ਫ਼ਰਲਾਂਗ ਦੂਰ ਜਾ ਕੇ ਇਕ ਹੋਰ ਹਾਤੇ ਵਿਚ ਖੜੀ ਕਰ ਦਿੱਤੀ। ਇਹ ਛੋਟੇ ਬੱਸ ਸਟੈਂਡ ਵਾਂਗ ਸਵਾਰੀਆਂ ਚੜ੍ਹਨ ਉਤਰਨ ਵਾਸਤੇ ਅੱਡਾ ਹੈ।

ਇੱਥੇ ਪਹੁੰਚ ਕੇ ਮੈਨੂੰ ਅਜੀਬ ਕਿਸਮ ਦਾ ਅਹਿਸਾਸ ਪੈਦਾ ਹੋਇਆ। ਮੈਂ ਇਸ ਨੂੰ ਬਿਗਾਨੀ ਧਰਤੀ ਬਿਲਕੁਲ ਨਹੀਂ ਆਖ ਸਕਦਾ ਕਿਉਂਕਿ ਇਹ ਮੇਰੀ ਆਪਣੀ ਜੰਮਣ ਭੋਏ ਹੈ। ਇੱਥੇ ਮੇਰੇ ਵਡੇਰਿਆਂ ਦੀ ਚਰਨ ਪੈੜ ਹੈ। ਇਹ ਮੇਰੇ ਜਠੇਰਿਆਂ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਹੈ। ਨਾ ਕੋ ਹਿੰਦੂ ਨਾ ਮੁਸਲਮਾਣੈ।' ਵਾਲਾ ਜ਼ਾਹਿਰਾ ਪੀਰ ਬਾਬਾ ਨਾਨਕ ਵੀ ਇਸੇ ਨਨਕਾਣਾ ਸਾਹਿਬ ਦਾ ਜੰਮ ਪਲ ਇੱਧਰ ਹੈ ਜੋ ਕਰਤਾਰ ਪੁਰ ਵਿਖੇ ਵਾਰੀ ਕਰ ਕੇ ਧਰਤੀ ਵਿਚੋਂ ਅੰਨ ਉਪਜਾਉਂਦਾ ਖ਼ਲਕਤ ਨੂੰ ਹੱਥੀਂ ਕਿਰਤ ਕਰਨ ਦਾ ਵੱਲ ਸਿਖਾਉਂਦਾ ਰਿਹਾ। ਧਰਤੀ ਵੰਡਣ ਨਾਲ ਇਹ ਬਾਬੇ ਪੀਰਾਂ ਫਕੀਰਾਂ ਦੀ ਜਗ੍ਹਾ ਭਾਵੇਂ ਵੰਡੀ ਗਈ ਪਰ ਇਹ ਬਾਬੇ ਨਹੀਂ ਵੰਡੇ ਜਾ ਸਕਦੇ। ਸਆਦਤ ਹਸਨ ਮੰਟੋ ਦੀ ਕਹਾਣੀ ਵਾਲਾ ਟੋਬਾ ਟੇਕ ਸਿੰਘ ਵੀ ਇੱਧਰ ਹੈ। ਸੋਹਣ ਸਿੰਘ ਸੀਤਲ ਦਾ ਤੂਤਾਂ ਵਾਲਾ ਖੂਹ ਵੀ ਇੱਧਰ ਹੈ। ਭਾਰਤ ਦੀ ਆਜ਼ਾਦੀ ਦਾ ਪਰਵਾਨਾ ਸ਼ਹੀਦ ਭਗਤ ਸਿੰਘ ਏਸੇ ਪੰਜਾਬ ਵਿਚ ਜੰਮਿਆ ਤੇ ਸੀ ਤੇ ਝੂਟੇ ਲੈਂਦਿਆਂ ਏਸੇ ਮਿੱਟੀ ਵਿਚ ਸਮਾ ਗਿਆ। ਇੱਥੋਂ ਦੇ ਸ਼ਾਹੂਕਾਰ ਦੀਨਾ ਨਾਥ ਜਾ ਬੈਜ ਨਾਥ ਸ਼ਾਹ ਦੀਆਂ ਵਹੀਆਂ ਹਰੇਕ ਗਰਜ਼ਮੰਦ ਵਾਸਤੇ ਖੁੱਲ੍ਹੀਆਂ ਰਹਿੰਦੀਆਂ ਸਨ। ਇਨ੍ਹਾਂ ਵਿਚ ਸਾਰੇ ਪੰਜਾਬ ਦੇ 25 ਫ਼ੀਸਦੀ ਤੋਂ ਵੱਧ ਕਰਜ਼ਾਈਆਂ ਦੇ ਨਾਮ ਜਿਨ੍ਹਾਂ ਦੀ ਇਹ ਲੋੜ ਵੇਲੇ ਬਾਂਹ ਫੜਦਾ ਸੀ, ਬਿਨਾਂ ਕਿਸੇ ਜਾਤੀ ਭੇਦ ਭਾਵ ਅੰਕਿਤ ਸਨ। ਦੋਹਾਂ ਪਾਸਿਆਂ ਦੇ ਗੁੜ, ਗੰਨੇ, ਸਾਗ ਤੇ ਮੱਕੀ ਦੀ ਰੋਟੀ ਦੀ ਤਾਸੀਰ ਤੇ ਸੁਆਦ ਇਕ ਜਿਹਾ ਹੈ। ਪਲ ਦੀ ਪਲ ਇਕ ਸੁਪਨਾ ਮੇਰੇ ਜ਼ਿਹਨ ਵਿਚੋਂ ਗੁਜ਼ਰ ਗਿਆ ਕਿ ਉਹ ਸਾਰੇ ਮੰਟੋ, ਵਾਰਿਸ, ਹਾਸ਼ਮ, ਫ਼ਰੀਦ, ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਚੂਨਾ ਮੰਡੀ ਲਾਹੌਰ ਦੇ ਜੰਮ ਪਲ ਗੁਰੂ ਰਾਮ ਦਾਸ, ਸ਼ਹੀਦ ਭਗਤ ਸਿੰਘ ਇਕੇਰਾਂ ਮੁੜ ਸਰਬ ਸਾਂਝਾ ਸੰਮੇਲਨ ਕਰ ਕੇ ਜਰਮਨ ਦੀ ਦੀਵਾਰ ਵਾਂਗ ਇਹ ਵਾਹਗੇ ਦੀ ਲਕੀਰ ਮਿਟਾ ਦੇਣ।

ਮੈਂ ਆਪਣੇ ਨਗ ਉਤਾਰ ਕੇ ਆਪਣੇ ਮੇਜ਼ਬਾਨ ਦੀ ਇੰਤਜ਼ਾਰ ਕਰਨ ਲੱਗਾ ਕਿ ਉਹ ਇੱਥੇ ਇਸ ਅੱਡੇ ਤੇ

ਆਵੇਗਾ। ਡੌਰ ਭੌਰਿਆਂ ਵਾਂਗ ਖੜੇ ਇੱਧਰ ਉੱਧਰ ਝਾਕਦੇ ਅਸੀਂ ਆਪਣੇ ਮੇਜ਼ਬਾਨ ਨੂੰ ਉਡੀਕਣ ਲੱਗੇ। ਇਕ ਭਲੇ ਪੁਰਖ ਨੇ ਦਸ ਕੁ ਮਿੰਟ ਮੈਨੂੰ ਦੇਖ ਕੇ ਦੱਸਿਆ ਕਿ ਜੇ ਤੁਸੀਂ ਕਿਸੇ ਦਾ ਇੰਤਜ਼ਾਰ ਰਹੇ ਹੋ ਤਾਂ ਉਸ ਨੇ ਇੱਥੇ ਨਹੀਂ ਆਉਣਾ। ਸਾਹਮਣੇ ਨਾਕੇ ਤੇ ਸੰਤਰੀ ਖੜ੍ਹੇ ਹਨ। ਇਨ੍ਹਾਂ ਨੂੰ ਦੱਸ ਦਿਉ। ਇਹ ਬਾਹਰਲੇ ਗੇਟ ਤੇ ਇਤਲਾਹ ਕਰ ਦੇਣਗੇ। ਮੈਂ ਝਬਦੇ ਹੀ ਪੁਲਿਸ ਨਾਕੇ ’ਤੇ ਪਹੁੰਚ ਗਿਆ। ਉਨ੍ਹਾਂ ਨੂੰ ਦੱਸਿਆ ਕਿ ਮੇਰਾ ਹੋਸਟ ਫਾਰੂਕ ਅਹਿਸਨ ਗੇਟ ’ਤੇ ਮੇਰੀ ਇੰਤਜ਼ਾਰ ਕਰ ਰਿਹਾ ਹੈ।

ਅਸੀਂ ਹੁਣੇ ਬੁਲਾ ਦਿੰਦੇ ਹਾਂ। ਤੁਸੀਂ ਬੈਠੋ ਸਰਦਾਰ ਜੀ। ਉਹ ਹੁਣੇ ਆ ਜਾਵੇਗਾ। ਉਨ੍ਹਾਂ ਮੇਰੇ ਸਾਹਮਣੇ ਉਨ੍ਹਾਂ ਨੂੰ ਫ਼ੋਨ ਕਰ ਦਿੱਤਾ। ਉਧਰੋਂ ਇਕ ਗੱਡੀ ਨਿਕਲੀ ਮੈਂ ਸੋਚਿਆ ਸਾਇਦ ਸਾਡੀ ਆ ਗਈ, ਪਰ ਉਹ ਅੱਗੇ ਬਾਰਡਰ ਵੱਲ ਲੰਘ ਗਈ। ਇਕ ਹੋਰ ਨਿਕਲੀ, ਉਹ ਵੀ ਗਈ। ਇਸ ਤਰ੍ਹਾਂ ਤਿੰਨ ਚਾਰ ਗੱਡੀਆਂ ਲੰਘ ਗਈਆਂ। ਮੈਨੂੰ ਜਾਪਿਆ ਕਿ ਉਥੇ ਉਹ ਇਕੱਲੀ ਇਕੱਲੀ ਗੱਡੀ ਕੱਢਦੇ ਹੋਣਗੇ। ਉਸ ਨੂੰ ਮੈਂ ਫਿਰ ਦੁਬਾਰਾ ਬੇਨਤੀ ਕੀਤੀ ਕਿ ਪਿਛੇ ਰਿਮਾਈਡਰ ਕਰ ਦਿਓ, ਮੇਰਾ ਡਰਾਈਵਰ ਆਇਆਂ ਨਹੀਂ। ਉਸ ਨੇ ਫੇਰ ਫ਼ੋਨ ਮਿਲਾਇਆ। ਇਕ ਹੋਰ ਗੱਡੀ ਨਿਕਲੀ ਤੇ ਕਹਿੰਦਾ ਲਓ ਜੀ ਤੁਹਾਡੀ ਗੱਡੀ ਆ ਗਈ ਹੈ। ਅਹਿਸਾਨ ਫ਼ਾਰੂਕ ਪਹੁੰਚ ਗਿਆ। ਉਹ ਬੜੀ ਗਰਮਜੋਸ਼ੀ ਨਾਲ ਮਿਲਿਆ। ਬਹੁਤ ਨਿੱਘਾ ਪਿਆਰਾ ਜਿਹਾ ਨੌਜੁਆਨ ਹੈ ਉਹ। ਉਸ ਨੂੰ ਵੇਖਦੇ ਹੀ ਰੂਹ ਬਾਗ਼ੋ-ਬਾਗ਼ ਹੋ ਗਈ। ਉਸ ਨੇ ਮਾਤਾ ਜੀ ਤੇ ਮੇਰੇ ਪੈਰੀ ਹੱਥ ਲਾਇਆ। ਖ਼ੁਸ਼ਬੂ ਭਰੇ ਤਾਜ਼ਾ ਗੁਲਾਬ ਦਾ ਸੁੰਦਰ ਗੁਲਦਸਤਾ ਮਾਤਾ ਜੀ ਨੂੰ ਭੇਟ ਕੀਤਾ। ਮੈਂ ਉਸ ਨੂੰ ਗਲਵੱਕੜੀ ਵਿਚ ਭਰ ਲਿਆ। ਡਰਾਈਵਰ ਨੇ ਸਾਡਾ ਸਮਾਨ ਗੱਡ ਵਿਚ ਰੱਖ ਲਿਆ।

ਮੈਂ ਉਨ੍ਹਾਂ ਨੂੰ ਦੱਸਿਆ ਕਿ ਰਸਤੇ ਵਿਚ ਇਕ ਕਿੱਲੀ ਚਾਹਲ ਪਿੰਡ ਜੋ ਬੇਬੇ ਨਾਨਕੀ ਦਾ ਜਨਮ ਸਥਾਨ ਹੈ, ਅਸੀਂ ਉੱਥੇ ਵੀ ਜਾਣਾ ਚਾਹੁੰਦੇ ਹਾਂ। ਉਨ੍ਹਾਂ ਦੱਸਿਆ ਕਿ ਇਹ ਭਾਵੇਂ ਸਾਡੇ ਰਸਤੇ ਤੋਂ ਦਸ ਕੁ ਮੀਲ ਬਾਹਰ ਹੈ ਪਰ ਘਰ ਜਾਣ ਤੋਂ ਪਹਿਲਾਂ ਤੁਹਾਨੂੰ ਉਸ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਾ ਦਿਆਂਗੇ। ਸੜਕ ਤੇ ਵਿਰਲੇ ਵਾਂਝੇ ਟੈਂਪੂ, ਕਾਰਾਂ, ਬੱਸਾਂ, ਰਿਕਸ਼ੇ, ਮਾਰੂਤੇ, ਘੁੜਕੇ, ਟਾਂਗੇ ਸੜਕ ਦੀਆਂ ਪਦੀੜਾਂ ਕਢਾ ਰਹੇ ਵੇਖ ਕੇ ਮੈਨੂੰ ਆਪਣੀਆਂ ਪੇਂਡੂ ਸੜਕਾਂ ਦੀ ਯਾਦ ਆ ਗਈ। ਮੱਝਾਂ ਗਾਵਾਂ ਆਵਾਰਾ ਸੜਕਾਂ ਉੱਤੇ ਘੁੰਮ ਰਹੀਆਂ ਹਨ ਜਿਵੇਂ ਅੰਮ੍ਰਿਤਸਰ ਦਿੱਲੀ ਹਾਈ ਵੇ ਤੇ ਘੁੰਮਦੀਆਂ ਹਨ। ਚੰਗਾ ਹੈ ਇਹ ਡਰਾਈਵਰ ਨੂੰ ਹੁਸ਼ਿਆਰ ਕਰੀ ਰੱਖਦੀਆਂ ਹਨ। ਅਹਿਸਨ ਹੱਸਦਾ ਹੈ। ਸਤਕ ਦੇ ਆਸੇ ਪਾਸੇ ਦੇ ਘਰ ਤਕਰੀਬਨ ਕੱਚੇ ਹੀ ਜਾਪਦੇ ਹਨ। ਲੋਕਾਂ ਦੀ ਅਰਥ ਵਿਵਸਥਾ ਕੁੱਝ ਡਾਵਾਂਡੋਲ ਜਾਪਦੀ ਹੈ। ਕਿਧਰੇ ਕਿਧਰੇ ਵਿਰਲੀਆਂ ਟਾਂਵੀਆਂ ਸੁੰਦਰ ਕੋਠੀਆਂ ਝਾਤੀ ਮਾਰਦੀਆਂ ਹਨ।

### *ਡੋਗਰਾਈ ਕਸਬਾ*

ਡੋਗਰਾਈ ਸ਼ਹਿਰ ਵੇਖ ਕੇ ਮੈਂ ਹੈਰਾਨ ਹੋ ਗਿਆ। 1965 ਵਾਲਾ ਇਹ ਛੋਟਾ ਜਿਹਾ ਪਿੰਡ ਤਰੱਕੀ ਕਰ ਕੇ ਕਿੰਨਾ ਵੱਡਾ ਖ਼ੁਸ਼ਹਾਲ ਕਸਬਾ ਬਣ ਗਿਆ ਹੈ। ਮੱਠੀ ਮੱਠੀ ਧੁੰਦ ਵਿਚ ਮਾਰੂਤੇ ਤੇ ਫਿਟਫਿਟੀਆਂ ਦਾ ਪ੍ਰਦੂਸ਼ਣ ਭਰਪੂਰ ਸੋਚ ਹਵਾਵਾਂ ਵਿਚ ਆਪਣਾ ਪਹਿਰਾ ਜਤਾਉਂਦਾ ਹੈ। ਇਨ੍ਹਾਂ ਦੇ ਅੱਜ ਮੈਂ ਬਹੁਤ ਦੇਰ ਬਾਦ ਦਰਸ਼ਨ ਕੀਤੇ ਹਨ। ਵੱਡੇ ਖੁੱਲ੍ਹੇ ਬਾਜਾਰ, ਵੱਡੀਆਂ ਉੱਚੀਆਂ ਬਹੁਮੰਜਲੀ ਵੱਡੀਆਂ ਇਮਾਰਤਾਂ, ਰੰਗ-ਬਰੰਗੀ ਰੌਣਕ ਤੇ ਬੇਅੰਤ ਭੀੜ-ਭੜਕਾ ਇਸ ਸ਼ਹਿਰ ਦੀ ਖ਼ੁਸ਼ਹਾਲੀ ਦਾ ਸੰਕੇਤ ਦੇ ਰਹੇ ਹਨ। ਮੈਨੂੰ 1965 ਦੀ ਦੁਰਘਟਨਾ ਯਾਦ ਆ ਗਈ ਜਦ ਅੰਮ੍ਰਿਤਸਰ ਵਿਖੇ ਦਿਨ ਦਿਹਾੜੇ ਅਚਾਨਕ ਤੋਪਾਂ ਦੀਆਂ ਨਾਲੀਆਂ ਅਸਮਾਨ ਦੀ ਹਿੱਕ ਪਾੜਨ ਲੱਗੀਆਂ ਤੇ ਚਿਰਾਂ ਦੀਆਂ ਨੱਪੀਆਂ ਬਰੂਦੀ ਸੁਰੰਗਾ ਦਾੜ੍ਹ ਦਾੜ੍ਹ ਕੁੱਦਣ ਲੱਗੀਆਂ। ਸ਼ਾਂਤ ਸੁੰਨ ਪਈਆਂ ਬੰਦੂਕਾਂ ਗੋਲੀਆਂ ਦੇ ਛਰਾਟੇ ਹਵਾ ਵਿਚ ਮੁਸਕ ਛੱਡਣ ਲੱਗੀਆਂ। ਮਸ਼ੀਨ ਗੰਨਾ ਅਸਮਾਨ ਵੱਲ ਅੱਗ ਦੇ ਗੋਲੇ ਦਾਗਣ ਲੱਗੀਆਂ।

‘ਆਓ ਬੱਚਿਓ ਵੇਖੋ ਕਿੰਨੀ ਸੁਹਣੀ ਆਤਿਸ਼ਬਾਜੀ!’ ਮੇਰਾ ਦਾਦਾ ਕੋਠੇ ਦੀ ਪੌੜੀ ਉੱਪਰ ਚੜ੍ਹ ਗਿਆ।

ਨਹੀਂ ਨਹੀਂ ਆਤਸ਼ਬਾਜ਼ੀ ਨਹੀਂ ਹੈ ਇਹ ਹਮਲਾ ਹੋ ਗਿਆ, ਇਹ ਪਾਕਿਸਤਾਨੀ ਜਹਾਜਾਂ ਦੀ ਫਲੀਟ ਹੈ, ਹੇਠਾਂ ਆ ਜਾਓ। ਮੇਰੇ ਫ਼ੌਜੀ ਚਾਚਾ ਦੀ ਚੇਤਾਵਨੀ ਸੁਣ ਕੇ ਉਹ ਹੇਠਾਂ ਵੱਲ ਔਹਲ਼ਿਆ। ਉਸ ਦੇ ਹੇਠਾਂ ਆਉਂਦੇ

ਜਲਦਬਾਜ਼ੀ ਵਿਚ ਉਲਟ ਬਾਜੀ ਪੈ ਗਈ ਸੀ। ਕਿੰਨੀ ਦੇਰ ਉਹ ਉੱਠ ਨਹੀਂ ਸੀ ਸਕਿਆ। ਉਸ ਨੂੰ ਉਠਾਇਆ। ਉਹ ਬੇਹੋਸ਼ ਨਹੀਂ ਸੀ। ਉਸ ਦਾ ਚੂਲਾ ਟੁੱਟ ਚੁੱਕਾ ਸੀ ਤੇ ਏਸੇ ਚੂਲੇ ਦੀ ਮਾਰ ਤੇ ਪੀੜ ਨੇ ਆਖ਼ਰ ਦੋ ਮਹੀਨੇ ਬਾਦ ਉਸ ਦੀ ਜਾਨ ਲੈ ਲਈ ਸੀ। ਮੇਰਾ ਚਾਚਾ ਬਿਨਾਂ ਕਿਸੇ ਦੇਰ ਤੋਂ ਆਪਣੀ ਪਲਟਣ ਵਿਚ ਜਾ ਹਾਜ਼ਰ ਹੋਇਆ। ਪਤਾ ਨਹੀਂ ਰਾਤੋਂ ਰਾਤ ਕੀ ਅੱਗ ਲੱਗ ਗਈ। ਕਿਸੇ ਨੂੰ ਚਿੱਤ ਚੇਤਾ ਨਹੀ ਸੀ। ਸਵੱਛ ਹਵਾਵਾਂ ਵਿਚ ਗੰਧ ਭਰੀ ਬਦਬੂ ਆਉਣ ਲੱਗੀ। ਭਰਾ ਭਰਾ ਦੇ ਦੁਸ਼ਮਣ ਬਣ ਗਏ। ਕੰਧਾਂ ਕੰਧਾਂ ਦੀਆਂ ਵੈਰੀ ਹੋ ਗਈਆਂ।

ਮੈਂ ਇਹ ਡੋਗਰਾ ਪਿੰਡ 1965 ਦੀ ਲੜਾਈ ਸਮੇਂ ਵੇਖਿਆ ਸੀ ਜਦ ਭਾਰਤੀ ਫ਼ੌਜਾਂ ਇੱਛੋਗਿੱਲ ਕੈਨਾਲ ਤੱਕ ਪਹੁੰਚ ਕੇ ਇਸ ਦੇ ਕੰਢੇ ਵੱਸਦੇ ਪਿੰਡ ਡੋਗਰਾਈ ਵਿਚ ਡੇਰੇ ਲਗਾ ਬੈਠੇ ਸਨ। 1965 ਦੀ ਭਿਆਨਕ ਗਹਿਗੱਚ ਜੰਗ ਵਿਚ ਭਾਰਤੀ ਫ਼ੌਜ ਇੱਥੇ ਇੱਛੋਗਿੱਲ ਨਹਿਰ ਤੱਕ ਪਹੁੰਚ ਗਈ ਸੀ। ਪਾਕਿਸਤਾਨੀ ਫ਼ੌਜ ਨੇ ਬੜਾ ਡਟ ਕੇ ਮੁਕਾਬਲਾ ਕੀਤਾ ਪਰ ਇਸ ਨਹਿਰ ਨੂੰ ਬਚਾਓ ਪੱਟੀ ਬਣਾਉਣ ਲਈ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ। ਇਸ ਪਿੰਡ ਦੇ ਕਿਸੇ ਵੀ ਗਲੀ ਬਾਜ਼ਾਰ, ਮੰਦਰ ਮਸਜਿਦ ਦਾ ਜਰਾ ਜਿੰਨਾ ਨੁਕਸਾਨ ਨਹੀਂ ਹੋਇਆ। ਏਦਾਂ ਜਾਪਦਾ ਸੀ ਜਿਵੇਂ ਬੜੇ ਸਹਿਜ ਤਰੀਕੇ ਨਾਲ ਇੱਥੋਂ ਦੇ ਬਾਸ਼ਿੰਦੇ ਪਿੱਛੇ ਨਿਕਲ ਗਏ ਸਨ। ਭਾਰਤੀ ਫ਼ੌਜਾਂ ਨੇ ਵੀ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਕੀਤਾ। ਇਹ ਸ਼ਬਦ ਮੈਂ ਆਪਣੇ ਨੀਲਾ ਤਾਰਾ ਬਾਰੇ ਲਿਖੇ ਲੇਖ ਵਿਚ ਵੀ ਦੁਹਰਾਏ ਹਨ। '1965 ਦੀ ਭਾਰਤ ਪਾਕ ਜੰਗ ਸਮੇਂ ਮੈਂ ਲਾਹੌਰ ਲਾਗੇ ਇੱਛੋਗਿੱਲ ਨਹਿਰ ਦੇ ਕੰਢੇ ਡੋਗਰਾਈ ਕਸਬਾ ਅਤੇ 1971 ਵਿਚ ਸਿਆਲਕੋਟ ਦਾ ਨੈਣਾ-ਕੋਟ ਕਸਬਾ ਆਪਣੇ ਅੱਖੀ ਵੇਖਿਆ ਸੀ ਜਦ ਭਾਰਤੀ ਫ਼ੌਜਾਂ ਨੇ ਘਮਸਾਣ ਲੜਾਈ ਲੜ ਕੇ ਪਾਕਿਸਤਾਨ ਦੇ ਇਹ ਇਲਾਕੇ ਜਿੱਤ ਕੇ ਆਪਣੇ ਕਬਜ਼ੇ ਹੇਠ ਕਰ ਲਏ ਸਨ। ਸਾਡੀ ਫ਼ੌਜ ਨੇ ਉਨ੍ਹਾਂ ਦੀਆਂ ਮਸਜਿਦਾਂ ਨੂੰ ਭੋਰਾ ਭਰ ਵੀ ਸੇਕ ਨਹੀਂ ਸੀ ਲੱਗਣ ਦਿੱਤਾ ।

ਇਹ ਵੱਡਾ ਸੁੰਦਰ ਕਸਬਾ ਡੋਗਰਾਈ ਬਹੁਤ ਸਾਰੇ ਮਿਲਟਰੀ ਸਮਾਨ ਅਤੇ ਕਈ ਫ਼ੌਜੀਆਂ ਸਮੇਤ 22 ਸਤੰਬਰ 1965 ਨੂੰ ਭਾਰਤੀ ਫ਼ੌਜਾਂ ਦੇ ਕਬਜ਼ੇ ਥੱਲੇ ਆ ਗਿਆ ਸੀ। ਇਕ ਕਰਨਲ ਗੋਲੇਵਾਲ ਸ਼ਰਮਨ ਟੈਂਕ ਥੱਲੇ ਛਿਪਿਆ ਹੋਇਆ ਭਾਰਤੀ ਫ਼ੌਜਾਂ ਦੇ ਕਾਬੂ ਆ ਗਿਆ ਸੀ। ਇਸ ਦਾ ਬਦਲਾ ਲੈਣ ਲਈ ਜਾਂ ਭਾਰਤੀ ਫ਼ੌਜਾਂ ਦਾ ਧਿਆਨ ਮੋੜਨ ਵਾਸਤੇ ਪਾਕਿਸਤਾਨੀ ਫ਼ੌਜ ਭਾਰੀ ਤਾਕਤ ਝੋਕ ਕੇ ਖੇਮਕਰਨ ਖਾਲੜਾ ਸੈਕਟਰ ਤੋਂ ਭਾਰਤੀ ਇਲਾਕੇ ਵਿਚ ਦਾਖ਼ਲ ਹੋ ਗਈ ਤੇ ਅਮਰਕੋਟ ਦਾਸੂਵਾਲ ਦਸ ਮੀਲ ਤੱਕ ਅੰਦਰ ਚਲੇ ਗਈ ਸੀ। ਆਖ਼ਰ ਅੰਤਰਰਾਸ਼ਟਰੀ ਵਿਚੋਲਗਿਰੀ ਕਾਰਨ ਜੰਗਬੰਦੀ ਦਾ ਐਲਾਨ ਹੋ ਗਿਆ। ਜੰਗਬੰਦੀ ਤੇ ਤੀਸਰੇ ਦਿਨ ਇਸ ਡੋਗਰਾਈ ਪਿੰਡ ਵਿਚ ਮੈਨੂੰ ਆਪਣੇ ਚਾਚੇ ਰਤਨ ਸਿੰਘ ਨਾਲ ਇੱਥੇ ਆਉਣ ਦਾ ਮੌਕਾ ਮਿਲਿਆ। ਉਹ ਸਕਿੰਨਰਜ਼-ਹਾਰਸ ਟੈਂਕ ਰਸਾਲੇ ਵਿਚ ਰਿਸਾਲਦਾਰ ਸੀ ਜਿਸ ਨੇ ਆਪਣੀ ਜਾਨ ਹੂਲ ਕੇ ਇਸ ਕਸਬੇ ਵਿਚ ਪਹਿਲਾਂ ਟੈਂਕ ਵਾੜਿਆ ਸੀ। ਵੱਡੀਆਂ ਵੱਡੀਆਂ ਹਵੇਲੀਆਂ ਸੰਵ-ਮਸਾਣ ਰੂਪ ਧਾਰੀ ਆਪਣੀ ਖੋਹੀ ਗਈ ਰੌਣਕ ਤੇ ਬੁਰੀ ਕਿਸਮਤ ਨੂੰ ਝੂਰਦੇ ਹੰਝੂ ਕੇਰ ਰਹੀਆਂ ਸਨ। ਭਾਂ-ਭਾਂ ਕਰਦੀਆਂ ਖਾਲੀ ਗਲੀਆਂ ਵਿਚ ਕੁੱਤੇ ਬਿੱਲੀਆਂ ਆਪਣੇ ਮਾਲਕਾਂ ਨੂੰ ਲੱਭਦੀਆਂ ਵਿਲਕ ਰਹੀਆਂ ਸਨ। ਉਹ ਆਏ ਗਏ ਦੇ ਹੱਥਾਂ ਵੱਲ ਟੁੱਕ ਦੀ ਝਾਕ ਕਰਦੇ ਪੂਛਾਂ ਹਿਲਾ ਰਹੇ ਸਨ। ਪਿੰਡ ਸਾਰਾ ਕੱਚਾ ਸੀ ਪਰ ਕਿਧਰੇ ਕਿਧਰੇ ਪੋਟਿਆਂ ਤੇ ਗਿਣਨ ਜੋਗੇ ਪੱਕੇ ਮਕਾਨ ਹਵੇਲੀਆਂ ਚੁਬਾਰੇ ਵੀ ਸਨ। ਕਿੱਲਿਆਂ ਨਾਲ ਬੱਧੇ ਭੁੱਖੇ ਤਿਹਾਏ ਡੰਗਰ ਰਹਿਮ ਦੀ ਦੁਆ ਕਰ ਰਹੇ ਸਨ ਜਿਨ੍ਹਾਂ ਨੂੰ ਫ਼ੌਜੀ ਸਿਪਾਹੀਆਂ ਨੇ ਖੋਲ੍ਹ ਕੇ ਆਜ਼ਾਦ ਕਰ ਦਿੱਤਾ ਸੀ। ਕਿਧਰੇ ਕਿਧਰੇ ਕੁੱਝ ਬਜ਼ੁਰਗ ਬੁੱਢੇ ਬੁੱਢੀਆਂ ਮੰਜੇ 'ਤੇ ਪਈਆਂ ਹੂੰਗੇ ਮਾਰ ਰਹੀਆਂ ਸਨ। ਉਨ੍ਹਾਂ ਨੂੰ ਭਾਰਤੀ ਫ਼ੌਜ ਦੇ ਡਾਕਟਰਾਂ ਨੇ ਦਵਾ ਦਾਰੂ ਦਾ ਇੰਤਜ਼ਾਮ ਕੀਤਾ ਤੇ ਭੁੱਖਿਆਂ ਨੂੰ ਫ਼ੌਜੀ ਲੰਗਰ ਛਕਾਇਆ ਸੀ। ਇਕ ਵੱਡੀ ਹਵੇਲੀ ਦਾ ਦਲਾਨ ਕਣਕ ਦੀਆਂ ਧਾਕਾਂ ਨਾਲ ਭਰਿਆ ਪਿਆ ਸੀ। ਸੀਸ਼ੇ ਵਾਲੀ ਇਕ ਸੁੰਦਰ ਨਿਵੇਕਲੀ ਜਿਹੀ ਨਵੀਂ ਅਣਲੱਗ ਮਧਾਣੀ ਮੇਰੇ ਨਜ਼ਰੀ ਪੈ ਗਈ। ਇਸ ਦੀ ਸੁਆਣੀ ਦੁੱਧ ਰਿੜਕਣ ਸਮੇਂ ਇਸ ਸ਼ੀਸ਼ੇ ਵਿਚੋਂ ਆਪਣਾ ਸੁੰਦਰ ਮੁਖੜਾ ਵੇਖਦੀ ਕਿੰਨੇ ਸੁਪਨੇ ਸਿਰਜਦੀ ਹੋਵੇਗੀ। ਪਿੱਤਲ ਦੀ ਇਕ ਭਾਰੀ ਸੁੰਦਰ ਚੌਰਸ ਸੁਰਮੇਦਾਨੀ ਜਿਸ ਦਾ ਭਾਰ ਇਕ ਪਾਈਆ ਤੋਂ ਵਧੇਰੇ ਹੋਵੇਗਾ, ਮੈਂ ਚਾਚੇ ਰਤਨ ਸਿੰਘ ਨੂੰ ਵਿਖਾ ਕੇ ਨੇਂਘ ਵਿਚ ਅੜੁੰਗ ਲਈ। ਇੱਛੋਗਿਲ ਨਹਿਰ ਦੇ ਪਾਰ ਕੋਈ ਪੰਜਾਹ ਕੁ ਮੀਟਰ ਦੀ ਵਿੱਥ ਤੇ ਉੱਚੇ ਸਾਰੇ ਪਹਿਰਾ-ਬੁਰਜ ਤੋਂ ਸਾਡੇ ਵੱਲ ਝਾਕਦੇ ਪਾਕਿਸਤਾਨੀ ਫ਼ੌਜੀ ਨਿਰੀਖਕ ਦੰਦੀਆਂ ਕਰੀਚ ਰਹੇ ਸਨ। ਲੱਕੜ ਦਾ ਇਕ ਭਾਰਾ ਕੋਕੇ ਜੜਿਆ ਸੁੰਦਰ ਸੰਦੂਕ,



ਚਰਨਜੀਤ ਸਿੰਘ ਪੰਨੂ
ਸੰਪਰਕ : +14086084961

ਦਸ ਕੁ ਬੋਰੀਆਂ ਕਣਕ ਤੇ ਇਕ ਜਨਰੇਟਰ ਜੋ ਟਰੱਕ ਵਿਚ ਆ ਸਕਿਆ, ਲੱਦ ਕੇ ਚਾਚਾ ਮੈਨੂੰ ਅੰਮ੍ਰਿਤਸਰ ਘਰ ਛੱਡ ਗਿਆ। ਮੇਰੀ ਮਾਤਾ ਨੇ ਸੁਰਮੇਦਾਨੀ ਤੇ ਮਧਾਣੀ ਹੱਥ ਵਿਚ ਲੈ ਕੇ ਬੜੀ ਗੰਭੀਰਤਾ ਨਾਲ ਨਿਹਾਰੀ। ਉਸ ਦੇ ਚਿਹਰੇ ਦੇ ਭਖਦੇ ਰੰਗ ਇਕਦਮ ਬਦਰੰਗੀ ਹੋ ਗਏ। ਸੰਦੂਕ, ਬੋਰੀਆਂ ਤੇ ਹੋਰ ਸਾਰੀਆਂ ਵਸਤਾਂ ਵੱਲ ਨਜ਼ਰ ਘੁਮਾਈ ਪਰ ਉਹ ਖੁਸ਼ ਹੋਣ ਦੀ ਸਾਡੀ ਤਵੱਕੋ ਦੇ ਉਲਟ ਉਦਾਸ ਹੋ ਗਈ।

ਅਸੀਂ ਵੀ 1947 ਦੀ ਵੰਡ ਸਮੇਂ ਏਦਾ ਹੀ ਪਾਕਿਸਤਾਨ ਵਿਚ ਆਪਣੇ ਭਰੇ ਭਰਾਏ ਘਰ ਛੱਡ ਕੇ ਆਏ ਸੀ। ਉਸ ਦੀਆਂ ਸਿੱਲੀਆਂ ਹੋਈਆ ਅੱਖਾਂ ਦੇ ਕੋਇਆਂ ਵਿਚੋਂ ਉਜਾੜੇ ਦੀਆਂ ਪੁਰਾਣੀਆਂ ਹੰਢ ਚੁੱਕੀਆਂ ਮਨਹੂਸ ਯਾਦਾਂ ਡਲ੍ਹਕਦੀਆਂ ਬੜੀ ਆਸਾਨੀ ਨਾਲ ਵੇਖੀਆਂ, ਮਹਿਸੂਸੀਆਂ ਜਾ ਪਰਖੀਆਂ ਜਾ ਸਕਦੀਆਂ ਸਨ।

ਮਧਾਣੀ ਤਾਂ ਤੁਸੀਂ ਲੈ ਆਏ, ਪਰ ਉਸ ਮਧਾਣੀ ਵਾਲੀ ਨਾਲ ਕੀ ਬੀਤੀ ਹੋਊ। ਸੋਚਿਆ ਕਦੇ ਤੁਸੀਂ ਉਹ ਚਾਚੇ ਨੂੰ ਮੁਖ਼ਾਤਬ ਸੀ। ਇਹ ਬੁਝਾਰਤ ਮੈਂ ਵੀ ਚੰਗੀ ਤਰ੍ਹਾਂ ਸਮਝ ਸਕਦਾ ਸੀ। ਉਹੀ ਕੁੱਝ ਜੋ ਜੰਗ 'ਚੋਂ ਲੁੱਟੇ ਮਾਲ ਅਸਬਾਬ ਨਾਲ ਹੁੰਦਾ ਹੈ। ਚਾਚਾ ਮੁਸ਼ਕੜੀਆਂ ਵਿਚ ਹੱਸਦਾ ਮੁੜਦਾ ਆਪਣੇ ਟਰੱਕ ਵਿਚ ਜਾ ਚੜ੍ਹਿਆ ਸੀ।

ਸਾਡੇ ਨਾਲ ਵੀ ਏਦਾਂ ਹੀ ਬੀਤੀ ਸੀ, ਅਸੀ ਵੀ ਭਰੇ ਘਰ ਤੇ ਅੜਿੰਗਦੇ ਡੰਗਰ ਛੱਡ ਕੇ ਉਜਾੜੇ ਦੇ ਰਾਹ ਪਏ ਸੀ। ਉਹ 1947 ਦੀਆਂ ਯਾਦਾਂ ਦੇ ਹਉਕੇ ਛੋਹ ਬੈਠੀ ਸੀ।

ਡੋਗਰਾਈ ਤੋਂ ਅੱਗੇ ਖੱਬੇ ਹੱਥ ਇੱਛੋਗਿੱਲ ਨਹਿਰ ਦੇ ਨਾਲ ਨਾਲ ਚੱਲਦੀ ਕਾਰ ਬਰਕੀ ਪਹੁੰਚ ਗਈ। ਬਰਕੀ ਵੱਡਾ ਸ਼ਹਿਰ ਤੇ ਮਹੱਤਵਪੂਰਣ ਥਾਣਾ ਹੈ। ਬਾਰਡਰ ਦੇ ਨੇੜੇ ਹੋਣ ਕਾਰਨ ਇਸ ਸ਼ਹਿਰ ਦਾ ਨਾਂ ਪਾਕ-ਭਾਰਤ ਜੰਗਾਂ ਵਿਚ ਉੱਭਰ ਕੇ ਮੀਡੀਆ ਵਿਚ ਬਾਹਰ ਆਉਂਦਾ ਰਿਹਾ ਹੈ। ਇਥੋਂ ਫਿਰ ਸੱਜੇ ਹੱਥ ਲਾਹੌਰ ਬਰਾਂਚ ਨਹਿਰ ਦੇ ਕੰਢੇ ਚੱਲਦੇ ਲਾਹੌਰ ਸ਼ਹਿਰ ਵਿਚ ਦਾਖ਼ਲ ਹੋ ਗਏ।

ਜੀਹਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ। ਇਹ ਅਖਾਣ ਮੈਨੂੰ ਸੱਚਮੁੱਚ ਹੀ ਸੱਚਾ ਸਾਬਤ ਜਾਪਿਆ।

ਨਹੀਂ ਰੀਸਾਂ ਸ਼ਹਿਰ ਲਾਹੌਰ ਦੀਆਂ, ਇਹ ਤਾਂ ਕਹਿਣ ਪਿਸ਼ੌਰ ਦੀਆਂ। ਇਹ ਗੁਰੂ ਦਾਤਾ ਦੀ ਨਗਰੀ ਏ, ਫੁੱਲਾਂ ਵਾਂਗੂੰ ਸੱਜਰੀ ਏ।

ਕੀ ਬਾਤਾਂ ਇਸ ਦੇ ਟੌਹਰ ਦੀਆਂ। ਨਹੀਂ ਰੀਸਾਂ ਸ਼ਹਿਰ ਲਾਹੌਰ ਦੀਆਂ।

ਏਨੀ ਰੌਣਕ ਤੇ ਭੀੜ ਭੜੱਕਾ ਅੰਮ੍ਰਿਤਸਰ, ਚੰਡੀਗੜ੍ਹ ਤੇ ਲੁਧਿਆਣਾ ਦੀਆਂ ਯਾਦਾਂ ਨੂੰ ਪਿੱਛੇ ਛੱਡ ਗਿਆ। ਖੁੱਲ੍ਹੀਆਂ ਖੁੱਲ੍ਹੀਆਂ ਸੜਕਾਂ, ਤੰਗ ਭੀੜੀ ਟਰੈਫਿਕ, ਗੱਡੀਆਂ ਮੋਟਰਾਂ ਦਾ ਹੜ੍ਹ ਆਇਆ ਹੋਇਆ ਹੈ, ਜਿਵੇਂ ਸਾਰੀ ਦੁਨੀਆ ਦੇ ਲੋਕ ਇੱਥੇ ਸਾਡੇ ਨਾਲ ਹੀ ਜ਼ਿਆਰਤ ਵਾਸਤੇ ਪਹੁੰਚ ਗਏ ਹੋਣ। ਘੰਟਾ ਕੁ ਚੱਲਦੇ ਹੋਰ ਰੌਣਕੀਲੇ ਰੰਗਲੇ ਸਹਿਰ ਵਿਚ ਵੜ ਗਏ। ਅਹਿਸਨ ਫ਼ਾਰੂਕ ਜੋ ਸਾਡਾ ਹੋਸਟ ਤੇ ਗਾਈਡ ਵੀ ਹੈ, ਨਾਲ ਨਾਲ ਕੁਮੈਂਟਰੀ ਕਰ ਰਿਹਾ ਆਸੇ ਪਾਸੇ ਦਾ ਹਵਾਲਾ ਦੱਸ ਰਿਹਾ ਹੈ। ◉

ਕਵਿਤਾ : **ਸੁਖਪਾਲ**

## *ਰੱਛਿਆ ਰੁੱਖ ਰਿਆਇਤ*

(ਉਨ੍ਹਾਂ ਰੁੱਖਾਂ ਦੇ ਨਾਂ ਜਿਨ੍ਹਾਂ ਦੀ ਅਣਹੋਂਦ ਨੇ ਹੜ੍ਹ ਲਿਆਂਦੇ)

•

ਮੰਗਲਾਚਰਣ
"ਜਹਾਂ ਜਹਾਂ ਖਾਲਸਾ ਜੀ ਸਾਹਿਬ
ਤਹਾਂ ਤਹਾਂ ਰੱਛਿਆ ਰਿਆਇਤ"
ਜੋ ਵੀ ਰੱਛਿਆ ਰਿਆਇਤ ਕਰਦਾ
ਗੁਰੂ ਦੀ ਨਜ਼ਰੇ ਸੋਈ ਖਾਲਸਾ

•

"ਜਹਾਂ ਜਹਾਂ ਖਾਲਸਾ ਜੀ ਸਾਹਿਬ
ਤਹਾਂ ਤਹਾਂ ਪਰ ਰੱਛਿਆ ਰਿਆਇਤ"

ਜੋ ਵੀ ਰੱਛਿਆ ਰਿਆਇਤ ਕਰਦਾ
ਗੁਰੂ ਦੀ ਨਜ਼ਰੇ—ਸੋਈ ਖਾਲਸਾ
ਖਾਲਸਾ ਜੀ ! ਅੱਜ ਦੇਸ ਤੁਸਾਡੇ
ਰੁੱਖਾਂ ਨੂੰ ਹੈ ਲੋੜ ਤੁਹਾਡੀ ਰੱਛਿਆ ਦੀ !!
ਅੰਮ੍ਰਿਤਧਾਰੀ ਸਹਿਜੇਧਾਰੀ ਕਲਮਾਧਾਰੀ ਸੂਲੀਧਾਰੀ
ਅੱਜ ਸੱਭੇ ਹੋਹੁ ਸਹਾਇ ਜੀ
ਅੱਜ ਹਰ ਥਾਂ ਹੋਹੁ ਸਹਾਇ ਜੀ...

ਇਹ ਜੋ ਪਾਣੀ ਭਰ ਭਰ ਡੁੱਲ੍ਹਿਆ
ਸਤਲੁਜ ਰਾਵੀ ਅਤੇ ਬਿਆਸਾ ਦੇ ਕੰਢਿਆਂ ਨੂੰ
ਹੱਥਾਂ ਦੇ ਨਾਲ ਭੰਨ ਭੰਨ ਰੁੜ੍ਹ ਰੁੜ੍ਹ
ਸਾਡੇ ਖੇਤਾਂ ਘਰਾਂ 'ਚ ਰੁਲਿਆ
ਖਾਲਸਾ ਜੀ ! ਏਹ ਹੰਝ ਤੁਹਾਡੇ ਰੁੱਖਾਂ ਦਾ
ਏਹ ਰੋਣ ਤੁਹਾਡੇ ਜੰਗਲਾਂ ਦਾ ਤੇ ਬੇਲਿਆਂ ਦਾ

ਏਹ ਰੁੱਖ—ਸਾਡੇ ਬੱਚੇ ਠੇਰੇ
ਏਹ ਰੁੱਖ—ਸਾਡੇ ਵੱਡ ਵਡੇਰੇ
ਏਹ ਹਰੀਆਂ ਦਸਤਾਰਾਂ ਵਾਲੇ
ਇਕਨਾ ਗਲ ਵੇਲਾਂ ਦੇ ਜੰਞੂ
ਇਕ ਟਾਹਣਾਂ ਦੇ ਕੇਸਾਂ ਅੰਦਰ
ਕਲੀਆਂ ਫੁੱਲਾਂ ਹਾਰਾਂ ਵਾਲੇ
ਟੰਗੇ ਗਏ ਅੱਜ ਕਾਠ ਸਲੀਬੇ
ਦੇਸ ਕਰਬਲਾ ਬਣੇ ਇਨ੍ਹਾਂ ਦੇ
ਲੱਭਦੇ ਫਿਰਦੇ ਰਾਹ 'ਨੰਦਪੁਰ ਦਾ
ਜਿੱਥੇ ਕੋਈ ਵਲੀ ਪਾਤਸ਼ਾਹ

ਰੱਖੇ ਹੱਥ ਇਨ੍ਹਾਂ ਦੇ ਸਿਰ 'ਤੇ
ਕਹੇ—ਤੁਹਾਡੇ ਧੜ ਤੋਂ ਪਹਿਲਾਂ ਮੇਰਾ ਸੀਸ ਕੁਹਾੜਾ ਠੱਲ੍ਹੇ
ਜੰਗਲ ਅੰਦਰ ਅੱਜ ਕਿਧਰੇ ਵੀ ਆਰਾ ਚੱਲੇ
ਪਹਿਲਾਂ ਮੇਰੇ ਮਤੀ ਦਾਸ ਦਾ ਪਿੰਡਾ ਝੱਲੇ...

ਰੁੱਖਾਂ ਫ਼ਰਕ ਕਦੇ ਨਾ ਕੀਤਾ
ਉਨ੍ਹਾਂ ਦੀ ਛਾਂ ਸਿੱਖ ਸੁੱਤਾ ਕਿ ਸਿੰਘ ਸੁੱਤਾ
ਹਿੰਦੂ ਮੁਸਲਿਮ ਬੋਧੀ ਜੈਨ, ਫਲ ਉਨ੍ਹਾਂ ਦਾ ਕਿਸ ਮੂੰਹ ਲੀਤਾ
ਰੁੱਖ ਹਨ ਓਟ ਨਿਓਟੇ ਦੀ
ਸੰਤ ਭਗੌੜਾ ਡਾਕੂ ਚੋਰ ਗੁਆਚਾ ਬਾਗ਼ੀ
ਪੀਰ ਨਿਥਾਵਾਂ ਬਿਰਧ ਨਿਪੱਤਾ ਥੱਕਿਆ ਰਾਹੀ
ਫ਼ੌਜੀ ਬੇਘਰ ਔਰਤ ਬੱਚਾ ਗੁਰੂ ਇਨਕਲਾਬੀ
ਰੁੱਖਾਂ ਨੇ ਤਾਂ ਸਦਾ ਭਲਾ ਸਰਬੱਤ ਦਾ ਕੀਤਾ
ਬਿਨਾਂ ਵਿਤਕਰੇ ਸਰਬੱਤ ਦੀ ਹੀ ਕੀਤੀ ਰਾਖੀ

ਖਾਲਸਾ ਜੀ ! ਸਦੀਆਂ ਲੰਮੇ ਵਰ੍ਹਿਆਂ ਬੱਧੀ
ਜਦ ਜਦ ਵੀ ਜਰਵਾਣਾ ਕੋਈ ਖੁਰਾ ਤੁਹਾਡਾ ਨੱਪਣ ਆਇਆ
ਇਨ੍ਹਾਂ ਤੁਹਾਨੂੰ ਗਲ ਨਾਲ ਲਾਇਆ
ਸੂਹ ਨਾ ਦਿੱਤੀ ਝੋਲ ਲੁਕਾਇਆ
ਜਿਸ ਰਾਤੇ ਚਮਕੌਰ ਗੜ੍ਹੀ 'ਚੋਂ ਮਿੱਤਰ ਪਿਆਰਾ ਆਇਆ
ਹਾਲ ਮੁਰੀਦਾਂ ਵਾਲਾ ਪਹਿਲਾਂ ਰੁੱਖਾਂ ਤਾਈਂ ਸੁਣਾਇਆ
ਏਨ੍ਹਾਂ ਨੇ ਹੀ ਮੰਨੂੰ ਤੇ ਅਬਦਾਲੀ ਦੇ ਬਾਣਾਂ ਨੂੰ ਝੱਲਿਆ
ਵਿਚ ਬਰੂਦੀਂ ਸੜ ਗਏ ਪਰ ਸੀਅ ਨਹੀਂ ਬੋਲਿਆ

ਲੋਕੀ ਆਖਣ—
ਪੱਤਾ ਪੱਤਾ ਹੋਇਆ ਹੈ ਸਿੰਘਾਂ ਦਾ ਵੈਰੀ
ਸੱਚ ਤਾਂ ਇਹ ਹੈ—
ਇਕ ਇਕ ਪੱਤੇ ਨੇ ਸਿੰਘਾਂ ਦੀ ਰਾਖੀ ਕੀਤੀ
ਏਨ੍ਹਾਂ ਹਠੀਆਂ ਤਪੀਆਂ ਰੁੱਖਾਂ
ਵੰਡ ਕੇ ਛਕਿਆ ਦੇਗ ਚਲਾਈ
ਇਕ ਇਕ ਫਲ ਨੇ ਲੜਦੇ ਸਿੱਖ ਦੀ ਭੁੱਖ ਬੁਝਾਈ
ਡਿੱਗੇ ਪੱਤੇ ਬਿਸਤਰ ਬਣ ਗਏ
ਤ੍ਰੇਲੇ ਪੱਤਰ ਮਲ੍ਹਮਾਂ ਬਣ ਗਏ
ਤਣਿਆਂ ਨੇ ਢਿੱਡ ਖ਼ਾਲੀ ਕਰਕੇ
ਟਾਹਣਾਂ ਹੱਥ ਫੜ ਇਕ ਦੂਜੇ ਦੇ
ਯੋਧਿਆਂ ਖ਼ਾਤਰ ਗੁਫ਼ਾ ਬਣਾਈ
ਟੁੱਟੀਆਂ ਸ਼ਾਖਾਂ ਬਿੜ੍ਹਕਾਂ ਰੱਖੀਆਂ
ਬੂਟੀਆਂ ਵਿਚ ਦੁਆਈਆਂ ਫੁੱਟੀਆਂ
ਲੱਕੜਾਂ ਦੇਗ਼ਾਂ ਬਲਦੀਆਂ ਰੱਖੀਆਂ
ਤਿੜ ਘਾਵਾਂ ਦੇ—ਘੋੜਿਆਂ ਖ਼ਾਤਰ ਬਣ ਗਏ ਚਾਰਾ
ਹਰ ਸ਼ਹੀਦ ਸੰਗ ਇਕ ਰੁੱਖ ਦਾ ਹੋਇਆ ਸਸਕਾਰਾ
ਜਦ ਵੀ ਜੰਗਲੀਂ ਗੁਰੂ ਗ੍ਰੰਥ ਪ੍ਰਕਾਸ਼ੀਂ ਆਇਆ

ਟਹਿਣੀਆਂ ਨੇ ਚੰਦੋਆ ਬੰਨ੍ਹਿਆ, ਹਰ ਪੱਤੇ ਨੇ ਚੌਰ ਝੁਲਾਇਆ

ਹਰ ਇਕ ਰੁੱਖ ਨੇ ਰਹਿਤ ਪੁਗਾਈ
ਵੇਖੋ ਵੇਖੋ—ਲੰਮੇ ਟਾਹਣ ਕੇਸ ਇਨ੍ਹਾਂ ਦੇ
ਸੂਲਾਂ ਹਨ ਕਿਰਪਾਨਾਂ ਨੇਜ਼ੇ
ਤਣਾ ਇਨ੍ਹਾਂ ਦਾ ਕੱਟ ਕੇ ਵੇਖੋ
ਜਿੰਨੇ ਵਰ੍ਹੇ ਹੈ ਰੁੱਖ ਜੀਵਿਆ ਪਹਿਨੇ ਉਸ ਓਨੇ ਹੀ ਕੜੇ
ਇਕ ਇਕ ਰੁੱਖ ਹੈ ਇਕ ਇਕ ਦੰਦਾ
ਏਹ ਜੰਗਲ ਧਰਤੀ ਦਾ ਕੰਘਾ
ਪੌਣ ਤੇ ਪਾਣੀ ਨੂੰ ਸ਼ੁੱਧ ਕਰਦਾ
ਦੂਰ ਦੂਰ ਤੱਕ ਉੱਗਿਆ ਘਾਹ
ਹਰਾ ਕਛਹਿਰਾ—ਧਰਤੀ ਦੇ ਨੰਗੇਜ਼ ਨੂੰ ਕੱਜਦਾ

ਜਿਨ੍ਹਾਂ ਬਚਾਏ ਬਾਬੇ ਸਾਡੇ ਅੱਜ ਮਜ਼ਲੂਮਾਂ ਵਾਂਗ ਵਿਛੇ ਪਏ
ਜਿਨ੍ਹਾਂ ਅਸਾਡੀ ਰੱਛਿਆ ਅਤੇ ਰਿਆਇਤ ਕੀਤੀ
ਬੱਚਿਆਂ ਵਰਗੇ ਪੱਤ ਉਨ੍ਹਾਂ ਦੇ ਟੋਟੇ ਹੋ ਕੇ
ਸਦੀਆਂ ਸਦੀਆਂ ਸਾਡੀ ਖ਼ਾਤਰ ਚੱਕੀ ਪੀਂਹਦੀਆਂ
ਰੁੱਖ—ਮਾਵਾਂ ਗਲ ਮੋਏ ਬੱਚੇ ਬਣ ਕੇ ਲਟਕੇ
ਜਿਨ੍ਹਾਂ ਬਚਾਇਆ ਇਕ ਇਕ ਪੰਛੀ ਜੀਅ ਤੇ ਬੰਦਾ
ਸਾਡੇ ਹੱਥੋਂ ਬੰਦ ਬੰਦ ਕੱਟਿਆ ਗਿਆ ਉਨ੍ਹਾਂ ਦਾ
ਸੂਲ ਸੁਰਾਹੀ ਖੰਜਰ ਪਿਆਲਾ ਹਾਲ ਮੁਰੀਦਾਂ ਡਿੱਠਾ ਜਿਨ੍ਹਾਂ
ਆਪਨੜੇ ਘਰ ਰਹਿਣਾ ਨਾਗ-ਨਿਵਾਸਾ ਹੋ ਗਿਆ ਉਨ੍ਹਾਂ ਦਾ

ਖਾਲਸਾ ਜੀ ! ਸੁਣਿਆ ਹੈ—
ਇਕੋ ਸਿੰਘ ਵੀ ਸਦਾ ਬਰਾਬਰ ਲੱਖ ਸਵਾ
ਸਮਾਂ ਸੀ ਕੋਈ—ਸਿੰਘ ਜਿਉਂਦਾ ਸੀ—ਮਸਾਂ ਹੀ ਪੰਜ ਵਰ੍ਹੇ
ਫਿਰ ਵੀ ਇਕ ਇਕ ਸਿੰਘ ਬਚਾਵੇ ਲੱਖ ਸਵਾ ਮਜ਼ਲੂਮ ਸਦਾ
ਅੱਜ ਤਾਂ ਸਿੰਘ ਜਿਉਂਦੇ ਸੁੱਖ ਨਾਲ ਇਕ ਸਦੀ
ਅੱਜ ਹਰ ਸਿੰਘ ਬਚਾ ਸਕਦਾ ਹੈ ਜੀਂਦੇ ਜੀਅ
ਰੁੱਖ ਵੀ ਲੱਖ ਸਵਾ...

ਸਿੰਘ ਹੋਵੇ ਜਾਂ ਹਿੰਦੂ ਮੁਸਲਿਮ, ਜੇਕਰ ਹਰ ਇਕ ਜਣਾ ਬਚਾਵੇ
ਇਕੋ ਹੀ ਰੁੱਖ—ਜੀਂਦੇ ਜੀਅ
ਉਸ ਇਕ ਰੁੱਖ ਬਚਾਅ ਲੈਣੇ ਨੇ ਬੰਦੇ ਲੱਖ ਸਵਾ
ਇਕ ਇਕ ਰੁੱਖ ਦੇ ਸਾਹ ਵਿਚ
ਸਾਹ ਲੈ ਸਕਦੇ ਨੇ ਬੰਦੇ ਸਵਾ ਲੱਖ
ਇਕ ਇਕ ਰੁੱਖ ਦੀ ਜੜ੍ਹ ਨੇ ਬੰਨ੍ਹਣੇ
ਵਰ੍ਹਦੇ ਮੀਂਹਾਂ ਵਿਚ ਪਏ ਰੁੜ੍ਹਦੇ ਮਿੱਟੀ ਦੇ ਕਣ ਲੱਖ ਸਵਾ
ਇਕ ਇਕ ਰੁੱਖ ਨੇ ਦੇਣੇ ਮੇਵੇ ਲੱਖ ਸਵਾ...

ਜੇ ਕੋਈ ਰੱਛਿਆ ਨਹੀਂ ਕਰ ਸਕਦਾ ਇਨ੍ਹਾਂ ਸਵਾਏ ਲੱਖੀਆਂ ਦੀ
ਹੱਥ ਜੋੜ ਏਹ ਜੋਦੜੀ ਕਰਦੇ—ਕੁਝ ਤਾਂ ਕਰੋ ਰਿਆਇਤ ਹੀ
ਜੇਕਰ ਨਹੀਂ ਬਚਾਅ ਸਕਦੇ ਤਾਂ ਘੱਟੋ ਘੱਟ ਮਾਰੋ ਨਾ ਜੀ...

ਅੱਜ ਰਾਤੀਂ ਅਰਦਾਸ ਕਰਦਿਆਂ
ਦਾਨ ਬਿਬੇਕਾ ਦਾਨ ਭਰੋਸਾ ਨਾਮ ਦਾਨ ਤੇ ਰਹਿਤ ਦਾਨ ਸੰਗ
ਰੁੱਖਾਂ ਦਾ ਵੀ ਦਾਨ ਮਿਲੇ...ਦੁੱਖ ਇਨ੍ਹਾਂ ਦਾ ਚਿੱਤ ਆਵੇ
ਚਿੱਤ ਆਵਣ ਕਾ ਸਦਕਾ ਸ਼ੈਦ ਸਰਬ ਸੁੱਖ ਹੋਵੇ...

ਵੇਲਾ ਸੀ ਕੋਈ—
ਜੀਕਰ ਖਾਲਸਿਆਂ ਨੇ ਰਾਖੀ ਕੀਤੀ ਜੰਞੂ ਦੀ
ਓਵੇਂ ਜੰਞੂਧਾਰਾ ਨੇ ਵੀ ਰੱਖਿਆ ਕੀਤੀ ਸਿੰਘਾਂ ਦੀ
ਲੰਗਰ ਲਾਏ  ਬਣੇ ਪਨਾਹ  ਸੰਦੇਸ਼ ਪੁਚਾਏ
ਜੰਞੂਧਾਰਾਂ ਨੇ ਹੀ ਧੀਆਂ ਪੁੱਤਰ ਸਿੰਘ ਸਜਾਏ
ਮੁਸਲਮਾਨ ਵੀ ਲੜੇ ਗੁਰੂ ਦੇ ਵੱਲੋਂ ਨਿਆਂ ਦੇ ਲਈ
ਸਾਹਿਬਜ਼ਾਦਿਆਂ ਤੋਂ ਵੀ ਪਹਿਲਾਂ ਬੁੱਧੂ ਸ਼ਾਹ ਜੀ
ਪੀਰ ਦੇ ਪੁੱਤਰ ਚਾਰ ਮਰੇ ਸਨ ਦਸਮ ਗੁਰੂ ਲਈ
ਹਰਿਮੰਦਰ ਦੀ ਨੀਂਹ ਦੇ ਅੰਦਰ ਅੱਜ ਤੀਕਰ ਵੀ
ਸਾਈਂ ਮੀਆਂ ਮੀਰ ਦੀ ਰੱਖੀ ਇੱਟ ਪਈ
ਮਾਛੀਵਾੜੇ ਵਿਚੋਂ ਓਸ ਹਨੇਰੀ ਰਾਤੇ ਕਲ੍ਹ-ਮੁਕਲ੍ਹੇ ਉੱਚ ਦੇ ਪੀਰ ਨੂੰ
ਨਬੀ ਖਾਨ ਤੇ ਗਨੀ ਖਾਨ ਜੀ ਕੱਢ ਲਿਆਏ
ਸਰਹੰਦ ਅੰਦਰ ਮਾਂ ਗੁਜਰੀ ਜਾਂ ਟੋਡਰ ਮੱਲ ਸੀ
ਜਾਂ ਨਵਾਬ ਸੀ ਮਲੇਰਕੋਟਲੇ ਦਾ
ਸਭਨਾਂ ਪਿੱਛੇ ਇਕੋ ਹੱਥ ਖੜਾ ਸੀ—ਨਾਨਕ ਜੀ ਦਾ ਹੀ...

ਗੁਰੂ ਨਾਨਕ ਨੂੰ ਜਾਨਣ ਵਾਲਾ, ਗੁਰੂ ਨਾਨਕ ਨੂੰ ਮੰਨਣ ਵਾਲਾ
ਜੰਞੂਧਾਰੀ ਕੇਸਾਧਾਰੀ ਕਲਮਾਧਾਰੀ ਸਹਿਜੇਧਾਰੀ
ਗੁਰੂ ਨਾਨਕ ਦੇ ਜਨਮ ਦਿਵਸ 'ਤੇ ਜੇਕਰ ਇਕ ਵੀ ਰੁੱਖ ਲਗਾਵੇ
ਪਾਣੀ ਦੇਵੇ ਵਾੜਾਂ ਲਾਵੇ, ਇਕ ਵੀ ਰੁੱਖ ਬਚਾਵੇ

ਸ਼ਾਇਦ ਬੰਜਰ ਹੁੰਦੀ ਜਾਂਦੀ ਧਰਤੀ ਉੱਤੇ
ਸਾਡੇ ਪਾਣੀ ਸਾਡੀਆਂ ਅੱਖਾਂ 'ਚੋਂ ਨਾ ਡੁੱਲ੍ਹਣ
ਸਾਨੂੰ ਆਪਣਾ ਦੁੱਖ ਦੱਸਣ ਲਈ ਦਰਿਆਵਾਂ ਕੰਢਿਓਂ ਨਾ ਟੁੱਟਣ
ਹਜ਼ਰਤ ਮੁਹੰਮਦ ਈਸਾ ਰਲ ਕੇ ਸਾਡੇ ਰੁੱਖਾਂ ਵਿਚੋਂ ਬੋਲਣ
ਗੋਵਿੰਦ ਗੋਬਿੰਦ ਦੋਵੇਂ ਅੱਖ ਸੱਵਲੀ ਖੋਲ੍ਹਣ
ਇਸ ਧਰਤੀ 'ਤੇ ਮੁੜ ਨਾਨਕ ਦੀ ਮਿਹਰ ਵਗੇ
ਮੁੜ ਮਸਤੀ ਵਿਚ ਨਾਨਕ ਤੇ ਮਰਦਾਨਾ ਗਾਵਣ

"ਕੋਈ ਹਰਿਆ ਬੂਟ ਰਹਿਓ ਰੀ...!"

*

21 ਅਗਸਤ 2019

"ਪ੍ਰੇਮ ਅਤੇ ਕਾਮਨਾ ਵਿਚ ਅੰਤਰ ਹੈ। ਜਿਸ ਨੂੰ ਤੁਸੀਂ ਪ੍ਰੇਮ ਕਰਦੇ ਹੋ—ਤੁਸੀਂ ਉਸਦਾ ਫ਼ਿਕਰ ਕਰਦੇ ਹੋ, ਪਾਲਦੇ ਹੋ ਉਸ ਨੂੰ। ਬੱਚੇ ਨੂੰ ਪਾਲਦੇ ਹੋ ਕਿਉਂਕਿ ਤੁਹਾਨੂੰ ਉਸ ਨਾਲ ਪ੍ਰੇਮ ਹੈ। ਜੇ ਤੁਹਾਨੂੰ ਰੁੱਖ ਨਾਲ ਪ੍ਰੇਮ ਹੈ ਤਾਂ ਤੁਸੀਂ ਉਸ ਨੂੰ ਪਾਣੀ ਦਿਓਗੇ, ਵਾੜ ਕਰੋਗੇ, ਉਸਦੇ ਵੱਡੇ ਹੋਣ ਫਲਣ ਫੁਲਣ ਲਈ ਹਰ ਸੰਭਵ ਹੀਲਾ ਕਰੋਗੇ। ਜੇ ਤੁਸੀਂ ਅਜਿਹਾ ਕੁਝ ਨਹੀਂ ਕਰਦੇ ਪਰ ਆਖਦੇ ਹੋ ਕਿ ਰੁੱਖ ਤੁਹਾਨੂੰ ਚੰਗੇ ਲੱਗਦੇ ਨੇ ਤਾਂ ਤੁਹਾਨੂੰ ਰੁੱਖ ਦੀ ਕਾਮਨਾ ਹੈ, ਰੁੱਖ ਨਾਲ ਪ੍ਰੇਮ ਨਹੀਂ।"

*-ਦਲਾਈ ਲਾਮਾ*

## ਕਵਿਤਾਵਾਂ : ਬਲਦੇਵ ਚੱਕ ਸਕੰਦਰ

—1—

ਕੱਚੀਆਂ ਪਿੱਲੀਆਂ ਗੱਲਾਂ ਨੇ
ਇਹ ਕਾਹਦੀਆਂ ਮੱਲਾਂ ਨੇ
ਹੋਰ ਘੜੀ ਨੂੰ ਬਹਿ ਜਾਸਣ ਇਹ
ਮਾੜੀਆਂ ਮੋਟੀਆਂ ਛੱਲਾਂ ਨੇ

ਚਿੜੀਆਂ ਨੂੰ ਨਹੀਂ ਮਾਰੀਦਾ
ਨਿੱਕੀਆਂ ਨਿੱਕੀਆਂ ਭੱਲਾਂ ਨੇ
ਟੋਹ ਟੋਹ ਵੇਖੀ ਜਾਨੇ ਆਂ
ਬਹੁਤ ਪੁਰਾਣੀਆਂ ਸੱਲਾਂ ਨੇ

ਗਈ ਰਾਤ ਤੱਕ ਸੌਣ ਨਾ ਦੇਵਣ
ਬੜਾ ਸਤਾਇਆ 'ਕੱਲਾਂ ਨੇ
ਮੇਰੇ ਬਾਲ ਡਰਾਵੇ ਤੜਕੇ
ਸੰਖ ਵਜਾਇਆ ਮੱਲਾਂ ਨੇ

ਉਹ ਕੀ ਛਾਂ ਦੇਵਣਗੇ ਤੈਨੂੰ
ਰੁੱਖ ਥੋੜੇ ਆ, ਵੱਲਾਂ ਨੇ
ਕੱਚੀਆਂ ਪਿੱਲੀਆਂ ਗੱਲਾਂ ਨੇ
ਇਹ ਕਾਹਦੀਆਂ ਮੱਲਾਂ ਨੇ

**—2—**

ਮੈਂ ਹੁਣੇ ਹੁਣੇ ਯਾਦ ਕਰਦਾ ਹਾਂ
ਉਹ ਭੋਲੀਆਂ ਸ਼ਕਲਾਂ
ਉਹ ਟਿਮਕਦੀਆਂ ਅੱਖਾਂ
ਮੁੱਛ ਫੁੱਟਦੀ ਦੇ ਚਾਹ
ਉਹ ਚਿੱਟੇ ਦੰਦਾਸੇ, ਹਾਸੇ
ਉਹ ਸ਼ਰਾਰਤਾਂ, ਸੁਹੱਪਣ
ਉਹ ਸਾਊਪੁਣਾ
ਮੁੰਡਿਆਂ ਦੀਆਂ ਡਾਰਾਂ
ਉਹ ਬੂਰੀਆਂ ਦੇ ਡੋਕੇ
ਉਹ ਦੁੱਧ ਦੀਆਂ ਧਾਰਾਂ
ਉਹ ਭਰਾ
ਉਹ ਦੋਸਤੀ ਜਮਾਤੀ
ਜੋ ਸਕੂਲੋਂ ਭੱਜ ਗਏ
ਜੋ ਕਾਲਜ ਛੱਡ ਗਏ

ਛੋਟੇ ਮੋਟੇ ਆਹਰਾਂ 'ਚ ਫਸ ਗਏ
ਵਿਆਹੇ ਗਏ ਤੇ ਘਰਾਂ 'ਚ ਵੜ ਗਏ

ਨਿੱਕੀਆਂ ਜਾਨਾਂ, ਖਲਜਗਣਾਂ ਦੇ ਝੇੜਾਂ
ਢਾਣੀਆਂ 'ਚ ਬਹਿ ਗਏ, ਨਸ਼ਿਆਂ ਦੇ ਹੋ ਗਏ
ਥੋੜ੍ਹੇ ਹੀ ਸਾਲਾਂ 'ਚ
ਮੂੰਹ ਮੁਰਝਾ ਗਏ, ਤੀਲਾ ਜਿਹੇ ਹੋ ਗਏ

ਗੱਲਾਂ ਦੇ ਪੁਲ ਬੰਨ੍ਹਦੇ
ਫਿੱਕਾ ਫਿੱਕਾ ਹੱਸਦੇ
ਫੋਕਾ ਫੋਕਾ ਰੋਂਦੇ
ਡੂੰਘੀਆਂ ਸ਼ਾਮਾਂ ਨੂੰ
ਸੜਕਾਂ ਤੇ ਸੂਇਆਂ 'ਤੇ
ਡਿੱਗਦੇ ਢਹਿੰਦੇ, ਬੁੜਬੁੜਾਉਂਦੇ

ਪਿਉ 'ਨਾ ਲੜਦੇ, ਮਾਂ ਨੂੰ ਕੋਸਦੇ
ਨਿਆਣਿਆਂ ਨੂੰ ਝਿੜਕਦੇ
ਆਪਣੀਆਂ ਆਪਣੀਆਂ
ਜੁੱਲੀਆਂ 'ਚ ਮੂੰਹ ਲੁਕਾਉਂਦੇ
ਜਿਗਰਾਂ ਦੇ ਰੋਗੀ, ਪੀਲੀਏ ਦੀਆਂ ਮਾਰਾਂ
ਮੇਰੇ ਯਾਰ ਬਥੇਰੇ, ਜੋ ਨਸ਼ਿਆਂ ਨਬੇੜੇ
ਮੈਂ ਹੁਣੇ ਹੁਣੇ ਯਾਦ ਕਰਦਾ ਹਾਂ
ਉਹ ਭੋਲੀਆਂ ਸ਼ਕਲਾਂ
ਉਹ ਟਿਮਕਦੀਆਂ ਅੱਖਾਂ

—3—

ਇਹ ਆਦਮੀ ਕੁਝ ਕਹਿ ਰਿਹਾ ਹੈ
ਇਹਦੇ ਲਫ਼ਜ਼ਾਂ 'ਚ ਹਲੀਮੀ ਹੈ, ਲਿਹਾਜ ਹੈ
ਇਹਦੀਆਂ ਅੱਖਾਂ ਸੇਜਲ ਨੇ, ਸ਼ਰਮਾਕਲ ਨੇ
ਇਹ ਘੱਟ ਹੀ ਬੋਲਦਾ, ਤੋਲ ਤੋਲ ਕੇ ਬੋਲਦਾ

ਇਹਨੇ ਵੀ ਦੁੱਖ
ਵੇਖੇ ਨੇ, ਜਰੇ ਨੇ
ਵਖਾਏ ਨਹੀਂ, ਦੱਸੇ ਨਹੀਂ
ਇਹਦਾ ਵੀ ਜੇਰਾ ਹੈ
ਕਦੀ ਕਦੀ ਕਹਿੰਦਾ ਹੈ
'ਸੁੱਖ ਸਭ ਦੇ ਹੁੰਦੇ ਨੇ
ਤੇ ਦੁੱਖ ਆਪਣੇ ਆਪਣੇ'

ਆਪਣੀ ਰੌਂਵੇਂ
ਤੁਰਦਾ ਹੈ ਅਡੋਲ ਜਿਹਾ
ਅਣਭੋਲ ਜਿਹਾ

ਠੱਗੀਆਂ ਠੋਰੀਆਂ
ਚਲਾਕੀਆਂ ਚੁਸਤੀਆਂ ਨੂੰ
ਦੇਖ ਕੇ ਅਣਡਿੱਠ ਕਰਦਾ
ਮੁਸ਼ਕੜੀਆਂ 'ਚ ਹੱਸਦਾ
ਮਲਕੜੇ ਮਲਕੜੇ ਪੈਰ ਪੁੱਟਦਾ, ਡਰਦਾ
ਕਿਤੇ ਘਾਹ ਨਾ ਮਿੱਧਿਆ ਜਾਵੇ
ਕਿਤੇ ਰੁੱਖਾਂ ਤੋਂ
ਚਿੜੀਆਂ ਨਾ ਉੱਡ ਜਾਵਣ
ਫ਼ਰਜ਼ ਨਿਭਾਉਂਦਾ
ਰਿਸ਼ਤੇ ਗੰਢਦਾ, ਹਾਸੇ ਵੰਡਦਾ
ਸ਼ਾਮ ਦੀ ਅਸਹਿ ਇਕੱਲ 'ਚ
ਉਦਾਸ ਗੀਤ ਗਾਉਂਦਾ
ਇਹ ਆਦਮੀ ਕੁਝ ਕਹਿ ਰਿਹਾ ਹੈ

—4—

ਹੁਣ ਫੇਰ ਕੋਈ
ਤੁਰ ਗਿਆ ਹੈ
ਅਲਵਿਦਾ ਕਹਿ ਬਗ਼ੈਰ

ਕੁਝ ਯਾਦਾਂ ਲੈ ਗਿਆ ਹੈ
ਕੁਝ ਦੇ ਗਿਆ ਹੈ
ਵਕਤ ਪਾ ਕੇ
ਅੰਦਰ ਦੀ ਤੋੜ ਖੋਹ
ਰੁਕ ਜਾਵੇਗੀ
ਖਲਬਲੀ ਖੜੋ ਜਾਵੇਗੀ
ਅਸੀਂ ਨਵੀਆਂ ਚੁਣੌਤੀਆਂ 'ਚ
ਰੁੱਝ ਜਾਵਾਂਗੇ

ਜੋ ਹੋਇਆ ਬੀਤਿਆ
ਵਾਪਰਿਆ ਵਰਤਿਆ
ਹੰਢਾਇਆ, ਵਿਸਰ ਜਾਵੇਗਾ
ਇਕ ਕੌੜਾ ਘੁੱਟ
ਸੰਘੋਂ ਥੱਲੇ ਉਤਰ ਜਾਵੇਗਾ
ਨਵਾਂ ਸਾਲ ਸਾਨੂੰ
ਰਾਸ ਆ ਜਾਵੇਗਾ
ਕਦੀ ਕਦੀ ਹੱਸ ਲੈਣ 'ਤੇ
ਹੈਰਾਨੀ ਨਹੀਂ ਹੋਇਆ ਕਰੇਗੀ

ਪਰ ਅੱਜ ਤਾਂ ਅੱਜ ਹੈ
ਹੁਣੇ ਤਾਂ ਉਹ ਗਿਆ ਹੈ
ਅਲਵਿਦਾ ਕਹਿ ਬਗ਼ੈਰ



ਬਲਦੇਵ ਚੱਕ ਸਕੰਦਰ
ਸੰਪਰਕ : 84276 40440

*ਕਹਾਣੀ*

# ਫਿਰ ਵੀ

*ਰਾਕੇਸ਼ ਰਮਨ*

"ਪਾਪਾ ਜੀ ਦੀ ਯਾਦ ਵਿੱਚ ਪਾਠ ਕਰਵਾ ਲਈਏ?" ਗੁਰਬਾਜ਼ ਨੇ ਛੋਟੇ ਗੁਰਲਾਭ ਨੂੰ ਪੁੱਛਿਆ।

"ਕਿਉਂ?" ਗੁਰਲਾਭ ਹੈਰਾਨ ਹੋ ਗਿਆ ਵੱਡੇ ਦੀ ਸਲਾਹ ਸੁਣ ਕੇ, ਉਹਦੇ ਸਵਾਲ ਦੇ ਜਵਾਬ ਵਿੱਚ ਉਹ ਜਿਵੇਂ ਖੁਦ ਹੀ ਸਾਰੇ ਦਾ ਸਾਰਾ ਸਵਾਲ ਬਣ ਗਿਆ ਹੋਵੇ। ਗੁਰਬਾਜ਼ ਖਾਮੋਸ਼ ਸੀ। ਗੁਰਲਾਭ ਨੇ ਸਵਾਲ ਦੁਹਰਾਇਆ, "ਕਿਉਂ?"

"ਕਿਉਂਕਿ, ਫਿਰ ਵੀ ਉਹ ਆਪਣਾ ਬਾਪ ਸੀ।"

ਦੋਵੇਂ ਭਰਾ ਤਕਰੀਬਨ ਤਿੰਨ ਸਾਲਾਂ ਮਗਰੋਂ ਘਰ ਪਰਤੇ ਸਨ। ਤਿੰਨ ਮਹੀਨੇ ਘਰ ਨੂੰ ਤਾਲਾ ਲੱਗਿਆ ਰਿਹਾ ਸੀ। ਜਾਪਦਾ ਨਹੀਂ ਸੀ ਕਿ ਇਹ ਤਾਲਾ ਕਦੇ ਖੁਲ੍ਹੇਗਾ। ਲੋਕੀਂ ਗੁਰਬਾਜ਼ ਤੇ ਗੁਰਲਾਭ ਦੀਆਂ ਗੱਲਾਂ ਕਰਨੋ ਵੀ ਹਟ ਗਏ ਸਨ। ਤਿੰਨ ਸਾਲਾਂ ਦੇ ਅਰਸੇ ਮਗਰੋਂ ਜਦੋਂ ਜੰਗਾਲ ਲੱਗਾ ਜਿੰਦਰਾ ਘਰ ਦੇ ਮਾਲਕ ਭਰਾਵਾਂ ਨੇ ਆ ਤੋੜਿਆ ਤਾਂ ਲੋਕਾਂ ਨੂੰ ਉਨ੍ਹਾਂ ਦੀ ਯਾਦ ਆਈ। ਪਿੱਠ ਪਿੱਛੇ ਉਹ ਉਨ੍ਹਾਂ ਬਾਰੇ ਪਤਾ ਨਹੀਂ ਕੀ ਕੀ ਗੱਲਾਂ ਕਰਦੇ ਹੋਣਗੇ, ਪਰ ਵੱਡੀ ਉਮਰ ਦੀਆਂ ਔਰਤਾਂ ਤੇ ਮਰਦ ਜਦ ਮਿਲਦੇ ਤਾਂ ਉਨ੍ਹਾਂ ਦਾ ਸਿਰ ਪਲੋਸਦੇ, ਹਾਲਚਾਲ ਪੁੱਛਦੇ, ਉਨ੍ਹਾਂ ਦੀ ਘਰ ਵਾਪਸੀ ਨੂੰ ਉਨ੍ਹਾਂ ਦਾ ਚੰਗਾ ਫੈਸਲਾ ਦੱਸਦੇ, "ਬੰਦਾ ਭਾਈਚਾਰੇ 'ਚ ਹੀ ਸੋਭਦੈ, ਜਿਵੇਂ ਨਗੀਨਾ ਮੁੰਦਰੀ 'ਚ ਜੜਿਆ ਹੀ ਜਚਦੈ।" ਅੱਗੋਂ ਦੋਵੇਂ ਭਾਈ 'ਹਾਂ ਜੀ' 'ਹਾਂ ਜੀ' ਕਹਿ ਛੱਡਦੇ। ਉਨ੍ਹਾਂ ਦੇ ਹਾਣੀ ਵੀ ਤਪਾਕ ਨਾਲ ਮਿਲਦੇ, ਉਨ੍ਹਾਂ ਦੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਰਸਮੀਂ ਤੌਰ 'ਤੇ ਪੁੱਛਦੇ।

"ਅਜੇ ਕੁਝ 'ਨੀਂ ਸੋਚਿਆ, ਅਜੇ ਤਾਂ ਸਾਰਾ ਘਰ ਗਰਦ ਨਾਲ ਅੱਟਿਆ ਪਿਆ, ਇਹਦਾ ਕੋਈ ਮੂੰਹ -ਮੱਥਾ ਬਣੂ ਤਾਂ ਸੋਚਾਂਗੇ।" ਦੋਹੇਂ ਭਰਾ ਲਗਭਗ ਇਕੋ ਜਵਾਬ ਦਿੰਦੇ ਤੇ ਇਹ ਗੱਲ ਸਹੀ ਵੀ ਸੀ।

ਤਿੰਨ ਸਾਲਾਂ ਵਿੱਚ ਸੁੰਨਾ ਪਿਆ ਘਰ ਜਿਵੇਂ ਖੋਲ੍ਹਾ ਬਣ ਗਿਆ ਸੀ। ਆਸਪਾਸ ਪੜੋਸ ਦੇ ਘਰ ਕੁਝ ਨਵੇਂ ਢੰਗ ਨਾਲ ਬਣ ਜਾਣ ਕਾਰਨ, ਉਨ੍ਹਾਂ ਦਾ ਘਰ ਭੱਦੀ ਦਿੱਖ ਦਾ ਬਣ ਗਿਆ ਸੀ। ਕਦੇ ਉਨ੍ਹਾਂ ਦਾ ਆਪਣਾ ਘਰ ਆਲੇ-ਦੁਆਲੇ ਦੇ ਘਰਾਂ ਵਿਚ ਸਭ ਤੋਂ ਵਧੀਆ ਤੇ ਵੱਖਰਾ ਦਿਖਾਈ ਦਿੰਦਾ ਹੁੰਦਾ ਸੀ। ਦਿਖਾਈ ਦਿੰਦਾ ਵੀ ਕਿਉਂ ਨਾ, ਆਖ਼ਰ ਇਕ ਪੁਲਿਸ ਅਫ਼ਸਰ ਦਾ ਘਰ ਸੀ।

ਮਾਂ ਚਾਰ ਕੁ ਵਰ੍ਹੇ ਪਹਿਲਾਂ ਗੁਜ਼ਰ ਗਈ ਸੀ। ਉਹਨੂੰ ਇਕ ਨਾਮੁਰਾਦ ਬਿਮਾਰੀ ਨੇ ਆ ਘੇਰਿਆ ਸੀ। ਬਿਮਾਰੀ ਦਾ ਨਾਂ ਸੋਚਦਿਆਂ ਉਨ੍ਹਾਂ ਨੂੰ ਸ਼ਰਮ ਮਹਿਸੂਸ ਹੁੰਦੀ ਸੀ, ਇਕ ਤਰ੍ਹਾਂ ਦੀ ਕਚਿਆਣ ਜਿਹੀ ਆਉਂਦੀ ਸੀ। ਪਰ ਸੱਚਾਈ ਆਖ਼ਰ ਸੱਚਾਈ ਹੀ ਹੁੰਦੀ ਹੈ। ਮੰਨਣੀ ਹੀ ਪੈਂਦੀ ਹੈ। ਕੌੜਾ ਘੁੱਟ ਭਰ ਕੇ ਉਨ੍ਹਾਂ ਵੀ ਮੰਨ ਲਿਆ ਤੇ ਅੰਦਰ ਹੀ ਅੰਦਰ ਆਪਣੇ ਅੰਤਹਕਰਨ,ਆਪਣੇ ਵਜੂਦ ਉੱਪਰ ਸਹਿ ਲਿਆ ਕਿ ਮਾਂ ਨੂੰ ਏਡਜ਼ ਸੀ।

ਮਾਂ ਦੀ ਕਮੀਂ ਨੂੰ ਉਨ੍ਹਾਂ ਨੇ ਬਹੁਤੀ ਸ਼ਿੱਦਤ ਨਾਲ ਨਾ ਲਿਆ, ਬਾਪ ਜਿਉਂ ਬੈਠਾ ਸੀ ਮਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ। ਉਹ ਉਨ੍ਹਾਂ ਦੀ ਹਰ ਲੋੜ ਦਾ ਖ਼ਿਆਲ ਰੱਖਦਾ। ਮੂੰਹੋਂ ਜੋ ਚੀਜ਼ ਉਨ੍ਹਾਂ ਨੇ ਮੰਗੀ, ਬਾਪ ਨੇ ਤੁਰੰਤ ਹਾਜ਼ਰ ਕੀਤੀ। ਉਂਜ ਵੀ ਉਨ੍ਹਾਂ ਦੇ ਬਾਪ ਦੇ ਨਾਂ ਦੀ ਤੂਤੀ ਬੋਲਦੀ ਸੀ। ਬਾਪ ਉਨ੍ਹਾਂ ਪ੍ਰਤੀ ਭਾਵੁਕ ਵੀ ਰੱਜ ਕੇ ਸੀ। ਬਿਲਕੁਲ ਉਵੇਂ ਹੀ ਜਿਵੇਂ ਕੋਈ ਮਾਂ ਆਪਣੇ ਬੱਚਿਆਂ ਪ੍ਰਤੀ ਭਾਵੁਕ ਹੁੰਦੀ ਹੈ। ਜਿਹੋ ਜਿਹੀ ਭਾਵੁਕਤਾ ਮਾਂ ਦੀਆਂ ਅੱਖਾਂ 'ਚੋਂ ਮੱਲੋਮੱਲੀ ਛਲਕ ਆਉਂਦੀ ਹੈ। ਉਸੇ ਤਰ੍ਹਾਂ ਦੀ ਭਾਵੁਕਤਾ ਉਨ੍ਹਾਂ ਦੇ ਬਾਪ ਦੀਆਂ ਅੱਖਾਂ 'ਚ ਛਲਕਦੀ ਉਨ੍ਹਾਂ ਅਕਸਰ ਦੇਖੀ ਸੀ ਤੇ ਆਪਣੇ ਰੋਮ-ਰੋਮ ਅੰਦਰ ਰਮਦੀ ਮਹਿਸੂਸ ਵੀ ਕੀਤੀ ਸੀ।

ਮਾਂ ਘਰੇਲੂ ਔਰਤ ਸੀ। ਆਮ ਘਰੇਲੂ ਔਰਤਾਂ ਵਾਂਗ ਸਾਰੇ ਕੰਮਕਾਰ ਨਿਪਟਾਉਂਦੀ ਸੀ। ਘਰ ਦੇ ਰੋਜ਼ਮਰਾ ਤੇ ਕਬੀਲਦਾਰੀ ਦੇ ਕੰਮ ਨਿਪਟਾਉਂਦਿਆਂ ਉਹ ਇਕ ਹੋਰ ਅਜੀਬ ਕੰਮ ਵੀ ਕਰਦੀ ਸੀ। ਬਾਪ ਠਾਣਿਓਂ ਅਣਰਿਕਾਰਿਡ ਭੁੱਕੀ ਘਰ ਲੈ ਆਉਂਦਾ ਸੀ। ਮਾਂ ਪੁੜੀਆਂ ਜਿਹੀਆਂ ਬਣਾ ਕੇ ਘਰੋਂ ਵੇਚਦੀ ਰਹਿੰਦੀ ਸੀ। ਮੁੰਡਿਆਂ

ਨੂੰ ਉਹਦਾ ਇਹ ਕੰਮ ਕੋਈ ਬਹੁਤਾ ਪਰੇਸ਼ਾਨ ਨਹੀਂ ਸੀ ਕਰਦਾ। ਇਸ ਕੰਮ ਤੋਂ ਪੈਸੇ ਆਉਂਦੇ ਸਨ। ਇਸ ਪੈਸੇ ਨਾਲ ਗੁਰਬਾਜ਼ ਤੇ ਗੁਰਲਾਭ ਦੇ ਸ਼ੌਂਕ ਪੂਰੇ ਹੁੰਦੇ ਸਨ, ਖੁੱਲ੍ਹੀ ਖੇਡ ਚੱਲਦੀ ਸੀ। ਉਹ ਦੋਵੇਂ ਨਸ਼ੇ ਦੇ ਸੇਵਨ ਤੋਂ ਇਤਫ਼ਾਕਨ ਬਚੇ ਹੋਏ ਸਨ, ਪਰ ਬਾਪ ਭੁੱਕੀ ਦਾ ਸੇਵਨ ਕਰਦਾ ਸੀ। ਉਹ ਅਕਸਰ ਸਰੂਰ ਵਿੱਚ ਦਿਖਾਈ ਦਿੰਦਾ ਸੀ। ਹਰ ਗੱਲ ਬੜੇ ਆਤਮ ਵਿਸ਼ਵਾਸ਼ ਨਾਲ ਕਰਦਾ ਸੀ। ਆਪਣੇ ਆਪ ਨੂੰ ਨਵੀਨਤਮ ਗਿਆਨ ਤੇ ਸੂਚਨਾਵਾਂ ਨਾਲ ਲੈਸ ਕਰੀ ਰੱਖਣਾ, ਉਹਦਾ ਸ਼ੁਗਲ ਸੀ।

ਮਾਂ 'ਤੇ ਇਲਾਜ ਦਾ ਕੋਈ ਅਸਰ ਨਾ ਹੋਇਆ। ਕਿਸੇ ਦਵਾਈ ਨਾਲ ਮੋੜ ਨਾ ਪਿਆ। ਦੇਹ ਦਿਨੋਂ-ਦਿਨ ਨਿੱਘਰਦੀ ਗਈ। ਉਹਨੇ ਖ਼ੂਬ ਕਮਾਈ ਕੀਤੀ ਸੀ। ਸੋਨੇ ਦੇ ਮੋਟੇ-ਮੋਟੇ ਕੜੇ ਬਣਵਾਏ ਸਨ,ਜਿਨ੍ਹਾਂ ਨੂੰ ਆਪਣੀਆਂ ਨੂੰਹਾਂ ਦੀਆਂ ਵੀਣੀਆਂ ਵਿੱਚ ਸਜਾਉਣ ਦੀ ਰੀਝ ਦਿਲ ਵਿੱਚ ਲੈ ਕੇ ਹੀ ਉਹ ਆਖ਼ਰ ਸਵਾਸ ਪੂਰੇ ਕਰ ਗਈ। ਜਦੋਂ ਉਹਨੇ ਜਹਾਨ ਛੱਡਿਆ ਉਦੋਂ ਉਹਦੇ ਉਪਰੋਥਲੀ ਦੇ ਦੋਵਾਂ ਮੁੰਡਿਆਂ ਦੀ ਉਮਰ ਇੱਕੀ ਤੇ ਸਤਾਰਾਂ ਵਰ੍ਹਿਆਂ ਦੀ ਸੀ। ਦੋਵਾਂ ਵਿੱਚੋਂ ਕੋਈ ਵੀ ਢੰਗ ਸਿਰ ਕਿਸੇ ਤਣ-ਪੱਤਣ ਲੱਗਦਾ ਦਿਖਾਈ ਨਹੀਂ ਸੀ ਦਿੰਦਾ। ਫਿਰ ਵੀ ਬਾਪ ਕਾਫ਼ੀ ਆਸਵੰਦ ਸੀ। ਕੋਈ ਪੁੱਛਦਾ ਤਾਂ ਆਖਦਾ, "ਪਹਿਲੀ ਗੱਲ, ਉਨ੍ਹਾਂ ਦਾ ਮੁੰਡੇ ਹੋਣਾ ਹੀ ਬਹੁਤ ਵੱਡੀ ਯੋਗਤਾ ਹੈ। ਬਾਕੀ ਮੈਂ ਉਨ੍ਹਾਂ ਦੀ ਪੜ੍ਹਾਈ 'ਤੇ ਖ਼ਰਚ ਕਰਨ ਵੱਲੋਂ ਘੌਲ ਨਹੀਂ ਕਰ ਰਿਹਾ, ਕੁਝ ਨਾ ਕੁਝ ਤਾਂ ਬਣਨਗੇ ਹੀ।" ਸੁਣਨ ਵਾਲਾ ਅੱਗੋਂ ਹਾਮੀ ਭਰ ਦਿੰਦਾ, "ਹਾਂ ਬਈ ਮਨਜੀਤ ਸਿਆਂ, ਸਹੀ ਕਿਹਾ, ਮਾਂ ਬਾਪ ਨੂੰ ਆਪਣੇ ਫ਼ਰਜ਼ ਤੋਂ ਪਿੱਛੇ 'ਨੀਂ ਹਟਣਾ ਚਾਹੀਦਾ, ਫਿਰ ਔਲਾਦ ਵੀ ਸ਼ਰਮ ਮੰਨਦੀ ਐ!"

ਜਦੋਂ ਚਾਬੀ ਕਿਤੋਂ ਨਾ ਮਿਲੀ ਤਾਂ ਬਾਪ ਦੀ ਨਿੱਜੀ ਅਲਮਾਰੀ ਦਾ ਜਿੰਦਾ ਵੀ ਉਨ੍ਹਾਂ ਨੂੰ ਤੋੜਣਾ ਪਿਆ। ਅਲਮਾਰੀ 'ਚ ਕਿਤਾਬਾਂ ਸਨ। ਨਾਵਲ, ਕਹਾਣੀਆਂ ਤੇ ਨਿਬੰਧਾਂ ਦੀਆਂ ਕਿਤਾਬਾਂ। ਬੜੀਆਂ ਸੰਭਾਲ ਕੇ, ਤਰਤੀਬ ਤੇ ਸਲੀਕੇ ਨਾਲ ਰੱਖੀਆਂ ਪੁਸਤਕਾਂ ਉੱਪਰ ਧੂੜ ਜਮ੍ਹਾਂ ਹੋ ਗਈ ਸੀ। ਉਨ੍ਹਾਂ ਇਕੱਲੀ-ਇਕੱਲੀ ਪੁਸਤਕ ਦੀ ਧੂੜ ਸਾਫ਼ ਕੀਤੀ ਤੇ ਮੁੜ ਉਨ੍ਹਾਂ ਨੂੰ ਪਹਿਲਾਂ ਵਾਲੀ ਤਰਤੀਬ ਵਿੱਚ ਰੱਖਿਆ। ਕੁਝ ਕਿਤਾਬਾਂ ਬਦੇਸ਼ੀ ਭਾਸ਼ਾਵਾਂ ਤੋਂ ਅਨੁਵਾਦ ਕੀਤੀਆਂ ਹੋਈਆਂ ਸਨ। ਜ਼ਿਆਦਾ ਕਿਤਾਬਾਂ ਰੂਸੀ ਸਾਹਿਤ ਦੀਆਂ ਸਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਲਗਭਗ ਸਾਰੀਆਂ ਕਿਤਾਬਾਂ ਸਨ। ਇਹ ਛੋਟੀ ਜਿਹੀ ਘਰੇਲੂ ਲਾਇਬ੍ਰੇਰੀ ਉਨ੍ਹਾਂ ਦੇ ਬਾਪ ਨੂੰ ਉਨ੍ਹਾਂ ਦੇ ਦਾਦੇ ਪਾਸੋਂ ਪ੍ਰਾਪਤ ਹੋਈ ਸੀ। ਉਨ੍ਹਾਂ ਦਾ ਦਾਦਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਉਪਾਸ਼ਕ ਸੀ। ਪ੍ਰੀਤਲੜੀ ਰਸਾਲੇ ਦਾ ਸਥਾਈ ਪਾਠਕ ਤੇ ਜੀਵਨ ਮੈਂਬਰ ਸੀ। ਜਦੋਂ ਤੱਕ ਦਾਦਾ ਜਿਉਂਦਾ ਰਿਹਾ, ਪ੍ਰੀਤਲੜੀ ਲਗਾਤਾਰ ਘਰ ਆਉਂਦਾ ਰਿਹਾ। ਉਨ੍ਹਾਂ ਦੀ ਮੌਤ ਤੋਂ ਮਗਰੋਂ ਬੰਦ ਹੋ ਗਿਆ। ਪੁਸਤਕਾਂ ਦਾ ਜਿਹੜਾ ਭੰਡਾਰ ਉਹ ਪਿੱਛੇ ਛੱਡ ਗਿਆ ਉਸ ਨੂੰ ਉਸ ਦੇ ਪੁੱਤਰ ਹੈੱਡਕਾਂਸਟੇਬਲ ਮਨਜੀਤ ਸਿੰਘ ਨੇ ਨਾ ਕੇਵਲ ਸੰਭਾਲ ਕੇ ਹੀ ਰੱਖਿਆ ਸਗੋਂ ਉਹ ਪੁਸਤਕਾਂ ਪੜ੍ਹਦਾ ਵੀ ਰਹਿੰਦਾ ਸੀ। ਪੁਸਤਕ ਵਿਚੋਂ ਜਿਹੜੀਆਂ ਗੱਲਾਂ ਉਹਨੂੰ ਚੰਗੀਆਂ ਲੱਗਦੀਆਂ, ਆਪਣੇ ਬੱਚਿਆਂ ਨਾਲ ਵੀ ਸਾਂਝੀਆਂ ਕਰਦਾ। ਇਸੇ ਅਲਮਾਰੀ ਵਿੱਚ ਮਨਜੀਤ ਦਾ ਇਕ ਬਹੁਤ ਖ਼ੂਬਸੂਰਤ ਮਰਫ਼ੀ ਕੰਪਨੀ ਦਾ ਰੇਡੀਓ ਵੀ ਪਿਆ ਸੀ।

ਮਨਜੀਤ ਆਪਣੀ ਜੱਦੀ ਰਿਹਾਇਸ਼ ਵਾਲੇ ਕਸਬੇ ਵਿੱਚ ਹੀ ਡਿਊਟੀ 'ਤੇ ਤੈਨਾਤ ਸੀ। ਸਾਈਕਲ ਉੱਪਰ ਕਸਬੇ ਵਿੱਚ ਘੁੰਮਣਾ ਤੇ ਸਾਈਕਲ ਦੀ ਟੋਕਰੀ ਵਿੱਚ ਰੇਡੀਓ ਰੱਖਣਾ ਤਾਂ ਜਿਵੇਂ ਉਹਦੀ ਆਦਤ ਹੀ ਸੀ। ਰੇਡੀਓ ਸੁਣਨ ਤੋਂ ਉਹਨੂੰ ਸਕੂਨ ਮਿਲਦਾ ਸੀ। ਦਫ਼ਤਰ ਵਿੱਚ ਆਪਣੀ ਮੇਜ਼ ਦੀ ਦਰਾਜ਼ ਵਿੱਚ ਵੀ ਉਹ ਰੇਡੀਓ ਰੱਖਦਾ ਸੀ। ਸਾਰੇ ਆਖਦੇ ਸਨ, "ਇਹ ਕੋਈ ਆਮ ਪੁਲਸੀਆ ਨਹੀਂ ਹੈ।"

ਅਗਲਾ ਹਾਂ 'ਚ ਹਾਂ ਰਲਾਉਂਦਾ, "ਵਰਦੀ ਨਾ ਪਾਈ ਹੋਵੇ ਤਾਂ ਕੋਈ ਕਹਿ ਨਹੀਂ ਸਕਦਾ ਇਹ ਪੁਲਸੀਆ ਹੈ, ਊਂ ਪੁਲਸੀਆ ਤਾਂ ਬਿਨਾਂ ਵਰਦੀ ਤੋਂ ਵੀ ਪਛਾਣ 'ਚ ਆ ਜਾਂਦੈ!"

ਸੱਚਮੁੱਚ ਹੀ ਮਹਿਕਮੇ ਦੇ ਹਿਸਾਬ ਨਾਲ ਮਨਜੀਤ ਦੀ ਸ਼ਖ਼ਸੀਅਤ ਹੈਰਾਨ ਕਰਨ ਵਾਲੀ ਸੀ। ਮਨਜੀਤ ਆਪਣੀ ਧੁਨ ਵਿੱਚ ਮਸਤ ਰਹਿੰਦਾ ਸੀ।

ਕਦੇ-ਕਦਾਈਂ ਉਹ ਪਤਨੀ ਨੂੰ ਪੁੱਛਦਾ, "...ਇਹ ਗੱਲ...ਮੇਰਾ ਮਤਲਬ ਭੁੱਕੀ ਵੇਚਣ ਵਾਲੀ ਗੱਲ ਉਵੇਂ ਨਹੀਂ ਜਿਵੇਂ ਲੇਲਿਆਂ ਵਿੱਚ ਭੇੜੀਆ ਛੱਡ ਦਿੱਤਾ ਗਿਆ ਹੋਵੇ...ਇਕ ਪਾਸੇ ਪਿਤਾ ਦਾ ਸਾਊ ਵਿਰਸਾ...ਉੱਚ-ਕੋਟੀ ਦੇ ਖਿਆਲਾਂ ਵਾਲੀਆਂ ਪੁਸਤਕਾਂ...ਰੇਡੀਓ ਦਾ ਸੁਹਜਮਈ ਸੰਸਾਰ...ਸੋਹਣੀ ਸੰਤਾਨ ਤੇ ਦੂਜੇ ਪਾਸੇ ਭੁੱਕੀ ਦੀ ਸਪਲਾਈ...?"

ਪਤਨੀ ਆਖਦੀ, "...ਤਾਂ ਫਿਰ ਨਿਆਣਿਆਂ ਦੀਆਂ ਰੀਝਾਂ ਕਿਵੇਂ ਪੂਰੀਆਂ ਹੋਣ...ਤੁਸੀਂ ਵੀ ਕੁਝ ਫ਼ਾਇਦਾ

ਉਠਾ ਲਉ ਆਪਣੇ ਮਹਿਕਮੇ ਦਾ...ਜੇ ਮਾਸਟਰ ਲੱਗੇ ਹੁੰਦੇ ਤਾਂ ਚਾਰ ਟਿਊਸ਼ਨਾਂ ਪੜ੍ਹਾ ਲੈਂਦੇ...ਦੇਖਲੋ, ਮਾਸਟਰ ਬਲੌਰ ਸਿਉਂ ਨੇ ਕਿੰਨੀ ਸ਼ਾਨਦਾਰ ਕੋਠੀ ਖੜ੍ਹੀ ਕਰ ਲਈ..ਟਿਊਸ਼ਨਾਂ 'ਚੋਂ'' ਪਤਨੀ ਹਮੇਸ਼ਾ ਹੀ ਅਜਿਹੇ ਮਾਮਲੇ ਵਿੱਚ ਵਧੇਰੇ ਵਿਹਾਰਕ ਹੋਣ ਦਾ ਪ੍ਰਮਾਣ ਪੇਸ਼ ਕਰਦੀ। ਮਨਜੀਤ ਅੱਗੋਂ 'ਹਾਂ ਜੀ' ਕਹਿ ਛੱਡਦਾ, ਹਾਲਾਂਕਿ ਉਹ ਜਾਣਦਾ ਸੀ, ਬਲੌਰ ਸਿੰਘ ਤੋਂ ਹਾਲੇ ਤੱਕ ਹੋਮ ਲੋਨ ਦੀਆਂ ਕਿਸ਼ਤਾਂ ਨਹੀਂ ਉਤਾਰੀਆਂ ਜਾ ਸਕੀਆਂ ਸਨ।

ਜ਼ਿੰਦਗੀ ਅਣਕਿਆਸੀਆਂ ਘਟਨਾਵਾਂ ਨਾਲ ਵੀ ਅੱਗੇ ਵੱਧਦੀ ਹੈ। ਸਮਾਂ ਬੰਦੇ ਨਾਲੋਂ ਬਾਹਰਾ ਹੋ ਕੇ ਵੀ ਕਰਵਟ ਬਦਲਦਾ ਹੈ। ਮਨਜੀਤ ਦੀ ਪਤਨੀ ਦੀ ਮੌਤ ਨਾਲ ਇਸ ਪਰਿਵਾਰ ਦੇ ਜੀਵਨ ਦੀ ਦਿਸ਼ਾ ਹੀ ਬਦਲ ਗਈ।

ਟੱਬਰ ਅੱਗੇ ਬਹੁਤ ਵੱਡਾ ਸਵਾਲ ਖੜ੍ਹਾ ਹੋ ਗਿਆ :

''ਹੁਣ ਕੀ ਬਣੂ?''

ਪਰ ਮਨਜੀਤ ਬਹੁਤ ਸੁਲਝਿਆ ਹੋਇਆ ਬੰਦਾ ਸੀ। ਉਹਨੇ ਟੱਬਰ ਨੂੰ ਸੁਚੱਜੇ ਢੰਗ ਨਾਲ ਸੰਭਾਲ ਲਿਆ ਤੇ ਆਪਣੇ ਆਪ ਨੂੰ ਵੀ ਸੰਭਾਲ ਲਿਆ। ਪਤਨੀ ਦੀ ਮੌਤ ਸਮੇਂ ਉਹਦੀ ਆਪਣੀ ਉਮਰ ਮਸਾਂ ਬਿਆਲੀ ਤਰਤਾਲੀ ਸਾਲ ਸੀ। ਇਸ ਉਮਰ ਵਿੱਚ ਆਪਣੇ ਆਪ ਨੂੰ ਸੰਭਾਲ ਲੈਣਾ ਕੋਈ ਸੌਖਾ ਕੰਮ ਨਹੀਂ ਸੀ।

ਮਨਜੀਤ ਦੀ ਡਿਊਟੀ ਜ਼ਿਆਦਾ ਕਰਕੇ ਗ਼ੈਰ-ਪੁਲਸੀਆ ਕੰਮਾਂ 'ਚ ਹੀ ਲਾਈ ਜਾਂਦੀ ਸੀ। ਮੂੰਹ-ਮੁਲਾਹਜ਼ੇ ਵਾਲਾ ਬੰਦਾ ਸੀ ਉਹ। ਲੋਕ ਉਹਦੇ ਕੋਲ ਮੱਦਦ ਲਈ ਗੁਹਾਰ ਲਾਈ ਰੱਖਦੇ ਸਨ। ਉਹ ਜਾਇਜ਼ ਕੰਮ ਕਰਵਾ ਵੀ ਦਿੰਦਾ ਸੀ। ਉੱਪਰਲੇ ਅਫ਼ਸਰ ਉਸ ਉੱਪਰ ਬਹੁਤ ਵਿਸ਼ਵਾਸ ਕਰਦੇ ਸਨ, ਉਹਦੀ ਗੱਲ ਸੁਣੀ ਵੀ ਜਾਂਦੀ ਸੀ ਤੇ ਮੰਨੀ ਵੀ ਜਾਂਦੀ ਸੀ।

ਇਕ ਦਿਨ ਇਕ ਕੁੜੀ ਉਹਨੂੰ ਘਰ ਮਿਲਣ ਆਈ। ਗੁਰਬਿੰਦਰ ਦੱਸਦੀ ਸੀ ਆਪਣਾ ਨਾਂ। ਉਹਦੇ ਬਾਪ ਨੂੰ ਸ਼ਰੀਕ ਤੰਗ ਕਰਦੇ ਸਨ ਤੇ ਤੰਗ ਕਰਨ ਲਈ ਪੁਲੀਸ ਨੂੰ ਵਰਤਦੇ ਸਨ। ਕੁੜੀ ਪਰਿਵਾਰ ਵਿੱਚੋਂ ਸਭ ਤੋਂ ਵੱਡੀ ਸੀ, ਭਰਾ ਅਜੇ ਨਿੱਕੇ ਸਨ। ਭਰਾ ਪੱਛੜ ਕੇ ਪੈਦਾ ਹੋਏ ਸਨ, ਕੁੜੀ ਵਿਆਹ ਤੋਂ ਪੱਛੜੀ ਹੋਈ ਜਾਪਦੀ ਸੀ। ਮਨਜੀਤ ਨੇ ਉਹਦੀ ਗੱਲ ਧਿਆਨ ਨਾਲ ਸੁਣੀ, ਦਿਲਾਸਾ ਦਿੱਤਾ, ''ਕੋਈ ਗੱਲ 'ਨੀਂ ਬੀਬਾ ਕੋਸ਼ਿਸ਼ ਕਰਾਂਗਾ।'' ਮਨਜੀਤ ਨੇ ਗੁਰਬਿੰਦਰ ਦੇ ਬਾਪ ਦਾ ਪੁਲਿਸ ਤੋਂ ਖਹਿੜਾ ਛੁਡਾ ਦਿੱਤਾ। ਕੁੜੀ ਫਿਰ ਆਈ। ਐਤਕੀਂ ਧੰਨਵਾਦ ਕਰਨ ਆਈ ਸੀ। ਫਿਰ ਉਹ ਆਈ ਤਾਂ ਮਨਜੀਤ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸੀ। ਉਹਦੇ ਸ਼ੌਂਕ ਕੁੜੀ ਲਈ ਖਿੱਚ ਭਰਪੂਰ ਸਨ। ਫਿਰ ਉਹ ਸਮਾਂ ਵੀ ਆਇਆ ਜਦੋਂ ਉਹ ਬਹੁਤ ਘੁਲ਼-ਮਿਲ ਗਏ। ਮਨਜੀਤ ਨੂੰ ਇਸ ਕੁੜੀ ਕਰਕੇ ਆਪਣੇ ਅੰਦਰ ਅਨੰਦਿਤ ਕਰਨ ਵਾਲੀ ਹਿਲਜੁਲ ਮਹਿਸੂਸ ਹੋਈ। ਬਾਪ ਦੇ ਵਿਹਾਰ ਵਿਚਲੀ ਤਬਦੀਲੀ ਮੁੰਡਿਆਂ ਤੋਂ ਗੁੱਝੀ ਨਾ ਰਹੀ। ਉਹ ਦੋਵਾਂ ਦੇ ਮੇਲਜੋਲ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗੇ।

ਗੁਰਬਿੰਦਰ ਵਿੱਚ ਤਾਂ ਮਨਜੀਤ ਨੂੰ ਜਿਵੇਂ ਆਪਣਾ ਜਹਾਨ ਹੀ ਦਿਸਣ ਲੱਗ ਪਿਆ ਸੀ, ਆਪਣਾ ਨਵਾਂ ਜਹਾਨ। ਉਹ ਸੋਚਦਾ ਮੁੰਡੇ ਵਿਆਹੇ ਗਏ ਤਾਂ ਆਪੋ-ਆਪਣੀਆਂ ਪਤਨੀਆਂ 'ਚ ਰੁੱਝ ਜਾਣਗੇ, ਉਹ ਇਕੱਲਾ ਰਹਿ ਜਾਏਗਾ, ਉਹਨੂੰ ਕੀਹਨੇ ਪੁੱਛਣਾ, ਇਸ ਲਈ ਕਿਉਂ ਨਾ ਉਹ ਵੀ ਆਪਣਾ ਕੋਈ ਬੰਨ੍ਹ-ਸੁੱਬ ਕਰੇ, ਆਪਣੇ ਭਵਿੱਖ ਲਈ ਕੋਈ ਯੋਜਨਾ ਬਣਾਵੇ।

ਇਸ 'ਯੋਜਨਾ' ਨੇ ਮੁੰਡਿਆਂ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ। ਸ਼ਹਿਰੀ ਜਾਇਦਾਦ ਦਾ ਇੱਕ ਏਕੜ ਉਨ੍ਹਾਂ ਨੂੰ ਆਪਣੇ ਹੱਥੋਂ ਨਿੱਕਲਦਾ ਜਾਪਿਆ। ਮੁੰਡੇ ਵੀ ਮਨਜੀਤ ਦੀ 'ਯੋਜਨਾ' ਦੇ ਬਰਾਬਰ 'ਯੋਜਨਾ' ਬਣਾਉਣ ਲੱਗੇ। ਉਨ੍ਹਾਂ ਦਾ ਰੋਹ ਉਦੋਂ ਹੋਰ ਵੀ ਤੇਜ਼ ਹੋ ਗਿਆ ਜਦੋਂ ਖਾਧੀ-ਪੀਤੀ 'ਚ ਮਨਜੀਤ ਮੂੰਹੋਂ ਗੁਰਬਿੰਦਰ ਨਾਲ ਵਿਆਹ ਕਰਵਾਉਣ ਦੀ ਗੱਲ ਨਿੱਕਲ ਗਈ।

ਇੱਕ ਰਾਤ ਘੂਕ ਸੁੱਤੇ ਪਏ ਮਨਜੀਤ ਦਾ ਗਲ਼ ਤੇਜ਼ਧਾਰ ਹਥਿਆਰ ਨਾਲ ਰੇਤ ਕੇ ਉਨ੍ਹਾਂ ਆਪਣੀ 'ਯੋਜਨਾ' ਨੂੰ ਅੰਜ਼ਾਮ ਤੱਕ ਪੁਚਾ ਦਿੱਤਾ। ਇਸ ਖ਼ੌਫ਼ਨਾਕ ਕਤਲ ਤੋਂ ਭੈਅਭੀਤ ਦੋਵੇਂ ਭਰਾ ਫਰਾਰ ਹੋ ਗਏ। ਮਗਰੋਂ ਮਾਮਲੇ ਨੂੰ ਰਫ਼ਾਦਫ਼ਾ ਕਰਨ ਵਿੱਚ ਰਿਸ਼ਤੇਦਾਰਾਂ ਨੂੰ ਤਿੰਨ ਸਾਲ ਲੱਗ ਗਏ। ਹੁਣ ਤਿੰਨ ਸਾਲਾਂ ਮਗਰੋਂ ਉਹ ਪਰਤੇ ਸਨ। ਝਾੜ-ਪੂੰਝ ਕਰਦਿਆਂ ਇਕ ਵਾਰ ਫਿਰ ਗੁਰਬਾਜ਼ ਨੇ ਗੁਰਲਾਭ ਨੂੰ ਪੁੱਛਿਆ, ''ਹਾਂ ਫੇਰ ਕੀ ਖ਼ਿਆਲ ਐ, ਰੱਖ'ਵਾ ਦੇਈਏ ਪਾਪਾ ਜੀ ਦੀ ਯਾਦ ਵਿੱਚ ਪਾਠ!''

''ਹਾਂ,ਹਾਂ, ਕਿਉਂ ਨਹੀਂ, ਫਿਰ ਵੀ ਉਹ ਸਾਡਾ ਬਾਪ ਸੀ!''

*ਮੀਨਮੇਖ.Com ਦੀ ਆਖ਼ਰੀ ਕਿਸ਼ਤ*

# ਪ੍ਰੀਤਨਗਰ ਦੀ ਮਹਿਫ਼ਲ

*-ਰਾਕੇਸ਼ ਰਮਨ*

ਤਰਥੱਲੀਆਂ ਮਚਾਉਣ ਵਾਲੀ ਰੁੱਤ ’ਚ ਅਜੇ ਨਵਾਂ-ਨਵਾਂ ਪੈਰ ਹੀ ਧਰਿਆ ਸੀ।

ਅਜੀਬ ਗਰਦਿਸ਼ ਦੇ ਦਿਨ ਸਨ। ਪੈਰਾਂ ’ਚ ਚੱਕਰ ਸੀ। ਜਿਧਰ ਕਿਤੇ ਜਾਣ ਦੀ ਇੱਛਾ ਹੁੰਦੀ, ਤੁਰ ਪਈਦਾ ਸੀ। ਰਾਹਾਂ ਦਾ ਕੋਈ ਫ਼ਿਕਰ ਨਹੀਂ ਸੀ, ਇਹ ਆਪੇ ਲੱਭ ਪੈਂਦੇ ਸਨ। ਬੜੀ ਵਾਰ ਇੰਜ ਵੀ ਮਹਿਸੂਸ ਹੋਇਆ ਕਿ ਉਸ ਰੁੱਤੇ ਆਪਣਾ ਆਪਾ ਰਾਹਾਂ ਨੂੰ ਹੀ ਅਰਪਿਤ ਕੀਤਾ ਹੋਇਆ ਸੀ, ਸੱਚਮੁੱਚ ਆਪਣੀ ਅੱਥਰੀ ਰੁੱਤ ਦੀ ਵਾਗਡੋਰ ਰਾਹਾਂ ਨੂੰ ਸੰਭਾਲ ਰੱਖੀ ਸੀ। ਇਹ ਰਾਹ ਇਕ ਦਿਨ ਮੈਨੂੰ ਪ੍ਰੀਤਨਗਰ ਲੈ ਗਏ।

ਪ੍ਰੀਤਨਗਰ ਉਨ੍ਹਾਂ ਦਿਨਾਂ ਵਿਚ ਵੱਖਰੀ ਕਿਸਮ ਦੀਆਂ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣਿਆ ਹੋਇਆ ਸੀ। ਏਥੇ ਕਹਾਣੀਕਾਰ ਮੁਖਤਾਰ ਗਿੱਲ ਕੋਲ ਸ਼ਾਇਰ ਪ੍ਰਮਿੰਦਰਜੀਤ ਨੇ ਟਿਕਾਣਾ ਕੀਤਾ ਹੋਇਆ ਸੀ। ਦੋਵੇਂ ਛੋਟਾ ਜਿਹਾ, ਬੜਾ ਖ਼ੂਬਸੂਰਤ ਨਾਗਮਣੀ ਨੂੰ ਵੀ ਮਾਤ ਪਾਉਂਦਾ ਮੈਗਜ਼ੀਨ ‘ਅੱਖਰ’ ਪ੍ਰਕਾਸ਼ਿਤ ਕਰਦੇ ਸਨ ਤੇ ਛੋਟੇ ਛੋਟੇ ਸਾਹਿਤਕ ਸਮਾਗਮ ਵੀ ਰਚਾਉਂਦੇ ਸਨ। ਇਹ ਸਮਾਗਮ ਕਿਸੇ ਪ੍ਰਧਾਨ ਜਾਂ ਪ੍ਰਧਾਨਗੀ ਮੰਡਲ ਦੀ ਤਾਬਿਆ ਹੇਠ ਨਹੀਂ ਸਨ ਹੁੰਦੇ। ਨਾ ਹੀ ਇਨ੍ਹਾਂ ਵਿਚ ਕਿਸੇ ਨੂੰ ਬਤੌਰ ਵਿਸ਼ੇਸ਼ ਮਹਿਮਾਨ ਬੁਲਾਇਆ ਜਾਂਦਾ ਸੀ। ਜੋ ਵੀ ਮਜਲਿਸਨੁਮਾ ਸਮਾਗਮ ਵਿਚ ਸ਼ਾਮਲ ਹੁੰਦਾ ਵਿਸ਼ੇਸ਼ ਹੀ ਸਮਝਿਆ ਜਾਂਦਾ ਸੀ। ਏਥੋਂ ਤਕ ਕਿ ਮੇਰੇ ਵਰਗੇ ਸਤਾਰਾਂ-ਅਠਾਰਾਂ ਸਾਲ ਦੇ ਸ਼ਰਮਾਕਲ ਸਿਖਾਂਦਰੂ ਨੂੰ ਵੀ ਅਹਿਮੀਅਤ ਦਿੱਤੀ ਜਾਂਦੀ ਸੀ।

ਜਿਸ ਸਮਾਗਮ ਵਿਚ ਸ਼ਾਮਲ ਹੋਣ ਲਈ ਮੈਂ ਪ੍ਰੀਤਨਗਰ ਅੱਪੜਿਆ ਉਸ ਸਮਾਗਮ ਦੇ ਮੁੱਦੇ ਤੇ ਮਸਲੇ ਕੀ ਸਨ, ਹੁਣ ਯਾਦ ਨਹੀਂ, ਚੇਤਿਆਂ ’ਚੋਂ ਕਿਰ ਗਏ ਹਨ। ਸਮਾਗਮ ਦੀਆਂ ਦੋ-ਤਿੰਨ ਗੱਲਾਂ ਯਾਦਾਂ ’ਚ ਸਾਂਭੀਆਂ ਪਈਆਂ ਹਨ। ਇਕ ਤਾਂ ਇਹਦੇ ਵਿਚ ਉਸ ਸਮੇਂ ਦੇ ਉਭਰਦੇ ਵਿਦਵਾਨ ਸ਼ਾਮਲ ਹੋਏ ਸਨ। ਸੁਰਜੀਤ ਹਾਂਸ ਅਤੇ ਸਬਿੰਦਰਜੀਤ ਸਾਗਰ ਤਾਂ ਅੰਮ੍ਰਿਤਸਰੋਂ ਪ੍ਰੀਤਨਗਰ ਲਈ ਰਵਾਨਾ ਹੋਈ ਉਸੇ ਬੱਸ ਵਿਚ ਹੀ ਸਵਾਰ ਸਨ, ਜਿਸ ਵਿਚ ਮੈਂ ਸਫ਼ਰ ਕਰ ਰਿਹਾ ਸੀ। ਉਨ੍ਹਾਂ ਨਾਲ ਕੋਈ ਨਿੱਜੀ ਜਾਣ-ਪਛਾਣ ਨਹੀਂ ਸੀ ਮੇਰੀ। ਦੋ ਕੁ ਸੀਟਾਂ ਹਟ ਕੇ ਬੈਠਾ ਮੈਂ ਉਨ੍ਹਾਂ ਦਾਨਿਸ਼ਵਰਾਂ ਦੀ ਗੱਲਬਾਤ ਦੇ ਅੰਦਾਜ਼ ਨੂੰ ਬੜੀ ਜਗਿਆਸਾ ਨਾਲ ਦੇਖ ਰਿਹਾ ਸਾਂ। ਇਸ ਸਮਾਗਮ ਵਿਚ ਹਰਿਨਾਮ ਤੇ ਮੋਹਨਜੀਤ ਦਿੱਲੀ ਤੋਂ ਆਏ ਸਨ। ਸ਼ਹਰਯਾਰ ਨੇ, ਜਿਸ ਮਜ਼ਾਰ ਉੱਪਰ ਇਹ ਸਮਾਗਮ ਆਯੋਜਿਤ ਕੀਤਾ ਗਿਆ ਉਥੇ ਬੜਾ ਪ੍ਰਭਾਵਸ਼ਾਲੀ ਵਿਖਿਆਨ ਦਿੱਤਾ ਸੀ। ਨੁਕਤਾ-ਦਰ-ਨੁਕਤਾ ਦਿੱਤੇ ਗਏ ਭਾਸ਼ਣ ਵਿਚ ਉਹ ਜ਼ਰਾ ਵੀ ਏਧਰ-ਓਧਰ ਨਹੀਂ ਸੀ ਹੋਇਆ। ਉਸ ਤੋਂ ਉਸਦੇ ਭਾਸ਼ਣ ਦੀ ਇਕਾਗਰਤਾ ਦਾ ਰਾਜ਼ (ਰਾਤ ਦੀ ਮਹਿਫ਼ਲ ਵਿਚ) ਪੁੱਛਿਆ ਗਿਆ ਤਾਂ ਉਸ ਦੱਸਿਆ ਕਿ ਸਭ ਨੁਕਤੇ ਪੂਰੀ ਤਰਤੀਬ ਵਿਚ ਉਸਨੇ ਆਪਣੀ ਹਥੇਲੀ ’ਤੇ ਲਿਖ ਰੱਖੇ ਸਨ। ਇੰਜ ਸਾਡਾ ਇਹ ਸ਼ਾਇਰ ਦਾਨਿਸ਼ਵਰ ਆਪਣਾ ਭਾਸ਼ਣ ਹਥੇਲੀ ’ਤੇ ਟਿਕਾਈ ਫਿਰਦਾ ਸੀ। ਮੇਰੇ ਲਈ ਇਹ ਜੁਗਤ ਨਵੀਂ ਤੇ ਸਿੱਖਣ ਲਾਇਕ ਸੀ। ਉਂਜ ਹਰ ਬੁਲਾਰਾ ਹੀ ਆਪਣੇ ਨਿਵੇਕਲੇਪਣ ਦੀ ਛਾਪ ਛੱਡ ਰਿਹਾ ਸੀ।

ਰਾਤ ਦੀ ਮਹਿਫ਼ਲ ਮੁਖਤਾਰ ਗਿੱਲ ਦੇ ਕੁਵਾਟਰ ਵਿਚ ਸੀ। ਏਥੇ ਸਾਹਿਤਕ ਸੰਗਤ ਦੀ ਦਾਰੂ-ਮੁਰਗੇ ਨਾਲ ਭਰਪੂਰ ਸੇਵਾ ਕੀਤੀ ਗਈ। ਸਾਹਿਤਕ ਸੰਗਤ ਨੂੰ ਆਪਣੀਆਂ ਸਾਹਿਤਕ ਵੰਨਗੀਆਂ ਤੋਂ ਲੈ ਕੇ ਨੱਚਣ-ਗਾਉਣ ਤੱਕ ਦਾ ਵੀ ਮੌਕਾ ਦਿੱਤਾ ਗਿਆ। ਪਹਿਲੀ ਵਾਰ ਮੈਨੂੰ ਮਹਿਸੂਸ ਹੋਇਆ ਕਿ ਸਮਾਗਮਾਂ ਵਿਚ ਜਾਂ ਕਿਸੇ ਨੂੰ ਮਿਲਣ-ਗਿਲਣ ਸਮੇਂ ਦਾਰੂ ਵੀ ਪੀਣੀ ਹੀ ਚਾਹੀਦੀ ਹੈ। ਸੁਰਜੀਤ ਹਾਂਸ ਦੇ ਵਿਵਹਾਰ ਦੇ ਸੰਦਰਭ ਵਿਚ ਸੁਣੀ ਇਹ ਗੱਲ ਮੇਰੇ ਉਕਤ ਪ੍ਰਭਾਵ ਦੀ ਪੁਸ਼ਟੀ ਵੀ ਕਰਦੀ ਹੈ। ਸੁਰਜੀਤ ਹਾਂਸ ਨੂੰ ਇਕ ਨੌਜਵਾਨ ਉਸਦੇ ਘਰ ਮਿਲਣ ਆਇਆ। ਕੁਝ ਰਸਮੀ ਗੱਲਾਂ-ਬਾਤਾਂ ਮਗਰੋਂ ਮੀਜ਼ਬਾਨ ਹਾਂਸ ਨੇ ਪੁੱਛਿਆ—

“ਰੰਮ ਲਉਂਗੇ ?’

“ਨਹੀਂ ਜੀ।”

“ਵਿਸਕੀ ਲਉਂਗੇ ਜਾਂ ਜਿੰਨ, ਵੋਦਕਾ ਬਗ਼ੈਰਾ ?”

“ਚੱਲੋ ਫਿਰ, ਬੀਅਰ ਤਾਂ ਲੈ ਹੀ ਲਏਂਗਾ।”

ਨੌਜਵਾਨ ਨੇ ਕਿਹਾ, “ਸਰ, ਮੈਂ ਪੀਂਦਾ ਹੀ ਨਹੀਂ।”

ਸੁਰਜੀਤ ਹਾਂਸ ਨੇ ਮੁਸਕੜੀਏ ਹੱਸਦਿਆਂ ਨੌਜਵਾਨ ਦੀਆਂ ਅੱਖਾਂ ’ਚ ਅੱਖਾਂ ਪਾ ਪੁੱਛਿਆ—“ਤਾਂ ਫਿਰ ਕਾਕਾ, ਕਰਨ ਕੀ ਆਇਐਂ ?”

ਸੁਰਜੀਤ ਹਾਂਸ ਦੇ ਸਵਾਲ ਨੇ ਇਕ ਵਾਰ ਤਾਂ ਨੌਜਵਾਨ ਨੂੰ ਨਿਰਉੱਤਰ ਹੀ ਕਰ ਦਿੱਤਾ।

ਪ੍ਰੀਤਨਗਰ ਦੀ ਮਹਿਫ਼ਲ ਵਿਚ ਲੇਖਕ ਪੀ ਰਹੇ ਸਨ, ਗਿਆਨ ਗੋਸਟਿ ਕਰ ਰਹੇ ਸਨ, ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ, ਤਨਜ਼ ਕੱਸੇ ਜਾ ਰਹੇ ਸਨ, ਬਿਆਨ ਠੋਕੇ ਜਾ ਰਹੇ ਸਨ, ਦਾਅਵੇ ਕੀਤੇ ਜਾ ਰਹੇ ਸਨ। ਗਲਪਕਾਰ ਜੋਗਿੰਦਰ ਕੈਰੋਂ ਕਹਿ ਰਿਹਾ ਸੀ, “ਜੱਟ ਕਦੇ ਕਵੀ ਨਹੀਂ ਹੁੰਦਾ, ਜੱਟ ਲਿਖੂ ਤਾਂ ਕਹਾਣੀ ਲਿਖੂ ਜਾਂ ਨਾਵਲ ਲਿਖੂ, ਜੱਟ ਨਹੀਂ ਕਵੀ ਹੁੰਦਾ।” ਦਾਇਰੇ ਵਿਚ ਮੈਂ ਜੋਗਿੰਦਰ ਕੈਰੋਂ ਦੇ ਨਾਲ ਹੀ ਬੈਠਾ ਸਾਂ, ਮੈਂ ਉਹਦੇ ਕੰਨ ਕੋਲ ਮੂੰਹ ਕਰ ਦਿੱਤਾ, “ਪਾਸ਼।” ਪਾਸ਼ ਦਾ ਨਾਂ ਸੁਣਦਿਆਂ ਹੀ ਕੈਰੋਂ ਨੇ ਸੁਲਝੇ ਹੋਏ ਸਿਆਸਤਦਾਨ ਵਾਂਗ ਆਪਣਾ ਬਿਆਨ ਸੋਧ ਲਿਆ, “...ਜੱਟ ਅਬਲ ਤਾਂ ਕਵੀ ਹੁੰਦਾ ਹੀ ਨਹੀਂ, ਜੇਕਰ ਹੋਊ ਵੀ ਤਾਂ ਫਿਰ ਸਿਰੇ ਦਾ ਹੋਊ।” ਪਾਸ਼ ਸਮੇਤ ਸਾਰੇ ਜੱਟ ਕਵੀ, ਕੀ ਕਾਦਰਯਾਰ ਤੇ ਕੀ ਹਾਸ਼ਮ ਉਹਨੇ ਸਭ ਗਿਣਾ ਦਿੱਤੇ। ਸਵੈ-ਵਿਰੋਧਾਂ ਦੇ ਬਾਵਜੂਦ ਆਪਣੇ ਸਟੈਂਡ ’ਤੇ ਕਿਵੇਂ ਕਾਇਮ ਰਹਿਣਾ ਹੈ, ਇਹ ਗੱਲ ਉਸ ਦਿਨ ਮੈਂ ਜੋਗਿੰਦਰ ਕੈਰੋਂ ਤੋਂ ਹੀ ਸਿੱਖੀ।

ਮਹਿਫ਼ਲ ਵਿਚ ਸ਼ਾਮਲ ਜਿਨ੍ਹਾਂ ਲੇਖਕਾਂ ਦੀਆਂ ਲਿਖਤਾਂ ਮੈਂ ਪੜ੍ਹ ਚੁੱਕਾ ਸਾਂ ਉਨ੍ਹਾਂ ਲਿਖਤਾਂ ਨੂੰ ਲੇਖਕਾਂ ਦੀ ਸ਼ਖ਼ਸੀਅਤ ਨਾਲ ਮੇਲਣ ਦੀ ਚੇਟਕ ਮੈਨੂੰ ਪ੍ਰੀਤਨਗਰ ਵਿਚ ਹੀ ਲੱਗੀ। ਮੇਰਾ ਇਹ ਵਿਸ਼ਵਾਸ ਅਜੇ ਵੀ ਕਾਇਮ ਹੈ ਕਿ ਲਿਖਤ ਨੂੰ ਲੇਖਕ ਦੇ ਵਿਅਕਤੀਤਵ ਤੋਂ ਵੱਖਰੇ ਕਰਕੇ ਨਹੀਂ ਵੇਖਿਆ ਜਾ ਸਕਦਾ। ਲਿਖਤ ਦੀ ਸੁਤੰਤਰ ਹੋਂਦ ਵਿਧੀ ਦੀ ਧਾਰਨਾ ਜੇਕਰ ਮੁਕੰਮਲ ਰੂਪ ਵਿਚ ਸਹੀ ਹੋਵੇ ਤਾਂ ਪਾਠਕ ਦੇ ਮਨ ਵਿਚ ਲੇਖਕ ਲਈ ਜਗਿਆਸਾ ਹੀ ਕਿਉਂ ਪੈਦਾ ਹੋਵੇ ?

ਪ੍ਰੀਤਨਗਰ ਦੀ ਮਹਿਫ਼ਲ ਨੇ ਕਈ ਲੇਖਕਾਂ ਦੀਆਂ ਲਿਖਤਾਂ ਪੜ੍ਹਨ ਦੀ ਚੇਟਕ ਲਾਈ। ਸੁਰਜੀਤ ਹਾਂਸ ਨੂੰ ਮਿਲਿਆ ਸਾਂ, ਵਾਪਸ ਆ ਕੇ ਮੈਂ ਲਾਇਬ੍ਰੇਰੀ ’ਚੋਂ ਉਹਦੀਆਂ ਕਿਤਾਬਾਂ ਖੋਜਣ ਲੱਗਾ, ਸਿਰਫ਼ ਇਕੋ ਕਿਤਾਬ ਮੇਰੇ ਹੱਥ ਲੱਗੀ ‘ਪੁਸ਼ਤਾਂ’, ਨਿੱਠ ਕੇ ਪੜ੍ਹੀ। ਫਿਰ ‘ਦ੍ਰਿਸ਼ਟੀ’ ’ਚ ਪ੍ਰਕਾਸ਼ਿਤ ਉਹਦਾ ਨਾਵਲੈੱਟ ‘ਇਮਤਿਹਾਨ’ ਪੜ੍ਹਿਆ। ਨਾਵਲੈੱਟ ਪੜ੍ਹ ਕੇ ਜਾਪਿਆ ਇਹ ਬੰਦਾ ਸਾਗਰ ਦੀ ਗਹਿਰਾਈ ਵਿਚੋਂ ਮੋਤੀ ਕੱਢ ਲਿਆਉਣ ਵਾਲਾ ਗੋਤਾਖੋਰ ਹੈ। ਜਿਥੇ ਵੀ ਸੁਰਜੀਤ ਹਾਂਸ ਦਾ ਕੁਝ ਲਿਖਿਆ ਛਪਿਆ ਹੁੰਦਾ, ਮੈਂ ਜ਼ਰੂਰ ਪੜ੍ਹਦਾ। ਉਹਦੇ ਲਤੀਫ਼ੇ ਵੀ ਭਾਵਪੂਰਤ ਤੇ ਬਹੁਪਰਤੀ ਵਿਅੰਗ ਹੁੰਦੇ ਸਨ। ‘ਲਕੀਰ’ ਵਿਚ ਛਪਦੇ ਉਹਦੇ ਕੀਤੇ ਪੁਸਤਕ ਰੀਵਿਉ ਆਪੂੰ ਬਣੇ (ਸੈਲਫ਼ ਸਟਾਈਲ) ਲੇਖਕਾਂ ਲਈ ਆਫ਼ਤ ਬਣੇ ਰਹੇ ਸਨ। ਇਨ੍ਹਾਂ ਲੇਖਕਾਂ ਵਿਚ ਇਕ ਵਾਰ ਤਾਂ ਉਹਦੀ ਸੰਜਮੀ ਪੜਚੋਲ ਨੇ ਦਹਿਸ਼ਤ ਹੀ ਪੈਦਾ ਕਰ ਦਿੱਤੀ ਸੀ। ਮੈਨੂੰ ਯਾਦ ਹੈ ਕਿ ਇਕ ਵਾਰ ਇਕ ਕਵੀ (?) ਨੇ ਆਪਣੀਆਂ ਪੁਸਤਕਾਂ ਲਕੀਰ ਨੂੰ ਭੇਜਦਿਆਂ ਪ੍ਰੇਮ ਪ੍ਰਕਾਸ਼ ਨੂੰ ਪੁਸਤਕਾਂ ਨਾਲ ਭੇਜੇ ਗਏ ਖ਼ਤ ਵਿਚ ਲਿਖਿਆ ਸੀ, “ਇਹ ਪੁਸਤਕਾਂ ਮੈਂ ਰੀਵਿਊ ਲਈ ਨਹੀਂ ਭੇਜ ਰਿਹਾ।” ਉਪਭਾਵਕਤਾ ਤੋਂ ਨਿਰਲੇਖ, ਤੱਥਾਂ ਨਾਲ ਨਿਆਂ ਕਰਨ ਵਾਲੇ ਲੇਖਕ ਪੰਜਾਬੀ ਵਿਚ ਟਾਂਵੇਂ-ਵਿਰਲੇ ਹੀ ਹੋਏ ਹਨ।

ਪ੍ਰੀਤਨਗਰ ਦੀ ਮਹਿਫ਼ਲ ਵਿਚ ਨੱਚਣ-ਟੱਪਣ ਤੋਂ ਇਲਾਵਾ ਇਕ-ਦੋ ਸੰਕੋਚਵੇਂ ਜਿਹੇ ਬਿਆਨ ਮੈਂ ਵੀ ਦਿੱਤੇ ਸਨ। ਮੈਂ ਕਿਤੇ ਪਾਸ਼ ਨੂੰ ਇਹ ਕਹਿੰਦਿਆਂ ਸੁਣਿਆ ਸੀ ਕਿ ਉਹ (ਪਾਸ਼) ਹਰਿਨਾਮ ਦੀ ਕਵਿਤਾ ਤੋਂ ਪ੍ਰਭਾਵਿਤ ਹੈ। ਇਕ ਮੈਂ ਇਹ ਕਿਹਾ ਸੀ ਕਿ ਪਰੰਪਰਾਵਾਂ ਦਾ ਪਾਲਣ ਕਰਨਾ ਸਾਡੀ ਸੁਤੰਤਰ ਇੱਛਾ ਨਹੀਂ, ਇਹ ਸਾਡੀ ਮਜਬੂਰੀ ਨੇ। ਹਰਿਨਾਮ ਨੇ ‘ਇਕੱਤੀ ਫ਼ਰਵਰੀ’ ਮੈਗ਼ਜ਼ੀਨ ਵਿਚ ਜਦੋਂ ਪ੍ਰੀਤਨਗਰ ਵਾਲੇ ਸਮਾਗਮ ਦੀ ਰਿਪੋਰਟ ਲਿਖੀ ਤਾਂ

ਮੇਰੇ ਪਹਿਲੇ ਬਿਆਨ ਨੂੰ ਕਾਫ਼ੀ ਉਛਾਲ ਕੇ ਪੇਸ਼ ਕੀਤਾ। ਐਵੇਂ ਜਿਹੇ ਕਹੀ ਗੱਲ ਇਉਂ ਦੂਰ ਤਲਕ (ਤੱਕ) ਚਲੀ ਗਈ।

ਹਰਿਨਾਮ ਬੇਬਾਕ ਕਵੀ ਸੀ। ਕਵਿਤਾ ਕਹਿਣ ਦਾ ਉਹਦੇ ਕੋਲ ਨਿਆਰਾ ਹੀ ਅੰਦਾਜ਼ ਸੀ। ਡਾ. ਹਰਿਭਜਨ ਸਿੰਘ ਵਰਗਾ ਪਹੁੰਚਿਆ ਹੋਇਆ ਕਵੀ ਵੀ ਹਰਿਨਾਮ ਦੇ ਅੰਦਾਜ਼-ਏ-ਬਿਆਨ ਦਾ ਕਾਇਲ ਸੀ। ਹਰਿਨਾਮ ਬੇਬਾਕ ਸੀ, ਮੌਲਿਕ ਸੀ ਤਾਂ ਉਹਦੇ ਬਾਰੇ ਗੱਲਾਂ ਕਰਨ ਵਾਲੇ ਵੀ ਬੇਬਾਕੀ ਨਾਲ ਹੀ ਗੱਲਾਂ ਕਰਦੇ ਸਨ। ਅਕਸਰ ਸੁਣਨ ਨੂੰ ਮਿਲਦਾ ਸੀ ਕਿ ਉਹ ਹਿੱਪੀ ਕਵੀ ਹੈ ਤੇ ਹਿੱਪੀ ਕੁਲ ਸਮਾਜਕ-ਸਭਿਆਚਾਕ ਵਰਤਾਰਿਆਂ ਤੋਂ ਨਾਬਰ ਤਾਂ ਹੁੰਦੇ ਹੀ ਹਨ, ਨਾਲ ਹੀ ਗੋਲੀਆਂ (ਨਸ਼ੇ ਵਾਲੀਆਂ) ਦਾ ਸੇਵਨ ਵੀ ਕਰਦੇ ਹਨ।

ਹੋਇਆ ਇੰਜ ਕਿ ਪ੍ਰੀਤਨਗਰ ਰਾਤ ਰਹਿਣ ਤੋਂ ਮਗਰੋਂ ਦਾਰੂ ਦੀ ਵਾਧ-ਘਾਟ ਠੀਕ ਕਰਨ ਲਈ ਜਦੋਂ ਹਰਿਨਾਮ ਕੌਂਬਾਡੈਕਸ ਜਾਂ ਸ਼ਾਇਦ ਬੀਕਾਸੂਲ ਦਾ ਕੈਪਸੂਲ ਲੈ ਰਿਹਾ ਸੀ ਤੇ ਉਥੇ ਆਪਣੇ ਆਸਪਾਸ ਵਾਲਿਆਂ ਨੂੰ ਵਰਤਾਅ ਰਿਹਾ ਸੀ ਤਾਂ ਮੈਨੂੰ ਜਾਪਿਆ ਕਿ ਉਹ ਨਸ਼ੇ ਦੀ ਗੋਲੀ ਲੈ ਰਿਹਾ ਹੈ। ਕੈਪਸੂਲ ਮੈਂ ਵੀ ਲਿਆ, ਹਲਕੀ ਜਿਹੀ ਘੁਮੇਰ ਵੀ ਮੈਨੂੰ ਆਈ। ਵੱਡੇ ਕਵੀ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦਾ ਖ਼ਬਤ ਮੈਨੂੰ ਗੋਲੀਆਂ ਖਾਣ ਦੀ ਆਦਤ ਵੱਲ ਸਹਿਜੇ ਤੋਰ ਸਕਦਾ ਸੀ ਤੇ ਐਵੇਂ ਭੁਲੇਖੇ ਵਿਚ ਹੀ ਮੈਂ ਇਕ ਘਾਤਕ ਆਦਤ ਦੇ ਵੱਸ ਪੈ ਜਾਣਾ ਸੀ...ਪਰ ਮੈਂ ਬਚ ਨਿਕਲਿਆ।

ਪ੍ਰੀਤਨਗਰ ਦੀ ਮਹਿਫ਼ਲ ਮਗਰੋਂ ਲੇਖਕਾਂ ਦੇ ਜੱਥਿਆਂ ਨੇ ਗੁਰੂ ਕੀ ਨਗਰੀ ਦਾ ਰੁਖ ਕੀਤਾ। ਏਥੇ ਮੈਨੂੰ ਸ਼ਹਰਯਾਰ ਦੇ ਘਰ ਜਾਣ ਦਾ ਮੌਕਾ ਮਿਲਿਆ, ਜਿਥੇ 'ਦਿਨਮਾਨ' ਦੇ ਕੁਝ ਅੰਕ ਦੇਖੇ। ਮੈਗ਼ਜ਼ੀਨ ਨੇ ਯੁਵਾ ਮਨ ਨੂੰ ਪ੍ਰਭਾਵਿਤ ਕੀਤਾ ਤੇ ਫਿਰ ਮੈਂ ਨਾ ਕੇਵਲ ਦਿਨਮਾਨ ਦਾ ਹੀ ਰੈਗੂਲਰ ਪਾਠਕ ਬਣਿਆ ਸਗੋਂ ਇਸ ਦੇ ਸੰਪਾਦਕ ਸਰਵੇਸ਼ਵਰ ਦਿਆਲ ਸਕਸੈਨਾ ਦੀ ਕਵਿਤਾ ਦਾ ਵੀ ਫੈਨ ਹੋ ਗਿਆ। ਮਣੀ ਮਧੁਕਰ, ਮੰਗਲੇਸ਼ ਡਬਰਾਲ, ਰਘੁਬੀਰ ਸਹਾਏ ਤੇ ਹੋਰ ਵੀ ਕਿੰਨੇ ਸਾਰੇ ਹਿੰਦੀ ਕਵੀਆਂ ਤੋਂ ਇਲਾਵਾ ਮੈਂ ਢੇਰ ਸਾਰਾ ਹਿੰਦੀ ਗਲਪ ਵੀ ਪੜ੍ਹ ਲਿਆ। ਮੋਹਨ ਰਾਕੇਸ਼, ਕਮਲੇਸ਼ਵਰ, ਸ੍ਰੀ ਲਾਲ ਸ਼ੁਕਲ, ਨਿਰਮਲ ਵਰਮਾ ਦੀਆਂ ਨਾਟਕ ਤੇ ਨਾਵਲ-ਕਹਾਣੀਆਂ ਤੱਕ ਮੇਰੀ ਰਸਾਈ ਹੋ ਗਈ। ਪੰਜਾਬੀ ਸਾਹਿਤ ਤੋਂ ਹਿੰਦੀ ਸਾਹਿਤ ਤੱਕ ਮੇਰੀ ਛਾਲ ਪ੍ਰੀਤਨਗਰ ਦੀ ਮਹਿਫ਼ਲ ਕਾਰਨ ਹੀ ਸੰਭਵ ਹੋ ਸਕੀ। ਹਿੰਦੀ ਰਾਹੀਂ ਮੈਂ ਕੁਰਤਲੈਨ ਹੈਦਰ, ਮੰਟੋ, ਅਹਿਮਦ ਨਦੀਮ ਕਾਸਮੀ ਦੇ ਸ਼ਾਹਕਾਰ ਵੀ ਪੜ੍ਹੇ। ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਆਦਿ ਦੇ ਨਾਵਲਾਂ ਨਾਲੋਂ ਮੈਂ ਕਾਫ਼ੀ ਅੱਗੇ ਨਿਕਲ ਆਇਆ। ਨਵੇਂ ਰੁਝਾਨਾਂ ਦਾ ਸਾਹਿਤ ਪੜ੍ਹਨ ਲੱਗਾ ਤੇ ਨਵੇਂ ਰੁਝਾਨਾਂ ਦੇ ਰੰਗ ਵਿਚ ਰੰਗੀ ਕਵਿਤਾ ਵੀ ਲਿਖਣ ਲੱਗਾ। ਮੈਂ ਇਕ ਅਜਿਹੀ ਜ਼ਮੀਨ 'ਤੇ ਪੈਰ ਟਿਕਾ ਲਿਆ ਸੀ ਜਿਥੋਂ ਮੈਂ ਅਗਲੀ ਪੁਲਾਂਘ ਵਿਸ਼ਵ ਸਾਹਿਤ ਵੱਲ ਪੁੱਟਣੀ ਸੀ ਤੇ ਭਵਿੱਖ ਵਿਚ ਲਿਓ ਟਾਲਸਟਾਏ, ਦੋਸਤੋਵਸਕੀ, ਗੋਰਕੀ ਤੇ ਸ਼ੋਲੋਖੋਵ ਜਿਹੇ ਲੇਖਕ ਮੇਰੇ ਮਨਭਾਉਂਦੇ ਲੇਖਕ ਬਣਨੇ ਸਨ।

ਚੰਗਾ ਸਾਹਿਤ ਪੜ੍ਹਨ ਵਿਚ ਹੀ ਕਿਸੇ ਲੇਖਕ ਦੀ ਸਿਰਜਣਸ਼ੀਲਤਾ ਸੁਰੱਖਿਅਤ ਰਹਿੰਦੀ ਹੈ, ਇਹ ਮੇਰਾ ਪੜ੍ਹਨ ਪ੍ਰਤੀ ਨਜ਼ਰੀਆ ਹੈ। ਪ੍ਰੀਤਨਗਰ ਦੀ ਮਹਿਫ਼ਲ ਨੇ ਮੇਰੇ ਇਕ ਨਜ਼ਰੀਏ ਨੂੰ ਲੰਮੇ ਪੰਧ 'ਤੇ ਤੋਰਿਆ।

ਪੜ੍ਹਨ ਪ੍ਰਤੀ ਇਕ ਨਜ਼ਰੀਆ ਹੋਰ—

ਇਕ ਵਾਰ ਮੈਂ ਇਕ ਗੀਤਕਾਰ ਨੂੰ ਪੁੱਛਿਆ, "ਤੁਸੀਂ ਕਿਹੋ ਜਿਹਾ ਸਾਹਿਤ ਪੜ੍ਹਦੇ ਹੋ ?"

ਉਸ ਜਵਾਬ ਦਿੱਤਾ, "ਮੈਂ ਕੋਈ ਸਾਹਿਤ ਨਹੀਂ ਪੜ੍ਹਦਾ।"

ਹੈਰਾਨ ਹੋ ਮੈਂ ਪੁੱਛਿਆ, "ਕਿਉਂ ?"

ਗੀਤਕਾਰ ਕਹਿੰਦਾ, "ਜੇ ਕਿਸੇ ਦੂਜੇ ਲਿਖਾਰੀ ਦਾ ਸਾਹਿਤ ਪੜ੍ਹੀਏ ਤਾਂ ਆਪਣੀਆਂ ਰਚਨਾਵਾਂ ਉੱਪਰ ਉਸ ਲਿਖਾਰੀ ਦਾ ਪ੍ਰਭਾਵ ਪੈ ਜਾਣ ਦਾ 'ਖ਼ਤਰਾ' ਹੁੰਦੈ।"

ਮੋਬਾ : 98785-31166

ੴ

*ਅਲਵਿਦਾ*

# ਰਮਨ ਨੂੰ ਯਾਦ ਕਰਦਿਆਂ

*ਤੇਜਵੰਤ ਸਿੰਘ ਗਿੱਲ*

ਪ੍ਰੋਫ਼ੈਸਰ ਰਾਕੇਸ਼ ਰਮਨ ਮੇਰੇ ਬਹੁਤ ਨੇੜੇ ਸੀ। ਮੇਰੇ ਨਾਲੋਂ ਉਸ ਨੂੰ ਇਸ ਦਾ ਅਹਿਸਾਸ ਵਧੇਰੇ ਸੀ। ਕਾਰਨ ਸਪੱਸ਼ਟ ਸੀ। ਉਸਦਾ ਮੇਰੇ ਮਾਮਾ ਜੀ, ਸੰਤ ਸਿੰਘ ਸੇਖੋਂ ਹੋਰਾਂ ਕੋਲ ਬਹੁਤ ਆਉਣ ਜਾਣ ਸੀ। ਜੋ ਉਹ ਬੋਲਦੇ ਸਨ, ਉਸ ਨੂੰ ਲਿਖਤੀ ਰੂਪ ਦੇਣਾ ਉਸਦਾ ਮਨਭਾਉਂਦਾ ਕੰਮ ਸੀ। ਸੇਖੋਂ ਸਾਹਿਬ ਦਾਖੇ ਪਿੰਡ ਵਿਚ ਰਹਿੰਦੇ ਸਨ ਤੇ ਰਮਨ ਦਾ ਘਰ ਮੁੱਲਾਂਪੁਰ ਸੀ। ਬਹੁਤਿਆਂ ਦੇ ਤਸਵੱਰ ਵਿਚ ਦਾਖਾ-ਮੁੱਲਾਂਪੁਰ ਇਕੋ ਨਗਰ ਹੈ। ਇਹ ਖੁਸ਼ਗਵਾਰ ਭੁਲੇਖੇ ਦਾ ਰਮਨ ਨੂੰ ਬਹੁਤ ਮਾਣ ਸੀ। ਸੇਖੋਂ ਸਾਹਿਬ ਲਈ ਉਸਦੇ ਮਨ ਵਿਚ ਬੇਹੱਦ ਸਤਿਕਾਰ ਸੀ।

ਮੇਰਾ ਆਉਣ ਜਾਣ ਉਥੇ ਬਣਿਆ ਹੀ ਰਹਿੰਦਾ ਸੀ। ਮੇਰੇ ਨਾਲ ਰਮਨ ਦੀ ਜਾਣ-ਪਛਾਣ ਏਥੋਂ ਹੀ ਸ਼ੁਰੂ ਹੋਈ। ਉਹ ਬੋਲਦਾ ਬਹੁਤ ਘੱਟ ਸੀ। ਮੇਰੇ ਨਾਲ ਉਸਦੀ ਜੋ ਗੱਲਬਾਤ ਹੁੰਦੀ, ਉਸ ਵਿਚ ਬਹੁਤ ਮਿਠਾਸ ਹੁੰਦੀ ਸੀ। ਦੋਹਤਾ ਤਾਂ ਮੈਂ ਸੇਖੋਂ ਪਰਿਵਾਰ ਦਾ ਸੀ ਲੇਕਿਨ ਰਮਨ ਅਤੇ ਉਸਦੇ ਮਿੱਤਰ ਮੈਨੂੰ ਇਸ ਤੋਂ ਕਿਤੇ ਵੱਧ ਸਮਝਦੇ ਸਨ। ਮੈਨੂੰ ਆਪਣੇ ਪਿੰਡਾਂ ਦਾ ਦੋਹਤਾ ਕਹਿ ਕੇ ਉਹ ਬਹੁਤ ਖ਼ੁਸ਼ ਹੰਦੇ ਸਨ। ਮੇਰੇ ਲਈ ਇਹ ਬਹੁਤ ਮਾਣ ਦੀ ਗੱਲ ਸੀ, ਰਹੇਗੀ ਵੀ ਕਿਉਂਕਿ ਇਸ ਦੀ ਮਿਠਾਸ ਸ਼ਹਿਦ ਵਰਗੀ ਹੈ। ਹੋਰ ਕਿਸੇ ਵਸਤ ਦੀ ਮਿਠਾਸ ਸ਼ਹਿਦ ਦੀ ਮਿਠਾਸ ਦੇ ਤੁਲ ਨਹੀਂ ਹੋ ਸਕਦੀ।



ਇਸੇ ਕਾਰਨ ਰਮਨ ਕਹਿ ਕੇ ਹੀ ਉਸ ਨੂੰ ਯਾਦ ਕਰਨਾ ਮੈਨੂੰ ਠੀਕ ਲੱਗਦਾ ਹੈ। ਰਮਣੀਕ ਅਤੇ ਰਮਣ-ਪਸੰਦ ਦੋਨੋਂ ਇਸ ਨਾਲ ਆ ਜੁੜਦੇ ਹਨ। ਰਮਨ ਬਹੁਤ ਰਮਣੀਕ ਸੁਭਾ ਵਾਲਾ ਸੀ, ਭਾਵੇਂ ਬੋਲਦਾ ਉਹ ਬਹੁਤ ਘੱਟ ਸ। ਰੁਕ ਰਕੁ ਕੇ ਜੋ ਲਫ਼ਜ਼ ਉਸਦੇ ਮੁਖਾਰਬਿੰਦ ਤੋਂ ਨਿਕਲਦੇ ਸਨ, ਉਨ੍ਹਾਂ ਦੀ ਰਮਜ਼ ਖ਼ੁਸ਼ੀ ਵਾਲੀ ਹੁੰਦੀ ਸੀ। ਹੋਰਾਂ ਪੱਖਾਂ ਦੀ ਸੋਝੀ ਵੀ ਬੜੀ ਸੂਝ ਨਾਲ ਉਨ੍ਹਾਂ ਤੋਂ ਟਪਕਦੀ ਰਹਿੰਦੀ ਸੀ।

ਇਸ ਦਾ ਸਭ ਤੋਂ ਵਧੀਆ ਪ੍ਰਮਾਣ ਉਸ ਦੀਆਂ ਲਿਖਤਾਂ ਤੋਂ ਮਿਲ ਜਾਂਦਾ ਹੈ। ਕਵੀ ਤਾਂ ਉਹ ਸ਼ੁਰੂ ਤੋਂ ਹੀ ਸੀ। ਜਿਉਂ ਜਿਉਂ ਪਰਵਾਨ ਚੜ੍ਹਿਆ, ਉਸਨੇ ਹੋਰ ਵਿਧਾਵਾਂ ਵਿਚ ਵੀ ਲਿਖਣ ਨੂੰ ਆਪਣਾ ਕਸਬ ਬਣਾ ਲਿਆ। ਨਾਟਕ ਵੀ ਲਿਖਿਆ ਅਤੇ ਸਾਲ ਦੋ ਸਾਲ ਤੋਂ ਕਹਾਣੀਆਂ ਲਿਖਣਾ ਵੀ ਉਸ ਨੂੰ ਬਹੁਤ ਚੰਗਾ ਲੱਗਦਾ ਸੀ। ਕਾਵਿ ਤੋਂ ਹਟ ਕੇ ਉਸਨੇ ਮੁਲਵਾਨ ਕੰਮ ਕੀਤਾ, ਉਹ ਸੀ ਸਮਾਲੋਚਨਾ—ਅਜੋਕੇ ਸਾਹਿਤ, ਰਾਜਨੀਤੀ, ਰਹੁ-ਰੀਤਾਂ ਅਤੇ ਕਾਰ-ਵਿਹਾਰ ਦੀ। ਸੌਖੀ ਬੋਲੀ ਵਿਚ ਨਿੱਕੇ ਨਿੱਕੇ ਵਾਕਾਂ ਵਿਚ ਕਾਰ ਵਿਹਾਰ, ਰਾਜਨੀਤੀ, ਰਸਮ-ਰਿਵਾਜ ਦੀ ਪੜਚੋਲ ਕਰਨਾ ਉਸਦਾ ਮੀਰੀ ਗੁਣ ਸੀ।

ਸਭ ਕੁਝ ਵਿਚ ਮਗਨ ਉਹ ਉਸ ਬਾਰਾਂ ਸਿੰਗੇ ਵਾਂਗ ਸੀ ਜੋ ਵਿਸ਼ਿਆਂ ਨਾਲ ਨਿਭਦਾ ਥੱਕਦਾ ਨਹੀਂ। ਲੋਕਗੀਤ ਵਿਚਲਾ ਬਾਰਾਂਸਿੰਗਾ ਖਾਈਆਂ ਟੱਪਦਾ ਲਾਚਾਰ ਹੋ ਜਾਂਦਾ ਹੈ ਪਰ ਰਮਨ ਨਾਲ ਇਉਂ ਨਹੀਂ ਸੀ ਹੁੰਦਾ। ਜੋ ਉਸ ਨਾਲ ਹੋਇਆ, ਉਹ ਸੀ ਜੋ ਉਸਦੀ ਇਕ ਕਵਿਤਾ ਵਿਚ ਬਾਰਾਂਸਿੰਗੇ ਨਾਲ ਹੁੰਦਾ ਹੈ। ਉਹ ਉਲਝਦਾ ਤਾਂ ਹੈ ਪਰ ਥੱਕਦਾ ਨਹੀਂ। ਥਕਾਵਟ ਹਾਰ ਨਹੀਂ, ਉਹ ਸਾਡੇ ਕੋਲੋਂ ਗਿਆ। ਉਸ ਨੂੰ ਪਤਾ ਹੀ ਨਹੀਂ ਲੱਗਾ ਉਸਦਾ ਜਿਸ ਨੇ ਉਸ ਨੂੰ ਉਲਝਾਇਆ ਅਤੇ ਸਾਡੇ ਨਾਲੋਂ ਵਿਛੋੜ ਦਿੱਤਾ ਹੈ। ●



*ਵਿਅਕਤੀ ਚਿਤਰ*

# ਇਹੋ ਹੈ ਜ਼ਿੰਦਗੀ

(ਐੱਸ. ਬਲਵੰਤ ਨਾਲ ਪੈਂਤੀ ਵਰ੍ਹਿਆਂ ਦੇ ਰਿਸ਼ਤੇ ’ਤੇ ਇਕ ਝਾਤ)

*ਹਰਜੀਤ ਅਟਵਾਲ*

ਦੋ ਕਿਸਮ ਦੇ ਲੋਕ ਹੁੰਦੇ ਹਨ। ਇਕ ਉਹ ਜੋ ਅੱਜ ਵਿੱਚ ਜਿਉਂਦੇ ਹਨ। ਅਤੀਤ ਦੀ ਪਰਵਾਹ ਨਹੀਂ ਕਰਦੇ। ਆਪਣੀ ਚਾਲੇ ਚੱਲਦੇ ਜਾਂਦੇ ਹਨ। ਪਿੱਛੇ ਮੁੜ ਕੇ ਨਹੀਂ ਦੇਖਦੇ। ਦੂਜੀ ਕਿਸਮ ਦੇ ਲੋਕ ਉਹ ਹੁੰਦੇ ਹਨ ਜੋ ਆਪਣਾ ਅਤੀਤ ਨਾਲ ਚੁੱਕੀ ਫਿਰਦੇ ਹਨ। ਆਪਣੇ ਪਿਛੋਕੜ ਨੂੰ ਨਹੀਂ ਭੁੱਲਦੇ। ਅੱਜ ਵਿੱਚ ਜਿਉਣ ਦੇ ਨਾਲ ਨਾਲ ਪਿਛਾਂਹ ਵਲ ਵੀ ਝਾਕਦੇ ਰਹਿੰਦੇ ਹਨ। ਆਪਣੀਆਂ ਪੁਰਾਣੀਆਂ ਸਥਿਤੀਆਂ ਤੇ ਤਜਰਬਿਆਂ ਨੂੰ ਹਰ ਵੇਲੇ ਆਪਣੇ ਨਾਲ ਰੱਖਦੇ ਹਨ। ਪਹਿਲੀ ਕਿਸਮ ਦੇ ਲੋਕ ਬੇਫਿਕਰੇ ਹੁੰਦੇ ਹਨ। ਦੇਖਣ ਨੂੰ ਬਹੁਤ ਖ਼ੁਸ਼ ਹੁੰਦੇ ਹਨ ਪਰ ਉਹਨਾਂ ਦੀ ਇਕ ਸਮੱਸਿਆ ਹੁੰਦੀ ਹੈ ਕਿ ਜਦ ਵੀ ਉਹਨਾਂ 'ਤੇ ਕੋਈ ਭੀੜ ਬਣੇ ਤਾਂ ਇਸ ਦਾ ਸਾਹਮਣਾ ਕਰਨਾ ਅਜਿਹੇ ਲੋਕਾਂ ਲਈ ਬਹੁਤ ਮੁਸ਼ਕਲ ਹੋ ਜਾਂਦਾ ਹੈ। ਔਖੀ ਸਥਿੱਤੀ ਨਾਲ ਦੋ-ਚਾਰ ਹੋਣ ਦਾ ਵੱਲ ਉਹਨਾਂ ਕੋਲ ਨਹੀਂ ਹੁੰਦਾ ਕਿਉਂਕਿ ਉਹਨਾਂ ਨੇ ਜ਼ਿੰਦਗੀ ਦੇ ਆਪਣੇ ਤਜਰਬਿਆਂ ਨਾਲ ਇਕ ਫਰਕ ਪਾ ਲਿਆ ਹੁੰਦਾ। ਇਸ ਮਾਮਲੇ ਵਿੱਚ ਦੂਜੀ ਕਿਸਮ ਦੇ ਲੋਕ ਔਖੀਆਂ ਘੜੀਆਂ ਨੂੰ ਖਿੜੇ ਮੱਥੇ ਜਾਂ ਸੌਖਿਆਂ ਝੱਲ ਲੈਂਦੇ ਹਨ ਕਿਉਂਕਿ ਉਹਨਾਂ ਦਾ ਤਜਰਬਾ ਹਰ ਵੇਲੇ ਉਹਨਾਂ ਦੇ ਨਾਲ ਹੁੰਦਾ। ਬਲਕਿ ਉਹਨਾਂ ਨੇ ਮਾਨਸਿਕ ਤੌਰ 'ਤੇ ਸਾਰੀ ਉਮਰ ਭੀੜਾਂ ਵਿੱਚ ਹੀ ਕੱਟੀ ਹੁੰਦੀ ਹੈ। ਮੈਂ ਪਹਿਲੀ ਕਿਸਮ ਦਾ ਬੰਦਾ ਹਾਂ ਤੇ ਬਲਵੰਤ ਦੂਜੀ ਕਿਸਮ ਦਾ। ਪਿਛਲੇ ਕੁਝ ਸਾਲਾਂ ਵਿੱਚ ਜਿੰਨੀਆਂ ਭੀੜਾਂ ਬਲਵੰਤ 'ਤੇ ਪਈਆਂ, ਜੇ ਉਹ ਮੇਰੇ 'ਤੇ ਪਈਆਂ ਹੁੰਦੀਆਂ ਤਾਂ ਮੈਂ ਕਦੋਂ ਦਾ ਟੁੱਟ-ਹਾਰ ਗਿਆ ਹੁੰਦਾ ਪਰ ਬਲਵੰਤ ਚਟਾਨ

ਵਾਂਗ ਟਿਕਿਆ ਰਿਹਾ ਹੈ ਤੇ ਟਿਕਿਆ ਹੋਇਆ ਹੈ। ਇਹਨਾਂ ਪ੍ਰਸਥਿਤੀਆਂ ਬਾਰੇ ਤਾਂ ਬਾਅਦ ਵਿੱਚ ਗੱਲ ਕਰਾਂਗਾ ਫਿਲਹਾਲ ਆਪਾਂ ਉਸ ਬਲਵੰਤ ਦੀ ਗੱਲ ਕਰਦੇ ਹਾਂ ਜਿਸ ਬਲਵੰਤ ਨੂੰ ਮੈਂ ਪੈਂਤੀ ਸਾਲ ਤੋਂ ਜਾਣਦਾ ਹਾਂ।

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਪੰਜਾਬੀ ਸਾਹਿਤ ਤੇ ਦਿੱਲੀ ਯੂਨਵਿਰਸਿਟੀ ਵਿਚ ਡਾ ਹਰਭਜਨ ਸਿੰਘ ਦਾ ਬੋਲਬਾਲਾ ਹੁੰਦਾ ਸੀ। ਦਿੱਲੀਯੂਨੀਵਰਸਿਟੀ ਦੇ ਇਸ ਦਿੱਲ਼ੀ ਸਕੂਲ ਕ੍ਰਿਟਿਸਿਜ਼ਿਮ ਦਾ ਜ਼ਿਕਰ ਹਰ ਥਾਂ ਹੁੰਦਾ ਸੀ। ਹਰ ਲੇਖਕ ਦੀ ਚਾਹਤ ਹੁੰਦੀ ਕਿ ਉਸ ਦੀ ਕਿਤਾਬ ਇਕ ਵਾਰ ਦਿੱਲੀ ਸਕੂਲ ਵਿੱਚ ਮੱਥਾ ਜ਼ਰੂਰ ਟੇਕੇ। ਜੇ ਕਿਸੇ ਲੇਖਕ ਨੂੰ ਦਿੱਲੀ ਸਕੂਲ ਦਾ ਅਸ਼ੀਰਵਾਦ ਜਾਂ ਥਾਪੜਾ ਮਿਲ ਜਾਂਦਾ ਤਾਂ ਲੇਖਕ ਆਪਣੇ ਆਪਨੂੰ ਸਥਾਪਤ ਹੋ ਗਿਆ ਸਮਝਦਾ।

ਮੈਂ ਦਿੱਲੀ ਦੇ ਲੇਖਕਾਂ ਦੀਆਂ ਸਾਹਿਤਕ ਮਿਲਣੀਆਂ ਦੀਆਂ ਖ਼ਬ਼ਰਾਂ ਨੂੰ ਖਾਸ ਧਿਆਨ ਨਾਲ ਵਾਚਦਾ। ਦਿੱਲੀ ਦੇ ਵੱਡੇ ਨਾਵਾਂ ਨੂੰ ਤਾਂ ਮੈਂ ਪਹਿਲਾਂ ਹੀ ਜਾਣਦਾ ਸਾਂ। ਇਨ੍ਹਾਂ ਵਿਚ ਕੁਝ ਨਵੇਂ ਚਿਹਰੇ ਵੀ ਹੁੰਦੇ। ਇਹਨਾਂ ਵਿੱਚ ਫਿਲਮੀ ਹੀਰੋ ਜਿਹਿਆ ਇਕ ਚਿਹਰਾ ਹਰ ਤਸਵੀਰ ਵਿੱਚ ਹੁੰਦਾ।ਪਤਾ ਲੱਗਾ ਕਿ ਇਹ ਐਸ ਬਲਵੰਤ ਹੈ। ਕਹਾਣੀ ਲਿਖਦਾ ਹੈ। ਬਹੁਤ ਵੱਡਾ ਪ੍ਰਕਾਸ਼ਕ ਹੈ। ਬਹੁਤ ਮਿਲਣਸਾਰ ਬੰਦਾ ਹੈ। ਉਹਨਾਂ ਸਾਲਾਂ ਵਿੱਚ ਮੈਂ ਇੰਡੀਆ ਤਾਂ ਅਕਸਰ ਜਾਂਦਾ ਸਾਂ ਪਰ ਦਿੱਲੀ ਕਦੇ ਨਹੀਂ ਸੀ ਗਿਆ। ਇਕ ਵਾਰ ਰੁਕਿਆ ਤਾਂ ਮੈਂ ਭਾਪਾ ਪ੍ਰੀਤਮ ਸਿੰਘ ਨੂੰ ਬਲਵੰਤ ਬਾਰੇ ਪੁੱਛਿਆ ਤਾਂ ਉਸ ਪਤਾ ਕਰਕੇ ਦੱਸਿਆ ਕਿ ਬਲਵੰਤ ਕਿਸੇ ਬਾਹਰਲੇ ਮੁਲਕ ਗਿਆ ਹੋਇਆ।

ਜਦ ਮੈਂ ਪਹਿਲੀ ਵਾਰ ਐਸ ਬਲਵੰਤ ਨਾਂ ਸੁਣਿਆਂ ਤਾਂ ਕੁਝ ਕੁ ਹੈਰਾਨੀ ਵੀ ਹੋਈਸੀ ਕਿ ਨਾਂ ਮੂਹਰੇ ਇਹ ਐਸ ਕਿਉਂ ਲਾਇਆ ਹੋਇਆ? ਵੈਸੇ ਮੁੰਬਈ ਵਿੱਚ ਤਾਂ ਸ਼ਾਇਦ ਅਜਿਹਾ ਕੋਈ ਫੈਸ਼ਨ ਹੈ ਸੀ, ਜਿਸ ਵਿਚ ਐਸ ਮੁਹਿੰਦਰ ਸੰਗੀਤਕਾਰ, ਐਸ ਸਵਰਨ ਲੇਖਕ, ਇਹੋ ਜਿਹੇ ਨਾਂਅ ਨਾਲ ਜਾਣੇ ਜਾਂਦੇ ਸਨ ਪਰ ਦਿੱਲੀ ਬਾਰੇ ਮੈਨੂ ਇਸ ਦਾ ਕੋਈ ਗਿਆਨ ਨਹੀਂ ਸੀ। ਸੋਚਿਆ ਦਿੱਲੀ ਵਿਚ ਵੀ ਸ਼ਾਇਦ ਕੁਝ ਅਜਿਹਾ ਹੀ ਹੋਵੇ। ਬਾਅਦ ਵਿੱਚ ਜਦ ਬਲਵੰਤ ਨਾਲ ਦੋਸਤੀ ਪਈ ਤਾਂ ਮੇਰਾ ਅੰਦਾਜ਼ਾ ਸਹੀ ਨਿਕਲਿਆ। ਫਿਰ ਜਦ ਮੈਨੂੰ ਪਤਾ ਚੱਲਿਆ ਕਿ ਬਲਵੰਤ ਅਟਵਾਲ ਹੈ ਤੇ ਉਹ ਜ਼ਾਤ-ਪਾਤ ਨੂੰ ਨਹੀਂ ਮੰਨਦਾ ਤੇ ਇਕ ਵਿਲੱਖਣਤਾ ਉਸ ਨੂੰ ਪਸੰਦ ਹੈ ਤਾਂ ਮੇਰਾ ਮੱਥਾ ਤਾਂ ਠਣਕਿਆ ਹੀ ਪਰ ਉਸੇ ਪੱਲ ਮੇਰੇ ਦਿੱਲ ਵਿਚ ਉਸ ਪ੍ਰਤੀ ਹੋਰ ਅਪਣੱਤ ਪੈਦਾ ਹੋ ਗਈ।

ਨੱਬਵਿਆਂ ਦੇ ਸ਼ੁਰੂ ਵਿੱਚ ਸਵਰਨ ਚੰਦਨ ਦਿੱਲੀ ਵਸਣ ਚਲੇ ਗਿਆ ਸੀ। ਉਹ ਜਦ ਵੀ ਵਾਪਸ ਲੰਡਨ ਆਉਂਦਾ ਤਾਂ ਦਿੱਲੀ ਦੀਆਂ ਢੇਰ ਸਾਰੀਆਂ ਗੱਲਾਂ ਸੁਣਾਉਂਦਾ। ਹਰ ਕਹਾਣੀ ਵਿੱਚ ਬਲਵੰਤ ਦਾ ਜ਼ਿਕਰ ਹੁੰਦਾ। ਬਲਵੰਤ ਦੀਆਂ, ਉਸ ਦੇ ਪਰਿਵਾਰ ਦੀਆਂ, ਉਸ ਦੇ ਪ੍ਰਕਾਸ਼ਨ ਘਰ ਦੀਆਂ ਤੇ ਉਸ ਦੇ ਪ੍ਰਕਾਸ਼ਨ ਘਰ ਵਲੋਂ ਛਾਪੇ ਹੋਏ ਟਾਈਟਲਾਂ ਦੀਆਂ। ਉਸ ਦੇ ਗਵਾਂਢ ਵਿੱਚ ਰਹਿਣ ਦੀਆਂ। ਉਸ ਦੇ ਰੱਖੇ ਨੌਕਰਾਂ ਦੀਆਂ। ਇਵੇਂ ਬਲਵੰਤ ਨੂੰ ਮਿਲਣ ਤੇ ਉਸ ਦੀ ਨੇੜਤਾ ਮਾਨਣ ਦੀ ਜਗਿਆਸਾ ਹੋਰ ਵਧਦੀ ਜਾਂਦੀ।

ਮੈਂ ਬਲਵੰਤ ਨੂੰ ਪਹਿਲਾਂ ਸਵਰਨ ਚੰਦਨ ਦੇ ਲੰਡਨ ਵਾਲੇ ਫਲੈਟ ਵਿੱਚ ਮਿਲਿਆ ਸਾਂ। ਸਵਰਨ ਚੰਦਨ ਨੇ ਫੋਨ ਕਰ ਕੇ ਦੱਸਿਆ ਕਿ ਦਿੱਲੀ ਤੋਂ ਬਲਵੰਤ ਆਇਆ ਹੋਇਆ ਹੈ ਤਾਂ ਉਤਰੀ ਲੰਡਨ ਵਿੱਚੋਂ ਉਸੇ ਵਕਤ ਉਸ ਦੇ ਫਲੈਟ ਵਿੱਚ ਪੁੱਜ ਗਿਆ ਸਾਂ। ਸਵਰਨ ਚੰਦਨ ਨੇ ਬਲਵੰਤ ਦੀ ਖਾਤਿਰਦਾਰੀ ਲਈ ਕੁਝ ਹੋਰ ਲੇਖਕ ਦੋਸਤ ਵੀ ਸੱਦੇ ਹੋਏ ਸਨ। ਵਾਹਵਾ ਮਹਿਫਲ ਜੁੜੀ। ਬਲਵੰਤ ਦੇ ਲਤੀਫੇ-ਟੋਟਕੇ ਰੰਗ ਬੰਨ ਰਹੇ ਸਨ। ਨਾਲ ਦੀ ਨਾਲ ਸਾਡੀ ਦੋਸਤੀ ਵੀ ਜੜ੍ਹਾਂ ਫੜ ਰਹੀ ਸੀ। ਉਹ ਪਹਿਲੀ ਮੁਲਾਕਾਤ ਸੀ। ਉਸ ਤੋਂ ਬਾਅਦ ਮੁਲਕਾਤਾਂ ਦਾ ਸਿਲਸਿਲਾ ਤੁਰ ਪਿਆ।

ਬਲਵੰਤ ਦੀ ਕਹਾਣੀ ਪੜ੍ਹੀ, ਮਹਾਂਨਗਰ। ਬਹੁਤ ਹੀ ਖੂਬਸੂਰਤ ਕਹਾਣੀ ਸੀ। ਬਿਲਕੁਲ ਵੱਖਰੇ ਵਿਸ਼ੇ ਵਾਲੀ। ਫਿਰ ਇਸੇ ਨਾਂ ਹੇਠ ਉਸ ਦੀਆਂ ਕਹਾਣੀਆਂ ਦੀ ਕਿਤਾਬ ਆਈ। ਹਰ ਕਹਾਣੀ ਇਕ ਵੱਖਰੀ ਛਾਪ ਛੱਡਦੀ ਸੀ। ਪੰਜਾਬੀ ਦੇ ਹਰ ਮੈਗਜ਼ੀਨ ਤੇ ਹਰ ਅਖ਼ਬ਼ਾਰ ਵਿੱਚ ਕਿਤਾਬ ਦੇ ਰਿਵਿਊ ਛਪੇ। ਵੱਡੇ-ਵੱਡੇ ਲੇਖਕਾਂ ਨੇ ਉਸ ਦੀ ਕਿਤਾਬ ਬਾਰੇ ਆਪਣੇ ਵਿਚਾਰ ਦਿੱਤੇ। ਬਲਵੰਤ ਦੀ ਹਰ ਕਹਾਣੀ ਲੂੰ-ਕੰਡੇ ਖੜੇ ਕਰਨ ਵਾਲੀ ਸੀ। ਉਸ ਦੇ ਵਿਸ਼ੇ

ਪਾਠਕਾਂ ਨੂੰ ਹੈਰਾਨ ਕਰ ਰਹੇ ਸਨ। ਸਾਹਿਤਕ ਹਲਕਿਆਂ ਵਿੱਚ ਚਰਚਾ ਛਿੜ ਤੁਰੀ ਕਿ ਭਾਰਤੀ ਸਾਹਿਤ ਅਕੈਡਮੀ ਦਾ ਅਗਲਾ ਇਨਾਮ ਬਲਵੰਤ ਨੂੰ ਹੀ ਮਿਲੇਗਾ।

ਬਲਵੰਤ ਇਕ ਵਧੀਆ ਕਹਾਣੀਕਾਰ, ਕਵੀ ਤੇ ਗਾਇਕ ਵੀ ਹੈ। ਪ੍ਰਕਾਸ਼ਕ ਦੇ ਤੌਰ 'ਤੇ ਉਸ ਦੇ ਨਾਂ ਦੀ ਕਦੇ ਤੂਤੀ ਬੋਲਦੀ ਸੀ। ਸੈਂਕੜੇ ਟਾਈਟਲ ਉਸ ਦੀ ਪ੍ਰਕਾਸ਼ਨਾ ਹੇਠ ਛਪੇ। ਉਹ ਅੰਗਰੇਜ਼ੀ ਦਾ ਪ੍ਰਕਾਸ਼ਕ ਸੀ। ਵੱਡੇ ਵੱਡੇ ਜੱਜਾਂ, ਮਨਿਸਟਰਾਂ, ਉੱਚ-ਕੋਟੀ ਦੇ ਲੇਖਕਾਂ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਦਾ ਸੀ ਬਲਵੰਤ। ਉਸ ਵਲੋਂ ਪ੍ਰਕਾਸ਼ਤ ਕੀਤੀਆਂ ਕਿਤਾਬਾਂ ਕਈ ਕਿਸਮ ਦੇ ਵਾਦ-ਵਿਵਾਦ ਖੜੇ ਕਰ ਦਿੰਦੀਆਂ। ਅਖ਼ਬਾਰਾਂ ਦੀਆਂ ਸੁਰਖੀਆਂ ਵਟੋਰਦੀਆਂ। ਆਪਣੇ ਕਾਰੋਬਾਰ ਦੇ ਸੰਬੰਧ ਵਿੱਚ ਉਸ ਨੇ ਸਾਰਾ ਭਾਰਤ ਘੁੰਮਦਾ। ਵਿਦੇਸ਼ਾਂ ਦੇ ਵੀ ਬਹੁਤ ਗੇੜੇ ਲਾਉਂਦਾ। ਫੋਨ ਕਰੋਂ ਤਾਂ ਪਤਾ ਚੱਲਦਾ ਕਿ ਬਲਵੰਤ ਪੈਰਿਸ ਦੇ ਪੁਸਤਕ ਮੇਲੇ ਵਿੱਚ ਭਾਗ ਲੈਣ ਗਿਆ ਹੋਇਆ ਹੈ, ਜਾਂ ਉਹ ਫਰੈਂਕਫੋਰਟ ਵਾਲੀ ਫਲਾਈਟ ਫੜਨ ਲਈ ਏਅਰਪੋਰਟ ਚਲੇ ਗਿਆ ਹੈ ਜਾਂ ਅੱਜ ਸੱਤ ਵਜੇ ਜਨੇਵਾ ਦੀ ਫਲਾਈਟ ਫੜਨੀ ਹੈ। ਉਸ ਨੇ ਆਪਣਾ ਪ੍ਰਕਾਸ਼ਨ ਦਾ ਕਾਰੋਬਾਰ ਇਵੇਂ ਚਮਕਾਇਆ ਕਿ ਉਹ ਦਿੱਲੀ ਦੀ ਇਲੀਟ ਕਲਾਸ ਦਾ ਹਿੱਸਾ ਬਣ ਗਿਆ। ਕਿਤੇ ਉਸ ਦੀ ਤਸਵੀਰ ਇੰਦਰਾ ਗਾਂਧੀ ਨਾਲ ਛਪੀ ਹੁੰਦੀ ਤੇ ਕਿਤੇ ਗਿਆਨੀ ਜ਼ੈਲ ਸਿੰਘ ਨਾਲ ਤੇ ਕਿਤੇ ਕਿਸੇ ਹੋਰ ਵੱਡੇ ਮਿਨਿਸਟਰ ਨਾਲ। ਕਿਸੇ ਤਸਵੀਰ ਵਿੱਚ ਉਹ ਭਾਸ਼ਨ ਦੇ ਰਿਹਾ ਹੁੰਦਾ ਤੇ ਕਿਸੇ ਤਸਵੀਰ ਵਿੱਚ ਉਹ ਕਿਸੇ ਸਮਾਗਮ ਦੀ ਪ੍ਰਧਾਨਗੀ ਕਰ ਰਿਹਾ ਹੁੰਦਾ। ਪ੍ਰਕਾਸ਼ਕਾਂ ਦੀ ਯੂਨੀਅਨ ਦਾ ਉਹ ਪ੍ਰਧਾਨ ਸੀ। ਪ੍ਰਕਾਸ਼ਕ ਦੇ ਤੌਰ 'ਤੇ ਉਹ ਬਹੁਤ ਸਾਰੀਆਂ ਅੰਤਰ ਰਾਸ਼ਟਰੀ ਮੀਟਿੰਗਾਂ ਵਿੱਚ ਹਿੱਸਾ ਲੈਂਦਾ ਤੇ ਕਾਮਯਾਬ ਪ੍ਰਕਾਸ਼ਕ ਹੋਣ ਦੇ ਰਾਜ਼ ਦੱਸਦਾ।ਜਦ ਉਹ ਦੱਸਦਾ ਕਿ ਉਸ ਦੀ ਐਗਜ਼ੈਕਟਿਵ ਕਮੇਟੀ ਵਿਚ ਭਾਰਤ ਦੇ ਸਿਰਕੱਢ ਪ੍ਰਕਾਸ਼ਕ ਸ਼ਾਮਿਲ ਹਨ ਤਾਂ ਉਸ ਦੀ ਦੋਸਤੀ ਹੀ ਨਹੀ ਇਕ ਮਾਣ ਵੀ ਹੁੰਦਾ। ਕਿੱਥੇ ਇਕ ਪਿੰਡ ਦੇ ਗਰੀਬ ਕਿਸਾਨ ਦਾ ਪੁੱਤਰ ਅੱਜ ਆਕਸਫੋਰਡ ਯਨੀਵਰਸਿਟੀ ਪ੍ਰੈਸ, ਮੈਕਮਿਲਨ, ਓਰੀਐਂਟ ਲੌਂਗਮੈਨ, ਪ੍ਰੈਂਟਿਸ ਹਾਲ, ਰਾਜਪਾਲ ਐਂਡ ਸੰਨਜ਼, ਹਿੰਦ ਪਾਕਿਟ ਬੁਕਸ, ਓਰੀਐਂਟ ਪੇਪਰਬੈਕ, ਵਿਕਾਸ ਪਬਲਿਸ਼ਿੰਗ ਹਾਊਸ, ਸਟਰਲਿੰਗ ਪਬਲਿਸ਼ਰਜ਼, ਐਸ ਚਾਂਦ, ਪਾਪੂਲਰ ਪ੍ਰਕਾਸ਼ਨ, ਪਿਤਾਂਬਰ, ਅਭੀਨਵ, ਤੇ ਹੋਰ ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਦੇ ਮਾਲਿਕਾਂ ਨੂੰ ਭਾਰਤ ਤੇ ਅੰਤਰਰਾਸ਼ਟਰੀ ਪ੍ਰਕਾਸ਼ਨ ਨੀਤੀਆਂ ਬਾਰੇ ਡਿਕਟੇਟ ਕਰਦਾ ਹੈ ਤਾਂ ਉਸ 'ਤੇ ਰਸ਼ਕ ਆਉਂਦਾ।

ਪਰ ਬਲਵੰਤ ਦੀ ਇਕ ਖੂਬਸੂਰਤੀ ਇਹ ਵੀ ਰਹੀ ਕਿ ਉਹ ਇਕ ਕਾਮਯਾਬ ਪ੍ਰਕਾਸ਼ਕ ਜਾਂ ਵਿਓਪਾਰੀ ਹੋਣ ਦੇ ਨਾਲ ਨਾਲ ਇਕ ਵਧੀਆ ਲੇਖਕ ਵੀ ਹੈ। ਇਹ ਦੋ ਗੱਲਾਂ ਦਾ ਸੁਮੇਲ ਘੱਟ ਹੀ ਦੇਖਣ ਨੂੰ ਮਿਲਦਾ ਹੈ। ਭਾਵ ਲਕਸ਼ਮੀ ਤੇ ਸਰਸਵਤੀ ਇਕੋ ਥਾਂ ਨਹੀਂ ਆਉਂਦੀਆਂ ਪਰ ਬਲਵੰਤ ਦੇ ਮਾਮਲੇ ਵਿੱਚ ਇਹ ਛੋਟ ਸੀ। ਲੇਖਕ ਵੀ ਵਧੀਆ ਤੇ ਵਿਓਪਾਰੀ ਵੀ ਉੱਤਮ।

ਦਿੱਲੀ ਬਲਵੰਤ ਨੂੰ ਰਾਸ ਆ ਗਈ ਸੀ। ਦਿੱਲੀ ਨੇ ਬਲਵੰਤ ਨੂੰ ਉਹ ਸਭ ਕੁੱਝ ਦਿੱਤਾ ਜੋ ਇਕ ਬੰਦੇ ਨੂੰ ਚਾਹੀਦਾ ਹੁੰਦਾ ਹੈ; ਪੈਸਾ, ਘਰ-ਪਰਿਵਾਰ, ਦੋਸਤ, ਇੱਜ਼ਤ, ਇਕ ਵਿਸ਼ੇਸ਼ ਵਿਅਕਤੀ ਹੋਣ ਦਾ ਮਾਣ। ਉਸ ਦੀ ਕਾਰ ਹਰ ਵੇਲੇ ਦਿੱਲੀ ਦੀਆਂ ਸੜਕਾਂ 'ਤੇ ਭੱਜਦੀ ਹੋਈ ਦਿਸਦੀ।ਹਰ ਸ਼ਾਮ ਦੋਸਤਾਂ ਦੀਆਂ ਮਹਿਫਲਾਂ ਵਿੱਚ ਲੰਘਦੀ। ਆਪਣੀ ਕਾਰ ਦੀ ਡਰਾਈਵਿੰਗ ਸੀਟ 'ਤੇ ਬੈਠਾ ਬਲਵੰਤ ਮਹਾਂਰਾਜਾ ਜਾਪਦਾ। ਜਾਪਦਾ ਹੀ ਨਹੀਂ ਹੁੰਦਾ ਵੀ। ਉਸ ਦੇ ਹਰ ਖੁਆਬ ਨੂੰ ਅਮਲੀ ਜਾਮਾ ਮਿਲ ਜਾਂਦਾ। ਉਸ ਦਾ ਹਰ ਕਹਿਣਾ ਪੂਰਾ ਹੁੰਦਾ। ਉਸ ਦੇ ਹਰ ਕਹੇ ਨੂੰ ਅਮਲੀ ਜਾਮਾ ਮਿਲ ਜਾਂਦਾ।

ਦਿੱਲੀ ਤੋਂ ਬਾਅਦ ਜਿਹੜੀ ਕੋਈ ਹੋਰ ਜਗਾਹ ਉਸ ਨੂੰ ਰਾਸ ਆਉਂਦੀ, ਉਹ ਸੀ ਇੰਗਲੈਂਡ। ਇੰਗਲੈਂਡ ਵਿੱਚ ਉਸ ਦੇ ਬਹੁਤ ਸਾਰੇ ਰਿਸ਼ਤੇਦਾਰ ਰਹਿੰਦੇ ਸਨ ਤੇ ਸਵਰਨ ਚੰਦਨ ਵਰਗੇ ਦੋਸਤ ਵੀ। ਉਹ ਦਿੱਲੀ ਤੋਂ ਪੰਜਾਬ ਜਾਣ ਨਾਲੋਂ ਜ਼ਿਆਦਾ ਵਾਰ ਇੰਗਲੈਂਡ ਆਉਂਦਾ। ਇਥੇ ਉਸ ਦੇ ਰਿਸ਼ਤੇਦਾਰ ਲੰਡਨ ਤੋਂ ਮਿਡਲੈਂਡ ਤਕ ਫੈਲੇ ਹੋਏ ਸਨ। ਹਰ ਵੱਡੇ ਸ਼ਹਿਰ ਵਿੱਚ ਉਸ ਦਾ ਕੋਈ ਨਾ ਕੋਈ ਰਹਿੰਦਾ ਸੀ। ਉਹ ਇਥੇ ਆ ਕੇ ਦਿੱਲੀ ਵਾਲੀ ਮੌਜ ਹੀ ਮਹਿਸੂਸ ਕਰਦਾ। ਬੇਸ਼ੱਕ ਇੱਥੇ ਦਿੱਲੀ ਵਰਗੀ ਰਾਜਾਸ਼ਾਹੀ ਕਿਸੇ ਹੱਦ ਤੱਕ ਨਾ ਹੁੰਦੀ। ਇਸੇ ਮਹਿਸੂਸਣਾ ਅਧੀਨ ਜਾਂ ਕਿਸੇ

ਹੋਰ ਕਾਰਨਾਂ ਕਰਕੇ ਉਸ ਦਾ ਸਾਰਾ ਵਜੂਦ ਇੰਗਲੈਂਡ ਵੱਲ ਸ਼ਿਰਕਤ ਕਰਨ ਲੱਗਾ। ਹੌਲੀ-ਹੌਲੀ, ਸਟੈੱਪ ਦਰ ਸਟੈੱਪ। ਹੋਰਨਾਂ ਕਿੰਨੇ ਹੀ ਰਿਸ਼ਤੇਦਾਰਾਂ ਵਾਂਗ ਉਸ ਦਾ ਸਕਾ ਭਰਾ ਇੰਗਲੈਂਡ ਆ ਵਸਿਆ। ਫਿਰ ਉਸ ਦੀ ਬੇਟੀ ਦਾ ਇੱਥੇ ਵਿਆਹ ਹੋ ਗਿਆ। ਬੇਟੀ ਤੋਂ ਬਾਅਦ ਬੇਟਾ ਵੀ ਇੰਗਲੈਂਡ ਵਿੱਚ ਆ ਵਸਿਆ। ਦਿੱਲੀ ਬਲਵੰਤ ਲਈ ਸੁੰਨੀ ਹੋਣ ਲੱਗੀ। ਉਸ ਦੇ ਮਨ ਵਿੱਚ ਬਹੁਤ ਕੁਝ ਆਉਣ ਲੱਗਾ। ਇੱਥੇ ਹੀ ਕਿਤੇ ਦਿੱਲੀ ਨੂੰ ਛੱਡ ਦੇਣ ਦੀ ਸੋਚ ਵੀ ਉਸ ਦੇ ਮਨ ਵਿੱਚ ਆ ਗਈ। ਦਿੱਲੀ ਛੱਡਣ ਦੇ ਹੋਰ ਕਿਹੜੇ ਕਾਰਨ ਰਹੇ ਹੋਣਗੇ, ਇਸ ਬਾਰੇ ਮੈਂ ਉਸ ਨੂੰ ਕਦੇ ਸਵਾਲ ਨਹੀਂ ਕੀਤਾ। ਸਾਡੇ ਬਹੁਤ ਸਾਰੇ ਕਾਰਨ ਨਿੱਜੀ ਹੁੰਦੇ ਹਨ ਜੋ ਅਸੀਂ ਕਿਸੇ ਨਾਲ ਸਾਂਝੇ ਨਹੀਂ ਕਰਨੇ ਚਾਹੁੰਦੇ, ਆਪਣੇ ਆਪ ਨਾਲ ਵੀ ਨਹੀਂ। ਖ਼ੈਰ, ਉਸ ਨੇ ਦਿੱਲੀ ਛੱਡਣ ਦਾ ਮਨ ਬਣਾ ਲਿਆ ਤੇ ਦਿੱਲੀ ਮਹਾਨਗਰ ਛੱਡ ਦਿੱਤਾ।ਪਤਨੀ ਤੇ ਦੂਜੀ ਬੇਟੀ ਸਮੇਤ ਇੰਗਲੈਂਡ ਆ ਕੇ ਵੱਸਣ ਦਾ ਫੈਸਲਾ ਕਰ ਲਿਆ। ਇੰਗਲੈਂਡ ਵਸਣ ਵਿੱਚ ਕਈ ਕਾਨੂੰਨੀ ਅੜਿੱਕੇ ਹੁੰਦੇ ਹਨ, ਜੋ ਬਲਵੰਤ ਨੂੰ ਵੀ ਆਏ, ਪਰ ਪਹਿਲੀ ਕੋਸ਼ਿਸ਼ ਵਿੱਚ ਉਹ ਉਹਨਾਂ ਅੜਿੱਕਿਆਂ ਨੂੰ ਸਰ ਨਾ ਕਰ ਸਕਿਆ। ਇੰਗਲੈਂਡ ਵਸਣ ਦੀ ਕੋਸ਼ਿਸ਼ ਤੋਂ ਵਾਪਸ ਮੁੜ ਉਹ ਫਗਵਾੜੇ ਜਾ ਵਸਿਆ। ਦਿੱਲੀ ਇਕ ਵਾਰ ਛੱਡੀ ਤਾਂ ਮੁੜ ਕੇ ਉਸ ਨੇ ਉਥੇ ਜਾਣਾ ਸ਼ਾਇਦ ਠੀਕ ਨਾ ਸਮਝਿਆ।

ਜਦ ਮੈਂ ਬਲਵੰਤ ਦੇ ਲੇਖਕ ਹੋਣ ਬਾਰੇ ਸੋਚਦਾਂ ਤਾਂ ਉਹ ਇਕ ਵਧੀਆ ਲੇਖਕ ਦੇ ਤੌਰ 'ਤੇ ਸਾਹਮਣੇ ਆਉਂਦਾ ਹੈ। ਜੇ ਉਸ ਕੋਲ ਪ੍ਰਕਾਸ਼ਨ ਦਾ ਭਾਰ ਨਾ ਹੁੰਦਾ ਤਾਂ ਉਹ ਪੰਜਾਬੀ ਦਾ ਪ੍ਰਮੁੱਖ ਲੇਖਕ ਹੁੰਦਾ। ਜਦ ਉਸ ਦੀ ਜ਼ਿੰਦਗੀ ਬਾਰੇ ਸੋਚਦਾ ਹਾਂ ਤਾਂ ਜਾਪਦਾ ਹੈ ਜਿਵੇਂ ਉਹ ਅਜ਼ਲਾਂ ਦਾ ਭਾਰ ਚੁੱਕੀ ਫਿਰਦਾ ਹੋਵੇ। ਉਸ ਦਾ ਪਹਿਲਾ ਭਾਰ ਉਸ ਦੀ ਇਕ ਬੇਟੀ ਦਾ ਸਿਹਤ ਵਲੋਂ ਪੂਰੀ ਤਰ੍ਹਾਂ ਵੱਲ ਨਾ ਹੋਣਾ ਹੈ। ਉਸ ਦੇ ਇਸ ਭਾਰ ਬਾਰੇ ਉਹੀ ਲੋਕ ਜਾਣਦੇ ਹਨ ਜੋ ਉਸ ਦੇ ਪਰਿਵਾਰ ਨੂੰ ਜਾਣਦੇ ਹਨ। ਬਾਹਰੋ-ਬਾਹਰ ਮਿਲਣ ਵਾਲੇ ਉਸ ਦੇ ਇਸ ਭਾਰ ਨੂੰ ਮਹਿਸੂਸ ਵੀ ਨਹੀਂ ਕਰ ਸਕਦੇ। ਉਹ ਕਿਸੇ ਨੂੰ ਮਹਿਸੂਸ ਹੋਣ ਹੀ ਨਹੀਂ ਦਿੰਦਾ।ਮੈਂ ਦੇਖ ਸਕਦਾ ਹਾਂ ਕਿ ਉਸ ਦੇ ਮਨ ਵਿੱਚ ਇਸ ਬੱਚੀ ਦੇ ਭਵਿੱਖ ਨੂੰ ਲੈ ਕੇ ਹਰ ਵੇਲੇ ਸੋਚ ਰਹਿੰਦੀ ਹੈਕਿ ਉਸ ਦੇ ਮਰਨ ਤੋਂ ਬਾਅਦ ਇਸ ਬੱਚੀ ਦਾ ਕੀ ਬਣੇਗਾ?ਸ਼ਾਇਦ ਇਹ ਵੀ ਇਕ ਵੱਡਾ ਕਾਰਨ ਸੀ ਕਿ ਬਲਵੰਤ ਇੰਗਲੈਂਡ ਮੂਵ ਹੋ ਜਾਣਾ ਚਾਹੁੰਦਾ ਸੀ ਕਿਉਂਕਿ ਅਜਿਹੇ ਵਿਅਕਤੀਆਂ ਦੀ ਸੰਭਾਲ ਇੰਗਲੈਂਡ ਵਿੱਚ ਬਹੁਤ ਢੁਕਵੀਂ ਹੈ। ਵਿਸ਼ੇਸ਼ ਨਰਸਿੰਗ ਹੋਮ ਬਣੇ ਹੋਏ ਹਨ।

ਦੂਜੀ ਕੋਸ਼ਿਸ਼ ਵਿੱਚ ਬਲਵੰਤ ਨੂੰ ਇੰਗਲੈਂਡ ਵਿੱਚ ਸੈੱਟਲ ਹੋਣ ਲਈ ਕਾਮਯਾਬੀ ਮਿਲ ਗਈ। ਇਸੇ ਕਾਮਯਾਬੀ ਤੋਂ ਬਾਅਦ ਬਲਵੰਤ ਦੀ ਜ਼ਿੰਦਗੀ ਦਾ ਇਕ ਨਵਾਂ ਫੇਜ਼ ਸ਼ੁਰੂ ਹੁੰਦਾ ਹੈ।ਇਹ ਮਾਨਸਿਕ ਕਸ਼ਟ ਬਲਵੰਤ ਨੇ ਕਦੇ ਕਿਸੇ ਨਾਲ ਸਾਂਝੇ ਨਹੀਂ ਕੀਤੇ ਪਰ ਮੈਂ ਇਕ ਦੋਸਤ ਹੋਣ ਦੇ ਤੌਰ 'ਤੇ ਮਹਿਸੂਸ ਕੀਤੇ ਹਨ। ਆਪਣੇ ਦਿਲ ਦੀ ਗੱਲ ਉਹ ਬਹੁਤੀ ਕਿਸੇ ਨਾਲ ਸਾਂਝੀ ਨਹੀਂ ਕਰਦਾ। ਜਿਵੇਂ ਮੈਂ ਪਹਿਲਾਂ ਵੀ ਕਿਹਾ ਕਿ ਮੈਂ ਅੱਜ ਵਿੱਚ ਰਹਿਣ ਵਾਲਾ ਬੰਦਾ ਹਾਂ ਤੇ ਨਿੱਕੇ ਜਿਹੇ ਦੁੱਖ ਬਾਰੇ ਵੀ ਚੀਕਾਂ ਮਾਰਨ ਲੱਗਦਾ ਹਾਂ ਪਰ ਬਲਵੰਤ ਵੱਡੀ ਤੋਂ ਵੱਡੀ ਗੱਲ ਸਹਿ ਜਾਂਦਾ ਹੈ ਤੇ ਦੁੱਖ ਦਾ ਧੂੰਆਂ ਤੱਕ ਨਹੀਂ ਕੱਢਦਾ। ਉਸ ਦਾ ਇਹ ਗੁਣ ਮੈਨੂੰ ਵਾਰ ਵਾਰ ਕਾਇਲ ਕਰਦਾ ਹੈ।

ਇਸ ਤੋਂ ਵੀ ਅਗਲੀ ਗੱਲ ਮੈਂ ਸਾਂਝੀ ਕਰਨੀ ਚਾਹਾਂਗਾ। ਜਦੋਂ ਤੋਂ ਬਲਵੰਤ ਇੰਗਲੈਂਡ ਆਇਆ ਹੈ ਉਸ ਨਾਲ ਅਕਸਰ ਫੋਨ ਉਪਰ ਮੇਰੀ ਗੱਲਬਾਤ ਹੁੰਦੀ ਰਹਿੰਦੀ ਹੈ। ਪਰ ਅਚਾਨਕ ਉਸ ਦੇ ਹਾਲਾਤ ਬਦਲੇ। ਪਤਾ ਨਹੀਂ ਕਿ ਅਚਾਨਕ ਹੀ ਕੁਦਰਤ ਉਸ ਨਾਲ ਗੁੱਸੇ ਹੋ ਗਈ ਸੀ ਜਾਂ ਉਸ ਦੀ ਡੈਸਟਿਨੀ ਵਿਚ ਇਹੋ ਕੁਝ ਲਿਖਿਆ ਹੋਇਆ ਸੀ। ਮੈਂ ਜਦ ਫੋਨ ਕਰਦਾ ਤਾਂ ਜਾਂ ਤਾਂ ਉਹ ਕਿਸੇ ਨੂੰ ਲੈ ਕਿਸੇ ਹਸਪਤਾਲ ਬੈਠਾ ਉਸਦਾ ਇਲਾਜਕਰਵਾ ਰਿਹਾਹੁੰਦਾ, ਤੇ ਜਾਂ ਕਿਸੇ ਮਾਤਮ ਵਿੱਚ ਸ਼ਾਮਿਲ ਹੁੰਦਾ ਅਤੇ ਜਾਂ ਕਿਸੇ ਦੇ ਫਿਊਨਰਲ ਦਾ ਇੰਤਜ਼ਾਮ ਕਰ ਰਿਹਾ ਹੁੰਦਾ ਹੈ। ਇਹਨਾਂ ਸਾਲਾਂ ਵਿੱਚ ਉਸ ਨੇ ਆਮ ਬੰਦੇ ਦੇ ਹਿੱਸੇ ਆਉਣ ਤੋਂ ਕਿਤੇ ਵੱਧ ਆਪਣਿਆਂ ਦੀਆਂ ਮੌਤਾਂ ਦੇਖੀਆਂ। ਉਸ ਨੇ ਅਚਾਨਕ ਆਪਣਿਆਂ ਨੂੰ ਬਿਮਾਰੀਆਂ ਨਾਲ ਜੂਝਦੇ ਵੀ ਦੇਖਿਆ ਤੇ ਮਰਦੇ ਵੀ। ਸਿਰਫ ਤਿੰਨ ਸਾਲਾਂ ਵਿਚ ਹੀ ਉਸ ਦੇ ਘਰ ਦੇ ਨੌਂ ਜੀਅ ਉਸ ਦੇ ਹੱਥਾਂ ਵਿਚ ਹੀ ਸਾਹ ਛੱਡ ਗਏ। ਖੁਦ ਵੀ ਉਸ ਦੀ ਸਿਹਤ ਬਹੁਤੀ ਚੰਗੀ ਨਹੀਂ ਰਹਿੰਦੀ ਪਰ ਉਸ ਨੂੰ ਆਪਣੀ ਸਿਹਤ ਦਾ ਫਿਕਰ ਹੀ ਕਦ ਹੁੰਦਾ? ਇਸੇ ਲਈ ਮੈਂ ਕਹਿੰਦਾ ਹਾਂ ਕਿ ਜੇ ਮੈਂ ਉਸ ਦੀ ਥਾਵੇਂ ਹੁੰਦਾ ਤਾਂ ਕਦੋਂ ਦਾ ਟੁੱਟ ਚੁੱਕਾ ਹੁੰਦਾ।

ਇਸ ਸਭ ਕਾਸੇ ਦੇ ਬਾਵਜੂਦ ਬਲਵੰਤ ਵਧੀਆ ਚਾਲੇ ਤੁਰਿਆ ਫਿਰਦਾ ਹੈ। ਇੰਗਲੈਂਡ ਵਿੱਚ ਦਿੱਲੀ ਜਿਹੇ ਤਾਂ ਦੋਸਤ ਨਹੀਂ ਹਨ ਪਰ ਇਥੇ ਉਸ ਨੇ ਇੱਥੇ ਵੀ ਕਈ ਨਵੇਂ ਚੇਲੇ ਬਣਾ ਲਏ ਹਨ। ਹਾਲੇ ਵੀ ਉਹ ਮਹਿਫਲਾਂ ਵਿੱਚ ਠਹਾਕੇ ਲਾਉਂਦਾ ਹੈ। ਲਤੀਫੇ-ਟੋਟਕੇ ਉਵੇਂ ਹੀ ਚਲਦੇ ਹਨ। ਲਿਖਣ ਪ੍ਰਕਿਰਿਆ ਤਾਂ ਉਸ ਦੀ ਕਦੇ ਰੁਕੀ ਹੀ ਨਹੀਂ ਸਗੋਂ ਇੰਗਲੈਂਡ ਆ ਕੇ ਉਸ ਦੀ ਕਲਮ ਨੇ ਹੋਰ ਸਪੀਡ ਫੜ੍ਹ ਲਈ ਹੈ। ਹੁਣ ਉਹ ਵਾਹਵਾ ਲਿਖਦਾ ਹੈ। ਉਸ ਦੀ ਲਿਖਣ ਪ੍ਰਕਿਰਿਆ ਪਹਿਲਾਂ ਨਾਲੋਂ ਕਿਤੇ ਵੱਧ ਸਰਗਰਮ ਹੈ।ਮੈਗਜ਼ੀਨਾਂ-ਅਖ਼ਬਾਰਾਂ ਵਿੱਚ ਉਸ ਦੀਆ ਰਚਨਾਵਾਂ ਆਮ ਛਪਦੀਆਂ ਰਹਿੰਦੀਆਂ ਹਨ। ਸੋਸ਼ਲ ਮੀਡੀਆ ਉਪਰ ਵੀ ਬਲਵੰਤ ਛਾਇਆ ਰਹਿੰਦਾ ਹੈ।

ਦਿੱਲੀ ਤੇ ਇੰਗਲੈਂਡ ਜੋ ਬਲਵੰਤ ਨੂੰ ਕਦੇ ਇਕੋ ਜਿਹਾ ਜਾਪਦਾ ਸੀ ਅਸਲ ਵਿੱਚ ਇਹ ਦੋ ਬਿਲਕੁਲ ਭਿੰਨ ਸੰਸਾਰ ਹਨ। ਦਿੱਲੀ ਦਾ ਰਾਜਾ ਬਲਵੰਤ ਇੰਗਲੈਂਡ ਆ ਕੇ ਇਕ ਸਾਧਾਰਨ ਵਿਅਕਤੀ ਬਣ ਗਿਆ। ਹਰ ਵੇਲੇ ਡਰਾਈਵਿੰਗ ਸੀਟ 'ਤੇ ਰਹਿਣ ਵਾਲਾ ਬਲਵੰਤ ਇਕ ਸਵਾਰੀ ਬਣ ਗਿਆ। ਦਿੱਲੀ ਵਿੱਚ ਰਹਿੰਦਿਆਂ ਕਈਆਂ ਨੂੰ ਟਰੈਵਿਲ ਕਰਾਉਣ ਵਾਲਾ ਹੁਣ ਇਕ ਥਾਂ ਤੋਂ ਦੂਜੀ ਥਾਂ ਜਾਣ ਲਈ ਦੂਜਿਆਂ ਉਪਰ ਨਿਰਭਰ ਕਰਨ ਲੱਗ ਪਿਆ। ਜਿਹੜੇ ਹੱਥ ਜਦ ਜੇਬ੍ਹਾਂ ਵਿੱਚੋਂ ਨਿਕਲਦੇ ਤਾਂ ਕਿਸੇ ਨੂੰ ਕੁਝ ਦੇਣ ਲਈ ਭਰੇ ਹੋਏ ਹੁੰਦੇ, ਹੁਣ ਇਹ ਹੱਥ ਜੇਬ੍ਹਾਂ ਵਿੱਚ ਹੀ ਰਹਿੰਦੇ। ਉਸ ਦਾ ਬੇਟਾ ਅਮਿਤ ਬਹੁਤ ਹੋਣਹਾਰ ਸਪੁੱਤਰ ਹੋਣ ਕਰਕੇ ਉਸ ਦੀ ਹਰ ਜ਼ਰੂਰਤ ਦਾ ਬਾਖ਼ੂਬੀ ਨਾਲ ਧਿਆਨ ਰੱਖਦਾ ਹੈ ਪਰ ਪਿਓ ਦਾ ਦਿਲ ਕਿਸੇ ਹੋਰ ਤਰ੍ਹਾਂ ਦਾ ਹੁੰਦਾ ਹੈ। ਇਕ ਪਿਓ ਨੂੰ ਸਮਝਣ ਲਈ ਦੋ ਕਹਾਣੀਆਂ ਸਾਂਝੀਆਂ ਕਰਨੀਆਂ ਜ਼ਰੂਰੀ ਸਮਝਦਾ ਹਾਂ। ਪਹਿਲੀ ਗੱਲ ਮਸ਼ਹੂਰ ਫਿਲਮ ਐਕਟਰ ਪ੍ਰਿਥਵੀ ਰਾਜ ਕਪੂਰ ਤੇ ਉਸ ਦੇ ਬੇਟੇ ਰਾਜ ਕਪੂਰ ਦੀ ਹੈ। ਪ੍ਰਿਥਵੀ ਰਾਜ ਉਦੋਂਪ੍ਰਿਥਵੀ-ਥੀਏਟਰ ਚਲਾਉਂਦਾ ਸੀ ਤੇ ਇਹ ਥੀਏਟਰ ਘਾਟੇ ਵਿੱਚ ਜਾ ਰਿਹਾ ਸੀ, ਜਿਸ ਕਾਰਨ ਪ੍ਰਿਥਵੀ ਰਾਜ ਕਪੂਰ ਕਰਜ਼ੇ ਵਿੱਚ ਫਸ ਗਿਆ। ਇਹ ਕਰਜ਼ਾ ਲਾਹੁਣ ਲਈ ਉਸ ਨੂੰ ਫਿਲਮਾਂ ਵਿੱਚ ਛੋਟੇ ਛੋਟੇ ਰੋਲ ਕਰਨੇ ਪੈਂਦੇ। ਉਹਨਾਂ ਦਿਨਾਂ ਵਿੱਚ ਉਸ ਦਾ ਬੇਟਾ ਰਾਜ ਕਪੂਰ ਅਮੀਰ ਆਦਮੀ ਸੀ।ਰਾਜ ਕਪੂਰ ਨੂੰ ਪਤਾ ਲੱਗਾ ਕਿ ਉਸ ਦਾ ਪਿਤਾ ਡੂੰਘੇ ਕਰਜ਼ੇ ਹੇਠ ਦੱਬਿਆ ਹੋਇਆ ਤਾਂ ਰਾਜ ਕਪੂਰ ਪਿਓ ਨੂੰ ਮਿਲਣ ਗਿਆ। ਉਸ ਨੇ ਪਿਤਾ ਦੇ ਮੇਜ਼ 'ਤੇ ਇਕ ਚੈੱਕ ਰੱਖ ਦਿੱਤਾ ਤਾਂ ਜੋ ਉਸ ਦੇ ਪਿਤਾ ਦੇ ਸਾਰੇ ਕਰਜ਼ੇ ਉਤਰ ਜਾਣ। ਪ੍ਰਿਥਵੀ ਰਾਜ ਕਪੂਰ ਦੀ ਅਣਖ ਨੂੰ ਬਹੁਤ ਸੱਟ ਵੱਜੀ, ਉਸ ਨੇ ਉਸੇ ਵੇਲੇ ਉਹ ਚੈੱਕ ਰਾਜ ਕਪੂਰ ਨੂੰ ਗੁੱਸੇ ਹੁੰਦਿਆਂ ਵਾਪਸ ਕਰ ਦਿੱਤਾ।ਪਿਓ ਆਖਰ ਪਿਓ ਹੁੰਦਾ ਹੈ।

ਦੂਜੀ ਕਹਾਣੀ ਮੇਰੀ ਆਪਣੀ ਹੈ। ਆਪਣੀ ਮਾਂ ਦੀ ਮੌਤ ਤੋਂ ਬਾਅਦ ਮੈਂ ਪਿਤਾ ਨੂੰ ਇੰਗਲੈਂਡ ਲੈ ਆਇਆ ਸਾਂ ਤੇ ਇੱਥੇ ਪੱਕੇ ਕਰਾ ਲਿਆ। ਪੱਕੇ ਕਰਾਉਣ ਵਿੱਚ ਮੈਨੂੰ ਲਿਖ ਕੇ ਦੇਣਾ ਪਿਆ ਕਿ ਮੈਂ ਆਪਣੇ ਪਿਤਾ ਲਈ ਕਦੇ ਸਰਕਾਰ ਕੋਲੋਂ ਕੋਈ ਬੈਨੇਫਿਟ ਕਲੇਮ ਨਹੀਂ ਕਰਾਂਗਾ। ਮੇਰੇ ਪਿਤਾ ਸਾਰੀ ਗੱਲ ਸਮਝ ਗਏ। ਉਹਨਾਂ ਨੇ ਸਾਫ ਕਹਿ ਦਿੱਤਾ ਕਿ ਉਹ ਉਦੋਂ ਤੀਕ ਇੰਗਲੈਂਡ ਨਹੀਂ ਰਹਿਣਗੇ ਜਦ ਤੱਕ ਉਹਨਾਂ ਨੂੰ ਸਰਕਾਰ ਵਲੋਂ ਕੋਈ ਬੈਨੇਫ਼ਿਟ ਜਾਂ ਪੈਨਸ਼ਨ ਨਹੀਂ ਲੱਗ ਜਾਂਦੀ। ਜਾਣੀਕਿ ਉਹ ਮੇਰੇ 'ਤੇ ਭਾਰ ਨਹੀਂ ਸਨ ਬਣਨਾ ਚਾਹੁੰਦੇ। ਇੰਗਲੈਂਡ ਦੀ ਪੱਕੀ ਸਟੇਅ ਲੈ ਕੇ ਉਹ ਵਾਪਸ ਚਲੇ ਗਏ। ਦੋ ਸਾਲ ਬਾਅਦ ਆਉਂਦੇ ਤੇ ਪੱਕੀ ਸਟੈਂਪ ਲੁਆ ਕੇ ਵਾਪਸ ਚਲੇ ਜਾਂਦੇ। ਉਹ ਓਨੀ ਦੇਰ ਤੱਕ ਸਾਡੇ ਵਿੱਚ ਨਹੀਂ ਰਹੇ ਜਦ ਤੱਕ ਉਹਨਾਂ ਨੂੰ ਇੱਥੇ ਪੈਨਸ਼ਨ ਨਹੀਂ ਲੱਗ ਗਈ। ਉਦੋਂ ਮੈਂ ਆਪਣੇ ਪਿਤਾ ਦੀ ਇਸ ਗੱਲ ’ਤੇ ਝੰਜੋੜਿਆ ਗਿਆ।ਪਿਤਾ ਦੀ ਮਹਿਸੂਸੀਆਤ ਵਿਚ ਜੋ ਸੈਲਫ-ਰੀਸਪੈਕਟ ਹੁੰਦੀ ਹੈ ਮੈਨੂੰ ਇਹ ਅਹਿਸਾਸ ਮੈਨੂੰ ਉਦੋਂ ਹੀ ਹੋਇਆ। ਹਾਲਾਂਕਿ ਮੈਂ ਪਿਤਾ ਦਾ ਬਹੁਤ ਖਿਆਲ ਰੱਖਦਾ ਸਾਂ। ਉਹ ਹਮੇਸ਼ਾ ਮੈਨੂੰ ਦਿੰਦੇ ਰਹੇ।ਤੇ ਜਦ ਉਨ੍ਹਾਂ ਦੇ ਇੰਗਲੈਂਡ ਆਉਣ ’ਤੇ ਮੈਂ ਕੁਝ ਪੈਸੇ ਉਨ੍ਹਾਂ ਦੇ ਹੱਥ ’ਤੇ ਰੱਖਦਾ ਤਾਂ ਉਨ੍ਹਾਂ ਨੂੰ ਉਹੀ ਪੈਸੇ ਬਹੁਤ ਭਾਰੇ ਲਗਦੇ ਸਨ।

ਮੈਂ ਬਲਵੰਤ ਨੂੰ ਕਦੇ ਪੁਛਿਆ ਨਹੀਂ ਕਿ ਉਸ ਨੂੰ ਇੰਗਲੈਂਡ ਵਿਚ ਰਹਿਣ ਦੀ ਇਜਾਜ਼ਤ ਕਿਵੇਂ ਮਿਲੀ ਸੀ ਪਰ ਸ਼ਾਇਦ ਉਸ ਨੂੰ ਵੀ ਇਸੇ ਸ਼ਰਤ ਅਧੀਨ ਇੰਗਲੈਂਡ ਦੀ ਪੱਕੀ ਸਟੇਅ ਮਿਲੀ ਹੋਵੇਗੀ। ਬੇਸ਼ੱਕ ਉਸ ਦਾ ਬੇਟਾ ਚੰਗੇ ਭਲੇ ਪੈਸੇ ਕਮਾ ਰਿਹਾ ਸੀ ਪਰ ਬਲਵੰਤ ਦੇ ਜੋ ਅੰਦਰ ਚੱਲ ਰਿਹਾ ਹੋਵੇਗਾ ਜਾਂ ਉਹ ਕਿਸ ਭਾਰ ਹੇਠ ਹੋਵੇਗਾ, ਇਹ ਸਭ ਮੈਂ ਆਪਣੇ ਤਜੁਰਬੇ ਕਰਕੇ ਵਧੇਰੇ ਸਮਝ ਸਕਦਾਂ।

ਅੱਜ ਹੀ ਉਸ ਦੀ ਲਿਖੀ ਨਵੀਂ ਕਿਤਾਬ "ਕਦਮਾਂ ਦੇ ਨਿਸ਼ਾਨ" ਪ੍ਰਕਾਸ਼ਿਤ ਹੋਈ ਹੀ ਹੈ। ਇਹ ਕਿਤਾਬ ਪੰਜਾਬੀ ਸਭਿਆਚਾਰ ਦੇ ਵਿਸਥਾਰ ਤੋਂ ਸ਼ੁਰੂ ਹੋ ਕੇ ਇਸ ਦੇ ਇਤਿਹਾਸ, ਰਾਜਨੀਤੀ, ਪੰਜਬੀ ਲੋਕਾਂ ਦਾ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰ ਰਹਿਣ ਕਰਕੇ ਪ੍ਰਵਾਸ ਕਰਨਾ ਤੇ ਪ੍ਰਵਾਸ ਕੀਤੇ ਸਥਾਨਾਂ 'ਤੇ ਕਾਮਯਾਬੀ ਹਾਸਿਲ ਕਰਨ, ਭਾਵੇਂ ਉਹ ਡਰਾਈਵਰੀ ਹੋਵੇ ਜਾਂ ਫੌਜ, ਭਾਰਤ ਦੇ ਹੋਰ ਹਿੱਸੇ ਹੋਣ ਜਾਂ ਵਿਦੇਸ਼, ਦਾ ਭਰਪੂਰ ਜ਼ਿਕਰ ਕੀਤਾ ਹੈ।

ਹੁਣ ਉਹ ਆਪਣੀ ਸਵੈਜੀਵਨੀ "ਮਹਿਫੂਜ਼ ਪੱਲ" ਦੇ ਫਾਈਨਲ ਪਰੂਫ ਪੜ੍ਹ ਰਿਹਾ। ਲਗਦਾ ਹੈ ਇਹ ਇਕ ਵੱਖਰੀ ਕਿਸਮ ਦੀ ਕਿਤਾਬ ਹੋਵੇਗੀ, ਜਿਸਨੂੰ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਇਕ ਗਲਪ ਵਾਂਗ ਵੀ ਪੜ੍ਹਿਆ ਜਾ ਸਕੇਗਾ।

ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਬਾਰੇ ਦੂਜੇ ਲੇਖਕਾਂ ਦੀਆਂ ਬਹੁਤ ਘੱਟ ਹੀ ਟਿੱਪਣੀਆਂ ਮਿਲਦੀਆਂ ਹਨ, ਪਰ ਬਲਵੰਤ ਲਈ ਇਹ ਸਭ ਕੁਝ ਉਲਟ ਹੈ। ਬਲਵੰਤ ਦੀ ਪਹਿਲੀ ਹੀ ਕਿਤਾਬ "ਮਹਾਨਗਰ" ਬਾਰੇ ਬੇਸ਼ੁਮਾਰ ਚਰਚਾ ਹੋਇਆ। ਜਿਥੇ ਇਕ ਪਾਸੇ ਹਿੰਦੀ ਦੀ ਮਸ਼ਹੂਰ ਲੇਖਿਕਾ ਕ੍ਰਿਸ਼ਨਾ ਸੋਬਤੀ ਨੇ ਇਸ ਨੂੰ ਸਮੇਂ ਦੇ ਹਾਣ ਦੀਆਂ ਕਹਾਣੀਆਂ ਕਹਿ ਕੇ ਵਡਿਆਇਆ, ਉਥੇ ਹੀ ਪੰਜਾਬੀ ਦੀ ਸਿਰਮੌਰ ਕਹਾਣੀਕਾਰਾ ਅਜੀਤ ਕੋਰ ਨੇ ਲਿਖਿਆ ਕਿ ਇਸ ਕਿਤਾਬ ਵਿਚ ਸ਼ਾਮਿਲ "ਗੁਰਾਂਦਿੱਤਾ" ਤੇ "ਨਥੀਆ ਸਾਂਹਸਣ" ਇਸ ਕਿਤਾਬ ਦੀਆਂ ਪਟਰਾਣੀਆਂ ਕਹਾਣੀਆਂ ਹਨ। ਨਾਵਲਕਾਰ ਗੁਰਦਿਆਲ ਸਿੰਘ, ਸੁਤਿੰਦਰ ਸਿੰਘ ਨੂਰ, ਮਨਮੋਹਨ, ਸ਼ਰਨ ਮੱਕੜ, ਵਨੀਤਾ, ਅਮਰਜੀਤ ਗਰੇਵਾਲ, ਸਵਰਨ ਚੰਦਨ, ਰਜਨੀਸ਼ ਬਹਦੁਰ ਸਿੰਘ ਤੋਂ ਬਿਨਾਂ ਹੋਰ ਵੀ ਢੇਰ ਸਾਰੇ ਲੋਕ ਸ਼ਾਮਿਲ ਹਨ, ਜਿਨ੍ਹਾਂ ਵੱਖ ਵੱਖ ਅਖਬਾਰਾਂ ਰਸਾਲਿਆਂ ਵਿਚ ਬਲਵੰਤ ਦੀਆਂ ਕਹਾਣੀਆਂ 'ਤੇ ਟਿੱਪਣੀਆਂ ਕੀਤੀਆਂ।ਨੂਰ ਨੇ ਤਾਂ ਬਲਵੰਤ ਬਾਰੇ ਦੋ ਜਾਂ ਤਿੰਨ ਵਾਰੀ ਪੰਜਾਬੀ ਟ੍ਰਿਬਿਉਨ 'ਚ ਲਿਖਿਆ, ਤੇ ਇਕ ਵੇਰ ਸਮਦਰਸ਼ੀ ਵਿਚ ਵੀ," 'ਮਹਾਨਗਰ' ਬਲਵੰਤ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ। ਪਰ ਪਹਿਲੇ ਹੀ ਕਹਾਣੀ ਸੰਗ੍ਰਹਿ ਰਾਹੀਂ ਉਹ ਇਕ ਪਰਪੱਕ ਕਹਾਣੀਕਾਰ ਦੇ ਰੂਪ ਵਿਚ ਸਾਹਮਣੇ ਆਇਆ ਹੈ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਉਹ ਕਾਫੀ ਸਮੇਂ ਤੋਂ ਕਹਾਣੀ ਰਚਨਾ ਦੇ ਨਾਲ ਜੂਝ ਰਿਹਾ ਸੀ, ਕਹਾਣੀ ਦੇ ਪ੍ਰਤੀਮਾਨ ਸਮਝ ਰਿਹਾ ਸੀ ਤੇ ਨਾਲੋ ਨਾਲ ਸਮਕਾਲੀਨ ਕਹਾਣੀ ਨੂੰ ਘੋਖ ਰਿਹਾ ਸੀ।...ਇਸ ਪ੍ਰਕ੍ਰਿਆ ਵਿਚ ਉਸ ਦੀ ਚੇਤਨਾ ਵਿਚ ਜਿਸ ਤਰ੍ਹਾਂ ਦੀ ਕਹਾਣੀ ਦੀ ਪਹਿਚਾਣ ਕਾਇਮ ਹੋਈ ਹੈ ਉਹ ਪੰਜਾਬੀ ਦੇ ਕਿਸੇ ਹੋਰ ਕਹਾਣੀਕਾਰ ਨਾਲ ਨਹੀਂ ਮਿਲਦੀ। ਉਹ ਆਪਣੀ ਕਹਾਣੀ ਦੇ ਮਾਡਲ ਖੁਦ ਬਣਾਉਂਦਾ ਹੈ, ਕਿਉਂਕਿ ਉਸ ਦੀਆਂ ਕਹਾਣੀਆਂ ਦੇ ਥੀਮ ਹੀ ਅਲੱਗ ਹਨ। ਪਰ ਗੱਲਾਂ ਉਹ ਹਨ ਜੋ ਸਾਡੇ ਸਾਹਵੇਂ ਰੋਜ਼ ਵਾਪਰਦੀਆਂ ਹਨ, ਪਰ ਆਮ ਕਹਾਣੀਕਾਰ ਉਨ੍ਹਾਂ ਹੀ ਨੂੰ ਦੇਖ ਕੇ ਵੀ ਅੱਖੋਂ ਪਰੋਖੇ ਕਰ ਦਿੰਦੇ ਰਹੇ ਹਨ। ਪਰ ਬਲਵੰਤ ਦੀ ਅੱਖ ਇਸ ਨੂੰ ਧੁਰ ਅੰਦਰ ਤੀਖ ਤਲਾਸ਼ਦੀ ਹੈ। ਇਸ ਲਈ ਉਸ ਦੀ ਕਹਾਣੀ ਨੂੰ ਪੰਜਾਬੀ ਦੀ ਉਸ ਸਮਕਾਲੀਨ ਅਤੇ ਨਵੀ ਕਹਾਣੀ ਨਾਲ ਸੰਬੰਧਤ ਕੀਤਾ ਜਾ ਸਕਦਾ ਹੈ ਜੋ ਪ੍ਰੰਪਰਕ ਸੀਮਾਵਾਂ ਤੋਂ ਆਜ਼ਾਦ ਹੋ ਰਹੀ ਹੈ। ਜਿਸ ਦੀ ਸਮਾਜਿਕਤਾ, ਨੈਤਿਕਤਾ ਪਹਿਲਾਂ ਨਾਲੋਂ ਅਲੱਗ ਹੈ। ਜਿਸ ਕਿਸਮ ਦਾ ਅਹਿਸਾਸ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਪੜ੍ਹ ਕੇ ਆਉਂਦਾ ਹੈ, ਪਰ ਕਹਾਣੀਆਂ ਦੇ ਇਸ ਮਾਡਲ ਵਿਚ ਮੰਟੋਂ ਤੋਂ ਬਹੁਤ ਕੁਝ ਭਿੰਨ ਹੈ। ਭਾਵੇਂ ਕਹਾਣੀਕਾਰ ਉਸੇ ਤਰ੍ਹਾਂ ਪਾਤਰਾਂ ਦੇ ਯਥਾਰਥ ਅਤੇ ਸਥਿਤੀਆਂ ਨੂੰ ਪੇਸ਼ ਕਰਦਿਆਂ ਹੋਇਆਂ ਬੇਲਿਹਾਜ਼ ਹੈ। ਇਹ ਸਥਿਤੀਆਂ ਗੰਭੀਰ ਵੀ ਹਨ। ਮਨੁੱਖ ਨੂੰ ਅੰਦਰ ਤਕ ਨੰਗਾ ਕਰਦੀਆਂ ਹਨ। ਸਾਨੂੰ ਪਾਤਰਾਂ ਦੇ ਅਵਚੇਤਨ ਤਕ ਲੈ ਜਾਂਦੀਆਂ ਹਨ। ਇਸ ਲਈ ਇਨ੍ਹਾਂ ਕਹਾਣੀਆਂ ਨੂੰ ਪਹਿਲਾਂ ਹੀ ਨਿਸਚਿਤ ਪ੍ਰਤੀਮਾਨਾਂ ਨੂੰ ਧਾਰਣ ਕਰਕੇ ਨਹੀਂ ਪੜਿਹਆ ਜਾ ਸਕਦਾ। ਇਨ੍ਹਾਂ ਕਹਾਣੀਆਂ ਦੀ ਸੁਤੰਤਰ ਟੈਕਸਟ ਨੂੰ ਧਿਆਨ 'ਚ ਰੱਖ ਕੇ ਪੜ੍ਹਨਾ ਪਵੇਗਾ।"

ਪ੍ਰੋਫੈਸਰ ਸੁਤਿੰਦਰ ਸਿੰਘ ਨੂਰ ਨੇ ਆਪਣੇ 'ਸਮਦਰਸ਼ੀ' 'ਚ ਪ੍ਰਕਾਸ਼ਿਤ ਲੇਖ ਵਿਚ ਲਿਖਿਆ ਕਿ, " 'ਸਪਨੇ ਤੇ ਸੌਦਾਗਰ' ਨੂੰ ਪੰਜਾਬੀ ਦੀ ਪਹਿਲੀ ਉੱਤਰ-ਮਾਰਕਸਵਾਦੀ ਕਹਾਣੀ ਕਹਿਣਾ ਚਾਹਾਂਗਾ। ਕੇਵਲ ਇਸ ਲਈ ਨਹੀਂ ਕਿਉਂਕਿ ਉੱਤਰ-ਮਾਰਕਸਵਾਦੀ ਸਥਿਤੀ ਨੂੰ ਬਿਆਨ ਕਰਦੀ ਹੈ, ਬਲਕਿ ਇਸ ਲਈ ਭੀ ਕਿਉਂਕਿ ਅਸੀਂ ਮਾਰਕਸਵਾਦੀ ਆਦਰਸ਼ਵਾਦ ਤੋਂ ਕਹਾਣੀ ਦੀ ਸੰਰਚਨਾ ਵਲ ਜੋ ਸੰਕੇਤ ਕੀਤਾ ਸੀ, ਇਸ ਕਹਾਣੀ ਦੀ ਸੰਪੂਰਣ ਸੰਰਚਨਾ ਵੀ ਇਸ ਤੋਂ ਭਿੰਨ ਹੈ।...ਕਲਾਸਿਕ ਦ੍ਰਿਸ਼ਟੀ ਤੋਂ ਮਾਕਸਵਾਦੀ ਪੈਰਾਡਾਈਮ ਦੀ ਕਹਾਣੀ ਲਿਖਣੀ ਸੰਭਵ

ਨਹੀਂ ਰਹਿੰਦੀ, ਜਿਸ ਉਪਰ ਮਾਰਕਸਵਾਦ ਚੇਤਨ-ਅਵਚੇਤਨ ਤੌਰ ਤੇ ਆਪਣੀ ਪਰਛਾਈਂ ਕਾਇਮ ਕਰ ਲੈਂਦਾ ਸੀ।...ਜਦ ਉਹ (ਬਲਵੰਤ) ਮਹਾਨਗਰ ਦੇ ਜੀਵਨ ਜਾਂ ਮਨੁੱਖ ਵਿਚ ਆ ਚੁੱਕੀ ਵਿਕ੍ਰਿਤੀ ਨੂੰ ਚਿਤ੍ਰਿਤ ਕਰਦਾ ਹੈ, ਤਾਂ 'ਗੁਰਾਦਿੱਤਾ' ਦੀ ਤਰ੍ਹਾਂ ਕ੍ਰਾਈਮ ਜਗਤ ਨੂੰ ਵੀ ਚਿਤ੍ਰਿਤ ਕਰਦਾ ਹੈ, ਜਿਸ ਵਿਚ ਉਹਨੂੰ ਪਰੰਪਰਾਗਤ ਕਹਾਣੀ ਦੀ ਤਰ੍ਹਾਂ ਇਹ ਫਿਕਰ ਨਹੀਂ ਹੁੰਦਾ ਕਿ ਉਹ ਓਨ੍ਹਾਂ ਕੜੀਆਂ ਨੂੰ ਬਿਆਨ ਕਰੇ ਕਿ ਇਹ ਜਗਤ ਪੂੰਜੀਵਾਦ, ਆਦਰਸ਼ਵਾਦ ਜਾਂ ਕਿਹੜੀ ਕਿਹੜੀ ਸਥਿਤੀ ਦੇ ਕਾਰਣ ਪੈਦਾ ਹੋਇਆ। ਇਹ ਤਾਂ ਉਥੇ ਵੀ ਘਟ ਸਕਦਾ ਹੈ, ਜਿੱਥੇ ਸਮਾਜਵਾਦ ਨੇ ਜਨਮ ਲਿਆ ਤੇ ਵਿਕਸਿਤ ਹੋਇਆ, ਜਿਵੇਂ ਉਸ ਨੇ 'ਸਪਨੇ ਤੇ ਸੌਦਾਗਰ' ਵਿਚ ਬਿਆਨ ਕੀਤਾ ਹੈ। ਉਹ ਇਸ ਸ਼੍ਰੇਣੀ-ਵਿਸ਼ਲੇਸ਼ਣ ਦੇ ਪੈਰਾਡਾਈਮ ਤੋਂ ਸੁਤੰਤਰ ਹੋ ਕੇ ਕਹਾਣੀ ਦੀ ਰਚਨਾ ਕਰ ਰਿਹਾ ਹੈ। .. ਪਰ ਨਾਲ ਹੀ ਉਤਰ-ਫ੍ਰਾਇਡ ਪੈਰਾਡਾਈਮ ਦਾ ਕਹਾਣੀਕਾਰ ਕਹਿ ਰਿਹਾ ਹਾਂ। ਉਹ ਮਾਨਵੀ ਯਥਾਰਥ ਵਿਚ ਪਣਪ ਚੁਕੀ ਵਿਕ੍ਰਿਤੀ ਦਾ ਵੀ ਧਿਆਨ ਕਰਦਾ ਹੈ ਅਤੇ ਅਵਚੇਤਨ 'ਚ ਸੁੱਤੇ ਹੋਏ ਮਨੁੱਖ ਨੂੰ ਵੀ ਨਾਲ ਨਾਲ ਉਸਾਰਦਾ ਚਲਾ ਜਾਂਦਾ ਹੈ।''

ਇਨ੍ਹਾਂ ਤੋਂ ਬਿਨਾਂ ਵੀ ਹੋਰ ਬਹੁਤ ਲੇਖਕਾਂ ਅਖਬਾਰਾਂ ਨੇ ਟਿੱਪਣੀਆਂ ਕੀਤੀਆਂ।

ਬਲਵੰਤ ਮੁਤਾਬਿਕ ਗੁਰਦਿਆਲ ਸਿੰਘ ਨੇ ਉਸ ਨੂੰ ਚੌਦਾਂ ਖਤ ਲਿਖੇ।ਪਹਿਲੇ ਖਤ ਵਿਚ ਗੁਰਦਿਆਲ ਸਿੰਘ ਲਿਖਦਾ ਹੈ ਕਿ ਕ੍ਰਿਸ਼ਨਾ ਸੋਬਤੀ ਤਾਂ ਅਜਿਹੀ ਲੇਖਿਕਾ ਹੈ ਜੋ ਸਕੇ ਪਿਓ ਦਾ ਵੀ ਲਿਹਾਜ ਨਹੀਂ ਕਰਦੀ। ਉਸ ਲਿਖਿਆ ਕਿ ਕਹਾਣੀਆਂ ਪੜ੍ਹ ਕੇ ਆਪਣੀ ਰਾਇ ਦੇਵੇਗਾ। ਅਗਲੇਖਤ 'ਚ ਲਿਖਿਆ ਕਿ ਤੇਰੀ ਕਹਾਣੀ ''ਸੁਪਨੇ ਤੇ ਸੌਦਾਗਰ'' ਪੜ੍ਹੀ। ਨਿੱਠ ਕੇ।ਮੇਰੀ ਰਾਇ ਇਹ ਹੈ ਕਿ ਜੋ ਗੱਲ ਤੂੰ ਤੇਰ੍ਹਾਂ ਸਫਿਆਂ ਵਿਚ ਕਹਿ ਦਿੱਤੀ ਹੈ ਉਹ ਅਸੀਂ ਸੌ ਲੇਖਾਂ ਵਿਚ ਵੀ ਨਹੀਂ ਕਹਿ ਸਕਦੇ। ਮਗਰਲੇ ਖਤ 'ਚ ਉਸ ਲਿਖਿਆ ਕਿ ਤੇਰੀਆਂ ਕਹਾਣੀਆਂ ਪੜ੍ਹ ਕੇ ਮੇਰਾ ਇਕ ਦੋਸਤ ਸਾਰੀ ਰਾਤ ਸੌਂ ਨਹੀਂ ਸਕਿਆ।ਮੈਂ ਹੈਰਾਨ ਹਾਂ ਕਿ ਕਿਸੇ ਦੀ ਕੋਈ ਕਹਾਣੀ ਇੰਨਾ ਅਸਰ ਵੀ ਕਰ ਸਕਦੀ ਹੈ?

ਬਲਵੰਤ ਉਪਰ ਇਕ ਭਾਰ ਹੋਰ ਵੀ ਹੈ ਤੇ ਉਹ ਹੈ ਅਜਨਬੀਅਤ ਦਾ। ਇੰਗਲੈਂਡ ਵਿੱਚ ਅਣਜਾਣ ਹੋਣ ਦਾ। ਕਿੱਥੇ ਦਿੱਲੀ ਦੀ ਹਰ ਮਹਿਫਲ ਦਾ ਸ਼ਿੰਗਾਰ ਬਲਵੰਤ ਤੇ ਇਥੇ ਮਹਿਫਲਾਂ ਵਿੱਚ ਇਕ ਦਮ ਅਜਨਬੀ। ਇਥੇ ਕਿਸੇ ਨੂੰ ਉਸ ਦੀ ਮਹੱਤਤਾ ਦਾ ਗਿਆਨ ਹੀ ਨਹੀਂ, ਖਾਸ ਤੌਰ 'ਤੇ ਨਵੀਂ ਪੀਹੜੀ ਵਿਚ। ਦਿੱਲੀ ਵਿੱਚ ਹਰ ਵੇਲੇ ਰੁਝੇ ਰਹਿਣ ਵਾਲਾ ਬਲਵੰਤ ਇੰਗਲੈਂਡ ਵਿੱਚ ਵਿਹਲਾ ਜਿਹਾ ਹੋ ਗਿਆ ਸੀ। ਇੰਗਲੈਂਡ ਵਿੱਚ ਸਾਹਿਤਕ ਸਫਾਂ ਵਿੱਚ ਬਹੁਤਾ ਕੁਝ ਨਹੀਂ ਸੀ ਹੋ ਰਿਹਾ। ਇੰਗਲੈਂਡ ਵਿੱਚ ਬਹੁਤੇ ਲੇਖਕ ਹੈਨ ਵੀ ਨਹੀਂ ਸਨ ਤੇ ਸਾਹਿਤਕ ਸਰਗਰਮੀਆਂ ਵੀ ਘੱਟ ਹੀ ਸਨ। ਕਿਸੇ ਵੀ ਮੰਚ ਉਪਰ ਜਾ ਕੇ ਚੇਤਨ ਤੌਰ 'ਤੇ ਜਾਂ ਅਵਚੇਤਨ ਵਿੱਚੋਂ ਹੀ ਚਿਤਾਰਨਾ ਪੈਂਦਾ ਕਿ ਇਹ ਉਹੀ ਦਿੱਲੀ ਵਾਲਾ ਬਲਵੰਤ ਹੈ। ਦਿੱਲੀ ਵਿੱਚ ਬਲਵੰਤ ਇਕ ਵਿਸ਼ੇਸ਼ ਵਿਅਕਤੀ ਸੀ ਪਰ ਇੰਗਲੈਂਡ ਆ ਕੇ ਨਹੀਂ ਸੀ ਰਿਹਾ। ਇਸ ਵਿਸ਼ੇਸ਼ ਹੋਣ ਦੇ ਗੁਆਚਣ ਦਾ ਭਾਰ ਵੀ ਬਹੁਤ ਹੁੰਦਾ ਹੈ। ਇੰਗਲੈਂਡ ਵਿੱਚ ਆਪਣੀ ਜਗਾਹ ਬਣਾਉਣ ਲਈ, ਆਪਣੇ ਆਪ ਨੂੰ ਸਬੂਤਾ ਕਰਨ ਲਈ ਉਸ ਨੂੰ ਦੁਬਾਰਾ ਕੰਮ ਕਰਨਾ ਪਿਆ।

ਬਲਵੰਤ ਨੇ ਇੰਗਲੈਂਡ ਆ ਕੇ ਫਿਰ ਹੌਲੀ ਹੌਲੀ ਜ਼ਿੰਦਗੀ ਨੂੰ ਜਿਉਣ ਢੰਗ, ਕੁਝ ਤਬਦੀਲੀਆਂ ਨਾਲ, ਆਪਣੀ ਮਰਜ਼ੀ ਦਾ ਕਰ ਲਿਆ ਹੈ। ਇਸੇ ਫੇਜ਼ ਨੂੰ ਦੇਖਦਿਆਂ ਮੈਂ ਉਸ ਨੂੰ ਜ਼ਿੰਦਗੀ ਦਾ ਹੀਰੋ ਕਹਿੰਦਾ ਹਾਂ। ਮੈਂ ਉਸ ਨੂੰ ਆਪਣਾ ਆਈਡਲ ਮੰਨਦਾ ਹਾਂ।ਜਿਊਣ ਦਾ ਹੁਨਰ ਬਲਵੰਤ ਨੂੰ ਆਉਂਦਾ ਹੈ ਤੇ ਇਹੋ ਜ਼ਿੰਦਗੀ ਹੈ।


ਹਰਜੀਤ ਅਟਵਾਲ

ਬਲਵੰਤ ਆਪਣੇ ਇਕ ਸ਼ੇਅਰ 'ਚ ਜੀਵਨ ਨੂ ਕੁਝ ਇੰਝ ਬਿਆਨ ਕਰਦਾ ਹੈ:

ਦੁੱਖ ਹਾਸਿਆਂ 'ਚ ਨੱਚਦਾ ਫਿਰੇ
ਨੀਂ ਜ਼ਿੰਦਗੀ ਤੂੰ ਕਿੱਥੇ ਵੱਸਦੀ?

ਕਵਿਤਾਵਾਂ :

# *ਕੰਵਲਜੀਤ ਭੁੱਲਰ*

## *ਵਕਤ*

ਐ ਵਕਤ ! ਮੈਂ ਤੇਰੇ ਨਾਲ ਵੀ ਨਜਿੱਠ ਲਵਾਂਗਾ
ਅਜੇ ਸਮਾਂ ਤੈਨੂੰ ਪਰਖਣ ਦਾ ਨਹੀਂ, ਹੋਰ ਭਟਕਣ ਦਾ ਹੈ
ਮੈਂ ਤਾਂ ਯੁਗਾਂ ਤੋਂ ਤੁਰਿਆ ਹੋਇਆ ਹਾਂ
ਓਝੜ ਰਾਹਾਂ, ਮਲ੍ਹੇ ਝਾੜੀਆਂ, ਪਗਡੰਡੀਆਂ, ਕੁੱਲੀਆਂ, ਕੱਚੇ ਘਰਾਂ ਨੂੰ ਹੰਢਾ ਕੇ
ਮਸਾਂ ਪੱਕੀਆਂ ਸੜਕਾਂ ਤੇ ਫਲੈਟਾਂ ਤੱਕ ਪੁੱਜਾ ਹਾਂ !

ਹਾਲੇ ਤਾਂ ਮੈਂ ਖੁੱਸ ਗਏ ਰੁੱਖ ਲੱਭਣੇ ਹਨ
ਸਕੂਟੀਆਂ ਉੱਪਰ ਧੂੜਾਂ ਉਡਾਉਂਦੀਆਂ ਮੁਟਿਆਰਾਂ 'ਚੋਂ
ਖੇਤਾਂ 'ਚ ਭੱਤਾ ਲੈ ਜਾਣ ਵਾਲਾ ਚਿਹਰਾ ਪਹਿਚਾਨਣਾ ਹੈ
ਮੋਬਾਈਲਾਂ 'ਚ ਗੁਆਚੇ ਆਲੇ-ਦੁਆਲੇ ਤੋਂ ਅਨਜਾਣ ਬੱਚਿਆਂ 'ਚੋਂ
ਸੂਏ-ਨਹਿਰਾਂ ਵਿਚ ਕਿਲਕਾਰੀਆਂ ਮਾਰਦਾ ਬਚਪਨ ਤਲਾਸ਼ਣੈ !

ਐ ਵਕਤ ! ਤੂੰ ਤੁਰਿਆ ਚੱਲ...ਬੇਸ਼ੱਕ ਨਾ ਉਡੀਕ ਮੈਨੂੰ
ਪਰ ਰੁਕਿਆ ਮੈਂ ਵੀ ਨਹੀਂ
ਉਂਜ ਮੇਰੀ ਪੈੜਚਾਲ ਸੁਣਦਾ ਰਹੀਂ...ਮੈਂ ਤੁਰ ਰਿਹਾਂ ਹੌਲੀ ਹੌਲੀ
ਤੇ ਲੰਘ ਰਿਹਾ ਹਾਂ ਇਕ ਖ਼ੁਦਗਰਜ਼ ਬਸਤੀ ਦੀ ਗਲੀ ਵਿਚੋਂ
ਇਥੇ ਸ਼ੋਰ ਤਾਂ ਬਹੁਤ ਹੈ ਪਰ ਸੁਣਦਾ ਕੁਝ ਵੀ ਨਹੀਂ
ਏਨਾ ਕੁ ਜ਼ਰੂਰ ਮਹਿਸੂਸ ਹੋਇਐ
ਜਿਵੇਂ ਬੜੇ ਲਜ਼ੀਜ਼ ਪਕਵਾਨ ਵਰਤਾਏ ਜਾ ਰਹੇ ਹਨ
ਜਾਪਦੈ ਕੁਝ ਧਾਰਮਿਕ ਵਿਚਾਰਧਾਰਾ ਦੇ ਲੋਕ ਸ਼ਾਮਿਲ ਹਨ
ਤੇ ਕੁਝ ਸ਼ਾਇਦ ਕੱਟੜਤਾ ਦੀ ਹਾਮੀ ਭਰਨ ਵਾਲੇ
ਮੈਨੂੰ ਪਤਾ ਹੈ ਐਸੇ ਮੁੱਦਿਆਂ ਦਾ ਹੱਲ ਸਿਰਫ਼ ਦੰਗੇ ਹੀ ਹੁੰਦੇ ਨੇ
ਸੋ ਮੈਂ ਆਪਣੇ ਕਦਮਾਂ 'ਚ ਕਾਹਲ ਲੈ ਆਂਦੀ ਹੈ
ਤੂੰ ਹੱਸ ਕਿਉਂ ਰਿਹੈਂ ਐ ਵਕਤ
ਮੈਂ ਡਰਿਆ ਨਹੀਂ...ਬਸ ਇਕ ਸੋਚ ਹੈ ਕਿ
ਇਨ੍ਹਾਂ ਲੋਕਾਂ ਨਾਲ ਗੱਲ ਕਰਨਾ ਜਿਵੇਂ ਉਲਝਣਾ ਹੀ ਹੈ
ਸੋ ਵਕਤ ਜੀ, ਤੁਸੀਂ ਤੁਰੇ ਚਲੋ !

ਮੈਂ ਪੱਛੜ ਜ਼ਰੂਰ ਗਿਆਂ ਪਰ ਤੁਰ ਰਿਹਾਂ
ਐਸ ਵੇਲੇ ਮੈਂ ਇਕ ਐਸੀ ਬਸਤੀ 'ਚ ਪੁੱਜ ਗਿਆਂ
ਜਿਥੇ ਸੁਣਿਐ ! ਸੱਚੇ-ਸੁੱਚੇ ਤੇ ਮਿਹਨਤਕਸ਼ ਲੋਕਾਂ ਦਾ ਬਸੇਰਾ ਹੈ
ਬੱਚੇ ਭੁੱਖ ਨਾਲ ਬਿਲਖ ਰਹੇ ਨੇ
ਔਰਤਾਂ ਅੱਧਨੰਗੇ ਜਿਸਮ ਢੱਕਣ ਦੀ ਹਮੇਸ਼ਾ ਕੋਸ਼ਿਸ਼ 'ਚ ਹਨ
ਬਜ਼ੁਰਗ ਬੀਤ ਗਏ ਚੰਗੇ ਦਿਨਾਂ ਦੀਆਂ ਗੱਲਾਂ ਕਰ ਕਰ
ਆਪਣਾ ਅੱਜ ਜੀਅ ਰਹੇ ਨੇ
ਏਥੇ ਵੱਡੀਆਂ ਵੱਡੀਆਂ ਇਮਾਰਤਾਂ ਉਸਾਰਣ ਵਾਲੇ

ਬੇ-ਘਰੇ ਵੀ ਹਨ
ਮੈਂ ਪੁੱਛ ਕੇ ਵੇਖ ਲਿਐ—ਮਿਹਨਤ ਇਨ੍ਹਾਂ ਦਾ ਧਰਮ ਹੈ
ਤੇ ਦੋ ਵਕਤ ਦੀ ਰੋਟੀ ਹੀ ਇਨ੍ਹਾਂ ਦਾ ਧਰਮ-ਸਥੱਲ ਹੈ

ਪਰ ਐ ਵਕਤ ! ਤੈਨੂੰ ਮੌਜਾਂ
ਨਾ ਫ਼ਿਕਰ ਨਾ ਫ਼ਾਕਾ, ਨਾ ਚੋਰੀ ਨਾ ਡਾਕਾ
ਤੂੰ ਤਾਂ ਬਸ...ਚੱਲ ਸੋ ਚੱਲ !!!

## *ਸਮੁੰਦਰ ਬਨਾਮ ਸੋਚ ਦੀ ਗਹਿਰਾਈ ਕਥਾ*

ਸਮੁੰਦਰ ਓਨਾ ਕਿੱਥੇ ਗਹਿਰਾ ਹੋਣਾ ਜਿੰਨਾ ਗਹਿਰਾਈ
ਸੋਚਾਂ ਵਿਚ ਡੁੱਬੇ ਸ਼ਖ਼ਸ ਦੇ ਜ਼ਿਹਨ ਦੀ ਹੁੰਦੀ ਏ
ਉਂਝ ਮਿਥਿਹਾਸ ਤੇ ਇਤਿਹਾਸ ਵਿਚ ਫ਼ਰਕ ਹੋਣਾ ਤਾਂ ਲਾਜ਼ਮੀ ਹੈ

ਸੋ ਉਹ ਇਤਿਹਾਸ ਦਾ ਚੌਥਾ ਪੰਜਵਾਂ ਪੰਨਾ ਹੀ ਹੋਵੇਗਾ ਸ਼ਾਇਦ
ਕਿਉਂ ਜੁ ਪਹਿਲੇ ਪੰਨੇ ਤੋਂ ਲੈ ਕੇ ਉਹਦੀ ਹੋਂਦ ਤੱਕ
ਤਾਂ ਲੇਖਕ ਦੇ ਖ਼ੁਦ ਦੇ ਹੀ ਚਰਚੇ ਹੋਣਗੇ
ਉਹਨੂੰ ਨਹੀਂ ਚਾਹੀਦੇ ਸ਼ਰਾਬ ਦੀ ਬਦਬੂ ਨਾਲ ਭਰੇ ਪਹਿਲੇ ਦੋ ਤਿੰਨ ਪੰਨੇ
ਉਹਨੂੰ ਤਾਂ ਠੋਸ ਪੰਨੇ ਚਾਹੀਦੇ ਹਨ ਜਿਨ੍ਹਾਂ ਉੱਪਰ ਕਲਮਕਾਰ ਨੇ
ਆਪਣਾ ਆਪਾ ਵਾਰਿਆ ਹੋਵੇ
ਉਹਨੂੰ ਸੱਚਾਈ ਮੰਜ਼ੂਰ ਹੈ ਪਰ ਜ਼ਖ਼ਮਾਂ ਉੱਪਰ ਰੱਖੇ ਫੰਬੇ ਮਨਜ਼ੂਰ ਨਹੀਂ

ਤੁਸੀਂ ਕਿਵੇਂ ਕਹਿ ਸਕਦੇ ਹੋ—"ਸਬਰ ਰੱਖ...ਕੁਝ ਪਲ ਦਾ ਦਰਦ ਹੈ"
ਉਹ ਤਾਂ ਯੁਗਾਂ ਤੋਂ ਸਹਿ ਰਿਹਾਂ ਇਹ ਦਰਦ ਆਖ਼ਿਰ ਇਲਾਜ ਕੀ ਹੈ
ਤੁਹਾਡੀ ਚੁੱਪ ਜਾਂ ਉਸਦਾ ਸ਼ੋਰ
ਉਂਝ ਉਹਦਾ ਸ਼ੋਰ ਵੀ ਓਨਾ ਰੌਲਾ-ਖੌਰਾ ਨਹੀਂ, ਜਿੰਨੀ ਤੁਹਾਡੀ ਚੁੱਪ ਡਰਾ ਰਹੀ ਏ
ਜਾਣਦੇ ਹੋ ?...ਉਹਦੀ ਚੁੱਪ ਹੀ ਉਹਦੇ ਸ਼ਬਦ ਨੇ
ਅਜੇ ਜੋ ਉਸਨੇ ਕਹਿਣਾ ਹੈ ਉਹ ਸੁਨਣ ਲਈ, ਤੁਹਾਡੇ ਕੰਨ ਹੀ ਅਜੇ ਓਪਰੇ ਹਨ
ਸੋ ਉਸਦੀ ਚੁੱਪ ਸੁਨਣ ਲਈ ਆਪਣੇ ਕੰਨਾਂ ਨੂੰ ਉਜਾਗਰ ਕਰੋ
ਉਹਦੀ ਚੁੱਪ ਵਿਚ ਲੱਖਾਂ ਸ਼ਬਦ ਹੋਣਗੇ
ਕਿਸੇ ਇਕ ਦਾ ਵੀ ਥਹੁ ਪਤਾ ਲੱਭੋਂਗੇ ਤਾਂ ਬਹੁਤਿਆਂ ਦੇ ਅਰਥ ਮਿਲ ਜਾਣਗੇ
ਇਕ ਚੁੱਪ ਸੌ ਸੁੱਖ ਤੋਂ ਉਹ ਬਹੁਤ ਉਰ੍ਹੇ ਹੀ ਖੜੈ
ਇਕਦਮ ਉਸਨੇ ਮਿਲਣਾ ਵੀ ਨਹੀਂ
ਉਸ ਨੂੰ ਮਿਲਣ ਲਈ ਤੁਹਾਨੂੰ ਆਪਣੇ ਅੰਦਰੋਂ ਲੰਘ ਕੇ ਆਉਣਾ ਪੈਣੈ
ਉਹ ਕਮਜ਼ੋਰ ਸ਼ਾਖ ਉੱਤੇ ਖੜ੍ਹਾ, ਇਕ ਨਿਡਰ ਇਨਸਾਨ ਹੈ

ਉਹ ਸਮੁੰਦਰਾਂ ਨੂੰ ਮਿਹਣੇ ਦੇ ਕੇ
ਆਪਣੀ ਸੋਚ ਦੀ ਗਹਿਰਾਈ ਮਾਪਣ ਨਿਕਲ ਤੁਰਿਆ
ਰਾਹ ਔਖੇ ਸੀ ਪਰ ਦੁਸ਼ਵਾਰੀਆਂ ਕਿਤੇ ਪਰ੍ਹੇ ਸਨ
ਚੰਗੀ ਸੋਚ ਨਾਲ ਤੁਰਿਆ, ਪਰ ਉਸ ਦੀਆਂ ਨਜ਼ਰਾਂ ਜੋ ਵੇਖਦੀਆਂ
ਉਹ ਉਸਦੀ ਸੋਚ ਨਾਲ ਮੇਲ ਨਾ ਖਾ ਕੇ, ਸਗੋਂ ਉਸ ਨੂੰ ਵਲੂੰਧਰ ਦਿੰਦੀਆਂ
ਭੁੱਖ ਨਾਲ ਤੜਪਦੇ ਨੰਗੇ-ਧੜੰਗੇ ਬੱਚੇ

ਤੇ ਉਨ੍ਹਾਂ ਦੀ ਚੀਖ ਬਨਣ ਵਾਲੇ ਅਜੋਕੇ ਲੇਖਕ
ਤਿੰਨ ਤਾਰੇ ਹੋਟਲਾਂ 'ਚੋਂ ਸਨਮਾਨਿਤ ਹੋ ਕਾਰਾਂ ਵਿਚ ਰਵਾਨੀ ਲੈਂਦੇ ਵੇਖ

ਉਹ ਸਮੁੰਦਰ ਨੂੰ ਮਿਹਣੇ ਦੇਣ ਲਈ ਆਪਣੇ ਆਪ ਵਿਚ ਹੀ ਸ਼ਰਮਿੰਦਾ ਸੀ
ਨੇਤਾਵਾਂ ਦੇ ਭਾਸ਼ਣ ਉੱਪਰ ਜੈ ਜੈ ਕਾਰ ਕਰਦੀ ਜਨਤਾ
ਤੇ ਭਾਸ਼ਣਾਂ ਮਗਰੋਂ ਉਨ੍ਹਾਂ ਦੇ ਧੂੜ ਉਡਾਉਂਦਿਆਂ
ਜਾਂਦੇ ਕਾਰਾਂ ਦੇ ਕਾਫਿਲੇ ਰਾਹੀਂ
ਜਨਤਾ ਦੀਆਂ ਅੱਖਾਂ ਵਿਚ ਘੱਟਾ ਪੈਂਦਾ ਵੇਖ
ਉਹ ਸਮੁੰਦਰ ਨੂੰ ਮਿਹਣੇ ਦੇਣ ਲਈ
ਆਪਣੇ ਆਪ ਵਿਚ ਹੀ ਸ਼ਰਮਿੰਦਾ ਸੀ !!

ਮਹਿਸੂਸ ਉਹਨੂੰ ਵੀ ਹੋ ਰਿਹਾ ਸੀ
ਰਾਹਾਂ ਵਿਚ ਰਾਜਨੀਤੀ ਵੱਲੋਂ ਉਸਾਰੇ ਹਿੰਸਾ 'ਚ ਗੜੁੱਚ ਡਾਇਨਾਸੋਰ ਖਿੱਲਰੇ ਪਏ ਹਨ
ਪਰ ਚੰਗੀ ਸੋਚ ਲੈ ਕੇ ਤੁਰਿਆ
ਉਹ ਦੇਸ਼ ਭਗਤ ਵੀ ਤਾਂ ਸੀ
ਉਹਨੇ ਧਾਰਮਿਕ ਅਦਾਰਿਆਂ ਦੀ ਘੋਖ ਲਈ ਆਪਣੀ ਸੋਚ ਨੂੰ ਧਾਰਮਿਕ ਬਣਾ ਲਿਆ
ਕਿਉਂ ਜੁ ਉਸਨੇ ਸਮੁੰਦਰ ਨੂੰ ਦਿੱਤੇ ਮਿਹਣਿਆਂ ਨੂੰ ਸਹੀ ਵੀ ਤਾਂ ਸਾਬਤ ਕਰਨਾ ਸੀ !!

ਉਸ ਨੂੰ ਅਹਿਸਾਸ ਹੋਇਆ ਕਿ ਸਭ
ਨੌਕਰੀ ਪੇਸ਼ਾ ਲੋਕਾਂ ਵਾਂਗ ਆਪਣੀ ਰੋਜ਼ੀ ਰੋਟੀ ਦੇ
ਆਹਰ ਵਿਚ ਲੱਗੇ ਹੋਏ ਹਨ
ਇਸ ਵਿਚ ਗ਼ਲਤ ਕੁਝ ਵੀ ਨਹੀਂ ਸੀ
ਜੋ ਧਾਰਮਿਕ ਅਦਾਰਿਆਂ ਵਿਚ ਜੋ ਸਿੱਖੇਗਾ
ਓਹੀ ਉਸਦੀ ਰੋਜ਼ੀ-ਰੋਟੀ ਦਾ ਸੋਮਾ ਬਣੇਗਾ
ਬਸ ਇਨਸਾਨੀਅਤ ਦੇ ਪਹਿਰਾਵੇ ਤੋਂ ਵਾਂਝਾ ਹੋਣਾ ਲਾਜ਼ਮੀ ਹੈ
ਸਿਰਫ਼ ਹੱਥ ਨਾਲ ਹੀ ਬਿਰਤੀ ਜੋੜਨ ਵਾਲੇ
ਪ੍ਰਵਚਨਾਂ ਸਦਕੇ ਸਿਮਟ ਗਈ ਸੋਚ ਵਾਲੇ ਭਗਤ
ਅਬਦਾਲੀ ਦੀ ਸੋਮਨਾਥ ਮੰਦਰ ਉੱਪਰ ਲੁੱਟ-ਖੋਹ ਦੀ ਚੜ੍ਹਾਈ ਵੇਲੇ ਆਪਣਾ ਵਕਤ
ਉਸ ਨਾਲ ਜੂਝਣ ਦੀ ਬਜਾਏ ਪਾਠ-ਪੂਜਾ ਦੇ ਹਵਾਲੇ ਕਰ ਦੇਣਗੇ
ਅਖੇ—ਭਗਵਾਨ ਸਭ ਵੇਖ ਲੈਣਗੇ
ਇਹ ਸਭ ਕੁਝ ਵੇਖ
ਉਹ ਸਮੁੰਦਰ ਨੂੰ ਮਿਹਣੇ ਦੇਣ ਲਈ ਆਪਣੇ ਆਪ ਵਿਚ ਫੇਰ ਸ਼ਰਮਿੰਦਾ ਹੋ ਗਿਆ !!


ਉਹਨੇ ਹਿੰਮਤ ਨਹੀਂ ਹਾਰੀ
ਪਰ ਆਪਣੀ ਸੋਚ ਨਾਲ ਥੋੜ੍ਹਾ ਹੋਰ ਗਹਿਰਾ ਹੋਇਆ
ਉਹਨੇ ਇਹ ਵੀ ਜਾਣਿਆ ਕਿ ਲੋਕ
ਸੱਚਾਈ ਨੂੰ ਅੱਖੋਂ ਪਰੋਖੇ ਕਰਕੇ
ਨੇਤਾਵਾਂ ਦੇ ਭਾਸ਼ਣ ਤੇ ਧਾਰਮਿਕ ਪ੍ਰਚਾਰਕਾਂ ਉੱਪਰ
ਅੰਨ੍ਹੇਵਾਹ ਯਕੀਨ ਕਰਦੇ ਹਨ
ਉਹ ਹੈਰਾਨ ਸੀ ਕਿ ਨਾ ਤੇ ਕਿਸੇ ਭਾਸ਼ਣ ਵਿਚ
ਨਾ ਹੀ ਕਿਸੇ ਪ੍ਰਚਾਰਕ ਦੇ ਪ੍ਰਚਾਰ ਵਿਚ

ਇਨਸਾਨ ਬਣਾਉਣ ਦਾ ਕੋਈ ਨੁਸਖਾ ਸੀ
ਭਾਸ਼ਣਾਂ 'ਚ ਖ਼ੁਦ ਦੀ ਵਡਿਆਈ ਤੇ ਵਿਰੋਧੀ ਦੀ ਬੁਰਾਈ
ਪ੍ਰਚਾਰਾਂ 'ਚ ਆਪਣੇ ਆਪਣੇ ਧਰਮ ਦੀ ਦੁਹਾਈ ਸੀ
ਸਬੱਬ ਵੇਖਿਆ ਕਿ ਤਾਲੀਆਂ ਦੀ ਭਰਮਾਰ ਸੀ !!

ਉਹ ਸਮੁੰਦਰ ਨੂੰ ਮਿਹਣੇ ਦੇਣ ਲਈ
ਆਪਣੇ ਆਪ ਵਿਚ ਫੇਰ ਸ਼ਰਮਿੰਦਾ ਸੀ !!
ਉਸਦਾ ਚਿਹਰਾ ਧੁਖਣ ਲੱਗ ਪਿਆ
ਬੇਬਸੀ ਉਸ ਨੂੰ ਤਰਲੋ-ਮੱਛੀ ਕਰ ਰਹੀ ਸੀ
ਉਹ ਸਮੁੰਦਰ ਨੂੰ ਕੀ ਜਵਾਬ ਦੇਵੇਗਾ
ਕੀ ਮਨੁੱਖ ਦੀ ਸੋਚ ਵਿਚ ਏਨੀ ਵੀ ਗਹਿਰਾਈ ਨਹੀਂ
ਜੋ ਉਹ ਆਪਣਾ ਚੰਗਾ ਬੁਰਾ ਸੋਚ ਲਵੇ
ਇਕ ਦੂਜੇ ਨੂੰ, ਆਂਢ-ਗੁਆਂਢ ਨੂੰ ਪਹਿਚਾਣ ਸਕੇ
ਆਪਣਾ ਆਪਣਾ ਇੱਕੋ ਇੱਕ ਸਾਦਾ ਜੀਵਨ ਜੀਅ ਲਵੇ
ਇਨਸਾਨੀਅਤ ਲੱਭਣ ਤੁਰਿਆ
ਉਹ ਗ਼ੈਰ-ਇਨਸਾਨੀ ਦੁਨੀਆ ਵਿਚ ਵਿਚਰ ਰਿਹਾ ਸੀ
ਭਰਪੂਰ ਤਾਂਡਵ ਵੇਖ ਉਹ ਨਿਰਾਸ਼ ਹੀ ਹੋਣ ਲੱਗਾ ਸੀ
ਤਾਂ ਉਹ ਇਕ ਮੰਜ਼ਰ ਵੇ
ਥੋੜਾ ਠਠੰਬਰ ਗਿਆ...ਥੋੜਾ ਮੁਸਕਰਾਇਆ ਵੀ

ਉਹਨੂੰ ਸਮੁੰਦਰ ਨੂੰ ਮਿਹਣੇ ਦੇਣਾ ਸਹੀ ਲੱਗਾ
ਉਹਨੇ ਵੇਖਿਆ ਫੁੱਟਪਾਥਾਂ ਉੱਪਰ ਰਹਿੰਦੇ ਗ਼ਰੀਬ
ਕੰਮਾਂ ਕਾਰਾਂ ਤੋਂ ਥੱਕੇ ਹਾਰੇ ਮੁੜੇ ਲੋਕ ਮੁਸਕਰਾ ਰਹੇ ਨੇ
ਔਰਤਾਂ ਆਪਣੇ ਬੱਚਿਆਂ ਵਿਚ ਮਮਤਾ ਵੰਡ ਰਹੀਆਂ ਨੇ
ਮਰਦ ਇਕ ਦੂਜੇ ਨਾਲ ਦਿਨ ਸਾਂਝਾ ਕਰ ਰਹੇ ਹਨ
ਉਨ੍ਹਾਂ ਨੂੰ ਕੋਈ ਮਤਲਬ ਨਹੀਂ ਸੀ ਕੌਣ ਕਿਸ ਧਰਮ ਦਾ ਹੈ
ਜਾਂ ਕਿਹੜੀ ਪਾਰਟੀ ਕੀ ਰਾਜਨੀਤੀ ਕਰ ਰਹੀ ਹੈ
ਉਹ ਜੀਵਨ ਜਿਊਣ ਆਏ ਬਸ ਜੀਅ ਰਹੇ ਸਨ
ਉਹਨੇ ਸੋਚਿਆ ਇਕ ਥਾਂ 'ਤੇ ਤਾਂ ਅਸਲ ਦੁਨੀਆਂ
ਜੀਵਨ ਦੀ ਇਹ ਸੱਚ ਵਰਗੀ ਗਹਿਰਾਈ ਤਾਂ ਸਮੁੰਦਰ ਨੂੰ ਵੰਗਾਰ ਸਕਦੀ ਹੈ !!

ਪਰ ਸ਼ਾਇਦ ਉਹ ਗ਼ਲਤ ਸੀ
ਸਮੁੰਦਰ ਦੀ ਗਹਿਰਾਈ ਤੋਂ ਤਾਂ ਖ਼ੌਰਿਆ ਰੱਬ ਵੀ ਵਾਕਿਫ਼ ਨਾ ਹੋਵੇ
ਕਿਉਂ ਜੁ ਕੁਝ ਦਿਨਾਂ ਬਾਅਦ ਧਾਰਮਿਕ ਦੰਗੇ ਭੜਕੇ
ਰਾਜਨੀਤੀ ਉਨ੍ਹਾਂ ਗ਼ਰੀਬਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਗਈ
ਉਹ ਇਕ ਦੂਜੇ ਦੇ ਹੀ ਕਾਤਲ ਹੋ ਗਏ
ਲਹੂ ਲੁਹਾਣ ਜ਼ਮੀਨ ਕੁਰਲਾ ਉੱਠੀ
ਉਹ ਨਿੰਮੋਝੂਣਾ ਹੋ ਅਜੇ ਤਕ
ਸਮੁੰਦਰਾਂ ਦੀ ਸ਼ਾਂਤੀ 'ਤੇ ਉਨ੍ਹਾਂ ਵਿਚੋਂ ਉੱਠੇ
ਜਵਾਰ-ਭਾਟਿਆਂ ਵਿਚਕਾਰ ਗਹਿਰਾਈ ਮਿਣ ਰਿਹਾ ਹੈ !!!



ਕੰਵਲਜੀਤ ਭੁੱਲਰ
ਸੰਪ : 78373 63782

### *ਨਾਕਾ*

ਨਾਂ ਕੀ ਏ...?
...ਮਜ਼ੂਰ

ਕਰਦਾ ਕੀ ਐਂ...?
...ਹੁਣ ਕੁਝ ਨਹੀਂ

ਕਿਧਰੋਂ ਆਇਆਂ...?
...ਘਰੋਂ

ਜਾਣਾ ਕਿੱਧਰ ਐ...?
...ਘਰ

ਰਹਿੰਦਾ ਕਿੱਥੇ ਆਂ...?
...ਘਰੇ

ਘਰ ਕਿੱਥੇ ਆ...?
...ਜਿੱਥੇ ਮੈਂ ਰਹਿਣਾ

ਸਿਰ ਉੱਤੇ ਕੀ ਏ...?
...ਗੱਠੜੀ

ਗੱਠੜੀ 'ਚ ਕੀ ਏ ?
...ਘਰ

### *ਉਹਨੂੰ ਦੱਸੋ*

ਬੰਦੂਕ ਦੀ ਅੱਖ
ਧਰਤੀ ਨੂੰ ਨਹੀਂ ਦੇਖ ਸਕਦੀ

ਨ੍ਹੇਰਾ ਵਰਤਾਉਂਦੀ
ਰੌਸ਼ਨੀ ਹਨ ਬਿੰਬ

ਨਿਸ਼ਾਨਾ ਲਗਾਉਣ ਦੀ
ਸਹੀ ਜਗ੍ਹਾ ਨਹੀਂ ਹੈ
ਮਨੁੱਖੀ ਦੇਹ

### *ਲੌਲੀਪੋਪ*

ਲੌਲੀਪੋਪ ਤਾਈਂ

## ਸਵੈ ਕਥਨ / ਮੈਂ ਇਹੋ ਹਾਂ

ਮੇਰਾ ਵਿਰੋਧਾਭਾਸੀ ਹੋਣਾ ਮੇਰਾ ਸਰਮਾਇਆ ਹੈ, ਜੇ ਸਾਫ਼ ਸਾਫ਼ ਕਹਾਂ ਤਾਂ ਮੈਂ ਵਿਰੋਧਾਭਾਸੀ ਹੀ ਹਾਂ...ਬਾਹਰੋਂ ਵੀ ਤੇ ਅੰਦਰੋਂ ਵੀ...ਦਰਅਸਲ ਇਹ ਬਾਹਰੋਂ ਹੀ ਅੰਦਰ ਔਂਦਾ ਹੈ...ਹੁਣ ਸਿਰਦਾਰ ਨੈਣ ਸਿੰਘ ਨੂੰ ਹੀ ਲੈ ਲਵੋ...ਮੇਰਾ ਨਾਨਾ ਲੱਗਦਾ ਹੈ...ਉਸ ਨੂੰ ਜੱਕੜ ਨੈਣ ਸਿੰਘ ਕਹਿੰਦੇ ਹਨ...ਜੱਕੜ ਮਤਲਬ ਬਿਨਾਂ ਜ਼ਿਆਦਾ ਸੋਚੇ, ਬਿਨਾਂ ਦਰਦ ਜਾਂ ਦੁੱਖ ਦੀ ਪਰਵਾਹ ਕੀਤੇ ਜਿਊਣ ਵਾਲਾ...ਸੰਤਾਲੀ ਵੇਲੇ ਇਧਰ ਆਇਆ ਸੀ।

ਗੱਲ ਉਸਦੇ ਪਿੰਡ ਦੋਥਾਨ ਦੀ ਹੈ...ਘਰ ਦੇ ਰਫਿਊਜੀ ਕਾਫ਼ਲੇ ਨਾਲ ਨਿਕਲ ਆਏ ਸਨ...ਨਵੇਂ ਮਕਾਨ ਦੇ ਮੋਹ ਵਿਚ ਨੈਣ ਸਿੰਘ ਪਿੱਛੇ ਟਿਕ ਗਿਆ ਸੀ...ਐਤਿਆਤ ਵਜੋਂ ਆਪਣੀ ਖਾਨਦਾਨੀ ਤਲਵਾਰ ਲੈ ਕੇ ਘਰ ਤੋਂ ਥੋੜੀ ਵਿੱਥ 'ਤੇ ਲੱਗੇ ਰੁੱਖਾਂ ਦੇ ਝੁਰਮਟ ਵਿਚ ਉੱਤੇ ਚੜ੍ਹ ਕੇ ਬੈਠਾ ਹੀ ਸੀ ਕਿ ਬਲਵਾਈ ਆ ਗਏ। ਉਨ੍ਹਾਂ ਨੈਣ ਸਿੰਘ ਦੀਆਂ ਮੱਝਾਂ ਖੋਲ੍ਹ ਲਈਆਂ। ਬਲਦਾਂ ਦੇ ਦੋ ਜੋੜੇ ਵੀ...ਪੰਜਾਬੋਂ ਲੈ ਆਂਦੀ ਉਸਦੀ ਕੁੰਡੇ ਸਿੰਗਾਂ ਵਾਲੀ ਸੂਣਹਾਰ ਝੋਟੀ ਵੀ ਖੋਲ੍ਹ ਲਈ...ਗੋਲੀ ਲੱਗ ਕੇ ਡਿੱਗ ਜਾਣ ਤੱਕ ਉਸਦਾ ਕੁੱਤਾ ਧਾੜਵੀਆਂ ਨੂੰ ਪੈਂਦਾ ਰਿਹਾ...ਫਿਰ ਘਰ ਵਿਚੋਂ ਬਿਸਤਰੇ, ਅਨਾਜ, ਬਰਤਨ, ਉਸਨੇ ਵਿਦਾ ਹੁੰਦੇ ਡਿੱਠੇ...ਉਨ੍ਹਾਂ ਹੁਣ ਘਰ ਨੂੰ ਅੱਗ ਲਾ ਦਿੱਤੀ ਸੀ...ਲੰਬਾਂ ਉੱਚੀਆਂ ਉੱਠਣ ਲੱਗ ਪਈਆਂ...ਥੋੜਾ ਚਿਰ ਪਹਿਲਾਂ ਉਹ ਰੁੱਖ 'ਤੇ ਲੱਗੇ ਲਾਲ ਭਰਿੰਡਾਂ ਦੇ ਕੁੱਪੇ ਨੂੰ ਅੱਗ ਲਾਉਣ ਬਾਰੇ ਸੋਚ ਰਿਹਾ ਸੀ...ਕਿਤੇ ਦਿਸ ਹੀ ਨਾ ਪਵਾਂ...ਉਸਨੇ ਕੁਝ ਹੋਰ ਟਾਹਣੀਆਂ ਖਿੱਚ ਕੇ ਆਪਣੇ ਅੱਗੇ ਕਰ ਲਈਆਂ ਸਨ।

ਰਾਤ ਦੇ ਤੀਜੇ ਪਹਿਰ ਉਹ ਜ਼ਮੀਨ ਉੱਤੇ ਸੀ, ਆਪਣੇ ਬੁੱਝਦਾ ਅੰਗਿਆਰ ਹੋਇ ਘਰ ਕੋਲ...ਉਸ ਨੂੰ ਬਾਹਰ ਭਾਂਡੇ ਮਾਂਜਣ ਵਾਲੇ ਖੁਰੇ 'ਚੋਂ ਸਿਰਫ਼ ਇਕ ਪਿੱਤਲ ਦਾ ਗਲਾਸ ਮਿਲਿਆ ਸੀ।

ਉਸਨੇ ਗਲਾਸ 'ਤੇ ਉਂਗਲੀ ਫੇਰਦਿਆਂ ਆਪਣੇ ਮਰਹੂਮ ਪਿਤਾ ਸਰਦਾਰ ਭਾਗ ਸਿੰਘ ਦਾ ਉੱਕਰਿਆ ਨਾਂ ਪੜ੍ਹ ਲਿਆ ਸੀ...ਉਸਨੇ ਹੁਣ ਲੱਕੜਾਂ ਦੇ ਅੱਧਜਲੇ ਮੁੱਢ ਅੰਗਿਆਰਾ 'ਤੇ ਪਾ ਕੇ ਮੁੜ ਅੱਗ ਮਚਾ ਦਿੱਤੀ ਸੀ...ਘਰ ਤਪ ਕੇ ਪਿੱਤਲ ਦਾ ਵੱਡਾ ਚੂੜੀਦਾਰ ਗਲਾਸ ਬਰਾਨ ਕੋਟ ਦੀ ਵੱਡੀ ਜੇਬ ਦੇ ਹਵਾਲੇ ਕਰਦਾ...ਲੰਮੇ ਕਦਮੀਂ ਟੁਰਦਾ ਨੈਣ ਸਿੰਘ ਨਵੇਂ ਮਕਾਨ ਦੇ ਮੋਹ ਤੋਂ ਮੁਕਤ ਹੋ ਚੁੱਕਾ ਸੀ...ਹਾਲਾਂਕਿ ਉਸਦੇ ਮੋਢਿਆਂ 'ਤੇ ਹੱਥੀਂ ਪਾਏ ਛੱਤ ਦੇ ਨਿਸ਼ਾਨ ਅਜੇ ਵੀ ਬਾਕੀ ਸਨ।

ਉਹ ਪੁੰਛ ਵੱਲ ਨੂੰ ਕੂਚ ਕਰਦੀ ਮਹਾਰਾਜਾ ਪੁੰਛ ਦੀ ਫ਼ੌਜੀ ਟੁਕੜੀ ਨਾਲ ਜਾ ਰਲਿਆ ਸੀ...ਰਾਹ ਵਿਚ ਉਨ੍ਹਾਂ ਨੇ ਬਾਰਾਂ ਹਮਲਾਵਰ ਕਬਾਇਲੀ ਪਠਾਨਾਂ ਤੋਂ ਹਥਿਆਰ ਸੁਟਦਾ ਦਿੱਤੇ ਸਨ...ਆਪਣੀ

ਪਿਤਾ ਤੋਂ ਦਸੀ ਮੰਗੀ ਸੀ ਮੈਂ

ਪਿਤਾ ਨੇ ਸੌ ਫੜਾਉਂਦੇ ਕਿਹਾ
ਸਾਰੇ ਤੇਰੇ

ਹੱਕਾ ਬੱਕਾ ਚੁਣਦਾ ਪਿਆ
ਸਭ ਤੋਂ ਮਹਿੰਗਾ
ਦਸਾਂ ਵਾਲਾ ਚਾਕਲੇਟ ਲਿਆ

ਦਸਾਂ ਵਾਲਾ ਚਾਕਲੇਟ
ਕਦੀ ਕਦੀ ਖਾਂਦਾ ਹੁੰਦਾ ਸੀ
ਸਾਡੇ ਸਕੂਲ ਦੀ
ਵੱਡੀ ਭੈਣ ਜੀ ਦਾ ਮੁੰਡਾ

ਮਿੱਤਰਾਂ ਨਾਲ
ਵੰਡ ਵੰਡ ਖਾਧੇ
ਦਸਾਂ ਦਸਾਂ ਵਾਲੇ ਨੌਂ ਚਾਕਲੇਟ

ਫਿਰ ਪੰਜਾਂ ਵਾਲਾ ਇਕ
ਦੋ ਦੋ ਵਾਲੇ ਦੋ

ਹੁਣ ਆਖ਼ਰੀ ਚਵਾਨੀ ਬਚੀ ਸੀ ਮੇਰੇ

ਪੰਜੀ ਵਾਪਸ
ਵੀਹਾਂ ਪੈਸਿਆਂ ਵਾਲਾ
ਲਿਆ ਸੀ ਲੌਲੀਪੋਪ

ਸਵਾਦ ਸੀ, ਪਰ
ਸਵਾਦ ਨਹੀਂ ਸੀ ਲੌਲੀਪੋਪ

## *ਬੁੱਧ ਬਿਰਖ*

ਮੈਂ ਉਸ ਦੀਆਂ
ਜੜ੍ਹਾਂ ਨਹੀਂ ਵੱਢੀਆਂ

ਟਹਿਣੀਆਂ ਨਹੀਂ ਕੁਤਰੀਆਂ

ਗਮਲੇ ਵਿਚ ਲੱਗੇ

ਉਸ ਮਧਰੇ ਬੋਹੜ ਦੇ
ਦਾੜ੍ਹੀ ਨਿਕਲ ਆਈ ਹੈ

ਬੋਹੜ ਮੈਨੂੰ
ਭਿੱਖੂ ਲੱਗਦਾ ਹੈ

ਘਰ ਨਹੀਂ ਛੱਡ ਕੇ ਗਿਆ
ਬੁੱਧ ਦਿਸਦਾ ਹੈ

ਤਲਵਾਰ ਨਾਲ ਬਾਰਾਂ ਦੇ ਸਿਰ ਵੱਢਣ ਦਾ ਸ਼ਰਫ਼ ਨੈਣ ਸਿੰਘ ਨੇ ਹਾਸਿਲ ਕੀਤਾ ਸੀ।

ਉਹ ਹੁਣ ਬਿਨਾਂ ਵਰਦੀ ਬਿਨਾਂ ਬੂਟਾਂ ਦੇ ਅੱਠ ਮਿਲੇਸ਼ੀਆ ਦਾ ਜਵਾਨ ਸੀ...ਇਨ੍ਹਾਂ ਮਦਰਾਸ ਰੈਜੀਮੈਂਟ ਨਾਲ ਮਿਲ ਕੇ ਬਗਿਆਲ ਦੱਰਾ ਪਿਕਟ ਤੇ ਹੰਬਲਾ ਕੀਤਾ...ਦੋਵਾਂ ਪਾਸਿਆਂ ਦਾ ਭਰਵਾਂ ਨੁਕਸਾਨ ਹੋਇਆ। ਨੈਣ ਸਿੰਘ ਵਾਲੀ ਟੁਕੜੀ ਨੇ ਪਿਕਟ ਲੈ ਲਈ...ਲਾਸ਼ਾਂ ਤੇ ਜ਼ਖ਼ਮੀਆਂ ਦੀ ਪਹਿਚਾਣ ਹੋਣ ਲੱਗੀ...ਨੈਣ ਸਿੰਘ ਦੇ ਕੰਨੀਂ ਇਕ ਜ਼ਖ਼ਮੀ ਸਿਪਾਹੀ ਦੀ ਕੁਰਲਾਹਟ ਭਰੀ ਆਵਾਜ਼ ਪਈ...ਕਾਕੂ, ਓਹ ਕਾਕੂ (ਕਾਕੂ ਸਿੰਘ ਨੈਣ ਸਿੰਘ ਦੇ ਘਰ ਦਾ ਨਾਂ ਸੀ) ਮੈਨੂੰ ਬਚਾ ਲੈ...ਇਹ ਉਸਦਾ ਗਰਾਈਂ ਭਰਾ ਅਬਦੁੱਲਾ ਸੀ...ਜਿਹੜਾ ਹੁਣ ਦੁਸ਼ਮਣ ਮਿਲੇਸ਼ੀਆ ਦਾ ਸਿਪਾਹੀ ਸੀ...ਨੈਣ ਸਿੰਘ ਉਸ ਨੂੰ ਆਪਣੇ ਜ਼ਖ਼ਮੀਆਂ ਵਿਚ ਪੁਆ ਕੇ ਪੁੰਛ ਲੈ ਆਇਆ...ਟਹਿਲ ਸੇਵਾ ਮਗਰੋਂ ਰਾਜ਼ੀ ਹੋਣ 'ਤੇ ਬਾਰਡਰ ਵੀ ਟਪਾ ਦਿੱਤਾ...ਸ਼ਿਕਾਇਤ ਹੋ ਗਈ...ਨੈਣ ਸਿੰਘ ਨੂੰ ਛੇ ਮਹੀਨਿਆਂ ਦੀ ਸਖ਼ਤ ਕੈਦ ਸਮੇਤ ਨੌਕਰੀ 'ਚੋਂ ਬਰਖਾਸਤੀ ਇਨਾਮ ਵਿਚ ਮਿਲੀ...ਰਫੂਜੀ ਵਾਸਤੇ ਜੀਊਣ ਦੇ ਰਾਹ ਸੌਖੇ ਨਹੀਂ ਸਨ...ਪਰ ਉਸ ਨੂੰ ਇਸ ਦਾ ਕੋਈ ਮਲਾਲ ਨਹੀਂ ਹੈ।

ਸੰਗਰਾਂਦ ਜਾਂ ਕਿਸੇ ਹੋਰ ਖ਼ਾਸ ਦਿਨ ਤਿਉਹਾਰ ਵਾਲੇ ਦਿਹਾੜੇ ਉਹ ਪਾਣੀ ਉਸੇ ਗਲਾਸ ਵਿਚ ਪੀਂਦਾ ਹੈ...ਉਸ ਨੂੰ ਗਲਾਸ ਵਿਚੋਂ ਪਿਤਾ ਦੀ ਖ਼ੁਸ਼ਬੋ ਆਉਂਦੀ ਹੈ...ਗਲਾਸ ਨੂੰ ਕਿਸੇ ਮੁਰਗੀ ਦੇ ਦੋ ਦਿਨਾ ਚੂਚੇ ਵਾਂਗ ਨਰਮਾਈ ਨਾਲ ਫੜਦਾ ਹੈ।

ਲੈ ਆਂਦੀ ਉਸੇ ਤਲਵਾਰ ਦੀ ਮੁੱਠ ਨੂੰ ਕਰੜਾਈ ਨਾਲ ਹੱਥ ਪਾਂਦਾ ਹੈ
ਅਬਦੁੱਲੇ ਨੂੰ ਯਾਦ ਕਰਦਿਆਂ ਉਸਦੇ ਨੇਤਰ ਭਰ ਆਉਂਦੇ ਹਨ।

ਮੇਰੇ ਕਿੱਸੇ, ਘਰੋਂ ਬੇਘਰ ਹੋਇਆਂ ਦੇ ਕਿੱਸੇ ਹਨ...ਮੈਨੂੰ ਮਨੁੱਖ ਹਿਜਰਤ ਦੀ ਸਵਾਰੀ ਦਿਸਦਾ ਹੈ।

ਮੈਂ ਪਹਾੜ 'ਚੋਂ ਬਾਹਰ ਆਏ ਨੂੰ ਵੀਹ ਸਾਲ ਹੋ ਚੱਲੇ ਹਨ...ਪਰ ਪਹਾੜ ਮੇਰੇ ਅੰਦਰੋਂ ਕਦੀ ਬਾਹਰ ਨਹੀਂ ਆਇਆ ਬਲਕਿ ਫੈਲਦਾ ਹੋਇਆ ਹੋਰ ਡੂੰਘਾ ਅਤੇ ਵੀਰਾਟ ਹੋ ਗਿਆ ਹੈ...ਮੈਂ ਮੈਦਾਨੀ ਇਲਾਕਿਆਂ ਦੇ ਵੱਡੇ-ਵੱਡੇ ਖੇਤਾਂ ਨੂੰ ਇਕ ਪੱਧਰੀ ਥਾਂ 'ਤੇ ਨਾਲ-ਨਾਲ ਰੱਖ ਕੇ ਸੀਤੇ ਹੋਏ ਪਹਾੜੀ ਪੌੜੀਦਾਰ ਖੇਤਾਂ ਵਜੋਂ ਦੇਖਦਾ ਹਾਂ...ਬਲਕਿ ਮੈਨੂੰ ਦਿਸਦੇ ਹਨ...ਟਿਊਬਵੈੱਲ ਦੇ ਪਾਣੀ 'ਚੋਂ ਗਲੈਸ਼ੀਅਰ ਦੇ ਪਾਣੀ ਦੀ ਭਾਅ ਭਾਲਦਾ ਹਾਂ...ਕੁਲ ਮਿਲਾ ਕੇ ਮੈਦਾਨ ਮੇਰੇ ਲਈ ਪੱਧਰੇ ਕੀਤੇ ਹੋਏ ਪਹਾੜ ਹੀ ਹਨ।

ਅਸੀਂ ਪਹਾੜਾਂ ਵਿਚ ਅੱਜ ਵੀ ਮਿੱਟੀ ਖਾਂਦੇ ਹਾਂ...ਅਸੀਂ ਸ਼ਲਗਮ ਜਾਂ ਮੂਲੀਆਂ, ਗਾਜਰਾਂ ਸਿੱਧੀਆਂ ਮਿੱਟੀ 'ਚੋਂ ਪੁੱਟ ਕੇ ਬਿਨਾਂ ਧੋਤੇ ਹੀ ਖਾ ਲੈਂਦੇ ਹਾਂ...ਮੇਰੇ ਅੰਦਰੋਂ ਉਹੀ ਮਿੱਟੀ ਬੋਲਦੀ ਹੈ...ਤੁਸੀਂ ਇਸ ਨੂੰ ਕਵਿਤਾ ਕਹੋ ਨਾ ਕਹੋ, ਮੰਨੋ ਨਾ ਮੰਨੋ...ਇਸ ਨੇ ਇਸ ਤਰ੍ਹਾਂ ਹੀ ਬੋਲਣਾ ਹੈ, ਜਦ ਤਕ ਇਸ ਵਿਚ ਬੋਲਣ ਦੀ ਸਮਰੱਥਾ ਹੈ।

-ਸਵਾਮੀ ਅੰਤਰ ਨੀਰਵ

## *ਨਵਾਂ ਜੰਮੂ ਕਸ਼ਮੀਰ*

ਲਾਲ ਰੰਗ ਦਾ ਕਾਲੀਨ
ਕਾਲੀਨ 'ਤੇ ਟਿਕੀ ਹੈ
ਅਖ਼ਰੋਟੀ ਲੱਕੜ ਦੀ ਕੁਰਸੀ

ਕੁਰਸੀ 'ਤੇ ਰੱਖਿਆ ਸੇਬ, ਕਿਸੇ
ਢੱਕ ਲਿਆ ਹੈ
ਸ਼ਾਹਤੂਸ਼ ਨਾਲ

ਸਖ਼ਤ ਗਰਮੀ ਵਿਚ
ਸੈਕ ਮੈਕ ਰਹੀ
ਪਸ਼ਮੀਨਾ ਬੱਕਰੀ


ਵਲੀ ਨੂਰਦੀਨ
ਅਸਤੀਫ਼ਾ ਦੇ ਦਿੱਤਾ
ਫਾਹਾ ਲਗਾ ਗਿਆ ਹੱਬਾ ਖਾਤੂਨ
ਬੀੜੀਆਂ ਪੀਣ ਲੱਗ ਪਈ ਹੈ ਲੱਲੇਸ਼ਵਰੀ
ਕਿਤਾਬਾਂ ਖਾਣ ਲੱਗਾ ਹੈ ਅਭਿਨਵ ਗੁਪਤ

ਹਾਊਸ ਬੋਟ ਪੁੱਠੀ ਕਰਕੇ
ਰਾਜੇ ਚਾਹ ਧਰੀ ਹੈ

ਕਬੂਤਰ
ਅਮਰਨਾਥ ਦੀ ਕਥਾ ਸੁਣ ਰਿਹਾ
ਟੌਲ ਪਲਾਜ਼ਾ 'ਤੇ ਫੁੱਲ ਹੀ ਫੁੱਲ ਖਿੜੇ

ਮਾਂ ਦੀਆਂ ਚੂਚੀਆਂ ਵਿਚ ਦੁੱਧ ਨਹੀਂ
ਬੱਚਾ ਸ਼ਰਾਬ ਮੰਗ ਰਿਹਾ

ਨਵੇਂ ਜੰਮੂ ਕਸ਼ਮੀਰ ਵਿਚ
ਤੁਹਾਡਾ ਸਵਾਗਤ ਹੈ



ਸਵਾਮੀ ਅੰਤਰ ਨੀਰਵ ਜਦੋਂ ਸਟੇਜ 'ਤੇ ਕਵਿਤਾ ਪੜ੍ਹਦਾ ਹੈ ਤਾਂ ਇੰਝ ਜਾਪਣ ਲੱਗਦੈ ਜਿਵੇਂ ਕਵਿਤਾ ਹੀ ਕਵਿਤਾ ਪੜ੍ਹ ਰਹੀ ਹੋਵੇ। ਇਕ ਆਜ਼ਾਦ ਝਰਨੇ ਵਾਂਗ, ਇਕ ਸੁਰ ਤੇ ਝਰਨੇ ਦੇ ਡਿੱਗ ਕੇ ਬਿਖਰ ਜਾਣ ਵਾਂਗ ਉਸਦੀ ਕਵਿਤਾ ਵੀ ਸੁਣਨ ਵਾਲਿਆਂ ਤੱਕ ਪਹੁੰਚਦਿਆਂ ਵਿਸ਼ਾਲ ਹੋ ਜਾਂਦੀ ਹੈ। ਉਹ ਮੁੱਢ ਤੋਂ ਹੀ ਨਿਵੇਕਲੀ ਜਹੀ ਰੂਹ ਹੈ ਤੇ ਹਰ ਵਾਰ ਆਪਣੇ ਆਪ ਤੋਂ ਨਿਵੇਕਲਾ ਦਿਸਣ ਲੱਗਦੈ। ਉਸ ਨੂੰ ਵਿਚਰਦਿਆਂ ਵੇਖੋ ਜਾਂ ਉਸਦੀ ਕਵਿਤਾ ਸੁਣੋ, ਤੁਹਾਨੂੰ ਜਾਪੇਗਾ ਕਿ ਜਿਵੇਂ ਕਵਿਤਾ ਵਾਸ਼ਪ ਬਣ ਉਸਦੇ ਆਲੇ-ਦੁਆਲੇ ਮੰਡਰਾਉਂਦੀ ਰਹਿੰਦੀ ਹੈ। ਸੰਪਰਕ : 94191 10232

## ਕਵਿਤਾਵਾਂ : ਮਨਦੀਪ ਸਨੇਹੀ

### *ਜਵਾਲਾਮੁਖੀ ਦੇ ਮੌਸਮ*

ਸ਼ਬਦਾਂ ਦੀਆਂ ਚਮਚੜਿੱਕਾਂ ਦੇ ਮੌਸਮ 'ਚ
ਨਿਸ਼ਾਚਰ ਕਾਲੀ ਰਾਤ ਦੀ ਸਿਆਹੀ ਤੋਂ ਬਚਣਾ ਔਖਾ ਹੈ

ਕਲਮ ਕੋਈ ਮਲੂਕੜਾ ਖੰਭ
ਜਾਂ ਲੱਕੜ ਦੀ ਕਾਨੀ ਨਹੀਂ ਹੋ ਸਕਦੀ
ਰੂਹ ਦੇ ਬਲਦੇ ਕੋਲੇ ਨੂੰ
ਭਿਉਣੀ ਪਵੇਗੀ ਚੁੰਝ
ਸੀਨੇ 'ਚ ਉਤਰੀ ਰਾਤ 'ਚੋਂ
ਤੇ ਉਤਾਰ ਦੇਣਾ ਹੋਵੇਗਾ
ਸਾਰੇ ਦਾ ਸਾਰਾ ਸੇਕ
ਵਕਤ ਦੇ ਕਾਗ਼ਜ਼ 'ਤੇ

ਇਨ੍ਹਾਂ ਮੌਸਮਾਂ 'ਚ
ਗ਼ਮਜ਼ਦਾ ਹੋਣਾ ਵੀ
ਜੋ ਦੱਬਿਆ ਰਹਿੰਦਾ
ਧਰਤੀ ਦੀ ਹਿੱਕ 'ਚ
ਡੂੰਘਾ
ਤੇ ਫੱਟਦਾ
ਜਵਾਲਾਮੁਖੀ ਦੇ ਮੌਸਮ 'ਚ

ਜਵਾਲਾਮੁਖੀ ਦੇ ਮੌਸਮ
ਜੋ ਨਾਲ-ਨਾਲ ਤੁਰਦੇ
ਕਿੰਨੇ ਅਣਕਿਆਸੇ
ਇਹ ਜਵਾਲਾਮੁਖੀ ਦੇ ਮੌਸਮ...

### *ਜਾਇਜ਼/ਨਜਾਇਜ਼*

ਨਹੀਂ ਮੈਂ ਉਸ ਦਿਨ ਦੀ ਗੱਲ ਨਹੀਂ ਕਰਦੀ
ਜੋ ਚਿੱਟੇ ਕੋਰੇ ਕਾਗ਼ਜ਼ ਵਾਂਗ ਈਜ਼ਲ 'ਤੇ ਪਿਆ ਰਹਿੰਦਾ
ਨਾ ਉਸ ਅੱਖ ਦੀ ਗੱਲ ਕਰਦੀ ਹਾਂ
ਜੋ ਕਾਲੀ ਰਾਤ ਦੀ ਡੱਬੀ 'ਚੋਂ ਰੰਗ ਲੈ
ਪੇਂਟ ਬੁਰਸ਼ ਵਾਂਗ ਦਿਨ ਦੇ ਸਾਰੇ ਕੋਨਿਆਂ 'ਤੇ
ਫਿਰਦੀ ਰਹਿੰਦੀ
ਮੈਂ ਉਸ ਬੁਣਤਰ ਦੀ ਗੱਲ ਵੀ ਨਹੀਂ ਕਰਦੀ
ਜਿਸ ਨੂੰ ਤੁਸੀਂ ਐਬਸਟਰੈਕਟ ਪੇਂਟਿੰਗ ਕਹਿ ਦਿੰਦੇ ਹੋ

ਜਾਂ ਕਹਿ ਦਿੰਦੇ ਹੋ
ਮਾਜਰਾ ਹੈ ਕੋਈ ਰਾਤ ਦੇ ਦਿਨ ਦੇ ਇਸ਼ਕ ਦਾ

ਇਸ ਰਾਤ ਦਿਨ ਦੀ ਗੁਫ਼ਤਗੂ ਨੂੰ
ਤੁਸੀਂ ਗੱਡੀ ਦੇ ਪਹੀਏ ਵਾਂਗ ਘੁਮਾਉਂਦੇ ਰਹੋ
ਅਰਥਾਂ ਦੀਆਂ ਚੱਕੀਆਂ ਚਲਾਉਂਦੇ ਰਹੋ

ਮੈਂ ਇਸ ਦਿਨ ਤੇ ਰਾਤ ਦੀ ਗੱਲ ਨਹੀਂ ਕਰਦੀ
ਕਿਉਂਕਿ ਮੈਂ ਸੂਰਜ ਨੂੰ
ਕੂੜੇ 'ਚੋਂ ਰੋਟੀ ਚੁਗਦੇ ਦੇਖਿਆ ਹੈ
ਤੇ ਰੋਟੀ ਦੇ ਫ਼ਲਸਫ਼ੇ ਦਾ ਨਜਾਇਜ਼ ਗਰਭਧਾਰੀ
ਫੁੱਟਪਾਥ 'ਤੇ ਸੁੱਤੀ
ਅੱਧ-ਨੰਗੇ ਤਨ ਵਾਲੀ ਰਾਤ ਨੂੰ ਵੀ

ਮੈਂ ਉਸ ਦਿਨ ਤੇ ਰਾਤ ਦੀ ਗੱਲ ਨਹੀਂ ਕਰਦੀ...

## *ਸੁੰਨੀ ਸੜਕ 'ਤੇ ਸਿਖਰ ਦੁਪਹਿਰਾ...*

ਮਘਦੇ ਕੋਲੇ
ਸੀਨੇ 'ਚ ਧੁਖਦੇ
ਜ਼ਿੰਦਗੀ ਸੁਆਹ ਬਣ ਕਿਰਦੀ ਜਾਏ

ਸੁੰਨੇ ਰਾਹ 'ਤੇ ਸਿਖ਼ਰ ਦੁਪਹਿਰ
ਖੱਪਰ ਲਹੂ ਦਾ ਫੜੀ ਬੈਠੀ
ਜਿਉਂ ਇਕ ਡੈਣ

ਬੇਬਸ ਪੰਛੀ ਖੰਭ ਫੜਫੜਾਏ
ਸਲਾਖਾਂ ਸਾਹਾਂ ਦੀਆਂ
ਪਿਘਲਣ ਨਾਂਹ

ਸਾਹ ਜਿਵੇਂ ਕੋਈ ਪਾਲਤੂ ਕੁੱਤਾ
ਪਟਾ ਗਲ ਵਿਚ
ਭੌਂਕੇ ਸੌਂ ਜਾਏ

ਕੋਈ ਠੰਡੀ ਸਵਾਹ
ਕੋਈ ਮਘਦਾ ਕੋਲਾ
ਕੋਈ ਚੁੱਪ ਦੀ ਚੂੰ ਚੂੰ
ਕੋਈ ਬਲਦਾ ਆਪੇ

ਡੈਣ ਜਿਵੇਂ ਕੋਈ ਰਾਹ ਵਿਚ ਬੈਠੀ
ਸੁੰਨੀ ਸੜਕ 'ਤੇ ਸਿਖਰ ਦੁਪਹਿਰਾ
ਪੈਰਾਂ ਨੂੰ ਕੀ ਸਮਝਾਵਾਂ ?

ਤੁਰਦੀ ਜਾਵਾਂ
ਪਰ ਤੁਰਦੀ ਜਾਵਾਂ



ਮਨਦੀਪ ਸਨੇਹੀ
ਸੰਪਰਕ : deepsanehi@gmail.com


*ਇਤਿਹਾਸ*

# ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਵਿਚ ਇਤਿਹਾਸਕ ਹਵਾਲੇ

*ਸਰਬਜੀਤ ਸਿੰਘ ਵਿਰਕ*

'ਮੈਂ ਇਕ ਪੁਰਾਣੀ ਕਿਤਾਬ ਖਰੀਦੀ ਹੈ, ਜਿਹੜੀ ਬੜੀ ਸਸਤੀ ਮਿਲ ਗਈ ਹੈ। ਅੱਜ ਕੱਲ੍ਹ ਰੇਲਵੇ ਕਰਮਚਾਰੀ ਹੜਤਾਲ ਦੀਆਂ ਤਿਆਰੀਆਂ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਇਹ ਹੜਤਾਲ ਜਲਦੀ ਹੀ ਸ਼ੁਰੂ ਹੋ ਜਾਵੇਗੀ'

ਇਹ ਗੱਲਾਂ 14 ਵਰ੍ਹਿਆਂ ਦੇ ਭਗਤ ਸਿੰਘ ਨੇ ਆਪਣੇ ਦਾਦਾ ਸ. ਅਰਜਨ ਸਿੰਘ ਨੂੰ 14 ਨਵੰਬਰ 1921 ਨੂੰ ਲਾਹੌਰ ਤੋਂ ਪਾਈ ਚਿੱਠੀ ਵਿਚ ਲਿਖੀਆਂ। ਜਿਵੇਂ ਕਿ ਚਿੱਠੀ ਤੋਂ ਸਪਸ਼ਟ ਹੈ, ਦਸਵੀਂ ਜਮਾਤ ਦਾ ਇਹ ਵਿਦਿਆਰਥੀ ਉਸ ਵੇਲੇ ਆਪਣੇ ਬਹੁਤ ਸਾਰੇ ਸਾਥੀਆਂ ਤੋਂ ਸੋਚਣ ਸਮਝਣ ਅਤੇ ਕੰਮਾਂ ਕਾਰਾਂ ਪੱਖੋਂ ਵੱਖਰਾ ਸੀ। ਉਹ ਆਪਣੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਇਤਿਹਾਸ ਅਤੇ ਰਾਜਨੀਤੀ ਦੀਆਂ ਕਿਤਾਬਾਂ ਪੜ੍ਹ ਰਿਹਾ ਸੀ । ਉਹ ਦੇਸ਼, ਦੁਨੀਆਂ ਵਿਚ ਤੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਵਾਕਫ਼ ਹੋ ਰਿਹਾ ਸੀ । ਇਸ ਬਾਲ ਮਨ ਉਤੇ ਇਨ੍ਹਾਂ ਘਟਨਾਵਾਂ ਦਾ ਹੀ ਅਸਰ ਸੀ ਕਿ ਉਹ ਇਸ ਤੋਂ ਪਹਿਲਾਂ 13 ਅਪਰੈਲ 1919 ਨੂੰ ਵਾਪਰੇ ਜਲ੍ਹਿਆਂ ਵਾਲੇ ਬਾਗ਼ ਅਤੇ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕਿਆਂ ਪਿਛੋਂ ਮੌਕਾ ਵੇਖਣ ਅਤੇ ਵੇਰਵੇ ਲੈਣ ਲਈ ਇਨ੍ਹਾਂ ਥਾਂਵਾਂ ਉਤੇ ਪਹੁੰਚ ਗਿਆ ਸੀ। ਕਾਲਜ ਵਿਚ ਪੈਰ ਰੱਖਣ ਤੱਕ ਉਸਨੇ ਆਪਣੇ ਪਿਤਾ ਸ. ਕਿਸ਼ਨ ਸਿੰਘ ਅਤੇ ਚਾਚਿਆਂ (ਸ. ਅਜੀਤ ਸਿੰਘ ਤੇ ਸ. ਸਵਰਨ ਸਿੰਘ) ਦੀਆਂ ਦੇਸ਼ ਭਗਤ ਕਾਰਵਾਈਆਂ ਵਿਚ ਹਿੱਸਾ ਲੈਣ ਕਰਕੇ ਵਾਰ ਵਾਰ ਹੁੰਦੀਆਂ ਗ੍ਰਿਫ਼ਤਾਰੀਆਂ ਵੇਖੀਆਂ ਸਨ। ਉਸਨੇ ਦੇਸ਼ ਵਿਚ ਚਲੱ ਰਹੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਲਹਿਰਾਂ ਬਾਰੇ ਸੁਣਿਆਂ ਅਤੇ ਪੜ੍ਹਿਆ ਸੀ ਅਤੇ ਅਫ਼ਸਰਸ਼ਾਹੀ ਤੇ ਪੁਲੀਸ ਦੇ ਜ਼ੁਲਮਾਂ ਦੇ ਮੰਜ਼ਿਰ ਅੱਖੀਂ ਤੱਕੇ ਸਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਉਹ ਇਹ ਸਿੱਟਾ ਕੱਢ ਚੁੱਕਿਆ ਸੀ ਕਿ ਸਾਰੀਆਂ ਬਿਮਾਰੀਆਂ ਦੀ ਜੜ੍ਹ ਅੰਗਰੇਜ਼ੀ ਹਕੂਮਤ ਹੈ ਜਿਸ ਦੀ ਗ਼ੁਲਾਮੀ ਵਿਚ ਭਾਰਤੀ ਜਿਉਂ ਰਹੇ ਹਨ।




ਭਗਤ ਸਿੰਘ ਜਿਵੇਂ ਜਿਵੇਂ ਦੇਸ਼ ਅਤੇ ਵਿਦੇਸ਼ਾਂ ਵਿਚ ਚਲੀਆਂ ਜਾਂ ਚੱਲ ਰਹੀਆਂ ਸਮਾਜਕ, ਰਾਜਨੀਤਿਕ ਤੇ ਇਨਕਲਾਬੀ ਲਹਿਰਾਂ ਬਾਰੇ ਪੜ੍ਹਦਾ ਗਿਆ ਉਵੇਂ ਉਵੇਂ ਆਪਣੇ ਆਪ ਨੂੰ ਦੇਸ਼ ਵਿਚ ਕਰਾਂਤੀ ਰਾਹੀਂ ਲਿਆਂਦੀ ਜਾਣ ਵਾਲੀ ਸਮਾਜਕ ਤਬਦੀਲੀ ਤੇ ਆਜ਼ਾਦੀ ਲਈ ਸਮੱਰਪਿਤ ਕਰਦਾ ਗਿਆ। ਉਸਨੇ ਆਪਣੀਆਂ ਲਿਖ਼ਤਾਂ ਵਿਚ ਉਨ੍ਹਾਂ ਇਤਿਹਾਸਕ ਪੁਰਸ਼ਾਂ ਅਤੇ ਘਟਨਾਵਾਂ ਦੇ ਹਵਾਲੇ ਅਤੇ ਵੇਰਵੇ ਦਰਜ ਕੀਤੇ ਹਨ ਜਿਨ੍ਹਾਂ ਨੇ ਉਸ ਦੀ ਜਿੰਦਗੀ ਉਤੇ ਅਸਰ ਪਾਇਆ। ਇਹ ਹਵਾਲੇ ਭਾਰਤੀਆਂ, ਖ਼ਾਸ ਕਰ ਨੌਜਵਾਨਾਂ ਨੂੰ ਆਜ਼ਾਦੀ ਲਈ ਪ੍ਰੇਰਤ ਕਰਨ ਲਈ ਵੀ ਮਹੱਤਵਪੂਰਨ ਸਨ। ਆਪਣੇ ਜੀਵਨ ਵਿਚ ਸੋਚ ਪੱਖੋਂ ਆਈ ਤਬਦੀਲੀ ਦਾ ਜ਼ਿਕਰ ਕਰਦੇ ਹੋਏ ਉਸਨੇ ਆਪਣੇ ਲੇਖ ' ਮੈਂ ਨਾਸਤਿਕ ਕਿਉਂ ਹਾਂ' ਵਿਚ ਕਈ ਮਹਾਨ ਲੇਖਕਾਂ, ਆਗੂਆਂ ਅਤੇ ਦਾਰਸ਼ਨਿਕਾਂ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ, '..ਮੈਂਨੂੰ ਸੰਸਾਰ ਵਿਚ ਇਨਕਲਾਬਾਂ ਦੇ ਭਿੰਨ-ਭਿੰਨ ਆਦਰਸ਼ਾਂ ਨੂੰ ਜਾਨਣ ਤੇ ਸਮਝਣ ਦਾ ਖ਼ੂਬ ਮੌਕਾ ਮਿਲਿਆ। ਮੈਂ ਅਰਾਜਕਤਾਵਾਦੀ ਨੇਤਾ ਬਾਕੂਨਿਨ ਨੂੰ ਪੜ੍ਹਿਆ, ਸਾਮਵਾਦ ਦੇ ਬਾਨੀ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਆਪਣੇ ਦੇਸ਼ ਵਿੱਚ ਸਫ਼ਲ ਇਨਕਲਾਬ ਲਿਆਉਣ ਵਾਲੇ ਲੈਨਿਨ, ਟ੍ਰਾਟਸਕੀ ਤੇ ਹੋਰਾਂ ਨੂੰ ਪੜ੍ਹਿਆ।'

ਲਾਰਡ ਬਰਕਨਹੈਡ 1928-29 ਵਿਚ ਬਰਤਾਨਵੀ ਕੈਬਨਿਟ ਵਿਚ 'ਮਨਿਸਟਰ ਆਫ਼ ਇੰਡੀਆ' ਸਨ। ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ ਜੋ ਅਪਰੈਲ 1928 ਵਿਚ ਜਾਰੀ ਕੀਤਾ ਗਿਆ,ਵਿਚ ਭਗਤ ਸਿੰਘ ਨੇ ਲਾਰਡ ਬਰਕਨਹੈਡ ਦੇ ਉਸ ਵਿਚਾਰ ਦਾ ਹਵਾਲਾ ਦਿੱਤਾ ਜੋ ਉਸਨੇ ਭਾਰਤੀਆਂ ਖ਼ਿਲਾਫ ਦਿਤਾ ਸੀ ਕਿ "ਤਲਵਾਰ ਦੇ ਜ਼ੋਰ ਨਾਲ ਅਸੀਂ ਭਾਰਤ ਨੂੰ ਫਤਹਿ ਕੀਤਾ ਸੀ ਤੇ ਤਲਵਾਰ ਨਾਲ ਹੀ ਅਸੀਂ ਇਸ ਉਤੇ ਰਾਜ ਕਰਾਂਗੇ ।" ਭਗਤ ਸਿੰਘ ਨੇ ਲਿਖਿਆ 'ਜਲ੍ਹਿਆਂ ਵਾਲੇ ਅਤੇ ਮਾਨਾਂ ਵਾਲੇ ਦੇ ਸਾਕਿਆਂ ਦੀਆਂ ਯਾਦਾਂ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਕਹਿਣ ਦੀ ਲੋੜ ਨਹੀਂ ਕਿ ਕੋਈ ਚੰਗੀ ਤੋਂ ਚੰਗੀ ਵਿਦੇਸ਼ੀ ਸਰਕਾਰ ਆਪਣੀ ਸਰਕਾਰ ਵਰਗੀ ਨਹੀਂ ਹੋ ਸਕਦੀ।ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ।'

ਭਗਤ ਸਿੰਘ ਨੇ 1919 ਵਿਚ ਅਹਿਮਦਾਬਾਦ, ਪੰਜਾਬ ਅਤੇ ਦਿੱਲ਼ੀ ਵਿਚ ਹੋਏ ਮਜ਼੍ਹਬੀ ਦੰਗਿਆਂ ਬਾਰੇ ਦੱਸਦਿਆਂ ਲਿਖਿਆ ਕਿ 'ਜਿਸ ਭਾਰਤ ਦੇਸ਼ ਵਿਚ ਕਿਸੇ ਸਮੇਂ ਇਕ ਦਰੋਪਤੀ ਦੇ ਸਨਮਾਨ ਦੀ ਰੱਖਿਆ ਲਈ ਮਹਾਂਭਾਰਤ ਜਿਹਾ ਮਹਾਨ ਯੁੱਧ ਲੜਿਆ ਗਿਆ ਸੀ, ਉਸੇ ਦੇਸ਼ ਵਿਚ 1919 ਵੇਲੇ ਅਨੇਕਾਂ ਦਰੋਪਤੀਆਂ ਦੀ ਪੱਤ ਲੁੱਟੀ ਗਈ, ਅਨੇਕਾਂ ਦੇ ਨੰਗੇ ਮੂੰਹਾਂ ਉਤੇ ਥੁੱਕਿਆ ਗਿਆ।ਕੀ ਅਸੀਂ ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਨਹੀਂ ਤੱਕਿਆ? ਫੇਰ ਵੀ ਵਰਤਮਾਨ ਹਾਲਾਤ ਨੂੰ ਅਸੀਂ ਤਮਾਸ਼ਬੀਨਾਂ ਵਾਂਗ ਆਰਾਮ ਨਾਲ ਵੇਖਦੇ ਰਹੇ।ਕੀ ਇਹ ਜੀਵਨ ਜਿਉਣਯੋਗ ਹੈ।'

ਨੌਜਵਾਨਾਂ ਨੂੰ ਦੇਸ਼ ਲਈ ਕੁਝ ਕਰ ਗੁਜ਼ਰਨ ਦਾ ਹੋਕਾ ਵੀ ਭਗਤ ਸਿੰਘ ਦੂਜੇ ਦੇਸ਼ਾਂ ਦੇ ਉਨ੍ਹਾਂ ਜਾਂਬਾਜ਼ ਨੌਜਵਾਨਾਂ ਦੀਆਂ ਉਦਾਹਰਣਾ ਦੇ ਕੇ ਦਿੰਦਾ ਹੈ ਜਿਨ੍ਹਾਂ ਜਾਨਾਂ ਦੀ ਪਰਵਾਹ ਨਾ ਕਰਦਿਆਂ ਆਪਣੇ ਦੇਸ਼ ਦੀ ਤਕਦੀਰ ਬਦਲ ਦਿੱਤੀ, 'ਕੀ ਇਹ ਜਪਾਨ ਦੇ ਸੈਂਕੜੇ ਨੌਜਵਾਨ ਨਹੀਂ ਸਨ,ਜਿਨ੍ਹਾਂ ਪੋਰਟ ਆਰਥਰ ਤੱਕ ਖ਼ੁਸ਼ਕ ਰਾਹ ਬਨਾਉਣ ਲਈ ਆਪਣੇ ਆਪ ਨੂੰ ਡੂੰਘੀਆਂ ਖਾਈਆਂ ਦੇ ਹਵਾਲੇ ਕੀਤਾ ? ਜਪਾਨ ਅੱਜ ਦੁਨੀਆਂ ਦੇ ਉੱਨਤ ਦੇਸ਼ਾਂ ਦੀ ਸਭ ਤੋਂ ਅਗਲੀ ਕਤਾਰ ਵਿਚ ਖੜ੍ਹਾ ਹੈ। ਕੀ ਇਹ ਪੋਲੈਡ ਦੇ ਬਹਾਦਰ ਨੌਜਵਾਨ ਨਹੀਂ ਸਨ ਜੋ ਲਗਾਤਾਰ ਹਾਰਾਂ ਦੇ ਬਾਵਜੂਦ ਪਿਛਲੀ ਸਾਰੀ ਸਦੀ (ਆਜ਼ਾਦੀ ਲਈ) ਬਹਾਦਰੀ ਨਾਲ ਜੂਝਦੇ ਰਹੇ ਅਤੇ ਅੱਜ ਪੋਲੈਂਡ ਇਕ ਆਜ਼ਾਦ ਮੁਲਕ ਹੈ।..ਕੀ ਇਹ ਰੂਸੀ ਨੌਜਵਾਨ ਨਹੀਂ ਸਨ ਜਿਹੜੇ ਗੁਲਾਮੀ ਤੋਂ ਮੁਕਤੀ ਲਈ ਆਪਣੀਆਂ ਜਾਨਾਂ ਉਤੇ ਖੇਡ ਗਏ।'

ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਮਗਰੋਂ ਜੋ ਇਸ਼ਤਿਹਾਰ ਅਸੈਂਬਲੀ ਹਾਲ ਵਿਚ ਸੁੱਟੇ ਉਨ੍ਹਾ ਦਾ ਸਿਰਲੇਖ ਸੀ 'ਬੋਲੇ ਨੂੰ ਸੁਨਾਉਣ ਲਈ ਉੱਚੀ ਆਵਾਜ਼ ਦੀ ਲੋੜ ਪੈਂਦੀ ਹੈ'(ਉਨ੍ਹਾਂ ਦਾ ਇਹ ਐਕਸ਼ਨ ਵੇਲਾਂ (Augste Vaillant) ਦੇ ਅਜਿਹੇ ਹੀ ਕਾਰਨਾਮੇ ਤੋਂ ਪ੍ਰਭਾਵਤ ਸੀ। ਵੇਲਾਂ ਨੂੰ ਫਰਾਂਸ ਦੀ ਪਾਰਲੀਮੈਂਟ (ਚੈਂਬਰ ਆਫ਼ ਡਿਪਟੀਜ਼) ਵਿਚ ਬੰਬ ਸੁੱਟਣ ਕਰਕੇ 3 ਫਰਵਰੀ 1894 ਨੂੰ ਮੌਤ ਦੀ ਸਜਾ ਦੇ ਦਿੱਤੀ ਗਈ ਸੀ।) ਅੱਗੇ ਇਸ਼ਤਿਹਾਰ ਦੇ ਸ਼ਬਦ ਸਨ 'ਅਸੀਂ ਆਪਣੇ ਕਾਰਜ ਨੂੰ ਫਰਾਂਸ ਦੇ ਅਰਾਜਕਤਾਵਾਦੀ ਸ਼ਹੀਦ ਵੇਲਾਂ ਵਲੋਂ ਇਹੋ ਜਿਹੇ ਮੌਕੇ ਉਤੇ ਆਖੇ ਇਨ੍ਹਾਂ ਅਮਰ ਸ਼ਬਦਾਂ ਨਾਲ ਸਹੀ ਸਿੱਧ ਕਰਦੇ ਹਾਂ।' ਵਿਚਾਰਾਂ ਦੀ ਆਜ਼ਾਦੀ ਬਾਰੇ ਫਰਾਂਸ ਦੇ ਬੂਰਬਾਂ ਅਤੇ ਰੂਸ ਦੇ ਜ਼ਾਰਾਂ ਦੇ ਹਵਾਲੇ ਦਿੰਦਿਆਂ ਇਸ਼ਤਿਹਾਰ ਵਿਚ ਕਿਹਾ ਗਿਆ ਸੀ 'ਅਸੀਂ ਉਸ ਸਬਕ ਉੱਤੇ ਜ਼ੋਰ ਦੇਣਾ ਚਾਹੁੰਦੇ ਹਾਂ ਜਿਸ ਨੂੰ ਇਤਿਹਾਸ ਦੁਹਰਾਉਂਦਾ ਆਇਆ ਹੈ ਕਿ ਵਿਅਕਤੀਆਂ ਨੂੰ ਕਤਲ ਕਰਨਾ ਸੌਖਾ ਹੈ ਪਰ ਤੁਸੀਂ ਵਿਚਾਰਾਂ ਨੂੰ ਕਤਲ ਨਹੀਂ ਕਰ ਸਕਦੇ। ਵੱਡੇ ਵੱਡੇ ਸਾਮਰਾਜ ਤਬਾਹ ਹੋ ਗਏ ਜਦੋਂ ਕਿ ਵਿਚਾਰ ਜਿਉਂਦੇ ਰਹੇ। ਬੂਰਬਾਂ ਅਤੇ ਜ਼ਾਰ ਖ਼ਤਮ ਹੋ ਗਏ ਪਰ ਇਨਕਲਾਬੀ ਜਿੱਤ ਪ੍ਰਾਪਤ ਕਰਕੇ ਅੱਗੇ ਵਧ ਗਏ।'

ਭਗਤ ਸਿੰਘ ਸਮੇਂ ਦੀ ਸਰਕਾਰ ਵਲੋਂ ਆਪਣਾ ਹੱਕ ਮੰਗਣ ਵਾਲੇ ਭਾਰਤੀਆਂ ਨਾਲ ਜ਼ਾਲਮਾਨਾ ਵਿਹਾਰ ਕਰਨ ਦੇ ਸਖ਼ਤ ਖ਼ਿਲਾਫ਼ ਸੀ।ਉਸ ਨੇ ਅਜਿਹੇ ਵਿਹਾਰ ਵਿਰੁੱਧ ਬਹੁਤ ਸਾਰੀਆਂ ਲਿਖਤਾਂ ਵਿਚ ਆਪਣਾ ਰੋਸ ਅਤੇ ਗੁੱਸਾ ਜ਼ਾਹਰ ਕੀਤਾ।6 ਜੂਨ,1929 ਨੂੰ ਉਸਨੇ ਬਟੁਕੇਸ਼ਵਰ ਦੱਤ ਨਾਲ ਮਿਲਕੇ ਦਿੱਲੀ ਦੀ ਅਦਾਲਤ ਵਿਚ ਜੋ ਬਿਆਨ ਦਿੱਤਾ ਉਸ ਵਿਚ ਹਿੰਸਾ ਦੀ ਆਖਰੀ ਹਥਿਆਰ ਵਜੋਂ ਵਰਤੋਂ ਨੂੰ ਜਾਇਜ਼ ਮੰਨਿਆਂ ਗਿਆ। ਉਨਾਂ ਇਸ ਦੀ ਤਈਦ ਇਤਿਹਾਸਕ ਪੁਰਸ਼ਾਂ ਦੇ ਬਚਨਾਂ ਅਤੇ ਕਾਰਜਾਂ ਨਾਲ ਕੀਤੀ ।ਉਨ੍ਹਾਂ ਕਿਹਾ 'ਤਾਕਤ ਦੀ ਅੰਨ੍ਹੀ ਵਰਤੋਂ ਦਾ ਨਾਂ ਤਸ਼ੱਦਦ ਹੈ ਅਤੇ ਨੈਤਿਕ ਤੌਰ ਤੇ ਇਹ ਜਾਇਜ਼ ਨਹੀਂ ਹੈ।ਪਰ ਜਦੋਂ ਇਸ ਨੂੰ ਕਿਸੇ ਜਾਇਜ਼ ਮੰਤਵ ਲਈ

ਵਰਤਿਆ ਜਾਵੇ ਤਾਂ ਇਹ ਜਾਇਜ਼ ਹੈ। ਜਿਹੜੀ ਨਵੀਂ ਲਹਿਰ ਦੇਸ਼ ਵਿੱਚ ਪੈਦਾ ਹੋਈ ਹੈ ਅਤੇ ਜਿਸ ਬਾਰੇ ਅਸੀਂ ਅਗਾਹ ਕੀਤਾ ਹੈ, ਉਹ ਇਨ੍ਹਾਂ ਹੀ ਜਜ਼ਬਿਆਂ ਦਾ ਨਿਚੋੜ ਹੈ ਜਿਨ੍ਹਾਂ ਤਹਿਤ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲ ਪਾਸ਼ਾ, ਰਿਜ਼ਾ ਖਾਨ, (ਜਾਰਜ) ਵਾਸ਼ਿੰਗਟਨ, ਗੈਰੀ ਬਾਲਡੀ , ਲਾਫ਼ਾਇਤ ਅਤੇ ਲੈਨਿਨ ਕੰਮ ਕਰ ਰਹੇ ਸਨ।'

ਇਥੇ ਇਹ ਦੱਸਣਯੋਗ ਹੈ ਕਿ ਕਮਾਲ ਪਾਸ਼ਾ ਉਰਫ ਮੁਸਤਫ਼ਾ ਕਮਾਲ ਅਤਾਤੁਰਕ ਇਨਕਲਾਬੀ ਵਿਚਾਰਾਂ ਵਾਲਾ ਸੈਨਾਪਤੀ ਸੀ ਜਿਸਨੇ ਤੁਰਕੀ ਦੀ ਆਜ਼ਾਦੀ ਲਹਿਰ ਦੀ ਅਗਵਾਈ ਕੀਤੀ। ਉਹ ਆਜ਼ਾਦੀ ਪਿਛੋਂ ਤੁਰਕੀ ਰਿਪਬਲਿਕ ਦਾ ਪਹਿਲਾ ਰਾਸ਼ਟਰਪਤੀ ਬਣਿਆ। ਰਿਜ਼ਾ ਖ਼ਾਨ ਇਰਾਨ ਦਾ ਲੋਕਤੰਤਰੀ ਤਰੀਕੇ ਨਾਲ ਚੁਣਿਆਂ ਪਹਿਲਾ ਸ਼ਾਸਕ ਸੀ। ਇਸਨੇ ਇਰਾਨ ਵਿਚ ਵੱਡੇ ਪੱਧਰ ਉਤੇ ਸਮਾਜਿਕ,ਆਰਥਿਕ ਤੇ ਰਾਜਨੀਤਿਕ ਸੁਧਾਰ ਲਿਆਂਦੇ। ਗੁਸੇਪ ਗੈਰੀਬਾਲਡੀ ਇਟਲੀ ਦਾ ਕੌਮ-ਪ੍ਰਸਤ ਫੌਜੀ ਜਰਨੈਲ ਤੇ ਰਾਜਨੇਤਾ ਸੀ ਅਤੇ ਲਾਫਾਇਤ ਇਕ ਫਰਾਂਸੀਸੀ ਜਰਨੈਲ ਸੀ ਜਿਸਨੇ 1789 ਦੇ ਫਰਾਂਸ ਇਨਕਲਾਬ ਲਈ ਮਹੱਤਵਪੂਰਣ ਭੂਮਿਕਾ ਨਿਭਾਈ ਸੀ।

ਭਗਤ ਸਿੰਘ ਹੋਰਾਂ ਨੇ ਉਕਤ ਇਸ਼ਤਿਹਾਰ ਵਿਚ ਕਰਾਂਤੀਆਂ ਤੋਂ ਪਹਿਲਾਂ ਦੇ ਫਰਾਂਸ ਅਤੇ ਰੂਸ ਦੇ ਹਾਕਮਾਂ ਵਲੋਂ ਇਨਕਲਾਬੀਆਂ ਨੂੰ ਦਿੱਤੇ ਗਏ ਤਸੀਹਿਆਂ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਲਿਖਿਆ ਕਿ ਜ਼ੁਲਮ ਸਮਾਜਕ ਤਬਦੀਲੀਆਂ ਨੂੰ ਨਹੀਂ ਰੋਕ ਸਕਦੇ। ਉਨ੍ਹਾਂ ਦੇ ਸ਼ਬਦ ਸਨ ਕਿ 'ਅਸੀਂ ਸਮਰਾਜਵਾਦੀ ਸ਼ੋਸ਼ਕਾਂ ਨੂੰ ਇਹ ਦੱਸ ਦੇਣਾ ਚਾਹੁਦੇ ਹਾਂ ਕਿ ਮੁੱਠੀ ਭਰ ਲੋਕਾਂ ਨੂੰ ਮਾਰ ਕੇ ਕਿਸੇ ਆਦਰਸ਼ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਦੋ ਬੰਦਿਆਂ ਨੂੰ ਮਾਰ ਕੇ ਰਾਸ਼ਟਰ ਨੂੰ ਦਬਾਇਆ ਜਾ ਸਕਦਾ ਹੈ। ਲੈਟਰ ਦਾ ਕੈਚੇਟ( ਦੇਸ਼ ਭਗਤਾਂ ਖ਼ਿਲਾਫ਼ ਜਾਰੀ ਕੀਤੇ ਰਾਜਸ਼ਾਹੀ ਫ਼ੁਰਮਾਨ) ਅਤੇ ਬਾਸਤੀ ( ਉਹ ਜੇਲ੍ਹ ਜਿਥੇ ਸਿਆਸੀ ਬੰਦੀਆਂ ਉਤੇ ਜ਼ੁਲਮ ਢਾਹੇ ਜਾਂਦੇ ਸਨ) ਫਰਾਂਸ ਦੇ ਕਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਨਾਕਾਮ ਰਹੇ ਸਨ, ਫਾਂਸੀ ਦੇ ਰੱਸੇ ਅਤੇ ਸਾਇਬੇਰੀਆ ਦੀਆਂ ਖਾਣਾਂ ਰੂਸੀ ਕਰਾਂਤੀ ਦੀ ਅੱਗ ਨੂੰ ਬੁਝਾ ਨਹੀਂ ਸਨ ਸਕੀਆਂ।'

1930 ਵਿਚ ਜਦੋਂ ਭਗਤ ਸਿੰਘ ਤੇ ਉਸਦੇ ਸਾਥੀਆਂ ਖ਼ਿਲਾਫ਼ ਲਾਹੌਰ ਸਾਜਿਸ਼ ਕੇਸ ਵਿਚ ਬਹਿਸ ਪੂਰੀ ਹੋ ਚੁੱਕੀ ਸੀ ਅਤੇ ਸਜ਼ਾ ਕਿਸੇ ਵੇਲੇ ਵੀ ਸੁਣਾਈ ਜਾ ਸਕਦੀ ਸੀ ਉਸ ਸਮੇਂ ਆਪਣੇ ਪਿਆਰੇ ਦੋਸਤ ਸੁਖਦੇਵ ਦੀ ਮਨੋਸਥਿਤੀ ਸਮਝਦਿਆਂ ਭਗਤ ਸਿੰਘ ਨੇ ਉਸਨੂੰ ਦੂਜੀ ਜੇਲ੍ਹ ਵਿਚ ਇਕ ਲੰਮੀ ਚਿੱਠੀ ਲਿਖ ਕੇ ਭੇਜੀ। ਇਸ ਵਿਚ ਉਹ ਸੁਖਦੇਵ ਨੂੰ ਖੁਦਕੁਸ਼ੀ ਵਰਗੇ ਭਿਆਨਕ ਵਿਚਾਰਾਂ ਨੂੰ ਦਿਲ ਵਿਚ ਨਾ ਵਸਾਉਣ ਅਤੇ ਜ਼ਿੰਦਗੀ ਦੀ ਮਹੱਤਤਾ ਨੂੰ ਸਮਝ ਕੇ ਕਸ਼ਟ ਸਹਿਣ ਅਤੇ ਹਰ ਕੁਰਬਾਨੀ ਲਈ ਤਿਆਰ ਰਹਿਣ ਦੀ ਸਿੱਖਿਆ ਇਤਿਹਾਸਕ ਉਦਾਹਰਣਾਂ ਨਾਲ ਦਿੰਦਾ ਹੈ-“..ਖ਼ੁਦਕੁਸ਼ੀ ਇਕ ਨਫ਼ਰਤਯੋਗ ਜੁਰਮ ਹੈ। ਇਹ ਸਰਾਸਰ ਬੁਜ਼ਦਿਲੀ ਦਾ ਕੰਮ ਹੈ। ..ਤੁਸੀਂ ਚੰਗੀ ਤਰਾਂ ਜਾਣਦੇ ਹੋ ਕਿ ਰੂਸ ਵਿਚ ਸਿਆਸੀ ਕੈਦੀਆਂ ਨੇ ਜੋ ਮੁਸੀਬਤਾਂ ਸਹਿਣ ਕੀਤੀਆਂ ਉਨਾਂ ਦਾ ਨਤੀਜਾ ਹੀ ਸੀ ਕਿ ਜ਼ਾਰਸ਼ਾਹੀ ਦੇ ਖ਼ਾਤਮੇ ਪਿਛੋਂ ਜੇਲਾਂ ਦੇ ਪ੍ਰਬੰਧ ਵਿਚ ਇਨਕਲਾਬੀ ਤਬਦੀਲੀ ਆਈ। ਕੀ ਹਿੰਦੋਸਤਾਨ ਨੂੰ ਅਜਿਹੇ ਬੰਦਿਆਂ ਦੀ ਜ਼ਰੂਰਤ ਨਹੀਂ?'

ਯੂਰਪ ਵਿਚ ਫੈਲ ਚੁੱਕੀ ਸਮਾਜਵਾਦੀ ਹਵਾ ਦੀ ਗੱਲ ਕਰਦਿਆਂ ਭਗਤ ਸਿੰਘ ਇਸੇ ਚਿੱਠੀ ਵਿਚ ਅੱਗੇ ਲਿਖਦਾ ਹੈ, 'ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਸਾਮਵਾਦ ਦਾ ਜਨਮਦਾਤਾ ਕਾਰਲ ਮਾਰਕਸ ਅਸਲ ਵਿਚ ਇਸ ਵਿਚਾਰ ਨੂੰ ਪੈਦਾ ਕਰਨ ਵਾਲਾ ਨਹੀਂ ਸੀ ਸਗੋਂ ਯੂਰਪ ਵਿਚ ਆਈਆਂ ਉਦਯੋਗਿਕ ਤਬਦੀਲੀਆਂ ਨੇ ਹੀ ਇਕ ਖ਼ਾਸ ਵਿਚਾਰਾਂ ਦੇ ਲੋਕ ਪੈਦਾ ਕੀਤੇ ਜਿਨ੍ਹਾਂ ਵਿਚੋਂ ਬਿਨਾਂ ਸ਼ੱਕ ਮਾਰਕਸ ਵੀ ਜ਼ਮਾਨੇ ਦੇ ਚੱਕਰ ਨੂੰ ਕਿਸੇ ਹੱਦ ਤੱਕ ਵਿਸ਼ੇਸ਼ ਢੰਗ ਨਾਲ ਰੇੜਨ ਵਿਚ ਮਦੱਦਗਾਰ ਸਾਬਤ ਹੋਇਆ।' ਇਕ ਥਾਂ ਭਗਤ ਸਿੰਘ ਸੋਵੀਅਤ ਨੇਤਾ ਲੈਨਿਨ ਦੇ ਇਤਿਹਾਸਕ ਰੋਲ ਬਾਰੇ ਚਰਚਾ ਕਰਦਾ ਹੋਇਆ ਲਿਖਦਾ ਹੈ ਕਿ ' 1917 ਵਿਚ, ਅਕਤੂਬਰ ਕਰਾਂਤੀ ਤੋਂ ਪਹਿਲਾਂ, ਜਦੋਂ ਲੈਨਿਨ ਅਜੇ ਰੂਪੋਸ਼ ਸਨ ਤਾਂ ਉਨ੍ਹਾਂ ਸਫ਼ਲ ਕਰਾਂਤੀ ਲਈ ਤਿੰਨ ਜਰੂਰੀ ਸ਼ਰਤਾਂ ਦੱਸੀਆਂ ਸਨ-1. ਰਾਜਨੀਤਿਕ-ਆਰਥਿਕ ਹਾਲਾਤ।2. ਲ਼ੋਕ ਮਨਾਂ ਵਿਚੱ ਵਿਦਰੋਹ ਦੀ ਭਾਵਨਾ।3. ਇਕ ਇਨਕਲਾਬੀ ਪਾਰਟੀ ਜਿਹੜੀ ਪੂਰੀ ਤਰਾਂ ਟ੍ਰੇਂਡ ਹੋਵੇ ਅਤੇ ਪਰਖ ਦੇ ਸਮੇਂ ਲੋਕਾਂ ਨੂੰ ਅਗਵਾਈ ਦੇ ਸਕੇ।'( ਸਿਆਸੀ ਕਾਰਕੁਨਾਂ ਦੇ ਨਾਂ' ਖ਼ਤ ਵਿਚੋਂ)

ਦੇਸ਼ ਦੀ ਕਿਸਮਤ ਬਦਲਣ ਲਈ ਚੱਲੀਆਂ ਵੱਖ ਵੱਖ ਲਹਿਰਾਂ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਦਾ ਹੋਇਆ ਭਗਤ ਸਿੰਘ ਕਹਿੰਦਾ ਹੈ ਕਿ ਇਹ ਸਾਰੀਆਂ ਲਹਿਰਾਂ ਵਿਦੇਸ਼ੀ ਹਾਕਮਾਂ ਨਾਲ ਸੰਘਰਸ਼ ਦੇ ਮਨੋਰਥ ਅਤੇ ਆਦਰਸ਼

ਤੋਂ ਅਣਜਾਣ ਸਨ। ਉਹ ਆਪਣੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲਾਲਾ ਰਾਮ ਸਰਨ ਦੀ ਕਾਵਿ-ਪੁਸਤਕ 'ਡਰੀਮਲੈਂਡ' ਦੀ ਭੂਮਿਕਾ ਵਿਚ ਕਰਦਾ ਹੈ। ਭਗਤ ਸਿੰਘ ਲਿਖਦਾ ਹੈ, 'ਆਪਣੇ ਕੁੱਲ ਯਤਨਾਂ ਦੇ ਬਾਵਜੂਦ ਮੈਨੂੰ ਸਪਸ਼ਟ ਵਿਚਾਰਾਂ ਵਾਲੀ ਕੋਈ ਇਨਕਲਾਬੀ ਪਾਰਟੀ ਨਹੀਂ ਦਿੱਸੀ। ਇਕੋ ਇਕ ਗ਼ਦਰ ਪਾਰਟੀ ਸੀ ਜਿਹੜੀ ਅਮਰੀਕਾ ਦੀ ਸਰਕਾਰ ਤੋਂ ਪ੍ਰੇਰਤ ਹੋ ਕੇ ਹਾਲੀਆ ਸਰਕਾਰ ਦੀ ਥਾਂ ਪਰਜਾਤੰਤਰੀ ਕਿਸਮ ਦੀ ਸਰਕਾਰ ਕਾਇਮ ਕਰਨ ਲਈ ਸਪਸ਼ਟ ਸੋਚ ਰੱਖਦੀ ਸੀ । ਦੂਜੀਆਂ ਸਾਰੀਆਂ ਪਾਰਟੀਆਂ ਇਕੋ ਉਦੇਸ਼ ਰੱਖਦੀਆਂ ਸਨ- ਵਿਦੇਸ਼ੀ ਹਾਕਮਾਂ ਵਿੱਰੁਧ ਲੜਨਾ। ਇਹ ਵਿਚਾਰ ਤਾਂ ਸਲਾਹੁਣ ਵਾਲਾ ਹੈ ਪਰ ਇਸ ਨੂੰ ਇਨਕਲਾਬੀ ਵਿਚਾਰ ਨਹੀਂ ਕਿਹਾ ਜਾ ਸਕਦਾ। ਸਾਨੂੰ ਜ਼ਰੂਰੀ ਤੌਰ ਤੇ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨਕਲਾਬ ਦਾ ਅਰਥ ਸਿਰਫ ਉਥਲ-ਪੁਥਲ ਜਾਂ ਖੂਨੀ ਲੜਾਈ ਨਹੀਂ ਹੁੰਦਾ। ਇਨਕਲਾਬ ਵਿਚ ਹੁਣ ਵਾਲੀਆਂ ਪ੍ਰਸਥਿਤੀਆਂ ਨੂੰ ਤਬਾਹ ਕਰਕੇ ਸਮਾਜ ਨੂੰ ਨਵੇਂ, ਚੰਗੇਰੇ ਅਤੇ ਵਧੇਰੇ ਪ੍ਰਵਾਨਯੋਗ, ਆਧਾਰ ਉਤੇ ਮੁੜ ਸਿਰਜਣ ਦਾ ਕਾਰਜ ਸ਼ਾਮਲ ਹੁੰਦਾ ਹੈ।'

1923-24 ਵਿਚ ਜਦੋ ਦੇਸ਼ ਵਿਚ ਦਲਿਤਾਂ, ਜਿਨ੍ਹਾਂ ਨੂੰ ਉਸ ਵੇਲੇ ਅਛੂਤ ਕਿਹਾ ਜਾਂਦਾ ਸੀ, ਖਿਲਾਫ਼ ਘੋਰ ਵਿਤਕਰੇ, ਬੁਰੇ ਵਿਵਹਾਰ ਅਤੇ ਹਿੰਸਾ ਦੀਆਂ ਘਟਨਾਂਵਾਂ ਵਧੀਆਂ ਤਾਂ ਰਾਜਸੀ ਅਤੇ ਸਮਾਜਿਕ ਖੇਮਿਆਂ ਵਿਚ ਇਸ ਸਮਸਿੱਆ ਉਤੇ ਚਰਚਾ ਛਿੜ ਗਈ । ਕਾਂਗਰਸ ਜਿਹੀ ਆਪਣੇ ਆਪ ਨੂੰ ਭੇਦ ਭਾਵ ਦੇ ਖ਼ਿਲਾਫ਼ ਦੱਸਣ ਵਾਲੀ ਜਮਾਤ ਵੀ ਇਸ ਵਿਸ਼ੇ ਉਤੇ ਧੜਿਆਂ ਵਿਚ ਵੰਡੀ ਗਈ । ਇਸਦੇ ਬਹੁਤੇ ਆਗੂ ਦਿਲੋਂ ਅਛੂਤ ਕਹੇ ਜਾਣ ਵਾਲੇ ਲੋਕਾਂ ਨੂੰ ਪੂਰੀ ਤਰਾਂ ਬਾਕੀ ਸਮਾਜ ਵਿਚ ਨਹੀਂ ਸੀ ਰਲਾਉਣਾ ਚਾਹੁੰਦੇ। ਮੁਹੰਮਦ ਅਲੀ ਜਿਨਾਹ ਦਾ ਸੁਝਾਅ ਸੀ ਕਿ ਇਨ੍ਹਾਂ ਨੂੰ ਹਿੰਦੂ ਤੇ ਮੁਸਲਿਮ ਮਿਸ਼ਨਰੀਆਂ ਵਿਚ ਵੰਡ ਦਿੱਤਾ ਜਾਵੇ। ਪਰ ਭਗਤ ਸਿੰਘ ਮੁਤਾਬਿਕ ਇਹ ਵੀ ਸਮੱਸਿਆ ਦਾ ਕੋਈ ਪਾਏਦਾਰ ਹੱਲ ਨਹੀਂ ਸੀ । ਉਸਨੇ ਇਸ ਸਮਾਜਿਕ ਬੁਰਾਈ ਦਾ ਜ਼ਿਕਰ ਕਰਦਿਆਂ ਆਪਣੇ ਲੇਖ 'ਅਛੂਤ ਸਮੱਸਿਆ' ਵਿਚ ਲਿਖਿਆ, 'ਸਾਡੇ ਦੇਸ਼ ਵਰਗੇ ਬੁਰੇ ਹਾਲਾਤ ਕਿਸੇ ਹੋਰ ਦੇਸ਼ ਦੇ ਨਹੀਂ ਹੋਣੇ। ਇਥੇ ਅਜੀਬੋ-ਗਰੀਬ ਸਵਾਲ ਉਠਦੇ ਰਹਿੰਦੇ ਨੇ। ਇਕ ਸਵਾਲ ਅਛੂਤ ਸਮੱਸਿਆ ਦਾ ਹੈ। ਸਮੱਸਿਆ ਇਹ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿਚ ਜੋ 6 ਕਰੋੜ ਲੋਕ ਅਛੂਤ ਕਹਾਉਂਦੇ ਨੇ, ਉਨ੍ਹਾਂ ਦੀ ਛੋਹ ਨਾਲ ਧਰਮ ਭ੍ਰਿਸ਼ਟ ਹੋ ਜਾਵੇਗਾ ! ਮੰਦਿਰਾਂ ਵਿਚ ਉਨ੍ਹਾਂ ਦੇ ਜਾਣ ਨਾਲ ਦੇਵਤੇ ਨਾਰਾਜ਼ ਹੋ ਜਾਣਗੇ ! ਖੂਹ ਵਿਚੋਂ ਉਨ੍ਹਾਂ ਦੁਆਰਾ ਪਾਣੀ ਕਢੱਣ ਨਾਲ ਖੂਹ ਅਪਵਿੱਤਰ ਹੋ ਜਾਵੇਗਾ ! ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸੁਣਨ ਨਾਲ ਹੀ ਸ਼ਰਮ ਆਉਂਦੀ ਹੈ।'

ਆਪਣੀ ਲਿਖਤ 'ਨੌਜਵਾਨ ਸਿਆਸੀ ਕਾਰਕੁਨਾਂ ਦੇ ਨਾਂ' ਵਿਚ 'ਅਤੰਕਵਾਦ' ਸਿਰਲੇਖ ਹੇਠਾਂ ਭਗਤ ਸਿੰਘ ਨੇ ਇਕ ਮਹੱਤਵਪੂਰਣ ਇਤਿਹਾਸਕ ਸਚਾਈ ਬਿਆਨ ਕੀਤੀ ਹੈ । ਉਸਨੇ ਆਇਰਲੈਂਡ ਦੀ ਇਤਿਹਾਸਕ ਕਰਾਂਤੀਕਾਰੀ ਲਹਿਰ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦੱਸਦਿਆਂ ਲਿਖਿਆ ਕਿ 'ਇਸਨੇ ਆਇਰਸ਼ ਜਨਤਾ ਦੀ ਗ਼ੁਲਾਮੀ ਤਾਂ ਘੱਟ ਕੀਤੀ ਹੈ ਪਰ ਆਇਰਸ਼ ਮਜ਼ਦੂਰ ਤਬਕੇ ਨੂੰ ਪੂੰਜੀਪਤੀਆਂ ਦੇ ਜਾਲ ਵਿਚੋਂ ਮੁਕਤ ਨਹੀਂ ਕਰਵਾਇਆ। ਭਾਰਤ ਨੂੰ ਆਇਰਲੈਂਡ (ਦੇ ਤਜਰਬੇ) ਤੋਂ ਸਿੱਖਣ ਦੀ ਲੋੜ ਹੈ। '

ਭਗਤ ਸਿੰਘ ਦੁਆਰਾ ਆਪਣੇ ਲੇਖਾਂ, ਖ਼ਤਾਂ, ਬਿਆਨਾਂ ਤੇ ਸੁਨੇਹਿਆਂ ਵਿਚੱ ਅੰਕਿਤ ਕੀਤੇ ਇਤਿਹਾਸਕ ਹਵਾਲੇ ਬੇਸ਼ੁਮਾਰ ਹਨ। 1921-22 ਵਿਚੱ ਆਪਣੀ ਚਾਚੀ ਹੁਕਮ ਕੌਰ (ਦੇਸ਼ ਭਗਤ ਸ. ਸਵਰਨ ਸਿੰਘ ਦੀ ਵਿਧਵਾ) ਨੂੰ ਲਿਖੇ ਇਕ ਖ਼ਤ ਵਿਚ ਭਗਤ ਸਿੰਘ ਨੇ ਲਿਖਿਆ ਸੀ ਕਿ 'ਚਾਚੇ ਹੋਣਾਂ ਦੀ ਤਸਵੀਰ ਬਣ ਗਈ ਹੈ, ਮੈਂ ਨਾਲ ਲੈ ਆਵਣੀ ਸੀ ਪਰ ਉਦੋਂ ਅਜੇ ਬਣੀ ਨ ਸੀ ।' ਦੁਨੀਆਂ ਭਰ ਦੇ ਆਜ਼ਾਦੀ ਪਰਵਾਨਿਆਂ ਦੀਆਂ ਤਸਵੀਰਾਂ ਆਪਣੇ ਮਨ ਵਿਚ ਵਸਾਉਣ ਵਾਲੇ, ਕੁੱਲ ਸਾਢੇ ਤੇਈ ਸਾਲ ਦੀ ਉਮਰ ਪੂਰੀ ਕਰਕੇ ਜਾਣ ਵਾਲੇ ਭਗਤ ਸਿੰਘ ਦੀਆਂ ਤਸਵੀਰਾਂ ਅਤੇ ਲਿਖਤਾਂ ਆਉਣ ਵਾਲੀਆਂ ਪੀੜੀਆਂ ਨੂੰ ਹਮੇਸ਼ਾ ਇਤਿਹਾਸ ਨਾਲ ਜੋੜ ਕੇ ਪ੍ਰਫੁਲੱਤ ਤੇ ਪ੍ਰਭਾਵਤ ਕਰਦੀਆਂ ਰਹਿਣਗੀਆਂ।



ਸਰਬਜੀਤ ਸਿੰਘ ਵਿਰਕ, ਐਡਵੋਕੇਟ (ਐਮ. ਏ., ਐਮ. ਫ਼ਿਲ., ਐਲ ਐਲ. ਐਮ.)
ਕੋਠੀ ਨੰ. 53, ਫੇਸ-ਇਕ, ਅਰਬਨ ਅਸਟੇਟ, ਪਟਿਆਲਾ-147002.
ਫ਼ੋਨ. 94170-72314, 0175-2281224



# ਮੇਰੀ ਕਹਾਣੀ ਦੇ ਪਾਤਰ ਜਿਸ ਸਮਾਜ ਵਿਚੋਂ ਆਉਂਦੇ ਹਨ ਉਹ ਹੀ ਅਸਲ ਵਿਚ ਕੁੰਭੀ ਨਰਕ ਹੈ
## -ਭਗਵੰਤ ਰਸੂਲਪੁਰੀ

*ਮੁਲਾਕਾਤੀ : ਮਨਪ੍ਰੀਤ ਕੌਰ*

ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਦਾ ਪ੍ਰਸਿੱਧ ਕਥਾਕਾਰ ਹੈ। ਉਸ ਦੇ ਕਹਾਣੀ ਦਾ ਸਫ਼ਰ ਦੋ ਦਹਾਕੇ ਪਾਰ ਕਰ ਚੁੱਕਾ ਹੈ। ਉਸ ਨੇ ਆਪਣਾ ਕਹਾਣੀ ਖੇਤਰ ਵਿਚ ਪੈਰ 1992 ਵਿਚ 'ਚਾਨਣ ਦੀ ਲੀਕ' ਨਾਲ ਧਰਿਆ ਸੀ। ਉਸ ਤੋਂ ਬਾਅਦ ਉਸ ਨੇ 'ਮੈਂ ਸ਼ੈਤਾਨ ਤੇ ਇੰਦੂਮਣੀ' ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦਿੱਤਾ। ਜਿਸ ਰਾਹੀਂ ਇਕ ਦਲਿਤ ਕਥਾਕਾਰ ਵਜੋਂ ਉਸਦੀ ਪਛਾਣ ਗੂੜੀ ਹੋਈ। ਉਸ ਤੋਂ ਉਪਰੰਤ ਉਸ ਦੀਆਂ ਕਹਾਣੀ ਦੀ ਕਿਤਾਬ 'ਤੀਜਾ ਨੇਤਰ' ਛਪਦੀ ਹੈ, ਜਿਸ ਵਿਚੋਂ ਬਿਲਕੁੱਲ ਵੱਖਰੇ ਵਿਸ਼ੇ ਤੇ ਤਕਨੀਕ ਨਾਲ ਲਬਰੇਜ਼ ਕਹਾਣੀਆਂ ਪਾਠਕਾਂ ਨੂੰ ਪੜ੍ਹਨ ਨੂੰ ਮਿਲਦੀਆਂ ਹਨ। ਉਪਰੰਤ ਉਹ 'ਤੀਜਾ ਨੇਤਰ' (2005) ਨਾਲ ਕਹਾਣੀ ਖੇਤਰ ਵਿਚ ਆਪਣੀ ਪੀਡੀ ਪਕੜ ਬਣਾਉਂਦਾ ਹੈ। ਇਸ ਕਿਤਾਬ ਵਿਚ ਉਸ ਨੇ ਦਲਿਤ ਸਮਾਜ ਦੀਆਂ ਅੰਦਰੂਨੀ ਵਿਰੋਧਾਂ ਨੂੰ ਆਪਣੀ ਕਹਾਣੀ ਵਿਚ ਇਤਿਹਾਸਕ ਹਵਾਲਿਆਂ ਨਾਲ ਪੇਸ਼ ਕੀਤਾ ਹੈ। ਫਿਰ 'ਕੁਵੇਲੇ ਤੁਰਿਆ ਪਾਂਧੀ' ਕਹਾਣੀ ਸੰਗ੍ਰਹਿ ਪਾਠਕਾਂ ਨੂੰ ਭੇਟ ਕਰਦਾ ਹੈ। ਹੁਣ ਜਿਹੇ ਉਸ ਦਾ ਨਵਾਂ ਕਹਾਣੀ ਸੰਗ੍ਰਹਿ 'ਕੁੰਭੀ ਨਰਕ' ਛਪਿਆ ਹੈ। ਜਿਸ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਉਸ ਦੀ ਕਹਾਣੀ ਨੇ ਨਿਰੰਤਰ ਵਿਕਾਸ ਕੀਤਾ ਹੈ। ਚਾਹੇ ਉਹ ਵਿਸ਼ਾ ਵਸਤੂ ਹੋਵੇ ਜਾਂ ਸ਼ੈਲੀ ਦੇ ਪ੍ਰਯੋਗ ਹੋਣ ਜਾਂ ਕਹਾਣੀ ਕਲਾ ਦੀ ਗੱਲ ਹੋਵੇ। ਉਸ ਦੀ ਕਹਾਣੀ ਸਮਕਾਲੀ ਪੰਜਾਬੀ ਕਹਾਣੀ ਤੋਂ ਵੱਖਰੀ ਖੜੀ ਦਿਸਦੀ ਹੈ। ਲੰਬੀ ਸਾਹਿਤ ਘਾਲਣਾ ਨਾਲ ਉਸ ਨੇ ਪੰਜਾਬੀ ਕਹਾਣੀ ਖੇਤਰ ਵਿਚ ਆਪਣੀ ਵੱਖਰੀ ਪਛਾਣ ਲਗਾਤਾਰ ਗੂੜੀ ਕੀਤੀ ਹੈ। ਉਸ ਦੀ ਕਹਾਣੀ ਕਲਾ ਬਾਰੇ ਵਿਸਥਾਰ ਨਾਲ ਗੱਲਾਂ ਕੀਤੀਆਂ ਹਨ। ਜਿਸ ਰਾਹੀਂ ਤੁਸੀਂ ਉਸਦੀ ਕਹਾਣੀ ਨੂੰ ਸਮਝ ਸਕਦੇ ਹੋ।

**? ਆਪਣੇ ਜੀਵਨ ਪਿਛੋਕੜ ਬਾਰੇ ਦਸੋ।**

– ਮੈਂ ਮੰਗਲਵਾਰ ਵਾਲੇ ਦਿਨ ਜਨਮ ਲਿਆ। ਜਿਹਨੂੰ ਮੰਗਲੀਕ ਕਹਿੰਦੇ ਨੇ। ਨਾਨਕੇ ਪਿੰਡ ਧਰਮਪੁਰੇ ਮੇਰਾ ਜਨਮ ਹੋਇਆ। ਉਨ੍ਹਾਂ ਦਿਨ੍ਹਾਂ ਵਿਚ ਦਾਦਕੇ ਘਰ ਦੇ ਹਾਲਾਤ ਚੰਗੇ ਨਹੀਂ ਸਨ। ਪਿਤਾ ਵਿਗੜਿਆ ਹੋਇਆ ਬੰਦਾ ਸੀ। ਉਹ ਦਾਰੂ ਪੀਂਦਾ। ਹੋਟਲਾਂ ਵਿਚ ਸ਼ਾਹੀ ਰੋਟੀ ਖਾਂਦਾ। ਵਧੇਰੇ ਚੰਡੀਗੜ੍ਹ ਰਹਿੰਦਾ ਸੀ। ਤੇ ਮਾਂ ਨੂੰ ਜਦੋਂ ਮਨ ਕਰਦਾ ਕੁੱਟ ਦਿੰਦਾ। ਮਾਂ ਦਿਹਾੜੀਆਂ ਕਰਦੀ ਹੁੰਦੀ ਸੀ। ਜੋ ਕਮਾਉਂਦੀ ਉਹ ਖਾ ਲੈਂਦੀ। ਪਿਓ ਨੂੰ ਦੱਸ ਨੰਬਰੀ ਉਦੋਂ ਲੱਗ ਗਈ ਸੀ। ਘਰ ਪੁਲਿਸ ਤੁਰੀ ਰਹਿੰਦੀ। ਪਿਓ ਘਰੋਂ ਭੱਜ ਜਾਂਦਾ। ਆਲੇ–ਦੁਆਲੇ ਦੇ ਪਿੰਡਾਂ ਤੇ ਕਸਬਿਆਂ ਵਿਚ ਜੋ ਕੋਈ ਚੋਰੀ, ਲੁੱਟ–ਖੋਹ ਹੁੰਦੀ ਤਾਂ ਉਹ ਪਿਓ ਤੇ ਉਹਦੇ ਵਰਗੇ ਹੋਰ ਦੱਸ ਨੰਬਰੀਆਂ ਦੇ ਖਾਤੇ ਪੈ ਜਾਂਦੀ। ਮਾਂ ਨੂੰ ਤੰਗ ਕੀਤਾ ਜਾਂਦਾ ਤੇ ਦੁੱਖੀ ਹੋ ਕੇ ਮਾਂ ਨੇ ਮੈਨੂੰ ਨਾਨਕੇ ਘਰ ਛੱਡ ਆਂਦਾ। ਮੇਰੇ ਦੋ ਚਾਚੇ ਸਨ। ਇਕ ਦਾਦਾ ਸੀ। ਇਕ ਦਾਦੀ ਸੀ। ਜੋ ਸਾਰੇ ਦਿਹਾੜੀਆਂ ਕਰਦੇ ਸਨ। ਕੋਈ ਖੇਤਾਂ ਵਿਚ ਕਰਦਾ ਕੋਈ ਸ਼ਹਿਰ ਕਰਦਾ। ਘਰ ਵਿਚ ਪੜ੍ਹਾਈ ਦਾ ਨਾਂ ਨਿਸ਼ਾਨ ਨਹੀਂ ਸੀ। ਦਾਦੇ ਦੇ ਭਰਾ ਤੇ ਅੱਗੋਂ ਉਨ੍ਹਾਂ ਦੇ ਟੱਬਰ ਵੀ ਖੇਤਾਂ ਵਿਚ ਦਿਹਾੜੀਆਂ ਕਰਦੇ ਸਨ। ਕਹਿ ਲਓ ਕਿ ਸਾਰੇ ਨਰਕ ਹੀ ਢੋਂਦੇ ਸਨ। ਪਰ ਮੇਰਾ ਨਾਨਕਾ ਪਰਿਵਾਰ ਆਰਥਿਕ ਪੱਖੋਂ ਚੰਗਾ ਸੀ। ਮੇਰਾ ਨਾਨਾ ਪਹਿਲਾਂ ਆਪਣੀ ਖੇਤੀ ਕਰਦਾ ਰਿਹਾ। ਉਨ੍ਹਾਂ ਕੋਲ ਜ਼ਮੀਨ ਹੁੰਦੀ ਸੀ। ਫਿਰ ਉਹ ਬੂਟਾ ਮੰਡੀ ਚਮੜੇ ਦੀ ਆੜ੍ਹਤ ਕਰਨ ਲੱਗ ਪਿਆ। ਨਾਨੇ ਦੇ ਸੱਤ ਭਰਾ ਵੀ ਚਮੜੇ ਦਾ ਕਾਰੋਬਾਰ ਕਰਦੇ ਸਨ। ਸਾਰੇ ਆਰਥਿਕ ਤੌਰ ਤੇ ਅਮੀਰ ਸੇਠ ਸਨ। ਨਾਨਾ ਆਦਿ ਧਰਮ ਲਹਿਰ ਦਾ ਸਰਗਰਮ ਵਰਕਰ ਵੀ ਰਿਹਾ ਸੀ। ਇਸੇ ਕਰਕੇ ਮੇਰੇ ਉੱਤੇ ਆਪਣੇ ਨਾਨੇ ਦਾ ਪ੍ਰਭਾਵ ਬਹੁਤ ਪਿਆ। ਜਿਵੇਂ

ਜਿਵੇਂ ਮੈਨੂੰ ਸੁਰਤ ਆਈ, ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਿਆ ਤੇ ਸਮਝਿਆ। ਇਹ ਦਲਿਤ ਪਰਿਵਾਰ ਸਨ। ਆਦਿ ਧਰਮੀ ਜਾਂ ਕਹਿ ਲਓ ਚਮਾਰਾਂ ਦੇ ਘਰਾਂ ਨੂੰ ਵੇਖਦਾ, ਸਮਝਦਾ ਮੈਂ ਵੱਡਾ ਹੁੰਦਾ ਗਿਆ। ਦਲਿਤ ਪਰਿਵਾਰਾਂ ਦੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਨੂੰ ਮੈਂ ਸਮਝਣ ਲੱਗ ਪਿਆ। ਨਾਨੇ ਦੀ ਸੋਚ-ਸਮਝ ਤੇ ਗੱਲਾਂ ਨੇ ਮੈਨੂੰ ਸੋਚਣ ਤੇ ਸਮਝਣ ਲਗਾ ਦਿੱਤਾ। ਇਸ ਤਰ੍ਹਾਂ ਦਾ ਮੇਰੇ ਜੀਵਨ ਦਾ ਪਿਛੋਕੜ ਰਿਹਾ। ਕਹਿੰਦੇ ਨੇ ਮੇਰਾ ਦਾਦਾ ਕੁੱਝ ਸਿਆਣਾ ਸੀ। ਉਹਨੂੰ ਸਮਾਜ ਦੀ ਕਾਫੀ ਸਮਝ ਸੀ। ਇਕ ਦੋ ਵਾਰ ਮੈਂ ਉਹਨੂੰ ਵੇਖਿਆ ਸੀ ਜਦੋਂ ਉਹ ਮੇਰੇ ਨਾਨਕੇ ਪਿੰਡ ਮੈਨੂੰ ਜਾਂ ਮੇਰੇ ਨਾਨੇ ਨੂੰ ਮਿਲਣ ਆਉਂਦਾ ਹੁੰਦਾ ਸੀ।

ਸੰਤਾਲੀ ਤੋਂ ਬਾਅਦ ਮੇਰੇ ਦਾਦੇ ਮੰਗੂਵਾਲ ਤੋਂ ਉੱਠ ਕੇ ਰਸੂਲਪੁਰ ਆ ਬੈਠੇ। ਜਿਹੜਾ ਕਾਮਰੇਡਾ ਦਾ ਪ੍ਰਸਿੱਧ ਪਿੰਡ ਸੀ। ਸ਼ਾਇਦ ਪੜਦਾਦੇ ਪੁੰਨੂੰ ਤੇ ਵੀ ਕਾਮਰੇਡੀ ਦਾ ਪ੍ਰਭਾਵ ਹੋਵੇ। ਮੰਗੂਵਾਲ ਬਾਰੇ ਮਸ਼ਹੂਰ ਬੋਲੀ ਸੀ, 'ਬਣ ਜਾਣਾ ਰਾਜਧਾਨੀ ਪਿੰਡ ਮੰਗੂਵਾਲ ਨੇ' ਮੇਰਾ ਦਾਦਾ ਪੁੰਨੂੰ ਰਾਮ ਸੀ। ਜਿਹੜਾ ਆਪਣਾ ਟੱਬਰ ਲੈ ਕੇ ਰਸੂਲਪੁਰ ਆ ਬੈਠਾ। ਉਸ ਦੇ ਗੋਤੀ ਅਤੇ ਹੋਰ ਘਰ ਵੀ ਪਿੰਡ ਆ ਬੈਠੇ। ਉਦੋਂ ਪਿੰਡ ਪੂਰੀ ਤਰ੍ਹਾਂ ਉਜੜ ਗਿਆ ਸੀ। ਮੇਰੇ ਦਾਦੇ ਪੂੰਨੂੰ ਰਾਮ ਦੇ ਪੰਜ ਮੁੰਡੇ ਸਨ। ਵੱਡਾ ਬਖ਼ਸ਼ੀ ਰਾਮ, ਤੇ ਉਸ ਤੋਂ ਛੋਟੇ ਬੱਗਾ ਰਾਮ, ਭਾਗ ਰਾਮ, ਮੁਨਸ਼ੀ ਰਾਮ ਤੇ ਪਰਗਣ ਰਾਮ। ਦੋ ਭੈਣਾ ਸਨ। ਬਾਬੇ ਦੇ ਭਾਰਾਵਾਂ ਵਿਚੋਂ ਇਕ ਬਾਬਾ ਦੀ ਹੁਣੇ ਮੌਤ ਹੋਈ ਹੈ।

ਮੇਰੇ ਬਾਬੇ ਦਾ ਨਾਂ ਬਖ਼ਸ਼ੀ ਰਾਮ ਸੀ। ਜਿਸ ਦੀ ਸਰਕਾਰੀ ਰਿਕਾਰਡ ਵਿਚ ਮੌਤ 16 ਦਸੰਬਰ, 1976 ਲਿਖੀ ਹੋਈ ਹੈ। ਮੇਰੀ ਉਮਰ ਉਸ ਵੇਲੇ 8 ਕੁ ਸਾਲ ਦੀ ਸੀ। ਮੁਨਸ਼ੀ ਰਾਮ ਬਾਬੇ ਦੇ ਭਰਾ ਦੀ ਮੌਤ ਸਰਕਾਰੀ ਰਿਕਾਰਡ ਮੁਤਾਬਿਕ 21 ਅਕਤੂਬਰ, 1984 ਨੂੰ ਹੋਈ ਸੀ। ਅਤੇ ਉਸ ਤੋਂ ਛੋਟੇ ਭਾਗ ਰਾਮ ਦੀ ਮੌਤ 2 ਮਾਰਚ, 1995 ਨੂੰ ਹੋਈ ਸੀ। ਬੱਗਾ ਰਾਮ ਦੀ ਮੌਤ ਦਾ ਕੋਈ ਰਿਕਾਰਡ ਨਹੀਂ ਮਿਲਿਆ।

ਮੇਰਾ ਬਾਬਾ ਬਖ਼ਸ਼ੀ ਰਾਮ ਤੇ ਉਸ ਦੇ ਭਰਾ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕਾਮੇ ਦਾ ਕੰਮ ਕਰਦੇ ਸਨ। ਸੀਰੀ ਵੀ ਰਹੇ ਸਨ। ਉਹਦਾ ਰੰਗ ਕਾਲੇ ਤਵੇ ਵਰਗਾ ਸੀ। ਉਸ ਨੇ ਚਿੱਟੀ ਪੱਗ ਬੰਨ੍ਹੀ ਹੋਈ ਸੀ। ਮੈਨੂੰ ਚੇਤੇ ਹੈ ਕਿ ਉਹ ਨਾਨੇ ਨਾਲ ਵਿਹੜੇ ਵਿਚ ਮੰਜਾ ਡਾਹ ਕੇ ਬੈਠਿਆ ਹੋਇਆ ਸੀ ਤੇ ਦੋਵੇਂ ਹੁੱਕਾ ਪੀ ਰਹੇ ਸਨ। ਮੈਂ ਕਿਤਿਓਂ ਖੇਡ ਕੇ ਬਾਹਰੋਂ ਆਇਆ ਸੀ। ਉਨ੍ਹਾਂ ਦੇ ਆਲੇ ਦੁਆਲੇ ਪਾਣੀ ਛਿੜਕਿਆ ਸੀ। ਬਾਬੇ ਦੀ ਇਹ ਝਲਕ ਮੇਰੇ ਜ਼ਿਹਨ ਵਿਚ ਹੈ। ਮੈਂ ਉਹਨੂੰ ਫਿਰ ਕਦੇ ਨਾ ਮਿਲਿਆ। ਉਹਦੇ ਮਰਨ ਦਾ ਵੀ ਮੈਨੂੰ ਪਤਾ ਨਹੀਂ।

ਮੇਰੇ ਬਾਬੇ ਬਖ਼ਸ਼ੀ ਦੇ ਤਿੰਨ ਮੁੰਡੇ ਹੋਏ ਵੱਡਾ ਚਮਨ ਲਾਲ ਮੇਰਾ ਪਿਓ ਸੀ। ਉਸ ਤੋਂ ਛੋਟਾ ਬਿਹਾਰੀ ਰਾਮ ਕਾਫ਼ੀ ਸਾਲ ਮਨੀਮਾਜ਼ਰਾ ਵਿਖੇ ਬੱਕਰਿਆਂ ਤੇ ਹੋਰ ਪਸ਼ੂਆਂ ਦੀਆਂ ਆਂਦਰਾਂ ਸਾਫ਼ ਕਰਨ ਵਾਲੇ ਕਾਰਖਾਨੇ ਵਿਚ ਆਂਦਰਾ ਸਾਫ਼ ਕਰਨ ਲੱਗਾ ਰਿਹਾ। ਮੇਰਾ ਪਿਓ ਵੀ ਉਥੇ ਕੰਮ ਕਰਦਾ ਰਿਹਾ। ਹੁਣ ਉਹ ਮਾਨੀਮਾਜ਼ਰਾ ਵਿਖੇ ਇਕ ਧੱਕਾ ਕਲੋਨੀ ਵਿਚ ਰਹਿੰਦਾ ਹੈ। ਉਸ ਦਾ ਸਾਰਾ ਟੱਬਰ ਉਥੇ ਹੀ ਰਹਿੰਦਾ ਹੈ। ਚਾਚੀ ਨੇੜੇ ਦੀਆਂ ਕੋਠੀਆਂ ਵਿਚ ਝਾੜੂ ਪੋਚੇ ਦਾ ਕੰਮ ਕਰਦੀ ਹੈ। ਚਾਚਾ ਬਿਹਾਰੀ ਰੰਗ ਦੀ ਕਿਸੇ ਫੈਕਟਰੀ ਵਿਚ ਕੰਮ ਤੇ ਲੱਗਾ ਹੈ। ਉਹਨੇ ਦੋ ਕੁੜੀਆਂ ਵਿਆਹ ਦਿੱਤੀਆਂ ਹਨ। ਉਹਦੇ ਦੋ ਮੁੰਡੇ ਹਨ। ਥੋੜ੍ਹਾ ਬਹੁਤਾ ਪੜ੍ਹੇ ਤੇ ਕੰਮ ਤੇ ਲੱਗ ਗਏ। ਪਿੰਡ ਵਿਚ ਹੁਣ ਉਹਦੇ ਹਿੱਸੇ ਦਾ ਥਾਂ ਬਚਿਆ ਹੈ। ਪਰ ਉਹ ਪਿੰਡ ਵਿਚ ਰਹਿੰਦਾ ਨਹੀਂ। ਛੋਟਾ ਕੇਵਲ ਰਾਮ ਆਰੇ ਦਾ ਕੰਮ ਕਰਦਾ ਸੀ ਕਈ ਸਾਲ ਉਹਦੇ ਕੋਈ ਬੱਚਾ ਨਾ ਹੋਇਆ। ਫਿਰ ਉਹ ਨੂੰ ਟੀ ਬੀ ਦੀ ਬਿਮਾਰੀ ਚੁੰਬੜ ਗਈ। ਉਹ ਕੁਝ ਸਾਲਾਂ ਬਾਅਦ ਮਰ ਗਿਆ। ਉਹਦੀ ਘਰ ਵਾਲੀ ਆਪਣੇ ਪੇਕੇ ਚਲੇ ਗਈ।

ਵਿਆਹ ਤੋਂ ਬਾਅਦ ਮੈਂ ਆਪਣੀ ਪਤਨੀ ਸਰੋਜ ਤੇ ਦੋ ਬੱਚਿਆਂ ਅਯੁਸ ਤੇ ਹਰਲੀਨ ਨਾਲ ਜਲੰਧਰ ਰਹਿਣ ਲੱਗ ਪਿਆ। ਨਾਲ ਮੇਰੀ ਮਾਂ ਬਖ਼ਸ਼ੋ ਰਹਿੰਦੀ ਹੈ। ਮੇਰੀ ਜੀਵਨ ਸਾਥਨ ਸਕੂਲ ਅਧਿਆਪਕ ਹੈ ਤੇ ਕਵਿਤਾ ਤੇ ਬਾਲ ਸਾਹਿਤ ਲਿਖਦੀ ਹੈ।

**? ਆਪਣੀ ਸਿੱਖਿਆ ਪ੍ਰਾਪਤੀ ਬਾਰੇ ਜਾਣਕਾਰੀ ਦਿਓ।**

– ਬੀ. ਏ. ਤੋਂ ਬਾਅਦ ਮੈਂ ਗਿਆਨੀ ਕਰਨ ਲੱਗ ਪਿਆ। ਉਦੋਂ ਮੈਂ ਸਾਹਿਤ ਪੜ੍ਹਨ ਲੱਗ ਪਿਆ ਸੀ। ਤੇ ਮੇਰੀ ਸਾਹਿਤ ਪ੍ਰਤੀ ਇਕ ਸਮਝ ਬਣ ਗਈ ਸੀ। ਜਦੋਂ ਗਿਆਨੀ ਦੀਆਂ ਗਾਇਡਾ ਪੜ੍ਹੀਆਂ ਤਾਂ ਉਨ੍ਹਾਂ ਵਿਚ ਜੋ ਲਿਖਿਆ ਸੀ ਉਹ ਮੈਨੂੰ ਹਜ਼ਮ ਨਹੀਂ ਹੁੰਦਾ ਸੀ। ਮੇਰਾ ਦਿਮਾਗ ਕੁਝ ਹੋਰ ਕਹਿੰਦਾ ਸੀ। ਮੁਕਦੀ ਗੱਲ ਮੈਂ ਲੁਧਿਆਣੇ ਪੇਪਰ ਪਾਉਣ ਗਿਆ। ਤਾਂ ਮੈਂ ਸਮਝਦਾ ਸਾਂ ਕਿ ਮੈਂ ਫਸਟ ਕਲਾਸ ਵਿਚ ਪਾਸ ਹੋਵਾਗਾ ਪਰ ਹੋਇਆ ਇਹ ਕਿ ਮੈਂ ਫੇਲ੍ਹ ਹੋ

ਗਿਆ। ਫਿਰ ਐਮ. ਏ. ਪੰਜਾਬੀ ਕਰ ਲਈ। ਪਰ ਜੋ ਪੜ੍ਹਿਆ ਉਸ ਸਲੇਬਸ ਬਾਰੇ ਹਮੇਸ਼ਾਂ ਸ਼ੰਕਾ ਹੁੰਦਾ ਰਿਹਾ। ਇਤਿਹਾਸ ਨੂੰ ਲੈ ਕੇ, ਸਾਹਿਤ ਨੂੰ ਲੈ ਕੇ। ਸਾਹਿਤ ਦੇ ਇਤਿਹਾਸ ਨੂੰ ਲੈ ਕੇ। ਮੈਂ ਸੋਚਦਾ ਸਾਂ ਕਿ ਇਹ ਤਾਂ ਸਾਰਾ ਕੁਝ ਗਲਤ ਹੈ। ਸਾਹਿਤ ਦੀ ਇਸ ਤਰ੍ਹਾਂ ਵਿਆਖਿਆ ਹੋਣੀ ਚਾਹੀਦੀ ਹੈ। ਇਤਿਹਾਸ ਤਾਂ ਆਹ ਹੋਣਾ ਚਾਹੀਦਾ ਹੈ। ਜਿਸ ਕਾਰਨ ਡਿਗਰੀਆਂ ਤੋਂ ਮੋਹ ਭੰਗ ਹੋ ਗਿਆ। ਕੋਈ ਮਨ ਪਸੰਦ ਨੌਕਰੀ ਮਿਲੀ ਨਹੀਂ ਜੋ ਮਿਲੀ ਉਹ ਕੀਤੀ ਨਹੀਂ। ਮੈਂ ਸ਼ੁਰੂ ਤੋਂ ਹੀ ਕਿਸੇ ਅਧੀਨ ਕੰਮ ਕਰਕੇ ਰਾਜੀ ਨਹੀਂ ਸੀ। ਸੋ ਆਜ਼ਾਦ ਤੌਰ ਤੇ ਕਿਤਾਬਾਂ ਛਾਪਣ ਦਾ ਕੰਮ ਕੀਤਾ। 'ਪਰਵਾਜ਼ ਪ੍ਰਕਾਸ਼ਨ' ਨਾਂ ਹੇਠ ਪੰਜਾਬੀ ਦੀਆਂ ਕਿਤਾਬਾਂ ਛਾਪਦਾ ਹਾਂ। ਅਤੇ ਪਹਿਲਾਂ 'ਸੁਰ ਸਾਂਝ' ਮੈਗਜ਼ੀਨ ਛੇ ਸਾਲ ਛਾਪਿਆ ਤੇ ਹੁਣ 'ਕਹਾਣੀ ਧਾਰਾ' ਪਿਛਲੇ 12 ਸਾਲਾਂ ਤੋਂ ਸੰਪਾਦਤ ਕਰਦਾ ਆ ਰਿਹਾ ਹਾਂ। ਜਦੋਂ ਮਨ ਕਰਦਾ ਪੜ੍ਹ ਲੈਂਦਾ ਹਾਂ, ਜਦੋਂ ਮਨ ਕਰਦਾ ਲਿਖ ਲੈਂਦਾ ਹਾਂ। ਜੇ ਕੋਈ ਅਨੁਵਾਦ ਦੀ ਕਿਤਾਬ ਆ ਜਾਵੇ ਉਹ ਕਰ ਲੈਂਦਾ ਹਾਂ। ਸੋ ਆਪਣੇ ਆਪ ਨੂੰ ਆਜ਼ਾਦ ਰੱਖਿਆ ਹੈ। ਕਿਸੇ ਦੀ ਗੁਲਾਮੀ ਨਹੀਂ ਕੀਤੀ ਨਾ ਕਰਨੀ ਹੈ।

**? ਕਹਾਣੀ ਲਿਖਣ ਪ੍ਰਤੀ ਰੁਚੀ ਕਿਵੇਂ ਪੈਦਾ ਹੋਈ।**

–ਮੈਨੂੰ ਲੱਗਦਾ ਹੈ ਜਦੋਂ ਸ਼ਰਾਬ ਨਾਲ ਰੱਜੇ ਹੋਏ ਆਪਣੇ ਪਿਓ ਵੱਲੋਂ ਮਾਂ ਨੂੰ ਕੁੱਟਦੇ ਵੇਖਿਆ ਤਾਂ ਮੇਰੇ ਮਨ ਅੰਦਰ ਉਦੋਂ ਕਹਾਣੀ ਦੀ ਪਹਿਲੀ ਘਟਨਾ ਬਣ ਗਈ ਸੀ। ਪਰਿਵਾਰ ਦੀ ਭਿਆਨਿਕ ਸਥਿਤੀ ਨੇ ਮੇਰੇ ਮਨ ਵਿਚ ਇਸ ਪ੍ਰਤੀ ਵਿਦਰੋਹ ਤੇ ਲਾਵਾ ਭਰ ਦਿੱਤਾ ਸੀ। ਜਿਹੜਾ ਕਿ ਬਾਅਦ ਵਿਚ ਕਹਾਣੀਆਂ ਦਾ ਬੀਜ ਬਣ ਗਿਆ। ਮੇਰੇ ਮਨ ਵਿਚ ਸ਼ੁਰੂ ਤੋਂ ਹੀ ਬਹੁਤ ਉਥਲ-ਪੁੱਥਲ ਹੁੰਦੀ ਰਹੀ ਹੈ। ਇਹ ਦਾਦਕੇ ਪਰਿਵਾਰ ਨੂੰ ਲੈ ਕੇ ਵੀ ਰਹੀ ਅਤੇ ਨਾਨਕੇ ਪਰਿਵਾਰ ਨੂੰ ਲੈ ਕੇ ਵੀ ਰਹੀ। ਨਾਨਕੇ ਪਰਿਵਾਰ ਦੀ ਜ਼ਿੰਦਗੀ ਵੀ ਸਾਂਵੀ ਤੇ ਪੱਧਰੀ ਨਹੀਂ ਰਹੀ। ਬੜੀ ਕੰਡਿਆ ਤੇ ਤੁਰਨ ਵਾਲੀ ਵੀ ਰਹੀ। ਨਾਨਾ ਜੀ ਦਾ ਵੱਡਾ ਮੁੰਡਾ ਪਾਗਲ ਹੋ ਗਿਆ। ਉਹਦੀ ਪਤਨੀ ਦੋ ਮੁੰਡੇ ਜੰਮ ਕੇ ਸਦਾ ਲਈ ਪੇਕੇ ਬੈਠ ਗਈ। ਕੇਸ ਚੱਲੇ, ਲੜਾਈਆਂ ਹੋਈਆਂ। ਨਾਨੇ ਦਾ ਆਪਣੇ ਭਰਾ ਨਾਲ ਵਪਾਰ ਤੇ ਜ਼ਮੀਨ ਨੂੰ ਲੈ ਕੇ ਝਗੜਾ ਹੁੰਦਾ ਰਿਹਾ। ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਵੇਖਦਾ ਮੈਂ ਵੱਡਾ ਹੋਇਆ ਤੇ ਮਨ ਕੋਮਲ ਨਹੀਂ ਰਿਹਾ... ਦਾਦਕਾ ਪਰਿਵਾਰ ਤਾਂ ਹੈ ਹੀ ਦਲਿੱਦਰ ਦਾ ਘਰ ਤੇ ਏਧਰ ਨਾਨਕਾਂ ਪਰਿਵਾਰ ਵਿਚ ਕਾਫੀ ਉਤਰਾਅ ਚੜ੍ਹਾ ਆਏ। ਜ਼ਿੰਦਗੀ ਸਾਵੀ ਪੱਧਰੀ ਤਾਂ ਹੁੰਦੀ ਹੀ ਨਹੀਂ ਖਾਸ ਕਰਕੇ ਸਾਡੇ ਵਰਗੇ ਲੋਕਾਂ ਦੀ। ਮਨ ਐਨਾਂ ਭਰਿਆ ਹੋਇਆ ਸੀ। ਸਿਸਟਮ ਪ੍ਰਤੀ ਬਹੁਤ ਗੁੱਸਾ ਸੀ। ਜਿਹੜਾ ਬੰਦਾ ਧੱਕਾ ਕਰਦਾ ਸੀ ਉਹਦੇ ਪ੍ਰਤੀ ਬਹੁਤ ਗੁੱਸਾ ਸੀ। ਇਸ ਸਮਾਜ ਪ੍ਰਤੀ, ਸਿਸਟਮ ਪ੍ਰਤੀ ਮੇਰੀ ਨਾਬਰੀ ਸੋਚ ਬਣਨ ਲੱਗ ਪਈ। ਇਨ੍ਹਾਂ ਪ੍ਰਸਥਿਤੀਆਂ ਵਿਚੋਂ ਕਵਿਤਾ ਕਿਥੇ ਸਿਰਜ ਹੋਣੀ ਸੀ। ਮਨ ਵਿਚ ਕਹਾਣੀ ਦੀਆਂ ਘਟਨਾਵਾਂ ਬਣਨ ਲੱਗ ਪਈਆਂ। ਜਦੋਂ ਮੌਕਾ ਮਿਲਿਆ ਤਾਂ ਕਹਾਣੀ ਹੀ ਸਿਰਜ ਹੋਈ। ਕਵਿਤਾ ਮੇਰੇ ਸ਼ੁਰੂ ਤੋਂ ਫਿਟ ਨਹੀਂ ਬੈਠੀ। ਨਾਂ ਮੈਂ ਹੁਣ ਵੀ ਬਹੁਤ ਕਵਿਤਾ ਪੜ੍ਹਦਾ ਹਾਂ।

**? ਪੰਜਾਬੀ ਸਾਹਿਤਕਾਰ ਵਧੇਰੇ ਕਵਿਤਾ ਤੋਂ ਆਪਣਾ ਸ.ਫ਼ਰ ਸ਼ੁਰੂ ਕਰਦੇ ਹਨ। ਤੁਸੀਂ ਕਹਾਣੀ ਤੋਂ ਕੀਤਾ ਹੈ। ਇਸ ਪਿੱਛੇ ਕਿਹੜੀਆਂ ਪਸਥਿਤੀਆਂ ਅਤੇ ਘਟਨਾਵਾਂ ਕਾਰਨ ਬਣੀਆਂ।**

–ਹਾਂ ਬਿਲਕੁਲ ਮੈਂ ਸਾਹਿਤਕ ਸਫ਼ਰ ਕਹਾਣੀ ਤੋਂ ਕੀਤਾ ਹੈ। ਹੋਇਆ ਇੰਝ ਕਿ ਜਦੋਂ ਮੈਂ ਡੀ. ਏ. ਵੀ. ਕਾਲਜ ਜਲੰਧਰ ਪੜ੍ਹਨ ਲੱਗ ਪਿਆ ਤਾਂ ਸਾਡੇ ਪੰਜਾਬੀ ਅਧਿਆਪਕ ਨੇ ਕਿਹਾ ਕਿ ਕਾਲਜ ਦਾ ਇਕ ਮੈਗਜ਼ੀਨ 'ਰਾਵੀ' ਹਰ ਸਾਲ ਛਪਦਾ ਹੈ। ਉਸਦਾ ਇਕ ਪੰਜਾਬੀ ਸੈਕਸ਼ਨ ਵੀ ਹੁੰਦਾ ਹੈ। ਤੁਸੀਂ ਉਸ ਲਈ ਆਪਣੀ ਕੋਈ ਕਹਾਣੀ, ਕਵਿਤਾ ਜਾਂ ਲੇਖ ਲਿਖ ਕੇ ਦੇ ਸਕਦੇ ਹੋ। ਮੇਰਾ ਮਨ ਕੀਤਾ ਮੈਂ ਵੀ ਕੁਝ ਲਿਖਾ। ਮੇਰੇ ਮਨ ਵਿਚ ਪਹਿਲੀ ਜੋ ਚੀਜ਼ ਬਣੀ ਉਹ ਕਹਾਣੀ ਹੀ ਬਣੀ। ਨਾਨਕੇ ਰਹਿੰਦਿਆਂ ਸਾਡੇ ਪਿੰਡ ਵਿਚ ਇਕ ਝੱਲੀ ਜਿਹੀ ਔਰਤ ਫਿਰਦੀ ਰਹਿੰਦੀ ਸੀ। ਜਿਸਦਾ ਨਾਂ 'ਸੰਤੀ' ਸੀ। ਉਹ ਥਾਂ ਥਾਂ ਤੋਂ ਬਾਲਣ 'ਕੱਠਾ ਕਰਦੀ। ਸਾਇਦ ਹੀ ਕਦੇ ਨਹਾਤੀ ਹੋਵੇ, ਉਹਦੇ ਕੱਪੜੇ ਮੈਲ਼ ਨਾਲ ਭਰੇ ਹੁੰਦੇ ਸਨ। ਕੋਈ ਉਹਨੂੰ ਰੋਟੀ ਦੇ ਦਿੰਦਾ। ਬਹੁਤ ਹੀ ਗੰਦੀ। ਪਾਗਲਾਂ ਵਰਗੀ। ਉਹਦਾ ਪਤੀ ਸਕੂਲ ਅੱਗੇ ਸ਼ੱਕਰਕੰਦੀ ਵੇਚਦਾ ਹੁੰਦਾ ਸੀ। ਤੇ ਛੁੱਟੀ ਵਾਲੇ ਦਿਨ ਵਿਆਹ ਸ਼ਾਦੀਆਂ 'ਤੇ ਰਿਕਾਰਡ ਵਜਾਉਂਦਾ ਸੀ। ਉਹ ਸ਼ਾਮ ਨੂੰ ਦਾਰੂ ਪੀ ਕੇ ਉਹਨੂੰ ਕੁੱਟਦਾ। ਤੇ ਉਸ ਦੇ ਲਿਆਂਦੇ ਬਾਲਣ ਨਾਲ ਸ਼ੱਕਰਕੰਦੀ ਭੁੰਨਦਾ। ਉਹਦਾ ਇਕ ਮੁੰਡਾ ਵੀ ਸੀ। ਮੇਰੇ ਸਾਹਮਣੇ ਜੋ ਘਟਨਾਵਾਂ ਸਨ ਉਹ ਮੈਂ ਆਪਣੀ ਸਮਝ ਨਾਲ ਲਿਖ ਦਿੱਤੀਆਂ। ਕੁਝ ਵਾਰਤਾਲਾਪ ਬਣਾਏ। ਇਕ ਹੋਰ ਕਹਾਣੀ ਮੈਂ ਆਪਣੀ ਮਾਂ ਬਾਰੇ ਲਿਖੀ। ਜੋ ਮੈਂ ਉਹਦੇ ਬਾਰੇ ਜਾਣਦਾ ਸੀ। ਤੇ ਇਹ ਦੋਵੇਂ ਕਹਾਣੀਆਂ ਕਾਲਜ ਮੈਗਜ਼ੀਨ ਵਿਚ ਛਪ ਗਈਆਂ। ਮੈਨੂੰ ਜਦੋਂ ਪਤਾ ਲੱਗਾ ਤਾਂ ਮੈਂ ਬਹੁਤ ਖੁਸ਼ ਹੋਇਆ। ਉਸ ਵੇਲੇ ਮੈਨੂੰ ਲੱਗਾ ਕਿ ਮੈਂ ਵੀ ਕਹਾਣੀਆਂ ਲਿਖ ਸਕਦਾ ਹਾਂ। ਬਾਅਦ ਵਿਚ ਉਸੇ ਕਾਲਜ ਦੇ ਕੁਝ ਦੋਸਤ ਮਿਲ ਪਏ। ਦਵਿੰਦਰ ਮੰਡ, ਅਵਤਾਰ

ਡੱਬ, ਸ਼ੀਤਲ ਸਿੰਘ, ਕਮਲਜੀਤ ਥਿੰਦ ਤੇ ਸੁਰਿੰਦਰ ਸੋਹਰ। ਅਸੀਂ ਰਲ਼ ਕੇ ਇਕ ਦੂਜੇ ਦੀਆਂ ਕਹਾਣੀਆਂ ਪੜ੍ਹਦੇ ਤੇ ਉਨ੍ਹਾਂ ਨੂੰ ਠੀਕ ਕਰਦੇ। ਇੰਝ ਕਹਾਣੀ ਲਿਖਣ ਦਾ ਦੌਰ ਸ਼ੁਰੂ ਹੋ ਗਿਆ।

**? ਤੁਹਾਡੀਆਂ ਕਹਾਣੀਆਂ ਦਾ ਕੋਈ ਅਜਿਹਾ ਪਾਤਰ ਜੋ ਤੁਹਾਡੇ ਦਿਲ ਦਿਮਾਗ਼ 'ਤੇ ਅਮਿੱਟ ਛਾਪ ਛੱਡ ਗਿਆ ਹੋਵੇ?**

-ਮੈਨੂੰ ਹੁਣ ਤੱਕ ਵੀਹ ਸਾਲ ਤੋਂ ਵੱਧ ਸਮਾਂ ਕਹਾਣੀ ਲਿਖਦਿਆਂ ਹੋ ਗਏ ਹਨ। ਮੇਰੀਆਂ ਕਹਾਣੀਆਂ 'ਚ ਅਨੇਕਾਂ ਪਾਤਰ ਆਏ ਹਨ। ਜਿਨ੍ਹਾਂ ਨੂੰ ਮੈਂ ਬਹੁਤ ਨੇੜੇ ਤੋਂ ਵੇਖਿਆ ਤੇ ਸਮਝਿਆ ਹੈ। ਪਰ ਉਸ ਨੂੰ ਜਦੋਂ ਮੈਂ ਕਹਾਣੀ ਵਿਚ ਪੇਸ਼ ਕੀਤਾ ਤਾਂ ਹੂ ਬ ਹੂ ਨਹੀਂ ਕੀਤਾ। ਉਸ ਮੂਲ ਪਾਤਰ ਨੂੰ ਮੈਂ ਆਪਣੀ ਦ੍ਰਿਸ਼ਟੀ ਨਾਲ, ਆਪਣੀ ਸਮਾਜਿਕ ਸਮਝ ਨਾਲ ਘੜਿਆ ਹੈ। ਕਈ ਵਾਰ ਇਕ ਮੂਲ ਪਾਤਰ ਵਿਚ ਕਿਸੇ ਦੂਜੇ ਪਾਤਰ ਦਾ ਅੰਸ਼ ਪਾ ਲਿਆ, ਫਿਰ ਤੀਜੇ ਕਿਸੇ ਪਾਤਰ ਦਾ ਕੁੱਝ ਹਿੱਸਾ ਪਾ ਲਿਆ। ਕਹਿ ਲਓ ਕਿਸੇ ਦੀ ਲੱਤ ਲੈ ਲਈ, ਕਿਸੇ ਦੀ ਬਾਂਹ ਤੇ ਕਿਸੇ ਦਾ ਦਿਮਾਗ਼ , ਇੰਝ ਮੈਂ ਸੰਪੂਰਨ ਮਨੁੱਖੀ ਪਾਤਰ ਘੜਦਾ ਹਾਂ। ਇਸ ਤਰ੍ਹਾਂ ਆਪਣੀ ਸਮਝ ਮੁਤਾਬਕ ਸੰਪੂਰਨ ਪਾਤਰ ਘੜ ਲੈਂਦਾ ਹਾਂ। ਬਹੁਤ ਪਾਤਰ ਹਨ ਜਿਹੜੇ ਬਹੁਤੇ ਸਾਹਿਤ ਵਿਚ ਜਾਨਦਾਰ ਪਾਤਰ ਕਹਾਏ, ਤੇ ਜਿਨ੍ਹਾਂ ਕਰਕੇ ਕਹਾਣੀਆਂ ਪਾਠਕਾਂ ਅਤੇ ਆਲੋਚਨਾ ਵਿਚ ਹਰਮਨ ਪਿਆਰੀਆਂ ਹੋਈਆਂ। ਏਥੇ ਮੈਂ ਦੋ ਤਿੰਨ ਕਹਾਣੀਆਂ ਦੇ ਪਾਤਰਾਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਪਾਠਕਾਂ 'ਤੇ ਸੱਚਮੁੱਚ ਹੀ ਅਮਿੱਟ ਛਾਪ ਛੱਡ ਗਏ। 'ਕਸੂਰਵਾਰ' ਕਹਾਣੀ ਦੀ ਬਜ਼ੁਰਗ 'ਮੈਂ' ਪਾਤਰ ਹੈ। ਦੂਜੀ 'ਜੜ੍ਹਾਂ' ਕਹਾਣੀ ਦਾ ਪਾਤਰ ਭਿਕਸ਼ੂ ਗਿਆਨ ਰਤਨ' ਹੈ। 'ਆਦੀ ਡੰਕਾ' ਕਹਾਣੀ ਦਾ ਪਾਤਰ 'ਚੌਧਰੀ ਫ਼ਕੀਰ ਚੰਦ', 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਕਹਾਣੀ ਦਾ ਮੁੱਖ ਪਾਤਰ ਮਾਸਟਰ। 'ਲੰਘ ਚੱਲੀ' ਕਹਾਣੀ ਦੀ ਮੈਂ ਪਾਤਰ। 'ਮਰਨ ਰੁੱਤ' ਕਹਾਣੀ ਦਾ ਮੈਂ ਪਾਤਰ ਖੁਦ ਮੈਂ ਹੀ ਹਾਂ। ਇਕ ਹੋਰ ਕਹਾਣੀ ਹੈ 'ਸੁੱਕੀਆਂ ਕੂੰਨਾਂ' ਜਿਹਦਾ ਬਜ਼ੁਰਗ ਪਾਤਰ ਜਾਗਰ ਮੱਲ੍ਹ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰਾਂ ਵਿਚ ਐਨੀ ਸ਼ਕਤੀ ਹੈ ਕਿ ਜਿਸ ਨੇ ਕਹਾਣੀ ਪੜ੍ਹੀ ਹੈ ਉਸ ਦੇ ਪਾਤਰ ਵਿਚੋਂ ਉਸ ਨੇ ਆਪਣੀ ਝਲਕ ਵੇਖੀ ਹੈ। ਪਾਠਕ ਦੇ ਮਨ ਦੇ ਰਸ ਨਾਲ ਜਦੋਂ ਕਹਾਣੀ ਦਾ ਰਸ ਮੇਲ ਖਾਂਦਾ ਹਾਂ ਤਾਂ ਪਾਠਕ ਲੇਖਕ ਨਾਲ ਜੁੜ ਜਾਂਦਾ ਹੈ। ਉਹ ਪਾਤਰ ਉਹਨੂੰ ਆਪਣਾ ਲੱਗਣ ਲੱਗ ਪੈਂਦਾ ਹੈ। ਉਹੀ ਪਾਤਰ ਜੋ ਸਮੂਹ ਨੂੰ ਚੰਗਾ ਲੱਗਣ ਲੱਗ ਪੈਂਦਾ ਹੈ ਤਾਂ ਉਹ ਸਾਹਿਤ ਵਿਚ ਵੱਡੇ ਪਾਤਰ ਵਜੋਂ ਉਭਰਦਾ ਹੈ। ਜਿਹੜਾ ਕਿ ਰਚਨਾ ਨੂੰ ਹੀ ਵੱਡਾ ਕਰਦਾ ਸਗੋਂ ਕਹਾਣੀਕਾਰ ਜਾਂ ਲੇਖਕ ਨੂੰ ਵੱਡਾ ਕਰ ਦਿੰਜਾ ਹੈ। ਸੋ ਅੱਜ ਤੱਕ ਵੀ ਇਨ੍ਹਾਂ ਉਪਰੋਕਤ ਪਾਤਰਾਂ ਦੀ ਚਰਚਾ ਹੁੰਦੀ ਰਹਿੰਦੀ ਹੈ। ਪੰਜਾਬ ਕਹਾਣੀ ਦੇ ਹਰ ਚਿੰਤਕ ਤੇ ਪਾਠਕ ਨੇ ਇਨ੍ਹਾਂ ਪਾਤਰਾਂ ਦਾ ਨੋਟਿਸ ਲਿਆ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰਾਂ ਨੇ ਮੈਨੂੰ ਵੀ ਬਤੌਰ ਕਹਾਣੀਕਾਰ ਪਛਾਣ ਦਿੱਤੀ ਹੈ। ਇਹ ਪਾਤਰ ਮੈਂ ਹੂ ਬ ਹੂ ਕਹਾਣੀ ਵਿਚ ਨਹੀਂ ਲੈ ਕੇ ਆਂਦੇ। ਇਨ੍ਹਾਂ ਪਾਤਰਾਂ ਨੂੰ ਮੈਂ ਆਪਣੀ ਸਮਾਜਿਕ ਦ੍ਰਿਸ਼ਟੀ ਨਾਲ, ਸਮਾਜਿਕ ਸੂਝ ਨਾਲ, ਆਪਣੀ ਵਿਚਾਰਧਾਰਕ ਦ੍ਰਿਸ਼ਟੀ ਨਾਲ ਘੜਿਆ ਹੈ। ਪਰ ਉਨ੍ਹਾਂ ਦੀਆਂ ਮੂਲ ਭਾਵਨਾਵਾਂ ਮਰਨ ਨਹੀਂ ਦਿੱਤੀਆਂ। ਭਲਾ ਮਾਂ ਕਹਿੰਦੀ ਹਾਂ ਬਈ ਮੇਰਾ ਆਹ ਨਿਆਣਾ ਸਭ ਨਾਲੋਂ ਚੰਗਾ ਬਾਕੀ ਮਾੜੇ ਆ। ਪਰ ਕਿਤੇ ਕਿਤੇ ਕਹਿ ਵੀ ਦਿੰਦੀ ਆ, ਆਹ ਛੋਟਾ ਪੁੱਤ ਤਾਂ ਮੇਰਾ ਬਾਹਲਾ ਚੰਗਾ। ਮੈਂ ਵੀ ਕਹਿ ਦਿੰਦਾ ਹਾਂ ਇਨ੍ਹਾਂ ਕਹਾਣੀਆਂ ਦੇ ਪਾਤਰ ਬਾਹਲੇ ਸਿਆਣੇ ਹਨ ਜਿਨ੍ਹਾਂ ਕਰਕੇ ਮੈਂ ਪੰਜਾਬੀ ਕਹਾਣੀ ਵਿਚ ਦੇਰ ਤੱਕ ਜਿਉਂਦਾ ਰਹਾਂਗਾ।

**? ਤੁਸੀਂ ਆਪਣੀ ਕਹਾਣੀ ਵਿਚ ਮਰਦ ਪਾਤਰਾਂ ਦੀ ਥਾਂ ਔਰਤ ਪਾਤਰਾਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਕੀ ਇਹ ਔਰਤ ਪ੍ਰਤੀ ਤੁਹਾਡੀ ਸੰਵੇਦਨਾ ਹੈ ਜਾਂ ਸਮਾਜਿਕ ਤਬਦੀਲੀ। ਇਸਦਾ ਕੀ ਕਾਰਨ ਹੈ?**

-ਇਹ ਕਿਹਾ ਜਾ ਸਕਦਾ ਹੈ। ਇਕ ਦੌਰ ਸੀ ਜਦੋਂ ਮੈਂ ਨਾਰੀ ਨੂੰ ਕੇਂਦਰ ਵਿਚ ਰੱਖ ਕੇ ਬਹੁਤ ਕਹਾਣੀਆਂ ਲਿਖੀਆਂ। 'ਮੈਂ ਸ਼ੈਤਾਨ ਤੇ ਇੰਦੂਮਣੀ' ਅਤੇ 'ਤੀਜੇ ਨੇਤਰ' ਕਿਤਾਬਾਂ ਦੀਆਂ ਕਹਾਣੀਆਂ ਤੁਹਾਡੀ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ। ਉਸ ਦੌਰ ਵਿਚ ਮੈਂ ਸਾਇਦ ਵਧੇਰੇ ਨਾਰੀਵਾਦੀ ਹੋ ਗਿਆ ਸਾਂ। ਪਰ ਬਾਅਦ ਵਿਚ ਮੇਰੀਆਂ ਦੋ ਕਿਤਾਬਾਂ ਕਹਾਣੀਆਂ ਦੀਆਂ ਛਪਦੀਆਂ ਹਨ 'ਮਰਨ ਰੁੱਤ' (2010) ਤੇ 'ਕੁੰਭੀ ਨਰਕ' (2017) ਇਨ੍ਹਾਂ ਵਿਚ ਮਰਦ ਜਾਂ ਬਜ਼ੁਰਗ ਮਰਦ ਪਾਤਰਾਂ ਨੂੰ ਲੈ ਕੇ ਮੈਂ ਬਹੁਤ ਕਹਾਣੀਆਂ ਲਿਖੀਆਂ। ਜਿਨ੍ਹਾਂ ਦੀ ਸਾਹਿਤਕ ਹਲਕਿਆਂ ਵਿਚ ਚਰਚਾ ਵੀ ਹੋਈ। ਮੈਂ ਕਹਾਣੀ ਲਿਖਣ ਦੀ ਸ਼ੁਰੂਆਤ ਵੀ ਨਾਰੀ ਪਾਤਰਾਂ ਤੋਂ ਕੀਤੀ ਸੀ। ਫਿਰ ਚਾਰ ਕੁ ਸਾਲ ਨਾਰੀ ਪਾਤਰਾਂ ਨੂੰ ਕੇਂਦਰ ਵਿਚ ਰੱਖ ਕੇ ਕਹਾਣੀਆਂ ਲਿਖੀਆਂ। ਜਿਨ੍ਹਾਂ ਵਿਚੋਂ ਕਸੂਰਵਾਰ, ਕੀੜਾ, ਇੰਦੂਮਣੀ, ਜਨੇਊ, ਲੰਘ ਚੱਲੀ, ਗੰਧ, ਡਾਕੂਮੈਂਟਰੀ, ਕਿੱਥੇ ਗਈ ਹਮੀਦਾ, ਮਾਸਾਹਾਰੀ, ਜਨੇਊ, ਦੇਵਕੀ ਨਾਲ ਮੁਲਾਕਾਤ, ਮਹਾਮਾਯਾ, ਤੀਜਾ ਨੇਤਰ ਤੇ ਹੋਰ ਕਹਾਣੀਆਂ ਹਨ। ਉਸ ਵੇਲੇ ਮੈਂ ਬਹੁਤ ਸਾਰੀਆਂ ਔਰਤ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹੀਆਂ। ਜੋ ਨਾਰੀ ਦੇ ਨਜ਼ਰੀਏ ਤੋਂ ਲਿਖੀਆਂ ਕਹਾਣੀਆਂ ਸਨ। ਜਿਨ੍ਹਾਂ ਨੇ ਮਰਦ ਨੂੰ ਕਾਮ ਦੇ ਭੌਖੜੇ ਦਾ

ਸ਼ਿਕਾਰ ਬਣਾ ਕੇ ਪੇਸ਼ ਕੀਤਾ ਗਿਆ ਜਾਂ ਰਵਾਇਤੀ ਨਾਰੀ ਪੇਸ਼ ਕੀਤੀ ਗਈ ਸੀ। ਮੇਰੇ ਮਨ ਵਿਚ ਵੀ ਇਕ ਨਾਰੀ ਸੀ। ਜਿਸ ਨੂੰ ਮੈਂ ਆਪਣੀ ਦ੍ਰਿਸ਼ਟੀ ਤੋਂ ਪੇਸ਼ ਕਰਨਾ ਚਾਹੁੰਦਾ ਸੀ। ਇਹ ਰਵਾਇਤੀ ਨਾਰੀ ਤੋਂ ਅਲੱਗ ਕਿਸਮ ਦੀ ਨਾਰੀ ਦੇ ਤੌਰ ਤੇ ਮੈਂ ਪੇਸ਼ ਕਰਨ ਦੀ ਸੋਚਦਾ ਸੀ। ਮੈਂ ਇਸ ਕਾਰਜ ਵਿਚ ਕਾਮਯਾਬ ਵੀ ਹੋਇਆ। 'ਜਨੇਊ' ਕਹਾਣੀ ਦੀ ਔਰਤ 'ਮੈਂ' ਪਾਤਰ ਇਕ ਵੱਖਰੀ ਤਰ੍ਹਾਂ ਦੀ ਔਰਤ ਹੈ। ਇਸ ਔਰਤ ਨੂੰ ਸਰੀਰਕ ਬਿਮਾਰੀ ਹੈ ਭਾਰ ਪੈਣ ਦੀ। ਜਿਹਦੇ ਕਰਕੇ ਉਹਦੀ ਮਨੋ ਅਵਸਥਾ ਵਿਗੜ ਜਾਂਦੀ ਹੈ। ਨਾਰੀ ਪਾਤਰ ਵਾਲੀਆਂ ਕਹਾਣੀਆਂ, ਜਿਵੇਂ ਕਸੂਰਵਾਰ, ਕੀੜਾ, ਲੰਘ ਚੱਲੀ, ਇੰਦੂਮਣੀ, ਮਾਸਾਹਾਰੀ ਕਹਾਣੀਆਂ ਦੀਆਂ ਨਾਰੀਆਂ ਨੂੰ ਸਾਹਿਤ ਵਿਚ ਮਾਨਤਾ ਮਿਲੀ। ਇਨ੍ਹਾਂ ਨੂੰ ਪੇਸ਼ ਕਰਨ ਪਿੱਛੇ ਮੇਰਾ ਨਾਰੀਵਾਦੀ ਨਜ਼ਰੀਆ ਸੀ।

**? ਤੁਹਾਡੀਆਂ ਕਹਾਣੀਆਂ ਵਿਚ ਔਰਤ ਪਾਤਰ ਦੁੱਖ ਸਹਿੰਦੀਆਂ ਵੀ ਹਾਰਦੀਆਂ ਨਹੀਂ ਸਗੋਂ ਦਲੇਰ ਬਣਦੀਆਂ ਹਨ। ਇਸ ਪਿੱਛੇ ਕੀ ਭੇਦ ਹੈ?**

–ਔਰਤ ਦਾ ਦਲੇਰ ਹੋਣਾ ਅੱਜ ਦੀ ਨਾਰੀ ਦਾ ਪਛਾਣ ਚਿੰਨ ਹੈ। ਆਪਣੇ ਨਾਲ ਧੱਕਾ ਹੋਣ ਤੇ ਉਸ ਖ਼ਿਲਾਫ਼ ਖੜਨਾ ਅੱਜ ਦੀ ਨਾਰੀ ਦਾ ਇਕ ਗੁਣ ਹੈ। ਅੱਜ ਦੀ ਨਾਰੀ ਖ਼ਾਮੋਸ਼ ਨਹੀਂ ਹੁੰਦੀ। ਅੱਜ ਦੀ ਨਾਰੀ ਆਪਣੇ ਅਧਿਕਾਰ ਲੈਂਦੀ ਹੈ। ਚਾਹੇ ਉਹ ਆਪਣੇ ਪਤੀ ਕੋਲੋਂ ਲਵੇ ਜਾ ਪਰਿਵਾਰ ਕੋਲੋਂ ਜਾਂ ਸਮਾਜ ਕੋਲੋਂ। ਉਹ ਅਨਿਆ ਵਿਰੁਧ ਖੜਦੀ ਹੈ। ਇਸੇ ਨਾਰੀ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਕਸੂਰਵਾਰ' ਕਹਾਣੀ ਵਿਚ ਰੱਜੋ ਜਾਂ 'ਮੈਂ' ਪਾਤਰ ਆਪਣੇ ਸ਼ਰੀਰਕ ਸਬੰਧ ਗੈਰ ਮਰਦਾਂ ਨਾਲ ਬਣਾਉਂਦੀਆਂ ਹਨ ਪਰ ਇਹਦੇ ਪਿਛੇ ਕਸੂਰਵਾਰ ਨਾਰੀ ਨਹੀਂ ਹੈ। ਇਸ ਸਿਸਟਮ ਹੈ ਜੋ ਨਾਰੀ ਵਿਰੁੱਧ ਹੈ। ਏਥੇ ਮੈਂ ਸਿਸਮਟ ਨੂੰ ਕਸੂਰਵਾਰ ਸਿੱਧ ਕੀਤਾ ਹੈ। ਇਹ ਮੇਰੀ ਨਾਰੀਵਾਦੀ ਦ੍ਰਿਸ਼ਟੀ ਹੈ। ਮੇਰੀ ਸਮਝ ਹੈ। ਤੇ ਜੋ ਸਮੂਹ ਸਮਾਜ ਦੀ ਸਮਝ ਬਣਦੀ ਹੈ। ਹੁਣ 'ਮਾਸਾਹਾਰੀ' ਕਹਾਣੀ ਲੈ ਲਓ... ਜਿਹਦੀ ਪਾਤਰ ਛਿੰਦੋ ਹੈ। ਉਹ ਸਮਾਜ ਨੂੰ ਟਿੱਚ ਸਮਝਦੀ ਹੈ। ਸ਼ਰੀਰ ਉਹਦਾ ਹੈ। ਉਸ ਸਰੀਰ ਨੂੰ ਉਹ ਆਪਣੇ ਅਨੁਸਾਰ ਵਰਤਦੀ ਹੈ। ਜਿਸ ਉੱਤੇ ਉਹਦਾ ਮਨ ਕਰਦਾ ਹੈ ਉਹ ਉਸ ਨੂੰ ਆਪਣਾ ਸਰੀਰ ਦਿੰਦੀ ਹੈ। ਉਹਦਾ ਰਵਾਇਤੀ ਪਤੀ, ਜੋ ਸਮਝਦਾ ਹੈ ਕਿ ਔਰਤ ਦੇ ਤਨ ਮਨ ਅਤੇ ਧੰਨ 'ਤੇ ਉਹਦਾ ਸੰਵਿਧਾਨਕ ਅਧਿਕਾਰ ਹੈ। ਉਸ ਮਿੱਥ ਨੂੰ ਉਹ ਤੋੜਦੀ ਹੈ। ਇੰਝ 'ਤੀਜਾ ਨੇਤਰ' ਕਹਾਣੀ ਦੀ ਪਾਤਰ 'ਰਜਨੀ' ਹੈ। 'ਮਹਾਮਾਯਾ' ਦੀ 'ਮੈਂ' ਮੂਲਕ ਪਾਤਰ ਹੈ ਜਿਹਦੇ ਪੇਟ ਵਿਚ ਬੱਚਾ ਹੈ ਉਹਦੀਆਂ ਭਾਵਨਾਵਾਂ ਕਿਸ ਤਰ੍ਹਾਂ ਦੀਆਂ ਨੇ। 'ਲੰਘ ਚੱਲੀ' ਦੀ 'ਬੁੱਢੀ ਮੈਂ' ਪਾਤਰ ਇਹ ਸਾਰੀਆਂ ਨਾਰੀ ਪਾਤਰਾਂ ਸਿਸਟਮ ਅੱਗੇ ਗੋਡੇ ਨਹੀਂ ਟੇਕਦੀਆਂ, ਹਾਰਦੀਆਂ ਨਹੀਂ ਬਲਕਿ ਦਲੇਰ ਬਣਦੀਆਂ ਹਨ। ਕਹਾਣੀਕਾਰ ਇਸ ਵਿਦਰੋਹ ਨੂੰ ਲੁਕਵੇਂ ਅਰਥਾਂ ਨਾਲ ਲੈਂਦਾ ਹੈ। ਵਿਹਾਰ ਵਿਚ ਉਹ ਸਾਹਿਜ ਵਿਚਰਦੀਆਂ ਹਨ ਪਰ ਸਮਾਜ ਨਾਲ ਟੱਕਰ ਲੈਂਦੀਆਂ ਹਨ। ਅੱਜ ਦੀ ਨਾਰੀ ਬਹੁਤ ਬਦਲ ਗਈ ਹੈ। ਉਹ ਜਦੋਂ ਆਪਣੇ ਘਰ ਦਾ ਬੂਹਾ ਟੱਪਦੀ ਹੈ ਤਾਂ ਸਮਾਜ ਦੀਆਂ ਨਜ਼ਰਾਂ ਵਿਚ ਵਿਦਰੋਹੀ ਅਖਵਾਉਂਦੀ ਹੈ। ਮੇਰੀਆਂ ਕਹਾਣੀਆਂ ਦੀ ਔਰਤ ਪਾਤਰਾਂ ਅਕਸਰ ਹੀ ਘਰ ਦਾ ਬੂਹਾ ਟੱਪਦੀਆਂ ਹਨ। ਮਾਨਸਿਕ ਤੌਰ ਤੇ ਇਹ ਕਾਰਜ ਕਰਦੀਆਂ ਹਨ। ਪਾਠਕ ਨੂੰ ਲੱਗਦਾ ਤਾਂ ਇਹੀ ਹੈ ਕਿ ਉਹ ਘਰ ਵਿਚ ਵਿਚਰਦੀਆਂ ਹਨ। ਪਰ ਅਜਿਹਾ ਹੁੰਦਾ ਨਹੀਂ। ਉਂਝ ਵੀ ਲੇਖਕ ਪੀੜਤ ਧਿਰ ਵੱਲ ਖੜਨ ਵਾਲਾ ਹੁੰਦਾ ਹੈ। ਸਾਡੇ ਸਮਾਜ ਵਿਚ ਨਾਰੀ ਅਤੇ ਦਲਿਤ ਪੀੜਤ ਧਿਰਾਂ ਹਨ। ਇਨ੍ਹਾਂ ਵੱਲ ਖੜਨਾ ਸੱਚੇ ਲੇਖਕ ਦਾ ਮੁੱਢਲਾ ਅਧਿਕਾਰ ਹੈ।

**? ਤੁਹਾਡੇ ਵਧੇਰੇ ਪਾਤਰ ਦਲਿਤ ਸਮਾਜ ਨਾਲ ਸਬੰਧ ਰੱਖਦੇ ਹਨ। ਪਰ 'ਕਿੱਥੇ ਗਈ ਹਮੀਦਾ?' ਕਹਾਣੀ ਦੀ ਪਾਤਰ ਮੁਸਲਿਮ ਸਮਾਜ ਨਾਲ ਸਬੰਧ ਰੱਖਦੀ ਹੈ। ਇਹ ਭਿੰਨਤਾ ਵਾਲਾ ਸ੍ਰੋਤ ਕਿੱਥੋਂ ਲਿਆ ਹੈ?**

–ਤੁਸੀਂ ਬਿਲਕੁਲ ਠੀਕ ਕਿਹਾ। ਮੇਰੀਆਂ ਕਹਾਣੀਆਂ ਦੇ ਪਾਤਰ ਦਲਿਤ ਸਮਾਜ ਵਿਚੋਂ ਹਨ। ਰਚਨਾਕਾਰ ਆਪਣੇ ਆਲੇ ਦੁਆਲੇ ਦੇ ਵਿਚੋਂ ਹੀ ਪਾਤਰ ਲੈਂਦਾ ਹੈ। ਉਥੋਂ ਹੀ ਦ੍ਰਿਸ਼ ਚੁੱਕਦਾ ਹੈ। ਉਸ ਦੀਆਂ ਕਹਾਣੀਆਂ ਉਸ ਖਿੱਤੇ ਵਿਚੋਂ ਨਿਕਲਦੀਆਂ ਹਨ ਜਿੱਥੇ ਉਹ ਰਹਿੰਦਾ ਹੈ। ਆਲੇ ਦੁਆਲੇ ਨੂੰ ਵੇਖਦਾ ਹੈ। ਪਰ ਕਈ ਵਾਰ ਇਕ ਅੱਧੀ ਵਾਰ ਤੁਹਾਡੇ ਕੋਲੋਂ ਖਿੱਤੇ ਦੇ ਬਾਹਰਲੇ ਪਾਤਰ ਵੀ ਫੜੇ ਜਾਂਦੇ ਹਨ। ਮੁਸਲਿਮ ਸਮਾਜ ਦਾ ਇਕ ਤਾਂ ਮੇਰੇ ਕੋਲ ਮੌਖਿਕ ਸਰੋਤ ਸੀ। ਜਿਹੜੀਆਂ ਗੱਲਾਂ ਤੇ ਪਾਤਰ ਮੈਂ ਬਜ਼ੁਰਗਾਂ ਕੋਲੋਂ ਸੁਣੀਆਂ ਸਨ। ਫਿਰ ਮੁਸਲਿਮ ਇਤਿਹਾਸ ਵਿਚ ਮੇਰੀ ਬਹੁਤ ਰੁਚੀ ਹੈ। ਤੀਜਾ ਸਰੋਤ ਇਹ ਅਸਲ ਪਾਤਰ ਹੈ ਜਿਸ ਨੂੰ ਮੈਂ ਕਾਈ ਵਾਰ ਮਿਲਿਆ। ਮੇਰੇ ਸਾਹਮਣੇ ਤਿੰਨ ਮਹਾਂ ਦੁਖਾਂਤ ਸਨ... ਇਕ ਸੰਤਾਲੀ ਦਾ ਦੁਖਾਂਤ, ਦੂਜਾ ਪੰਜਾਬ ਦਾ ਦੁਖਾਂਤ ਤੇ ਤੀਜਾ ਪਰਵਾਸ ਦਾ ਦੁਖਾਂਤ.... ਇਕ ਭਾਈਚਾਰਕ ਸਾਂਝ ਵੀ ਮੇਰੇ ਸਾਹਮਣੇ ਅਹਿਮ ਮੁੱਦਾ ਸੀ। ਇਨ੍ਹਾਂ ਸਾਰੇ ਕੁੱਝ ਨੂੰ ਧਿਆਨ ਵਿਚ ਰੱਖ ਕੇ ਮੈਂ ਇਹ ਕਹਾਣੀ

ਲਿਖੀ। ਘਟਨਾਵਾਂ ਦੇ ਵਾਪਰਨ ਦਾ ਸਮਾਂ ਬਹੁਤ ਲੰਮਾ ਹੈ ਪਰ ਕੇਂਦਰ ਵਿਚ ਇਕ ਦੁਖਾਂਤ ਭੋਗਦੀ ਪਾਤਰ ਹੈ ਹਮੀਦਾ। ਉਹ ਕੇਂਦਰ ਵਿਚ ਹੋਣ ਦੇ ਬਾਵਜੂਦ ਕੇਂਦਰ ਵਿਚ ਨਹੀਂ ਹੈ। ਇਹੀ ਕਹਾਣੀ ਹੈ।

**? ਤੁਹਾਡੇ ਪਹਿਲੇ ਕਹਾਣੀ ਸੰਗ੍ਰਹਿ ਦੀ ਬਜਾਏ 'ਕੁੰਭੀ ਨਰਕ' ਵਿਚ ਔਰਤ ਪਾਤਰ ਵਿਚਾਰਧਾਰਾ ਦੀ ਵਾਹਕ ਬਣਦੀ ਹੈ। ਇਸਦਾ ਕਾਰਨ ਜਾਤੀ-ਜਮਾਤੀ ਸਵਾਲ ਦੇ ਨਾਲ ਨਾਲ ਲਿੰਗ ਦੇ ਸਵਾਲ ਨੂੰ ਸੰਬੋਧਨ ਹੈ ਜਾਂ ਕੋਈ ਹੋਰ ਕਾਰਨ ਹੈ।**

–'ਕੁੰਭੀ ਨਰਕ' ਵਿਚ ਜੋ ਸਾਰੀਆਂ ਕਹਾਣੀਆਂ ਹਨ ਉਨ੍ਹਾਂ ਵਿਚ ਮੁੱਖ ਪਾਤਰ ਔਰਤਾਂ ਤਾਂ ਨਹੀਂ ਹਨ। ਪਰ ਕਹਾਣੀਆਂ ਵਿਚ ਸਹਾਇਕ ਪਾਤਰ ਦੇ ਤੌਰ ਤੇ ਔਰਤ ਪਾਤਰ ਵਿਚਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਮੈਂ ਨਾਰੀ ਦੀ ਇਤਿਹਾਸਕ ਯਾਤਰਾ ਜ਼ਰੂਰ ਪੇਸ਼ ਕੀਤੀ ਹੈ। ਲੇਖਕ ਦੀ ਵਿਚਾਰਧਾਰਾ ਤਾਂ ਹਰ ਪਾਤਰ ਦੇ ਵਿਹਾਰ ਵਿਚ ਪਈ ਹੁੰਦੀ ਹੈ। ਉਸ ਵਿਚਾਰਧਾਰਾ ਰਾਹੀਂ ਉਹ ਆਪਣੀ ਗੱਲ ਵੀ ਕਹਿੰਦਾ ਹੈ। 'ਕੁੰਭੀ ਨਰਕ' ਵਿਚ ਮੁੱਖ 'ਮੈਂ' ਪਾਤਰ ਦੀ ਮਾਂ 'ਸ਼ਾਂਤੀ' ਵੀ ਆਉਂਦੀ ਹੈ। ਇਹ ਮਾਂ ਭਾਵੇਂ ਬਹੁਤ ਥੋੜ੍ਹੀ ਆਉਂਦੀ ਹੈ ਪਰ ਮੁੱਖ ਪਾਤਰ ਦੀ ਵਿਚਾਰਧਾਰਾ ਘੜਨ ਵਿਚ ਬਹੁਤ ਅਹਿਮ ਰੋਲ ਅਦਾ ਕਰਦੀ ਹੈ। ਪੂਰੀ ਕਹਾਣੀ ਇਸ ਮਾਂ ਤੇ ਹੀ ਫੋਕਸ ਹੁੰਦੀ ਹੈ। ਮਾਂ ਜਾਂ ਕਹਿ ਲਓ ਨਾਰੀ ਦੇ ਸੰਸਕਾਰ / ਦਫ਼ਨਾਉਣ ਵਿਚ ਕਹਾਣੀ ਦਾ ਸੰਕਟ ਪਿਆ ਹੈ। ਜਦੋਂ ਮੈਂ ਮੂਲਕ ਪਾਤਰ ਦੀ ਮਾਂ ਮਰਦੀ ਹੈ ਤਾਂ ਪੂਰੇ ਵਾਲਮੀਕੀ ਸਮਾਜ ਦਾ ਸੰਕਟ ਸਾਹਮਣੇ ਆਉਂਦਾ ਹੈ। ਇਹ ਸਮਾਜ ਕਿਵੇਂ ਅੱਗੋਂ ਵੰਡਿਆ ਹੋਇਆ ਹੈ। ਵਾਲਮੀਕੀ ਵਿਚੋਂ ਮਜ਼ਬੀ ਨਿਕਲਦੇ ਹਨ, ਫਿਰ ਇਸਾਈ ਨਿਕਲਦੇ ਹਨ। ਕਿਵੇਂ ਇਨ੍ਹਾਂ ਦਾ ਆਪਸ ਵਿਚ ਵਿਚਾਰਧਾਰਕ ਵੱਖਰੇਵਾਂ ਹੁੰਦਾ ਹੈ। ਵਾਲਮੀਕੀ ਸਮਾਜ ਦੀ ਜੋ ਨਾਰੀ ਹੈ ਇਕ ਤਾਂ ਉਹ ਨਾਰੀ ਹੈ ਜਿਸ ਨੂੰ ਸ਼ਾਸਤਰਾਂ ਵਿਚ ਪਾਪ ਜੂਨੀ ਕਿਹਾ ਗਿਆ ਹੈ ਤੇ ਦੂਜੀ ਦਲਿਤ ਉਹ ਅਤਿ ਦੀ ਦਲਿਤ ਜੋ ਲੋਕਾਂ ਦਾ ਗੰਦ ਸਿਰਾਂ ਤੇ ਚੁੱਕਦੇ ਹਨ। ਉਸ ਨੂੰ ਸਮਾਜ ਵਿਚ ਕਿਵੇਂ ਵੇਖਿਆ ਜਾਂਦਾ ਹੈ, ਇਹ ਘਟਨਾਵਾਂ ਕਹਾਣੀ ਦੇ ਬਿਰਤਾਂਤ ਵਿਚ ਪਈਆਂ ਹਨ। ਇਸੇ ਤਰ੍ਹਾਂ ਇਕ ਕਹਾਣੀ ਹੈ 'ਧੂੜ' । ਇਕ ਵਿਚ ਦੋ ਔਰਤਾਂ ਜੋ ਦਲਿਤ ਹਨ ਆਉਂਦੀਆਂ ਹਨ। ਇਨ੍ਹਾਂ ਔਰਤਾਂ ਦੇ ਪਤੀ ਜੋ ਆਪਸ ਵਿਚ ਭਰਾ ਹਨ ਮਰੇ ਪਸ਼ੂਆਂ ਦੀਆਂ ਖੱਲ੍ਹਾਂ ਲਹੁਣ ਦਾ ਕੰਮ ਕਰਦੇ ਹਨ। ਇਸ ਕੰਮ ਨੂੰ ਪਿੰਡ ਦੇ ਸਮਾਜ ਵਿਚ ਅਤਿ ਦਾ ਨੀਵਾਂ ਕੰਮ ਸਮਝਿਆ ਜਾਂਦਾ ਹੈ। ਕਹਾਣੀ ਵਿਚ ਇਕ ਮੇਲੂ ਦੀ ਘਰਵਾਲੀ ਮਨਜੀਤ ਹੈ ਦੂਜੀ ਹੈ ਗੇਲੂ ਦੀ ਘਰਵਾਲੀ ਕਸ਼ਮੀਰੋ ਇਕ ਤੀਜੀ ਔਰਤ ਵੀ ਹੈ ਜੋ ਪਸ਼ੂਆਂ ਦੀ ਡਾਕਟਰ ਹੈ 'ਪ੍ਰਤੀਕ' ਜਿਹੜੀ ਵਿਚਾਰਧਾਰਕ ਤੌਰ ਤੇ ਬਹੁਤ ਸਪੱਸ਼ਟ ਹੈ। ਤੇ ਜੋ ਦੱਬੇ ਤੇ ਲਿਤਾੜੇ ਲੋਕਾਂ ਦੇ ਹੱਕ ਵਿਚ ਖੜਦੀ ਹੈ। ਇਹ ਨਾਰੀ ਜਾਤੀ ਤੇ ਜਮਾਤੀ ਸਵਾਲਾਂ ਨੂੰ ਲੈ ਕੇ ਆਂਦੀ ਹੈ। ਮੈਂ ਇਸ ਨਵੀਂ ਨਾਰੀ ਰਾਹੀ ਅੰਬੇਡਕਰ-ਮਾਰਕਸ ਤੇ ਭਗਤ ਸਿੰਘ ਦੀ ਵਿਚਾਰਧਾਰਕ ਸਾਂਝ ਦੀ ਗੱਲ ਕੀਤੀ ਹੈ। ਦ੍ਰਿਸ਼ਟੀ ਦੇ ਪੱਧਰ ਤੇ ਦਲਿਤ ਚਿੰਤਨ ਅਤੇ ਮਾਰਕਸੀ ਦ੍ਰਿਸ਼ਟੀ ਦੇ ਸਮਨਵੇਂ ਦੀ ਗੱਲ ਇਸ ਕਹਾਣੀ ਵਿਚ ਨਾਰੀ ਡਾਕਟਰ ਹੀ ਕਰਦੀ ਹੈ। ਪ੍ਰਤੀਕ ਜਦੋਂ ਕਹਿੰਦੀ ਹੈ ਕਿ "ਇਨ੍ਹਾਂ ਵਿਦਵਾਨਾਂ ਨੇ ਤਾਂ ਸਾਡੇ ਮਨਾਂ 'ਚ ਜੰਮੀ ਜਾਤ-ਪਾਤ ਦੀ, ਧਰਮਾਂ ਦੀ, ਵੰਡੀਆਂ ਦੀ ਧੂੜ ਆਪਣੇ ਵਿਚਾਰਾਂ ਨਾਲ ਪੂੰਝਣ ਦੀ ਪੂਰੀ ਕੋਸ਼ਿਸ ਕੀਤੀ ਏ।" ਇਹ ਅਸਲ ਵਿਚ ਲੇਖਕ ਦੀ ਸੋਚ ਤੇ ਸਮਝ ਹੈ। ਇਸੇ ਤਰ੍ਹਾਂ 'ਮਾਇਆ' ਕਹਾਣੀ ਵਿਚ ਨਵੀਂ ਔਰਤ ਬਿਰਤਾਂਤਕਾਰ ਦੀ ਨੂੰਹ ਦੇ ਰੂਪ ਵਿਚ ਕਹਾਣੀ ਵਿਚ ਆਉਂਦੀ ਹੈ। ਇਹ ਨੂੰਹ 'ਸ਼ਿਲਪੀ' ਮੁੱਖ ਪਾਤਰ ਦੀ ਡੇਰੇ ਨਾਲ ਜੁੜੀ ਆਸਥਾ ਨੂੰ ਸੱਟ ਮਾਰਦੀ ਹੈ। ਜਿਸ ਨਾਲ ਕਹਾਣੀ ਵਿਚ ਸੰਕਟ ਪੈਦਾ ਹੁੰਦਾ ਹੈ। ਜਦੋਂ ਉਹ ਮਾਸ ਖਾਣ ਨੂੰ ਤਰਜੀਹ ਦਿੰਦੀ ਹੈ ਤਾਂ ਕਹਾਣੀ ਦੇ ਪਾਤਰ 'ਭਗਤ ਰਾਮ' ਇਹਨੂੰ ਵੀ ਭਾਣਾ ਮੰਨ ਲੈਂਦਾ ਹੈ।

**? ਆਦਿ ਧਰਮ ਲਹਿਰ ਨੂੰ ਪਿਛੋਕੜ ਵਿਚ ਰੱਖ ਕੇ ਤੁਸੀਂ ਕੁੱਝ ਕਹਾਣੀਆਂ ਰਚੀਆਂ ਹਨ। ਇਸ ਲਹਿਰ ਨਾਲ ਤੁਹਾਡਾ ਕੋਈ ਪਿਛੋਕੜ ਜੁੜਿਆ ਹੈ?**

–ਇਸ ਲਹਿਰ ਨਾਲ ਸਬੰਧਿਤ ਪ੍ਰਮੁੱਖ ਕਹਾਣੀ ਹੈ 'ਆਦਿ ਡੰਕਾ' ਇਸ ਤੋਂ ਇਲਾਵਾ ਇਸ ਲਹਿਰ ਦੇ ਹਵਾਲੇ ਕੁੱਝ ਹੋਰ ਕਹਾਣੀਆਂ ਵਿਚ ਮਿਲ ਜਾਂਦੇ ਹਨ। ਮੇਰੇ ਨਾਨਾ ਜੀ ਹਰਨਾਮ ਦਾਸ ਅਹੀਰ ਇਸ ਲਹਿਰ ਨਾਲ ਜੁੜੇ ਰਹੇ ਹਨ। ਉਨ੍ਹਾਂ ਦੇ ਪਿਤਾ ਦੁਨੀ ਚੰਦ ਵੀ ਆਖਰੀ ਸਮੇਂ ਲਹਿਰ ਦਾ ਅੰਗ ਰਹੇ। ਨਾਨਾ ਜੀ ਇਸ ਲਹਿਰ ਬਾਰੇ ਸਾਨੂੰ ਗੱਲਾਂ ਦੱਸਦੇ ਹੁੰਦੇ ਸਨ। ਉਨ੍ਹਾਂ ਕੋਲ ਉਸ ਵੇਲੇ ਦਾ ਸਾਹਿਤ ਵੀ ਪਿਆ ਸੀ। ਪਰ ਮੈਂ ਉਦੋਂ ਬਹੁਤ ਛੋਟਾ ਸਾਂ। ਮੈਨੂੰ ਐਨੀ ਸੋਝੀ ਨਹੀਂ ਸੀ। ਪਰ ਮੈਂ ਜਦੋਂ ਸਾਹਿਤ ਵੱਲ ਆਇਆ ਤਾਂ ਉਨ੍ਹਾਂ ਕੋਲ ਗੱਲਾਂ ਸੁਣਦਾ ਹੁੰਦਾ ਸਾਂ। ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਲਹਿਰ ਨਾਲ ਸਬੰਧਤ ਕੋਈ ਕਹਾਣੀ ਵੀ ਮੇਰੇ ਦਿਮਾਗ ਵਿਚ ਬਣੇਗੀ। ਜਦੋਂ ਬੱਲਾਂ ਡੇਰੇ ਦੇ ਇਕ ਸੰਤ ਨੂੰ ਵਿਆਨਾ ਵਿਚ ਮਾਰ ਦਿੱਤਾ ਗਿਆ ਤੇ ਉਸ ਤੋਂ ਬਾਅਦ ਜੋ ਦੁਆਬੇ ਵਿਚ ਹਿੰਸਾ ਫੈਲੀ ਉਸ ਨੂੰ ਲੈ ਕੇ ਮੇਰੇ ਮਨ ਵਿਚ ਕਹਾਣੀ ਬਣਨ ਲੱਗ ਪਈ। ਮੇਰੇ ਮਨ ਵਿਚ ਇਹ ਗੱਲ ਸੀ ਕਿ ਜਦੋਂ ਕਿਸੇ ਸਮੂਹ ਨੂੰ ਕਿਸੇ ਸਮਾਜ ਨੂੰ ਸਦੀਆਂ ਤੋਂ

ਦਬਾਇਆ ਜਾਂਦਾ ਹੈ ਤੇ ਜਦੋਂ ਕਦੇ ਉਨ੍ਹਾਂ ਨੂੰ ਮੌਕਾ ਮਿਲਦਾ ਹੈ, ਆਪਣਾ ਗੁੱਸਾ ਬਾਹਰ ਕੱਢਣ ਦਾ ਤਾਂ ਉਸ ਦਾ ਕੀ ਰੂਪ ਹੁੰਦਾ ਹੈ। ਇਸ ਨੂੰ ਅਧਾਰ ਬਣਾ ਕੇ ਮੈਂ ਕਹਾਣੀ ਲਿਖੀ 'ਆਦਿ ਡੰਕਾ'। ਇਹ ਕਹਾਣੀ ਦਾ ਬਿਰਤਾਂਤ ਆਦਿ ਧਰਮ ਲਹਿਰ ਨਾਲ ਜੋੜਿਆ ਗਿਆ। ਜਦੋਂ ਇਹ ਕਹਾਣੀ ਛਪੀ ਤਾਂ ਇਸ 'ਤੇ ਬਹੁਤ ਚਰਚਾ ਹੋਈ। ਪੰਜਾਬੀ ਵਿਚ ਇਹ ਬਿਲਕੁਲ ਨਵੀਂ ਕਿਸਮ ਦੀ ਕਹਾਣੀ ਸੀ।

**? ਤੁਹਾਡੀਆਂ ਪਹਿਲੀਆਂ ਕਹਾਣੀਆਂ ਅਤੇ ਵਰਤਮਾਨ ਸਮੇਂ ਦੀਆਂ ਕਹਾਣੀਆਂ ਵਿਚ ਵਿਸ਼ੇ, ਰਚਨਾ-ਦ੍ਰਿਸ਼ਟੀ ਅਤੇ ਜੁਗਤਾਂ ਪੱਖੋਂ ਕੀ ਅੰਤਰ ਆਇਆ ਹੈ।**

–ਮੇਰੀਆਂ ਜੋ ਮੁੱਢਦੀਆਂ ਕਹਾਣੀਆਂ ਸਨ ਜੋ ਕਿ 'ਚਾਨਣ ਦੀ ਲੀਕ', 'ਕੁਵੇਲੇ ਤੁਰਿਆ ਪਾਂਧੀ' ਵਿਚ ਸ਼ਾਮਿਲ ਹਨ ਉਨ੍ਹਾਂ ਵਿਚ ਕੁੱਝ ਕਹਾਣੀਆਂ ਇਕਹਿਰੀ ਪਰਤ ਦੀਆਂ ਕਹਾਣੀਆਂ ਹਨ। ਉਨ੍ਹਾਂ ਵਿਚ ਪ੍ਰਗਤੀਵਾਦੀ ਜਾਂ ਕਹਿ ਲਓ ਵਿਦਰੋਹੀ ਸੁਰ ਪਈ ਹੋਈ ਤੁਹਾਨੂੰ ਮਿਲ ਜਾਂਦੀ ਹੈ। ਉਸ ਤੋਂ ਬਾਅਦ ਜੋ 'ਮੈਂ ਸ਼ੈਤਾਨ ਤੇ ਇੰਦੂਮਣੀ' ਦੀਆਂ ਕਹਾਣੀਆਂ ਹਨ ਉਸ ਵਿਚ ਕੁੱਝ ਮੈਂ ਨਵੇਂ ਤਜ਼ਰਬੇ ਵੀ ਕੀਤੇ। ਜਿੱਥੇ ਪਹਿਲਾਂ ਥਰਡ ਪਰਸਨ ਵਿਚ ਕਹਾਣੀ ਕਹਿੰਦਾ ਸਾਂ ਇਸ ਵਿਚ ਮੈਂ ਮੂਲਕ ਪਾਤਰ ਨਾਲ ਕਹਾਣੀਆਂ ਲਿਖੀਆਂ। ਇਨ੍ਹਾਂ ਵਿਚ ਬਹੁਤੀਆਂ ਕਹਾਣੀਆਂ ਔਰਤਾਂ ਹੀ ਆਪਣੇ ਮੂੰਹੋਂ ਆਪਣੀ ਕਹਾਣੀ ਕਹਿੰਦੀਆਂ ਹਨ। 'ਕਸੂਰਵਾਰ' ਕਹਾਣੀ ਦੀ ਔਰਤ ਪਾਤਰ ਖੁਦ ਕਹਾਣੀ ਕਹਿੰਦੀ ਹੈ। ਇਸ ਨੂੰ ਪੜ੍ਹ ਕੇ ਇਕ ਸੂਝਵਾਨ ਪਾਠਕ ਨੇ ਮੈਨੂੰ ਕਿਹਾ ਕਿ ਤੂੰ ਔਰਤਾਂ ਦੀਆਂ ਭਾਵਨਾਵਾਂ ਬਾਰੇ ਐਨੀ ਬਰੀਕੀ ਨਾਲ ਕਿਵੇਂ ਜਾਣ ਲਿਆ। ਮੈਨੂੰ ਲੱਗਾ ਕਿ ਇਹ ਕੋਈ ਔਰਤ ਹੀ ਕਹਾਣੀ ਲਿਖ ਰਹੀ ਹੈ। ਉਸ ਤੋਂ ਬਾਅਦ ਮੇਰਾ ਕਹਾਣੀ ਸੰਗ੍ਰਹਿ 'ਤੀਜਾ ਨੇਤਰ' ਆਇਆ। ਇਸ ਵਿਚ ਪਾਤਰਾਂ ਦੀਆਂ ਮਾਨਸਿਕ ਗੁੰਝਲਾ ਬਾਰੇ ਕਹਾਣੀਆਂ ਲਿਖੀਆਂ। ਪਾਤਰ ਬਹੁਤ ਮਾਨਸਿਕ ਪੀੜ੍ਹਾ ਹੰਢਾ ਰਹੇ ਹਨ। ਇਸੇ ਤਰ੍ਹਾਂ 'ਮਰਨ ਰੁੱਤ' ਦੀਆਂ ਕਹਾਣੀਆਂ ਵਿਚ ਵੀ ਮੈਂ ਵਿਸ਼ੇ ਪੱਖੋਂ ਬਹੁਤ ਤਜ਼ਰਬੇ ਕੀਤੇ। ਡਾਇਰੀ ਦੇ ਰੂਪ ਵਿਚ ਕਹਾਣੀ ਲਿਖੀ। ਨਾਟਕ ਦੀ ਫਾਰਮ ਵਿਚ ਕਹਾਣੀ ਲਿਖੀ। 'ਖੋਜ' ਕਹਾਣੀ ਡਾਇਰੀ ਦੀ ਜੁਗਤ ਵਿਚ ਲਿਖੀ। 'ਚੁੱਪ ਦੇ ਅੰਦਰਲਾ ਸ਼ੋਰ' ਵੱਖ ਵੱਖ ਪਾਤਰਾਂ ਦੇ ਬਿਆਨ ਦੀ ਸੈਲੀ ਵਿਚ ਕਹਾਣੀ ਲਿਖੀ। ਇੰਝ ਮੇਰੀ ਕਹਾਣੀ ਵਿਚ ਸ਼ੈਲੀ ਤੇ ਬਣਤਰ ਨੂੰ ਲੈ ਕੇ ਤਬਦੀਲੀ ਆਈ। ਜਦੋਂ ਤੁਹਾਡੇ ਵਿਸ਼ੇ ਬਦਲਦੇ ਹਨ ਤਾਂ ਸ਼ੈਲੀ ਵਿਚ ਵੀ ਬਦਲਾ ਆ ਜਾਂਦਾ ਹੈ। 'ਕੁੰਭੀ ਨਰਕ' ਦੀਆਂ ਕਹਾਣੀਆਂ ਵਿਚ ਮੈਂ ਅੰਬੇਡਕਰ–ਮਾਰਕਸ–ਸ਼ਹੀਦ ਭਗਤ ਸਿੰਘ ਚਿੰਤਨ ਦੇ ਸਮਨਵੇਂ ਨੂੰ ਲੈ ਕੇ ਆਇਆ। ਮੇਰੀ ਧਾਰਨਾ ਸੀ ਕਿ ਇਨ੍ਹਾਂ ਦੇ ਚਿੰਤਨ ਦਾ ਇਕ ਸਾਂਝਾ ਸੂਤਰ ਸਾਹਿਤ ਵਿਚ ਆਣਾ ਚਾਹੀਦਾ ਹੈ।

**? 'ਖੋਜ' ਕਹਾਣੀ ਦਾ ਵਿਸ਼ਾ ਮੌਲਿਕ ਅਤੇ ਵੱਖਰਾ ਹੈ। ਇਹ ਕਹਾਣੀ ਵਰਤਮਾਨ ਸਮੇਂ ਦਾ ਸੱਚ ਹੈ। ਇਸ ਵਿਚਲਾ ਪਾਤਰ ਤੁਸੀਂ ਕਿਥੋਂ ਲਿਆ ਹੈ।**

– ਮੈਂ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹਾਂ। ਅੱਜ ਦੇ ਸਮੇਂ ਵਿਚ ਖੋਜ ਕਰਨਾ ਬਹੁਤ ਹੀ ਕਠਿਨ ਹੈ। ਖੋਜ ਕਰਨ ਵਾਲੇ ਵਿਦਿਆਰਥੀ ਕਈ ਵਾਰ ਬਹੁਤ ਹੀ ਮਾਨਸਿਕ ਪੀੜਾ ਵਿਚ ਲੰਘਦੇ ਹਨ। ਕਈ ਆਪਣਾ ਜੀਵਨ ਵੀ ਖਤਮ ਕਰ ਲੈਂਦੇ ਹਨ। ਕਈਆਂ ਦਾ ਮਾਨਸਿਕ ਸੰਤੁਲਿਨ ਹੀ ਵਿਗੜ ਜਾਂਦਾ ਹੈ। ਇਸ ਤਰ੍ਹਾਂ ਦੇ ਇਕ ਪਾਤਰ ਨੂੰ ਮੈਂ ਇਸ ਕਹਾਣੀ ਵਿਚ ਲਿਆ ਹੈ। ਜੋ ਮਾਨਸਕ ਤੌਰ 'ਤੇ ਪਾਗਲ ਹੋ ਜਾਂਦਾ ਹੈ। ਕਹਾਣੀ ਨੂੰ ਡਾਇਰੀ ਦੀ ਸ਼ੈਲੀ ਵਿਚ ਸਿਰਜਿਆ ਹੈ। ਇਸ ਕਹਾਣੀ ਦਾ ਪਾਤਰ ਮੇਰਾ ਭਰਾ ਹੈ। ਜੋ ਪਾਗਲ ਹੋ ਗਿਆ ਸੀ ਜਿਸ ਨੂੰ ਅੰਮ੍ਰਿਤਸਰ ਦੇ ਮੈਂਟਲ ਹਸਪਤਾਰ ਵਿਚ ਦਾਖਲ ਕਰਵਾਇਆ ਗਿਆ। ਕਹਾਣੀ ਦਾ ਬਿਰਤਾਂਤ ਉਥੋਂ ਦਾ ਹੈ। ਮੈਂ ਉਸ ਪਾਤਰ ਨਾਲ ਉਥੇ ਰਹਿ ਕੇ ਉਥੇ ਰਹਿ ਰਹੇ ਪਾਗਲ ਪਾਤਰਾਂ ਨੂੰ ਬਹੁਤ ਨੇੜੇ ਹੋ ਕੇ ਵੇਖਿਆ। ਪਰ ਇਸ ਕਹਾਣੀ ਦਾ ਜੋ ਪਾਤਰ ਹੈ ਉਹ ਦੋ ਤਿੰਨ ਹੋਰ ਪਾਤਰਾਂ ਨੂੰ ਜੋੜ ਕੇ ਇਕ ਪਾਤਰ ਤਿਆਰ ਕੀਤਾ ਹੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਕਿਸੇ ਪਾਤਰ ਦਾ ਦਿਮਾਗ, ਕਿਸੇ ਦਾ ਧੜ ਤੇ ਕਿਸੇ ਦੀਆਂ ਲੱਤਾਂ ਲੈ ਕੇ ਮੈਂ ਸੰਪੂਰਨ ਪਾਤਰ ਬਣਾ ਲੈਂਦਾ ਹਾਂ। ਮੇਰਾ ਭਰਾ ਖੋਜੀ ਨਹੀਂ ਸੀ। ਉਸ ਦੇ ਪਾਗਲ ਹੋਣ ਦੇ ਹੋਰ ਕਾਰਨ ਸਨ। ਪਰ ਖੋਜੀ ਪਾਤਰ ਹੋਰ ਪਾਤਰ ਸਨ। ਦੋ–ਤਿੰਨ ਨੂੰ ਜੋੜ ਕੇ ਮੈਂ ਇਕ ਪਾਤਰ ਤਿਆਰ ਕੀਤਾ ਤੇ ਕਹਾਣੀ ਮੇਰੇ ਮਨ ਵਿਚ ਤਿਆਰ ਹੋਣ ਲੱਗ ਪਈ। ਡਾਇਰੀ ਦੀ ਸ਼ੈਲੀ ਮੈਂ ਨਹੀਂ, ਕਹਾਣੀ ਦਾ ਵਿਸ਼ਾ ਲੈ ਕੇ ਆਇਆ। ਕਿ ਮੈਨੂੰ ਪਾਤਰ ਨੇ ਕਿਹਾ ਕਿ ਤੂੰ ਇਸ ਡਾਇਰੀ ਦੀ ਫਾਰਮ ਵਿਚ ਕਹਾਣੀ ਲਿਖ।

**? ਤੁਸੀਂ ਹੱਡਾਰੋੜੀ' ਵਰਗੇ ਪਿਤਾ-ਪੁਰਖੀ ਕਿੱਤੇ ਦੇ ਪੱਤਨ ਬਾਰੇ ਆਪਣੀਆਂ ਕਹਾਣੀਆਂ ਵਿਚ ਵਧੇਰੇ ਲਿਖਿਆ ਹੈ। ਜੋ ਦੁਹਰਾਓ ਲੱਗਦਾ ਹੈ। ਇਸ ਦਾ ਜ਼ਿਕਰ ਹੋਰ ਕਹਾਣੀਆਂ ਵਿਚ ਵੀ ਮਿਲਦਾ ਹੈ। ਕੀ ਲੋੜ ਪੈ ਗਈ ਤੁਹਾਨੂੰ ਇਸ ਬਾਰੇ**

**ਵਾਰ ਵਾਰ ਲਿਖਣ ਦੀ।**

–ਇਸ ਕਿੱਤੇ ਨਾਲ ਜੁੜੀ ਮੇਰੀ ਮੁੱਖ ਰੂਪ ਵਿਚ ਇਕ ਕਹਾਣੀ ਹੈ 'ਧੂੜ' ਜਿਸ 'ਤੇ ਰਜੀਵ ਨੇ ਫਿਲਮ ਵੀ ਬਣਾਈ ਹੈ। ਚਮੜੇ ਦੇ ਕਿੱਤੇ ਨਾਲ ਸੰਬੰਧਤ ਇਕ ਹੋਰ ਕਹਾਣੀ ਹੈ 'ਸੁੱਕੀਆਂ ਕੁੰਨਾਂ'। ਕੁੱਝ ਹੋਰ ਕਹਾਣੀਆਂ ਵਿਚ ਵੀ ਇਸ ਕੰਮ ਨਾਲ ਜੁੜੇ ਪਾਤਰ ਆ ਜਾਂਦੇ ਹਨ। ਪਰ ਉਨ੍ਹਾਂ ਦੇ ਵਿਸ਼ੇ ਵੱਖਰੇ ਹਨ। ਲੇਖਕ ਆਪਣੇ ਅਨੁਭਵ ਵਿਚੋਂ ਲਿਖਦਾ ਹੈ। ਹੱਡਾ ਰੋੜੀ ਨਾਲ ਸਬੰਧਤ ਤੁਹਾਨੂੰ ਪੰਜਾਬੀ ਵਿਚ ਕੋਈ ਵਿਰਲੀ ਹੀ ਕਹਾਣੀ ਮਿਲਦੀ ਹੈ। ਇਸ ਵਿਸ਼ੇ ਦੇ ਬਹੁਤ ਸਾਰੇ ਹੋਰ ਪਸਾਰ ਹਨ ਜਿਨ੍ਹਾਂ ਨੂੰ ਮੈਂ ਆਪਣੇ ਆ ਰਹੇ ਨਾਵਲ ਵਿਚ ਵਿਸਥਾਰ ਨਾਲ ਬਿਆਨ ਕਰਨ ਜਾ ਰਿਹਾ ਹਾਂ। ਮੇਰਾ ਸਵਾਲ ਹੈ.... ਇਕ ਲੇਖਕ ਸਾਰੀ ਉਮਰ ਕਿਸਾਨੀ ਬਾਰੇ ਕਹਾਣੀਆਂ ਨਾਵਲ ਲਿਖਦਾ ਹੈ। ਪਰ ਕਿਸੇ ਦੇ ਮਨ ਵਿਚ ਇਹ ਸਵਾਲ ਨਹੀਂ ਆਉਂਦਾ ਬਈ ਫਲਾਣਾ ਤਾਂ ਕਿਸਾਨੀ ਬਾਰੇ ਹੀ ਲਿਖੀ ਜਾ ਰਿਹਾ ਹੈ। ਹੋਰ ਕੋਈ ਵਿਸ਼ਾ ਹੀ ਨਹੀਂ। ਲੇਖਕ ਕੋਲ ਜਿਹੜੇ ਅਨੁਭਵ ਹੁੰਦੇ ਹਨ ਉਨ੍ਹਾਂ ਵਿਚੋਂ ਹੀ ਕਹਾਣੀਆਂ ਤੇ ਸਾਹਿਤ ਨਿਕਲਦਾ ਹੈ। 'ਧੂੜ' ਕਹਾਣੀ ਦਾ ਵਿਸ਼ਾ ਬਿਲਕੁਲ ਵੱਖਰਾ ਹੈ ਅਤੇ 'ਸੁੱਕੀਆਂ ਕੁੰਨਾਂ' ਦਾ ਵਿਸ਼ਾ ਬਿਲਕੁੱਲ ਵੱਖਰਾ ਹੈ। ਭਾਵੇਂ ਕੇਂਦਰ ਵਿਚ ਹੱਡਾ ਰੋੜੀ ਹੈ, ਕੱਚਾ ਚਮੜਾ ਹੈ, ਕੁੰਨਾਂ ਹਨ। ਵਿਸ਼ੇ ਵੱਖ ਵੱਖ ਹਨ।

**? 'ਧੂੜ' ਕਹਾਣੀ ਵਿਚ, ਕਹਾਣੀ ਦੇ ਅੰਤ ਵਿਚ 'ਉਡਦੀ ਧੂੜ' ਕਿਸਦੀ ਪ੍ਰਤੀਕ ਹੈ।**

–ਕਹਾਣੀ ਦੇ ਅੰਤ ਵਿਚ ਮੇਲੂ ਜਦੋਂ ਤਾਕੀ ਥਾਂਣੀ ਬਾਹਰ ਨਜ਼ਰ ਮਾਰਦਾ ਹੈ ਤਾਂ ਉਹਨੂੰ ਮਹਿਸੂਸ ਹੁੰਦਾ ਹੈ ਕਿ ਅਸਮਾਨ 'ਚ ਉੱਡਦੀ ਧੂੜ ਥੱਲੇ ਬੈਠ ਗਈ ਲੱਗਦੀ ਹੈ। ਇਹ ਖਿਆਲ ਮੇਲੂ ਦੇ ਮਨ ਵਿਚ ਆਉਂਦੇ ਹਨ ਉਦੋਂ ਆਉਂਦੇ ਹਨ ਜਦੋਂ ਉਹ ਪ੍ਰਤੀਕ ਦੇ ਕਮਰੇ ਵਿਚ ਲੱਗੀਆਂ ਗੁਰੂ ਰਵਿਦਾਸ, ਅੰਬੇਡਕਰ, ਭਗਤ ਸਿੰਘ ਦੀਆਂ ਫੋਟੋ ਦੇ ਨਾਲ ਕਾਰਲ ਮਾਰਕਸ ਦੀ ਫੋਟੋ ਵੇਖਦੇ ਹਨ। ਜਿਸ ਬਾਰੇ ਪ੍ਰਤੀਕ ਕਹਿੰਦੀ ਹੈ ਕਿ ਇਸ ਮਹਾਨ ਵਿਦਵਾਨ ਨੇ ਲੋਕਾਂ ਵਿਚ ਬਰਾਬਰੀ ਲਿਆਉਣ ਲਈ ਵੱਡੀ ਜੰਗ ਲੜੀ ਏ, ਇਨ੍ਹਾਂ ਵਿਦਵਾਨਾਂ ਦੇ ਵਿਚਾਰ ਜਦੋਂ ਵਿਹਾਰ ਵਿਚ ਲੋਕਾਂ ਵਿਚ ਜਾਂਦੇ ਹਨ ਤੇ ਲੋਕਾਂ ਦੇ ਮਨ੍ਹਾਂ ਵਿਚ ਤਬਦੀਲੀ ਆਉਂਦੀ ਹੈ ਤਾਂ ਸਮਾਜ ਵਿਚ ਵੀ ਤਬਦੀਲੀ ਆਉਂਦੀ ਹੈ। ਇਹ ਧੂੜ ਕੁਰੀਤੀਆਂ ਦੀ ਧੂੜ ਹੈ। ਥੋਥੀਆਂ ਰਸਮਾਂ ਦੀ ਧੂੜ ਹੈ। ਜਾਤ ਪਾਤ ਦੀ ਧੂੜ ਹੈ। ਸਮਾਜਿਕ ਵੰਡੀਆਂ ਦੀ ਧੂੜ ਹੈ। ਵਹਿਮਾਂ ਭਰਮਾਂ ਦੀ ਧੂੜ ਹੈ। ਨਾਰੀ ਦੇ ਸ਼ੋਸ਼ਣ ਦੀ ਧੂੜ ਹੈ। ਇਕ ਚਿਹਨ ਹੈ। ਕਹਾਣੀ ਵਿਚ ਇਕ ਸਿੰਬਲ ਹੈ। ਜਿਹੜਾ ਚਿਹਨ ਸਾਰੀ ਕਹਾਣੀ ਵਿਚ ਫੈਲਿਆ ਹੋਇਆ ਹੈ। ਕਹਾਣੀ ਦਾ ਅੰਤ ਧੂੜ ਦੇ ਬੈਠਣ ਨਾਲ ਸੁਖਾਂਤ ਵੱਲ ਮੋੜਾ ਹੈ। ਜਦੋਂ ਕਹਾਣੀ ਵਿਚ ਚਿਹਨ ਵਰਤੇ ਜਾਂਦੇ ਹਨ ਤਾਂ ਉਹ ਕਹਾਣੀ ਨੂੰ ਬਹੁ ਅਰਥੀ ਬਣਾ ਦਿੰਦੇ ਹਨ।

**? ਤੁਹਾਡੀਆਂ ਕਹਾਣੀਆਂ ਵਿਚ ਕਈ ਤਰ੍ਹਾਂ ਦੇ ਨਵੇਂ ਨਵੇਂ ਪ੍ਰਯੋਗ ਹੋਏ ਮਿਲਦੇ ਹਨ। ਜਿਵੇਂ ਕਿ ਕੰਪਿਊਟਰ ਤਕਨੀਕ, ਡਾਇਰੀ ਸ਼ੈਲੀ, ਜੀਵਨੀ ਸ਼ੈਲੀ, ਮੈਂ ਮੂਲਕ ਸ਼ੈਲੀ, ਨਾਟਕ ਜਾਂ ਡਰਾਮਾ, ਬਿਆਨੀਆਂ ਸ਼ੈਲੀ ਆਦਿ। ਇਹ ਜੁਗਤਾਂ ਤੁਸੀਂ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨ ਲਈ ਵਰਤਦੇ ਹੋ। ਤੁਸੀਂ ਕਹਾਣੀ ਦੀ ਗਤੀਸ਼ੀਲਤਾ ਲਈ ਇਨ੍ਹਾਂ ਪ੍ਰਯੋਗਾਂ ਨੂੰ ਕਿੰਨਾ ਕੁ ਜ਼ਰੂਰੀ ਸਮਝਦੇ ਹੋ।**

–ਬਿਨਾ ਸ਼ੱਕ ਇਸ ਕਿਸਮ ਦੇ ਪ੍ਰਯੋਗ ਅਤੇ ਹੋਰ ਪ੍ਰਯੋਗ ਮੈਂ ਵੱਖ ਵੱਖ ਕਹਾਣੀਆਂ ਵਿਚ ਕੀਤੇ ਹਨ। ਦਰਅਸਲ ਕਹਾਣੀਕਾਰ ਇਸ ਤਰ੍ਹਾਂ ਦੇ ਪ੍ਰਯੋਗ ਕਰਨ ਲਈ ਸੁਚੇਤ ਨਹੀਂ ਹੁੰਦਾ। ਜੋ ਪਾਤਰ ਤੁਹਾਡੇ ਕੋਲ ਹੁੰਦਾ ਹੈ। ਜਿਹੜੀਆਂ ਘਟਨਾਵਾਂ ਤੁਹਾਡੇ ਕੋਲ ਹੁੰਦੀਆਂ ਹਨ। ਸਮਾਜਿਕ ਸਥਿਤੀ ਜੋ ਹੁੰਦੀ ਹੈ। ਉਸ ਦੇ ਅਧਾਰ 'ਤੇ ਤੁਹਾਡੇ ਮਨ ਵਿਚ ਜੋ ਕਹਾਣੀ ਬਣਦੀ ਹੈ। ਤਾਂ ਨਾਲ ਨਾਲ ਉਹ ਪਾਤਰ ਅਤੇ ਘਟਨਵਾਂ ਕਹਾਣੀ ਦੀ ਸ਼ੈਲੀ ਲੈ ਕੇ ਆਉਂਦੀ ਹੈ। ਲੇਖਕ ਦੇ ਅਵਚੇਤਨ ਵਿਚ ਇਹ ਵੀ ਪਿਆ ਹੁੰਦਾ ਹੈ ਕਿ ਇਕ ਤਰ੍ਹਾਂ ਕਹਾਣੀ ਲਿਖਣਾ ਵੀ ਸਹੀ ਨਹੀਂ। ਪਾਠਕ ਨੂੰ ਰਵਾਇਤੀ ਸ਼ੈਲੀ ਲੱਗਣ ਲੱਗ ਪੈਂਦੀ ਹੈ। ਸ਼ੈਲੀ ਵਿਚ ਪ੍ਰਯੋਗ ਕਰਨ ਨਾਲ ਪਾਠਕ ਸ਼ੈਲੀ ਨਾਲ ਵੀ ਜੁੜਦਾ ਹੈ। ਇਹ ਕਹਾਣੀ ਵਿਚ ਨਵੀਂ ਗੱਲ ਵੀ ਹੁੰਦੀ ਹੈ। ਸਾਹਿਤ ਉਹ ਹੀ ਪਾਠਕਾਂ ਵਿਚ ਹਰਮਨ ਪਿਆਰਾ ਹੁੰਦਾ ਹੈ ਜਿਸ ਦਾ ਵਿਸ਼ਾ ਨਵਾਂ ਹੋਵੇ ਅਤੇ ਜੋ ਨਵੀਂ ਸ਼ੈਲੀ ਵਿਚ ਲਿਖਿਆ ਗਿਆ ਹੋਵੇ। ਪਰ ਕਹਾਣੀ ਦੀ ਜੋ ਬੇਸਕ ਫਾਰਮ ਹੁੰਦੀ ਹੈ। ਜਿਸ ਨੂੰ ਨਾਲ ਲੈ ਕੇ ਚੱਲਣਾ ਹੁੰਦਾ ਹੈ। ਇਹ ਵੀ ਕਹਾਣੀਕਾਰ ਦਾ ਧਰਮ ਹੁੰਦਾ ਹੈ। ਜੇ ਲੇਖਕ ਕਵਿਤਾ ਦੀ ਫਾਰਮ ਵਿਚ ਬਿਰਤਾਂਤ ਲਿਖੇ ਤੇ ਕਹੇ ਕਿ ਇਹ ਮੇਰੀ ਕਹਾਣੀ ਹੈ ਮੈਂ ਇਸ ਵਿਚ ਪ੍ਰਯੋਗ ਕੀਤਾ ਹੈ। ਮੇਰੀ ਨਵੀਂ ਸ਼ੈਲੀ ਹੈ। ਇਹ ਵੀ ਪਾਠਕ ਨੂੰ ਹਜ਼ਮ ਨਹੀਂ ਹੋਵੇਗਾ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੈਂ ਸੈਲੀ ਦੇ ਪੱਖੋਂ ਜਿੰਨੇ ਵੀ ਪ੍ਰਯੋਗ ਕੀਤੇ ਹਨ। ਚਾਹੇ ਉਹ ਡਾਇਰੀ ਹੈ, ਨਾਟਕੀ ਸ਼ੈਲੀ ਹੈ, ਫਿਲਮੀ ਸਕਰਿਪਟ ਸ਼ੈਲੀ ਹੈ, ਕੰਪਿਊਟਰ ਸ਼ੈਲੀ ਹੈ,

ਇਹ ਸ਼ੈਲੀਆਂ ਸਹਿ ਸੁਭਾ ਹੀ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਬਣੀਆਂ ਹਨ।

**? ਤੁਸੀਂ ਵਧੇਰੇ ਕਹਾਣੀਆਂ ਦੁਆਬਾ ਖੇਤਰ ਨਾਲ ਸੰਬੰਧਿਤ ਲਿਖੀਆਂ ਹਨ। ਤੁਸੀਂ ਹੋਰ ਖੇਤਰ ਮਾਲਵਾ, ਮਾਝਾ ਆਦਿ ਦੇ ਦਲਿਤਾਂ ਬਾਰੇ ਕਹਾਣੀ ਕਿਉਂ ਨਹੀਂ ਲਿਖਦੇ।**

-ਬਹੁਤ ਚੰਗਾ ਸਵਾਲ ਹੈ। ਦਰਅਸਲ ਜਿੱਥੇ ਲੇਖਕ ਰਹਿੰਦਾ ਹੈ। ਜਾਂ ਵਧੇਰੇ ਸਮਾਂ ਰਹਿੰਦਾ ਹੈ। ਉਸ ਖਿੱਤੇ ਦੇ ਸਭਿਆਚਾਰ, ਉਥੋਂ ਦੇ ਪਾਤਰਾਂ ਦੇ ਵਿਹਾਰ ਅਤੇ ਬੋਲੀ ਬਾਰੇ ਗੂੜਾ ਗਿਆਨ ਹੁੰਦਾ ਹੈ। ਉਹ ਉਸ ਖਿੱਤੇ ਵਿਚੋਂ ਹੀ ਕਹਾਣੀ ਦਾ ਧਰਾਤਲ ਚੁੱਕਦਾ ਹੈ। ਮੈਂ ਦੁਆਬੇ ਖੇਤਰ ਵਿਚ ਰਿਹਾ। ਜਿਸ ਕਾਰਨ ਮੈਂ ਇਥੋਂ ਹੀ ਮੁੱਖ ਰੂਪ ਵਿਚ ਕਹਾਣੀ ਦੇ ਪਾਤਰ ਤੇ ਧਰਾਤਲ ਚੁੱਕਿਆ ਹੈ। ਇਕ-ਦੋ ਕਿਸਾਨੀ ਸੰਕਟ ਦੀਆਂ ਹਨ। ਹਾਂ ਕੁੱਝ ਕਹਾਣੀਆਂ ਇਕ ਦੋ ਕੈਨੇਡਾ ਦੇ ਧਰਾਤਲ ਦੀਆਂ ਹਨ। ਮੈਂ ਕੈਨੇਡਾ ਕਾਫੀ ਸਮਾਂ ਗੁਜਾਰ ਕੇ ਆਇਆ ਹਾਂ। ਉਥੋਂ ਦੇ ਕਲਚਰ ਬਾਰੇ, ਲੋਕਾਂ ਬਾਰੇ ਮੇਰੇ ਮਨ ਵਿਚ ਕੁਝ ਧਾਰਨਾਵਾਂ ਬਣੀਆਂ ਤੇ ਕਹਾਣੀਆਂ ਦੇ ਵਿਸ਼ੇ ਬਣੇ। ਜਿਸ ਨੂੰ ਮੈਂ 'ਬਲੈਕ ਡਸਟਬਿਨ' ਕਹਾਣੀ ਵਿਚ ਪੇਸ਼ ਕੀਤਾ ਹੈ। ਮਾਲਵੇ ਦੇ ਦਲਿਤ ਪ੍ਰਮੁੱਖ ਰੂਪ ਵਿਚ ਕਿਸਾਨੀ ਨਾਲ ਜਾਂ ਖੇਤਾਂ ਨਾਲ ਜੁੜੇ ਹੋਏ ਹਨ। ਉਹ ਖੇਤਾਂ ਵਿਚ ਮਜਦੂਰੀ ਕਰਦੇ ਹਨ। ਉਨ੍ਹਾਂ ਦੀਆਂ ਆਪਣੀ ਕਿਸਮ ਦੀਆਂ ਸਮੱਸਿਆਵਾਂ ਹਨ। ਉਨ੍ਹਾਂ ਬਾਰੇ ਮਾਲਵੇ ਦੇ ਲੇਖਕ ਲਿਖ ਰਹੇ ਹਨ। ਮੇਰਾ ਖੇਤਰ ਦੁਆਬਾ ਹੈ। ਮੇਰੇ ਕੋਲ ਏਥੋਂ ਦਾ ਵਿਸ਼ਾਲ ਅਨੁਭਵ ਹੈ।

**? ਤੁਹਾਡੀਆਂ ਕਹਾਣੀਆਂ ਵਿਚ ਦਲਿਤ ਉਪ ਜਾਤੀਆਂ ਨੂੰ ਸੰਬੋਧਿਤ ਕਰਨ ਵਾਲੇ ਸ਼ਬਦ 'ਚਮਾਰ', 'ਚੂਹੜਾ', 'ਮਜ਼੍ਹਬੀ' ਆਦਿ ਸ਼ਬਦਾਂ ਦੀ ਵਰਤੋਂ ਬਹੁਤ ਹੋਈ ਹੈ। ਕੀ ਇਸ ਸ਼ਬਦਾਵਲੀ ਦੀ ਸਿੱਧੀ ਵਰਤੋਂ ਸ਼ਿਲਪੀ ਜੁਗਤ ਹੈ?**

-ਕੇਵਲ ਦਲਿਤ ਲਿਖ ਦੇਣ ਨਾਲ ਕਹਾਣੀ ਵਿਚ ਪਾਤਰ ਦੀ ਸਮਾਜਿਕ ਸਥਿਤੀ ਦਾ ਪਤਾ ਨਹੀਂ ਲੱਗਦਾ। ਜਿੰਨਾਂ ਚਿਰ ਇਨ੍ਹਾਂ ਦੀਆਂ ਅੱਗੋ ਸਮਾਜਿਕ ਵੰਡ ਬਾਰੇ ਨਾ ਦੱਸਿਆ ਜਾਵੇ। ਚਮਾਰ ਦੀ ਅੱਗੋਂ ਵੰਡ ਆਦਿ ਧਰਮੀ, ਰਵਿਦਾਸੀਆਂ ਸਿੱਖ, ਉਨ੍ਹਾਂ ਵਿਚੋਂ ਨਿਕਲੇ ਬੋਧੀ, ਇਸਾਈ। ਇਸੇ ਤਰ੍ਹਾਂ ਚੂਹੜੇ ਵਿਚੋਂ ਅੱਗੋਂ ਨਿਕਲੇ ਵਾਲਮੀਕੀ, ਮਜ਼ਬੀ, ਇਸਾਈ ਇਨ੍ਹਾਂ ਵਿਚ ਅੱਗੋਂ ਸਮਾਜਿਕ ਤੌਰ ਤੇ ਬਹੁਤ ਵੰਡੀਆਂ ਹਨ। ਉਨ੍ਹਾਂ ਦੀ ਸਮਾਜਿਕ ਸਾਂਝ ਨਹੀਂ ਹੈ। ਇਨ੍ਹਾਂ ਦੀ ਆਪਸੀ ਕੰਟ੍ਰਾਡਕਸ਼ਨ ਨੂੰ ਸਮਝਣ ਲਈ ਇਹਨਾਂ ਸ਼ਬਦਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ। ਮੇਰੇ ਪਾਤਰ ਹਰ ਕਹਾਣੀ ਵਿਚ ਆਪਣੀ ਜਾਤ, ਗੋਤ ਅਤੇ ਧਰਮ ਨਾਲ ਲੈ ਕੇ ਆਉਂਦੇ ਹਨ। ਕਿਉਂਕ ਇਹੀ ਸਮਾਜਿਕ ਸੱਚ ਹੈ। ਪਾਤਰ ਦੀ ਸਮਾਜ ਵਿਚ ਪਛਾਣ ਉਸਦੀ ਜਾਤ ਨਾਲ, ਧਰਮ ਨਾਲ, ਉਸਦੇ ਗੋਤ ਨਾਲ ਹੁੰਦੀ ਹੈ। ਕਹਾਣੀ ਕਿਉਂਕਿ ਸਮਾਜ ਦਾ ਸ਼ੀਸ਼ਾ ਹੁੰਦੀ ਹੈ। ਸੋ ਇਸ ਤਰ੍ਹਾਂ ਸਪੱਸ਼ਟ ਲਿਖਣਾ ਲੇਖਕ ਦਾ ਧਰਮ ਹੈ। ਜੇ ਕਹੀਏ ਕਿ ਲੇਖਕ ਤਾਂ ਧਰਮ ਨਿਰਪੱਖ ਹੁੰਦਾ ਹੈ। ਪਰ ਸਮਾਜ ਤਾਂ ਧਰਮਾਂ ਅਤੇ ਅੱਗੋਂ ਜਾਤਾਂ ਗੋਤਾਂ ਵਿਚ ਵੰਡਿਆ ਹੋਇਆ ਹੈ। ਲੇਖਕ ਨੇ ਸਮਾਜ ਦੇ ਸੱਚ ਨੂੰ ਹੀ ਪੇਸ਼ ਕਰਨਾ ਹੁੰਦਾ ਹੈ। ਮੈਂ ਇਹਨੂੰ ਜੁਗਤ ਨਹੀਂ ਕਹਿੰਦਾ ਇਹ ਕਹਾਣੀ ਦਾ ਜ਼ਰੂਰੀ ਅੰਗ ਹੈ। ਜਿਸ ਤੋਂ ਬਿਨਾਂ ਸਮਾਜ ਦੀ ਸਹੀ ਤਸਵੀਰ ਨਹੀਂ ਦਿਸਦੀ।

**? ਫਿਲੌਰੀਆਂ ਦੀ 'ਬਦਬੂ' ਕਹਾਣੀ ਤੇ ਤੁਹਾਡੀ 'ਕਬਰਗਾਹ' ਕਹਾਣੀ ਵਿਚ 'ਵੇਈਂ ਨਦੀਂ' ਦਾ ਜ਼ਿਕਰ ਆਉਂਦਾ ਹੈ। ਕੀ ਦੋਨਾਂ ਵਿਚ ਇਹ ਨਦੀ ਸਾਂਝ ਦਰਸਾਉਂਦੀ ਹੈ ਜਾਂ ਤੁਸੀਂ ਵੱਖਰੇ ਪ੍ਰਤੀਕ ਵਜੋਂ ਵਰਤਦੇ ਹੋ।**

-ਦੁਆਬੇ ਖੇਤਰ ਵਿਚ ਕਾਲੀ ਵੇਈਂ ਲੰਘਦੀ ਹੈ। ਜਿਹੜੀ ਕਿ ਜਲੰਧਰ ਤੇ ਨਕੋਦਰ ਦੇ ਵਿਚਕਾਰੋ ਲੰਘਦੀ ਹੋਈ ਸੁਲਤਾਨਪੁਰੀ ਲੋਧੀ ਵੱਲ ਜਾਂਦੀ ਹੈ। ਇਹ ਜਲੰਧਰ ਸ਼ਹਿਰ ਦੇ ਨਾਲ ਦੀ ਲੰਘਦੀ ਹੈ। ਇਸ ਵੇਈਂ ਦਾ ਪਾਣੀ ਕਦੇ ਸਾਫ਼ ਤੇ ਪੀਣ ਯੋਗ ਹੁੰਦਾ ਸੀ। ਪਰ ਅੱਜ ਇਸ ਵਿਚ ਸਾਰੇ ਸ਼ਹਿਰ ਦੇ ਸੀਵਰੇਜ਼ ਦਾ ਗੰਦਾ ਪਾਣੀ ਪੈਂਦਾ ਹੈ। ਜਿਸ ਕਰਕੇ ਇਸਨੂੰ ਕਾਲੀ ਵੇਈਂ ਕਿਹਾ ਜਾਣ ਲੱਗਾ ਹੈ। ਇਸ ਤਰ੍ਹਾਂ ਦੇ ਚਿਹਨ ਜਦੋਂ ਕੋਈ ਕਹਾਣੀਕਾਰ ਲੈਂਦਾ ਹੈ ਤਾਂ ਉਸ ਦੇ ਵੱਖਰੇ ਵੱਖਰੇ ਅਰਥ ਹੁੰਦੇ ਹਨ। 'ਬਦਬੂ' ਦਾ ਚਿਹਨ ਵੀ ਨੈਗਟਿਵ ਵਿਚ ਆਉਂਦਾ ਹੈ। ਮੇਰੀ ਕਹਾਣੀ ' ਕਬਰਗਾਹ' ਵਿਚ ਜੋ ਚਿਹਨ ਆਉਂਦਾ ਉਹ ਵੀ ਨੈਗਟਿਵ ਆਉਂਦਾ ਹੈ। ਇਹ ਮੁੱਖ ਤੌਰ ਤੇ ਕਿਸਾਨੀ ਸੰਕਟ ਦੀ ਕਹਾਣੀ ਹੈ। ਜਿਸ ਪਿੰਡ ਦੀ ਇਸ ਕਹਾਣੀ ਵਿਚ ਲੁਕੇਲ ਬਣਾਈ ਹੈ ਉਹ ਵੇਈਂ ਦੇ ਲਾਗੇ ਦੇ ਪਿੰਡ ਦੀ ਹੈ। ਜਿਸ ਪਿੰਡ ਦਾ ਪਾਣੀ ਇਸ ਵੇਈਂ ਨੇ ਗੰਧਲਾ ਕਰ ਦਿੱਤਾ ਹੈ। ਕਿਸਾਨ ਇਸ ਦੇ ਪਾਣੀ ਨੂੰ ਸਬਜੀਆਂ ਲਈ ਵਰਤਣ ਲਈ ਮਜ਼ਬੂਰ ਹਨ। ਇਹ ਵੇਈਂ ਜ਼ਹਿਰ ਦਾ ਪ੍ਰਤੀਕ ਹੈ। ਪਰ ਪਹਿਲਾਂ ਇਹ ਜੀਵਨ ਦਾ ਪ੍ਰਤੀਕ ਸੀ।

**? ਮੌਕਾਪ੍ਰਸਤ ਬੁਰਜ਼ੂਆ ਰਾਜਨੀਤੀ 'ਤੇ ਤੁਹਾਡੇ ਸਮਕਾਲੀਆਂ ਨੇ ਵੀ ਕਹਾਣੀਆਂ ਲਿਖੀਆਂ ਹਨ। ਤੁਹਾਡੀਆਂ ਕਹਾਣੀਆਂ ਉਹਨਾਂ ਤੋਂ ਕਿੰਨਾ ਕੁ ਵਿੱਥ ਰੱਖਦੀਆਂ ਹਨ।**

–ਰਾਜਨੀਤੀ ਵਰਗੇ ਵਿਸ਼ੇ ਤੇ ਮੈਂ ਲਿਖਿਆ ਨਹੀਂ। ਸਿੱਧੇ ਤੋਰ ਤੇ ਤਾਂ ਮੈਂ ਕੋਈ ਕਹਾਣੀ ਨਹੀਂ ਲਿਖੀ ਪਰ ਰਾਜਨੀਤੀ ਦੇ ਦ੍ਰਿਸ਼ ਕੁਝ ਕਹਾਣੀਆਂ ਨੂੰ ਵੇਖਣ ਤੇ ਪੜ੍ਹਨ ਨੂੰ ਮਿਲ ਜਾਣਗੇ। ਮੇਰੀਆਂ ਕਹਾਣੀਆਂ ਵਿਚ ਇਹ ਰਾਜਨੀਤੀ ਪੰਚਾਇਤਾਂ ਤੱਕ ਹੀ ਸੀਮਿਤ ਹੁੰਦੀ ਹੈ। ਪੰਚਾਇਤ ਦੀ ਰਾਜਨੀਤੀ ਨੂੰ ਤੁਸੀਂ ਦੇਸ਼ ਦੀ ਜਾਂ ਰਾਜ ਦੀ ਰਾਜਨੀਤੀ ਦੇ ਪ੍ਰਸੰਗ ਵਿਚ ਰੱਖ ਕੇ ਵੀ ਸਮਝ ਸਕਦੇ ਹੋ। ਇਕ ਕਹਾਣੀ ਹੈ 'ਫੈਸਲਾ' ਜੋ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਰਚੇ 'ਨਾਗਮਾਣੀ' ਵਿਚ ਛਾਪੀ ਸੀ। ਉਸ ਕਹਾਣੀ ਵਿਚ ਮੈਂ ਪੰਚਾਇਤ ਦੀ ਕਾਰਜ ਪ੍ਰਣਾਲੀ 'ਤੇ ਮੈਂ ਸਵਾਲ ਕਰਦਾ ਹਾਂ। ਜਿਹੜੀ ਪੰਚਾਇਤ ਆਮ ਲੋਕਾਂ ਦੇ ਹੱਕ ਵਿਚ ਨਹੀਂ ਖੜਦੀ। ਜਦੋਂ ਉੱਚ ਜਾਤੀ ਦੇ ਲੋਕਾਂ ਵੱਲੋਂ ਬਾਜੀਗਰਾਂ ਬਰਾਦਰੀ ਦੇ ਬੱਕਰੀਆਂ ਦੇ ਇੱਜੜ ਵਿਚੋਂ ਇਕ ਲੇਲਾ ਚੁੱਕ ਕੇ ਉਸ ਦਾ ਮਾਸ ਖਾਣ ਲਈ ਵਰਤ ਲਿਆ ਜਾਂਦਾ ਹੈ, ਜਦੋਂ ਪੰਚਾਇਤ ਜੁੜਦੀ ਹੈ ਤਾਂ ਉੱਚ ਜਾਤੀ ਦੇ ਸਰਪੰਚ, ਪੰਚ ਇਕ ਸਧਾਰਨ ਬਾਜ਼ੀਗਰ ਦੇ ਹੱਕ ਵਿਚ ਫੈਸਲਾ ਨਹੀਂ ਕਰਦੇ ਬਲਕਿ ਉਹਨੂੰ ਡਰਾਇਆ ਜਾਂਦਾ ਹੈ। ਇਕ ਹੋਰ ਕਹਾਣੀ 'ਧੂੜ' ਵੀ ਪੰਚਾਇਤ ਪ੍ਰਬੰਧ ਉੱਤੇ ਹੈ। ਪਰ ਇਸ ਦਾ ਵਿਸ਼ਾ ਸਮਾਜਿਕ ਨਾ–ਬਰਾਬਰੀ ਹੈ। ਜੱਟ ਪਿੰਡ ਦੀ ਸਰਪੰਚੀ ਲੈਣ ਲਈ ਕਿਨੇਂ ਹੱਥਕੰਡੇ ਵਰਤਦਾ ਹੈ। ਪੰਚਾਇਤ ਚੋਣ ਪ੍ਰਬੰਧ ਰਾਹੀ ਤੁਸੀਂ ਭਾਰਤੀ ਚੋਣ ਪ੍ਰਬੰਧ ਨੂੰ ਵੀ ਸਮਝ ਸਕਦੇ ਹਾਂ। ਇਸ ਕਹਾਣੀ ਵਿਚ ਜਦੋਂ ਸਰਪੰਚ ਚੁਣਿਆ ਜਾਂਦਾ ਹੈ ਤਾਂ ਉਹ ਵੀ ਹੱਡਾਰੋੜੀ ਦਾ ਠੇਕਾ ਵਧਾ ਦਿੰਦਾ ਹੈ। ਤੇ ਦਲਿਤਾਂ ਨੂੰ ਦਬਾਉਂਦਾ ਹੈ ਜੋ ਵੋਟਾਂ ਵਿਚ ਉਹਦੇ ਖਿਲਾਫ਼ ਖੜਦੇ ਹਨ। ਤੀਜੀ ਜੋ ਕਹਾਣੀ ਉਹ ਵੀ ਪੰਚਾਇਤੀ ਰਾਜਨੀਤੀ ਨਾਲ ਸਬੰਧਤ ਹੈ, 'ਗੜ੍ਹੀ ਪਿੰਡ ਦੀ ਕਹਾਣੀ' ਇਸ ਕਹਾਣੀ ਦਾ ਬਿਰਤਾਂਤ ਵੀ ਇਕ ਦਲਿਤ ਗੁਲਜ਼ਾਰੀ ਰਾਮ ਚਾਹਲ ਤੇ ਉੱਚ ਜਾਤੀ ਦੇ ਨੱਥਾ ਸਿੰਘ ਵਿਚਕਾਰ ਸਰਪੰਚੀ ਨੂੰ ਲੈ ਕੇ ਪਿੰਡ ਦੇ ਵਿਕਾਸ ਕੰਮਾਂ ਨੂੰ ਲੈ ਕੇ ਤਣਾਓ ਰਹਿੰਦਾ ਹੈ। ਜਿਨ੍ਹਾਂ ਕਹਾਣੀਆਂ ਵਿਚ ਮੈਂ ਰਾਜਨੀਤਿਕ ਦ੍ਰਿਸ਼ ਤੇ ਬਿਰਤਾਂਤ ਸਿਰਜਿਆ ਹੈ ਉਨ੍ਹਾਂ ਵਿਚ ਮੈਂ ਇਹੀ ਪੇਸ਼ ਕੀਤਾ ਹੈ ਕਿ ਇਹ ਆਮ ਲੋਕਾਂ ਨੂੰ ਦਬਾਉਂਦੇ ਹਨ।

**? 'ਕੁੰਭੀ ਨਰਕ' ਸ਼ਬਦ ਤੁਹਾਡੀ ਕਹਾਣੀ 'ਕੁੰਭੀ ਨਰਕ' ਅਤੇ 'ਸੁੱਕੀਆਂ ਕੁੰਨਾਂ' ਦੋਵੇਂ ਕਹਾਣੀਆਂ ਵਿਚ ਵਰਤਿਆ ਗਿਆ ਹੈ। ਇਸਦਾ ਕੀ ਅਰਥ ਹੈ।**

–ਮੇਰੀ ਕਹਾਣੀ ਦੇ ਪਾਤਰ ਜਿਸ ਸਮਾਜ ਵਿਚੋਂ ਆਉਂਦੇ ਹਨ ਉਹ ਪਾਤਰ ਜਿਸ ਸਮਾਜ ਵਿਚ ਆਪਣਾ ਜੀਵਨ ਜਿਓ ਰਹੇ ਹਨ ਉਹ ਹੀ ਅਸਲ ਵਿਚ ਕੁੰਭੀ ਨਰਕ ਹੈ। ਮੇਰੀ ਕਹਾਣੀ ਦੇ ਪਾਤਰ ਇਕ ਤਾਂ ਚਮਾਰ ਜਾਂ ਆਦਿ ਧਰਮੀ ਸਮਾਜ ਵਿਚੋਂ ਆਉਂਦੇ ਹਨ ਦੂਜਾ ਵਾਲਮੀਕੀ ਜਾਂ ਜਿਸ ਨੂੰ ਭੰਗੀ ਵੀ ਕਿਹਾ ਜਾਂਦਾ ਹੈ ਤੇ ਚੂਹੜਾ ਵੀ। ਇਹ ਲੋਕ ਇਕ ਅਜਿਹੇ ਨਰਕ ਵਿਚ ਰਹਿੰਦੇ ਹਨ ਜਾਂ ਉਨ੍ਹਾਂ ਦੇ ਪੁਰਖੇ ਰਹਿੰਦੇ ਹਨ ਜੋ ਨਰਕ ਵਿਚ ਜੀਉਂਦੇ ਹਨ। ਇਤਿਹਾਸ ਮਿਥਿਹਾਸ ਵਿਚ ਕਈ ਕਿਸਮ ਦੇ ਨਰਕਾਂ ਦਾ ਹਵਾਲਾ ਮਿਲਦਾ ਹੈ। ਉਨ੍ਹਾਂ ਵਿਚ ਇਕ 'ਕੁੰਭੀ ਨਰਕ' ਵੀ ਹੈ। ਇਸ ਦਾ ਜ਼ਿਕਰ 'ਦਸਮ ਗ੍ਰੰਥ' ਵਿਚ ਵੀ ਆਉਂਦਾ ਹੈ। ਅਜਿਹਾ ਨਰਕ ਜਿਸ ਵਿਚ ਸਜ਼ਾ ਦੇਣ ਲਈ ਮਨੁੱਖ ਨੂੰ ਉਬਲਦੇ ਹੋਏ ਤੇਲ ਦੇ ਕੜਾਹੇ ਵਿਚ ਸੁੱਟ ਦਿੱਤਾ ਜਾਂਦਾ ਹੈ। ਭਾਰਤੀ ਸਿਸਟਮ ਨੇ ਚਮਾਰਾਂ ਤੇ ਭੰਗੀਆਂ ਨੂੰ ਤੇਲ ਨਾਲ ਭਰੇ ਕੜਾਹੇ ਰੂਪੀ ਅਜਿਹੇ ਸਮਾਜ ਵਿਚ ਸੁੱਟ ਦਿੱਤਾ ਗਿਆ, ਜਿਹੜਾ ਨਰਕ ਤੋਂ ਘੱਟ ਨਹੀਂ। ਚਮਾਰਾਂ ਦਾ ਮੁੱਖ ਕਿੱਤਾ ਮਰੇ ਪਸ਼ੂਆਂ ਦਾ ਚਮੜ੍ਹਾ ਲਹੁਣਾ ਤੇ ਉਨ੍ਹਾਂ ਨੂੰ ਰੰਗਣ ਦਾ ਰਿਹਾ ਹੈ। ਸਾਡੇ ਪੁਰਖੇ ਇਹ ਕੰਮ ਕਰਦੇ ਆਏ ਹਨ। ਦੂਜਾ ਭੰਗੀ ਜਾਂ ਚੂਹੜਿਆਂ ਦਾ ਮੁੱਖ ਕਿੱਤਾ ਸਿਰਾਂ 'ਤੇ ਮੈਲ਼ਾ ਢੋਣਾ ਅਤੇ ਗੰਦੇ ਗਟਰ ਸਾਫ਼ ਕਰਨਾ ਅਤੇ ਸਾਰੇ ਸ਼ਾਹਿਰ, ਬਸਤੀਆਂ ਦਾ ਗੰਦ ਸਿਰ 'ਤੇ ਚੁੱਕਣਾ ਰਿਹਾ ਹੈ। ਕਈ ਸੌ ਸਾਲਾਂ ਤੋਂ ਇਹ ਲੋਕ ਇਹੀ ਕੰਮ ਪੀੜ੍ਹੀ ਦਰ ਪੀੜ੍ਹੀ ਕਰਦੇ ਆ ਰਹੇ ਹਨ। ਸਿਰ 'ਤੇ ਮੈਲ਼ਾ ਢੋਣਾ ਪੂਰੇ ਭਾਰਤ ਵਿਚ ਭੰਗੀ ਲੋਕ ਹੀ ਕਰਦੇ ਆ ਰਹੇ ਹਨ। ਸਮੇਂ ਦੇ ਨਾਲ ਸਿਰ 'ਤੇ ਮੈਲ਼ਾ ਢੋਣ ਤੇ ਪਬੰਧੀ ਲਈ ਕਈ ਕਾਨੂੰਨ ਬਣੇ ਪਰ ਗੰਦ ਸਾਫ਼ ਕਰਨ ਦਾ ਕੰਮ ਭੰਗੀ ਹੀ ਕਰਦੇ ਆ ਰਹੇ ਹਨ। ਇਨ੍ਹਾਂ ਦੋ ਦਲਿਤ ਉਪ ਜਾਤੀਆਂ ਦੀ ਸਮਾਜਿਕ ਇਤਿਹਾਸਕਾਰੀ ਮੈਂ ਆਪਣੀਆਂ ਦੋ ਕਹਾਣੀਆਂ 'ਕੁੰਭੀ ਨਰਕ' ਅਤੇ 'ਸੁੱਕੀਆਂ ਕੁੰਨਾਂ' ਵਿਚ ਕੀਤੀ ਹੈ। ਇਨ੍ਹਾਂ ਲੋਕਾਂ ਦੀ ਮੁਕੰਮਲ ਤਸਵੀਰ ਕਿ ਉਹ ਕਿਵੇਂ ਨਰਕ ਵਿਚ ਜੀਅ ਰਹੇ ਤੁਸੀਂ ਪੜ੍ਹ ਕੇ ਮਹਿਸੂਸ ਕਰ ਸਕਦੇ ਹੋ।

**? 'ਬੂਟਾ ਮੰਡੀ' ਬਾਰੇ ਤੁਸੀਂ 'ਸੁੱਕੀਆਂ ਕੁੰਨਾਂ' ਕਹਾਣੀ ਵਿਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਕੀ 'ਬੂਟਾ ਮੰਡੀ' ਦਾ ਇਤਿਹਾਸ ਸੱਚਮੁੱਚ ਦਾ ਹੈ। ਜਾਂ ਕਹਾਣੀ ਅੰਦਰ ਕਲਪਨਿਕ ਤੌਰ 'ਤੇ ਤੁਸੀਂ ਉਸਾਰਿਆ ਹੈ।**

–ਬੂਟਾ ਮੰਡੀ ਪੰਜਾਬ ਵਿਚ ਅਤੇ ਉਤਰੀ ਭਾਰਤ ਵਿਚ ਚਮੜੇ ਦੀ ਮੰਡੀ ਦੇ ਤੌਰ ਤੇ ਜਾਣੀ ਜਾਂਦੀ ਹੈ। ਇਸ ਦਾ ਇਤਿਹਾਸ ਸੱਚਮੁੱਚ ਇਹੀ ਹੈ। ਇਹ ਜਦੋਂ ਉਸਰੀ ਜਾਂ ਵਸੀ ਉਦੋਂ ਦੁਆਬੇ ਦੇ ਆਦਿ ਧਰਮੀ ਜਾਂ ਚਮਾਰ ਜੋ ਮਰੇ ਡੰਗਰ

ਪਿੰਡਾਂ ਵਿਚ ਚੁੱਕਦੇ ਸਨ ਅਤੇ ਉਨ੍ਹਾਂ ਦਾ ਚਮੜਾ ਹੱਡਾਰੋੜੀ ਵਿਚ ਲਿਜਾ ਕੇ ਲਹੁੰਦੇ ਸਨ ਉਸ ਵਿਚ ਚਮੜੇ ਨੂੰ ਵੇਚਣ ਦੀ ਬਹੁਤ ਮੁਸ਼ਕਲ ਆਉਂਦੀ ਸੀ। ਕੁਝ ਉਦਮੀ ਲੋਕਾਂ ਨੇ ਇਥੇ ਆ ਕੇ ਵਸਣਾ ਸ਼ੁਰੂ ਕਰ ਦਿੱਤਾ। ਉਹ ਕੱਚੇ ਚਮੜੇ ਦੀ ਏਥੇ ਆੜਤ ਕਰਨ ਲੱਗ ਪਏ। ਦੂਰ ਦੂਰ ਦੇ ਜਿਲ੍ਹਿਆਂ ਤੋਂ ਅਤੇ ਪਿੰਡਾਂ ਤੋਂ ਚਮਾਰ ਜੋ ਚਮੜੇ ਦਾ ਕੰਮ ਕਰਦੇ ਸਨ ਏਥੇ ਪਸ਼ੂਆਂ ਦੀ ਖੱਲ੍ਹਾ ਲਿਆ ਕੇ ਵੇਚਦੇ। ਇਥੇ ਦੇ ਆੜਤੀ ਲੋਕ ਅੱਗੇ ਕੱਲਕੱਤੇ ਵੱਲ ਚਮੜਾ ਸਮਲਾਈ ਕਰਦੇ ਸਨ। ਕੁਝ ਸਾਲਾਂ ਵਿਚ ਇਥੋਂ ਦੇ ਚਮਾਰ ਕਾਫੀ ਅਮੀਰ ਹੋਣ ਲੱਗ ਪਏ। ਉਨ੍ਹਾਂ ਨੇ ਏਥੇ ਚਮੜਾ ਰੰਗਣ ਦੇ ਕਾਰਖਾਨੇ ਲਗਾਉਣੇ ਸ਼ੁਰੂ ਕਰ ਦਿੱਤੇ। ਤਕਰੀਬਨ 500 ਚਮੜਾ ਰੰਗਣ ਦੇ ਕਾਰਖਾਨੇ ਏਥੇ ਲੱਗੇ। ਇਥੇ ਨਿਰੋਲ ਚਮਾਰ ਹੀ ਆ ਕੇ ਵਸੇ ਉਨ੍ਹਾਂ ਦੇ ਘਰ ਵੀ ਕਾਰਖਾਨਿਆਂ ਵਿਚ ਹੀ ਹੁੰਦੇ ਸਨ ਅਤੇ ਚਮੜਾ ਰੰਗਣ ਦੇ ਕਾਰਖਾਨੇ ਵਿਚ ਹੀ ਬੱਚੇ ਜੰਮਦੇ, ਵੱਡੇ ਹੁੰਦੇ ਸਨ। ਇਕ ਸਮਾਂ ਸੀ ਇਥੋਂ ਦਾ ਚਮੜਾ ਪੂਰੇ ਭਾਰਤ ਤੇ ਵਿਦੇਸ਼ ਵਿਚ ਜਾਂਦਾ ਸੀ। ਜਦੋਂ ਮਸ਼ੀਨੀਕਰਨ ਦਾ ਦੌਰ ਆਇਆ ਤੇ ਚਮੜਾ ਰੰਗਣ ਦੀਆਂ ਮਸ਼ੀਨਾਂ ਆ ਗਈਆਂ, ਜਲੰਧਰ ਵਿਚ ਲੈਦਰ ਕੰਪਲੈਕਸ ਬਣਿਆ ਤੇ ਸਰਕਾਰ ਦੇ ਦਬਾ ਨਾਲ ਇਹ ਚਮੜੇ ਦੇ ਕਾਰਖਾਨੇ ਲੈਦਰ ਕੰਪਲੈਕਸ਼ ਵਿਚ ਚਲੇ ਗਏ। ਚਮੜਾ ਰੰਗਣ ਦਾ ਜਿਹੜਾ ਪਾਣੀ ਤੇ ਹੋਰ ਮਲ ਹੁੰਦਾ ਸੀ ਉਹ ਬੂਟਾ ਮੰਡੀ ਦੇ ਛੱਪੜ ਵਿਚ ਪੈਂਦਾ ਸੀ। ਇਥੇ ਦੂਜੇ ਲੋਕਾਂ ਨੂੰ ਐਨਾ ਮੁਸ਼ਕ ਆਉਂਦਾ ਸੀ ਕਿ ਉਹ ਇਧਰੋਂ ਲੰਘਣ ਤੋਂ ਕਤਰਾਉਂਦੇ ਸਨ। ਖ਼ੈਰ ਸੰਖੇਪ ਵਿਚ ਇਹ ਬੂਟਾਂ ਮੰਡੀ ਦਾ ਇਤਿਹਾਸ ਹੈ। ਇਸ ਮੰਡੀ ਦੇ ਇਤਿਹਾਸਕ ਪਰਿਪੇਖ ਨੂੰ ਤੁਸੀਂ 'ਸੁੱਕੀਆਂ ਕੁੰਨਾਂ' ਕਹਾਣੀ ਰਾਹੀ ਸਮਝ ਸਕਦੇ ਹੋ। ਇਹ ਯਥਾਰਥ ਤਾਂ ਹੈ, ਪਰ ਸਾਹਿਤ ਬਣਾਉਣ ਲਈ ਕਲਪਨਾ ਤਾਂ ਕਰਨੀ ਪੈਂਦੀ ਹੈ। ਸ਼ੁੱਧ ਸੋਨੇ ਦਾ ਗਹਿਣਾ ਤਾਂ ਬਣਦਾ ਨਹੀਂ,ਉਸ ਵਿਚ ਖੋਟ ਤਾਂ ਪਾਉਣਾ ਪੈਂਦਾ ਹੈ। 'ਸੁੱਕੀਆਂ ਕੁੰਨਾਂ' ਨਾਲ ਜੁੜਿਆ ਇਕ ਪ੍ਰਸੰਗ ਦਾ ਜ਼ਿਕਰ ਮੈਂ ਇਥੇ ਕਰਨਾ ਚਾਹੁੰਦਾ ਹਾਂ... ਜਦੋਂ ਇਹ 'ਪ੍ਰਵਚਨ' ਵਿਚ ਕਹਾਣੀ ਛਪੀ ਤਾਂ ਇਸ 'ਤੇ ਜਲੰਧਰ ਵਿਚ ਇਕ ਵਿਚਾਰ ਚਰਚਾ ਕਰਵਾਈ ਗਈ। ਪ੍ਰੇਮ ਪ੍ਰਕਾਸ਼ ਵੀ ਆਇਆ ਸੀ। ਗੋਸ਼ਟੀ ਵਿਚ ਕਹਾਣੀ ਦੇ ਵੱਡੇ ਨਾਂ ਪ੍ਰੇਮ ਪ੍ਰਕਾਸ਼ ਨੇ ਇਸ ਕਹਾਣੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਨ੍ਹਾਂ ਮੁਸ਼ਕ ਮਾਰਦੀਆਂ ਕੁੰਨਾਂ ਨੂੰ ਹੁਣ ਦਲਿਤ ਕਹਾਣੀਕਾਰਾਂ ਨੂੰ ਛੱਡ ਦੇਣਾ ਚਾਹੀਦਾ ਹੈ, ਹੁਣ ਸਮਾਜ ਅੱਗੇ ਚਲੇ ਗਿਆ ਹੈ, ਅਜਿਹੀ ਗੰਦਗੀ ਕਾਰਨ ਇਸ ਕਹਾਣੀ ਨੂੰ ਦੂਜੇ ਲੋਕ ਨਹੀਂ ਪੜ੍ਹਨਗੇ। ਪ੍ਰੇਮ ਪ੍ਰਕਾਸ਼ ਇਸ ਦੀ ਭਾਸ਼ਾ ਤੇ ਕੋਹਜ ਭਰੀਆਂ ਘਟਨਾਵਾਂ ਨੂੰ ਲੈ ਕੇ ਇਹ ਟਿਪਣੀ ਆਪਣੀ ਜਾਤੀ ਚੇਤਨਾ ਦੇ ਭਾਰੂ ਹੋਣ ਕਰਕੇ ਕਰ ਰਿਹਾ ਸੀ। ਇਹੋ ਜਿਹੀਆਂ ਟਿਪਣੀਆਂ ਮਰਾਠੀ ਦਲਿਤ ਸਾਹਿਤ ਪ੍ਰਤੀ ਵੀ ਹੁੰਦੀਆਂ ਰਹੀਆਂ ਸਨ। ਜਦੋਂ ਮਰਾਠੀ ਦਲਿਤ ਲੇਖਕਾਂ ਦੀਆਂ ਲਿਖਤਾਂ ਆਉਣ ਲੱਗੀਆਂ ਤਾਂ ਮੁੱਖ ਧਾਰਾ ਦੇ ਲੇਖਕਾਂ ਨੇ ਉਨ੍ਹਾਂ ਦੇ ਸਾਹਿਤ ਦੀ ਭਾਸ਼ਾ ਨੂੰ ਲੈ ਕੇ, ਉਸ ਦੇ ਗੰਦੇ ਸਮਾਜ ਨੂੰ ਲੈ ਕੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਹੁਣ ਤਾਂ ਭਾਰਤੀ ਦਲਿਤ ਸਾਹਿਤ ਦੇ ਸੌਂਦਰਿਆ ਸ਼ਾਸ਼ਤਰ ਤੇ ਬਹੁਤ ਕੁੱਝ ਲਿਖਿਆ ਗਿਆ ਹੈ।

**? ਤੁਹਾਡੀਆਂ ਕੁੱਝ ਕਹਾਣੀਆਂ ਜਿਵੇਂ 'ਜੜ੍ਹਾਂ', 'ਕੁੰਭੀ ਨਰਕ', 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਿਚ ਅੰਬੇਡਕਰੀ ਚਿੰਤਨ ਤੋਂ ਪ੍ਰਭਾਵਿਤ ਹੋ ਕੇ ਚਮਾਰ ਬੋਧੀ ਬਣਦੇ ਹਨ। ਤੇ ਸਿੱਖੀ ਚਿੰਤਨ ਤੇ ਇਸਾਈ ਚਿੰਤਨ ਤੋਂ ਪ੍ਰਭਾਵਿਤ ਹੋ ਕੇ ਵਾਲਮੀਕ ਮਜ਼ਬੀ ਸਿੱਖ ਤੇ ਇਸਾਈ ਬਣਦੇ ਹਨ। ਇਸ ਕਨਵਰਸ਼ਨ ਪਿੱਛੇ ਕਿਹੜੇ ਕਾਰਨ ਲੁੱਕੇ ਹੋਏ ਹਨ। ਤੁਸੀਂ ਕੀ ਸੋਚਦੇ ਹੋ।**

–ਇਹ ਇਕ ਸਮਾਜਿਕ ਸੱਚ ਹੈ। ਕਿ ਪੂਰੇ ਭਾਰਤ ਵਿਚ ਛੋਟੀਆਂ ਨਿਮਨ ਜਾਤੀਆਂ ਵਿਚੋਂ ਦੂਜੀ ਜਾਤੀ ਵਿਚ ਕਨਵਰਸ਼ਨ ਹੁੰਦੀ ਆਈ ਹੈ ਤੇ ਹੋ ਰਹੀ ਹੈ। ਇਹਦੇ ਪਿੱਛੇ ਮਨੁੱਖ ਦੀ ਇਹੀ ਮਾਨਸਿਕਤਾ ਹੁੰਦੀ ਹੈ ਕਿ ਉਸ ਨੇ ਜਿਸ ਜਾਤੀ ਵਿਚ ਜਨਮ ਲਿਆ ਹੈ ਉਹ ਸਮਾਜ ਵਿਚ ਨੀਵੀਂ ਸਮਝੀ ਜਾਂਦੀ ਹੈ। ਜੋ ਉਸ ਨੂੰ ਸਮਾਜਿਕ ਤੌਰ ਤੇ ਜ਼ਲੀਲ ਕਰਦੀ ਹੈ। ਉਹ ਕਨਵਰਟ ਹੋ ਕੇ ਉੱਚੀ ਜਾਤੀ ਵਿਚ ਜਾਣਾ ਚਾਹੁੰਦਾ ਹੈ। ਜਦੋਂ ਅੰਬੇਡਕਰ ਪੂਰੇ ਭਾਰਤ ਵਿਚ ਦਲਿਤਾਂ ਲੋਕਾਂ ਨੂੰ ਇਕੱਠਾ ਕਰਨ ਲਈ ਇਕ ਪਲੇਟਫਾਰਮ ਤਿਆਰ ਕਰਨ ਬਾਰੇ ਸੋਚ ਰਿਹਾ ਸੀ। ਤਾਂ ਆਖਰੀ ਉਮਰ ਵਿਚ ਉਸ ਨੇ ਬੁੱਧ ਧਰਮ ਧਾਰਨ ਕਰ ਲਿਆ। ਉਸ ਸਮੇਂ ਉਨ੍ਹਾਂ ਦੇ ਨਾਲ ਅਤੇ ਬਾਅਦ ਵਿਚ ਦਲਿਤ ਜਿਨ੍ਹਾਂ ਨੂੰ ਦੱਖਣੀ ਭਾਰਤ ਤੇ ਉੱਤਰੀ ਭਾਰਤ ਦੀਆਂ ਅਨੇਕਾਂ ਉਪ ਜਾਤੀਆਂ ਆ ਜਾਂਦੀਆਂ ਨੇ ਉਨ੍ਹਾਂ ਦੀ ਪ੍ਰੇਰਨਾ ਲੈ ਕੇ ਬੁੱਧ ਧਰਮ ਅਪਨਾ ਲਿਆ, ਪੰਜਾਬ ਵਿਚ ਅਨੇਕਾਂ ਚਮਾਰਾਂ ਦੇ ਭੰਗੀਆਂ ਨੇ ਬੁੱਧ ਧਰਮ ਗ੍ਰਹਿਣ ਕੀਤਾ ਤੇ ਕਰ ਰਹੇ ਹਨ। ਭਾਵੇਂ ਕਿ ਇਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਆਦਿ ਧਰਮੀ ਜੋ ਬੋਧੀ ਬਣੇ ਉਨ੍ਹਾਂ ਪਰਿਵਾਰਾਂ ਤੇ ਲੋਕਾਂ ਨੂੰ ਮੈਂ ਬਹੁਤ ਨੇੜੇ ਤੋਂ ਵੇਖਿਆ ਤੇ ਸਮਝਿਆ। ਦੋ ਧਰਮਾਂ ਦੀ ਕੰਟ੍ਰਾਡਕਸ਼ਨ ਨੂੰ ਵੀ ਮਹਿਸੂਸ ਕੀਤਾ। ਨਵ ਬੋਧੀਆਂ ਵਿਚ ਜੋ ਬ੍ਰਾਹਮਣਿਕ ਸੰਸਕਾਰ ਪੈਦਾ ਹੋਏ ਉਸ ਨੂੰ ਵੀ ਮਹਿਸੂਸ ਕੀਤਾ। ਜੋ ਕਿ ਆਪਣੀ ਕਹਾਣੀ 'ਜੜ੍ਹਾਂ' ਵਿਚ ਉਭਾਰਨ ਦਾ

ਯਤਨ ਕੀਤਾ। ਇਸੇ ਤਰ੍ਹਾਂ ਦਾ ਵਰਤਾਰਾ ਵਾਲਮੀਕੀ ਸਮਾਜ ਵਿਚ ਉਭਰਨ ਲੱਗਾ। ਵਾਲਮੀਕਿ ਸਮਾਜ ਦੇ ਲੋਕ ਆਪਣੇ ਆਪ ਨੂੰ ਮੁੱਖ ਧਾਰਾ ਦੇ ਧਰਮਾਂ ਵਿਚ ਜਾਣ ਲਈ ਧਰਮ ਪ੍ਰਿਵਰਤਨ ਦਾ ਕਾਰਜ ਕਰਨ ਸ਼ੁਰੂ ਕਰ ਦਿੱਤਾ। ਉਹ ਵਾਲਮੀਕਿ ਤੋਂ ਪੰਜਾਬ ਵਿਚ ਸਿੱਖ ਧਰਮ ਵੱਲ ਆਏ ਪਰ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਨਹੀਂ ਲਿਆ ਉਨ੍ਹਾਂ ਨੂੰ ਮਜ਼੍ਹਬੀ ਸਿੱਖ ਬਣਾ ਕੇ ਰੱਖ ਦਿੱਤਾ। ਫਿਰ ਇਹ ਸਮਾਜ ਇਸਾਈ ਧਰਮ ਵੱਲ ਕਨਵਰਟ ਹੋਇਆ। ਇਸ ਕਨਵਰਟ ਹੋਏ ਸਮਾਜ ਵਿਚ ਬਹੁਤ ਸਾਰੀਆਂ ਕੰਟ੍ਰਾਡਿਕਸ਼ਨ ਆਈਆਂ। ਵਿਰੋਧ ਪੈਦਾ ਹੋਏ। ਤਣਾਓ ਪੈਦਾ ਹੋਇਆ। ਇਸ ਤਣਾਓ ਨੂੰ ਮੈਂ 'ਕੁੰਭੀ ਨਰਕ' ਅਤੇ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਿਚ ਪੇਸ਼ ਕੀਤਾ। ਦਲਿਤਾਂ ਵਿਚ ਧਰਮ ਪ੍ਰਿਵਰਤਨ ਜ਼ਰੂਰ ਹੋਏ ਪਰ ਉਨ੍ਹਾਂ ਨੂੰ ਉੱਚ ਧਰਮ ਵਾਲਿਆਂ ਨੇ ਮਾਨਤਾ ਨਹੀਂ ਦਿੱਤੀ। ਉਨ੍ਹਾਂ ਦੀ ਪਛਾਣ ਉਸ ਮੂਲ ਧਰਮ ਨਾਲ ਹੀ ਹੁੰਦੀ ਰਹੀ ਜਿਥੋਂ ਉਹ ਪੈਦਾ ਹੋਏ। ਇਹ ਸਭਿਆਚਾਰਕ ਤਣਾਓ ਮੇਰੀਆਂ ਹੋਰ ਕਹਾਣੀਆਂ ਵਿਚ ਵੀ ਵੇਖਣ ਨੂੰ ਮਿਲਦਾ ਹੈ। ਮੈਂ ਸਮਾਜ ਦੇ ਇਸ ਸੱਚ ਨੂੰ ਵੀ ਕਹਾਣੀ ਵਿਚ ਫੜਨਾ ਚਾਹੁੰਦਾ ਸੀ। ਜਿਸ ਬਾਰੇ ਮੇਰੀ ਸਮਕਾਲੀ ਕਹਾਣੀ ਤੇ ਮੇਰੇ ਤੋਂ ਪਹਿਲੀ ਕਹਾਣੀ ਅਵੇਸਲੀ ਰਹੀ ਹੈ।

**? ਤੁਹਾਨੂੰ ਅੱਜ ਤੱਕ ਸਾਹਿਤਕ ਖੇਤਰ ਵਿਚ ਜੋ ਮਾਣ ਸਨਮਾਨ ਮਿਲੇ ਹਨ। ਉਨ੍ਹਾਂ ਬਾਰੇ ਦੱਸੋ।**

–ਸਾਹਿਤਕ ਖੇਤਰ ਵਿਚ ਮਿਲਦੇ ਸਨਮਾਨਾਂ ਬਾਰੇ ਮੇਰੀ ਕੋਈ ਬਹੁਤ ਚੰਗੀ ਧਾਰਨਾ ਨਹੀਂ ਹੈ। ਕਿਉਂਕਿ ਇਹ ਸਨਮਾਨ ਵੀ ਸਾਹਿਤਕ ਰਾਜਨੀਤੀ ਦੀ ਖੇਡ ਬਣ ਗਏ ਹਨ। ਸਰਕਾਰੀ ਸਨਮਾਨ ਲੈਣ ਲਈ ਲੇਖਕ ਹਰ ਹੀਲਾ ਵਰਤ ਲੈਂਦੇ ਹਨ। ਨਿੱਜੀ ਸਨਮਾਨ ਜੋ ਦਿੱਤੇ ਜਾਂਦੇ ਹਨ। ਦੇਣ ਵਾਲੇ ਦੇ ਆਪਣੇ ਸਵਾਰਥ ਹੁੰਦੇ ਹਨ। ਕੋਈ ਇਹ ਸਨਮਾਨ ਦੇ ਕੇ ਆਪਣੇ ਲਈ ਸਨਮਾਨ ਰਾਖਵੇਂ ਕਰਦੇ ਹਨ ਕੋਈ ਇਹ ਸਨਮਾਨ ਦੇ ਕੇ ਸਾਹਿਤ ਵਿਚ ਆਪਣੀ ਸਪੇਸ ਬਣਾਉਂਦੇ ਹਨ, ਕੋਈ ਸਨਮਾਨ ਦੇ ਕੇ ਸਰਕਾਰੀ ਸੰਸਥਾਵਾਂ ਦੇ ਸਮਾਗਮਾਂ ਵਿਚ ਜਾਣ ਲਈ ਰਾਹ ਖੋਲ੍ਹਦੇ ਹਨ। ਮੇਰਾ ਕਹਿਣ ਦਾ ਭਾਵ ਕਿ ਨਿੱਜੀ ਸਨਮਾਨ ਤੇ ਸਰਕਾਰ ਸਨਮਾਨ ਜੋ ਦਿੱਤੇ ਜਾਂਦੇ ਹਨ ਉਨ੍ਹਾਂ ਪਿੱਛੇ ਕੋਈ ਨਾ ਕੋਈ ਸਵਾਰਥ ਜ਼ਰੂਰ ਹੁੰਦਾ। ਕੋਈ ਬੰਦਾ ਜੋ ਨਾਂ ਵੀ ਸਨਮਾਨ ਲਈ ਪੇਸ਼ ਕਰਦਾ ਹੈ ਉਹਦੇ ਪਿਛੇ ਇਹ ਧਾਰਨਾ ਹੁੰਦੀ ਹੈ ਕਿ ਮੈਨੂੰ ਇਹਦੇ ਤੋਂ ਕੀ ਲਾਭ ਹੋਵੇਗਾ। ਸਾਹਿਤ ਵਿਚ ਜੋ ਗਰੁੱਪ ਬਣੇ ਹੋਏ ਹਨ ਉਹ ਆਪਣਾ ਕਬੀਲਾ ਪਾਲਦੇ ਹਨ। ਜਿਹਦੇ ਕੋਲ ਕੁਰਸੀ ਆ ਜਾਂਦੀ ਹੈ ਉਹ ਆਪਣੇ ਲਈ ਉਹਦੀ ਵਰਤੋਂ ਕਰਦਾ ਹੈ। ਇਸ ਦੇ ਬਾਵਜੂਦ ਮੈਨੂੰ ਕੁੱਝ ਸਨਮਾਨ ਵੀ ਮਿਲੇ, ਇਨ੍ਹਾਂ ਸਨਮਾਨਾਂ ਪਿੱਛੇ ਮੈਨੂੰ ਪਿਆਰ ਕਰਨ ਵਾਲੇ ਦੋਸਤ ਸਨ, ਮੇਰੀ ਕਹਾਣੀ ਨੂੰ ਪਸੰਦ ਕਰਨ ਵਾਲੇ ਦੋਸਤ ਸਨ, ਜਿਨ੍ਹਾਂ ਨੇ ਮੇਰੀ ਲੇਖਣੀ ਦਾ ਮੁੱਲ ਪਾਇਆ। ਮੇਰੀ ਚੋਣ ਕਰਨ ਵਾਲੇ ਸਨਮਾਨ ਕਮੇਟੀ ਵਿਚ ਮੇਰੀ ਵੀ ਕੋਈ ਧਿਰ ਹੋਵੇਗੀ। ਜੋ ਸਾਹਿਤ ਸਭਾਵਾਂ ਇਨਾਮ ਦਿੰਦੀਆਂ ਹਨ ਉਹ ਕੇਂਦਰੀ ਲੇਖਕ ਸਭਾਵਾਂ ਦੀਆਂ ਚੋਣ 'ਚ ਕੰਮ ਆਉਂਦੀਆਂ ਵੋਟਾਂ ਦੀ ਗਿਣਤੀ ਮਿਣਤੀ ਅਤੇ ਧੜਿਆ ਦੀ ਪਛਾਣ ਕਰਕੇ ਲੇਖਕ ਚੁਣਦੀਆਂ ਹਨ।

ਮੈਨੂੰ ਕੋਈ ਬਹੁਤ ਇਨਾਮ ਨਹੀਂ ਮਿਲੇ। ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਦਿੱਲੀ ਦੀ 'ਕਥਾ' ਸੰਸਥਾ ਨੇ ਮੇਰੀ ਕਹਾਣੀ 'ਕਸੂਰਵਾਰ' ਨੂੰ ਪਹਿਲਾ ਇਨਾਮ ਦਿੱਤਾ ਸੀ। ਫਿਰ 2010 ਵਿਚ ਨਵਾਂ ਜ਼ਮਾਨਾ ਅਤੇ ਬੀਬੀ ਸਵਰਨ ਕੌਰ ਯਾਦਗਾਰੀ ਟਰੱਸਟ ਵਲੋਂ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨੂੰ ਸਾਲ ਦੀ ਉੱਤਮ ਤੇ ਵਧੀਆ ਕਿਤਾਬ ਦਾ ਇਨਾਮ ਦਿੱਤਾ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਸਾਲ 2014 ਵਿਚ ਯਵਾ ਕਥਾਕਾਰ ਦਾ ਸਨਮਾਨ ਦਿੱਤਾ। ਅੰਬੇਡਕਰ ਚੇਤਨਾ ਸੁਸਾਇਟੀ ਕੈਨੇਡਾ ਨੇ ਡਾ. ਅੰਬੇਡਕਰ ਸਾਹਿਤ ਐਵਾਰਡ ਸਾਲ 2018 ਦਿੱਤਾ।

**? ਤੁਹਾਡੀਆਂ ਕਹਾਣੀਆਂ ਨੂੰ ਆਲੋਚਕਾਂ ਵੱਲੋਂ ਕਿੰਨਾ ਕੁ ਸਲਾਹਿਆ ਗਿਆ ਜਾਂ ਉਹਨਾਂ ਵੱਲੋਂ ਕੀਤੀਆਂ ਟਿੱਪਣੀਆਂ ਤੋਂ ਤੁਸੀਂ ਕਿੰਨਾ ਕੁ ਸੰਤੁਸ਼ਟ ਹੋ।**

–ਮੈਨੂੰ ਇਸ ਗੱਲ ਦਾ ਮਾਣ ਵੀ ਹੈ ਤੇ ਖੁਸ਼ੀ ਵੀ ਕਿ ਮੇਰੀ ਕਹਾਣੀ ਨੂੰ ਪੰਜਾਬੀ ਦੇ ਤਕਰੀਬਨ ਹਰ ਆਲੋਚਨ ਨੇ ਮਾਨਤਾ ਦਿੱਤੀ। ਜਦੋਂ ਵੀ ਮੇਰੀ ਨਵੀਂ ਕਹਾਣੀ ਕਿਸੇ ਮੈਗਜ਼ੀਨ ਵਿਚ ਛਪਦੀ ਤਾਂ ਉਸ ਦਾ ਪੰਜਾਬੀ ਦੇ ਲੇਖਕਾਂ ਵੱਲੋਂ ਅਤੇ ਆਲੋਚਕਾਂ ਵੱਲੋਂ ਨੋਟਿਸ ਲਿਆ ਜਾਂਦਾ ਰਿਹਾ ਹੈ। ਜਦੋਂ ਮੇਰੀ ਨਵੀਂ ਕਹਾਣੀ ਦੀ ਕਿਤਾਬ ਛਪਦੀ ਤਾਂ ਆਲੋਚਕਾਂ ਵੱਲੋਂ ਉਸ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਜਾਂਦੀ ਰਹੀ ਹੈ। ਕਹਾਣੀ ਤੇ ਗਲਪ ਦਾ ਆਲੋਚਕ ਡਾ. ਰਜਨੀਸ਼ ਬਹਾਦਰ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਰਜਿੰਦਰਪਾਲ ਸਿੰਘ ਬਰਾੜ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਸੁਖਪਾਲ ਸਿੰਘ ਥਿੰਦ, ਡਾ. ਚੰਦਰ ਮੋਹਨ, ਗੁਰਲਾਲ ਸਿੰਘ, ਡਾ. ਪਰਮਜੀਤ ਢੀਂਗਰਾ, ਜੇ. ਬੀ. ਸੇਖੋਂ, ਡਾ. ਗੁਰਮੀਤ ਕੱਲਰ ਮਾਜ਼ਰੀ, ਡਾ. ਗੁਰਮੇਲ ਸਿੰਘ, ਡਾ. ਸੰਤੋਖ ਸਿੰਘ ਸੁੱਖੀ, ਡਾ. ਪਰਗਟ ਸਿੰਘ ਟਿਵਾਣਾ, ਡਾ. ਸਤਿੰਦਰ ਸਿੰਘ ਰੈਬੀ, ਡਾ. ਜਗਵਿੰਦਰ ਸਿੰਘ ਜੋਧਾ ਅਤੇ ਹੋਰ ਬਹੁਤ ਸਾਰੇ

ਆਲੋਚਕਾਂ ਨੇ ਮੇਰੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ। ਮੇਰੀ ਕਹਾਣੀ 'ਤੇ ਡਾ. ਰਜਨੀਸ਼ ਬਹਾਦਰ ਸਿੰਘ ਨੇ 'ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ' ਅਤੇ ਡਾ. ਕਾਰਜ ਸਿੰਘ ਨੇ 'ਭਗਵੰਤ ਰਸੂਲਪੁਰੀ ਦਾ ਰਚਨਾ ਸੰਸਾਰ' ਨਾਂ ਦੀਆਂ ਦੋ ਕਿਤਾਬਾਂ ਸੰਪਾਦਤ ਵੀ ਕੀਤੀਆਂ ਹਨ।

**? 'ਕਹਾਣੀ ਧਾਰਾ' ਦੀ ਸ਼ੁਰੂਆਤ ਅਤੇ ਸਾਹਿਤਕ ਯੋਗਦਾਨ ਬਾਰੇ ਦੱਸੋ? ਪਰਚੇ ਨੂੰ ਸ਼ੁਰੂ ਕਰਨ ਦਾ ਤੁਹਾਡਾ ਕੀ ਉਦੇਸ਼ ਸੀ।**

–ਸਾਹਿਤਕ ਪਰਚਾ ਸ਼ੁਰੂ ਕਰਨ ਦਾ ਖਿਆਲ ਮੇਰੇ ਮਨ ਵਿਚ ਉਦੋਂ ਪੈਦਾ ਹੋਣ ਲੱਗਾ ਜਦੋਂ ਮੈਂ ਸੋਚਿਆ ਕਿ ਮੇਰੇ ਮਨ ਵਿਚ ਜੋ ਮੁੱਦੇ ਹਨ। ਜੋ ਸਾਹਿਤ ਸਬੰਧੀ, ਸਮਾਜ ਸਬੰਧੀ, ਆਲੋਚਨਾ ਸਬੰਧੀ ਜੋ ਧਾਰਨਾਵਾਂ ਹਨ ਉਸ ਨੂੰ ਮੈਂ ਪਰਚੇ ਰਾਹੀਂ ਪੰਜਾਬੀ ਪਾਠਕਾਂ ਅੱਗੇ ਪੇਸ਼ ਕਰਾਂ। ਦੂਜਾ ਮੈਂ ਚਾਹੁੰਦਾ ਸੀ ਕਿ ਪੰਜਾਬੀ ਵਿਚ ਕਹਾਣੀ ਨੂੰ ਵਧੀਆਂ ਤਰੀਕੇ ਨਾਲ ਪੇਸ਼ ਕੀਤਾ ਜਾਵੇ। ਉਨ੍ਹਾਂ ਕਹਾਣੀਆਂ ਦੀ ਗੱਲ ਕੀਤੀ ਜਾਵੇ ਜਿਨ੍ਹਾਂ ਬਾਰੇ ਹੋਰ ਪਰਚੇ ਖ਼ਾਮੋਸ਼ ਰਹਿੰਦੇ ਹਨ। ਮੈਂ ਮੁੱਖ ਰੂਪ ਵਿਚ 'ਕਹਾਣੀ ਧਾਰਾ' ਵਿਚ ਪੰਜਾਬੀ ਕਹਾਣੀ ਨੂੰ ਵਿਸ਼ੇਸ਼ ਸਪੇਸ ਦਿੰਦਾ ਹਾਂ। ਨਾਲ ਹੀ ਨਵੀਂ ਕਹਾਣੀ ਦੀ ਆਲੋਚਨਾ ਨੂੰ ਸਪੇਸ਼ ਦਿੰਦਾ ਹਾਂ। ਨਵੀਂ ਲਿਖੀ ਜਾ ਰਹੀ ਕਹਾਣੀ ਦੀ ਆਲੋਚਨਾਤਮਿਕ ਸਮੀਖਿਆ ਪਰਚੇ ਰਾਹੀਂ ਪੇਸ਼ ਕਰਦਾ ਹਾਂ। ਜਿਸ ਨੂੰ ਪੜ੍ਹ ਕੇ ਪੰਜਾਬੀ ਪਾਠਕਾਂ ਨੂੰ ਚੰਗੀ ਕਹਾਣੀ ਪੜ੍ਹਨ ਲਈ ਅਗਵਾਈ ਮਿਲ ਸਕੇ। ਨਾਲ ਨਾਲ ਮੈਂ ਸਾਹਿਤਕ ਮਸਲੇ, ਇਤਿਹਾਸ, ਸਮਾਜ ਵਿਗਿਆਨ ਅਤੇ ਨਾਰੀ ਵਿਗਿਆਨ ਤੇ ਚਿੰਤਨ ਸਬੰਧੀ ਲੇਖ ਪ੍ਰਕਾਸ਼ਤ ਕਰਨ ਨੂੰ ਪਹਿਲ ਦਿੱਤੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ 'ਕਹਾਣੀ ਧਾਰਾ' ਮੈਗਜ਼ੀਨ ਵਿਚ ਪੰਜਾਬੀ ਦਾ ਹਰ ਵੱਡਾ ਲੇਖਕ, ਆਲੋਚਕ ਆਤੇ ਚਿੰਤਕ ਛਪਿਆ ਹੈ। ਸਮੇਂ ਸਮੇਂ ਇਸ ਦੇ ਵਿਸ਼ੇਸ਼ ਅੰਕ ਪਾਠਕਾਂ ਵਿਚ ਬਹੁਤ ਪ੍ਰਸਿੱਧ ਹੋਏ। 'ਕਹਾਣੀ ਧਾਰਾ' ਵਿਚ ਛਪੀ ਕਹਾਣੀ ਦਾ ਨੋਟਿਸ ਪੰਜਾਬੀ ਕਹਾਣੀ ਆਲੋਚਕ ਜ਼ਰੂਰ ਲੈਂਦੇ ਹਨ। ਮੈਂ ਸੋਚਿਆ ਸੀ ਕਿ ਮੈਂ ਜੋ ਵੀ ਪਰਚਾ ਸ਼ੁਰੂ ਕਰਨਾ ਹੈ ਉਹ ਕਹਾਣੀ ਜਾਂ ਗਲਪ 'ਤੇ ਕੇਂਦਰਿਤ ਹੋਵੇਗਾ। ਸੋ ਮੈਨੂੰ ਲੱਗਾ ਕਿ 'ਕਹਾਣੀ ਧਾਰਾ' ਨਾਂ ਬਹੁਤ ਢੁੱਕਵਾਂ ਹੈ।

**? ਦਲਿਤ ਕਹਾਣੀ ਬਾਰੇ ਤੁਹਾਡਾ ਮੁਲਾਂਕਣ ਕੀ ਹੈ?**

–ਕੁੱਝ ਲੇਖਕਾਂ ਨੂੰ ਅਤੇ ਆਲੋਚਕਾਂ ਨੂੰ ਦਲਿਤ ਕਹਾਣੀ ਤੇ ਵੀ ਇਤਰਾਜ਼ ਹੈ। ਉਹ ਕਹਿੰਦੇ ਨੇ ਕਹਾਣੀ ਤਾਂ ਕਹਾਣੀ ਹੁੰਦੀ ਇਹ ਕੀ ਹੋਇਆ ਬਈ ਆਹ ਦਲਿਤ ਕਹਾਣੀ ਹੈ। ਆਹ ਨਾਰੀ ਕਹਾਣੀ ਤੇ ਆਹ ਪਰਵਾਸੀ ਕਹਾਣੀ ਹੈ। ਕਿਸੇ ਵਿਧਾ ਦੇ ਸਾਹਿਤ ਦਾ ਵਿਸ਼ਲੇਸ਼ਣ ਕਰਨ ਲਈ ਉਸ ਵਿਧਾ ਦੇ ਸਾਹਿਤ ਦੀ ਅੱਗਿਓਂ ਵੰਡ ਹੋ ਜਾਂਦੀ ਹੈ। ਫਿਰ ਵਿਸ਼ਲੇਸ਼ਣ ਹੋਣ ਲੱਗ ਪੈਂਦਾ ਹੈ। ਮੈਨੂੰ ਲੱਗਦਾ ਹੈ ਇਹ ਅਕੈਡਮਿਕ ਲੋੜਾਂ ਤੋਂ ਨਿਕਲਿਆ ਸ਼ਬਦ ਹੈ। ਉਨ੍ਹਾਂ ਨੇ ਵੱਖ ਵੱਖ ਟਾਪਿਕ ਬਣਾ ਕੇ ਅੱਗੇ ਉਨ੍ਹਾਂ ਦੀ ਆਲੋਚਨਾ ਕਰਵਾਉਣੀ ਹੁੰਦੀ ਹੈ। ਉਂਝ ਦਲਿਤ ਕਹਾਣੀ ਪੂਰੇ ਭਾਰਤੀ ਪੱਧਰ ਤੇ ਪ੍ਰਵਾਨ ਹੋ ਚੁੱਕਾ ਸ਼ਬਦ ਹੈ। ਮੈਂ ਇਸ ਬਾਰੇ ਵਿਸਥਾਰ ਨਾਲ ਗੱਲ ਕਰਨੀ ਚਾਹੁੰਦਾ ਹਾਂ...

ਅੱਜ ਭਾਰਤੀ ਕਹਾਣੀ ਵਿਚ ਦਲਿਤ ਕਹਾਣੀ ਦਾ ਮੁੱਦਾ ਅਹਿਮ ਅਤੇ ਠੋਸ ਮੁੱਦਾ ਬਣ ਕੇ ਉਭਰ ਰਿਹਾ ਹੈ। ਭਾਰਤੀ ਦਲਿਤ ਕਹਾਣੀ ਵਿਚ ਦਲਿਤ ਸਮਾਜ ਉਦੋਂ ਪ੍ਰਮਾਣਿਕ ਰੂਪ ਵਿਚ ਉਭਰ ਕੇ ਸਾਹਮਣੇ ਆਉਣ ਲੱਗਾ ਜਦੋਂ ਇਸੇ ਸਮਾਜ ਨੂੰ ਸੰਵਿਧਾਨ ਵੱਲੋਂ ਸਿੱਖਿਆ ਦਾ ਅਧਿਕਾਰ ਮਿਲਣ ਲੱਗਾ ਅਤੇ ਇਸ ਸਮਾਜ ਵਿਚੋਂ ਕੁਝ ਲੋਕ ਪੜ੍ਹ ਲਿਖ ਕੇ ਆਪਣੇ ਲੋਕਾਂ ਦੀ ਸਮਾਜਿਕ, ਆਰਥਿਕ ਸਥਿਤੀ ਨੂੰ ਦੇਖਣ ਲੱਗੇ। ਇਨ੍ਹਾਂ ਨੇ ਆਪਣੇ ਅਨੁਭਵ ਨਾਲ ਜੋ ਲਿਖਿਆ ਉਹ ਭਾਰਤੀ ਸਾਹਿਤ ਖਾਸ ਕਰਕੇ ਕਹਾਣੀ ਤੇ ਸਵੈ–ਜੀਵਨੀ ਵਿਚ ਇਕ ਧਮਾਕਾ ਸੀ। ਦਲਿਤਾਂ ਦੇ ਪ੍ਰਤੀ ਉੱਚ ਜਾਤੀ ਦੇ ਲੋਕਾਂ ਦਾ ਸਾਰੇ ਦੇਸ਼ ਵਿਚ ਜੋ ਰਵੱਈਆ ਹੈ,ਉਹ ਸਾਰੇ ਦੇਸ਼ ਦੇ ਚਿੰਤਕਾਂ ਤੇ ਕਹਾਣੀਕਾਰਾਂ ਸਾਹਮਣੇ ਇਕ ਚੁਣੌਤੀ ਦੇ ਰੂਪ ਵਿਚ ਅੱਜ ਵੀ ਖੜਾ ਹੈ। ਦਲਿਤ ਸਮਾਜ ਨੂੰ ਜਿਸ ਤਰ੍ਹਾਂ ਮੁੱਖ ਧਾਰਾ ਦੇ ਸਮਾਜ ਨੇ ਨਪੀੜਿਆ ਤੇ ਨਕਾਰਿਆ, ਉਸੇ ਤਰ੍ਹਾਂ ਭਾਰਤੀ ਦਲਿਤ ਸਾਹਿਤ ਨੂੰ ਵੀ ਮੁੱਖ ਧਾਰਾ ਦੇ ਉੱਚ ਜਾਤੀ ਦੇ ਲੇਖਕਾਂ ਤੇ ਚਿੰਤਕਾਂ ਨੇ ਹਾਸ਼ੀਏ ਤੇ ਧਕੇਲਣ ਦਾ ਹਰ ਵਸੀਲਾ ਕੀਤਾ। ਇਹ ਵਰਤਾਰਾ ਅੱਜ ਵੀ ਹਰ ਭਾਸ਼ਾ ਵਿਚ ਉਸੇ ਤਰ੍ਹਾਂ ਚੱਲਿਆ ਆ ਰਿਹਾ ਹੈ। ਤਰਸਹੀਣ ਅਤੇ ਹਾਸੋਹੀਣੀ ਸਥਿਤੀ ਉਦੋਂ ਪੈਦਾ ਹੋ ਜਾਂਦੀ ਹੈ ਜਦੋਂ ਮੁੱਖ ਧਾਰਾ ਦੇ ਚਿੰਤਕ ਇਹ ਕਹਿੰਦੇ ਤੇ ਲਿਖਦੇ ਹਨ ਕਿ ਉੱਤਮ ਦਰਜੇ ਦਾ ਦਲਿਤ ਸਾਹਿਤ ਵੀ ਉੱਚ ਜਾਤੀ ਦੇ ਲੇਖਕ ਲਿਖ ਸਕਦੇ ਹਨ। ਪਰ ਇਸ ਦੇ ਬਾਵਜੂਦ ਵੀ ਦਲਿਤਾਂ ਵਲੋਂ ਲਿਖਿਆ ਸਾਹਿਤ ਆਪਣੀ ਸ਼ਕਤੀ ਨਾਲ ਹਰ ਭਾਸ਼ਾ ਸਮੇਤ ਪੰਜਾਬੀ, ਉਭਰ ਕੇ ਸਾਹਮਣੇ ਆਇਆ ਹੈ, ਜਿਸ ਦਾ ਹੁਣ ਅੰਤਰਰਾਸ਼ਟਰੀ ਪੱਧਰ ਤੇ ਗੰਭੀਰਤਾ ਨਾਲ ਨੋਟਿਸ ਲਿਆ ਜਾਣ ਲੱਗ ਪਿਆ ਹੈ।

ਮੈਂ ਇਥੇ ਗੱਲ ਭਾਰਤੀ ਦਲਿਤ ਕਹਾਣੀ ਦੀ ਕਰਨੀ ਹੈ। ਇਕ ਸਰਵੇ ਮੁਤਾਬਿਕ ਇਸ ਵੇਲੇ ਭਾਰਤੀ ਪੱਧਰ ਤੇ ਤਕਰੀਬਨ 800 ਦੇ ਕਰੀਬ ਦਲਿਤ ਕਹਾਣੀਕਾਰਾਂ ਨੇ ਤਕਰੀਬਨ ਹੁਣ ਤੱਕ 10 ਹਜ਼ਾਰ ਕਹਾਣੀ ਲਿਖੀ ਹੈ। ਮਰਾਠੀ, ਤਮਿਲ, ਤੈਲਗੂ, ਕੰਨੜ, ਮਲਿਆਲਅਮ ਤੇ ਹਿੰਦੀ ਭਾਸ਼ਾ ਦੀ ਦਲਿਤ ਕਹਾਣੀ ਨੇ ਬਹੁਤ ਵਿਕਾਸ ਕੀਤਾ ਹੈ। ਇਨ੍ਹਾਂ ਭਾਸ਼ਾਵਾਂ ਵਿਚ ਵੱਡੀ ਗਿਣਤੀ ਵਿਚ ਦਲਿਤਾਂ ਦੀਆਂ ਵਿਕਰਾਲ ਸਮੱਸਿਆਵਾਂ ਨੂੰ ਲੈ ਕੇ ਮਨ ਵਿਚ ਹਲਚਲ ਪੈਦਾ ਕਰਨ ਵਾਲੀਆਂ ਕਹਾਣੀਆਂ ਲਿਖੀਆਂ ਗਈਆਂ ਹਨ।

ਭਾਰਤੀ ਪੱਧਰ ਦੀ ਦਲਿਤ ਕਹਾਣੀ ਭਿੰਨ ਭਿੰਨ ਵਿਸ਼ਿਆ ਨੂੰ ਲੈ ਕੇ ਲਿਖੀ ਜਾ ਰਹੀ ਹੈ। ਇਸ ਕਹਾਣੀ ਦਾ ਮੁੱਖ ਵਿਸ਼ਾ ਜਾਤੀ ਵਿਤਕਰੇ ਦਾ ਸਮਾਜਿਕ, ਮਾਨਸਿਕ ਸੰਤਾਪ ਭੋਗਦੇ ਸਮਾਜ ਦਾ ਵਿਕਰਾਲ ਚਿਤਰਨ ਹੈ। ਦਲਿਤ ਸਮਾਜ ਮੁੱਖ ਤੌਰ ਦੇ ਪਿੰਡਾਂ ਦਾ ਹਿੱਸਾ ਰਹੇ ਹਨ। ਪਿੰਡਾਂ ਦੀ ਸਮਾਜਿਕ ਦਰਜਾ ਬੰਦੀ, ਡੰਗਰਾ ਵਰਗਾ ਜੀਵਨ, ਭੁੱਖ ਮਰੀ, ਭਿੰਨ ਭਿੰਨ ਤਰ੍ਹਾਂ ਦਾ ਸੋਸ਼ਣ, ਉਦੋਂ ਯਥਾਰਥਿਕ ਰੂਪ ਨਾਲ ਕਹਾਣੀ ਵਿਚ ਉਭਰਨ ਲੱਗਾ ਜਦੋਂ ਇਨ੍ਹਾਂ ਵਰਗਾਂ ਵਿਚੋਂ ਉੱਠ ਕੇ ਨੌਜਵਾਨ ਪੜ੍ਹ-ਲਿਖ ਗਏ। ਉਨ੍ਹਾਂ ਨੇ ਆਪਣੇ ਉੱਤੇ ਹੰਢਾਏ ਅਨੁਭਾਵਾਂ 'ਤੇ ਅਧਾਰਤ ਜਦੋਂ ਕਹਾਣੀ ਲਿਖੀ ਉਦੋਂ ਉਸ ਵੇਲੇ ਲਿਖੀ ਜਾ ਰਹੀ ਕਹਾਣੀ ਤੋਂ ਕਾਫੀ ਭਿੰਨ ਸੀ। ਇਸ ਕਹਾਣੀ ਦਾ ਧਰਾਤਲ ਨਿੱਗਰ ਤੇ ਠੋਸ ਸੀ। ਜਿਸ ਕਾਰਨ ਇਹੀ ਕਹਾਣੀ ਪਾਠਕਾਂ ਦੇ ਮਨਾਂ 'ਚ ਹਲਚਲ ਪੈਦਾ ਕਰ ਸਕੀ। ਇਕ ਵਿਸ਼ਾ ਇਹ ਵੀ ਰਿਹਾ ਪਿੰਡਾਂ ਦੇ ਵਿਤਕਰੇ ਤੋਂ ਅੱਕੇ ਦਲਿਤ ਜਦੋਂ ਮਹਾਨਗਰਾਂ ਤੇ ਸ਼ਹਿਰ ਵਿਚ ਪਹੁੰਚੇ, ਉਹ ਕਿਸ ਤਰ੍ਹਾਂ ਦੀ ਨਰਕੀ ਜ਼ਿੰਦਗੀ ਜਿਉਂਦੇ ਹਨ, ਉਨ੍ਹਾਂ ਦਾ ਬੜਾ ਖੁੱਲ੍ਹਾ ਅਤੇ ਯਥਾਰਥਕ ਚਿਤਰਨ ਇਨ੍ਹਾਂ ਕਹਾਣੀਆਂ ਵਿਚ ਮਿਲਦਾ ਹੈ। ਇਸ ਕਹਾਣੀ ਨੇ ਰਵਾਇਤੀ, ਮੱਧਵਰਗੀ, ਅਦਰਸ਼ਵਾਦੀ, ਅਸ਼ਲੀਲ ਕਹਾਣੀ ਤੋਂ ਆਪਣੀ ਕਿਸਮ ਦੀ ਕਹਾਣੀ ਲਿਖ ਕੇ ਮੁਕਤ ਕੀਤਾ। ਦਲਿਤਾਂ ਵਿਚ ਨੀਚ ਜਾਤੀਆਂ ਅਤੇ ਅੱਗੋਂ ਉਸ ਤੋਂ ਨੀਚ ਜਾਤੀਆਂ ਦੇ ਆਪਸੀ ਰਿਸ਼ਤੇ, ਟਕਰਾਅ, ਸੋਸ਼ਣ , ਵਿਤਕਰੇ, ਅੰਧ ਵਿਸ਼ਵਾਸ਼, ਵਿਕਾਰ, ਈਰਖਾ, ਜਾਤੀ ਕੱਟੜਤਾ, ਸਵਾਰਥੀ ਦਲਿਤ ਨੇਤਾ ਅਤੇ ਕਿਰਤ ਨੂੰ ਦਲਿਤ ਕਹਾਣੀ ਨੇ ਹਿੱਸਾ ਬਣਾਇਆ ਹੈ। ਭਾਰਤੀ ਦਲਿਤ ਕਹਾਣੀ ਵਿਚ ਪੜ੍ਹਿਆ ਲਿਖਿਆ ਦਲਿਤ ਨੌਜਵਾਨ ਵੀ ਕੇਂਦਰ ਵਿਚ ਹੈ। ਇਸ ਵਰਗ ਦਾ ਬੜੀ ਤੇਜ਼ੀ ਨਾਲ ਸਭਿਆਚਾਰਕ ਪ੍ਰਵਿਰਤਨ ਹੋ ਰਿਹਾ ਹੈ। ਜਿਸ ਕਾਰਨ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਪਣੇ ਪਿੰਡਾਂ ਵਿਚ ਰਹਿ ਰਹੇ ਦਲਿਤ ਪਰਿਵਾਰਾਂ ਵਿਚਲੀ ਦੂਰੀ ਵੱਧ ਰਹੀ ਹੈ। ਇਸ ਦੂਰੀ ਨੂੰ ਪਾਰ ਕਰਨਾ ਮੌਤ ਨੂੰ ਪਾਰ ਕਰਨ ਦੇ ਬਰਾਬਰ ਹੈ। ਪੜ੍ਹਿਆ ਲਿਖਿਆ ਜੇ ਕਰ ਨੌਕਰੀ ਉੱਤੇ ਲੱਗ ਗਿਆ ਤਾਂ ਉਹ 'ਦਲਿਤ ਸਵਰਨ ਵਰਗ' ਦਾ ਬਣ ਜਾਂਦਾ ਹੈ। ਆਪਣੀ ਹੀ ਜਾਤੀ ਵਿਚ ਓਪਰਾ ਬਣ ਜਾਂਦਾ ਹੈ। ਇਸ ਵਰਗ ਦੀ ਬਦਲ ਰਹੀ ਮਾਨਸਿਤਾ ਨੂੰ ਵੀ ਭਾਰਤੀ ਦਲਿਤ ਕਹਾਣੀਕਾਰਾਂ ਨੇ ਫੜਿਆ ਹੈ। ਇਹ ਬਹੁਤ ਹੀ ਪਰੇਸ਼ਾਨ ਕਰਨ ਵਾਲਾ ਵਰਤਾਰਾ ਬਣ ਰਿਹਾ ਹੈ। ਕੁਝ ਕਹਾਣੀਆਂ ਇਸ ਤਰ੍ਹਾਂ ਦੀਆਂ ਵੀ ਲਿਖੀਆਂ ਗਈਆਂ ਜਿਹੜੀਆਂ ਦਲਿਤ ਲੋਕਾਂ ਦੇ ਅੰਤਰਮੁੱਖੀ ਮਨ ਦੀ ਬਾਤ ਪਾਉਂਦੀਆਂ ਹਨ, ਅਛੂਤਾਂ ਦੇ ਅੰਦਰ ਬੈਠੇ ਖਲਨਾਇਕ ਤੇ ਦਲਿਤਾਂ ਦੀ ਆਪਸੀ ਕਸਮਕਸ਼ ਨੂੰ ਵੀ ਬਿਆਨ ਕਰਦੀਆਂ ਹਨ।

ਦਲਿਤ ਕਹਾਣੀ ਵਿਚ ਸਭ ਤੋਂ ਭੈੜੀ ਸਥਿਤੀ ਦਲਿਤ ਇਸਤਰੀ ਦੀ ਪੇਸ਼ ਹੋਈ ਹੈ। ਉੱਚ ਜਾਤੀ ਦੇ ਲਈ ਉਹ ਬੜੀ ਅਸਾਨੀ ਨਾਲ ਪ੍ਰਾਪਤ ਤੇ ਭੋਗਣ ਦੀ ਵਸਤ ਹੈ। ਦਲਿਤਾਂ ਦੇ ਲਈ ਉਹ ਮਿਹਨਤ ਕਰਨ ਵਾਲੇ ਸੰਦ ਦੇ ਬਰਾਬਰ ਹੈ। ਦਲਿਤ ਨਾਰੀ ਦੀ ਹੋਂਦ ਨੂੰ ਦੋਹਾਂ ਨੇ ਨਕਾਰਿਆ ਹੈ। ਉਸ ਦੀ ਸਥਿਤੀ ਬਹੁਤ ਹੀ ਚਿੰਤਾ ਜਨਕ ਪੇਸ਼ ਹੋਈ ਹੈ। ਅੰਤਰਜਾਤੀ ਵਿਆਹ ਖਾਸ ਕਰਕੇ ਪੜ੍ਹੇ ਲਿਖੇ ਨੌਜਵਾਨ ਵਲੋਂ, ਤੋਂ ਉਤਪਨ ਕਿਸ ਤਰ੍ਹਾਂ ਦੀਆਂ ਸਮਾਜਿਕ ਤੇ ਮਾਨਸਿਕ ਗੁੰਝਲਾ ਪੈਂਦੀਆਂ ਹਨ ਇਸ ਵਰਤਾਰੇ ਨੂੰ ਵੀ ਦਲਿਤ ਕਹਾਣੀ ਬੜੀ ਸਮਰੱਥਾ ਨਾਲ ਪੇਸ਼ ਕਰਨ ਦਾ ਯਤਨ ਕਰ ਰਹੀ ਹੈ। ਇਸ ਕਹਾਣੀ ਵਿਚ ਮਨੁੱਖੀ ਜੀਵਨ ਦੇ ਮੁੱਖ ਸਵਾਲਾਂ ਦੇ ਪ੍ਰਤੀ ਉਸਦੀ ਜਬਰਦਸਤ ਆਸਥਾ ਹੈ।

ਦਲਿਤ ਕਹਾਣੀ ਮੁੱਖ ਧਾਰਾ ਦੀ ਭਾਰਤੀ ਕਹਾਣੀ ਵਿਚ ਆਪਣੀ ਕਹਾਣੀ ਕਲਾ ਅਤੇ ਨਿੱਗਰਤਾ ਕਾਰਨ ਵਿਸ਼ੇਸ਼ ਥਾਂ ਬਣਾ ਰਹੀ ਹੈ। ਚਾਹੇ ਇਸ ਅੱਗੇ ਪੈਰ ਪੈਰ 'ਤੇ ਰੁਕਾਵਟਾਂ ਹਨ। ਕਿਉਂਕਿ ਸਾਡੇ ਸਾਹਿਤ ਦੀ ਇਤਿਹਾਸਕਾਰੀ ਦੇ ਰਵਾਇਤੀ ਮਾਪਦੰਡ ਚੱਲੇ ਆ ਰਹੇ ਹਨ। ਸਾਹਿਤ ਦੇ ਵਿਸ਼ਲੇਸ਼ਣ ਅਤੇ ਕਹਾਣੀ ਨੂੰ ਪਸੰਦ ਨਾ ਪਸੰਦ ਕਰਨ ਦੇ ਪੀੜ੍ਹੀਆਂ ਤੋਂ ਚੱਲੇ ਆ ਰਹੇ ਜਾਤੀ ਕਾਰਨ ਹਨ। ਉੱਚ ਜਾਤੀ ਪਰਿਵਾਰਾਂ ਦੇ ਸਮਾਜਿਕ ਸਿਸਟਮ ਨੇ ਉਨ੍ਹਾਂ ਦੀ ਮਾਨਸਿਕਤਾ ਹੀ ਇਸ ਤਰ੍ਹਾਂ ਦੀ ਬਣਾ ਦਿੱਤੀ ਹੈ ਕਿ ਉਨ੍ਹਾਂ ਦੇ ਬਣੇ ਹੋਏ ਮਾਨਸਿਕ ਰਸ ਨਾਲ ਦਲਿਤ ਵਲੋਂ ਲਿਖੀ ਕਹਾਣੀ ਦਾ ਰਸ ਮਿਲਦਾ ਹੀ ਨਹੀਂ।

**? ਦਲਿਤ ਸ਼ਬਦ ਨੂੰ ਕਿਸ ਤਰ੍ਹਾਂ ਪ੍ਰਭਾਸ਼ਿਤ ਕਰਦੇ ਹੋ।**

– ਦਲਿਤ ਉਹੀ ਹੁੰਦਾ ਹੈ ਜਿਸ ਨੂੰ ਸਮਾਜਿਕ ਵੰਡ ਕਰਦਿਆਂ ਸ਼ੂਦਰ ਰੱਖਿਆ ਗਿਆ। ਜਿਹੜਾ ਸਮਾਜ ਰੋਟੀ, ਕੱਪੜਾ, ਮਕਾਨ ਤੇ ਜ਼ਮੀਨ ਤੋਂ ਵਿਰਵਾ ਕਰ ਦਿੱਤਾ ਗਿਆ। ਜਿਹੜਾ ਬੰਦਾ ਜਾਤੀ ਹੀਣਤਾ ਦੀ ਪੀੜ੍ਹਾ ਹੁਣ ਤੱਕ ਵੀ ਹੰਢਾ ਰਿਹਾ। ਮੈਂ ਦਲਿਤ ਨੂੰ ਜਾਤ ਨਾਲ ਜੋੜ ਕੇ ਵੇਖਦਾ ਹਾਂ। ਅੰਬੇਡਕਰ ਦੀ ਵਿਚਾਰਧਾਰਾ ਵੀ ਭਾਰਤ ਦੀ ਜਾਤੀਵੰਡ ਪ੍ਰਣਾਲੀ ਦੀ ਤਿੱਖੀ ਆਲੋਚਨਾ ਕਰਦੀ ਹੈ। ਮੇਰੀ ਦ੍ਰਿਸ਼ਟੀ ਵੀ ਉਹੀ ਹੈ। ਜਿਹਦੇ ਕੋਲ ਸ਼ਕਤੀ ਸੀ ਉਹ ਉੱਚ ਜਾਤੀ ਵਾਲਾ ਬਣ ਗਿਆ ਕੁਦਰਤੀ ਸੋਮਿਆ 'ਤੇ ਉਸ ਨੇ ਆਪਣਾ ਅਧਿਕਾਰ ਕਰ ਲਿਆ ਅਤੇ ਸੱਤਾ ਅਤੇ ਸ਼ਕਤੀ ਪ੍ਰਾਪਤ ਕਰਕੇ ਦਲਿਤ ਤੇ ਸੂਦਰਾ ਨੂੰ ਹੋਰ ਦਬਾਉਣ ਲੱਗ ਪਿਆ।

**? ਤੁਸੀਂ ਦਲਿਤ ਸਾਹਿਤ ਦੀ ਪਰਖ ਲਈ ਵੱਖਰਾ 'ਦਲਿਤ ਸਮੀਖਿਆ ਸ਼ਾਸ਼ਤਰ' ਉਸਾਰਨ ਬਾਰੇ ਕੀ ਦਲੀਲ ਦਿੰਦੇ ਹੋ।**

–ਦਲਿਤ ਸਮੀਖਿਆ ਸ਼ਾਸਤਰ ਦੀ ਗੱਲ ਕਰਨ ਤੋਂ ਪਹਿਲਾਂ ਇਸ ਸਾਹਿਤ ਦੇ ਇਤਿਹਾਸਕ ਪਿਛੋਕੜ ਬਾਰੇ ਗੱਲ ਕਰਨੀ ਬਣਦੀ ਹੈ। 1947 ਦੇ ਆਸ–ਪਾਸ ਮਹਾਂਰਾਸ਼ਟਰ ਵਿਚ ਦਲਿਤ ਸਮਾਜ 'ਚ ਵੱਡੀ ਪੱਧਰ ਤੇ ਸਮਾਜਿਕ, ਰਾਜਨੀਤਿਕ ਧਾਰਮਿਕ ਅਤੇ ਸਾਹਿਤਕ ਮੁੱਦਿਆਂ ਤੇ ਸੰਵਾਦ, ਵਿਚਾਰਾਂ ਅਤੇ ਇਸ ਸਬੰਧੀ ਹਲਚਲ ਹੋਣ ਲੱਗ ਪਈ ਸੀ। ਇਸ ਦੀ ਪਿੱਠਭੂਮੀ 'ਤੇ ਜੋਤੀਬਾ ਫੂਲੇ, ਸ਼ਤਰਪਤੀ ਸ਼ਾਹੂ ਜੀ ਮਹਾਰਾਜ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਕਾਰਜ ਸ਼ੀਲ ਸੀ। ਦਲਿਤ ਸਮਾਜ ਪ੍ਰਤੀ ਚਿੰਤਤ ਇਨ੍ਹਾਂ ਬੁੱਧੀਜੀਵੀਆਂ ਨੇ ਦਲਿਤ ਸਮਾਜ ਵਿਚਲੀਆਂ ਅਨੇਕਾਂ ਖਿੰਡੀਆਂ ਹੋਈਆਂ ਜਾਤੀਆਂ ਦੇ ਲੋਕਾਂ ਦਾ ਸਮਾਜਿਕ ਤੇ ਆਰਥਿਕ ਪੱਧਰ ਉੱਚਾ ਚੁੱਕਣ ਲਈ ਜ਼ਮੀਨੀ ਪੱਧਰ 'ਤੇ ਕਾਰਜ ਕਰਨਾ ਆਰੰਭ ਕਰ ਦਿੱਤਾ। ਵਿਦਿਆ ਦਾ ਪਸਾਰ ਇਕ ਅਹਿਮ ਕਾਰਜ ਸੀ ਜਿਹੜਾ ਇਹਨਾਂ ਦੇ ਯਤਨਾ ਨਾਲ ਆਰੰਭ ਹੋਇਆ। ਆਜ਼ਾਦੀ ਉਪਰੰਤ ਡਾ. ਅੰਬੇਡਕਰ ਦੇ ਕਾਨੂੰਨ ਮੰਤਰੀ ਬਣਨ ਤੇ ਭਾਰਤੀ ਸੰਵਿਧਾਨ 'ਚ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਅਧਿਕਾਰਾਂ ਦੀ ਮਦ ਪਾਉਣ ਅਤੇ ਉਨ੍ਹਾਂ ਨੂੰ ਬਰਾਬਰ ਦਾ ਦਰਜਾ ਦੇਣਾ, ਵਿਦਿਆ ਵਿਚ ਹਿੱਸੇਦਾਰੀ ਅਤੇ ਰਾਜਨੀਤੀ 'ਚ ਹਿੱਸੇਦਾਰੀ ਵਰਗੇ ਵੱਡੇ ਕਾਰਜ ਕਰਕੇ ਦਲਿਤ ਸਮਾਜ 'ਚ ਚੇਤਨਾ ਭਰੀ। ਭਾਵੇਂ ਇਹ ਚੇਤਨਾ ਪੂਰੇ ਦੇਸ਼ ਦੇ ਦਲਿਤ ਸਮਾਜ ਲਈ ਸੀ ਪਰ ਅੰਬੇਡਕਰ ਦੀ ਬੋਧਿਕ ਲਹਿਰ ਦਾ ਮਹਾਂਰਾਸ਼ਟਰ ਵਿਚ ਉਭਾਰ ਹੋਇਆ। ਉਥੋਂ ਦੇ ਦਲਿਤ ਲੋਕ ਜੋ ਪੜ੍ਹ ਲਿਖ ਕੇ ਚਿੰਤਨਸ਼ੀਲ ਬਣੇ ਅਤੇ ਇਨ੍ਹਾਂ 'ਚੋਂ ਸਾਹਿਤ ਤੇ ਰਾਜਨੀਤੀ ਵੱਲ ਵੀ ਆਏ। ਸਾਹਿਤਕਾਰਾਂ ਦੀਆਂ ਲਿਖਤਾਂ ਪਿੱਛੇ ਅੰਬੇਡਕਰ ਦਾ ਚਿੰਤਨ ਕਾਰਜਸੀਲ ਸੀ। ਜਿਸ ਕਾਰਨ 1960 ਦੇ ਆਸ ਪਾਸ ਮਰਾਠੀ ਭਾਸ਼ਾ ਵਿਚ ਦਲਿਤ ਸਾਹਿਤ ਦੀ ਗੱਲ ਉਭਰ ਕੇ ਸਾਹਮਣੇ ਆਈ। ਉਸ ਸਮੇਂ ਦਲਿਤ ਸਾਹਿਤ ਨੂੰ ਲੈ ਇਕ ਵੱਡਾ ਸੰਮੇਲਨ ਹੋਇਆ ਅਤੇ ਉਪਰੰਤ ਕੁਝ ਦਲਿਤ ਸਾਹਿਤ ਤੇ ਕੇਂਦਰਤ ਮੈਗਜ਼ੀਨ ਵੀ ਆਰੰਭ ਹੋ ਗਏ। ਪਿੰਡਾਂ 'ਚ ਵਿਦਿਆ ਦੇ ਪਸਾਰ ਨੇ ਇਨ੍ਹਾਂ ਪੇਂਡੂ ਖੇਤਰਾਂ ਵਿਚੋਂ ਉਹ ਲੇਖਕ ਸਾਹਮਣੇ ਆਉਣ ਲੱਗੇ ਜਿਨ੍ਹਾਂ ਨੇ ਜਾਤ–ਪਾਤ, ਛੂਆ–ਛੂਤ, ਕੰਗਾਲੀ ਅਤੇ ਭੁੱਖ–ਮਰੀ, ਸਮਾਜਿਕ ਤ੍ਰਿਸ਼ਕਾਰੀ, ਜ਼ਲਾਲਤ ਆਪਣੇ ਹੱਢਾ ਤੇ ਹੰਢਾਈ ਸੀ। ਇਨ੍ਹਾਂ ਦੇ ਸਾਹਿਤ ਨੇ ਮਰਾਠੀ ਸਾਹਿਤ 'ਚ ਇਕ ਤਰ੍ਹਾਂ ਨਾਲ ਹਲਚਲ ਪੈਦਾ ਕਰ ਦਿੱਤੀ। ਜਦੋਂ ਇਹ ਸਾਹਿਤ ਆਪਣੇ ਅਛੂਤੇ ਯਥਾਰਥ ਤੇ ਵਿਲੱਖਣ ਸਰੋਕਾਰਾਂ ਕਾਰਨ ਮਰਾਠੀ ਸਾਹਿਤ 'ਚ ਸਪੇਸ ਬਣਾਉਣ ਲੱਗ ਪਿਆ ਤਾਂ ਪ੍ਰੰਪਰਕ ਕਿਸਮ ਦੀਆਂ ਰਵਾਇਤੀ ਲੀਹਾਂ ਤੇ ਲਿਖਣ ਵਾਲੇ ਸਾਹਿਤਕਾਰਾਂ ਨੇ ਇਸ ਸਾਹਿਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਇਸਦੀ ਭਾਸ਼ਾ ਨੂੰ ਲੈ ਕੇ, ਕਲਾ ਪੱਖ ਨੂੰ ਲੈ ਕੇ, ਸੁਹਜ ਸਾਸ਼ਤਰ ਦੇ ਰਵਾਇਤੀ ਮਾਪਦੰਡਾਂ ਨੂੰ ਲੈ ਕੇ ਇਸ ਸਾਹਿਤ ਨੂੰ ਕਿਨਾਰੇ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹਦੇ ਬਾਵਜੂਦ ਆਪਣੀ ਸ਼ਕਤੀ ਨਾਲ ਇਹ ਸਾਹਿਤ ਉਭਰਿਆ। ਅੱਜ ਸਮਾਂ ਇਹ ਹੈ ਕਿ ਮਰਾਠੀ ਦਲਿਤ ਸਾਹਿਤ ਹੋਰ ਭਾਰਤੀ ਭਾਸ਼ਾਵਾਂ ਵਿਚ ਲਿਖੇ ਦਲਿਤ ਸਾਹਿਤ ਦਾ ਅਧਾਰ ਬਣਨ ਲੱਗਾ ਹੈ। ਮਰਾਠੀ ਦਲਿਤ ਸਾਹਿਤ ਦੀ ਪ੍ਰੇਰਨਾ ਨਾਲ ਹੋਰ ਭਾਰਤੀ ਜ਼ੁਬਾਨਾ 'ਚ ਦਲਿਤ ਸਾਹਿਤ ਲਿਖਿਆ ਜਾਣ ਲੱਗਾ। ਆਪਣੀ ਸਮਰੱਥਾ ਨਾਲ ਮਰਾਠੀ ਭਾਸ਼ਾ ਦੇ 30–35 ਲੇਖਕ ਅਜਿਹੇ ਹਨ ਜਿਹੜੇ ਭਾਰਤੀ ਭਾਸ਼ਾਵਾਂ 'ਚ ਅਨੁਵਾਦ ਹੋ ਕੇ ਪੂਰੇ ਭਾਰਤ 'ਚ ਚਰਚਿਤ ਹੋਏ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਉਨ੍ਹਾਂ ਦੀ ਪਛਾਣ ਗਲੋਬਲ ਪੱਧਰ ਤੇ ਬਣੀ। ਮਰਾਠੀ ਦਲਿਤ ਸਾਹਿਤ ਦੀ ਸ਼ਕਤੀ ਨੂੰ ਪਛਾਣਦਿਆਂ ਪੰਜਾਬੀ 'ਚ ਦਲਿਤ ਸਾਹਿਤ ਖਾਸ ਕਰਕੇ ਸਵੈ–ਜੀਵਨੀਆਂ ਅਨੁਵਾਦ ਹੋ ਕੇ ਪਾਠਕਾਂ ਤੱਕ ਪਹੁੰਚੀਆਂ। ਭਾਵੇਂ ਕਿ ਪਹਿਲਾਂ ਵੀ ਪੰਜਾਬੀ ਵਿਚ ਦਲਿਤ ਸਾਹਿਤ ਲਿਖਿਆ ਜਾ ਰਿਹਾ ਸੀ। ਪਰ ਜਦੋਂ ਮਰਾਠੀ ਦਲਿਤ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਦਲਿਤ ਲਿਖਿਆ ਜਾਣ ਲੱਗਾ ਤਾਂ ਦਲਿਤ ਸਮਾਜ ਦੇ ਅਛੂਤੇ ਅਨੁਭਵ ਅੰਬੇਡਕਰੀ ਦ੍ਰਿਸ਼ਟੀ ਤੋਂ ਆਉਣ ਲੱਗੇ। ਜਿਨ੍ਹਾਂ ਦੇ ਵਿਸ਼ਲੇਸ਼ਣ ਰਵਾਇਤੀ ਮਾਪਦੰਡ ਨਾਲੋਂ ਨਵੀਂ ਸਮੀਖਿਆ ਸ਼ਾਸਤਰ ਦੀ ਲੋੜ ਸੀ। ਮੈਨੂੰ ਲਗਦਾ ਹੈ

ਦਲਿਤ ਸਾਹਿਤ ਲਈ ਦਲਿਤ ਸੁਹਜ ਸ਼ਾਸਤਰ ਦੀ ਲੋੜ ਹੈ। ਮਰਾਠੀ ਵਿਚ ਇਸ ਤੇ ਕਾਫ਼ੀ ਕੰਮ ਹੋ ਗਿਆ ਹੈ। ਹਿੰਦੀ ਵਿਚ ਹੋਇਆ ਹੈ। ਪੰਜਾਬੀ ਵਿਚ ਅਜੇ ਸ਼ੁਰੂਆਤ ਹੈ।

**? ਤੁਹਾਡੀਆਂ ਭਵਿੱਖ ਵਿਚ ਕਹਾਣੀ ਰਚਨਾ ਬਾਰੇ ਕੀ ਕੀ ਯੋਜਨਾਵਾਂ ਹਨ।**

–ਜਦੋਂ 'ਕੁੰਭੀ ਨਰਕ' ਦੀਆਂ ਕਹਾਣੀਆਂ ਲਿਖ ਲਈਆਂ ਤਾਂ ਸੋਚਦਾ ਸਾਂ ਕਿ ਹੁਣ ਕਹਾਣੀ ਲਿਖਣੀ ਬਸ ਕਰਨੀ ਹੈ। ਹੁਣ ਨਾਵਲ ਲਿਖਣੇ ਸ਼ੁਰੂ ਕਰ ਦੇਣੇ ਹਨ। ਮੈਨੂੰ ਲੱਗਾ ਸੀ ਕਿ ਮੇਰੇ ਜੋ ਅਨੁਭਵ ਹਨ ਉਹ ਕਹਾਣੀ ਵਿਚ ਸਮਾਂ ਨਹੀਂ ਹੋ ਰਹੇ, ਮੇਰੀਆਂ ਕੁੱਝ ਕਹਾਣੀਆਂ ਦੇ ਵਿਸ਼ੇ ਨਾਵਲ ਵਾਲੇ ਹਨ ਜਿਨ੍ਹਾਂ ਨੂੰ ਮੈਂ ਕਹਾਣੀ ਵਿਚ ਸਮੇਟਣ ਦੀ ਕੋਸ਼ਿਸ ਕੀਤੀ... ਤੁਸੀਂ ਸੁੱਕੀਆਂ ਕੁੰਨਾਂ... ਜੜ੍ਹਾਂ... ਕੁੰਭੀ ਨਰਕ ..ਆਦਿ ਡੰਕਾ... ਕਹਾਣੀਆਂ ਵੇਖ ਸਕਦੇ ਹੋ। ਪਰ ਅਜਿਹਾ ਹੋਇਆ ਨਹੀਂ। ਇਸ ਕਿਤਾਬ ਤੋਂ ਬਾਅਦ ਮੈਂ ਨਾਵਲ ਲਿਖਣ ਲੱਗ ਪਿਆ। ਅਜੇ ਨਾਵਲ ਪੂਰਾ ਨਹੀਂ ਹੋਇਆ ਕਿ ਵਿਚੇ ਹੀ ਕਹਾਣੀਆਂ ਜੁੜਨ ਲੱਗ ਪਈਆਂ ਮੈਂ ਦੋ ਕਹਾਣੀਆਂ ਲਿਖ ਦਿੱਤੀਆਂ। ਦਰਅਸਲ ਇਹ ਲੇਖਕ ਦੇ ਵਸ ਵਿਚ ਵੀ ਨਹੀਂ ਹੁੰਦਾ ਕਿ ਉਸ ਨੇ ਕੀ ਲਿਖਣਾ ਹੈ ਅਤੇ ਕਦੋਂ ਲਿਖਣਾ ਹੈ। ਜਦੋਂ ਘਟਨਾਵਾਂ ਦਾ, ਪਾਤਰਾਂ ਦਾ ਅਤੇ ਕਹਾਣੀ ਦਾ ਜੋਰ ਪੈਂਦਾ ਹੈ ਤਾਂ ਉਹ ਰਚਨਾ ਲਿਖ ਹੋ ਹੀ ਜਾਣੀ ਹੁੰਦੀ ਹੈ।

**? ਕੀ ਦਲਿਤ ਸਾਹਿਤ ਦਲਿਤ ਜੀਵਨ ਨੂੰ ਬਿਹਤਰ ਰੂਪ 'ਚ ਪੇਸ਼ ਕਰ ਸਕਿਆ ਹੈ ਜਾਂ ਇਸ ਵਿਚ ਜਾਤੀ ਨਫ਼ਰਤ ਹੀ ਹੈ। ਇਸਦਾ ਪੰਜਾਬੀ ਸਾਹਿਤ ਦੇ ਵਸਤੂਗਤ ਪਾਸਾਰ ਅਤੇ ਕਲਾਗਤ ਪਾਸਾਰ ਵਿਚ ਕੀ ਯੋਗਦਾਨ ਹੈ।**

– ਦਲਿਤ ਸਾਹਿਤ ਪੰਜਾਬੀ ਸਾਹਿਤ ਦਾ ਇਕ ਅਜਿਹਾ ਅਟੁੱਟ ਅੰਗ ਹੈ ਜਿਸਨੂੰ ਕਦੇ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਪੰਜਾਬੀ ਸਾਹਿਤ ਅਧੂਰਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਦਲਿਤ ਸਾਹਿਤ ਦਾ ਆਪਣਾ ਨਿੱਗਰ ਸਥਾਨ ਹੈ, ਭਾਵੇਂ ਹੁਣ ਤੱਕ ਜਿੰਨੇ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਅਸੀਂ ਪੜ੍ਹਦੇ ਹਾਂ ਉਸ ਵਿਚ ਇਸ ਸਾਹਿਤ ਦਾ, ਉਨ੍ਹਾਂ ਲੇਖਕਾਂ ਦਾ ਜ਼ਿਕਰ ਨਹੀਂ ਮਿਲਦਾ... ਜੇ ਮਿਲਦਾ ਵੀ ਹੈ ਤਾਂ ਅਧੂਰਾ... ਇਕ ਪਾਸੜ। ਮੈਨੂੰ ਲੱਗਦਾ ਹੈ ਪੰਜਾਬੀ ਸਾਹਿਤ ਦਾ ਇਤਿਹਾਸ ਮੁੜ ਲਿਖਣ ਦੀ ਲੋੜ ਹੈ। ਸਾਹਿਤ ਲਿਖਣ ਵਾਲਿਆਂ ਵਿਦਵਾਨਾਂ ਨੇ ਮੁਢਲੇ ਦਲਿਤ ਲੇਖਕ ਵਜੀਦ ਸਿੰਘ, ਸਾਧੂ ਦਾਇਆ ਸਿੰਘ ਆਰਿਫ਼ ਨੂੰ ਮੂਲੋਂ ਹੀ ਵਿਸਾਰ ਦਿੱਤਾ ਹੈ। ਅਜੇ ਤੱਕ ਲਾਲ ਸਿੰਘ ਦਿਲ ਦੇ ਸਾਹਿਤ ਦਾ ਮੁਲੰਕਣ ਨਹੀਂ ਹੋਇਆ। ਗੁਰਦਾਸ ਰਾਮ ਆਲਮ ਦਾ ਅਜੇ ਮੁਲੰਕਣ ਹੋਣਾ ਬਾਕੀ ਹੈ। ਅਤਰਜੀਤ, ਪ੍ਰੇਮ ਗੋਰਖੀ, ਨਛੱਤਰ, ਭੂਰਾ ਸਿੰਘ ਕਲੇਰ, ਬਲਬੀਰ ਮਾਧੋਪੁਰੀ ਨਾਟਕਕਾਰ ਚਰਨਦਾਸ ਸਿੱਧੂ ਦੇ ਦਲਿਤ ਸਾਹਿਤ ਦਾ ਵਿਸ਼ਲੇਸ਼ਣ ਉਸ ਭਰਵੇ ਰੂਪ ਵਿਚ ਨਹੀਂ ਹੋਇਆ ਜਿਹੜਾ ਹੋਣਾ ਚਾਹੀਦਾ ਸੀ। ਉਸ ਤੋਂ ਬਾਅਦ ਮੇਰੇ ਸਮੇਤ ਸਰੂਪ ਸਿਆਲਵੀ, ਮੋਹਨ ਲਾਲ ਫਿਲੌਰੀਆਂ, ਗੁਰਮੀਤ ਕੜਿਆਲਵੀ ਵਰਗੇ ਅਜਿਹੇ ਨਾਂ ਹਨ ਜਿਨ੍ਹਾਂ ਦਾ ਸਾਹਿਤ ਕਦੇ ਵੀ ਜਾਤੀ ਨਫ਼ਰਤ ਵਾਲਾ ਸਾਹਿਤ ਨਹੀਂ ਹੈ। ਅਸਲ ਵਿਚ ਜੋ ਜਾਤੀ ਜਾਂ ਹੋਰ ਨਫ਼ਰਤ ਵਾਲਾ ਸਾਹਿਤ ਹੁੰਦਾ ਉਹ ਸਾਹਿਤ ਹੁੰਦਾ ਹੀ ਨਹੀਂ ਹੈ। ਸਾਹਿਤ ਹਮੇਸ਼ਾ ਲੋਕਪੱਖੀ ਅਤੇ ਕਲਾ ਦੀਆਂ ਉੱਚੀਆਂ ਕਦਰਾਂ ਕੀਮਤਾਂ ਵਾਲਾ ਹੁੰਦਾ ਹੈ। ਦਲਿਤ ਸਾਹਿਤ ਰਾਹੀਂ ਅਸੀਂ ਉਸ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਜਿਹੜੇ ਸਮਾਜ ਨੂੰ ਹੁਣ ਤੱਕ ਹਾਸ਼ੀਏ ਤੱਕ ਹੀ ਧਕੇਲੀ ਰੱਖਿਆ ਹੈ। ਜਿਸ ਸਮਾਜ ਦੀ ਗੱਲ ਪੰਜਾਬੀ ਸਾਹਿਤ ਵਿਚ ਹੋਈ ਨਹੀਂ। 'ਦਲਿਤ ਸਾਹਿਤ ਦਲਿਤ ਜੀਵਨ ਨੂੰ ਬਿਹਤਰ ਰੂਪ 'ਚ ਪੇਸ਼ ਕਰ ਸਕਿਆ' ਵਾਕ ਹੀ ਸਹੀ ਨਹੀਂ ਹੈ। ਦਲਿਤ ਜੀਵਨ ਤਾਂ ਬਿਹਤਰ ਜਾਂ ਖੁਸ਼ਹਾਲ ਜਸ਼ਨ ਵਾਲਾ ਹੈ ਨਹੀਂ ਹੈ। ਉਹ ਕਰੁਣਾ ਦਾ ਸਾਹਿਤ ਹੈ। ਰੁਦਨ ਦਾ ਸਾਹਿਤ ਹੈ। ਇਸ ਜ਼ਿੰਦਗੀ ਵਿਚ ਐਨਾ ਦੁੱਖ ਹੈ ਤੁਸੀਂ ਮਹਿਸੂਸ ਨਹੀਂ ਕਰ ਸਕਦੇ। ਇਸ ਜੀਵਨ ਵਿਚ ਉਹ ਸੰਘਰਸ਼ ਕਰਕੇ ਆਪਣੇ ਲਈ ਕੁੱਝ ਖੁਸ਼ੀ ਦੇ ਪਲ ਲੈ ਕੇ ਆਉਂਦੇ ਹਨ। ਦੁੱਖ ਵਿਚ ਵੀ ਉਹ ਨੱਚਦੇ ਹਨ, ਗਾਉਂਦੇ ਹਨ। ਉਨ੍ਹਾਂ ਵਿਚ ਪੌਜੇਟਿਵ ਅਨਰਜ਼ੀ ਭਰੀ ਹੁੰਦੀ ਹੈ। ਵਸਤੂ ਅਤੇ ਕਲਾ ਦੇ ਪੱਖ ਤੋਂ ਇਹ ਸਾਹਿਤ ਬਹੁਤ ਉੱਚ ਪੱਧਰ ਦਾ ਹੁੰਦਾ ਹੈ।

**? ਕਹਾਣੀ ਰਚਨਾ ਦੇ ਨਾਲ-ਨਾਲ ਆਲੋਚਨਾ ਦੇ ਖੇਤਰ ਵਿਚ ਤੁਹਾਡਾ ਕੀ ਯੋਗਦਾਨ ਹੈ।**

–ਲੇਖਕ ਨੂੰ ਆਲੋਚਕ ਹੋਣਾ ਵੀ ਬਹੁਤ ਜ਼ਰੂਰ ਹੈ। ਤਾਂ ਹੀ ਉਹ ਪੜ੍ਹੇ ਸਾਹਿਤ ਦੇ ਚੰਗੇ ਮਾੜੇ ਬਾਰੇ ਆਪਣੀ ਧਾਰਨਾ ਬਣਾ ਸਕਦਾ ਹੈ। ਨਹੀਂ ਉਹਦੇ ਮਨ ਵਿਚ ਦੋ ਗੱਲਾਂ ਹੀ ਰਹਿ ਜਾਂਦੀਆਂ ਹਨ। ਜਾਂ ਤਾਂ ਕਹੇਗਾ ਬਈ ਕਮਾਲ ਦੀ ਕਿਤਾਬ ਹੈ ਜਾਂ ਕਹੇਗਾ ਮਾੜੀ ਕਿਤਾਬ ਹੈ। ਆਲੋਚਨਾ ਮੇਰਾ ਮੁੱਖ ਮਕਸਦ ਨਹੀਂ ਰਿਹਾ। ਇਕ ਤਾਂ ਮੈਂ ਪਰਚਾ ਸੰਪਾਦਤ ਕਰਦਾ ਹਾਂ 'ਕਹਾਣੀ ਧਾਰਾ' ਮੈਨੂੰ ਉਸ ਵਿਚ ਕੁੱਝ ਕਿਤਾਬਾਂ ਬਾਰੇ ਲਿਖਣਾ ਪੈਂਦਾ ਹੈ। ਸੰਪਾਦਕੀ ਲਿਖਣੀ ਪੈਂਦੀ ਹੈ। ਜੋ ਸਾਹਿਤ ਬਾਰੇ, ਕਲਚਰ ਬਾਰੇ, ਇਤਿਹਾਸ ਬਾਰੇ ਅਤੇ ਸਾਹਿਤ ਦੇ ਹੋਰ ਅੰਗਾਂ ਬਾਰੇ ਹੁੰਦੀ ਹੈ। ਜਦੋਂ ਤੁਸੀਂ

ਗੱਲ ਕਰਨੀ ਹੈ, ਕੋਈ ਆਪਣੀ ਨਿੱਜੀ ਧਾਰਨਾ ਬਣਾਉਣੀ ਹੈ ਤਾਂ ਤੁਹਾਨੂੰ ਸਾਹਿਤ ਪੜ੍ਹਨ ਦੇ ਨਾਲ ਨਾਲ ਉਹਦੇ ਬਾਰੇ ਆਪਣੀ ਧਾਰਨਾ ਤਿਆਰ ਕਰਨ ਲਈ ਆਲੋਚਨਾਤਮਿਕ ਦ੍ਰਿਸ਼ਟੀ ਰੱਖਣੀ ਪੈਣੀ ਹੈ। ਕਿਤਾਬਾਂ ਦੇ ਰੀਵਿਊ ਕਰ ਲੈਂਦਾ ਹਾਂ। ਹੁਣ ਪਰਚੇ ਵਿਚ 'ਮੇਰਾ ਸਟੱਡੀ ਟੇਬਲ' ਕਾਲਮ ਲਿਖਦਾ ਹਾਂ। ਉਸ ਵਿਚ ਮੈਂ ਨਵੀਂ ਕਿਤਾਬਾਂ ਤੇ ਆਪਣੇ ਪ੍ਰਭਾਵ ਜੋ ਚੰਗੇ ਮਾੜੇ ਹੁੰਦੇ ਹਨ ਉਹ ਲਿਖਦਾ ਹਾਂ, ਦੂਜੇ ਜੋ ਸਮਕਾਲੀ ਪਰਚੇ ਹਨ ਉਨ੍ਹਾਂ ਨੂੰ ਪੜ੍ਹ ਕੇ ਆਪਣੇ ਪ੍ਰਭਾਵ ਲਿਖਦਾ ਹਾਂ। ਨਾਲ ਨਾਲ ਮੈਂ 'ਜੱਗ ਬਾਣੀ' ਅਖਬਾਰ ਵਿਚ ਨਵੀਆਂ ਕਿਤਾਬਾਂ ਤੇ ਹੁਣ ਤੱਕ 500 ਦੇ ਕਰੀਬ ਰੀਵਿਊ ਲਿਖ ਚੁੱਕਾ ਹਾਂ। ਇਹਦੇ ਨਾਲ ਨਾਲ 'ਨਵਾਂ ਜ਼ਮਾਨਾਂ' ਵਿਚ ਕੁੱਝ ਮਨ ਪਸੰਦ ਕਿਤਾਬਾਂ ਦੇ ਵੱਡੇ 'ਫੋਕਸ' ਲਿਖ ਦਿੰਦਾ ਹਾਂ। ਜੇ ਤਾਂ ਕਿਸੇ ਕਿਤਾਬ ਦੀ ਤਰੀਫ਼ ਕਰ ਦਿੱਤੀ ਫੇ ਤਾਂ ਕੋਈ ਫ਼ੋਨ ਨਹੀਂ ਆਉਂਦਾ। ਜੇ ਕਿਸੇ ਮਾੜੀ ਕਿਤਾਬ ਦੀ ਛਿੱਲ ਲਾਹ ਦਿੱਤੀ ਫੇਰ ਲੇਖਕ ਗਾਲੀ ਗਲੋਚ ਕਰਨ ਲੱਗਾ ਵੀ ਪਿੱਛਾ ਨਹੀਂ ਵੇਖਦਾ। ਮੈਂ ਵੇਖਿਆ ਹੈ, ਸਾਡੇ ਪੰਜਾਬੀ ਵਿਚ ਕੋਈ ਵੀ ਆਪਣੇ ਬਾਰੇ ਕੀਤੀ ਨੈਗਟਿਵ ਆਲੋਚਨਾ ਪੜ੍ਹ ਤੇ ਸੁਣ ਨਹੀਂ ਸਕਦਾ। ਚਾਹੇ ਉਹ ਕਿਤਾਬ ਜਾਂ ਰਚਨਾ ਕਿੰਨੀ ਵੀ ਰੱਦੀ ਕਿਓਂ ਨਾ ਹੋਵੇ। ਉਹਦੀ ਆਸ ਹੁੰਦੀ ਹੈ ਰੀਵਿਊ ਲਿਖਣ ਵਾਲਾ ਮੇਰੀ ਤਰੀਫ਼ ਹੀ ਕਰੇ। ਇਕ ਕਿਤਾਬ 'ਪੰਜਾਬੀ ਲੋਕ ਨਾਟ ਨਕਲਾਂ' ਤੇ ਐਨ. ਬੀ. ਟੀ. ਨੇ ਤਿਆਰ ਕਰਵਾਈ ਸੀ। ਇਕ ਹੋਰ ਕਿਤਾਬ ਭਾਰਤ ਸਰਕਾਰ ਦੇ ਇਕ ਹੋਰ ਅਦਾਰੇ ਨੇ 'ਪੰਜਾਬ ਦੀਆਂ ਇਤਿਹਾਸਕ ਇਮਾਰਤਾਂ' ਤੇ ਕਰਵਾਈ ਸੀ। ਜੋ ਪੰਜ-ਸੱਤ ਸਾਲ ਬੀਤਣ ਤੇ ਵੀ ਅਜੇ ਤੱਕ ਛਪੀਆਂ ਨਹੀਂ। ਮੇਰਾ ਇਹ ਕੰਮ ਪੀ. ਐਚਡੀ. ਦੇ ਬਰਾਬਰ ਦਾ ਹੈ। ਮੈਂ ਫਿਰ ਵੀ ਕਹਾਣੀਕਾਰ ਬਣਿਆ ਰਹਿਣਾ ਚਾਹੁੰਦਾ ਹਾਂ।

**? ਆਪਣੇ ਪਾਠਕਾਂ ਨੂੰ ਕੋਈ ਸੰਦੇਸ਼ ਦੇਣਾ ਚਾਹੋਗੇ।**

– ਪਾਠਕਾਂ ਨੂੰ ਇਹੀ ਬੇਨਤੀ ਹੈ ਕਿ ਉੱਚ ਪਾਏ ਦਾ ਸਾਹਿਤ ਪੜ੍ਹਨ ਦੀ ਆਦਤ ਪਾਉਣ ਕਿਉਂਕਿ ਚੰਗੇ ਸਾਹਿਤ ਨਾਲ ਹੀ ਤੁਹਾਡੀ ਸੋਚ ਚੰਗੀ ਅਤੇ ਸਮਾਜ ਪ੍ਰਤੀ ਸੋਚਣ ਵਾਲੀ ਬਣੇਗੀ। ਕਿਤਾਬ ਵਿਚ ਬਹੁਤ ਗਿਆਨ ਹੁੰਦਾ ਜਿਹੜਾ ਬੰਦੇ ਨੂੰ ਗਿਆਨਵਾਨ ਬਣਾਉਂਦਾ ਹੈ। ਵ



ਮਨਪ੍ਰੀਤ ਕੌਰ

ਮੁਲਾਕਾਤੀ ਮਨਪ੍ਰੀਤ ਕੌਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ
ਡਾ. ਸਰਬਜੀਤ ਸਿੰਘ ਦੀ ਨਿਗਰਾਨੀ ਹੇਠ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਤੇ ਐਮ. ਫਿੱਲ ਕੀਤੀ ਹੈ।
ਸੰਪਰਕ-94657-91756

ਕਵਿਤਾ

## *ਰਘਵੀਰ ਸਿੰਘ ਟੇਰਕਿਆਨਾ*

### ਕਰੋਨਾ ਵਾਇਰਸ

ਪੂਰੀ ਧਰਤੀ ਉੱਤੇ ਅਫ਼ਰਾ-ਤਫ਼ਰੀ ਹੈ
ਇਹ ਕੀ ਚੰਦ ਚੜ੍ਹਾਏ ਕਰੋਨਾ ਵਾਇਰਸ ਨੇ

ਟ੍ਰੇਨਾਂ ਟਰੂਨਾਂ ਦੀ ਤਾਂ ਗੱਲ ਇਕ ਪਾਸੇ ਰਹੀ
ਜਹਾਜ਼ ਬੰਦ ਕਰਵਾਏ ਕਰੋਨਾ ਵਾਇਰਸ ਨੇ

ਵਿਚ ਆਕਾਸ਼ ਦੇ ਲੋਕ ਜੋ ਉੱਡੀ ਫਿਰਦੇ ਸਨ
ਮੰਜੀਆਂ ਉੱਤੇ ਪਾਏ ਕਰੋਨਾ ਵਾਇਰਸ ਨੇ

ਅਮੀਰ, ਗਰੀਬ, ਮਾੜੇ ਜਾਂ ਹੋਣ ਰਿਸ਼ਟਪੁਸ਼ਟ
ਸਭ ਦੇ ਹੌਸਲੇ ਢਾਹੇ ਕਰੋਨਾ ਵਾਇਰਸ ਨੇ

ਵ'ਲਡ ਵਾਰ ਦੀ ਏਥੇ ਨਹੀਂ ਕੋਈ ਚਰਚਾ ਸੀ
ਇਹ ਕੀ ਬੰਬ ਵਰਸਾਏ ਕਰੋਨਾ ਵਾਇਰਸ ਨੇ

ਆਪਣੀ ਚਾਲੇ ਸਭ ਕੁਝ ਏਥੇ ਚੱਲ ਰਿਹਾ ਸੀ
ਥਾਂ ਥਾਂ ਭੜਥੂ ਪਾਏ ਕਰੋਨਾ ਵਾਇਰਸ ਨੇ

ਧੁਰ ਅੰਦਰ ਤਕ ਹਰ ਕੋਈ ਡਰਿਆ ਲੱਗਦਾ ਹੈ
ਮੂੰਹ 'ਤੇ ਮਾਸਕ ਪੁਆਏ ਕਰੋਨਾ ਵਾਇਰਸ ਨੇ

ਲਗਾਤਾਰ ਮਨਹੂਸ ਖ਼ਬਰਾਂ ਆ ਰਹੀਆਂ
ਕਿੰਨੇ ਮਾਰ ਮੁਕਾਏ ਕਰੋਨਾ ਵਾਇਰਸ ਨੇ

ਹਜ਼ਾਰਾਂ ਮਰ ਗਏ ਤੇ ਹਨ ਕਈ ਬਿਮਾਰ ਅਜੇ
ਬਹੁਤ ਹੀ ਕਹਿ ਢਾਹੇ ਕਰੋਨਾ ਵਾਇਰਸ ਨੇ

ਦੇਸ਼ ਬਿਦੇਸ਼ 'ਚ ਬੱਚੇ ਜਿਨ੍ਹਾਂ ਦੇ ਪੜ੍ਹਨ ਗਏ
ਮਾਪੇ ਫ਼ਿਕਰ 'ਚ ਪਾਏ ਕਰੋਨਾ ਵਾਇਰਸ ਨੇ

ਮੁਸਕਰਾਉਂਦੇ, ਹੱਸਦੇ ਅਤੇ ਹਸਾਉਂਦਿਆਂ ਦੀ
ਕਰਵਾ ਦਿੱਤੀ ਹਾਏ ਹਾਏ ਕਰੋਨਾ ਵਾਇਰਸ ਨੇ

'ਟੇਰਕਿਆਨਾ' ਹਰ ਕੋਈ ਭੈਅ ਭੀਤ ਹੋਇਆ
ਏਨੇ ਲੋਕ ਡਰਾਏ ਕਰੋਨਾ ਵਾਇਰਸ ਨੇ

ਮੋਬਾ : 98141 73402

*ਕਹਾਣੀ*

# ਆਪਣੇ ਹਿੱਸੇ ਦਾ ਅਸਮਾਨ

*-ਅਰਵਿੰਦਰ ਕੌਰ ਧਾਲੀਵਾਲ*

ਦੁਪਹਿਰ ਦੀ ਰੋਟੀ ਤੋਂ ਬਾਅਦ ਕੁਰਸੀ 'ਤੇ ਬੈਠਿਆਂ ਹੀ ਮੇਰੀ ਅੱਖ ਲੱਗ ਗਈ ਸੀ। ਕੁਰਸੀ ਦੀ ਢੋਅ ਨਾਲ ਸਿਰ ਲਾਈ ਅਜੇ ਮੈਂ ਟੇਢਾ ਜਿਹਾ ਹੋ ਕੇ ਟਿਕਿਆ ਹੀ ਸਾਂ ਕਿ ਸਿੰਘ ਲੈਬ ਵਾਲੇ ਦਾ ਫੋਨ ਆ ਗਿਆ।

"ਭਾਜੀ ਰਿਪੋਰਟ ਆ ਗਈ ਏ, ਲੈ ਜਾਇਉ, ਉਂਝ ਮੈਂ ਸਾਫ਼ਟ ਕਾਪੀ ਡਾਕਟਰ ਸਾਹਬ ਨੂੰ ਵੀ ਫਾਰਵਰਡ ਕਰ ਦਿੱਤੀ ਏ।"

'ਕੀ ਆਇਆ ਰਿਪੋਰਟ 'ਚ' ਸ਼ਬਦ ਮੇਰੇ ਸੰਘ 'ਚੋਂ ਉਛਲਣ ਹੀ ਲੱਗੇ ਸਨ ਕਿ ਉਹਨੇ ਫੋਨ ਰੱਖ ਦਿੱਤਾ।

'ਤਿੰਨ ਮਹੀਨੇ ਹੋ ਗਏ ਦਵਾਈ ਖਾਂਦਿਆਂ, ਹੁਣ ਸਭ ਠੀਕ ਹੋ ਜਾਵੇਗਾ'

ਬੜੇ ਉਤਸ਼ਾਹ ਨਾਲ ਮੈਂ ਪਰਸੋਂ ਸੈਂਪਲ ਦੇ ਕੇ ਆਇਆ ਸਾਂ। ਮੇਰਾ ਕਾਨਫੀਡੈਂਸ ਲੈਵਲ ਹੀ ਹੋਰ ਸੀ, ਲੈਬ ਅੰਦਰ ਜਾਂਦਿਆਂ ਵੀ ਤੇ ਉਥੋਂ ਬਾਹਰ ਨਿਕਲਦਿਆਂ ਵੀ।

ਫਿਰ ਡਾਕਟਰ ਚਰਨਜੀਤ ਦਾ ਵੀ ਆਪੇ ਹੀ ਫ਼ੋਨ ਆ ਗਿਆ।ਉਸ ਸ਼ਾਮੀਂ ਛੇ ਵਜੇ ਦਾ ਸਮਾਂ ਦਿੱਤਾ ਏ।

ਦਫ਼ਤਰੋਂ ਪੰਜ ਵਜੇ ਛੁੱਟੀ ਹੋਣੀ ਹੈ। ਪੌਣੇ ਕੁ ਪੰਜ ਨਿਕਲ ਜਾਵਾਂਗਾ। ਲੈਬ ਤੋਂ ਰਿਪੋਰਟ ਲੈ ਕੇ ਕਲੀਨਿਕ ਤੱਕ ਪਹੁੰਚਦਿਆਂ ਘੰਟਾ ਭਰ ਲੱਗੇਗਾ।

ਫ਼ੋਨ ਟੇਬਲ 'ਤੇ ਛੱਡ ਕੇ ਮੈਂ ਡਿਪਟੀ ਦੇ ਕਮਰੇ ਵੱਲ ਤੁਰ ਪਿਆ ਹਾਂ। ਉਹ ਸੀਟ 'ਤੇ ਨਹੀਂ ਹੈ। ਮੈਂ ਵਾਸ਼ਰੂਮ ਹੋ ਕੇ ਵਾਪਸ ਮੁੜਿਆ ਹਾਂ ਤਾਂ ਫ਼ੋਨ 'ਤੇ ਨੀਲੀ ਰੌਸ਼ਨੀ ਜਗ ਬੁੱਝ ਰਹੀ ਹੈ। ਪਾਲੀ ਦੀਆਂ ਦੋ ਮਿੱਸਡ ਕਾਲ ਨੇ।

'ਉਹਨੇ ਰਿਪੋਰਟ ਬਾਰੇ ਹੀ ਪੁੱਛਣਾ ਹੋਣਾ ਏ...ਘਰ ਜਾ ਕੇ ਹੀ ਦੱਸਾਂਗਾ...ਨਾਲੇ ਰਿਪੋਰਟ ਬਾਰੇ ਆਖ਼ਰੀ ਫ਼ੈਸਲਾ ਤਾਂ ਡਾਕਟਰ ਚਰਨਜੀਤ ਨੇ ਹੀ ਦੇਣਾ ਏ,' ਫ਼ੋਨ ਫਿਰ ਵੱਜ ਪਿਆ।

"ਹਾਂ...ਅ," ਵਿਆਹ ਤੋਂ ਪੰਜ ਸੱਤ ਸਾਲ ਬਾਅਦ ਪਤਨੀ ਨਾਲ ਫ਼ੋਨ 'ਤੇ ਗੱਲ ਇੰਜ ਹੀ ਸ਼ੁਰੂ ਹੁੰਦੀ ਹੈ।

"ਤੁਸੀਂ ਘਰ ਕਦੋਂ ਕੁ ਆਉਣੈ? ਮੇਰੀ ਤਬੀਅਤ ਠੀਕ ਨਹੀਂ...," ਮੈਂ ਡਾਕਟਰ ਵੱਲ ਜਾਣਾ ਮੁਲਤਵੀ ਕਰਨ ਬਾਰੇ ਸੋਚਦਾ ਹਾਂ।

'ਦਿਆਲ, ਕਲੀਨਿਕ ਜ਼ਰੂਰ ਹੋ ਕੇ ਜਾਈਂ...' ਚਰਨਜੀਤ ਡਾਕਟਰ ਦੀ ਹੁਣੇ ਕੀਤੀ ਤਾਕੀਦ ਦਾ ਖ਼ਿਆਲ ਆਉਂਦਾ ਹੈ।

"ਤੂੰ ਡਾਕਟਰ ਦੇ ਕਲੀਨਿਕ 'ਤੇ ਹੀ ਆਜਾ, ਜੇ ਚਾਹਵੇਂ ਤੇ...," ਮੇਰੀ ਗੱਲ ਪਾਲੀ ਵਿਚੋਂ ਹੀ ਬੋਚਦੀ ਹੈ।

"ਨਹੀਂ! ਤੁਸੀਂ ਜਾ ਆਇਉ, ਮੈਂ...ਉਡੀਕ ਲੈਨੀਂ...," ਉਹਨੇ ਠੰਡੇ ਜਿਹੇ ਬੋਲਾਂ ਨਾਲ ਫ਼ੋਨ ਬੰਦ ਕਰ ਦਿੱਤਾ।

ਪਿਛਲੇ ਡੇਢ ਕੁ ਮਹੀਨੇ ਤੋਂ ਪਾਲੀ ਦੀ ਤਬੀਅਤ ਠੀਕ ਨਹੀਂ ਰਹਿੰਦੀ। ਹਰ ਵੇਲੇ ਥੱਕੀ-ਥੱਕੀ ਜਿਹੀ, ਡਿਗੂੰ-ਡਿਗੂੰ ਕਰਦੀ...। ਨਾ ਚੰਗੀ ਤਰ੍ਹਾਂ ਕੋਈ ਕੰਮ ਕਰ ਹੁੰਦਾ ਏ... ਨਾ ਹੀ ਠੀਕ ਤਰ੍ਹਾਂ ਖਾਂਦੀ -ਪੀਂਦੀ ਹੈ।

ਮੈਂ ਉਸਨੂੰ ਕਿੰਨੇ ਦਿਨਾਂ ਤੋਂ ਆਪਣੇ ਨਾਲ ਡਾਕਟਰ ਚਰਨਜੀਤ ਦੇ ਕਲੀਨਿਕ ਚੱਲਣ ਲਈ ਆਖ ਚੁੱਕਾ ਹਾਂ। ਇੱਕ ਤਾਂ ਉਹਨੇ ਵੀ ਪੱਲਾ ਨਹੀਂ ਫੜਾਇਆ, ਦੂਜਾ ਮੇਰੇ ਦਫ਼ਤਰੀ ਰੁਝੇਵਿਆਂ ਕਰਕੇ ਮੈਨੂੰ ਵੀ ਸਮਾਂ ਨਹੀਂ ਲੱਗ ਰਿਹਾ ਹੈ। ਮੰਮੀ ਦੇ ਘਰੇਲੂ ਉਹੜ-ਪੋਹੜ ਨਾਲ ਹੀ ਉਹ ਦਿਨ ਲੰਘਾਈ ਜਾਂਦੀ ਹੈ।

ਐਸ. ਡੀ. ਓ. ਦੇ ਬਾਹਰ ਨਿਕਲਦਿਆਂ ਹੀ ਮੈਂ ਸਕੂਟਰ ਨੂੰ ਕਿੱਕ ਮਾਰ ਕੇ ਝੱਟਪਟ ਸਿੰਘ ਲੈਬ ਤੇ ਫਿਰ ਡਾਕਟਰ ਦੇ ਕਲੀਨਿਕ ਪਹੁੰਚਿਆ।

"ਰਿਪੋਰਟ ਤਾਂ ਵੇਖ ਲਈ ਹੈ, ਡਿਸਕਸ ਵੀ ਕਰ ਲਈ ਹੈ ਟੈਕਨੀਕਲ ਟੀਮ ਨਾਲ, ਪਰ...ਰ...ਰ...", ਉਤਰੇ ਹੋਏ ਚਿਹਰੇ ਨਾਲ ਡਾਕਟਰ ਚਰਨਜੀਤ ਨੇ ਗੰਭੀਰ ਬੋਲ ਬੋਲੇ ਤਾਂ ਮੇਰਾ ਸਾਰਾ ਉਤਸ਼ਾਹ ਜਾਂਦਾ ਰਿਹਾ।

ਉਹ ਉੱਠ ਕੇ ਮੇਰੀ ਪਿੱਠ ਪਿੱਛੇ ਆ ਕੇ ਖਲੋ ਗਿਆ। ਮੇਰੇ ਦੋਵੇਂ ਮੋਢਿਆਂ 'ਤੇ ਹੱਥ ਰੱਖ ਕੇ ਸਮਝਾਉਣ ਲੱਗਿਆ।

"ਦਿਆਲ...! ਵੇਖ, ਜਿੰਨਾ ਵੱਧ ਤੋਂ ਵੱਧ ਜ਼ੋਰ ਅਸੀਂ ਤੇਰੀ ਸਪਰਮ ਮੋਟਿਲਿਟੀ ਵਧਾਉਣ 'ਤੇ ਲਾ ਸਕਦੇ ਸੀ, ਉਸ ਤੋਂ ਵੀ ਸ਼ਾਇਦ ਦੱਸ-ਪੰਦਰਾਂ ਪਰਸੈਂਟ ਵੱਧ ਹੀ ਲਗਾਇਆ ਹੈ। ਪਰ ਕੋਈ ਇਮਪਰੂਵਮੈਂਟ ਨਹੀਂ ਹੋਈ," ਡਾਕਟਰ ਚਰਨਜੀਤ ਦਾ ਹਉਕੇ ਵਰਗਾ ਲੰਮਾਂ ਸਾਹ ਜਿਵੇਂ ਸਾਰੇ ਕਮਰੇ ਵਿਚ ਫ਼ੈਲ ਗਿਆ।

"ਤਾਂ ਕੀ... ਮੈਂ ਸਾਰੀ ਉਮਰ... ਬਾਪ... ਨ... ਹੀਂ... ??"

ਮੇਰਾ ਉਤਰਿਆ ਚਿਹਰਾ ਵੇਖ ਕੇ ਉਸਨੇ ਅਣਕਿਹਾ ਪ੍ਰਸ਼ਨ ਮੇਰੀਆਂ ਅੱਖਾਂ ਵਿਚੋਂ ਪੜ੍ਹ ਲਿਆ।

"ਯਾਰ ਨਿਰਾਸ਼ ਹੋਣ ਦੀ ਲੋੜ ਨਹੀਂ। ਕੁਦਰਤ ਬੜੀ ਬੇਅੰਤ ਹੈ ਤੇ ਸਾਇੰਸ ਉਸ ਤੋਂ ਵੀ ਜ਼ਿਆਦਾ, ਮੈਨੀਟਾਈਮਜ਼ ਮਿਰੇਕਲਜ਼ ਹੈਪਨਜ਼। ਉਨ੍ਹਾਂ 'ਤੇ ਭਰੋਸਾ ਰੱਖ। ਤੇਰਾ ਨਾ ਸਹੀ, ਤੇਰੀ ਬੀਵੀ ਦੇ ਤਾਂ ਬੱਚਾ ਹੋ ਸਕਦਾ। ਤੈਨੂੰ ਤੇ ਬੱਚੇ ਨਾਲ਼ ਮਤਲਬ ਏ ਨਾ, ਆਪਾਂ ਪਾਲੀ ਨੂੰ ਕੁੱਝ ਦੱਸਾਂਗੇ ਹੀ ਨਹੀਂ .....ਤੂੰ ਉਸਨੂੰ ਆਈ. ਵੀ. ਐਫ਼. ਲਈ ਰਾਜ਼ੀ ਕਰ ਲੈ। ਉਸਨੂੰ ਇਹੀ ਦੱਸਾਂਗੇ ਕਿ ਨੈਚੂਰਲ ਨਹੀਂ ਤਾਂ ਆਰਟੀਫੀਸ਼ਲੀ ਐਂਬਰੀਓ ਟਰਾਂਸਫਰ ਕਰ ਲੈਨੇ ਹਾਂ । ਉਹ ਤਾਂ ਆਪਣੇ ਵੱਲੋਂ ਤੇਰੇ ਹੀ ਬੱਚੇ ਦੀ ਮਾਂ ਬਣੇਗੀ ਨਾ .....। ਕਮ ਆਨ ਯਾਰ! ਗਿਵ ਮੀ ਯੂਅਰ ਸਮਾਈਲ! ਤੇਰਾ ਕਾਨਫੀਡੈਂਸ .....ਤੂੰ .....ਸੱਭ ਉਵੇਂ ਹੀ ਰਹੇਗਾ, ਜਿਵੇਂ ਹੈ .....!!" ਡਾਕਟਰ ਨੇ ਜਿਵੇਂ ਟੈਸਟ ਟਿਊਬ ਬੇਬੀ ਦੀ ਐਡਵਾਂਸ ਤਕਨੀਕ ਲਈ ਜਾਲ ਸੁੱਟਿਆ।

ਮੇਰੇ ਵੇਖਦਿਆਂ-ਵੇਖਦਿਆਂ ਡਾਕਟਰ ਨੇ ਦਰਾਜ ਵਿਚੋਂ ਆਈ. ਵੀ. ਐਫ਼. ਦੇ ਸਾਰੇ ਖਰਚੇ ਦੀ ਪਰਚੀ ਮੇਰੀ ਰਿਪੋਰਟ ਵਾਲੇ ਲਿਫ਼ਾਫ਼ੇ ਨਾਲ਼ ਪਾਈ ਤੇ ਇਸ ਅੰਦਾਜ਼ ਨਾਲ ਫੜਾਈ ਕਿ 'ਮੈਂ ਹੁਣ ਇੱਥੋਂ ਤੁਰਦਾ ਹੋਵਾਂ'।

ਕਲੀਨਿਕ ਦੇ ਬਾਹਰ ਮੈਂ ਕਈ ਚਿਰ ਡਾਕਟਰ ਦੀਆਂ ਕਹੀਆਂ ਗੱਲਾਂ ਦੀ ਪਰਕਰਮਾ ਕਰਦਾ ਰਿਹਾ। ਸਕੂਟਰ ਨੂੰ ਕਿੱਕ ਮਾਰੀ ਤੇ ਫਿਰ ਮੈਂ ਨਜ਼ਦੀਕ ਹੀ ਕੰਪਨੀ ਬਾਗ਼ ਦੀ ਫਿਰਨੀ 'ਤੇ ਗਿਰਦਾਵਰੀ ਕਰਦਾ ਰਿਹਾ। ਜਿਵੇਂ-ਜਿਵੇਂ ਮੈਂ ਰੇਸ ਦੇ ਕੇ ਸਕੂਟਰ ਅਗਾਂਹ ਚਲਾਉਂਦਾ ਗਿਆ, ਉਵੇਂ-ਉਵੇਂ ਜ਼ਿੰਦਗੀ ਦੇ ਬੀਤੇ ਹੋਏ ਸਾਲ ਪਿਛਾਂਹ ਨੂੰ ਤੁਰਦੇ ਗਏ।

ਪੰਜ ਸਾਲ ਤੋਂ ਵੱਧ ਹੋ ਗਏ ਨੇ, ਮੇਰੇ ਤੇ ਪਾਲੀ ਦੇ ਵਿਆਹ ਨੂੰ।

ਜਦੋਂ ਮੈਂ ਪਹਿਲੀ ਵਾਰ ਪਾਲੀ ਨੂੰ ਵੇਖਿਆ ਸੀ ਤਾਂ ਵੇਖਦਾ ਰਹਿ ਗਿਆ ਸੀ।

ਏਨੀ ਸਮਾਰਟ ਕੁੜੀ..., ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਵੇਖੀ ਸੀ। ਰੁਹਬਦਾਰ, ਧੜੱਲੇਦਾਰ...!! ਅਜਿਹੀ ਕਿ ਜੇ ਕੋਈ ਉਸਨੂੰ ਇੱਕ ਵਾਰੀ ਮਿਲੇ ਤਾਂ ਵਾਰ-ਵਾਰ ਮਿਲਣਾ ਚਾਹੇ। ਸਰੀਰ ਤੇ ਸੁਭਾ ਬਿਲਕੁਲ ਇੱਕੋ ਜਿਹੇ..ਖੁੱਲ੍ਹੇ-ਡੁੱਲ੍ਹੇ...!! ਸ਼ੌਂਕ ਤੇ ਸਲੀਕੇ ਨਾਲ ਭਰਪੂਰ। ਮੈਂ ਅਕਸਰ ਸੋਚਦਾ ਕਿ ਅਸੀਂ ਜੇ ਜ਼ਿੰਦਗੀ ਨੂੰ ਚੁਟਕੀ ਭਰ ਵੀ ਜਿਊਨੇ ਹਾਂ ਤਾਂ ਪਾਲੀ ਬੁੱਕਾਂ ਭਰ-ਭਰ ਜਿਊਣ ਵਾਲੀ ਕੁੜੀ ਸੀ।

ਪਾਲੀ ਦੇ ਘਰ ਪੈਰ ਪਾਉਂਦਿਆਂ ਹੀ ਜਿਵੇਂ ਹਰ ਬੇਜਾਨ ਸ਼ੈਅ ਵੀ ਧੜਕਣ ਲੱਗ ਪਈ ਸੀ। ਮੰਮੀ, ਮੇਰਾ ਛੋਟਾ ਭਰਾ ਰਵੀ ਤੇ ਮੈਂ..., ਅਸੀਂ ਪਹਿਲਾਂ ਕਦੇ ਏਨੇ ਉਤਸ਼ਾਹ ਨਾਲ ਨਹੀਂ ਸੀ ਜੀਵੇ...!!

ਜਿੰਨੀ ਖ਼ੂਬਸੂਰਤ ਪਾਲੀ ਕੱਪੜਿਆਂ ਨਾਲ ਲੱਗਦੀ। ਉਸ ਤੋਂ ਵੱਧ ਖ਼ੂਬਸੂਰਤ ਉਹਨਾਂ ਤੋਂ ਬਿਨਾਂ ਲੱਗਦੀ। ਚਾਨਣੀ ਵਿਚ ਧੋਤੀ ਹੋਈ। ਮੇਰੀ ਸੇਜ, ਮੇਰੀ ਰੂਹ ਉਹਦੀ ਰੌਸ਼ਨੀ ਨਾਲ ਚਾਨਣ-ਚਾਨਣ ਹੋ ਜਾਂਦੀ।

ਇੰਜ ਚਾਵਾਂ ਨਾਲ ਜਿਊਂਦਿਆਂ ਦੋ-ਤਿੰਨ ਸਾਲ ਤਾਂ ਜਿਵੇਂ ਚੁਟਕੀ ਵਜਾਉਂਦਿਆਂ ਹੀ ਬੀਤ ਗਏ।

ਫਿਰ ਆਇਆ ਦੌਰ ਬਦਲਾਅ ਦਾ।

'ਬੱਚਾ ਕਿਉਂ ਨ੍ਹੀ ਹੋਇਆ...? ਬੱਚਾ ਕਿਉਂ ਨਹੀਂ ਕਰਦੇ...? ਕੀ ਗੱਲ ਬਹੂ ਜ਼ਿਆਦਾ ਪੜ੍ਹੀ ਲਿਖੀ ਹੈ? ਭੈਣ ਜੀ! ਨਿਆਣੇ ਨਾਲ ਤੁਸੀਂ ਵੀ ਰੁੱਝ ਜਾਉਗੇ ਤੇ ਬਹੂ ਵੀ...॥'

ਮੰਮੀ ਤੇ ਆਂਢ-ਗੁਆਂਢ ਦੀਆਂ ਸਹੇਲੀਆਂ ਦਾ ਪਰੈਸ਼ਰ ਵੱਧਦਾ ਤਾਂ ਉਹ ਪਾਲੀ ਤੇ ਉਲੱਦ ਦਿੰਦੇ।

ਇਹ ਨਹੀਂ ਕਿ ਅਸੀਂ ਬੱਚਾ ਨਹੀਂ ਸੀ ਚਾਹੁੰਦੇ। ਪਾਲੀ ਤੇ ਮੈਂ ਵੀ ਮਾਪੇ ਬਣਨਾ ਚਾਹੁੰਦੇ ਸੀ ਪਰ ਪਾਲੀ ਦੇ ਕਦੇ ਦਿਨ ਹੀ ਨਹੀਂ ਸੀ ਚੜ੍ਹੇ।

ਅੱਜਕੱਲ੍ਹ ਪਾਲੀ ਦੀ ਆਪਣੀ ਮੰਮੀ ਨੇ ਵੀ ਬੱਚਾ ਪਲੈਨ ਕਰਨ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ ਸੀ।

ਪਾਲੀ ਵੀ ਹੁਣ ਹੇਰਵਾ ਕਰਨ ਲੱਗੀ ਸੀ। ਉਹ ਜਿੱਥੇ ਕਿਸੇ ਦਾ ਬੱਚਾ ਖੇਡਦਾ ਵੇਖਦੀ, ਉਸਨੂੰ ਆਪ ਖਿਡਾਉਣ ਲੱਗਦੀ। ਇਸ ਤਰ੍ਹਾਂ ਉਸਨੇ ਕਿੰਨ੍ਹੀਆਂ ਹੀ ਸਹੇਲੀਆਂ ਬਣਾ ਲਈਆਂ ਸਨ।

ਬਾਹਰ ਗਲੀ ਵਿਚ ਖੇਡਦੇ ਬਾਲਾਂ ਲਈ ਚਾਕਲੇਟਾਂ ਲੈ ਆਉਂਦੀ, ਉਨ੍ਹਾਂ ਨੂੰ ਸ਼ਰਬਤ ਬਣਾ ਕੇ ਪਿਆ ਦਿੰਦੀ। ਗੇਂਦ ਲਿਆ ਦਿੰਦੀ। ਉਨ੍ਹਾਂ ਨਾਲ ਕਈ ਵਾਰ ਆਪ ਵੀ ਖੇਡਣ ਲੱਗ ਜਾਂਦੀ।

ਆਖਰਕਾਰ ਡਾਕਟਰ ਚਰਨਜੀਤ ਦੇ ਕਲੀਨਿਕ ਜਾਣ ਦੀ ਸਲਾਹ ਬਣੀ। ਇਹ ਨਾਂ ਸਾਡੇ ਫ਼ੈਮਲੀ ਡਾਕਟਰ ਨੇ ਸੁਝਾਇਆ ਸੀ।

ਡਾਕਟਰ ਚਰਨਜੀਤ, ਸ਼ਹਿਰ ਦਾ ਨਾਮੀ ਟੈਸਟ ਟਿਊਬ ਬੇਬੀ ਸਪੈਸ਼ਲਿਸਟ।

ਡਾਕਟਰ ਚਰਨਜੀਤ ਨੇ ਸਾਡੇ ਦੋਹਾਂ ਦੇ ਟੈਸਟ ਕਰਵਾਏ। ਪਾਲੀ ਦੀਆਂ ਟਿਊਬਾਂ ਟੈਸਟ ਕਰਾਈਆਂ ਗਈਆਂ। ਪਾਲੀ ਦੀਆਂ ਰਿਪੋਰਟਾਂ ਨਾਰਮਲ ਸਨ ਪਰ ਉਸਦੀ ਓਵਰੀ ਦਾ ਅਗਲਾ ਹਿੱਸਾ ਖੁੱਲ੍ਹਾ ਸੀ ਜਿਸ ਕਰਕੇ ਗਰਭ ਨਹੀਂ ਠਹਿਰਦਾ ਸੀ।

ਹੁਣ ਵਾਰੀ ਮੇਰੀ ਸੀ।

ਮੇਰੇ ਟੈਸਟਾਂ ਦੀਆਂ ਰਿਪੋਰਟਾਂ ਬਾਰੇ ਮੈਂ ਹਮੇਸ਼ਾ ਫਿਕਰਮੰਦ ਰਹਿੰਦਾ। ਕੁੱਝ ਰਿਪੋਰਟ ਤਾਂ ਉਸੇ ਦਿਨ ਆ ਗਈਆਂ, ਜੋ ਠੀਕ ਸਨ। ਸਪਰਮ ਮੋਟਿਲਿਟੀ ਦੀ ਰਿਪੋਰਟ ਦੋ ਦਿਨ ਬਾਦ ਮਿਲਣੀ ਸੀ। ਮੈਂ ਜਦੋਂ ਇਸ ਬਾਰੇ ਸੋਚਦਾ ਤਾਂ ਦਿਲ ਹੀ ਦਿਲ ਵਿਚ ਅਰਦਾਸ ਕਰਦਾ ਕਿ ਮੇਰੀ ਰਿਪੋਰਟ ਨਾਰਮਲ ਹੋਵੇ। ਮੈਂ ਜਿਵੇਂ ਸਾਰਾ ਦੋਸ਼ ਪਾਲੀ ਦੇ ਸਿਰ ਮੜ੍ਹ ਦੇਣਾ ਚਾਹੁੰਦਾ। ਕਿਧਰੇ ਮੈਂ ਆਪਣੀ ਮਰਦਾਵੀਂ ਹਉਂ ਨੂੰ ਟੁੱਟਣ ਤੋਂ ਬਚਾਉਣਾ ਚਾਹੁੰਦਾ ਸੀ। ਕਿੰਨਾ ਖ਼ੁਦਗਰਜ਼ ਹੁੰਦਾ ਏ, ਬੰਦਾ .....!

ਪਰ ਅਜਿਹਾ ਨਾ ਹੋਇਆ।

ਮੇਰਾ ਨਾ ਸਿਰਫ਼ ਸਪਰਮ ਕਾਊਂਟ ਘੱਟ ਸੀ, ਮੋਟਿਲਿਟੀ ਵੀ ਕੁੱਝ ਖ਼ਾਸ ਨਹੀਂ ਸੀ। ਦਵਾਈ ਖਾਣੀ ਪੈਣੀ ਸੀ।

'ਉਹ .....!!' ਅਚਾਨਕ ਅੱਗੇ ਆ ਗਈ ਰੇਹੜੀ ਨੇ ਜਿਵੇਂ ਬਿਰਤੀ ਮੋੜ ਲਿਆਂਦੀ ਹੈ।

ਘੜੀ ਵੱਲ ਧਿਆਨ ਗਿਆ ਤਾਂ ਖਿਆਲ ਆਇਆ ਕਿ ਪਾਲੀ ਉਡੀਕ ਰਹੀ ਹੋਵੇਗੀ। ਫਿਰ ਜਿਵੇਂ ਵਾਹੋਦਾਹੀ ਸਕੂਟਰ ਚਲਾ ਕੇ ਘਰ ਪਹੁੰਚਦਾ ਹਾਂ।

ਸਰੀਰ ਨੂੰ ਬੜੀ ਮੁਸ਼ਕਿਲ ਇਕੱਠਾ ਜਿਹਾ ਕਰਕੇ ਮੈਂ ਬੈੱਲ ਦਿੱਤੀ।

ਮੰਮੀ ਤਾਂ ਜਿਵੇਂ ਮੇਰੀ ਹੀ ਉਡੀਕ ਕਰ ਰਹੇ ਹੋਣ, ਇੰਜ ਧਾਅ ਕੇ ਮਿਲੇ।

"ਦਿਆਲ...ਲ...! ਪੁੱਤ, ਰੱਬ ਸਾਨੂੰ ਬਹੁੜ ਪਿਆ। ਤੂੰ ਪਾਪਾ ਬਣਨ ਵਾਲਾ ਏਂ। ਮੈਂ... ਮੈਂ ਦਾਦੀ ਬਣਨ ਵਾਲੀ ਪੁੱਤ..ਦਾਦੀ, " ਮੰਮੀ ਨੇ ਦੋਵ੍ਹਾਂ ਹੱਥਾਂ ਵਿਚ ਫੜ ਕੇ ਮੇਰਾ ਮੂੰਹ ਇੰਜ ਚੁੰਮ ਲਿਆ ਜਿਵੇਂ ਮੈਂ ਉਹਨਾਂ ਦਾ ਪੁੱਤ ਨਹੀਂ ਬਲਕਿ ਪੋਤਰਾ ਹੀ ਹੋਵਾਂ।

ਉਹ ਅੰਦਰ ਚਲੇ ਗਏ ਹਨ।

ਮੈਂ ਗੇਟ ਦੇ ਹੋੜੇ 'ਤੇ ਹੱਥ ਪਾਈ ਖੜ੍ਹਾ ਹਾਂ।

'ਯਾਰ, ਕਿੰਨੀ ਕੁ ਔਖੀ ਗੱਲ ਏ... ਟੈਸਟ ਟਿਊਬ.... ਆਈ. ਵੀ. ਐੱਫ਼. ਤਾਂ ਉਸ ਤੋਂ ਵੀ ਐਡਵਾਂਸ ਏ..ਪਾਲੀ ਨੂੰ...ਸਾਰੀ ਉਮਰ...ਨਹੀਂ...ਲੱਗੇਗਾ। ਉਹ...ਤਾਂ ਉਸ...ਬੱਚੇ ਨੂੰ...ਆਪਣਾ ਤੇ...ਤੇਰਾ ਬੱਚਾ ਹੀ ਸਮਝੇਗੀ... ,' ਚਰਨਜੀਤ ਦੇ ਬੋਲ ਸਿਰ ਵਿਚ ਵਦਾਨ ਵਾਂਗ ਸੱਟਾਂ ਮਾਰ ਰਹੇ ਹਨ।

'ਸੌਰੀ ਯਾਰ ..... ਮੋਟਿਲਿਟੀ ..... ਵੱਧ ਜ਼ੋਰ ..... ਪਰ ..... ਗੱਲ ਨਹੀਂ .....ਬਣੀ' ਚਰਨਜੀਤ ਦੀਆਂ ਵਰਾਛਾਂ ਫੈਲਦੀਆਂ ਜਾਂਦੀਆਂ ਹਨ। ਉਹਦੇ ਪੀਲੇ ਜਿਹੇ ਦੰਦਾਂ 'ਚੋਂ ਥੁੱਕ ਬਾਹਰ ਡਿੱਗਦਾ ਤੇ ਮੇਰੇ ਚਿਹਰੇ 'ਤੇ ਪਈ ਜਾਂਦਾ ਹੈ।

'ਤੂੰ ਤੇ ਪਾਲੀ ..... ਮਾਪੇ ..... ਪਾਪਾ ਬਣਨ ਵਾਲਾ ..... ਦਾਦੀ .....ਰੱਬ ਬਹੁੜ ਪਿਆ ਪੁੱਤ!!' ਚਰਨਜੀਤ ਤੇ ਮੰਮੀ ਦੇ ਸੰਵਾਦਾਂ ਦਾ ਜਿਵੇਂ ਕੰਪੀਟੀਸ਼ਨ ਹੋ ਰਿਹਾ ਹੋਵੇ।

ਮੈਂ ਪੈਰ ਪੁੱਟਣ ਦੀ ਕੋਸ਼ਿਸ਼ ਕਰਦਾ ਹਾਂ। ਅੰਦਰ ਜਾਣ ਦੀ ਉੱਕਾ ਹੀ ਰੂਹ ਨਹੀਂ ਰਹੀ। ਸਰੀਰ ਝੂਠਾ ਜਿਹਾ ਪਈ ਜਾਂਦਾ ਹੈ। ਅੰਦਰ ਜਾ ਕੇ ਮੇਰਾ ਕੀ ਰੀਐਕਸ਼ਨ ਹੋਣਾ ਚਾਹੀਦਾ ..ਕੀ ਕਰੂੰਗਾ ..ਕੀ ਕਹੂੰਗਾ ??

'ਪਾਲੀ ਪਰੈਗਨੈਂਟ ਕਿਵੇਂ ਹੋ ਸਕਦੀ ਹੈ? ..... ਹੈਂ !!' ਮੇਰਾ ਅੰਦਰ ਮੈਨੂੰ ਕੋਈ ਜਵਾਬ ਨਹੀਂ ਦਿੰਦਾ।

'ਭੁਲੇਖਾ ਪਿਆ ਹੋਣਾ ਮੰਮੀ ਨੂੰ ਤੇ ਜਾਂ ਪਾਲੀ ਨੂੰ,' ਮੈਂ ਆਪਣੇ ਆਪ ਨੂੰ ਸਮਝੌਤੀਆਂ ਦੇਈ ਜਾਂਦਾ ਹਾਂ।

'ਮੇਰੀ ਤੇ ਪਾਲੀ ਦੀ ਰਿਲੇਸ਼ਨ ਫਰੀਕਵੈਂਸੀ ਵੀ ਏਨੀ ਨਹੀਂ ਰਹੀ, ਅੱਜਕੱਲ੍ਹ', ਮੈਨੂੰ ਖ਼ਿਆਲ ਆਇਆ ਕਿ ਹੁਣ

ਤਾਂ ਕਈ ਵਾਰ ਮੈਂ ਪਾਲੀ ਨਾਲ ਜਾਣ-ਬੁੱਝ ਕੇ ਖਿੱਝ ਜਾਂਦਾ ਹਾਂ ਤੇ ਉਸਦੇ ਬੈੱਡ 'ਤੇ ਪੈਣ ਤੋਂ ਪਹਿਲਾਂ ਹੀ ਗੂੜ੍ਹੀ ਨੀਂਦੇ ਸੁੱਤੇ ਹੋਣ ਦੀ ਐਕਟਿੰਗ ਕਰਦਾ ਰਹਿਨਾਂ।

'ਪਾਲੀ ! ਮੈਂ ਨਹੀਂ ਡਾਕਟਰਾਂ ਦੇ ਡੋਅਜ਼ ਦੇ ਹਿਸਾਬ ਨਾਲ ਜ਼ਿੰਦਗੀ ਜਿਊਂ ਸਕਦਾ, ਇੰਜ ਲੱਗਦੈ ਸਾਲ਼ਿਆਂ ਨੇ ਸਾਡੀ ਖ਼ੁਸ਼ੀ-ਗ਼ਮੀ ਨੂੰ ਵੀ ਕਿਸੇ ਟਾਈਮ-ਟੇਬਲ ਵਿਚ ਬੰਨ੍ਹ ਦਿੱਤਾ ਹੋਵੇ,' ਮੇਰੇ ਕਹੇ ਦਾ ਪਾਲੀ ਨੇ ਗੁੱਸਾ ਕਰ ਲਿਆ ਸੀ।

ਅਗਲੇ ਦਿਨ ਫਿਰ ਉਹੀ ਮਸਲਾ ਸੀ।

'ਸਾਲ਼ੀ ! ਲਾਈਫ਼ 'ਚ ਇੰਜਾਏਮੈਂਟ ਕੋਈ ਨਹੀਂ ਰਹਿ ਗਈ,' ਸੁਣ ਕੇ ਪਾਲੀ ਦੀਆਂ ਅੱਖਾਂ ਵਿਚ ਜਿਵੇਂ ਬੇਬਸੀ ਦਾ ਪਾਣੀ ਤੈਰ ਗਿਆ ਸੀ।

ਮੈਂ ਭਾਰੇ ਕਦਮਾਂ ਨਾਲ ਅੰਦਰ ਆ ਗਿਆ ਹਾਂ।

ਪਾਲੀ ਸੋਫ਼ੇ 'ਤੇ ਢੋਅ ਲਾਈ ਅਰਾਮ ਨਾਲ ਬੈਠੀ ਹੈ। ਮੇਰੇ ਚਿਹਰੇ ਵੱਲ ਵੇਖ ਕੇ ਉਸਦੇ ਭਾਵ ਬਦਲਦੇ ਹਨ।

'ਸ਼ਾਇਦ ਫੇਕ ਪਰੈਗਨੈਂਸੀ ਹੋਏ', ਇਹ ਮੈਂ ਚਾਹੁੰਦੇ ਹੋਏ ਵੀ ਨਹੀਂ ਕਹਿ ਸਕਦਾ। ਇਸ ਲਈ ਉਸਨੂੰ ਪੁੱਛਦਾ ਹਾਂ, "ਤੈਨੂੰ ਕਿਵੇਂ ਪਤਾ ਲੱਗਾ....., ਦੈਟ ਯੂ ਆਰ ਪਰੈਗਨੈਂਟ?"

ਪਾਲੀ ਜਿਵੇਂ ਇਹੀ ਸਵਾਲ ਉਡੀਕਦੀ ਸੀ।

"ਦਿਆਲ ! ਅਸੀਂ ਘਰੇ ਕਿੱਟ ਲਿਆ ਕੇ ਟੈਸਟ ਕੀਤਾ ਹੈ। ਪਾਜ਼ਿਟਿਵ ਆਇਆ ਤਾਂ ਅਸੀਂ ਡਾਕਟਰ ਰਾਖੀ ਦੀ ਅਪਾਇੰਟਮੈਂਟ ਲੈ ਲਈ, ਕੱਲ੍ਹ ਸਵੇਰ ਦੀ," ਪਾਲੀ ਦੇ ਹਰ ਸ਼ਬਦ ਵਿਚ ਚਾਅ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ।

'ਡਾਕਟਰ ਚਰਨਜੀਤ ਦੀ ਕਿਉਂ ਨਹੀਂ ਲਈ?' ਇਹ ਗੱਲ ਵੀ ਹਲ਼ਕ ਵਿਚ ਅਟਕੀ ਰਹਿ ਜਾਂਦੀ ਹੈ।

ਮੈਂ ਜਾਣਦਾ ਹਾਂ ਕਿ ਸਾਹਮਣੇ ਘਰ ਰਹਿੰਦੇ ਲੀਲ੍ਹਾ ਆਂਟੀ ਦੀ ਨੂੰਹ ਪ੍ਰੀਤੀ, ਪਾਲੀ ਦੀ ਸਹੇਲੀ ਹੈ। ਉਸਦੇ ਦੋਵੇਂ ਬੱਚੇ ਡਾਕਟਰ ਰਾਖੀ ਦੀ ਦੇਖ-ਰੇਖ ਵਿਚ ਹੋਏ ਸਨ।

"ਪ੍ਰੀਤੀ ਬੜੇ ਦਿਨਾਂ ਤੋਂ ਕਹਿ ਰਹੀ ਸੀ ਕਿ ਤੇਰੇ ਸਿਮਪਟਮਸ ਲੱਗਦੇ ਐ, ਇਸੇ ਲਈ ਟੈਸਟ ਕਿੱਟ ਲਿਆਂਦੀ .....ਤੇ ਉਸੇ ਨੇ ਡਾਕਟਰ ਰਾਖੀ ਦੀ ਅਪਾਇੰਟਮੈਂਟ ਵੀ ਲੈ ਕੇ ਦਿੱਤੀ", ਪਾਲੀ ਪੂਰੇ ਜੋਸ਼ ਨਾਲ ਵਖਿਆਨ ਕਰ ਰਹੀ ਹੈ।

ਉਹ ਇਹ ਵੀ ਭੁੱਲ ਚੁੱਕੀ ਹੈ ਕਿ ਮੈਂ ਡਾਕਟਰ ਕੋਲ ਰਿਪੋਰਟ ਵਿਖਾਉਣ ਜਾਣਾ ਸੀ।

ਪਾਲੀ ਖ਼ੁਸ਼ ਹੈ, ਮੈਂ ਉਦਾਸ ਹਾਂ।

'ਕਿਵੇਂ ਰੀਐਕਟ ਕਰਾਂ, ਸਿਚੂਏਸ਼ਨ ਕਿਵੇਂ ਟੈਕਲ ਕਰਾਂ .....ਸਮਝ ਨਹੀਂ ਪੈ ਰਹੀ'। ਡਾਕਟਰ ਚਰਨਜੀਤ ਤੇ ਪਾਲੀ ਦੀਆਂ ਗੱਲਾਂ ਨੇ ਅੰਦਰ ਘਮਸਾਨ ਮਚਾ ਰੱਖਿਆ ਹੈ। ਕਦੇ ਕੋਈ ਸੱਚਾ ਲੱਗਣ ਲੱਗ ਪੈਂਦਾ ਹੈ ਤੇ ਕਦੇ ਕੋਈ ਝੂਠਾ।

'ਜੇ ਮੈਂ ਪਾਲੀ ਨੂੰ ਰਿਪੋਰਟ ਬਾਰੇ ਦੱਸ ਦਿਆਂ ਤਾਂ .....ਜੋ ਖਲਾਰਾ ਖਿੱਲਰਨਾ ਹੈ ਉਹ ਮੈਥੋਂ ਸਮੇਟਿਆ ਨਹੀਂ ਜਾਣਾ,' ਇਸ ਲਈ ਚੁੱਪ ਕਰ ਜਾਂਦਾ ਹਾਂ।

"ਤੁਸੀਂ ਸਵੇਰੇ ਛੁੱਟੀ ਲੈ ਲਿਓ, ਆਪਾਂ ਡਾਕਟਰ ਰਾਖੀ ਦੇ ਜਾਵਾਂਗੇ," ਪਾਲੀ ਉਤਸ਼ਾਹ ਨਾਲ ਆਖਦੀ ਹੈ।

"ਠੀਕ .....ਐ," ਮੈਂ ਮਰੇ ਜਿਹੇ ਬੋਲਾਂ ਨਾਲ ਪੈੱਗ ਬਣਾਉਣ ਲਈ ਰਸੋਈ 'ਚ ਤੁਰ ਜਾਂਦਾ ਹਾਂ।

ਚਾਰੇ ਹਾੜੇ ਪੀਂਦਿਆਂ ਵਾਰ-ਵਾਰ ਮੇਰੀ ਨਜ਼ਰ ਲਾਗੇ ਬੈਠੀ ਪਾਲੀ ਦੇ ਪੇਟ 'ਤੇ ਜਾਈ ਜਾਂਦੀ ਹੈ। ਦੋ ਕੁ ਵਾਰ ਪਾਲੀ ਦੀ ਨਜ਼ਰ ਮੇਰੀ ਘੂਰਦੀ ਨਜ਼ਰ ਨਾਲ ਟਕਰਾਈ ਤਾਂ ਮੈਂ ਜਿਵੇਂ ਕੱਚਾ ਜਿਹਾ ਹੋ ਗਿਆ ਹਾਂ।

ਸਾਰੀ ਰਾਤ ਮੈਂ ਆਪਣੇ ਆਪ ਨੂੰ ਸਵਾਉਣ ਦੀ ਅਸਫ਼ਲ ਕੋਸ਼ਿਸ਼ ਕਰਦਾ ਰਿਹਾ। ਸਵੇਰੇ ਮੇਰੇ ਜਾਗਣ ਤੋਂ ਪਹਿਲਾਂ ਹੀ ਮੰਮੀਂ ਤੇ ਪਾਲੀ ਨੇ ਘਰ ਦੇ ਸਾਰੇ ਕੰਮ ਮੁਕਾ ਲਏ ਸਨ। ਉਹ ਮੇਰੇ ਤਿਆਰ ਹੋਣ ਦੀ ਇੰਤਜ਼ਾਰ ਵਿਚ ਸਨ। ਮੈਂ ਜੱਕੋਤੱਕੀ ਵਿਚ ਉਨ੍ਹਾਂ ਨਾਲ ਡਾਕਟਰ ਰਾਖੀ ਦੇ ਕਲੀਨਿਕ ਤੁਰ ਪਿਆ ।

ਸਾਰੇ ਚੈਕਅੱਪ, ਅਲਟਰਾਸਾਊਂਡ ਤੇ ਟੈਸਟਾਂ ਤੋਂ ਪਾਲੀ ਦੀ ਪੌਜ਼ਿਟਿਵ ਰਿਪੋਰਟ ਨੂੰ ਹਰੀ ਝੰਡੀ ਮਿਲ ਗਈ ਹੈ।

ਤਾਂ ਪਾਲੀ ਤਿੰਨ ਮਹੀਨੇ ਦੀ ਪਰੈਗਨੈਂਟ ਹੈ।

ਮੈਨੂੰ ਯਾਦ ਆਉਂਦਾ ਹੈ ਕਿ ਪਿਛਲੇ ਦੋ ਕੁ ਸਾਲਾਂ ਤੋਂ ਲਗਾਤਾਰ ਟਰੀਟਮੈਂਟ ਕਰਵਾਉਣ ਦੇ ਚੱਕਰ ਵਿਚ ਪਾਲੀ ਦੇ

ਹਾਰਮੋਨ ਡਿਸਟਰਬ ਹੋ ਗਏ ਹਨ।ਪੀਰੀਅਡ ਸਾਈਕਲ ਵਿਗੜ ਗਿਆ ਹੈ।

"ਫ਼ੇਕ ਪਰੈਗਨੈਂਸੀ ਦੀ ਕੋਈ ਗੁੰਜਾਇਸ਼ ਹੀ ਨਹੀਂ, ਔਹ ਵੇਖੋ! ਕਲੀਅਰ ਰਿਪੋਰਟ ਐ, ਬੱਸ! ਧਿਆਨ ਬਹੁਤ ਰੱਖਣਾ ਪਏਗਾ।ਉਸਦੇ ....ਘਰ ਦੇਰ ਹੈ, ਹਨੇਰ ਨਹੀਂ," ਡਾਕਟਰ ਰਾਖੀ ਦੀ ਅਸਮਾਨ ਵੱਲ ਨੂੰ ਉੱਠੀ ਉਂਗਲ ਮੈਨੂੰ ਕਿਸੇ ਪਹੁੰਚੇ ਹੋਏ ਸੰਤ ਮਹਾਤਮਾ ਵਰਗੀ ਲੱਗੀ, ਜਿਸਨੇ ਦਰ 'ਤੇ ਆਏ ਬੈਠੇ ਸਵਾਲੀ ਦੇ ਦਿਲ ਦੇ ਸਾਰੇ ਪ੍ਰਸ਼ਨ ਜਾਣ ਲਏ ਹੋਣ।

'ਮੈਂ ਨਹੀਂ ਜਾਣਦਾ ਕਿਉਂ ਪਰ ਮੈਨੂੰ ਇਤਬਾਰ ਨਹੀਂ ਹੋ ਰਿਹਾ'।

ਸ਼ਾਮੀਂ ਫਿਰ ਮੈਂ ਡਾਕਟਰ ਚਰਨਜੀਤ ਦੇ ਕਲੀਨਿਕ ਜਾ ਵੱਜਦਾ ਹਾਂ।

ਡਾਕਟਰ ਰਾਖੀ ਦੀਆਂ ਰਿਪੋਰਟਾਂ ਬਿਨਾਂ ਕੁੱਝ ਬੋਲਿਆਂ ਉਸਦੇ ਸਾਹਮਣੇ ਰੱਖ ਦਿੰਦਾ ਹੈ।

ਉਹ ਸ਼ਾਂਤ ਚਿੱਤ ਸਾਰੀਆਂ ਰਿਪੋਰਟਾਂ ਵੇਖਦਾ ਹੈ।

ਮੈਥੋਂ ਕੁੱਝ ਬੋਲਿਆ ਨਹੀਂ ਜਾ ਰਿਹਾ।ਗੱਚ ਭਰ-ਭਰ ਆਉਂਦਾ ਹੈ।

ਮੇਰਾ ਸਰੀਰ ਕੰਬਣ ਲੱਗਦਾ ਹੈ।

'ਰੀਲੈਕਸ ਮਾਈ ਡੀਅਰ .....!ਕੌਂਗਰੈਚੁਲੇਸ਼ਨਜ਼ .....!!" ਚਰਨਜੀਤ ਮੈਨੂੰ ਨਾਰਮਲ ਕਰਨ ਦੀ ਕੋਸ਼ਿਸ਼ ਕਰਦਾ ਹੈ।ਉਸਦੇ ਥੁੱਕ ਦੀਆਂ ਛਿੱਟਾਂ ਮੇਰੇ ਚੇਹਰੇ 'ਤੇ ਆ ਵੱਜਦੀਆਂ ਹਨ।

"ਯੂ ਆਰ ਟੇਕਿੰਗ ਇਟ ਸੋ ਲਾਈਟਲੀ ..... ਜਦਕਿ ਕੱਲ੍ਹ ਤੁਸੀਂ ਕਿਹਾ ਸੀ ਕਿ ਮੈਂ ਬਾਪ ਨਹੀਂ ਬਣ ਸਕਦਾ!!" ਮੈਥੋਂ ਤੈਸ਼ ਵਿਚ ਉੱਚੀ ਬੋਲਿਆ ਜਾਂਦਾ ਹੈ।

"ਉਹ ਤਾਂ ਮੈਂ ਹੁਣ ਵੀ ਕਹਾਂਗਾ ਕਿ ....., ਤੂੰ ਪਿਤਾ ਨਹੀਂ ਬਣ ਸਕਦਾ, ਪਰ ਪਾਲੀ ..... ਪਾਲੀ ਤਾਂ ਮਾਂ ..... ਬਣ ਸਕਦੀ ਹੈ, ਸੋ ਉਹ ਬਣਨ ਜਾ ਰਹੀ ਹੈ .....!"

ਚਰਨਜੀਤ ਗੱਲ ਮੁਕਾਉਂਦਿਆਂ ਮੈਨੂੰ ਪਾਣੀ-ਪਾਣੀ ਕਰ ਦਿੰਦਾ ਹੈ।ਉਹੀ ਪਾਣੀ ਮੇਰੀਆਂ ਅੱਖਾਂ ਵਿਚ ਤਰਲਾ ਬਣ ਕੇ ਤੈਰ ਜਾਂਦਾ ਹੈ।

"ਜੇ ਮੈਂ ਬਾਪ ਨਹੀਂ ਬਣ ਸਕਦਾ ..... ਤਾਂ ..... ਪਾਲੀ ਪਰੈਗਨੈਂਟ ਕਿੱਦਾਂ ਏ .....?"

"ਓ ਕੰਮ ਆਨ ਯਾਰ, ਤੂੰ ਏਨਾ ਵੀ ਨਾਸਮਝ ਨਹੀਂ  ਯੂ ਨੋ ਵੱਟ ਆਈ ਮੀਨ ..... ਮੋਰ ਓਵਰ ਮੈਂ ਇਹ ਵੀ ਕਿਹਾ ਸੀ ਕਿ ਮਿਰੇਕਲ ਤਾਂ ਕਦੀ ਵੀ ਹੋ ਸਕਦਾ ਏ ....., ਜਾ ਘਰ ਜਾ ..... ਜਾ ਕੇ ਸੈਲੀਬਰੇਟ ਕਰੋ ..... ਤੂੰ ਤੇ ਪਾਲੀ ਮਾਪੇ ਬਣਨ ਵਾਲੇ ਹੋ .....ਬਾਏ ਗਾਡਜ਼ ਗਰੇਸ!!" ਚਰਨਜੀਤ ਨੇ ਖੱਬੇ ਹੱਥ ਨਾਲ ਕਾਗਜ਼ ਸਮੇਟ ਕੇ ਫੜਾਏ ਹਨ ਤੇ ਸੱਜਾ ਹੱਥ ਮਿਲਾਉਣ ਲਈ ਅੱਗੇ ਵਧਾਇਆ ਹੈ।

ਪੰਦਰਾਂ-ਵੀਹਾਂ ਮਿੰਟਾਂ ਪਿੱਛੋਂ ਮੈਂ ਕੰਪਨੀ ਗਾਰਡਨ ਦੀਆਂ ਉਨ੍ਹਾਂ ਗੁਲਾਬ ਦੀਆਂ ਕਿਆਰੀਆਂ ਸਾਹਮਣੇ ਸੀ ਜਿੱਥੇ ਵਿਆਹ ਤੋਂ ਪਹਿਲਾਂ ਮੈਂ ਤੇ ਪਾਲੀ ਅਕਸਰ ਬੈਠਦੇ ਹੁੰਦੇ ਸੀ।

ਇਕ ਸ਼ਾਮ ਜਾਂਦੀ ਬਹਾਰ ਦੇ ਦਿਨੀਂ ਅਸੀਂ ਇੱਥੇ ਹੀ ਬੈਠੇ ਹੋਏ ਸੀ। ਤਿੱਖੀ ਧੁੱਪ ਲੱਗੀ ਹੋਈ ਸੀ।ਅਚਾਨਕ ਇਕ ਬੱਦਲੀ ਜਿਹੀ ਆਈ ਤੇ ਵਰ੍ਹ ਪਈ।

ਪਾਲੀ ਇਸ ਨਿੱਕੇ  ਜਿਹੇ ਬੱਦਲ ਦੇ ਟੋਟੇ ਵੱਲ ਵੇਖ ਕੇ ਬੜੇ ਸ਼ਾਇਰਾਨਾ ਅੰਦਾਜ਼ ਵਿਚ ਬੋਲੀ ਸੀ 'ਵੇਖੋ ਦਿਆਲ! ਕਿੱਥੋਂ ਤੁਰਿਆ ਹੋਊ ਇਹ ਬੱਦਲ। ਕਿਵੇਂ ਆਪਣੇ ਹਿੱਸੇ ਦਾ ਅਸਮਾਨ ਲੱਭਦਾ ਇੱਥੇ ਆ ਪਹੁੰਚਿਆ ਤੇ ਵਰ੍ਹ ਗਿਆ ਏ। ਕਿਵੇਂ ਤੱਪਦੀ ਧਰਤ ਦੀ ਰੂਹ ਨੂੰ ਠਾਰ ਗਿਆ ਏ, ਹੈਂ ਨਾ .....!'

ਉਦੋਂ ਆਪਣੀ ਹੋਣ ਵਾਲੀ ਪਤਨੀ ਦਾ ਏਨਾ ਰੁਮਾਂਟਿਕ ਮਿਜ਼ਾਜ ਵੇਖ ਕੇ ਮੈਂ ਅਸ਼-ਅਸ਼ ਕਰ ਉੱਠਿਆ ਸੀ।

ਅਸੀਂ ਵਿਆਹ ਤੋਂ ਬਾਦ ਵੀ ਅਕਸਰ ਸ਼ਾਮ ਨੂੰ ਇਸ ਜਗ੍ਹਾ ਆ ਕੇ ਬੈਠ ਜਾਂਦੇ।

ਛੁੱਟੀ ਵਾਲੇ ਦਿਨ ਕਈ ਪਰਿਵਾਰ ਆਪਣੇ ਬੱਚਿਆਂ ਨੂੰ ਖਿਡਾਉਣ ਲਈ ਇਸ ਖੁੱਲ੍ਹੀ ਥਾਂ 'ਤੇ ਲੈ ਆਉਂਦੇ।

ਕਈ ਵਾਰ ਪਾਲੀ ਉਨ੍ਹਾਂ ਬੱਚਿਆਂ ਨਾਲ ਖੇਡਦੀ-ਖੇਡਦੀ ਏਨੀ ਮਗਨ ਹੋ ਜਾਂਦੀ ਕਿ ਉਹਨੂੰ ਇਹ ਵੀ ਯਾਦ ਨਾ ਰਹਿੰਦਾ ਕਿ ਉਹਦੇ ਨਾਲ ਮੈਂ ਵੀ ਉੱਥੇ ਆਇਆ ਹੋਇਆ ਸਾਂ।

ਜਦੋਂ ਉਹ ਬੱਚਿਆਂ ਨਾਲ ਮੋਹ ਜਤਾਉਂਦੀ ਤਾਂ ਮੈਨੂੰ ਵੀ ਇਸ ਕਮੀ ਦਾ ਅਹਿਸਾਸ ਹੁੰਦਾ। ਨਹੀਂ ਤਾਂ ਮੈਨੂੰ ਲੱਗਦੈ ਕਿ ਬੱਚੇ ਦੀ ਹਸਰਤ ਮਰਦ ਵਿਚ ਏਨੀ ਤੀਬਰ ਨਹੀਂ ਹੁੰਦੀ ਜਿੰਨੀ ਔਰਤ 'ਚ ਹੁੰਦੀ ਹੈ।ਮਰਦ ਤਾਂ ਔਰਤ ਦੇ ਕਰੀਬ

ਸੈਕਸ ਲਈ ਜਾਂਦਾ ਹੈ, ਪਿਉ ਬਣਨ ਦੀ ਮਨਸ਼ਾ ਨਾਲ ਨਹੀਂ। ਸ਼ਾਇਦ ਇਹ ਮੇਰੀ ਇਕੱਲੇ ਦੀ ਸੋਚ ਹੋਵੇ .....। ਪਰ .. ਡਾਕਟਰ ਚਰਨਜੀਤ ਦੇ ਕਲੀਨਿਕ ’ਤੇ ਵੀ ਮੈਂ ਅਕਸਰ ਵੇਖਿਆ ਹੈ ਕਿ ਉਥੇ ਆਈਆਂ ਔਰਤਾਂ ਉੱਤੇ ਮਾਂ ਬਣਨ ਦਾ ਪਰੈਸ਼ਰ ਮਰਦਾਂ ਨਾਲੋਂ ਕਿਤੇ ਵੱਧ ਵਿਖਾਈ ਦਿੰਦਾ ਹੈ।

ਅਸੀਂ ਵੀ ਸਰਸਰੀ ਤੌਰ ’ਤੇ ਚੈਕਅੱਪ ਕਰਾਉਣ ਲਈ ਡਾਕਟਰ ਚਰਨਜੀਤ ਕੋਲ ਗਏ ਸੀ। ਇਹ ਮੈਡੀਕਲ ਕਾਲਜ ਗਾਇਨੀ ਦਾ ਹੈੱਡ ਸੀ। ਉਹਦਾ ਹੱਥ ਮੰਨਿਆ ਹੋਇਆ ਸੀ ਮੈਡੀਕਲ ਕਿੱਤੇ ਵਿਚ।

‘ਦਿਆਲ, ਮੈਂ ਦੁਬਾਰਾ ਨਹੀਂ ਜਾਣਾ, ਡਾਕਟਰ ਚਰਨਜੀਤ ਕੋਲ.....’ ਪਾਲੀ ਨੇ ਜਦੋਂ ਇਹ ਕਿਹਾ ਤਾਂ ਇਕ ਵਾਰੀ ਤਾਂ ਮੇਰਾ ਮੱਥਾ ਵੀ ਠਣਕਿਆ। ਮੈਂ ਕੁਨੱਖਾ ਜਿਹਾ ਉਹਦੇ ਵੱਲ ਝਾਕਿਆ ਵੀ ਸੀ।

‘ਓ ..... ਜਿਸ ਦਿਨ ..... ਓਵਰੀ ਦੇ ਮੂੰਹ ’ਤੇ ਉਹਨੇ ਟਾਂਕਾ ਲਾਇਆ ਸੀ ਨਾ ..... ਉਸ ਦਿਨ ..... ਜਦੋਂ ..... ਮੈਨੂੰ ਹੋਸ਼ ਆਈ ਤਾਂ ਜਿਵੇਂ ਸੱਭ ..... ਠੀਕ ਨਹੀਂ ਸੀ .....’ ਪਾਲੀ ਦਾ ਝੱਕਦੇ-ਝੱਕਦੇ ਬੋਲਣਾ ਜਾਰੀ ਸੀ।

‘ਮੈਨੂੰ ਇੰਜ ਲੱਗਾ ..... ਜਿਵੇਂ ਮੈਂ ਹੁਣੇ ਹੁਣੇ ..... ਆਪਣੇ ਬੈੱਡ ਵਿਚੋਂ ਤੁਹਾਡਾ ਸਾਥ ਮਾਣ ਕੇ ਉੱਠੀ ਹੋਵਾਂ ..... ਸਰੀਰ ਬਿਲਕੁਲ ਨਿਸੱਤਾ ..... ਜਦੋਂ ਮੈਂ ਚੰਗੀ ਤਰ੍ਹਾਂ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਆਸੇ-ਪਾਸੇ ਕੋਈ ਵੀ ਨਹੀਂ ਸੀ,’ ਪਾਲੀ ਨੇ ਕਹਿ ਕੇ ਨਜ਼ਰ ਝੁਕਾ ਲਈ।

‘ਕਮਲੀਏ! ਤੈਨੂੰ ਐਨਸਥੀਸੀਆ ਦਿੱਤਾ ਹੋਇਆ ਸੀ ਨਾ, ਤਾਂ.....ਤੈਨੂੰ ਭੁਲੇਖਾ ਪਿਆ ਹੋਣੈ,’ ਪਾਲੀ ਦੀ ਬਜਾਇ ਇਹ ਤਰਕ ਮੈਂ ਆਪਣੇ ਆਪ ਨੂੰ ਦਿੱਤਾ ਸੀ।

ਪਰ ਪਾਲੀ ਦੁਬਾਰਾ ਡਾਕਟਰ ਚਰਨਜੀਤ ਦੇ ਕਲੀਨਿਕ ’ਤੇ ਕਦੇ ਨਹੀਂ ਗਈ।

‘ਅੰਕਲ! ਬੌਲ ਦਿਉ ..... ਅੰਕਲ .. ਦਿਉ ਨਾ ਬੌਲ .....’! ਮੇਰੇ ਨੇੜੇ ਆ ਕੇ ਡਿੱਗੀ ਗੇਂਦ ਲਈ ਛੋਟਾ ਜਿਹਾ ਬੱਚਾ ਮੈਨੂੰ ਪੁਕਾਰ ਰਿਹਾ ਹੈ। ਮੈਂ ਅਜੇ ਆਪਣੇ ਆਪ ਵਿਚ ਨਹੀਂ ਪਰਤ ਸਕਿਆ ਕਿ ਉਹ ਆਪੇ ਹੀ ਗੇਂਦ ਚੁੱਕ ਕੇ ਮੁੜ ਗਿਆ ਹੈ।

ਪਾਰਕ ਵਿਚੋਂ ਉੱਠ ਕੇ ਮੈਂ ਉਸੇ ਅਹਾਤੇ ਵਿਚ ਆ ਬੈਠਾ ਹਾਂ ਜਿੱਥੇ ਅਕਸਰ ਅਸੀਂ ਆਪਣੀਆਂ ਦਫ਼ਤਰੀ ਪਾਰਟੀਆਂ ਲਈ ਜਾਂ ਸ਼ੁਗਲ ਮੇਲੇ ਲਈ ਬੈਠਿਆ ਕਰਦੇ ਹਾਂ।

ਬੋਤਲ ਲੈ ਕੇ ਪੀਣੀ ਸ਼ੁਰੂ ਕਰ ਦਿੱਤੀ ਹੈ। ਹਰ ਪੈੱਗ ਨਾਲ ਨਸ਼ਾ ਜਿਵੇਂ ਹੋਰ ਘੱਟ ਰਿਹੈ।

ਮੈਂ ਡੁੱਬ ਜਾਣਾ ਚਾਹੁੰਨਾ ਇਸ ਗਲਾਸ ਵਿਚ ਹੀ, ਸੋਚਦਾਂ, ‘ਕਿੱਥੇ ਗਲਤੀ ਹੋਈ ਏ? ਡਾਕਟਰ ਚਰਨਜੀਤ ਸ਼ਰਾਬ ਵਿਚੋਂ ਹੱਸਦਾ ਵਿਖਾਈ ਦਿੰਦਾ ਹੈ। ਉਸਦੇ ਬੋਲਾਂ ਨਾਲ ਉਹਦੀਆਂ ਮੁੱਛਾਂ ਗਿੱਲੀਆਂ ਹੋਈ ਜਾਂਦੀਆਂ ਨੇ। ਉਹ ਛਿੱਟਾਂ ਸ਼ਰਾਬ ਵਿਚ ਆਣ ਡਿੱਗਦੀਆਂ ਨੇ। ਉਹਦੀ ਜੂਠ ਮੇਰੇ ਗਿਲਾਸ ਵਿਚ ਆਣ ਡਿੱਗਦੀ ਹੈ। ਮੈਂ ਹੁਣ ਉਹਦੀ ਜੂਠ ਪੀਆਂਗਾ? ? ਨਹੀਂ ..... ਨਹੀਂ ..... ਉਹ ਡਾਕਟਰ ਏ .....!! ਡਾਕਟਰ ਤਾਂ ਰੱਬ ਦਾ ਰੂਪ ਹੁੰਦੈ!!’

‘ਤਾਂ ਕੀ ਪਾਲੀ ..... ! ਪਾਲੀ ਗ਼ਲਤ ਹੋ ਗਈ ..... ਉਹ ਏਨੀ ਖੁਦਗਰਜ਼ ਹੋ ਸਕਦੀ ਏ .....! ਨਹੀਂ ਪਾਲੀ ਤਾਂ ਇਹੋ ਜਿਹੀ ਬਿਲਕੁਲ ਨਹੀਂ .....।’ ਮੇਰੀ ਕਸ਼ਮਕਸ਼ ਵੱਧਦੀ ਜਾਂਦੀ ਏ। ਸ਼ਰਾਬ ਦਾ ਅਸਰ .....ਪਤਾ ਨਹੀਂ ਜ਼ਿਆਦਾ ਹੋ ਗਿਐ ਜਾਂ ..... ਅਸਰ ਹੋ ਹੀ ਨਹੀਂ ਰਿਹਾ। ਬੇਚੈਨੀ ਵਿਚ ਜਿਵੇਂ ਸੀਨਾ ਸੜੀ ਜਾਂਦੈ।

‘ਭਾਜੀ, ਉੱਠੋ .....! ਅਸੀਂ ਹਾਤਾ ਬੰਦ ਕਰਨੈ ..... ਟੈਮ ਹੋ ਗਿਐ।’ ਅਹਾਤੇ ਵਿਚ ਕੰਮ ਕਰਦੇ ਮੁੰਡੂ ਨੇ ਜਿਵੇਂ ਮੈਨੂੰ ਪਾਲੀ ਬਾਰੇ ਮਾੜਾ ਸੋਚਣ ਤੋਂ ਵਰਜ ਦਿੱਤਾ। ਉਹ ਵੀ ਪਾਲੀ ਦੇ ਹੱਕ ਵਿਚ ਭੁਗਤ ਰਿਹਾ ਹੈ।

ਰਾਤ ਦੇ ਗਿਆਰਾਂ ਵੱਜ ਗਏ ਨੇ। ਮੈਂ ਘਰ ਜਾਣ ਲਈ ਸਕੂਟਰ ਚਲਾਉਣ ਦੀ ਕੋਸ਼ਿਸ਼ ਕਰਦਾ ਹਾਂ।

ਰਸਤੇ ਵਿਚ ਮੈਂ ਪਾਲੀ ਦੇ ਉਸ ਮਹੀਨੇ ਦੇ ਦਿਨਾਂ ਦੇ ਹਿਸਾਬ ਵਿਚ ਉਲਝ ਜਾਂਦਾ ਹਾਂ ਜਦੋਂ ਉਹਨੇ ਕਨਸੀਵ ਕੀਤਾ ਸੀ। ਪਰ ..... ਹਿਸਾਬ ਨਹੀਂ ਲੱਗ ਰਿਹਾ .....। ਤਾਂ ਕੀ ਪਾਲੀ ਗਲ਼ਤ ਹੈ? ..... ਪਰ ..... ਕੀਹਦੇ ਨਾਲ? ਆਪਣੇ ਆਲ਼ੇ-ਦੁਆਲ਼ੇ ਦੇ ਉਨ੍ਹਾਂ ਸਾਰੇ ਮਰਦਾਂ ਬਾਰੇ ਸੋਚਦਾਂ ਜੋ ਪਾਲੀ ਦੇ ਸੰਪਰਕ ਵਿਚ ਆਉਂਦੇ ਨੇ।

‘ਇਹ ਤਾਂ ਕਿੰਨ੍ਹੇ ..... ਹੀ ਬੰਦੇ ਨੇ ..... ! ਤਾਂ ਕੀ ਸੱਚੀਂ ਪਾਲੀ ਨੇ ਮੇਰੇ ਨਾਲ ਧੋਖਾ ਕੀਤਾ?’

‘ਯਾਨੀ ਉਹਨੂੰ ਇਹ ਪਤਾ ਲੱਗ ਗਿਆ ਕਿ ਮੈਂ ਕਦੇ ਬਾਪ ..... ਨਹੀਂ ਬਣ ਸਕਦਾ .....ਛੀ ..... ਨੀਚ ਜਨਾਨੀ .....’ ਪਾਲੀ ਲਈ ਪੈਦਾ ਹੋਈ ਹਿਕਾਰਤ ਨਾਲ ਮੂੰਹ ਕਸੈਲਾ ਹੋ ਗਿਆ ਤਾਂ ਮੈਂ ਥੁੱਕ ਅੰਦਰ ਲੰਘਾ ਲਿਆ। ਲੱਗਾ ਕਿ

ਮੈਂ ..... ਜ਼ਹਿਰ ਦਾ ਘੁੱਟ ਪੀ ਲਿਆ ਹੈ।

ਜਿਵੇਂ-ਤਿਵੇਂ ਘਰ ਪਹੁੰਚਿਆ ਹਾਂ।

ਗੇਟ ਮਾਤਰ ਢੋਇਆ ਹੋਇਆ ਹੈ। ਜਦੋਂ ਵੀ ਮੈਂ ਘਰ ਲੇਟ ਜਾਵਾਂ ਤਾਂ ਪਾਲੀ ਗੇਟ ਨੂੰ ਅੰਦਰੋਂ ਬੰਦ ਨਹੀਂ ਕਰਦੀ ਹੁੰਦੀ, ਬਲਕਿ ਆਪ ਜਾਗਦੀ ਮੈਨੂੰ ਉਡੀਕਦੀ ਹੁੰਦੀ ਹੈ।

ਅੰਦਰ ਆਉਂਦਿਆਂ ਨੂੰ ਸਾਰੇ ਆਪੋ-ਆਪਣੇ ਟਿਕਾਣੇ ਸੌਂ ਚੁੱਕੇ ਹਨ। ਪਾਲੀ ਜਾਗ ਰਹੀ ਹੈ। ਉਹ ਬੈੱਡ 'ਤੇ ਢਾਸਣਾ ਲਾਈ ਅਰਾਮ ਕਰ ਰਹੀ ਹੈ। ਲੱਗਾ ਜਿਵੇਂ ਸਾਹਮਣੀ ਦੀਵਾਰ 'ਤੇ ਲੱਗੀ ਅੰਗਰੇਜ਼ ਬੱਚੇ ਦੀ ਫ਼ੋਟੋ ਨਾਲ ਗੱਲਾਂ ਕਰਦੀ ਹਟੀ ਹੋਵੇ।

ਮੇਰੇ ਅੰਦਰ ਵੜਦਿਆਂ ਹੀ ਉਹਨੇ ਮੇਰੇ ਤੌਰ ਤਾੜ ਲਏ ਹਨ। ਉਸਦੇ ਚਿਹਰੇ ਤੋਂ ਮੁਸਕਾਨ ਗਾਇਬ ਹੋ ਗਈ ਹੈ। ਮੈਂ ਉਹਨੂੰ ਗੁੱਤੋਂ ਫੜ ਲਿਆ ਹੈ।

"ਦੱਸ ਕੁੱਤੀਏ ਜਨਾਨੀਏ! ਕਿਹਦਾ ਤੁਖ਼ਮ ਆ ਇਹ..... ਦੱਸ .....," ਮੈਂ ਚੀਕ ਰਿਹਾ ਹਾਂ।

"ਕੀ ਹੋਇਆ ਤੁਹਾਨੂੰ .....?" ਪਾਲੀ ਚਾਂਗਰਾਂ ਮਾਰਦੀ ਬਾਹਰ ਵੱਲ ਭੱਜੀ ਹੈ।

"ਤੈਨੂੰ ਸ਼ਰੇਆਮ ਨੰਗੀ ਕਰੂੰਗਾ, ਹਰਾਮ ..... ਜਾਦੀਏ .....! ਮੇਰੇ ਨਾਲ ਧੋਖਾ ਕੀਤਾ ਤੂੰ .....!" ਮੈਂ ਉਹਨੂੰ ਬਾਹੋਂ ਫੜ ਕੇ ਧੂਹਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹਾਂ।

ਮੇਰਾ ਜਿਵੇਂ ਸਾਹ ਨਾਲ ਸਾਹ ਨਹੀਂ ਰਲ਼ਦਾ। ਮੈਂ ਉੱਚੀ-ਉੱਚੀ ਚੀਕਾਂ ਮਾਰ ਰਿਹਾਂ। ਪੈਰ ਡਗਮਗਾ ਰਹੇ ਨੇ। ਸ਼ਰਾਬ ਦੀ ਬੋਤਲ ਸਿਰ ਚੜ੍ਹ ਕੇ ਨੱਚ ਰਹੀ ਹੈ।

"ਤੇਰਾ ਦਿਮਾਗ਼ ਖ਼ਰਾਬ ਹੋ ਗਿਆ ਏ, ਛੱਡ ..... ਛੱਡ ..... ਇਹਨੂੰ," ਮੰਮੀ ਕੱਸ-ਕੱਸ ਕੇ ਮੇਰੇ ਮੂੰਹ 'ਤੇ ਚਪੇੜਾਂ ਮਾਰ ਰਹੀ ਏ।

ਹੁਣ ਮੈਂ ਪਾਲੀ ਨੂੰ ਠੁੱਡੇ ਮਾਰਨ ਲੱਗਦਾ ਹਾਂ। ਮੰਮੀ ਤੇ ਰਵੀ ਮੈਨੂੰ ਧੱਕ-ਧੱਕ ਕੇ ਪਾਲੀ ਤੋਂ ਵੱਖਰਿਆਂ ਕਰ ਰਹੇ ਨੇ।

"ਇਹ ਗਸਤੀ ਜਨਾਨੀ... ਕਿੱਥੋਂ ਦਾ ਗੰਦ ਚੁੱਕ ਕੇ ਲਿਆਈ ਏ, ਪੁੱਛੋ ਇਹਨੂੰ...ਕੁੜੀ...ਚੋ... ਤੂੰ...ਭੈਂ...ਚੋ... ਤੂੰ... ਗਸਤੀਏ... ਗੰਦੀਏ...ਜਨਾਨੀਏ...!!" ਮੇਰਾ ਰੋਮ-ਰੋਮ ਚੀਕ ਰਿਹਾ ਹੈ।

"ਵੇ ਪੁੱਤ ਨਾ ਬੋਲ, ਵੇ ਨਾ ਬੋਲ! ਇਹ ਗੱਲਾਂ ਮੁੜ ਮੂੰਹ 'ਚ ਨਹੀਂ ਪੈਣੀਆਂ ..... ਹੱਟ ਜਾ ..... ਰਵੀ! ਇਹਨੂੰ ਲੈ ਜਾ ਅੰਦਰ ..... ਲੈ ਜਾ ..... ਇਹਨੂੰ ਨਹੀਂ ਹੋਸ਼ ਕੀ ਬਕੀ ਜਾਂਦਾ ..... ਜਾ ਤੇਰੇ ਜੋੜੇ ਹੱਥ ..... ਅੰਦਰ ਜਾ ਕੇ ਸੌਂ ਮਰ ....." ਮਾਂ ਪਾਲੀ ਨੂੰ ਮੇਰੇ ਥੱਲੋਂ ਕੱਢ ਕੇ ਆਪਣੇ ਕਮਰੇ ਵਿਚ ਲੈ ਗਈ ਹੈ।

ਵਾਪਸ ਮੁੜਦਿਆਂ ਡਾਇਨਿੰਗ ਟੇਬਲ 'ਤੇ ਪਈ ਕੈਂਚੀ ਮੇਰੇ ਹੱਥ ਆ ਗਈ ਹੈ।

"ਮੰਮੀ ਹੱਟ ਜਾ ਤੂੰ .....! ਮੈਂ ਅੱਜ ਇਹਦੀ ਗੁੱਤ ਕੱਟੂੰਗਾ, ਇਹਨੂੰ ਗੰਜੀ ਕਰਕੇ ..... ਘਰੋਂ ਕੱਢੂੰਗਾ," ਮੈਂ ਮੰਮੀ ਦੇ ਕਮਰੇ ਵੱਲ ਅਹੁਲਿਆ ਤਾਂ ਉਨ੍ਹਾਂ ਦਰਵਾਜ਼ਾ ਫਟਾਕ ਕਰਕੇ ਬੰਦ ਕਰ ਦਿੱਤਾ।

ਮੈਂ ਕਈ ਚਿਰ ਲਾਬੀ ਵਿਚ ਗਾਲ੍ਹਾਂ ਕੱਢਦਾ ਰਿਹਾ। ਫਿਰ, ਪਤਾ ਨਹੀਂ ਕਦੋਂ ਸੌਂ ਗਿਆ।

ਸਵੇਰੇ ਜਾਗ ਖੁੱਲ੍ਹੀ ਤਾਂ ਮੈਂ ਆਪਣੇ ਮੰਜੇ 'ਤੇ ਸਾਂ।

ਪਿਛਲੀ ਰਾਤ ਬਾਰੇ ਕੁੱਝ ਵੀ ਯਾਦ ਨਹੀਂ ਸੀ। ਸਰੀਰ ਖੁੱਸਦਾ ਜਿਹਾ, ਦਿਮਾਗ ਸੁੰਨ..... !

ਏਨਾ ਯਾਦ ਆਇਆ ਕਿ ਪਾਲੀ ਪਰੈਗਨੈਂਟ ਹੈ।

ਨਹਾ-ਧੋ ਕੇ ਚੁੱਪਚਾਪ ਘਰੋਂ ਨਿਕਲ ਆਇਆ ਹਾਂ। ਘਰ ਦੇ ਕਿਸੇ ਜੀਅ ਨੇ ਮੈਨੂੰ ਬੁਲਾਇਆ ਨਹੀਂ ਹੈ। ਪਾਲੀ ਵੀ ਨਹੀਂ ਦਿੱਸੀ।

ਮਨ ਸਾਰਾ ਦਿਨ ਕਸੈਲਾ-ਕਸੈਲਾ ਜਿਹਾ ਰਿਹਾ।

ਸਾਰਾ ਦਿਨ ਮੰਮੀ ਤੇ ਡਾਕਟਰ ਚਰਨਜੀਤ ਮੇਰੇ ਸਿਰ ਚੜ੍ਹਕੇ ਨੱਚਦੇ ਰਹੇ ਸਨ।

ਛੁੱਟੀ ਹੁੰਦਿਆਂ ਸਾਰ ਮੈਂ ਫਿਰ ਅਹਾਤੇ ਵਿਚ ਸੀ।

ਬੋਤਲ ਲੈ ਕੇ ਪੀਣੀ ਸ਼ੁਰੂ ਕੀਤੀ। ਹਰ ਪੈੱਗ ਨਾਲ ਪਿਛਲੀ ਰਾਤ ਵਾਪਰਿਆ ਸਭ ਸਾਕਾਰ ਹੋਣ ਲੱਗਿਆ। ਹਰ ਮਰਦ ਜੋ ਮੇਰੇ ਜਾਂ ਪਾਲੀ ਦੇ ਸੰਪਰਕ ਵਿਚ ਸੀ ਜਿਵੇਂ ਸਾਹਮਣੇ ਆ ਕੇ ਮੂੰਹ ਚਿੜਾਉਣ ਲੱਗਾ। ਉਹ ਜ਼ੋਰ-ਜ਼ੋਰ ਨਾਲ

ਠਹਾਕੇ ਮਾਰ ਕੇ ਹੱਸਦੇ। ਜਦੋਂ ਸ਼ੋਰ ਸਹਿਣਾ ਔਖਾ ਹੋ ਗਿਆ ਤਾਂ ਮੈਂ ਬੋਤਲ ਜ਼ਮੀਨ 'ਤੇ ਚਲਾ ਕੇ ਮਾਰੀ। ਉਹ ਸਭ ਹੱਸਣੋਂ ਹੱਟ ਗਏ।

ਮੈਂ ਗਈ ਰਾਤ ਘਰ ਪਹੁੰਚਿਆ। ਚੁੱਪ ਚਾਣ ਛਾਈ ਹੋਈ ਸੀ। ਬੱਤੀਆਂ ਬੁੱਝੀਆਂ ਹੋਈਆਂ ਸਨ।

ਮਾਂ ਤੇ ਰਵੀ ਆਪੋ-ਆਪਣੇ ਅੰਦਰ ਸਨ। ਬੂਹੇ ਖੁੱਲ੍ਹੇ ਹੋਏ ਸਨ।

ਪਾਲੀ ਕਮਰੇ ਵਿਚ ਬੈੱਡ 'ਤੇ ਕੰਧ ਵੱਲ ਮੂੰਹ ਕਰਕੇ ਪਈ ਸੀ। ਪਤਾ ਨਹੀਂ ਰੋ ਰਹੀ ਸੀ ਜਾਂ ਸੌਂ ਗਈ ਸੀ।

'ਮੈਨੂੰ ਦੱਸ ਇਹ ਕੀਹਦਾ ਏ?' ਮੈਂ ਉਸਨੂੰ ਪੁੱਛਣਾ ਚਾਹੁੰਨਾਂ।

ਇਸ ਤੋਂ ਪਹਿਲਾਂ ਕਿ ਮੈਂ ਉਸਨੂੰ ਕੁਝ ਪੁੱਛਾਂ ਉਹਨੇ ਮੇਰੇ ਵੱਲ ਮੂੰਹ ਭੁਆਂ ਕੇ ਬੜੀ ਘਿਰਣਾ ਭਰੀ ਨਜ਼ਰ ਨਾਲ ਵੇਖਿਆ ਹੈ।

ਮੈਂ ਬੂਹਾ ਬੰਦ ਕਰਕੇ ਉਸਨੂੰ ਫਿਰ ਮਾਰਦਾ ਹਾਂ ।

ਉਹਦੇ ਅੰਦਰ ਪੈਦਾ ਹੋਏ ਜ਼ਹਿਰ ਦੇ ਬੀਅ ਨੂੰ ਮੈਂ ਜੜ੍ਹੋਂ ਮੁਕਾ ਦੇਣਾ ਚਾਹੁੰਨਾਂ। ਉਹ ਬੂਹਾ ਖੋਲ੍ਹ ਕੇ ਬਾਹਰਵਾਰ ਭੱਜਦੀ ਹੈ। ਮੈਂ ਆਪਣੇ ਬੂਹੇ ਦੀ ਅੰਦਰੋਂ ਕੁੰਡੀ ਅੜਾ ਲੈਂਦਾ। ਪਤਾ ਨਹੀਂ ਕੁੰਡੀ ਲੱਗੀ ਵੀ ਕਿ ਨਹੀਂ। ਮੈਂ ਚੌਫ਼ਾਲ ਮੰਜੇ 'ਤੇ ਢਹਿ ਪੈਂਦਾ ਹਾਂ। ਪਾਲੀ ਨੂੰ ਸਬਕ ਸਿਖਾਉਣ ਦੇ ਸੁਪਨੇ ਆਉਂਦੇ ਹਨ। ਉਹਦੇ ਮਾਪਿਆਂ ਨੂੰ ਬੁਲਾ ਕੇ ਇਹਨੂੰ ਵਾਪਸ ਪੇਕੇ ਭੇਜ ਦੇਵਾਂਗਾ, ਇਹ ਸੋਚਦਾਂ। ਅਚਾਨਕ ਠਾਹ ..... ਦੀ ਅਵਾਜ਼ ਆਈ ਤੇ ਮੇਰੀ ਜਾਗ ਖੁੱਲ੍ਹ ਗਈ।

ਕਮਰੇ ਦੀ ਬੱਤੀ ਬੁਝੀ ਹੋਈ ਸੀ। ਟੇਬਲ ਲੈਂਪ ਜਗਦੀ ਸੀ। ਪਾਲੀ ਬੂਹੇ ਨਾਲ ਲੱਗ ਕੇ ਖਲੋਤੀ ਸੀ। ਉਹ ਜਿਵੇਂ ਚੰਡੀ ਬਣੀ ਖੜ੍ਹੀ ਸੀ। ਉਸਨੇ ਮੈਨੂੰ ਧੱਕਾ ਦਿੱਤਾ। ਮੈਂ ਡਰ ਕੇ ਪਰ੍ਹਾਂ ਹੋ ਗਿਆ। ਮੇਰਾ ਹੱਥ ਬੈੱਡ 'ਤੇ ਲੱਗਿਆ ਤਾਂ ਉਹ ਗਿੱਲਾ ਸੀ। ਮਿੱਟੀ ਦੇ ਤੇਲ ਦੀ ਤੇਜ਼ ਹਵਾੜ ਮੇਰੇ ਨੱਕ ਨਾਲ ਟਕਰਾਈ। ਪਾਲੀ ਵੱਲ ਵੇਖਿਆ ਤਾਂ ਉਹਨੇ ਮਾਚਸ ਦੀ ਤੀਲੀ ਬਾਲ਼ ਲਈ।

ਮੈਂ ਬੁੜ੍ਹਕ ਕੇ ਹੋਰ ਪਰ੍ਹੇ ਹੋ ਗਿਆ।

'ਦਿਆਲ .....!' ਪਾਲੀ ਗਰਜੀ।

'ਖ਼ਬਰਦਾਰ! ਉੱਠਿਆ ਤਾਂ, ਪੁੱਛ ..... ਪੁੱਛ ਕੀ ਪੁੱਛਣਾ ਏ ਤੂੰ, ਮੈਂ ਰੋਜ਼-ਰੋਜ਼ ਇਹ ਕੁਟਾਪੇ ਨਹੀਂ ਸਹਿ ਸਕਦੀ, ਪੁੱਛ ..... ਪੁੱਛ .....??' ਪਾਲੀ ਚੀਕ ਰਹੀ ਹੈ।

ਮੇਰਾ ਸੰਘ ਸੁੱਕ ਗਿਆ। ਜੀਭ ਤਾਲੂ ਨਾਲ ਲੱਗ ਗਈ।

'ਅ ...ਆ... ਆ'... ਕੋਈ ਅਵਾਜ਼ ਨਹੀਂ ਨਿਕਲਦੀ, ਮੈਂ ਜ਼ੋਰ ਲਾ ਰਿਹਾਂ।

'ਕੀ ਕਹਿੰਦਾ ਏ, ਤੂੰ ? ਬੋਲ ..... ਕਿ ਇਹ ਤੇਰਾ ਨਹੀਂ ?' ਉਹਨੇ ਨਜ਼ਰਾਂ ਨਾਲ ਪੇਟ ਨੂੰ ਸਹਿਲਾਇਆ ਹੈ।

'ਤੇਰੇ ਦਿਮਾਗ ਦੇ ਕੀੜੇ ਦਾ ਕੋਈ ਇਲਾਜ ਨਹੀਂ, ਜਾਹ ..... ਜਾ ਕੇ ਕਿਸੇ ਡਾਕਟਰ ਨੂੰ ਵਿਖਾ ਤੇ ਆਪਣਾ ਇਲਾਜ ਕਰਾ ..... ਅੱਵਲ ਤੇ ਮੈਂ ਮੰਨਦੀ ਨਹੀਂ ਕਿ ਇਹ ਤੇਰਾ ਨਹੀਂ ..... ਪਰ ਹਾਂ ..... ਤੇਰੇ ਮੁਤਾਬਕ ..... ਜੇ ਇਹ ਤੇਰਾ ਨਹੀਂ ਵੀ ਏ .....ਤਾਂ ਵੀ ਇਹ ਮੇਰਾ ਤੇ ਹੈ .....ਬਲਕਿ ਅੱਜ ਤੋਂ ਇਹ ਸਿਰਫ਼ ਮੇਰਾ ਏ...! ਤੂੰ ਮੈਨੂੰ ਛੱਡਣਾ ਚਾਹੁੰਨਾਂ ਏਂ ..... ਛੱਡ ਦੇ..... ! ਤੂੰ ਆਪਣੇ ਸ਼ੱਕ ਨਾਲ ਜੀਅ ਤੇ ਮੈਂ ਆਪਣੇ ਬੱਚੇ ਨਾਲ ਜੀਵਾਂਗੀ ' ਪਾਲੀ ਨੇ ਮੈਨੂੰ ਆਪ ਹੀ ਸੁਰਖਰੂ ਕਰ ਦਿੱਤਾ।

ਮੈਂ ਹੱਕਾ-ਬੱਕਾ ਪਾਲੀ ਦਾ ਇਹ ਰੂਪ ਵੇਖਦਾ ਰਹਿ ਗਿਆ ਹਾਂ।

"ਆਉਂਦਾ ਨ੍ਹੀਂ ਅੰਦਰ, ਕਦੋਂ ਦਾ ਗੇਟ ਖੋਲ੍ਹ ਕੇ ਗਈ ਆਂ, ਬੈੱਲ ਤੋਂ ਹੱਥ ਚੁੱਕ ਤੇ ਅੰਦਰ ਆ ਜਾ .....ਹੁਣ ਫਿਰ ਕੋਈ ਸਿਆਪਾ ਨਾ ਖੜ੍ਹਾ ਕਰੀਂ .....! ਸਿਆਣਾ ਬਣ.....ਸਿਆਣਾ!!" ਮੰਮੀ ਦੇ ਬੋਲਾਂ ਵਿਚ ਕੱਲ੍ਹ ਵਾਲੀ ਘਟਨਾ ਦਾ ਗੁੱਸਾ ਬਰਕਰਾਰ ਹੈ। ਉਹ ਮੇਰੇ ਅੱਗੇ-ਅੱਗੇ ਅੰਦਰ ਲੰਘ ਗਈ ਹੈ।

ਅੰਦਰ ਲਾਬੀ ਵਿਚ ਸੋਫ਼ੇ 'ਤੇ ਪਾਲੀ ਬੈਠੀ ਹੈ। ਉਸਨੇ ਮੇਰੇ ਵੱਲ ਸਰਸਰੀ ਨਜ਼ਰ ਮਾਰੀ ਤਾਂ ਮੈਂ ਸੁਲ੍ਹਾ ਲਈ ਉਸ ਵੱਲ ਵੇਖ ਕੇ ਮੁਸਕਰਾ ਪਿਆ ਹਾਂ। ਵ



ਅਰਵਿੰਦਰ ਧਾਲੀਵਾਲ
ਸੰਪਰਕ : 9914211422

*ਕਹਾਣੀ*

# ਵਿਰਾਸਤ

*-ਸਿਮਰਨ ਧਾਲੀਵਾਲ*

ਪਿਛਲੇ ਕਈ ਦਿਨਾਂ ਤੋਂ ਮੈਨੂੰ ਉਖੜੀ ਜਿਹੀ ਨੀਂਦ ਆ ਰਹੀ ਹੈ। ਕਈ ਵਾਰ ਰਾਤ ਨੂੰ ਉਠਦਾ। ਸੋਟੀ ਦੇ ਸਹਾਰੇ ਗੁਸਲਖਾਨੇ ਵਿੱਚ ਪਿਸ਼ਾਬ ਕਰਨ ਲਈ ਚਲਿਆਂ ਜਾਂਦਾ। ਕਦੀ ਤਾਂ ਪਿਸ਼ਾਬ ਵੀ ਨਹੀਂ ਆਉਂਦਾ, ਪਰ ਐਵੇਂ ਵਿਹੜੇ ਵਿੱਚੋਂ ਗੇੜਾ ਜਿਹਾ ਕੱਢ ਕੇ ਪਰਤ ਆਉਂਦਾ ਹਾਂ। ਪੁਰਾਣਾ ਜਿਹਾ ਪੱਖਾ ਕੜ-ਕੜ ਕਰਕੇ ਚੱਲਦਾ ਹੈ। ਦੋਵੇਂ ਕੁੜੀਆਂ ਤੇ ਪਾਸ਼ੀ ਬੈੱਡ ਉਪਰ ਪਈਆਂ ਨੇ , ਸ਼ੇਰਾ ਪਰ੍ਹੇ ਕਮਰਿਆਂ ਅੱਗੇ ਇੱਕਲਾ ਹੀ ਫਰਾਟਾ ਚਲਾ ਕੇ ਪਿਆ ਹੋਇਆ। ਤੜਕਸਾਰ ਗੂੜ੍ਹੀ ਨੀਂਦ ਆਉਣ ਲੱਗਦੀ ਹੈ। ਪਰ ਪਾਠੀ ਬੋਲਦਿਆਂ ਸਾਰ ਅੱਖ ਫੇਰ ਖੁਲ੍ਹ ਜਾਂਦੀ ਹੈ। ਮੋਟਰਾਂ ਵਾਲੇ ਸੇਵਕ ਦਾ ਮੁੰਡਾ ਤਾਰੀ ਅੱਜਕੱਲ ਗੁਰਦੁਆਰੇ ਦੀ ਸੇਵਾ ਕਰਦਾ। ਉਹ ਚਾਰ ਵਜੇ ਆਕੇ ਸਪੀਕਰ ਵਿੱਚ ਵਾਹਿਗੁਰੂ ਬੋਲਦਾ। ਫੇਰ ਆਖਦਾ, ਨਗਰ ਨਿਵਾਸੀਉ ਉਠੋ ਗੁਰ ਚਰਨਾਂ ਨਾਲ ਬਿਰਤੀ ਜੋੜੋ। ਉਸ ਤੋਂ ਬਾਅਦ ਗੁਰਬਾਣੀ ਦਾ ਪਾਠ ਸ਼ੁਰੂ ਕਰਦਾ। ਇਹ ਅੰਮ੍ਰਿਤ ਵੇਲੇ ਜਾਗਣ ਦਾ ਹੋਕਾ ਦੇਣਾ ਉਹਨੇ ਮੇਰੇ ਤੋਂ ਹੀ ਸਿੱਖਿਆ। ਇਹ ਮੇਰੀ ਪੱਕੀ ਆਦਤ ਸੀ। ਪਹਿਲਾਂ ਮੈਂ ਘੜੀ ਦੀਆਂ ਸੂਈਆਂ ਵੱਲ ਦੇਖ ਕੇ ਟਾਈਮ ਦੱਸਦਾ। ਸੰਗਤਾਂ ਨੂੰ ਗੁਰੂ ਘਰ ਆਉਣ ਦੀ ਪ੍ਰੇਰਨਾ ਦਿੰਦਾ। ਮੈਨੂੰ ਵੀ ਤਾਂ ਕਦੇ ਆਹੀ ਪ੍ਰੇਰਨਾ ਦਿੱਤੀ ਸੀ ਬਾਬੇ ਬੂਟੇ ਨੇ। ਮੈਂ ਆਪਣੀ ਸੰਥਿਆ ਬਾਬੇ ਬੂਟੇ ਕੋਲ ਕੀਤੀ ਸੀ। ਉਦੋਂ ਮੈਂ ਅਜੇ ਮੁੱਛ ਫੁੱਟ ਹੀ ਸਾਂ, ਤਾਰੀ ਵਾਂਗੂੰ। ਲੋਕ ਆਖਿਆ ਕਰਦੇ ਸੀ ਬੀਰੇ ਦੀ ਅਵਾਜ਼ ਬੜੀ ਮਿੱਠੀ ਹੈ। ...ਤੇ ਫੇਰ ਥੋੜੇ ਹੀ ਸਾਲਾਂ ਵਿੱਚ ਮੈ ਬੀਰੇ ਪਾਠੀ ਵਜੋਂ ਮਸ਼ਹੂਰ ਹੋ ਗਿਆਂ ਸਾਂ। ਹੁਣੇ ਤਾਰੀ ਨੇ ਗੁਰਦੁਆਰੇ ਆਕੇ ਸਪੀਕਰ ਵਿੱਚ ਅੰਮ੍ਰਿਤ ਵੇਲੇ ਦਾ ਹੋਕਾ ਦਿੱਤਾ ਹੈ। ਅੱਜ ਸੰਗਰਾਂਦ ਹੈ ਇਸੇ ਲਈ ਉਹ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ। ਅਜੇ ਪੰਜਵੀਂ ਅਸਟਪਦੀ 'ਤੇ ਪਹੁੰਚਿਆ। ਅੱਜ ਸੰਗਰਾਂਦ ਹੈ, ਯਾਦ ਆਉਂਦਿਆ ਹੀ ਮਨ ਵਿੱਚ ਕਸੀਸ ਜਿਹੀ ਉੱਠੀ ਹੈ। ਅੱਜ ਤਾਂ ਪਾਸ਼ੀ ਨੇ...। ਬੜੀ ਵਾਰੀ ਸੋਚਦਾ ਉਹਨੂੰ ਮਨ੍ਹਾਂ ਕਰ ਦਿਆਂ। ਪਰ ਫੇਰ ਜਦੋਂ ਆਪਣੇ ਵੱਲ ਦੇਖਦਾ...। ਕਦੇ ਆਪਣੇ 'ਤੇ ਗੁੱਸਾ ਆਉਂਦਾ ਹੈ ਕਦੇ ਸ਼ੇਰੇ 'ਤੇ। ਗੰਢੇ ਹੀ ਗਾਲ ਦਿੱਤੇ ਇਸ ਮੁੰਡੇ ਨੇ...। ਮੈਂ ਇਹਦੇ ਨਾਲੋਂ ਅੱਧਾ ਸਾਂ, ਜਦੋਂ ਪਿੰਡ ਵਾਲੇ ਸਕੂਲੋਂ ਨੌਵੀਂ ਜਮਾਤ ਵਿਚੋਂ ਹਟਿਆ ਸਾਂ। ਮੈਂ ਸ਼ਿੰਗਾਰੇ ਪੇਂਟਰ ਨਾਲ ਕਲੀਆਂ ਕਰਨ ਜਾਣ ਲੱਗਿਆ ਸੀ। ਸ਼ਿਗਾਰਾ ਕਲੀ ਕਰਦਾ ਤੇ ਮੈਂ ਉਹਨੂੰ ਡੱਬੇ ਵਿੱਚ ਕਲੀ ਪਾ ਕੇ ਦਿੰਦਾ। ਤਾਰਾ ਵਾਲਾ ਬੁਰਸ਼ ਲੈ ਕੇ ਕੰਧਾਂ ਦੀ ਸਫਾਈ ਕਰਦਾ।

ਅਕਸਰ ਹੀ ਮੇਰੇ ਦਿਮਾਗ਼ ਵਿੱਚ ਬੀਤੇ ਦੀਆਂ ਇਹ ਸਭ ਗੱਲਾਂ ਚੱਲਣ ਲੱਗ ਜਾਂਦੀਆਂ ਨੇ...!

ਬਾਪੂ ਮੇਰਾ ਮਿਸਤਰੀਆਂ ਨਾਲ ਦਿਹਾੜੀ ਜਾਂਦਾ ਸੀ। ਅਸੀਂ ਚਾਰ ਭੈਣ-ਭਾਈ ਸਾਂ। ਬਾਪੂ ਦੀ ਦਿਹਾੜੀ ਨਾਲ ਪੂਰਾ ਨਾ ਫੜਦਾ। ਇਸੇ ਲਈ ਸਾਡੀ ਮਾਂ ਵੀ ਦੋ-ਤਿੰਨਾਂ ਘਰਾਂ ਦਾ ਗੋਹਾ ਸੁੱਟਦੀ। ਪਹਿਲਾਂ ਲੋਕਾਂ ਦੇ ਘਰੀਂ ਤੇ ਫਿਰ ਆਪਣੇ ਘਰ ਦਾ ਕੰਮ ਕਰਦਿਆਂ ਸਾਰਾ ਦਿਨ ਉਹਦੀ ਗੁੱਤ ਰੁੱਲੀ ਰਹਿੰਦੀ। ਅੱਡੀਆਂ ਫੁੱਟੀਆਂ ਰਹਿੰਦੀਆਂ। ਫਿਰ ਵੀ ਕਦੇ ਆਟਾ ਮੁਕਿਆ ਹੁੰਦਾ ਕਦੇ ਲੂਣ ਤੇਲ। ਮੇਰੇ ਤੋਂ ਵੱਡੇ ਤਿੰਨੋਂ ਭੈਣ ਭਰਾ ਸਕੂਲੇ ਨਹੀਂ ਸੀ ਗਏ। ਵੱਡੀ ਭੈਣ ਕਦੀ-ਕਦੀ ਮਾਂ ਨਾਲ ਗੋਹੇ ਵਾਲਿਆਂ ਦੇ ਘਰ ਚਲੀ ਜਾਂਦੀ। ਉਹ ਬਾਲਟੇ ਭਰਦੀ ਤੇ ਮਾਂ ਚੁੱਕ ਕੇ ਪਥਕਣ 'ਤੇ ਸੁੱਟ ਆਉਂਦੀ। ਫਿਰ ਦੋਵੇਂ ਹੱਥੋਂ-ਹੱਥੀਂ ਪਾਥੀਆਂ ਪੱਥ ਲੈਂਦੀਆਂ। ਮੈਥੋਂ ਵੱਡਾ ਦਾਰਾ ਵੀ ਸਰਪੰਚਾਂ ਨਾਲ ਪਾਲੀ ਰਲ ਗਿਆ। ਮੈਂ ਸ਼ਾਮੀ ਜਦੋਂ ਘਰ ਮੁੜਦਾ। ਘੱਟੇ ਤੇ ਕਲੀ ਨਾਲ ਮੂੰਹ ਸਿਰ ਭਰਿਆ ਹੁੰਦਾ। ਬਾਹਾਂ ਬੁਰਸ ਮਾਰ-ਮਾਰ

ਡੰਬੀਆਂ ਜਾਂਦੀਆਂ। ਅਗਲੇ ਦਿਨ ਕੰਮ 'ਤੇ ਜਾਣ ਨੂੰ ਚਿੱਤ ਨਾ ਕਰਦਾ। ਮੈਂ ਛੁੱਟੀ ਕਰਨ ਦੇ ਬਹਾਨੇ ਬਣਾਉਂਦਾ। ਬਾਪੂ ਤੌਣੀ ਲਾ ਦਿੰਦਾ। ਆਖਦਾ, "ਕੰਮ ਕੀਤੇ ਬਿਨ ਨਹੀਂ ਸਰਨਾ! ਕਿਸੇ ਨਈਂ ਦੇਣਾ ਟੁੱਕ।" ਹੁਣ ਮੈਂ ਇਹ ਗੱਲ ਕਦੀ ਸ਼ੇਰੇ ਨੂੰ ਨਹੀਂ ਸਮਝਾ ਸਕਿਆ।...ਤੇ ਨਾ ਹੀ ਕਦੀ ਉਹ ਇਸ ਗੱਲ ਨੂੰ ਸਮਝ ਸਕਿਆ। ਇਸੇ ਤਾਂ ਪਾਸ਼ੀ ਵਿਚਾਰੀ...! ਮੈਨੂੰ ਮੇਰੇ ਵਿਆਹ ਦੇ ਦਿਨ ਚੇਤੇ ਆਉਂਣ ਲੱਗਦੇ ਨੇ...। ਸਾਡੀ ਵੱਡੀ ਭੂਆ ਲੈ ਕੇ ਆਈ ਸੀ ਮੇਰੇ ਲਈ ਸਾਕ, ਵੱਡੀ ਮੱਖੀ ਤੋਂ। ਉਦੋਂ ਮੈਂ ਪਾਠ ਕਰਦਾ ਸੀ। ਸਾਦਾ ਜਿਹਾ ਵਿਆਹ ਕਰਵਾਇਆ ਸੀ ਮੈਂ। ਪੰਜ ਬੰਦੇ ਗਏ ਸੀ ਬਰਾਤ। ਵੈਸੇ ਵੀ ਮਾਹੌਲ ਹੀ ਐਸੇ ਸਨ। ਗਿਆਰਾਂ ਬੰਦਿਆਂ ਤੋਂ ਵਧ ਬਰਾਤ ਲਿਜਾਣ ਦਾ ਹੁਕਮ ਹੀ ਨਹੀਂ ਸੀ। ਮੀਟ ਦਾਰੂ ਦੀ ਤਾਂ ਸਖ਼ਤ ਮਨਾਹੀ ਸੀ। ਭਾਊ ਬਰਾਤਾਂ ਦੇ ਰਾਹ ਰੋਕ ਲੈਂਦੇ।

ਸੂਹੇ ਸੂਟ ਵਿੱਚ ਪਾਸ਼ੀ ਨੇ ਸਾਡੇ ਵਿਹੜੇ ਉਤਰੀ ਸੀ।

ਲੋਕੀਂ ਗੱਲਾਂ ਕਰਦੇ। ਵਿਹੜੇ ਵਿੱਚ ਕਿਸੇ ਦੀ ਬਹੂ ਪਾਸ਼ੀ ਵਰਗੀ ਨਹੀਂ ਸੀ। ਆਂਢ-ਗੁਆਂਢ ਦੀਆਂ ਕੁੜੀਆਂ-ਬੁੜੀਆਂ ਦੇਖਣ ਆਉਂਦੀਆਂ। ਸ਼ਰੀਕੇ ਵਿੱਚੋਂ ਭਾਬੀਆਂ ਝੇਡਾਂ ਕਰਦੀਆਂ- " ਬੀਰਿਆਂ ਲੋਕਾਂ ਦੇ 'ਨੰਦ ਪੜ੍ਹਦਾ ਸਾਂ। ਬਾਬੇ ਨੇ ਤੇਰੇ 'ਨੰਦ ਤਾਂ ਸੋਹਣੇ ਪੜ੍ਹਾ ਦਿੱਤੇ...। ਹੁਣ ਰਾਉਲਾਂ ਈ ਨਾ ਲਾਉਂਦਾ ਰਹਿ ਜਾਈਂ।" ਮੈਂ ਵੀ ਭਾਬੀਆਂ ਦੀਆਂ ਗੱਲਾਂ 'ਤੇ ਹੱਸ ਛਡਿਆ ਸੀ। ਮਾਘੀ ਵਾਲੇ ਦਿਨ ਮੈਂ ਤੇ ਪਾਸ਼ੀ ਨੇ ਗੁਰੂ ਘਰ ਜਾ ਕੇ ਅੰਮ੍ਰਿਤ ਛਕ ਲਿਆ। ਦਿਨ ਸੋਹਣੇ ਨਿਕਲਦੇ ਰਹੇ ।

ਦਿਨ ਚੜ੍ਹਣ ਵਾਲਾ ਹੈ।

ਏਸ ਰੁੱਤੇ ਤਾਂ ਸਿਆਣੇ ਕਹਿੰਦੇ ਹੁੰਦੇ ਪੰਜ ਪਹਾੜ ਦਿਹਾੜੀ ਹੁੰਦੀ। ਪੰਜ ਵਜੇ ਸੂਰਜ ਸਿਰ ਕੱਢ ਲੈਂਦਾ। ਤਾਰੀ ਵੀ ਸੁਖਮਨੀ ਸਾਬ੍ਹ ਦੀ ਸਮਾਪਤੀ ਨੇੜੇ ਹੈ। ਪਾਸ਼ੀ ਵੀ ਉੱਠਣ ਵਾਲੀ। ਅੱਜ ਤਾਂ ਉਹਨੇ ਆਮ ਨਾਲੋਂ ਵੀ ਪਹਿਲਾਂ ਉਠਣਾ। ਸੰਗਰਾਂਦ ਵਾਲੇ ਦਿਨ ਤਾਂ ਗੁਰੂ ਘਰ ਜਾਣਾ ਉਹਦਾ ਕਈ ਸਾਲਾਂ ਦਾ ਨੇਮ ਹੈ। ਐਸੀ ਹੀ ਇੱਕ ਵਿਸਾਖ ਦੀ ਸੰਗਰਾਂਦ ਮੈਨੂੰ ਯਾਦ ਹੈ। ਅਸੀਂ ਵਿਹੜੇ ਵਿੱਚ ਵਿਸਾਖੀ ਦਾ ਦਿਹਾੜਾ ਮਨਾਉਣ ਦੀ ਸੋਚੀ। ਸੁਖਮਨੀ ਸਾਬ੍ਹ ਦਾ ਪਾਠ ਰੱਖਣਾ ਸੀ ਤੇ ਲੰਗਰ ਲਗਾਉਣਾ ਸੀ। ਠੰਡੇ ਮਿੱਠੇ ਜਲ ਦੀ ਛਬੀਲ ਵਾਸਤੇ ਨੌਜਵਾਨ ਮੁੰਡੇ ਬਰਫ਼ ਲੈਣ ਖਾਤਰ ਸ਼ਹਿਰ ਨੂੰ ਤੁਰ ਗਏ। ਸਾਰੀਆਂ ਤਿਆਰੀਆਂ ਹੋ ਗਈਆਂ। ਪਰ ਜਦ ਗੁਰੂ ਸਾਬ੍ਹ ਦੀ ਸਵਾਰੀ ਲੈਣ ਗੁਰਦੁਆਰੇ ਗਏ ਪਿਆਰਾ ਸਿਹੁੰ ਪੈਂਚ ਤੇ ਦੋ ਚਾਰ ਜਾਣੇ ਹੋਰ ਅੜਿੱਕਾ ਡਾਹ ਕੇ ਬੈਠ ਗਏ। ਕਹਿਣ ਲੱਗੇ, "ਗੁਰੂ ਮਹਾਰਾਜ ਦੀ ਸਵਾਰੀ ਵਿਹੜੇ 'ਚ ਨਹੀਂ ਜਾਣ ਦੇਣੀ। ਕਿਸੇ ਦੇ ਘਰ ਪਾਠ ਹੋਵੇ ਤਾਂ ਹੋਰ ਗੱਲ ਹੁੰਦੀ। ਵਿਹੜੇ ਦਾ ਜੰਞ ਘਰ ਕਿਹੜਾ ਸਾਫ਼-ਸੁਥਰਾ? ਪਿਛਲੀ ਕੰਧ ਚੀਨੇ ਚਾਮੜੀ ਨਾਲ ਲੱਗਦੀ।...ਇਹ ਤਾਂ ਗੁਰੂ ਮਹਾਰਾਜ ਦੀ ਬੇਅਦਬੀ ਹੋਈ।"

ਮੈਂ ਅੱਗੇ ਹੋ ਕੇ ਬਹੁਤ ਸਮਝਾਇਆ।

"ਭਾਈ ਗੁਰਮੁੱਖੋ! ਚੀਨੇ ਦਾ ਕਿੱਤਾ ਹੈ ਚੰਮ ਦਾ। ਮਰੇ ਪਸ਼ੂ ਚੁੱਕਣ ਦਾ। ਘਰ ਉਹਦੇ ਨੂੰ ਕਾਹਦੀ ਭਿੱਟ ਚੜੀ ਭਲਾ?" ਮੈਂ ਗੁਰਬਾਣੀ ਵਿੱਚੋਂ ਹਵਾਲੇ ਦਿੱਤੇ। ਪਰ ਪੈਂਚ ਤੇ ਉਹਦੇ ਸਾਥੀ ਜ਼ਿੱਦ 'ਤੇ ਕਾਇਮ ਸਨ।

"ਮਜ਼ਬੀ ਸਿੰਘ ਆਪਣਾ ਗੁਰਦੁਆਰਾ ਅਲੱਗ ਕਰ ਲੈਣ। ਸਾਨੂੰ ਕੋਈ ਏਤਰਾਜ਼ ਨਹੀਂ।" ਪਰ ਮੈਨੂੰ ਤਾਂ ਪੂਰਾ ਇਤਰਾਜ਼ ਸੀ। ਮੇਰੇ ਸਾਹਮਣੇ ਤਾਂ ਬਾਬੇ ਦੀ ਬਾਣੀ ਖੁਲ੍ਹੀ ਪਈ ਸੀ। ਜੋ ਸਭ ਨੂੰ ਬਰਾਬਰ ਦਾ ਮੰਨਦੀ। ਜੋ ਮਾਨਸ ਦੀ ਇੱਕ ਜਾਤ ਦਾ ਸੁਨੇਹਾ ਦਿੰਦੀ। ਪਰ ਗੱਲ ਵਿਗੜਨ ਲੱਗੀ ਸੀ। ਵਿਹੜੇ 'ਚ ਹੋਣ ਵਾਲਾ ਪਾਠ ਮੁਲਤਵੀ ਹੋ ਗਿਆ।...ਤੇ ਸਾਰੇ ਵਿਹੜੇ ਵਾਲੇ ਆਪਣਾ ਗੁਰਦੁਆਰਾ ਬਣਾਉਣ ਦੀ ਤਿਆਰੀ ਕਰਨ ਲੱਗੇ। ਪਹਿਲਾਂ ਮੈਂ ਪੈਂਚ ਤੇ ਉਹਦੇ ਸਾਥੀਆਂ ਨੂੰ ਸਮਝਾਉਂਦਾ ਸੀ ਹੁਣ ਆਪਣੇ ਵਿਹੜੇ ਵਾਲਿਆਂ ਨੂੰ ਸਮਝਾਉਣ ਲੱਗਿਆ, "ਇਉਂ ਕਿੰਨੇ ਕੁ ਗੁਰਦੁਆਰੇ ਖੋਲਾਂਗੇ ਪਿੰਡ 'ਚ? ਜਾਤਾਂ ਤੋਂ ਬਾਹਰ ਆਉਣ ਦੀ ਲੋੜ ਹੈ। ਗੁਰੂ ਦੇ ਸੱਚੇ ਸਿੱਖ ਇਹਨਾਂ ਗੱਲਾਂ ਨੂੰ ਨਹੀਂ ਮੰਨਦੇ।"

ਪਰ ਦੁਨੀਆਂ ਨੂੰ ਸਮਝਾਉਣਾ ਕਿਤੇ ਸੌਖਾ ਪਿਆ ਸੀ।

ਕਈ ਮਹੀਨੇ ਲੜਾਈ ਛਿੜੀ ਰਹੀ।...ਅੱਜ ਕੱਲ੍ਹ ਇੱਕ ਲੜਾਈ ਮੇਰੇ ਅੰਦਰ ਵੀ ਛਿੜੀ ਹੋਈ ਹੈ। ਜਦੋਂ ਵੀ ਪਾਸ਼ੀ ਦੇ ਚਿਹਰੇ ਵੱਲ ਦੇਖਦਾ, ਇੱਕ ਖੋਹ ਜਿਹੀ ਮਨ ਵਿੱਚ ਪੈਣ ਲੱਗਦੀ ਹੈ। ਸਾਰੀ ਉਮਰ ਜਿਨ੍ਹੇ ਰਾਜ ਭੋਗਿਆ,

ਹੁਣ ਏਸ ਉਮਰੇ ਆ ਕੇ... !!

"ਢਿੱਡ ਕੀ ਨਹੀਂ ਕਰਾਉਂਦਾ ਜਥੇਦਾਰਾ!ਦਿੱਲੀ ਚੱਲ ਵੜ ਸਾਡੇ ਨਾਲ।ਰੁਪਈਏ ਚਾਰ ਬਣ ਜਾਂਦੇ ਨੇ ਹੋਰ ਕੀ...।" ਕਮਾਈ ਦੀ ਖਾਤਰ ਕਿਸੇ ਗ੍ਰੰਥੀ ਸਿੰਘ ਦੇ ਕਹੇ 'ਤੇ ਮੈਂ ਦਿੱਲੀ ਚਲਾ ਗਿਆ।ਦਿੱਲੀ ਦੇ ਗੁਰਦੁਆਰਿਆਂ ਵਿੱਚ ਅਸੀਂ ਪਾਠ ਕਰਦੇ।ਨਿੱਤ ਕੋਈ ਨਾ ਕੋਈ ਅਖੰਡ ਪਾਠ ਖੁਲ੍ਹਿਆ ਹੁੰਦਾ।ਬੱਝਵੇਂ ਪੈਸੇ ਬਣ ਜਾਂਦੇ।ਮੈਂ ਪਿੰਡ ਨੂੰ ਮਨੀਆਰਡਰ ਕਰ ਦਿੰਦਾ।ਪਾਸ਼ੀ ਜਨਕ ਰਾਜ ਦੀ ਹੱਟੀ 'ਤੇ ਜਾ ਕੇ 'ਗੂੰਠਾ ਲਾ ਕੇ ਪੈਸੇ ਲੈ ਆਉਂਦੀ।ਜਨਕ ਰਾਜ ਪਿੰਡ ਦਾ ਡਾਕੀਆ ਸੀ।ਪਰ ਦਿੱਲੀ ਬਹੁਤੇ ਸਾਲ ਨਹੀਂ ਨਿਕਲੇ।ਮੈਨੂੰ ਸਾਹ ਦੀ ਸ਼ਿਕਾਇਤ ਰਹਿਣ ਲੱਗੀ।ਲੋਕੀਂ ਦੱਸਦੇ ਕਿ ਦਿੱਲੀ 'ਚ ਹਵਾ ਖਰਾਬ ਹੈ।ਚਿੱਟੇ ਕੱਪੜੇ ਪਾ ਕੇ ਤੁਰੋ ਤਾਂ ਦੋ ਮੀਲ ਜਾਂਦਿਆ ਤੀਕ ਕਾਲੇ ਹੋ ਜਾਂਦੇ।ਮੈਂ ਪਿੰਡ ਮੁੜ ਆਇਆ।ਸਰਕਾਰੀ ਹਸਪਤਾਲੋਂ ਦਵਾਈ ਲੈਣ ਲੱਗਿਆ।ਮੁੜ ਪਿੰਡ ਵਿੱਚ ਹੀ ਪਾਠ ਕਰਨ ਲੱਗਿਆ।ਸਵੇਰੇ ਸ਼ਾਮ ਸਾਡੇ ਵਿਹੜੇ ਵਾਲੇ ਗੁਰੂ ਘਰ ਦੀ ਸੇਵਾ ਸੰਭਾਲ ਕਰਦਾ।ਪਿੰਡ ਵਿੱਚ ਇਹ ਤੀਜਾ ਗੁਰਦੁਆਰਾ ਸੀ।ਇੱਕ ਦਰਜੀਆਂ ਦਾ, ਦੂਜਾ ਜੱਟਾਂ ਦਾ ਤੇ ਇਕ ਇਹ ਵਿਹੜੇ ਵਾਲਿਆਂ ਦਾ।ਤਿੰਨੋਂ ਗੁਰਦੁਆਰਿਆਂ ਦੇ ਸਪੀਕਰ ਸਵੇਰੇ ਵੱਜਦੇ।ਇੱਕੋ ਬਾਣੀ ਤਿੰਨਾਂ ਵਿੱਚ ਪੜ੍ਹੀ ਜਾਂਦੀ।ਇੱਕੋ ਬਾਣੀ ਇੱਕੋ ਗੁਰੂ ਪਰ ਗੁਰਦੁਆਰੇ ਤਿੰਨ ਬਣ ਗਏ ਸਨ।ਇਹ ਤਾਂ ਹਰ ਪਿੰਡ ਦੀ ਕਹਾਣੀ ਸੀ।ਦੂਜੇ ਪਾਠੀ ਹੱਸਦੇ।ਆਖਦੇ, "ਬਲਬੀਰ ਸਿੰਆਂ ਐਵੇਂ ਨਾ ਸਾਂਝੀਵਾਲਤਾ ਦੀਆਂ ਗੱਲਾਂ ਕਰਦਾ ਰਿਹਾ ਕਰ।ਜਿੰਨੇ ਗੁਰਦੁਆਰੇ ਖੁਲਣਗੇ ਆਪਣਾ ਕੰਮ ਤਾਂ ਉਨ੍ਹਾਂ ਵਧਣਾ।" ਗੁਰਬਾਣੀ ਪੜ੍ਹਨੀ ਵੀ ਕੰਮ ਹੋ ਗਿਆ ਹੈ ਅੱਜ ਕੱਲ੍ਹ।ਮੈਂ ਵਾਹਿਗੁਰੂ-ਵਾਹਿਗੁਰੂ ਕਰਦਾ, ਬਾਕੀ ਪਾਠੀ ਸਿੰਘਾਂ ਦੀਆਂ ਗੱਲਾਂ 'ਤੇ ਹੱਸ ਲੈਂਦਾ।ਪਰ ਹੁਣ ਤਾਂ ਹੱਸਿਆਂ ਵੀ ਜਿੱਦਾਂ ਸਦੀਆਂ ਹੋ ਗਈਆਂ ਹੋਣ। ...ਤੇ ਜਦੋਂ ਪਾਸ਼ੀ ਨੇ ਮੇਰੇ ਮੰਜੇ ਦੀ ਪੈਂਦੀਂ ਬਹਿ ਕੇ ਦੱਸਿਆਂ ਸੀ ਕਿ ਸਮੁੰਦਰ ਪੀਣਿਆਂ ਦੀ ਬੁੱਢੀ ਮਿਲੀ ਸੀ ਤੇ ਉਹਨੇ...।ਪਾਸ਼ੀ ਕੋਲੋ ਸੁਣ ਕੇ ਮੈਨੂੰ ਜਿਵੇਂ ਧੱਕਾ ਜਿਹਾ ਲੱਗਾ ਸੀ।ਉਸ ਸ਼ਾਮ ਤਾਂ ਮੈਂ ਰੋਟੀ ਵੀ ਨਹੀਂ ਸੀ ਖਾ ਸਕਿਆ।

"ਰੋਟੀ ਖਾਤਰ ਕੀ ਨਹੀਂ ਕਰਦਾ ਬੰਦਾ...।ਹੁਣ ਢਿੱਡ ਤਾਂ ਲਾਹ ਕੇ ਤਾਂ ਰੱਖ ਨਹੀਂ ਦੇਣਾ।" ਪਾਸ਼ੀ ਆਖਦੀ।ਮੇਰੇ ਢਿੱਡ ਦੀ ਤਕਲੀਫ਼ ਜਿਵੇਂ ਹੋਰ ਵੱਧ ਜਾਂਦੀ।ਮੈਂ ਢਿੱਡ ਨੂੰ ਟੋਹ-ਟੋਹ ਵੇਖਦਾ।ਆਕੜਿਆ ਢਿੱਡ ਪਾਸ਼ੀ ਦੀਆਂ ਗੱਲ਼ਾਂ ਨਾਲ ਜਿਵੇਂ ਹੋਰ ਆਕੜ ਜਾਂਦਾ।

"ਲਿਆ ਤੇਲ ਮਲ ਦਿਆਂ ਨਰਮ ਹੋਜੂ ਭੋਰਾ।" ਪਾਸ਼ੀ ਮੈਨੂੰ ਢਿੱਡ ਨੱਪਦਿਆਂ ਵੇਖ ਕੇ ਤੇਲ ਲੈਣ ਤੁਰ ਜਾਂਦੀ।

ਦਿੱਲੀਓ ਆ ਕੇ ਮੈਂ ਪਿੰਡ ਪਾਠ ਕਰਦਿਆਂ, ਸਾਹ ਦੀ ਅਹੁਰ ਜ਼ਰਾਂ ਠੀਕ ਹੋਈ ਤਾਂ ਢਿੱਡ ਵਿੱਚ ਨਿੱਕੀ-ਨਿੱਕੀ ਦਰਦ ਰਹਿਣ ਲੱਗੀ।ਪਾਠ 'ਤੇ ਚੌਕੜੀ ਮਾਰ ਕੇ ਬੈਠਾ ਨਾ ਜਾਂਦਾ।ਉਸਲ ਵੱਟੇ ਲੈਂਦਿਆਂ ਮੈਂ ਦੋ ਘੰਟੇ ਪੂਰੇ ਕਰਦਾ।ਪਿੰਡੋਂ ਗਿਆਨ ਸਿਹੁੰ ਕੋਲੋਂ ਦਵਾਈ ਲੈਂ ਲੈਂਦਾ।ਪੀੜ ਚਾਰ ਦਿਨ ਰੁਕਦੀ।ਪੰਜਵੇਂ ਦਿਨ ਨੂੰ ਫੇਰ ਉਹੀ ਹਾਲ ਹੋ ਜਾਂਦਾ।

"ਤੁਰ ਫਿਰ ਆਇਆ ਕਰ ਬਾਹਰ।ਪਿਆਂ-ਪਿਆਂ ਕਿਹੜਾ ਖਾਧਾ ਪੀਤਾ ਪੱਚਦਾ।" ਤੇਲ ਮਲਦਿਆਂ ਪਾਸ਼ੀ ਆਖਦੀ।ਮੈਂ ਰਾਤ ਦੀ ਰੋਟੀ ਲੋਅ ਰਹਿੰਦੀ ਤੋਂ ਖਾ ਲੈਂਦਾ ਫੇਰ ਸੂਏ ਦੀ ਪੱਟੜੀ ਪੈ ਜਾਂਦਾ।ਮੀਲ ਕੁ ਤੁਰ ਫਿਰ ਆਉਂਦਾ।ਢਿੱਡ ਰਤਾ ਹੌਲਾ ਰਹਿੰਦਾ।ਪਰ ਇੱਕ ਦਿਨ ਚਾਰ ਕੁ ਛਿੱਟਾ ਪਈਆਂ ਸੀ।ਪੱਟੜੀ-ਪੱਟੜੀ ਜਾਦਿਆਂ, ਗਿੱਲੀ ਥਾਂ ਤੋਂ ਮੇਰਾ ਪੈਰ ਤਿਲਕ ਗਿਆ।ਲੱਤ ਮੁੜ ਗਈ।ਕਿੰਨੀ ਦੇਰ ਪੀੜ ਦਾ ਮਾਰਿਆ ਮੈਂ ਉਥੇ ਹੀ ਪਿਆ ਰਿਹਾ।ਰੱਬਾਂ ਦੇ ਖੂਹ ਤੋਂ ਮੁੜਿਆ ਆਉਂਦਾ ਪਿੰਡ ਦਾ ਕੋਈ ਬੰਦਾ ਮੈਨੂੰ ਘਰ ਛੱਡ ਕੇ ਗਿਆ।ਪਿੰਜਣੀ ਕੋਲੋਂ ਹੱਡੀ ਟੁੱਟ ਗਈ।ਦਿਆਲ ਸਿਹੁੰ ਨੂੰ ਸੱਦ ਕੇ ਲੱਤ ਬੰਨਵਾਈ।ਪਾਠ ਤਾਂ ਕਦੇ ਦੇ ਛੁੱਟੇ ਪਏ ਸੀ , ਲੱਤ ਟੁੱਟਣ ਨਾਲ ਮੈਂ ਮੰਜਾਂ ਮੱਲ ਲਿਆ।

ਪਿਆਂ-ਪਿਆਂ ਲੱਕ ਆਕੜ ਗਿਆ।

ਤਾਰੀ ਨੇ ਤਾਂ ਅਰਦਾਸ ਵੀ ਕਰ ਦਿੱਤੀ ਪਰ ਪਾਸ਼ੀ ਅਜੇ ਤੱਕ ਨਹੀਂ ਉੱਠੀ।ਮੈਂ ਜਾਣਦਾ ਉਹ ਸੁੱਤੀ ਤਾਂ ਕਿੱਥੇ ਹੋਣੀ।ਐਵੇਂ ਢੀਠਾਂ ਤਾਣ ਪਈ ਹੋਣੀ ਏ।ਕਰਨਾ ਵੀ ਕੀ ਇੰਨੀ ਛੇਤੀ ਉਠਕੇ।ਵਿਆਹੁਣ ਜੋਗੀਆਂ ਦੋ ਧੀਆਂ ਬਾਰ ਬੈਠੀਆਂ ਹੋਣ ਮਾਂ ਨੂੰ ਫੇਰ ਨੀਂਦ ਕਿੱਥੇ ਆਉਂਦੀ? ਕਦੇ ਕਦੇ ਪਾਸ਼ੀ ਨੂੰ ਵੇਖ ਕੇ ਮੈਨੂੰ ਮੇਰੀ ਮਾਂ ਯਾਦ ਆ

ਜਾਂਦੀ। ਮੇਰੀ ਮਾਂ ਜਿੰਨੇ ਸਾਰੀ ਉਮਰ ਬਾਲਟਾ ਢੋਇਆ ਸੀ ਸਿਰ 'ਤੇ। ਉਹ ਆਖਦੀ ਹੁੰਦੀ ਸੀ, "ਇਹ ਤਾਂ ਸਾਨੂੰ ਵਿਰਸੇ 'ਚ ਮਿਲ ਜਾਂਦਾ ਭਾਈ। ਪਿੰਡ ਮੇਰੀ ਮਾਂ ਗੋਹਾ ਸੁੱਟਦੀ ਮਰ ਗਈ। ਇੱਥੇ ਆਈਂ ਤਾਂ ਬਾਪ ਤੇਰੇ ਨੇ ਫੜਾ ਦਿੱਤਾ ਬੱਠਲ।" ਉਹ ਹੱਡ ਪੈਰ ਚੱਲਦੇ ਹੋਣ ਤੀਕ ਕੰਮ ਕਰਦੀ ਰਹੀ। ਮੇਰੀਆਂ ਭੈਣਾਂ ਲਈ ਤੀਲ੍ਹਾ-ਤੀਲ੍ਹਾ ਇਕੱਠਾ ਕਰਦੀ ਰਹੀ। ਵੱਡੀ ਭੈਣ ਜਦੋਂ ਵਿਆਹੀ ਉਦੋਂ ਮੈਂ ਸ਼ਿਗਾਰੇ ਨਾਲ ਜਾਂਦਾ ਸੀ। ਉਸਤੋਂ ਛੋਟੀ ਵੇਲੇ ਮੈਂ ਨਵਾਂ-ਨਵਾਂ ਪਾਠ ਕਰਨ ਲੱਗਿਆ ਸੀ। ਪਰ ਬਦਲਿਆ ਤਾਂ ਭੈਣਾਂ ਦੇ ਵਿਆਹ ਮਗਰੋਂ ਵੀ ਕੁਝ ਨਹੀਂ ਸੀ।

ਬੀਬੀ ਆਖਦੀ ਹੁੰਦੀ ਸੀ, "ਧੀਆਂ ਵਾਲੇ ਘਰ ਨੂੰ ਵਿਰਵੀ ਸੰਨ੍ਹ ਲੱਗੀ ਰਹਿੰਦੀ।"

ਬੀਬੀ ਵਰਗੀਆਂ ਗੱਲਾਂ ਹੀ ਪਾਸ਼ੀ ਕਰਦੀ ਹੈ। ਧੀਆਂ ਦੇ ਵਿਆਹ ਦਾ ਫਿਕਰ ਉਹਨੂੰ ਹਰ ਪਲ ਖਾਂਦਾ ਰਹਿੰਦਾ।

"ਰੋਟੀ ਤਾਂ ਖਾ ਕੇ ਸੌਂਈਦੀ ਆ। ਮਾੜਾ ਚੰਗਾ ਸਰਦਾ ਜਾਣਾ। ਲੱਤ ਠੀਕ ਹੁੰਦੀ ਤਾਂ ਮੈਂ ਕਰਦਾ ਬਲਕਾਰ ਸਿਹੁੰ ਨਾ ਗੱਲ। ਪਾਠ ਕਿਹੜਾ ਭੁੱਲ ਗਿਆ ਮੈਨੂੰ।"

"ਢਿੱਡ ਦੁਖੋਂ ਤਾਂ ਤੈਥੋਂ ਡਿਊਟੀ ਨਹੀਂ ਸੀ ਲੱਗਦੀ। ਉਹਨੇ ਤਾਂਹੀ ਤੈਨੂੰ ਪਾਠਾਂ 'ਤੇ ਲਾਉਣਾ ਛੱਡ 'ਤਾਂ। ਤੂੰ ਚੱਜ ਦੇ ਥਾਂ ਦਿਖਾ ਲਾ ਕੀ ਪਤਾ ਕੀ ਨੁਕਸ ਆ ਅੰਦਰ।" ਉਹਨੇ ਅੱਗਿਓ ਹੋਰ ਫਿਕਰਾਂ ਛੇੜ ਲਈਆਂ।

ਮੈਂ ਇੱਕ ਟੱਕ ਪਾਸ਼ੀ ਵੱਲ ਦੇਖਦਾ ਰਿਹਾ। ਵੇਲੇ ਨਾਲ ਕੀ ਕੁਝ ਬਦਲ ਜਾਂਦਾ। ਮੈਂ ਮਨ ਵਿਚ ਸੋਚਣ ਲੱਗਾ।

ਕਦੇ ਇਹੀ ਦੇਹੀ ਜ਼ੋਰ ਤੇ ਉੱਦਮ ਨਾਲ ਉੱਡੂ-ਉੱਡੂ ਕਰਦੀ ਸੀ। ਮੈਂ ਰਾਊਲ 'ਤੇ ਬੈਠਾ ਕਦੇ ਥੱਕਿਆ ਨਹੀਂ ਸੀ। ਮਿਹਨਤ ਕਰ ਕੇ ਪਹਿਲਾਂ ਹਿੱਸੇ ਆਏ ਜੱਦੀ ਥਾਂ ਵਿਚ ਰਹਿਣ ਜੋਗੇ ਦੋ ਕੋਠੇ ਛੱਤੇ। ਪਾਸ਼ੀ ਤੋਂ ਚਾਅ ਨਹੀਂ ਸੀ ਸਾਂਭ ਹੁੰਦਾ।

"ਮੈਂ ਤਾਂ ਸੋਚਦੀ ਸਾਂ, ਪੇਕੀਂ ਵੀ ਚੋਏ ਮਾਰਦੇ ਮਰਗੇ ਇੱਥੇ ਵੀ ਸਾਰਾ ਮੀਂਹ ਉੱਤੇ ਈ ਲੰਘਾਉਣਾ ਪਿਆ ਕਰੂ। ਵਿਰਾਸਤ ਵਾਲਾ ਬੱਠਲ ਮਿਲਣਾ ਗੋਹੇ ਦਾ। ਪਰ ਸੱਚੇ 'ਪਾਸ਼ਾ ਸੁਣਨ ਵਾਲਾ।" ਮੈ ਉਹਦੀਆਂ ਗੱਲਾਂ ਸੁਣ ਕੇ ਮਨ ਵਿਚ ਸੋਚਦਾ, ਮੈਂ ਪੇਕਿਆਂ ਵਾਲੀ ਹੋਣੀ ਨਹੀਂ ਭੋਗਣ ਦਿੰਦਾ ਤੈਨੂੰ। ਮੈਨੂੰ ਮੇਰੀ ਬੀਬੀ ਦੀ ਹੋਣੀ ਦਿੱਸਣ ਲੱਗ ਜਾਂਦੀ। ਜਿਹਦੇ ਸਿਰ 'ਤੇ ਆਉਂਦੀ ਦੇ ਬਾਪੂ ਨੇ ਗੋਹੇ ਦਾ ਬੱਠਲ ਧਰ ਦਿੱਤਾ ਸੀ। ਉਹੀ ਗੋਹੇ ਦਾ ਬੱਠਣ ਕਦੋਂ ਹੌਲ਼ੀ-ਹੌਲ਼ੀ ਫਿਕਰਾਂ ਦੀ ਪੰਡ ਬਣ ਗਿਆ ਸੀ , ਇਹਦਾ ਪਤਾ ਤਾਂ ਬੀਬੀ ਨੂੰ ਵੀ ਨਹੀਂ ਸੀ ਲੱਗਾ।

ਹੌਲੀ-ਹੌਲੀ ਕੋਠੇ ਪਲੱਸਤਰ ਹੋਏ। ਕਈ ਸਾਲ ਰੋਟੀ ਟੁੱਕ ਕਮਰੇ ਵਿਚ ਹੀ ਕਰਦੇ ਰਹੇ। ਫੇਰ ਅਸੀਂ ਰਸੋਈ ਛੱਤੀ। ਘਰੇ ਲੱਗਦੀ ਹਰ ਇੱਟ ਨਾਲ ਪਾਸ਼ੀ ਦੀ ਖੁਸ਼ੀ ਦੂਣ ਸਵਾਈ ਵੱਧਦੀ। ਦਿੱਲੀਓ ਮੈਂ ਹਫਤੇ ਕੁ ਲਈ ਪਿੰਡ ਆ ਕੇ ਦੋਵਾਂ ਕਮਰਿਆਂ ਵਿਚ ਫਰਸ਼ ਲਵਾਈ।

"ਚੱਲ ਪੋਚਾ ਫੇਰਨ ਦਾ ਟੰਟਾ ਮੁਕਾ।" ਕਈ ਦਿਨ ਪਾਸ਼ੀ ਚਾਅ ਵਿਚ ਉੱਡੀ ਫਿਰਦੀ ਰਹੀ। ਨਿੱਤ ਗਿੱਲੀ ਲੀਰ ਨਾਲ ਫਰਸ਼ ਸਾਫ ਕਰਦੀ। ਮੈਂ ਉਹਦੇ ਚਾਅ ਨੂੰ ਵੇਖ ਕੇ ਖੁਸ਼ ਹੁੰਦਾ।

ਪੰਜੀ-ਪੰਜੀ ਬਚਾ ਕੇ ਅਸੀਂ ਘਰ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਬਣਾਉਂਦੇ ਰਹੇ।

ਪਾਸ਼ੀ ਕਦੇ ਕਮੇਟੀ ਪਾਕੇ ਮੇਜ਼-ਕੁਰਸੀਆਂ ਖ਼੍ਰੀਦ ਲੈਂਦੀ। ਕਦੇ ਕੋਈ ਮੰਜਾ-ਪੀੜੀ।

"ਕੋਈ ਭੈਣ-ਭਰਾ ਆ ਜਾਂਦਾ ਵੱਸਦੇ ਘਰਾਂ 'ਚ। ਦੋ ਚਾਰ ਮੰਜੇ ਤਾਂ ਵੱਧ ਜੋਣੇ ਚਾਹੀਦੇ। ਮੰਗਣ ਜਾਂਦਾ ਵਾਹਵਾ ਲੱਗਦਾ ਬੰਦਾ।" ਉਹਨੇ ਸਚਿਆਰੀ ਔਰਤ ਬਣ ਕੇ ਘਰ ਬੰਨ੍ਹਿਆ ਸੀ। ਵਿਹੜੇ ਵਿਚ ਸਾਡੇ ਘਰ ਦੀਆਂ ਗੱਲਾਂ ਹੁੰਦੀਆਂ। ਪਾਸ਼ੀ ਕਦੇ ਵਿਹੜੇ ਦੀਆਂ ਬਾਕੀ ਤੀਵੀਆਂ ਨਾਲ ਸਿੱਟੇ ਚੁਗਣ ਨਹੀਂ ਸੀ ਗਈ। ਉਹਨੇ ਕਦੇ ਝੋਨਾ ਨਹੀਂ ਸੀ ਲਾਇਆ। ਵਾਢੀ ਨਹੀਂ ਸੀ ਕੀਤੀ।

"ਬਾਬੇ ਵਾਲੀ ਨੂੰ ਮੌਜ਼ਾਂ। ਇੱਥੇ ਮਾਰ ਲੱਕ ਰਹਿ ਜਾਂਦੇ ਚਿੱਕੜ 'ਚ।" ਵਿਹੜੇ ਦੀਆਂ ਜ਼ਨਾਨੀਆਂ ਪਾਸ਼ੀ ਨੂੰ ਝੇਡਾ ਕਰ ਜਾਂਦੀਆਂ।

ਮੈਨੂੰ ਕਿੰਨਾ ਕੁਝ ਚੇਤੇ ਆ ਜਾਂਦਾ।

ਚਾਚੇ ਦੂਲੇ ਨਾਲ ਰਲ ਕੇ ਬਾਪੂ ਤੇ ਬੀਬੀ ਵੀ ਝੋਨਾ ਲਾਉਂਦੇ ਹੁੰਦੇ ਸੀ। ਚਾਚੇ ਦੇ ਜਵਾਕ ਤੇ ਅਸੀਂ ਸਾਰੇ ਭੈਣ ਭਾਈ

ਵੀ ਨਾਲ ਜਾਂਦੇ। ਪਾਣੀ ਸੇਕ ਮਾਰਦਾ। ਸੂਰਜ ਅੱਗ ਸੁਟਦਾ। ਮੈਂ ਟਾਹਲੀ ਥੱਲੇ ਬੈਠਾ। ਨੀਵੇਂ ਲੱਕ ਝੋਨਾਂ ਲਾਉਂਦਿਆਂ ਬੀਬੀ ਹੁਣਾਂ ਨੂੰ ਵੇਖਦਾ ਹੁੰਦਾ ਸੀ।

ਝੋਨਾਂ ਲਾਉਣਾ ਕਿੰਨਾਂ ਔਖਾ ਇਹ ਉਦੋਂ ਪਤਾ ਲੱਗਿਆ ਸੀ, ਜਦੋਂ ਅਗਲੇ ਤੋਂ ਅਗਲੇਰੇ ਵਰ੍ਹੇ ਬਾਪੂ ਨੇ ਘਰਦੀ ਟੋਲੀ ਬਣਾ ਕੇ ਝੋਨਾ ਲਾਇਆ ਸੀ। ਪਰ ਸ਼ੇਰੇ ਨੇ ਤਾਂ ਕੋਈ ਔਖ-ਸੌਖ ਵੀ ਨਹੀਂ ਕੱਟੀ। ਮੈਂ ਇਹਨੂੰ ਕਦੀ ਕੋਈ ਕੰਮ ਨਹੀਂ ਸੀ ਦੱਸਿਆ। ਚੱਕੀ 'ਤੇ ਦਾਣੇ ਤੱਕ ਸੁੱਟਣ ਨਹੀਂ ਘੱਲਿਆ ਮੈਂ ਕਦੇ ਇਹਨੂੰ। ਸਰਕਾਰੀ ਸਕੂਲੋਂ ਇਹਨੇ ਦਸਵੀਂ ਕੀਤੀ। ਮੈਨੂੰ ਆਸ ਜਿਹੀ ਦਿੱਸਣ ਲੱਗੀ। ਸੋਚਿਆ, ਹੱਡਾਂ-ਪੈਰਾਂ ਦਾ ਖੁਲ੍ਹਾ ਹੈ। ਕਿਧਰੇ ਭਰਤੀ ਹੋਜੂ। ਜੂਨ ਸੁਧਰ ਜਾਊ। ਕਿੰਨੇ ਮੁੰਡੇ ਫੌਜੀ ਹੋ ਗਏ ਨੇ ਵਿਹੜੇ 'ਚੋਂ। ਘਰਾਂ ਦੇ ਰੰਗ ਢੰਗ ਬਦਲ ਗਏ। ਛੁੱਟੀ ਆਏ ਪਹਿਚਾਣੇ ਨਹੀਂ ਜਾਂਦੇ। ਖ਼ੁਸ਼ਬੂਆਂ ਛੱਡਦੇ ਜਾਂਦੇ ਜਿੱਧਰੋਂ ਵੀ ਲ਼ੰਘਦੇ। ਮੈਂ ਬਥੇਰਾ ਆਖਿਆ ਵੇਖਿਆ ਸੀ ਇਹਨੂੰ।

"ਜੱਟਾਂ ਦੀਆਂ ਵੱਟਾਂ ਚੋਪੜਦਾ ਮਰ ਜਾਏਗਾ, ਹੁਣ ਵੇਲਾ ਸਾਂਭ ਲੈ।"

ਪਰ ਉਹਨੇ ਵੇਲਾ ਕੀ ਸਾਂਭਣਾ ਜਿਹੜਾ ਤੇਰ੍ਹਾਂ ਵਜੇ ਤੀਕ ਸੁੱਤਾ ਨਹੀਂ ਉਠਦਾ। ਮੂੰਹ ਸਿਰ ਮੁੰਨਾਈ ਫਿਰਦਾ। ਮੈਨੂੰ ਤਾਂ ਆਪ ਸ਼ਰਮ ਆਉਂਦੀ। ਮੈਂ ਲੋਕਾਂ ਦੇ ਜਵਾਕਾਂ ਨੂੰ ਮੱਤਾਂ ਦਿੰਦਾ ਸਾਂ। ਆਪਣੀ ਔਲਾਦ ਮੇਰੀ ਕਹਿਣੇ 'ਚ ਹੈਨੀ। ਚਹੁੰ ਦਿਨਾਂ ਦੇ ਚੱਕੀ 'ਤੇ ਦਾਣੇ ਸੁੱਟੇ ਪਏ ਸੀ। ਕੱਲ ਪਾਸ਼ੀ ਹਾਰ ਕੇ ਆਪ ਚੁੱਕ ਕੇ ਲਿਆਈ।

"ਚੱਲ ਕਿਉਂ ਹਰਖਦਾ। ਪਹਿਲੇ ਦਿਨੋਂ ਤਾਂ ਕੰਮ ਨਹੀਂ ਦੱਸਿਆ ਇਹਨੂੰ। ਉਈਂ ਚਤੰਨ ਨਹੀਂ ਕਰਦਾ। ਹੋਜੂ ਸਿਆਣਾ।" ਸਿਰ 'ਤੇ ਤੀਹ ਕਿਲੋ ਆਟਾ ਚੁੱਕ ਕੇ ਲੈ ਆਈ ਪਾਸ਼ੀ, ਫੇਰ ਵੀ ਗੱਲ 'ਤੇ ਠੰਡਾ ਛਿੜਕਦੀ।

"ਮੇਰੀ ਲੱਤ ਨਾ ਟੁੱਟਦੀ ਤਾਂ...।" ਮੇਰਾ ਮਨ ਭਰ ਆਇਆ। ਪੰਜ ਮਹੀਨੇ ਹੋ ਗਏ ਸੀ ਮੈਨੂੰ ਵਿਹਲੇ ਬੈਠਿਆ। ਕਦੇ ਕਦੇ ਢਿੱਡ 'ਚ ਐਸੀ ਪੀੜ ਉਠਦੀ ਕਿ ਮੈਂ ਦੂਹਰਾ ਹੋ ਜਾਂਦਾ। ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਫੈਲਣ ਲੱਗਦਾ।

******

ਚਿੱਟਾ ਦਿਨ ਚੜ੍ਹ ਗਿਆ।

ਰਸੋਈ ਵਿਚ ਭਾਂਡੇ ਖੜਕਣ ਦੀ ਅਵਾਜ਼ ਆਈ। ਉਠ ਗਈ ਲੱਗਦਾ ਪਾਸ਼ੀ। ਮੇਰੇ ਮਨ ਵਿਚ ਕਈ ਕੁਝ ਚੱਲੀ ਜਾਂਦਾ। ਜੀਅ ਕਰਦਾ ਪਾਸ਼ੀ ਨੂੰ ਇੱਕ ਵਾਰ ਫੇਰ ਕਹਾਂ।

"ਸਾਰੀ ਉਮਰ ਤੂੰ ਸੁੱਖ ਦੀ ਕੱਟੀ। ਹੁਣ ਗੋਹਾ ਢੋਣਾ ਸਿਰ 'ਤੇ। ਮੇਰੀ ਕੀਤੀ ਕਤਰੀ ਖੂਹ 'ਚ ਪੈਜੂ। ਲੋਕਾਂ ਗੱਲਾਂ ਕਰਨੀਆਂ।"

"ਜਦੋਂ ਮੈਂ ਸਾਰੀ ਉਮਰ ਵੱਟਾਂ ਬੰਨਿਆਂ 'ਤੇ ਨਹੀਂ ਗਈ ਗੱਲਾਂ ਤਾਂ ਲੋਕ ਉਦੋਂ ਵੀ ਬਥੇਰੀਆਂ ਕਰਦੇ ਸੀ। ਲੋਕਾਂ ਦਾਣੇ ਪਾ ਕੇ ਦੇਣੇ ਡਰੰਮ 'ਚ। ਸਮੁੰਦਰ ਪੀਣਿਆਂ ਦੀ ਬੁੜੀ ਨੂੰ ਹਾਂ ਕਰ ਆਈ ਮੈਂ।" ਮੇਰੇ ਕੰਨਾਂ ਵਿਚ ਪਾਸ਼ੀ ਦੀ ਉਸ ਦਿਨ ਵਾਲੀ ਗੱਲ ਅਜੇ ਤੀਕ ਗੂੰਜੀਂ ਜਾਂਦੀ ਹੈ।

ਉਹਨੇ ਤਾਂ ਜਿਵੇਂ ਮੈਨੂੰ ਫ਼ੈਸਲਾ ਸੁਣਾਇਆ ਸੀ।

"ਬੁੜੀ ਕਹਿੰਦੀ ਸੀ ਕੋਈ ਲੱਭ ਕੇ ਦੇ ਵਿਹੜੇ 'ਚੋਂ। ਆਪ ਤੋਂ ਨਹੀਂ ਹੁੰਦਾ। ਪਸ਼ੂ ਬਥੇਰੇ ਸੁੱਖ ਨਾਲ। ਮੈਂ ਕਿਹਾ ਮੈਂ ਹੀ ਕਰ ਲੈਂਦੀ ਆ।" ਪਾਸ਼ੀ ਨੇ ਆਖ ਕੇ ਮੇਰੇ ਚਿਹਰੇ ਵੱਲ ਦੇਖਿਆ। ਸਾਡੇ ਵਿਚਾਲੇ ਚੁੱਪ ਛਾ ਗਈ ਸੀ।

"ਕਿੱਦਾਂ ਚੁੱਪ ਜਿਹਾ ਬੈਠਾਂ। ਆਹ ਚਾਹ ਪੀ ਲੈ। ਮੈਂ ਗੁਰਦੁਆਰੇ ਚੱਲੀ। ਉਧਰੋਂ ਈ ਪਰ੍ਹੇ ਸਮੁੰਦਰ ਪੀਣਿਆਂ ਦੇ ਹੋਜੂ। ਕੰਮ ਕਰ ਕੇ ਆਊ। ਕਿੰਦੀ ਲਾਹ ਦਊ ਤੈਨੂੰ ਦੋ ਫੁੱਲਕੇ।"

ਪਾਸ਼ੀ ਮੇਰੇ ਵੱਲ ਬਿਨਾਂ ਦੇਖੇ , ਬੋਲਦੀ ਹੋਈ ਬੂਹਿਓਂ ਬਾਹਰ ਹੋ ਗਈ।

ਸੰਪਰਕ : # ਅਦਬ ਨਿਵਾਜ਼ ਹਾਊਸ, ਗਲੀ ਨੰ:8

ਨੇੜੇ ਸ਼ਹੀਦ ਭਗਤ ਸਿੰਘ ਸਕੂਲ ਪੱਟੀ(ਤਰਨ-ਤਾਰਨ) 94632 15168

*ਵਿਸ਼ਵਵਿਦਿਆਲਿਆਂ ਦੇ ਵਿਹੜੇ 'ਚੋਂ*

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਦਿਆਰਥੀ ਕੌਂਸਲ ਚੋਣਾਂ : ਲੱਛਣ ਤੇ ਭਵਿੱਖ

*ਰਵੀ ਕੁਮਾਰ*

ਦਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੈਂਪਸ ਵਿੱਚ 2018 ਦੀਆਂ ਵਿਦਿਆਰਥੀ ਕੌਂਸਲ ਚੋਣਾਂ 'ਚ ਸਟੂਡੈਂਟਸ ਫ਼ਾਰ ਸੁਸਾਇਟੀ (ਐੱਸਐੱਫਐੱਸ) ਦੀ ਜਿੱਤ ਹੋਈ ਹੈ। ਇਸ ਜਿੱਤ ਨਾਲ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਕੌਂਸਲ 'ਚ ਕਨੂੰਪ੍ਰਿਆ ਪਹਿਲੀ ਮਹਿਲਾ ਪ੍ਰਧਾਨ ਬਣੀ ਹੈ। ਇਨ੍ਹਾਂ ਚੋਣਾਂ 'ਚ ਪੰਜਾਬ ਯੂਨੀਵਰਸਿਟੀ ਦੀਆਂ ਅਠਾਰਾਂ ਵਿਦਿਆਰਥੀ ਜਥੇਬੰਦੀਆਂ ਦੀ ਸ਼ਮੂਲੀਅਤ ਸੀ। ਚੋਣ ਪ੍ਰਕਿਰਿਆ ਦੇ ਆਖਰੀ ਪੜਾਅ ਤੱਕ ਮੁੱਖ ਪੰਜ ਫਰੰਟ ਸਾਹਮਣੇ ਆਏ। ਇਨ੍ਹਾਂ ਚੋਣਾਂ 'ਚ 9500 ਵੋਟਾਂ ਵਿੱਚੋਂ ਐਸਐਫਐਸ ਦੀ ਪ੍ਰਧਾਨ ਕਨੂੰਪ੍ਰਿਆ ਨੇ 2803 ਵੋਟਾਂ ਲੈ ਕੇ ਭਾਜਪਾ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਅਸ਼ੀਸ਼ ਰਾਣਾ ਨੂੰ 721 ਵੋਟਾਂ ਨਾਲ ਹਰਾਇਆ। ਇਸ ਜਿੱਤ ਨੇ ਪੰਜਾਬ ਅਤੇ ਉੱਤਰੀ ਭਾਰਤ 'ਚ ਨਾ ਸਿਰਫ਼ ਵਿਰੋਧੀ ਜਥੇਬੰਦੀਆਂ ਨੂੰ ਸਗੋਂ ਯੂਨੀਵਰਸਿਟੀ ਅਧਿਆਪਕਾਂ, ਅਧਿਕਾਰੀਆਂ ਤੇ ਪਾੜ੍ਹਿਆਂ ਨੂੰ ਹੈਰਾਨ ਕੀਤਾ ਹੈ। ਵਿਦਿਆਰਥੀ ਸਰਗਰਮੀਆਂ ਤੇ ਸੰਘਰਸ਼ਾਂ ਵਿੱਚੋਂ ਐਸਐਫਐਸ ਇੱਕ ਨਵੇਂ ਤੇ ਨਿਵੇਕਲੇ ਅੰਦਾਜ਼ ਵਿੱਚ ਪ੍ਰਗਟ ਹੋਈ ਹੈ। ਲੋਕ-ਪੱਖੀ ਰਾਜਨੀਤੀ ਦਾ ਨਾਂ ਦਿੰਦੇ ਹੋਏ ਪੰਜਾਬ ਯੂਨੀਵਰਸਿਟੀ ਦੇ ਬੁਰਜ਼ੂਆਜੀ/ਹਾਈ-ਫਾਈ ਮਾਹੌਲ ਵਾਲੇ ਕੈਂਪਸ 'ਚ ਐੱਸਐੱਫਐੱਸ ਦੀ ਸ਼ੁਰੂਆਤ 28 ਅਕਤੂਬਰ 2010 ਨੂੰ ਇਕ ਸੰਵਾਦ ਫੌਰਮ ਵਜੋਂ ਹੋਈ ਸੀ। ਉਸ ਸਮੇਂ ਇਸਦੇ ਮੁੱਖ ਰੁਝਾਣ ਰਾਸ਼ਟਰੀ ਅੰਤਰ-ਰਾਸ਼ਟਰੀ ਸਰੋਕਾਰਾਂ ਨਾਲ ਜੁੜੇ ਮੁੱਦੇ ਸਨ। ਇਸ ਉਪਰੰਤ ਐੱਸਐੱਫਐੱਸ ਨੇ ਐੱਸਐੱਫਆਈ ਨਾਲ ਮਿਲ ਕੇ ਪਹਿਲਾ ਵਿਦਿਆਰਥੀ ਸੰਘਰਸ਼ ਮੈੱਸ ਫ਼ੀਸ 'ਚ ਹੋ ਰਹੇ ਵਾਧੇ ਦੇ ਖ਼ਿਲਾਫ ਕੀਤਾ। ਇਸ ਗਰੁੱਪ ਨੇ ਵਿਚਾਰਧਾਰਕ ਤੌਰ ਤੇ 2013 'ਚ ਭਗਤ ਸਿੰਘ ਨੂੰ ਨਾਇਕ ਮੰਨਦੇ ਹੋਏ ਵਿਦਿਆਰਥੀ ਜਥੇਬੰਦੀ ਦੀ ਨੀਂਹ ਰੱਖੀ। ਇਸ ਤੋਂ ਬਾਅਦ ਨਿਰੰਤਰ ਵਿਦਿਆਰਥੀ ਹੱਕਾਂ ਲਈ ਕੀਤੇ ਸੰਘਰਸ਼ਾਂ ਕਰਕੇ ਐੱਸਐੱਫਐੱਸ ਜਿੱਥੇ ਅਗਾਂਹਵਧੂ ਵਿਚਾਰਾਂ ਵਾਲੇ ਬੁੱਧੀਜੀਵੀਆਂ ਲਈ ਵਿਸ਼ੇਸ ਰਾਹਤ ਤੇ ਖਿੱਚ ਦਾ ਕੇਂਦਰ ਬਣੀ, ਦੂਜੇ ਪਾਸੇ ਪੱਤਰਕਾਰੀ ਤੇ ਮੀਡੀਆ ਵੀ ਐੱਸਐੱਫਐੱਸ ਦੀ ਵਿਦਿਆਰਥੀ ਰਾਜਨੀਤੀ 'ਚ ਪੂਰੀ ਤਰ੍ਹਾਂ ਦਿਲਚਸਪੀ ਦਿਖਾਉਂਦੇ ਰਹੇ। ਇਉਂ, ਵਿਦਿਆਰਥੀ ਰਾਜਨੀਤੀ ਸਮਾਜ 'ਚ ਮੁੱਖ ਧਾਰਾ ਦੀ ਰਾਜਨੀਤੀ 'ਚ ਇੱਕ ਕੜੀ ਦਾ ਕਾਰਜ ਕਰਦੀ ਹੈ। ਜਿਸ ਕਰਕੇ ਐੱਸਐੱਫਐੱਸ ਦੀ ਜਿੱਤ ਨੇ ਪੰਜਾਬ ਤੇ ਉੱਤਰੀ ਭਾਰਤ ਦੇ ਲੋਕਾਂ ਵਿਚਕਾਰ ਰਾਜਨੀਤੀ 'ਚ ਨਵਾਂ ਵਿਸ਼ਵਾਸ ਤੇ ਸੰਭਾਵਨਾ ਪੈਦਾ ਕੀਤੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਕੀ ਸਾਨੂੰ ਐੱਸਐੱਫਐੱਸ ਦੀ ਜਿੱਤ ਨੂੰ ਸਿਰਫ਼ ਵਿਦਿਆਰਥੀ ਚੋਣਾਂ ਦੀ ਜਿੱਤ ਵਜੋਂ ਦੇਖਣਾ ਚਾਹੀਦਾ ਹੈ? ਕੀ ਇਹ ਜਿੱਤ ਭਾਰਤੀ ਰਾਜਨੀਤੀ ਵਿਵਸਥਾ 'ਚ ਇੱਕ ਵੱਖਰੇ ਕਿਸਮ ਦੇ ਮਾਡਲ/ਰਾਜਨੀਤੀ ਪੈਦਾ ਕਰਨ ਵੱਲ ਇੱਕ ਕਦਮ ਹੈ? ਕੀ ਇਹ ਜਿੱਤ ਲੋਕਤੰਤਰ 'ਚ ਸੰਵਾਦ ਤੇ ਵਿਚਾਰਾਂ ਦੀ ਜਿੱਤ ਹੈ? ਕੀ ਇਹ ਜਿੱਤ ਭਗਤ ਸਿੰਘ ਦੇ ਸੁਪਨਿਆਂ ਦਾ ਸੰਸਾਰ ਸਿਰਜਣ ਵੱਲ ਪਹਿਲਾ ਪੜਾਅ ਹੈ? ਇਸ ਲੇਖ ਦਾ ਮੁੱਖ ਮੰਤਵ 2018 'ਚ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਚੋਣਾਂ 'ਚ ਐੱਸਐੱਫਐੱਸ ਦੀ ਜਿੱਤ ਰਾਹੀਂ ਇਨ੍ਹਾਂ ਸਵਾਲਾਂ ਨੂੰ ਸਮਝਦੇ ਹੋਏ, ਵਿਦਿਆਰਥੀ ਰਾਜਨੀਤੀ ਵਿੱਚੋਂ ਪੈਦਾ ਹੁੰਦੇ ਲੱਛਣ ਤੇ ਭਵਿੱਖ ਨੂੰ ਸਮਝਣ ਦਾ ਯਤਨ ਕਰਨਾ ਹੈ।

2

ਹਿੰਦੋਸਤਾਨ ਵਿੱਚ ਵਿਦਿਆਰਥੀ ਰਾਜਨੀਤੀ ਦਾ ਗੌਰਵਸ਼ਾਲੀ ਇਤਿਹਾਸ ਹੈ। ਪੂਰਵ ਸੁਤੰਤਰਤਾ ਕਾਲ ਅਤੇ ਸੁਤੰਤਰਤਾ ਕਾਲ ਦੀ ਵਿਦਿਆਰਥੀ ਰਾਜਨੀਤੀ ਦੇ ਵੱਖਰੇ-ਵੱਖਰੇ ਉਦੇਸ਼ ਅਤੇ ਪ੍ਰੋਗਰਾਮ ਰਹੇ ਹਨ। ਉਨ੍ਹਾਂ ਦੇ ਸਿਧਾਂਤਕ ਤੇ ਵਿਹਾਰਕ ਅਮਲ ਦੇ ਪੈਮਾਨੇ ਅਗਾਂਹਵਧੂ ਵਿਚਾਰਾਂ ਵਾਲੇ ਰਹੇ ਹਨ। ਪੂਰਵ ਸੁਤੰਤਰਤਾ ਕਾਲ ਦੌਰਾਨ ਭਾਰਤ ਦੀ ਇਕਲੌਤੀ ਜਥੇਬੰਦੀ ਏਆਈਐੱਸਐੱਫ (1936) ਨੇ ਅਲੱਗ-ਅਲੱਗ ਖੇਤਰਾਂ ਤੋਂ ਵਿਦਿਆਰਥੀਆਂ ਨੂੰ

ਇਕੱਠੇ ਕਰਕੇ ਉਸ ਸਮੇਂ ਦੇ ਸੰਘਰਸ਼ਕਾਰੀ ਨੇਤਾਵਾਂ, ਬੁੱਧੀਜੀਵੀਆਂ ਨਾਲ ਮਿਲਕੇ ਸੁਤੰਤਰਤਾ ਅੰਦੋਲਨਾਂ 'ਚ ਭਾਗ ਲਿਆ। ਉਸ ਸਮੇਂ ਦੇ ਵਿਦਿਆਰਥੀ ਅੰਦੋਲਨਾਂ ਦਾ ਮੁੱਖ ਸੁਪਨਾ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣਾ, ਵਿਦਿਆਰਥੀ ਹੱਕਾਂ ਲਈ ਸੰਘਰਸ਼ ਕਰਨੇ, ਇੱਕ ਬਿਹਤਰ ਵਿਗਿਆਨਕ ਸਿੱਖਿਆ ਅਤੇ ਸਮਾਨਤਾ ਦਾ ਸਮਾਜ ਬਣਾਉਣਾ ਆਦਿ ਸੀ। ਉਨ੍ਹਾਂ ਦੇ ਸੰਘਰਸ਼ ਸਾਂਝੇ ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਸੋਵੀਅਤ ਮੁਲਕਾਂ 'ਚ ਭਾਗੇਦਾਰੀ ਤੱਕ ਹਨ। ਭਾਵੇਂ ਕਿ ਭਾਰਤੀ ਰਾਸ਼ਟਰਵਾਦੀ ਅੰਦੋਲਨਾਂ 'ਚ ਕਿਸਾਨਾਂ, ਮਜ਼ਦੂਰਾਂ, ਦਲਿਤਾਂ ਆਦਿ ਦੁਆਰਾ ਕੀਤੇ ਗਏ ਜਨ-ਅੰਦੋਲਨਾਂ ਨੂੰ ਇਤਿਹਾਸ 'ਚ ਬਣਦੀ ਜਗ੍ਹਾ ਨਹੀਂ ਮਿਲੀ ਤੇ ਉਨ੍ਹਾਂ ਨੂੰ ਮੁੱਖ ਰੂਪ ਵਿੱਚ ਸਿੱਧਾ ਆਜ਼ਾਦੀ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਰਿਹਾ ਹੈ। ਪਰ ਸਮਾਜ 'ਚ ਕਿਸੇ ਵੀ ਵੱਡੇ ਜਨ-ਅੰਦੋਲਨ ਦੇ ਪਿੱਛੇ ਅਨੇਕਾਂ ਹੋਰ ਤਾਕਤਾਂ ਦੇ ਨਿੱਜੀ ਹਿੱਤ ਵੀ ਹੁੰਦੇ ਹਨ। ਇਹ ਅੰਦੋਲਨ ਅਨੇਕਾਂ ਵਾਰ ਕਿਸੇ ਵਿਚਾਰਧਾਰਕ ਸਮਝ ਤੋਂ ਪਰ੍ਹੇ ਹੋ ਕੇ ਸਿਰਫ਼ ਸਮਕਾਲੀ ਸਥਿਤੀਆਂ ਦੇ ਹੱਲ ਲੱਭਣ ਤੱਕ ਹੀ ਸੀਮਿਤ ਹੁੰਦੇ ਹਨ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਵਿਦਿਆਰਥੀ ਰਾਜਨੀਤੀ ਲਈ ਅਲੱਗ ਸਥਿਤੀਆਂ ਹਨ। ਇੱਕ ਪਾਸੇ ਸਮਾਜਵਾਦ ਦੇ ਨਾਂ ਹੇਠ ਮਿਲਿਆ ਲੋਕਤਾਂਤਰਿਕ ਢਾਂਚਾ ਅਤੇ ਦੂਜੇ ਪਾਸੇ ਦੇਸ਼ ਦੇ ਆਂਤਰਿਕ ਸੰਕਟ। ਇਉਂ, ਆਜ਼ਾਦ ਭਾਰਤ ਲਈ ਲਏ ਗਏ ਸੁਪਨੇ ਜਦੋਂ ਪੂਰੇ ਹੁੰਦੇ ਨਾ ਦਿਖਾਈ ਦਿੱਤੇ ਤਾਂ ਵਿਦਿਆਰਥੀ ਜਥੇਬੰਦੀਆਂ ਦੁਬਾਰਾ ਸੰਘਰਸ਼ ਦੇ ਰਾਹ ਤੇ ਆਉਣ ਲੱਗੀਆਂ। ਭਾਰਤ ਵਿੱਚ ਅਲੱਗ-ਅਲੱਗ ਰਾਜਾਂ 'ਚ ਭਾਸ਼ਾਈ ਅਧਾਰ ਤੇ ਵੰਡ ਦਾ ਸੰਕਟ, ਜਮੀਨੀ ਸੁਧਾਰ, ਰਾਜਾਂ ਦੇ ਭਾਸ਼ਾਵਾਂ ਦੇ ਮਸਲੇ, ਰਾਖਵਾਂਕਰਨ, ਫ਼ੀਸਾਂ 'ਚ ਵਾਧੇ, ਯੂਨੀਵਰਸਿਟੀਆਂ ਖੋਲਣ ਦੀ ਮੰਗ, ਰੁਜ਼ਗਾਰ ਆਦਿ ਮੁੱਖ ਮੰਗਾਂ ਸਨ। ਇਨ੍ਹਾਂ ਮੰਗਾਂ ਲਈ ਸੰਘਰਸ਼ ਪੂਰੇ ਭਾਰਤ ਦੇ ਅਲਗ-ਅਲਗ ਖੇਤਰਾਂ 'ਚ ਨਿਰੰਤਰ ਉੱਠਦੇ ਰਹੇ। ਇੰਨ੍ਹਾਂ ਸੰਘਰਸ਼ਾਂ 'ਚੋਂ ਪੰਜਾਬੀ ਨੌਜਵਾਨ ਹੋਰ ਪਰਪੱਕ ਹੋ ਕੇ ਨਿਕਲਿਆ। 1947 ਈ. ਦੀ ਵੰਡ 'ਚ ਪੰਜਾਬ ਦੇ ਦੋ ਹਿੱਸੇ, ਤੇ ਉਸ ਦੇ ਬਾਅਦ ਪੰਜਾਬ ਦੀ ਭੰਨ-ਤੋੜ, ਹਰਿਆਣਾ ਤੇ ਹਿਮਾਚਲ ਦੇ ਰੂਪ ਵਿਚ ਵੱਡੇ ਹਿੱਸੇ ਪੰਜਾਬ ਤੋਂ ਖੋਹ ਲਏ ਗਏ। ਇਨ੍ਹਾਂ ਹਾਲਾਤਾਂ ਨੇ ਪੰਜਾਬੀ ਨੌਜਵਾਨਾਂ ਨੂੰ ਨਿਰਾਸ਼ਾ ਵੱਲ ਧੱਕਿਆ। ਇਉਂ,ਜਿੱਥੇ ਸੱਠਵਿਆਂ ਦੇ ਦਹਾਕੇ 'ਚ ਮੁੱਖ ਧਾਰਾ ਦੀ ਰਾਜਨੀਤੀ 'ਚ ਵੱਡਾ ਪਰਿਵਰਤਨ ਵਾਪਰਿਆ ਉੱਥੇ ਵਿਦਿਆਰਥੀ ਜਥੇਬੰਦੀਆਂ ਵੀ ਇਸਤੋਂ ਅਭਿੱਜ ਨਾ ਰਹੀਆਂ।

ਪੰਜਾਬ ਯੂਨੀਵਰਸਿਟੀ ਦੇਸ਼ ਦੀਆਂ ਸੱਭ ਤੋ ਪੁਰਾਣੀਆਂ ਯੂਨੀਵਰਸਿਟੀਆਂ ਵਿੱਚੋਂ ਹੈ। 1947 ਦੀ ਦੇਸ਼ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਮਾਡਲ ਤੇ ਬਣੀ ਪੰਜਾਬ ਯੁਨੀਵਰਸਿਟੀ ਚੰਡੀਗੜ੍ਹ ਇਤਿਹਾਸਕ ਮਹੱਤਤਾ ਰੱਖਦੀ ਹੈ। ਇਹ ਯੂਨੀਵਰਸਿਟੀ ਸਟੇਟ ਗੌਰਮਿੰਟ ਯੂਨੀਵਰਸਿਟੀ ਐਕਟ ਦੇ ਅੰਤਰਗਤ ਆਉਂਦੀ ਹੈ। ਇੱਥੇ ਸ਼ੁਰੂ ਵਿੱਚ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਆਪਣੇ ਸੰਘਰਸ਼ ਕਰਕੇ ਵਿਸ਼ੇਸ ਪਹਿਚਾਣ ਰੱਖਦੀਆਂ ਸਨ। ਉਸ ਤੋਂ ਬਾਅਦ ਜੇ.ਪੀ. ਅੰਦੋਲਨ ਤੋਂ ਪ੍ਰਭਾਵਿਤ ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਪੁਸੂ) ਵਰਗੀ ਵਿਦਿਆਰਥੀ ਜਥੇਬੰਦੀ ਦੀ ਆਮਦ ਹੁੰਦੀ ਹੈ। ਇਸ ਉਪਰੰਤ ਅੱਸੀਵੇਂ ਦਹਾਕੇ 'ਚ ਹੋਈ ਦਹਿਸ਼ਤਗਰਦੀ ਨਾਲ ਜਦੋਂ ਪੰਜਾਬ ਦੇ ਹਾਲਾਤ ਖ਼ਰਾਬ ਹੁੰਦੇ ਹਨ ਤਾਂ ਸਰਕਾਰ ਵਿਦਿਆਰਥੀ ਚੋਣਾਂ ਦੇ ਉੱਪਰ ਪਾਬੰਦੀ ਲਗਾ ਦਿੰਦੀ ਹੈ। ਇਸ ਪਾਬੰਦੀ ਨੇ ਪੰਜਾਬ ਦੀ ਵਿਦਿਆਰਥੀ ਰਾਜਨੀਤੀ ਨੂੰ ਅੰਧਰੰਗ ਵਾਂਗ ਗ੍ਰਸਤ ਕੀਤਾ। ਇਸ ਨਾਲ ਸਿਰਫ਼ ਵਿਦਿਆਰਥੀ ਚੋਣਾਂ ਹੀ ਨਹੀਂ ਬੰਦ ਹੋਈਆਂ ਸਗੋਂ ਪੰਜਾਬ 'ਚ ਪ੍ਰਚਲਿਤ 'ਨਾਨਕ ਸੰਬਾਦ ਰਚਾਇਆ' ਦੀ ਥਾਂ ਵਿਅਕਤੀਵਾਦ ਨੇ ਲੈ ਲਈ। ਹੁਣ ਵਿਦਿਆਰਥੀ ਹਿੱਤਾਂ ਦੀ ਲੜਾਈ ਲਈ ਪ੍ਰੋਗਰਾਮ ਯੂਨੀਵਰਸਿਟੀਆਂ ਵਿੱਚੋਂ ਵੀ ਖ਼ਤਮ ਹੋਣ ਲੱਗੇ। ਇਉ, ਲੋਕਤੰਤਰ 'ਚ ਸਰਕਾਰ ਦੁਆਰਾ ਵਿਦਿਆਰਥੀ ਚੋਣਾਂ ਤੇ ਪਾਬੰਦੀ ਨੇ ਯੂਨੀਵਰਸਿਟੀ ਤੇ ਕਾਲਜਾਂ ਵਿੱਚੋਂ ਸਿਰਫ਼ ਸੰਵਾਦ ਨੂੰ ਹੀ ਖ਼ਤਮ ਨਹੀਂ ਕੀਤਾ ਸਗੋਂ ਇਸ ਨਾਲ ਵਿਦਿਆਰਥੀ ਰਾਜਨੀਤੀ 'ਚੋਂ ਪੈਦਾ ਹੋਣ ਵਾਲੇ ਚੰਗੇ ਨੇਤਾਵਾਂ 'ਚ ਵੀ ਖੜੋਤ ਆਉਣ ਲੱਗੀ। ਇਸ ਨਾਲ ਅਲੱਗ-ਅਲੱਗ ਵਿਚਾਰਧਾਰਾਵਾਂ 'ਚ ਸੰਵਾਦ ਤੇ ਰਾਜਨੀਤਿਕ ਚੇਤਨਾ ਜਿਹੇ ਵਿਸ਼ੇ ਵੀ ਹਾਸ਼ੀਏ ਤੇ ਚਲੇ ਗਏ। ਦੇਸ਼ ਵਿੱਚ ਪੂੰਜੀਵਾਦ ਦੇ ਏਜੰਡੇ ਹੇਠ ਵਿਸ਼ਵੀਕਰਨ, ਨਿੱਜੀਕਰਨ ਤੇ ਉਦਾਰੀਕਰਨ ਦੇ ਵਰਤਾਰਿਆਂ ਕਾਰਨ ਆਈ ਤਬਦੀਲੀ ਨੇ ਵਿਦਿਆਰਥੀਆਂ ਦੇ ਉਦੇਸ਼ ਤੇ ਨਾਇਕ ਵੀ ਬਦਲ ਦਿੱਤੇ ਗਏ। ਇਉਂ, ਪੰਜਾਬ ਸੰਕਟ ਦੇ ਸਮੇਂ ਉਸਤੋਂ ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ ਵੀ ਪ੍ਰਭਾਵਿਤ ਹੋਈਆਂ। ਇੱਕ ਪਾਸੇ ਵਿਸ਼ਵੀਕਰਨ, ਨਿੱਜੀਕਰਨ, ਉਦਾਰਵਾਦੀ ਵਰਤਾਰੇ ਹਨ ਦੂਜੇ ਪਾਸੇ ਸੋਵੀਅਤ ਯੂਨੀਅਨ ਦੀ ਢਹਿਢੇਰੀ ਨੇ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਦੇ ਸੁਨਹਿਰੇ ਤੇ ਸਮਾਨਤਾ ਦੇ ਸਮਾਜ

ਲਈ ਲਏ ਗਏ ਸੁਪਨੇ ਦੇ ਮਨੋਬਲ ਨੂੰ ਵੀ ਸੱਟ ਵੱਜੀ, ਜਿਸ ਨਾਲ ਉਨ੍ਹਾਂ ਦੇ ਸੰਘਰਸ਼ਾਂ 'ਚ ਵੀ ਖੜੋਤ ਆਉਣ ਲੱਗੀ।

ਇਹਨਾਂ ਸਮਿਆਂ 'ਚ ਪੰਜਾਬ ਦੀ ਆਰਥਿਕਤਾ 'ਚ ਆਈ ਤਬਦੀਲੀ ਨਾਲ ਵਿਦਿਆਰਥੀ ਜੀਵਨ ਪ੍ਰਭਾਵਿਤ ਹੋਣ ਲੱਗਾ। ਪੰਜਾਬ ਯੂਨੀਵਰਸਿਟੀ 'ਚ ਅਜਿਹੇ ਹਾਲਾਤਾਂ ਵਿੱਚ ਮੁੱਖ ਧਾਰਾ ਦੀਆਂ ਰਾਜਨੀਤਿਕ ਪਾਰਟੀਆਂ ਨੇ ਵਿਦਿਆਰਥੀ ਵਿੰਗ ਬਣਾਉਣੇ ਸ਼ੁਰੂ ਕੀਤੇ। ਇਸ ਸਮੇਂ ਦੌਰਾਨ ਵਿਦਿਆਰਥੀ ਜਥੇਬੰਦੀਆਂ, ਵਿਦਿਆਰਥੀ ਹੱਕਾਂ ਤੇ ਸੰਘਰਸ਼ਾਂ ਦਾ ਰਸਤਾ ਛੱਡ ਕੇ ਬੁਰਜ਼ੂਆਜੀ ਪਾਰਟੀਆਂ 'ਚ ਆਪਣਾ ਭਵਿੱਖ ਲੱਭਣ ਲੱਗੀਆਂ। ਹੁਣ ਬੁਰਜ਼ੂਆਜੀ ਪਾਰਟੀਆਂ ਵਿਦਿਆਰਥੀ ਚੋਣਾਂ 'ਚ ਪ੍ਰਵੇਸ਼ ਕਰਕੇ ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਵੱਲ ਯਤਨਸ਼ੀਲ ਹੋਈਆਂ। ਇਹਨਾਂ ਹਿੱਤਾਂ ਦੀ ਪੂਰਤੀ ਲਈ ਉਹ ਆਪਣੇ ਵਿਦਿਆਰਥੀ ਵਿੰਗਾਂ ਨੂੰ ਖੁੱਲਾ ਧਨ ਦਿੰਦੀਆਂ ਹਨ, ਜਿਸਦੀਆਂ ਉਦਾਹਰਨਾਂ ਪੰਜਾਬ ਯੂਨੀਵਰਸਿਟੀ ਚੋਣਾਂ 'ਚ ਵੋਟਾਂ ਲਈ ਪੈਸਾ ਵੰਡਣਾ, ਫ਼ਿਲਮਾਂ ਤੇ ਹੋਟਲਾਂ ਲਈ ਟਿਕਟਾਂ ਦੀ ਵੰਡ, ਨਾਈਟ ਸ਼ੋਅ ਆਦਿ ਖੁੱਲੇ ਰੂਪ 'ਚ ਦੇਖਣ ਨੂੰ ਮਿਲਦੇ ਹਨ। ਇਹਨਾਂ ਹਾਲਾਤਾਂ 'ਚ ਵਿਦਿਆਰਥੀ ਹਿੱਤ, ਵਿਚਾਰਧਾਰਕ ਸੰਵਾਦ ਤੇ ਸੰਘਰਸ਼ ਆਦਿ ਹਾਸ਼ੀਏ 'ਤੇ ਚਲੇ ਜਾਂਦੇ ਹਨ ਤੇ ਵਿਦਿਆਰਥੀਆਂ ਦਾ ਵੱਡਾ ਹਿੱਸਾ ਚੋਣ ਪ੍ਰਕਿਰਿਆ 'ਚ ਅਵਿਸ਼ਵਾਸ ਕਰਨ ਲੱਗਾ। ਇਸ ਰੁਝਾਨ ਕਰਕੇ ਜਦੋਂ ਵਿਦਿਆਰਥੀ ਹਿੱਤ ਹਾਸ਼ੀਏ ਤੇ ਜਾਣ ਲੱਗੇ ਤਾਂ ਵਿਦਿਆਰਥੀ ਸੰਘਰਸ਼ ਵੀ ਆਪਣਾ ਪਰੰਪਰਾਗਤ ਰੂਪ ਬਦਲ ਕੇ ਬੁਰਜ਼ੂਆਜੀ ਰਾਜਨੀਤੀ ਦਾ ਸ਼ਿਕਾਰ ਹੋਣ ਲੱਗੇ। ਇਉਂ, ਲੋਕਤੰਤਰ ਵਿੱਚ ਸੱਜੇਪੱਖੀ ਰਾਜਨੀਤੀ ਤੇ ਪੂੰਜੀਵਾਦ ਨੇ ਖੱਬੇਪੱਖੀ ਰਾਜਨੀਤੀ ਦੇ ਨਾਲ-ਨਾਲ ਉਨ੍ਹਾਂ ਦੀਆਂ ਵਿਦਿਆਰਥੀ ਜਥੇਬੰਦੀਆਂ ਵੀ ਹਾਸ਼ੀਏ ਤੇ ਜਾਣ ਲੱਗੀਆਂ। ਇਸ ਪਿੱਛੇ ਅਨੇਕਾਂ ਹੋਰ ਕਾਰਨ ਵੀ ਮੌਜੂਦ ਹਨ ਜੋ ਇੱਕ ਵਿਲੱਖਣ ਅਧਿਐਨ ਦੀ ਮੰਗ ਕਰਦੇ ਹਨ। ਇਉਂ, ਇੱਥੇ ਵਿਚਾਰਯੋਗ ਨੁਕਤਾ ਇਹ ਹੈ ਕਿ ਇੱਕ ਪਾਸੇ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਹਾਸ਼ੀਏ ਤੇ ਚਲੀਆਂ ਗਈਆਂ, ਦੂਜੇ ਪਾਸੇ 'ਨਵੀਂ ਸਿੱਖਿਆ ਨੀਤੀ' (1986) ਦੇ ਏਜੰਡੇ ਹੇਠ ਸਿੱਖਿਆ ਪ੍ਰਣਾਲੀ ਵਿੱਚ ਸਿੱਧੇ ਰੂਪ 'ਚ ਦਖ਼ਲ ਦਿੱਤਾ ਗਿਆ। ਇਨ੍ਹਾਂ ਸਿੱਖਿਆ ਨੀਤੀਆਂ  ਰਾਹੀਂ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ 'ਸਿੱਖਿਆ ਨੌਕਰੀ ਲਈ' ਦੇ ਰੋਮਾਂਸ ਨੇ ਸਿੱਖਿਆ ਦੇ ਮੁੱਢਲੇ ਸੁਭਾਅ ਨੂੰ ਬਦਲ ਦਿੱਤਾ। ਜਿਸਦੇ ਸਿੱਟੇ ਵਜੋਂ ਵਿਅਕਤੀਵਾਦ, ਨੌਕਰੀਆਂ ਦੇ ਰੁਝਾਨ ਨੂੰ ਵਧਾਇਆ ਗਿਆ ਤੇ ਯੂਨਵਿਰਸਿਟੀਆਂ ਦੇ ਸਿਲੇਬਸਾਂ ਨੂੰ ਸਮਾਜਿਕਤਾ ਤੋਂ ਤੋੜ ਕੇ ਨੌਕਰੀ ਦੇ ਰੋਮਾਂਸ ਹੇਠ ਪੂੰਜੀਵਾਦੀ ਵਵਸਥਾ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ ਜੋੜਿਆ।

3

ਐੱਸਐੱਫਐੱਸ ਦਾ ਉਪਰੋਕਤ ਹਾਲਾਤਾਂ 'ਚੋਂ ਸੰਵਾਦ ਦੀ ਪਰੰਪਰਾ ਤੋਂ ਚੱਲ ਕੇ ਸੰਘਰਸ਼ਾਂ ਰਾਹੀਂ ਕੌਂਸਲ ਤੱਕ ਆਉਣਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਰ ਹਰ ਵਿਦਿਆਰਥੀ ਜਥੇਬੰਦੀ ਆਪਣੇ ਸਮੇਂ ਤੋਂ ਪ੍ਰਭਾਵਿਤ ਹੁੰਦੀ ਹੈ। ਕਈ ਵਾਰ ਵਿਦਿਆਰਥੀ ਚੋਣਾਂ ਦੀ ਜਿੱਤ ਵੀ ਵਰਤਮਾਨ ਰਾਜਨੀਤਿਕ ਸਿਸਟਮ ਤੋਂ ਟੁੱਟੀ ਨਹੀਂ ਹੁੰਦੀ। ਕਿਉਂਕਿ ਪੂੰਜੀਵਾਦ ਨੇ ਜਿਸ ਤਰ੍ਹਾਂ ਨੌਜਵਾਨਾਂ ਤੇ ਵਿਦਿਆਰਥੀਆਂ ਵਿੱਚ ਰੁਜ਼ਗਾਰ ਤੇ ਸਵੈ-ਰੁਜ਼ਗਾਰ ਵਾਲੇ ਰੁਝਾਨ ਪੈਦਾ ਕੀਤੇ, ਇਹ ਰੁਝਾਨ ਪੂੰਜੀਵਾਦੀ ਦੌਰ ਦੇ ਪਦਾਰਥਕ ਹਾਲਾਤਾਂ ਕਰਕੇ ਹਨ। ਪੂੰਜੀਵਾਦੀ ਦੌਰ ਦੇ ਪਦਾਰਥਕ ਹਾਲਤਾਂ ਵਿੱਚ ਵਿਦਿਆਰਥੀ  ਨੂੰ ਵਿਅਕਤੀਵਾਦ ਦੇ ਰੁਝਾਨ ਨਾਲ ਜੋੜਨਾ ਤੇ ਸਮਾਜਿਕ ਸਰੋਕਾਰਾਂ ਨਾਲੋਂ ਤੋੜਨਾ, ਪੂੰਜੀਵਾਦ ਦੇ ਵਿਕਾਸ ਲਈ ਅਤੇ ਬੁਰਜ਼ੂਆਜ਼ੀ ਰਾਜਨੀਤੀ ਲਈ 'ਚ ਸੋਨੇ ਤੇ ਸੁਹਾਗੇ ਵਰਗਾ ਹੈ। ਇਉਂ , ਜੇਕਰ ਇਕ ਪਾਸੇ ਵਿਦਿਆਰਥੀ ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦਾ ਹੈ ਤਾਂ ਦੂਜੇ ਪਾਸੇ ਬੁਰਜ਼ੂਆਜੀ ਪਾਰਟੀਆਂ ਦੇ ਵਿੰਗ ਉਨ੍ਹਾਂ ਨੂੰ ਆਕਰਸ਼ਿਤ ਕਰਦੇ ਹਨ। ਪੰਜਾਬ ਯੂਨੀਵਰਸਿਟੀ ਵਿੱਚ ਬੁਰਜ਼ੂਆਜੀ ਪਾਰਟੀਆਂ ਨੇ ਵਿਦਿਆਰਥੀਆਂ ਨੂੰ ਉਸ ਢੰਗ ਨਾਲ ਹਥਿਆਉਣਾ ਸ਼ੁਰੂ ਕੀਤਾ ਹੈ, ਜਿਵੇਂ ਲੋਕਤੰਤਰ 'ਚ ਚੋਣਾਂ  ਦੋਰਾਨ ਹੁੰਦਾ ਹੈ। ਇਨ੍ਹਾਂ ਚੋਣਾਂ 'ਚ ਦੋਸਤੀ, ਧਰਮ, ਖਿੱਤਾ ਤੇ ਸੱਭਿਆਚਾਰ ਪਛਾਣ ਦੇ ਨਾਂ ਹੇਠਾਂ ਵੋਟਾਂ ਪਾਉਣ ਦੇ ਰੁਝਾਨ ਹੁਣ ਯੂਨੀਵਰਸਿਟੀਆਂ 'ਚ ਵੀ ਵੱਧ ਰਹੇ ਹਨ। ਇਹ ਰੁਝਾਨ ਲੋਕਤੰਤਰ ਵਿਚ ਵਿਗਿਆਨ ਵਿਕਾਸ ਤੇ ਅਗਾਂਹਵਧੂ ਲੱਛਣਾਂ ਵਾਲੇ ਨਹੀਂ ਸਗੋਂ ਪਿਛਾਂਹ ਖਿੱਚੂ ਹਨ। ਇਨ੍ਹਾਂ ਪੂੰਜੀਵਾਦੀ ਰੁਝਾਨਾਂ ਕਰਕੇ ਵਿਦਿਆਰਥੀ ਰਾਜਨੀਤਿਕ ਚੇਤਨਾ ਤੋਂ ਵਾਂਝੇ ਰਹਿੰਦੇ ਹਨ। ਇਉਂ, ਲੋਕਤੰਤਰ 'ਚ ਹਰ ਚੋਣ ਪ੍ਰਕਿਰਿਆ ਦਾ ਨਿਯਮਬੱਧ ਤੇ ਪ੍ਰਭਾਵਸ਼ਾਲੀ ਹੋਣਾ ਜ਼ਰੂਰੀ ਹੈ ਕਿਉਂਕਿ ਵਿਦਿਆਰਥੀ ਸਮਾਜ ਦੇ ਚੇਤਨ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਚੇਤਨ ਵਰਗ ਨੇ ਸਮਾਜ ਦੇ ਅਵਚੇਤਨ

ਵਰਗ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ।

ਯੂਨੀਵਰਸਿਟੀਆਂ 'ਚ ਤਕਨੀਕੀ ਕੋਰਸਾਂ ਨੂੰ ਪ੍ਰਭਾਵਿਤ ਕਰਨ ਲਈ 'ਨੌਕਰੀ ਤਿਉਹਾਰ' ਲਗਾਏ ਜਾਂਦੇ ਹਨ ਜਿੰਨਾਂ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਰੁਜ਼ਗਾਰ ਨਾਲ ਜੋੜਣਾ ਹੈ। ਇਹ ਤਿਉਹਾਰ ਸਪਸ਼ਟ ਕਰਦੇ ਹਨ ਕਿ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਤਕਨੀਕੀ ਤੌਰ ਤੇ ਬਜ਼ਾਰ ਲਈ ਤਿਆਰ ਕਰਦੀਆਂ ਹਨ। ਇਉਂ, 'ਸਿੱਖਿਆ ਨੌਕਰੀ ਲਈ' ਦਾ ਰੁਮਾਂਸ ਵਿਚਾਰਧਾਰਕ ਰਾਜਨੀਤੀ ਦੇ ਲੱਛਣ ਹਨ।ਅਜਿਹੇ ਰੁਝਾਨ ਕਰਕੇ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਨੌਕਰੀ ਪਿੱਛੇ ਮੌਜੂਦ ਰਾਜਨੀਤੀ ਤੇ ਨੌਕਰੀ ਦੇ ਚਰਿਤਰ ਦੇ ਸੁਭਾਅ ਤੋਂ ਉਨ੍ਹਾਂ ਨੂੰ ਸਪਸ਼ਟ ਨਹੀਂ ਹੋਣ ਦਿੱਤਾ ਜਾਂਦਾ।ਇਉਂ, ਪੂੰਜੀਵਾਦੀ ਵਿਵਸਥਾ ਨੇ ਸਾਡੇ ਸਿੱਖਿਆ ਵਿਵਸਥਾ 'ਚ ਸਿਰਫ਼ ਵਿਦਿਆਰਥੀਆਂ ਦੀ ਸਿੱਖਿਆ 'ਚ ਹੀ ਦਖ਼ਲ ਨਹੀਂ ਦਿੱਤਾ ਸਗੋਂ ਉਨ੍ਹਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਕੇ, ਸਮਾਜਿਕ ਸਰੋਕਾਰਾਂ ਤੋਂ ਅਭਿੱਜ ਕਰਕੇ ਰੁਜ਼ਗਾਰ ਦੇ ਰੁਮਾਂਸ ਹੇਠ ਮਸ਼ੀਨੀ ਪੁਰਜਾ ਬਣਾਇਆ ਜਾ ਰਿਹਾ ਹੈ। ਵਰਤਮਾਨ ਵਿੱਚ 'ਸਿੱਖਿਆ ਰੁਜ਼ਗਾਰ ਲਈ' ਦੇ ਏਜੰਡੇ ਹੇਠ ਵਿਦਿਆਰਥੀ ਰੁਜ਼ਗਾਰ ਹਾਸਿਲ ਕਰਕੇ ਸਿੱਧਾ ਉਪਭੋਗਤਾਵਾਦ ਦਾ ਸ਼ਿਕਾਰ ਹੋ ਰਿਹਾ ਹੈ। ਹੁਣ ਯੂਨੀਵਰਸਿਟੀਆਂ 'ਚ ਵਿਦਿਆਰਥੀ ਰਾਸ਼ਟਰੀ, ਅੰਤਰ-ਰਾਸ਼ਟਰੀ ਤੇ ਸਮਾਜ ਦੇ ਚਰਚਿਤ ਸਮੱਸਿਆਵਾਂ ਪ੍ਰਤਿ ਸੰਵਾਦ ਸਥਾਪਿਤ ਨਹੀਂ ਕਰਦੇ। 1990 ਤੋਂ ਬਾਅਦ ਨਵੀਂਆਂ ਨੀਤੀਆਂ ਨੇ ਜ਼ਮੀਨੀ ਪੱਧਰ ਤੇ ਜਾ ਕੇ ਸਾਰੀਆ ਹੁਮੈਨਿਟੀਜ਼ ਤੇ ਮਨੁੱਖਤਾ 'ਚ ਵਿਗਾੜ ਪੈਦਾ ਕੀਤਾ। ਇਨ੍ਹਾਂ ਨੀਤੀਆਂ ਦੇ ਵਿਦਰੋਹ 'ਚ ਦਿੱਲੀ ਯੂਨੀਵਰਸਿਟੀ ਅਧਿਆਪਕ ਐਸ਼ੋਸੀਏਸ਼ਨ ਨੇ 1990-1992 'ਓਦੁਚਓਟੌਨਿ ਨੋਟ ਡੋਰ ਸਓਲਏ' ਦੇ ਨਾਹਰੇ ਹੇਠ ਇਨ੍ਹਾਂ ਨੀਤੀਆਂ ਦਾ ਵਿਦਰੋਹ ਕੀਤਾ। ਇਸ ਸੰਘਰਸ਼ ਨੇ ਯੂਨੀਵਰਸਿਟੀਆਂ 'ਚ ਮੌਜੂਦ ਬੁੱਧੀਜੀਵੀ ਵਰਗ 'ਤੇ ਵੀ ਸਵਾਲ ਪੈਦਾ ਕੀਤੇ। ਯੂਨੀਵਰਸਿਟੀਆਂ ਦਾ ਮੁੱਖ ਕਾਰਜ ਵਿਗਿਆਨਕ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਪੈਦਾ ਕਰਨਾ ਹੁੰਦਾ ਹੈ ਪਰ ਵਰਤਮਾਨ 'ਚ ਇਹ ਵਰਗ ਵੀ ਪੂੰਜੀਵਾਦੀ ਨੀਤੀਆਂ ਤੋਂ ਐਨਾ ਗ੍ਰਸਤ ਹੋ ਗਿਆ ਕਿ ਉਹ ਆਪਣੀ ਭੂਮਿਕਾ ਤੋਂ ਹਾਸ਼ੀਏ ਵੱਲ ਚਲਾ ਗਿਆ ਪ੍ਰਤੀਤ ਹੁੰਦਾ ਹੈ।

ਸਿੱਖਿਆ ਦੇ ਬਜ਼ਾਰੀਕਰਨ ਵਿੱਚ ਬਜ਼ਾਰ ਦੇ ਅਨੁਕੂਲ ਸਿੱਖਿਆ ਦਿੱਤੀ ਜਾ ਰਹੀ ਹੈ। ਹੁਮੈਨਿਟੀਜ਼ ਹਾਸ਼ੀਏ 'ਤੇ ਜਾਣ ਨਾਲ ਸਮਾਜਿਕ ਸਰੋਕਾਰਾਂ ਨਾਲ ਜੁੜੇ ਮਨੁੱਖ ਪੈਦਾ ਕਰਨਾ ਕਠਿਨ ਹੈ। ਨੌਕਰੀ ਦੇ ਰੁਮਾਂਸ ਕਰਕੇ ਵਿਦਿਆਰਥੀ ਸਿਰਫ਼ ਰੁਜ਼ਗਾਰ ਤੱਕ ਸੀਮਿਤ ਹਨ। ਸੱਭਿਅਕ ਮਨੁੱਖ ਹਮੇਸ਼ਾ ਅਗਾਂਹਵਧੂ ਹੁੰਦਾ ਹੈ। ਹਰ ਸਮਾਜਿਕ ਦੌਰ ਨੇ ਖ਼ਤਮ ਹੋ ਕੇ ਅਗਲੇ ਪੜਾਅ 'ਚ ਜਾਣਾ ਹੁੰਦਾ ਹੈ। ਇਉਂ, ਕਿਸੇ ਵੀ ਸਮਾਜ ਦੀਆਂ ਸਥਿਤੀਆਂ ਇਕਸਾਰ ਨਹੀਂ ਹੁੰਦੀਆਂ ਸਗੋਂ ਅਨੇਕਾਂ ਸੰਭਾਵਨਾਵਾਂ ਵੀ ਇਸ 'ਚ ਮੌਜੂਦ ਹੁੰਦੀਆਂ ਹਨ।ਪੰਜਾਬ ਯੂਨੀਵਰਸਿਟੀ ਚੋਣਾਂ 'ਚ ਐੱਸਐੱਫਐੱਸ ਦੀ ਜਿੱਤ ਰਾਹੀਂ ਕੀ ਸੰਭਾਵਨਾਵਾਂ ਦੇਖੀਆਂ ਜਾ ਸਕਦੀਆਂ ਹਨ? ਕੀ ਇਸ ਜਿੱਤ ਨਾਲ ਪੂੰਜੀਵਾਦੀ ਸਮਾਜਿਕ ਢਾਚੇ ਤੇ ਉਸਦੀਆਂ ਸੰਭਾਵਨਾਵਾਂ ਦਾ ਅੰਤ ਦਿਖਾਈ ਦੇ ਰਿਹਾ ਹੈ? ਕੀ ਐੱਸਐੱਫਐੱਸ ਦੀ ਜਿੱਤ ਪੂੰਜੀਵਾਦ ਦੀਆਂ ਸੰਭਾਵਨਾਵਾਂ ਦੇ ਖ਼ਾਤਮੇ ਦਾ ਸੰਕੇਤ ਹੈ? ਇਸ ਬਾਰੇ ਬੌਧਿਕ ਹਲਕਿਆਂ ਤੇ ਚਿੰਤਕਾਂ ਨੂੰ ਵਿਚਾਰਨ ਦੀ ਲੋੜ ਭਾਸਦੀ ਹੈ, ਕਿਉਂਕਿ ਇੱਕ ਪਾਸੇ ਬੁਰਜ਼ੁਆਜੀ ਸੱਭਿਆਚਾਰ ਕਰਕੇ ਜਾਣੀ ਜਾਂਦੀ ਪੰਜਾਬ ਯੁਨੀਵਰਸਿਟੀ 'ਚ ਐੱਸਐੱਫਐੱਸ ਦੀ ਜਿੱਤ ਹੈ ਦੂਜੇ ਪਾਸੇ ਵੇਖਦੇ ਹਾਂ ਤਾ ਜੇਐਨਯੂ 'ਚ ਭਾਰਤ ਦੇ ਅਲਗ-ਅਲਗ ਖੇਤਰਾਂ ਤੋਂ ਆਏ ਵਿਦਿਆਰਥੀਆਂ ਦੀ ਯੂਨੀਵਰਸਿਟੀ 'ਚ ਲਗਾਤਾਰ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਜਿੱਤ ਰਹੀਆਂ ਹਨ। ਇਹ ਦੋਵਾਂ ਯੂਨੀਵਰਸਿਟੀਆਂ ਅਕਾਦਮਿਕ ਖੇਤਰ 'ਚ ਭਾਰਤੀ ਇਤਿਹਾਸ 'ਚ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ।

ਪੰਜਾਬ ਯੂਨੀਵਰਸਿਟੀ 'ਚ ਇਸ ਸੰਭਾਵਨਾ ਨੂੰ ਸਮਝਦਿਆਂ ਪ੍ਰਤੀਤ ਹੁੰਦਾ ਹੈ ਕਿ ਪੂੰਜੀਵਾਦ ਦਾ ਨਿਰੰਤਰ ਵਿਕਾਸ ਹੋ ਰਿਹਾ ਹੈ ਤੇ ਨਿੱਜੀਕਰਨ ਵਧ ਰਿਹਾ ਹੈ। ਵਰਤਮਾਨ 'ਚ ਵਿਸ਼ਵੀਕਰਨ, ਨਿੱਜੀਕਰਨ, ਨਵ-ਉਦਾਰਵਾਦ ਦਾ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਇਹ ਤੇਜ਼ੀ ਨਾਲ ਹੁੰਦਾ ਵਿਕਾਸ ਢਹਿਢੇਰੀ ਕਰਦਾ ਦਿਖਾਈ ਦੇ ਰਿਹਾ ਹੈ। ਉਦਾਹਰਣ ਵਜੋਂ, ਪੰਜਾਬ ਯੂਨੀਵਰਸਿਟੀ ਵਿੱਚ ਪਿਛਲੇ ਸਾਲਾਂ ਤੋਂ ੂਓਠ ਵਿਭਾਗਾਂ 'ਚ ਵਿਦਿਆਰਥੀਆਂ ਦੀ ਤਕਨੀਕੀ ਕੋਰਸਾਂ 'ਚ ਦਾਖ਼ਲਾ ਦਰ ਨਿਰੰਤਰ ਘਟ ਰਹੀ ਹੈ। ਇਸ ਤੋਂ ਬਿਨਾਂ ਪੰਜਾਬ 'ਚ ਵੱਡੇ ਪੱਧਰ ਤੇ ਨਿੱਜੀ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਖੁੱਲਣਾ ਤੇ ਬੰਦ ਹੋਣਾ, ਨਿਰੰਤਰ ਭ.ਓਦ ਕਾਲਜਾਂ 'ਚ ਘੱਟ ਦਾਖਲਾ ਹੋਣਾ, ਆਦਿ ਸੰਕੇਤ ਕੁਝ ਸਵਾਲ ਖੜੇ ਕਰਦੇ ਹਨ। ਕੀ ਇਹਨਾਂ ਕੋਰਸਾਂ 'ਚ ਸੀਟਾਂ ਦਾ ਖਾਲੀ

ਰਹਿਣਾ, ਕੋਰਸਾਂ ਕਰਕੇ ਵਿਦਿਆਰਥੀਆਂ ਦਾ ਬਜ਼ਾਰ 'ਚ ਨੌਕਰੀ ਵਿਹੂਣੇ ਹੋਣਾ ਬਜ਼ਾਰ ਦੀ ਮੰਗ ਦੇ ਉਲਟ ਹੈ ਜਾਂ ਇਹ ਸਿੱਖਿਆ ਬਜ਼ਾਰ ਦੀਆਂ ਜ਼ਰੂਰਤਾਂ ਦੇ ਕਾਬਿਲ ਨਹੀਂ? ਹੁਣ ਪੰਜਾਬ 'ਚ ਪਰਵਾਸ ਤੇਜ਼ੀ ਨਾਲ ਜਾਰੀ ਹੈ। ਦੂਜੇ ਪਾਸੇ ਦੇਸ਼ ਦੀ ਅਰਥ-ਵਿਵਸਥਾ 'ਚ ਝੋਬ ਲ਼ਇਸਸ ਘਰੋਟਹ ਹੋ ਰਹੀ ਹੈ। ਇਨ੍ਹਾਂ ਨੌਜਵਾਨਾਂ ਦਾ ਪਰਵਾਸ ਕਦੋਂ ਤੱਕ ਜਾਰੀ ਰਹੇਗਾ? ਇਸ ਤੋਂ ਬਾਅਦ ਨੌਜਵਾਨ ਕਿੱਧਰ ਜਾਵੇਗਾ? ਇਉਂ, ਇਹ ਪਿੱਠ-ਭੂਮੀ ਇੱਕ ਵੱਡੀ ਤਬਦੀਲੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਕਈ ਸੰਕੇਤ ਦੇ ਰਹੀ ਹੈ।

ਪੰਜਾਬ ਯੂਨੀਵਰਸਿਟੀ 'ਚ ਐੱਸਐੱਫਐੱਸ ਦੀ ਜਿੱਤ ਤਬਦੀਲੀ ਵੱਲ ਸੰਕੇਤ ਹੈ। ਯੂਨੀਵਰਸਿਟੀਆਂ ਜੋ ਬੁੱਧੀਜੀਵੀਆਂ ਤੇ ਵਿਗਿਆਨਿਕ ਦ੍ਰਿਸ਼ਟੀਆਂ ਦਾ ਪ੍ਰਤੀਕ ਹੁੰਦੀਆਂ ਹਨ, ਉੱਥੇ ਐੱਸਐੱਫਐੱਸ ਦੀ ਜਿੱਤ ਸੰਕੇਤ ਕਰਦੀ ਹੈ ਕਿ ਜੇਕਰ ਪੰਜਾਬ ਯੁਨੀਵਰਸਿਟੀ 'ਚ ਐੱਸਐੱਫਐੱਸ ਦੀ ਜਿੱਤ ਤੋਂ ਬਿਨਾਂ ਵਿਦਿਆਰਥੀਆਂ ਦੇ ਮਸਲੇ ਹੱਲ ਨਹੀਂ ਹੋ ਸਕਦੇ, ਤਾਂ ਕੀ ਭਾਰਤੀ ਰਾਜਨੀਤਿਕ ਵਿਵਸਥਾ 'ਚ ਖੱਬੇ-ਪੱਖੀ ਰਾਜਨੀਤੀ ਤੋਂ ਬਿਨਾਂ ਸਮਾਜ ਦੇ ਮਸਲੇ ਹੱਲ ਹੋ ਸਕਦੇ ਹਨ? ਪੰਜਾਬ ਵਿੱਚ ਲੰਮੇ ਸਮੇਂ ਤੋਂ ਬੁਰਜ਼ੂਆਜੀ ਸੱਤਾ ਦਾ ਬਣਿਆ ਰਹਿਣਾ ਤੇ ਤੀਜੇ ਫਰੰਟ ਦੀ ਭਾਲ 'ਚ ਲੋਕਾਂ ਦੀ ਜਗਿਆਸਾ ਇੱਕ ਵੱਡੀ ਤਬਦੀਲੀ ਲਈ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਤਬਦੀਲੀ ਇੱਕ ਅਦੋਲਨ 'ਚੋਂ ਹੀ ਪੈਦਾ ਹੋਵੇਗੀ। ਜਿਸਦੀ ਸ਼ੁਰੂਆਤ ਵਿਦਿਆਰਥੀ ਅੰਦੋਲਨਾਂ, ਜਨ-ਅੰਦੋਲਨਾਂ ਤੇ ਵਿਗਿਆਨਿਕ ਸਿੱਖਿਆ ਦੇ ਲੰਮੇ ਸੰਘਰਸ਼ਾਂ 'ਚੋਂ ਹੋਵੇਗੀ। ਇਸ ਲਈ ਜ਼ਮੀਨੀ ਪੱਧਰ ਤੇ ਕਿੰਨੇ ਹੀ ਕਿਸਾਨ, ਦਲਿਤ, ਮਜ਼ਦੂਰ, ਵਿਦਿਆਰਥੀ, ਅਧਿਆਪਕ, ਨਾਰੀ ਆਦਿ ਅੰਦੋਲਨ ਹੋ ਰਹੇ ਹਨ। ਇਹ ਅੰਦੋਲਨਾਂ ਦੀ ਪ੍ਰਕਿਰਿਆ ਕਿਸੇ ਵੱਡੇ ਬਦਲਾਅ ਵੱਲ ਸੰਕੇਤ ਹੈ। ਕਿਉਂਕਿ ਪਿਛਲੇ ਦੋ ਕੁ ਦਹਾਕਿਆਂ 'ਚ ਲੋਕਤੰਤਰ ਨੇ ਜੋ ਵਿਕਾਸ ਕੀਤਾ ਉਸ 'ਚ ਜੇਕਰ ਸੱਜੇਪੱਖੀ ਫੋਰਸ ਸੱਤਾ ਪ੍ਰਾਪਤੀ ਲਈ ਕਾਬਜ਼ ਹੋ ਸਕਦੀ ਹੈ ਤਾਂ ਲੋਕਾਂ ਦੇ ਪ੍ਰੋਗਰਾਮਾਂ ਕਰਕੇ ਜਾਣੀਆਂ ਜਾਂਦੀਆਂ ਖੱਬੇਪੱਖੀ ਫੋਰਸਾਂ ਕਿਉਂ ਨਹੀਂ? ਇਸ ਤੋਂ ਭਾਵ ਇਹ ਵੀ ਨਿਕਲਦਾ ਹੈ ਕਿ ਖੱਬੇਪੱਖੀ ਸੰਗਠਨ ਸੰਘਰਸ਼ਾਂ ਦਾ ਰਸਤਾ ਛੱਡ ਗਏ ਜਾਂ ਘਟ ਗਏ ਜਾਂ ਉਹ ਆਪਣੇ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਨਹੀਂ ਲੈ ਜਾ ਸਕੇ? ਇਉਂ, ਐੱਸਐੱਫਐੱਸ ਨੇ ਪੰਜਾਬ ਯੂਨੀਵਰਸਿਟੀ ਵਿੱਚ ਬੁਰਜ਼ੂਆਜੀ ਸੱਭਿਆਚਾਰ 'ਚ ਜਿੱਤ ਹਾਸਲ ਕਰਕੇ ਇਹ ਸਵਾਲ ਖੜਾ ਕੀਤਾ ਹੈ ਕਿ ਜੇਕਰ ਬਹੁ-ਸੱਭਿਆਚਾਰ ਤੇ ਅਲਗ-ਅਲਗ ਖੇਤਰਾਂ 'ਚੋਂ ਆਏ ਵਿਦਿਆਰਥੀਆਂ 'ਚ ਏਕਤਾ ਕਰਕੇ ਐੱਸਐੱਫਐੱਸ ਜਿੱਤ ਹਾਸਲ ਕਰ ਸਕਦੀ ਹੈ ਤਾਂ ਖੱਬੇਪੱਖੀ ਰਾਜਨੀਤਿਕ ਸੰਗਠਨਾਂ ਨੂੰ ਸਵੈ-ਆਲੋਚਨਾ ਕਰਨ ਦੀ ਜ਼ਰੂਰਤ ਭਾਸਦੀ ਹੈ।

ਐੱਸਐੱਫਐੱਸ ਨੇ ਇਹ ਸਪਸ਼ਟ ਕੀਤਾ ਕਿ ਕਿਸੇ ਵੀ ਸਮਾਜਿਕ ਵਿਵਸਥਾ ਨੂੰ ਇਕਹਰੇ ਰੂਪ ਵਿੱਚ ਨਹੀਂ ਸਮਝਣਾ ਚਾਹੀਦਾ। ਵਰਤਮਾਨ ਪੂੰਜੀਵਾਦੀ ਸਿਸਟਮ 'ਚ ਲੋਕਤੰਤਰ ਵੀ ਇੱਕ ਵੱਡੀ ਦੇਣ ਹੈ। ਇਸ ਲਈ ਇਸਨੂੰ ਸਿਰਫ਼ ਪੂੰਜੀਵਾਦੀ ਸਿਸਟਮ ਕਹਿ ਕੇ ਸੀਮਿਤ ਕਰ ਦੇਣਾ ਠੀਕ ਨਹੀਂ ਕਿਉਂਕਿ ਜਿਵੇਂ-ਜਿਵੇਂ ਪੂੰਜੀਵਾਦ ਵਿਕਾਸ ਕਰ ਰਿਹਾ ਹੈ ਉਸਦੇ ਨਾਲ ਲੋਕਤੰਤਰ ਨੇ ਵੀ ਵਿਕਾਸ ਕਰਨਾ ਹੈ। ਇਉਂ, ਪਿਛਲੇ ਸਮੇਂ 'ਚ ਲੋਕਤੰਤਰ ਨੇ ਜੋ ਵਿਕਾਸ ਕੀਤਾ ਹੈ, ਐੱਸਐੱਫਐੱਸ ਦੀ ਜਿੱਤ ਉਸੇ ਲੋਕਤੰਤਰ 'ਚ ਲੋਕਤੰਤਰਿਕ ਢਾਂਚੇ ਵਿਚ ਆਲੋਚਨਾ ਤੇ ਸੰਵਾਦ ਦੇ ਸੰਘਰਸ਼ਾਂ ਦੀ ਜਿੱਤ ਹੈ। ਇਸ ਜਿੱਤ ਨਾਲ ਯੂਨੀਵਰਸਿਟੀ 'ਚ ਮੌਜੂਦ ਬੁਰਜ਼ੂਆਜੀ ਪਾਰਟੀਆਂ ਦੇ ਵਿੰਗ ਵੀ ਆਪਣਾ ਮਾਡਲ ਬਦਲਣ ਲਈ ਮਜ਼ਬੂਰ ਹੋਣਗੇ। ਇਉਂ, ਐੱਸਐੱਫਐੱਸ ਦੀ ਜਿੱਤ ਸਿਰਫ਼ ਸੱਤਾ ਦੀ ਪ੍ਰਾਪਤੀ ਨਹੀਂ ਸਗੋਂ ਇਸ ਤੋਂ ਬਾਅਦ ਵਿਦਿਆਰਥੀ ਹਿੱਤਾਂ ਲਈ ਸੰਘਰਸ਼ਾਂ ਰਾਹੀਂ ਵਿਗਿਆਨਿਕ ਢੰਗ ਨਾਲ ਵਿਦਿਆਰਥੀਆਂ ਦੇ ਸਹਿਯੋਗ ਨੂੰ ਬਣਾਈ ਰੱਖਣ ਦੀ ਲੰਮੀ ਲੜਾਈ ਵੀ ਹੈ। ਇਹ ਇੱਕ ਪ੍ਰੋਜੈਕਟ ਦੇ ਰੂਪ ਵਿੱਚ ਨਿਰੰਤਰ ਵਿਦਿਆਰਥੀਆਂ ਤੋਂ ਲੋਕਾਂ ਤੱਕ ਲੈ ਜਾਣ ਦਾ ਮਾਧਿਅਮ ਹੈ। ਇਸ ਲਈ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਚੋਣਾਂ 2018 'ਚ ਐੱਸਐੱਫਐੱਸ ਦੀ ਜਿੱਤ ਲੋਕਤੰਤਰ ਤੇ ਪੂੰਜੀਵਾਦੀ ਢਾਚੇ 'ਚ ਵਿਦਿਆਰਥੀ ਸੰਘਰਸ਼ਾਂ ਦੀ ਜਿੱਤ ਹੈ।ਅਜੇਹੀ ਵਿਦਿਆਰਥੀ ਸੰਘਰਸ਼ਾਂ ਦੀ ਜਿੱਤ ਤੋਂ ਸੇਧ ਹਾਸਲ ਕਰਕਏ ਮੁੱਖ ਧਾਰਾ ਦੀ ਰਾਜਨੀਤੀ ਵਿਚ ਸਮਾਜਿਕ ਸਰੋਕਾਰਾਂ ਤੇ ਵਿਕਾਸ ਦਾ ਪੈਮਾਨਿਆਂ ਨੂੰ ਸਮਝਣ ਦੀ ਲੋੜ ਭਾਸਦੀ ਹੈ। ਹੁਣ ਸਾਨੂੰ ਨਵੇਂ ਯੁੱਗ ਵਿਚ ਸਮਾਜ ਦੇ ਵਿਕਾਸ ਨੂੰ ਸਮਝਦੇ ਹੋਏ ਪਰੰਪਰਕ ਸਿਧਾਂਤਾਂ ਤੇ ਰਾਜਨੀਤਕ ਔਜ਼ਾਰਾਂ ਦਾ ਪੁਨਰ ਚਿੰਤਨ ਕਰਕੇ ਉਨ੍ਹਾਂ ਵਿਚ ਵੀ ਵਿਕਾਸ ਕਰਨ ਦੀ ਜ਼ਰੂਰਤ ਹੈ । ਵ

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ (94641-70594)

## *ਕਰਫਿਊ ਵਿਚ ਢਿੱਲ*

ਹੜਬੜੀ ਵਿਚ ਖਰੀਦੀਆਂ ਚੀਜ਼ਾਂ
ਪੁੱਛਿਆ ਇਕ ਦੂਜੇ ਦਾ ਹਾਲ–ਚਾਲ

ਗੀਝਿਆਂ ਵਿਚ ਭਰੀਆਂ ਅਫ਼ਵਾਹਾਂ
ਕੁਝ ਸ਼ੱਕ ਵੀ ਚੁਗ ਲਏ ਅੱਖਾਂ ਵਿਚ

ਢਿੱਲ ਦੇ ਦੌਰਾਨ ਮਾਰੀਆਂ ਕਈਆਂ ਨੇ ਚੋਭਾਂ
ਦਿੱਤੀਆਂ ਉਨ੍ਹਾਂ ਨੂੰ ਮੂੰਹ ਵਿਚ ਗਾਲ੍ਹਾਂ

ਤੇ ਕੁਝ ਨੇ ਮੰਗੀ
ਖ਼ੈਰ ਉਨ੍ਹਾਂ ਦੀ
ਦਿੱਤਾ ਅਜਿਹੇ ਦਿਨਾਂ ਵਿਚ
ਜਿਉਂਦੇ ਬਚੇ ਰਹਿਣ ਦਾ ਸਿਹਰਾ

ਅਜਿਹੇ ਵਿਚ ਇਕ ਸਿਪਾਹੀ ਨੇ ਕਿਹਾ
ਆਪਣੇ ਸਾਥੀ ਨੂੰ—
'ਕੁਝ ਦੇਰ ਪਹਿਲਾਂ
ਕਿੰਨੀਆਂ ਡਰਾਉਣੀਆਂ ਲੱਗਦੀਆਂ ਸਨ
ਸੁੰਨਸਾਨ ਸੜਕਾਂ'

## *ਕਲੋਜ਼-ਅਪ*

ਬੰਬ ਉਸਦੇ ਹੱਥ ਵਿਚ ਫਟਿਆ
ਹਵਾ ਵਿਚ ਉੱਡ ਗਈਆਂ
ਰਾਹਗੀਰਾਂ ਦੀਆਂ ਲੀਰਾਂ

ਖ਼ਬਰਾਂ ਦੇ ਚੈਨਲਾਂ ਨੇ
ਕਲੋਜ਼–ਅਪ ਵਿਖਾਇਆ
ਦਹਾੜਾਂ ਮਾਰਦੇ ਇਕ ਬੁੱਢੇ ਪਿਉ ਨੂੰ
ਜਿਸ ਨੇ
ਸਿਰ ਤੋਂ ਲਾਹ
ਆਸਮਾਨ ਵੱਲ ਸਿੱਟ ਦਿੱਤੀ
ਆਪਣੀ ਸਫ਼ੇਦ ਟੋਪੀ
ਤੇ ਰੋਂਦਿਆਂ ਕੁਰਲਾਉਂਦਿਆਂ
ਵਾਜਾਂ ਮਾਰੀਆਂ
ਰਸੂਲੇ ਅਰਬੀ ਨੂੰ

ਉਸ ਨੂੰ ਖਿੱਚ ਰਹੇ ਸਨ
ਕੁਝ ਲੋਕ ਪਿੱਛੋਂ
ਇਕ ਹੱਥ ਢੱਕ ਰਿਹਾ ਸੀ
ਉਸਦੇ ਦਹਾੜਾਂ ਮਾਰਦੇ ਮੂੰਹ ਨੂੰ

ਉਦੋਂ ਉਹ ਯਕਦਮ ਹੋ ਗਿਆ ਚੁੱਪ
ਡਰੀ ਹੋਈ ਆਵਾਜ਼ ਵਿਚ ਬੋਲਿਆ—
'ਕੀ ਹੁਣ ਰੋਣ ਵੀ ਨਹੀਂ ਦੇਵੋਗੇ ?'

## *ਕਾਲਾ ਦਿਨ*

ਮੈਂ ਇਸ ਤਰੀਕ ਦਾ ਕੀ ਕਰਾਂ
ਪੁੱਜਦਾ ਹਾਂ ਵਰ੍ਹਿਆਂ ਤੋਂ ਦੂਰ ਮਾਤਭੂਮੀ 'ਤੇ

ਘਰ ਦੀਆਂ ਪੌੜੀਆਂ 'ਤੇ
ਡੁੱਲ੍ਹ ਰਿਹਾ ਹੈ ਖ਼ੂਨ ਹਾਲੇ ਤੀਕ
ਮੇਰੀਆਂ ਯਾਦਾਂ ਵਿਚ

ਗਰਜਦੇ ਬੱਦਲਾਂ
ਅਤੇ ਲਿਸ਼ਕਦੀਆਂ ਬਿਜਲੀਆਂ ਦੇ ਵਿਚਕਾਰ
ਸੁੰਨ ਹੈ
ਮੇਰੀ ਘੱਟ ਗਿਣਤੀ ਆਤਮਾ
ਉਥੇ ਹੀ ਕਿਤੇ ਅਧ-ਬਲੇ ਮਕਾਨਾਂ ਦੇ ਮਲਬੇ ਉੱਤੇ
ਜਿਥੇ ਇੰਨੇ ਬੇਘਰ ਵਰ੍ਹਿਆਂ ਦੀ ਉੱਗੀ ਘਾਹ ਵਿਚ
ਲੁਕੋ ਕੇ ਰੱਖੀਆਂ ਜਾਂਦੀਆਂ ਹਨ
ਪਾਕਿਸਤਾਨ ਤੋਂ ਆਈਆਂ
ਬੰਦੂਕਾਂ

ਇਥੇ ਕਿਸ ਨੂੰ ਬਖ਼ਸ਼ਿਆ ਗਿਆ ਮੇਰੇ ਮੁਲਕ ਵਿਚ
ਨਿਰਦੋਸ਼ ਹੋਣ ਦੇ ਜੁਰਮ ਵਿਚ
ਤੈਰਦੀਆਂ ਹਨ ਹਵਾ ਵਿਚ
ਰੋਂਦੀਆਂ ਕੁਰਲਾਉਂਦੀਆਂ ਔਰਤਾਂ ਦੀਆਂ ਬਦਦੁਆਵਾਂ


ਅੱਜ ਦੇ ਦਿਨ
ਮੈਂ ਯਹੂਦੀਆਂ ਵਾਂਗ
ਕਿਸੇ 'ਵੇਲਿੰਗ-ਵਾਲ' ਦੇ ਸਾਹਮਣੇ ਜਾ ਕੇ
ਰੋਣਾ ਚਾਹੁੰਦਾ ਹਾਂ ਜਾਰੋ-ਜਾਰ
ਆਪਣੀ ਜੀਨੋਸਾਈਡ, ਆਪਣੀ ਜਲਾਵਤਨੀ ਉੱਤੇ
ਤੇ ਪਰਤ ਕੇ ਭੁੱਲ ਜਾਣਾ ਚਾਹੁੰਦਾ ਹਾਂ
ਜੋ-ਜੋ ਵਾਪਰਿਆ ਸਾਡੇ ਨਾਲ
ਅੱਜ ਦੇ ਦਿਨ ਕੋਈ ਆਵੇ ਮੇਰੇ ਪਾਸ
ਲੈ ਜਾਵੇ ਮੈਨੂੰ
ਕਿਸੇ ਪਹਾੜ ਦੀ ਯਾਤਰਾ 'ਤੇ

### *ਮਾਵਾਂ*

ਮਾਵਾਂ ਕਰ ਰਹੀਆਂ ਇੰਤਜ਼ਾਰ
ਹੱਦਾਂ ਤੋਂ ਪਾਰ ਗਏ ਬੱਚਿਆਂ ਦਾ
ਦੁਆਵਾਂ ਮੰਗ ਰਹੀਆਂ ਮਾਵਾਂ
ਉਨ੍ਹਾਂ ਦੇ ਸਹੀ ਸਲਾਮਤ ਮੁੜ ਆਉਣ ਲਈ

ਮਾਵਾਂ ਲੀਰੋ ਲੀਰ ਤੰਬੂਆਂ ਵਿਚ
ਝਿੜਕ ਰਹੀਆਂ ਭੁੱਖਿਆਂ ਬੱਚਿਆਂ ਨੂੰ
ਉਨ੍ਹਾਂ ਨੂੰ ਲਾਉਂਦੀਆਂ ਸੁੱਕੀਆਂ ਛਾਤੀਆਂ ਨਾਲ

ਡੁਸਕਦੀਆਂ ਮਾਵਾਂ
ਉਜਾੜੇ ਵਿਚ ਮਾਵਾਂ
ਮਾਵਾਂ ਤੱਕ ਰਹੀਆਂ
ਹੱਦਾਂ 'ਤੇ ਤੈਨਾਤ ਬੱਚਿਆਂ ਦੀਆਂ ਰਾਹਵਾਂ
ਵਗ ਰਿਹਾ ਖ਼ੂਨ ਆਰ ਵੀ ਪਾਰ ਵੀ
ਵਿਲਕ ਰਹੀਆਂ ਮਾਵਾਂ
ਘਾਹ ਵਾਂਗ ਲਤਾੜੀਆਂ ਜਾ ਰਹੀਆਂ
ਦੋਹਾਂ ਵਿਚਕਾਰ
ਕੋਈ ਨਹੀਂ ਚੁੱਕਦਾ
ਮਾਵਾਂ ਦੇ ਹੱਕਾਂ ਦੀ ਗੱਲ



ਪਿਛਲੇ 19 ਸਾਲ ਤੋਂ ਕਸ਼ਮੀਰੀ ਆਤੰਕਵਾਦ ਕਾਰਨ ਵਿਸਥਾਪਨ ਭੋਗ ਰਹੇ ਅਗਨੀ ਸ਼ੇਖ਼ਰ ਸਮਕਾਲੀਨ ਹਿੰਦੀ ਕਵਿਤਾ ਵਿਚ ਇਕ ਸਥਾਪਿਤ ਨਾਂ ਹਨ। ਉਜਾੜੇ ਦੀ ਚੀਕ ਅਗਨੀ ਸ਼ੇਖ਼ਰ ਦੀ ਸਾਰੀ ਕਵਿਤਾ ਵਿਚ ਸੁਣਾਈ ਦਿੰਦੀ ਹੈ। ਕਵਿਤਾ ਆਪਣੀ ਮਿੱਟੀ, ਆਪਣੀ ਹਵਾ, ਆਪਣੇ ਅੰਬਰ ਲਈ ਤਾਂਘਦੀ ਹੈ। ਅਗਨੀ ਸ਼ੇਖ਼ਰ ਦੀ ਕਵਿਤਾ ਅਜੋਕੇ ਰਾਜਨੀਤਕ ਪ੍ਰਪੰਚ ਅਤੇ ਸੰਪਰਦਾਇਕ ਹਿੰਸਾ 'ਤੇ ਤਿੱਖੇ ਸਵਾਲ ਕਰਦੀ ਹੈ।

ਅਨੁ : *ਭੁਪਿੰਦਰ ਕੌਰ ਪ੍ਰੀਤ*

## *ਚਲੋ ਹੁਣ ਉਹਨੂੰ ਭੁੱਲ ਜਾਈਏ*

ਚਲੋ ਹੁਣ ਉਹਨੂੰ ਭੁੱਲ ਜਾਈਏ
ਜਿੱਦਾਂ ਅਸੀਂ ਫੁੱਲਾਂ ਨੂੰ ਭੁੱਲ ਜਾਨੇ ਆਂ

ਜਿੱਦਾਂ ਅਸੀਂ ਅੱਗ ਦੀਆਂ
ਸੋਨੇ ਰੰਗੀਆਂ ਲਪਟਾਂ ਨੂੰ ਭੁੱਲ ਜਾਨੇ ਆਂ

ਚਲੋ ਹੁਣ ਉਹਨੂੰ ਭੁੱਲ ਜਾਈਏ
ਸਦਾ ਸਦਾ ਲਈ
ਵਕਤ ਤਾਂ ਯਾਰ ਹੈ ਸਾਡਾ
ਮਿਹਰਬਾਨ ਹੈ
ਗੁਜ਼ਰ ਹੀ ਜਾਵੇਗਾ
ਸਾਡੇ ਬੁੱਢੇ ਹੋਣ ਤਕ
ਟੱਪ ਹੀ ਜਾਵੇਗਾ

ਜੇ ਕਦੀ ਕੋਈ ਪੁੱਛੇ ਵੀ
ਤਾਂ ਕਹਿ ਦੇਵਾਂਗੇ
ਉਹਨੂੰ ਤਾਂ ਅਸੀਂ ਭੁਲਾ ਦਿੱਤਾ, ਕਦੋਂ ਦਾ

ਉਂਜ ਹੀ
ਜਿੱਦਾਂ ਫੁੱਲ ਭੁੱਲ ਜਾਂਦੇ ਨੇ
ਜਿੱਦਾਂ ਅੱਗ ਭੁੱਲ ਜਾਂਦੀ ਏ
ਉਂਜ ਹੀ
ਜਿਵੇਂ ਬਰਫ਼ 'ਤੇ ਪੈਂਦੇ ਪੋਲੇ ਪੋਲੇ ਪੈਰਾਂ ਦੀ
ਆਵਾਜ਼ ਆਉਂਦੀ ਹੈ
ਤੇ ਫਿਰ ਇਕ ਲੰਮੀ ਚੁੱਪ ਪਸਰ ਜਾਂਦੀ ਹੈ

## *ਤੋਹਫ਼ਾ*

ਉਹ ਮੇਰੇ ਸੋਹਣਿਆ ਰੱਬਾ
ਮੈਂ ਤੈਨੂੰ ਕੀ ਦਿਆਂ
ਤੂੰ ਤਾਂ ਪੂਰੀ ਦੁਨੀਆ ਹੀ ਮੈਨੂੰ ਦੇ ਦਿੱਤੀ

ਏਨੀ ਰੌਸ਼ਨੀ ਦਿੱਤੀ
ਏਨੀ ਖ਼ੁਸ਼ੀ ਦੇ ਦਿੱਤੀ
ਇਕ ਬੇਚੈਨ ਜਿਹਾ ਸਮੁੰਦਰ
ਤੇ ਇਕ ਜੰਗਲੀ ਜਹੀ ਧਰਤ ਦੇ ਦਿੱਤੀ

ਜੇ ਤੇਰੀਆਂ ਦਿੱਤੀਆਂ ਸੁਗਾਤਾਂ ਨੂੰ
ਮੈਂ ਤੈਨੂੰ ਹੀ ਮੋੜਾਂਗਾ
ਤਾਂ ਕਿਹੜਾ ਮੂੰਹ
ਮੈਂ ਆਪਣੀ ਰੂਹ ਦੇ ਸ਼ੀਸ਼ੇ 'ਚ ਦੇਖਾਂਗਾ

ਓਹ ਮੇਰੇ ਸੋਹਣਿਆ ਰੱਬਾ
ਓਹ ਕਿਹੜਾ ਤੋਹਫ਼ਾ ਹੈ
ਜੋ ਮੇਰੇ ਦਿਲ ਦੇ ਏਨਾ ਕਰੀਬ ਹੋਵੇ
ਜੋ ਕਿਸੇ ਅਵੱਲੀ ਜਹੀ ਸਵੇਰ
ਤੇਰੇ ਕਦਮਾਂ 'ਚ ਰੱਖ ਜਾਵਾਂ
ਤੇ ਇੰਜ ਤੈਨੂੰ ਵੀ
ਆਪਣੇ ਆਪ ਤੋਂ ਮੈਂ ਮੁਕਤ ਕਰ ਜਾਵਾਂ

## *ਚਾਰ ਹਵਾਵਾਂ*

ਮੈਂ ਹਵਾ ਨੂੰ ਪੁੱਛਿਆ—
ਤੂੰ ਕਈ ਕੁੜੀਆਂ ਨੂੰ
ਪਿਆਰ 'ਚ ਦਮ ਤੋੜਦੇ ਵੇਖਿਆ ਹੈ
ਮੈਨੂੰ ਵੀ ਦੱਸ ਕਿਵੇਂ
ਮੇਰਾ ਪ੍ਰੇਮੀ
ਮੈਨੂੰ ਸੱਚਾ ਪਿਆਰ ਕਰੇ

ਦੱਖਣ ਤੋਂ ਆਉਂਦੀ ਹਵਾ ਨੇ ਆਖਿਆ—
'ਉਹਦੇ ਮੂੰਹ ਨੂੰ ਕਦੀ ਨਾ ਚੁੰਮੀਂ'

ਪੱਛਮ ਤੋਂ ਆਉਂਦੀ ਹਵਾ ਨੇ ਆਖਿਆ—
'ਉਹਦੇ ਦਿਲ ਨੂੰ ਵਿੰਨ ਦਿਆ ਕਰੀਂ ਕਦੀ ਕਦੀ'

ਪੂਰਬ ਤੋਂ ਆਉਂਦੀ ਹਵਾ ਨੇ ਆਖਿਆ—
'ਉਹਨੂੰ ਦਾਹਵਤ 'ਤੇ ਬੁਲਾਈਂ ਇਕ ਦਿਨ
ਤੇ ਵਾਪਸ ਭੇਜ ਦੇਵੀਂ ਭੁੱਖਾ'

ਉੱਤਰ ਤੋਂ ਆਉਂਦੀ ਹਵਾ ਨੇ ਆਖਿਆ—
'ਜਦ ਤੂਫ਼ਾਨ ਆਇਆ ਹੋਵੇ
ਤਾਂ ਉਹਨੂੰ ਘਰੋਂ ਕੱਢ ਦੇਵੀਂ
ਜਦ ਤੂੰ ਆਪਣੇ ਪ੍ਰੇਮੀ ਤੋਂ
ਬਹੁਤਾ ਜਾਲਮ ਹੋਵੇਂਗੀ
ਤਦ ਹੀ ਸੱਚਾ ਪਿਆਰ ਤੂੰ ਉਹਦਾ ਪਾਏਂਗੀ'

ਅਨੁ : *ਬਲਦੇਵ ਚੱਕ ਸਕੰਦਰ*

*ਨਿਰਖ ਪਰਖ*

# ਪੰਜਾਬ : ਫ਼ਿਕਰ ਤੇ ਜ਼ਿਕਰ

*ਜਤਿੰਦਰ ਸਿੰਘ*

ਪੁਸਤਕ 'ਪੰਜਾਬ : ਦ੍ਰਿਸ਼ ਤੇ ਦ੍ਰਿਸ਼ਟੀ' ਦੀ ਸੰਪਾਦਨਾ ਡਾ. ਸਰਬਜੀਤ ਸਿੰਘ ਨੇ ਕੀਤੀ। ਇਸ ਕਿਤਾਬ ਵਿਚ ਸ਼ਾਮਲ ਲੇਖ 15, 16, 17 ਫਰਵਰੀ 2019 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਕਰਵਾਈ ਗਈ ਦੂਜੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਵਿਦਵਾਨਾਂ, ਸਮਾਜਿਕ, ਰਾਜਨੀਤਕ ਕਾਰਕੁਨਾਂ ਅਤੇ ਵਿਦਿਆਰਥੀ ਜਥੇਬੰਦੀ ਦੇ ਆਗੂਆਂ ਵੱਲੋਂ ਪੜ੍ਹੇ ਗਏ ਸਨ। ਕਿਤਾਬ ਦੇ ਤਤਕਰੇ ਤੋਂ ਹੀ ਪਾਠਕ ਵਾਕਿਫ਼ ਹੋ ਜਾਂਦਾ ਹੈ ਕਿ ਇਸ ਆਲਮੀ ਕਾਨਫ਼ਰੰਸ ਦਾ ਮਿਆਰ ਕੀ ਹੋਵੇਗਾ ?

'ਪੰਜਾਬ : ਦ੍ਰਿਸ਼ ਤੇ ਦ੍ਰਿਸ਼ਟੀ' ਕਿਤਾਬ ਵਿਚ ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਚੀਮਾ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਪੂਰਵਾਨੰਦ, ਨਿਰਮਲ ਢਿੱਲੋਂ, ਪ੍ਰੋ. ਹਰੀਸ਼ ਪੁਰੀ, ਰਣਜੀਤ ਸਿੰਘ ਘੁੰਮਣ, ਸੁੱਚਾ ਸਿੰਘ ਗੱਲ, ਤੇਜਵੰਤ ਸਿੰਘ ਗਿੱਲ, ਸੁਖਦੇਵ ਸਿੰਘ, ਸਾਧੂ ਸਿੰਘ ਕੈਨੇਡਾ, ਇੰਦਰਾ ਜੈ ਸਿੰਘ, ਜਯਾਸ਼ੰਕਰਾਤਇਨ, ਕਨੂਪ੍ਰਿਯਾ ਕੁਮਾਰ ਦੇ ਨਾਂ ਖ਼ਾਸ ਤੌਰ 'ਤੇ ਜ਼ਿਕਰਯੋਗ ਹਨ। ਇਸ ਕਿਤਾਬ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਰਾਸ਼ਟਰ ਤੇ ਰਾਸ਼ਟਰਵਾਦ ਨਾਲ ਸੰਬੰਧਤ ਲੇਖ ਹਨ। ਹਿੰਦੋਸਤਾਨ ਦੀ ਆਜ਼ਾਦੀ ਵੇਲੇ ਰਾਸ਼ਟਰ ਤੇ ਰਾਸ਼ਟਰਵਾਦ ਦਾ ਸਰੂਪ ਸਮਕਾਲੀ ਸਥਿਤੀਆਂ ਵਾਲੇ ਰਾਸ਼ਟਰਵਾਦ ਤੋਂ ਵਿਪਰੀਤ ਸੀ। ਸੁਤੰਤਰਤਾ ਤੋਂ ਪਹਿਲਾਂ ਰਾਸ਼ਟਰਵਾਦ ਅੰਗਰੇਜ਼ਾਂ ਖ਼ਿਲਾਫ਼ ਸਾਰੇ ਧਰਮਾਂ ਤੇ ਵਰਗਾਂ ਦੀ ਇਕਜੁੱਟਤਾ ਤੋਂ ਪੈਦਾ ਹੋਇਆ। ਉਸ ਸਮੇਂ ਚੱਲੀ ਲਹਿਰ ਇਕ ਲੋਕ ਰਾਸ਼ਟਰ ਤੇ ਲੋਕ ਰਾਸ਼ਟਰਵਾਦ ਦੀ ਸੀ, ਪਰ ਸਮਕਾਲੀ ਦੌਰ ਵਿਚ ਰਾਸ਼ਟਰਵਾਦ ਸੀਮਤ ਤੇ ਸੌੜੀ ਵਿਚਾਰਧਾਰਾ ਦਾ ਬਣ ਕੇ ਰਹਿ ਗਿਆ ਹੈ।

ਰਜਿੰਦਰ ਸਿੰਘ ਚੀਮਾ ਦਾ ਲੇਖ 'ਸੰਵੇਦਨਾ, ਸੰਕਟ, ਭੈਅ ਤੇ ਨਿਰਪੱਖ ਸੋਚ' ਹੈ ਜਿਸ ਵਿਚ ਉਸਨੇ ਅਸੰਵੇਦਨਸ਼ੀਲਤਾ ਦੇ ਇਸ ਦੌਰ ਨੂੰ ਸਮਝਣ ਲਈ ਇਤਿਹਾਸ ਦੀਆਂ ਪਰਤਾਂ ਫਰੋਲਣ 'ਤੇ ਜ਼ੋਰ ਦਿੱਤਾ। ਸਮਾਜਵਾਦ ਦਾ ਸੁਪਨਾ ਟੁੱਟਣਾ, ਆਰਥਿਕ ਜਾਗ੍ਰਿਤੀ (1992), ਨਵ-ਉਦਾਰਵਾਦ, ਸਿੱਖਿਆ ਦਾ ਨਿੱਜੀਕਰਨ ਤੇ ਬਾਜ਼ਾਰੀਕਰਨ ਨੂੰ ਸਮਝਣ ਤੇ ਪਰਖਣ ਨਾਲ ਮੌਜੂਦਾ ਹਾਲਾਤ ਬਾਰੇ ਰਾਇ ਬਣਾਈ ਜਾ ਸਕਦੀ ਹੈ। ਸਮਾਜ ਤੇ ਦੇਸ਼ ਵਿਚ ਬਣੇ ਡਰ, ਭੈਅ ਦੇ ਮਾਹੌਲ ਤੋਂ ਮੁਕਤ ਹੋਣ ਲਈ ਲੇਖਕਾਂ ਤੇ ਕਲਾਕਾਰਾਂ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

"ਜੇ ਅੱਜ ਦੇ ਯੁੱਗ ਦੇ ਦੋ ਵੱਡੇ ਇਮੋਸ਼ਨਜ਼ ਲਈਏ ਤਾਂ ਅੱਜ ਮੁਲਕ ਵਿਚ ਦੋ ਸਭ ਵੱਡੀਆਂ ਚੀਜ਼ਾਂ ਦੀ ਮੌਜੂਦਗੀ ਤੁਸੀਂ ਸਾਰੇ ਮਹਿਸੂਸ ਕਰਦੇ ਹੋ—ਉਹ ਹੈ ਭੈਅ, ਇਸ ਮੁਲਕ 'ਚ ਏਨਾ ਵਿਆਪਕ ਭੈਅ ਹੈ ਅੱਜ, ਏਨਾ ਖ਼ੌਫ਼ ਅਤੇ ਡਰ ਹੈ ਕਿ ਤੁਸੀਂ ਇਸ ਨੂੰ ਬੋਲਦਾ ਮਹਿਸੂਸ ਕਰ ਸਕਦੇ ਹੋ। ਦੂਸਰਾ ਜਿਹੜੀ ਨਫ਼ਰਤ ਦੀ ਫ਼ਸਲ ਇਥੇ ਹੌਲੀ-ਹੌਲੀ ਇਕ ਯੋਜਨਾਬੱਧ ਤਰੀਕੇ ਨਾਲ ਬੀਜੀ ਗਈ ਹੈ, ਪਕਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਗੱਲਾਂ ਤੋਂ ਅਵੇਸਲੇ ਅੱਜ ਕੋਈ ਸੋਚਣ ਵਾਲੇ ਇਨਸਾਨ ਨਹੀਂ ਹੋ ਸਕਦੇ...ਲੇਖਕ ਵਾਸਤੇ ਸਭ ਤੋਂ ਉੱਚਾ ਦਰਜਾ ਜਿਹੜਾ ਹੈ, ਉਹ ਆਜ਼ਾਦ ਖ਼ਿਆਲ ਹੋਣਾ ਹੈ। ਤੁਹਾਨੂੰ ਸਾਰਿਆਂ ਨੂੰ ਗ਼ਾਲਿਬ ਦਾ ਸ਼ੇਅਰ ਯਾਦ ਹੋਣਾ ਹੈ ਕਿ—'ਯੇ ਲਾਸ਼ੇਂ ਬੇਕਫ਼ਜ਼ ਅਸਦ ਏ ਖ਼ਸਤਾ ਜਾਨ ਕੀ ਹੈਂ, ਹੱਕ ਬਲ ਫ਼ਿਰਤ ਕਰੇ ਅਜਬ ਆਜ਼ਾਦ ਮਰਦ ਥਾ'। ਜੇ ਕਿਸੇ ਲੇਖਕ ਬਾਰੇ, ਵਿਚਾਰਕ ਬਾਰੇ ਕਿਹਾ ਜਾ ਸਕੇ ਕਿ ਉਹ ਆਜ਼ਾਦ ਮਨੁੱਖ ਸੀ ਤਾਂ ਮੈਂ ਸਮਝਦਾ ਕਿ ਉਸਨੇ ਆਪਣਾ ਲਿਖਣਾ, ਜੀਣਾ, ਬੋਲਣਾ ਸਾਰਥਕ ਕਰ ਲਿਆ ਹੈ।"




–ਰਜਿੰਦਰ ਸਿੰਘ ਚੀਮਾ

ਪ੍ਰੋ. ਅਪੂਰਵਾਨੰਦ ਦਾ ਲੇਖ 'ਰਾਸ਼ਟਰ ਤੇ ਰਾਸ਼ਟਰੀਅਤਾ' ਵੀ ਰਜਿੰਦਰ ਸਿੰਘ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਹੈ। ਪ੍ਰੋ. ਅਪੂਰਵਾਨੰਦ ਨੇ ਰਾਸ਼ਟਰ ਨੂੰ ਇਉਂ ਪਰਿਭਾਸ਼ਿਤ ਕੀਤਾ ਹੈ, "ਰਾਸ਼ਟਰ ਬਹੁਤ ਸਾਰੇ ਅਜਿਹੇ ਲੋਕਾਂ ਦੀ ਅਜਿਹੀ ਇੱਛਾ ਨਾਲ ਪੈਦਾ ਹੁੰਦਾ ਹੈ ਜੋ ਇਕ ਦੂਜੇ ਨੂੰ ਬਿਲਕੁਲ ਨਹੀਂ ਜਾਣਦੇ ਅਤੇ ਸ਼ਾਇਦ ਜ਼ਿੰਦਗੀ 'ਚ ਕਦੇ ਇਥ ਦੂਜੇ ਨਾਲ ਨਹੀਂ ਮਿਲਣਗੇ, ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਇਕ ਦੂਜੇ ਪ੍ਰਤੀ ਖ਼ੁਦ ਨੂੰ ਜ਼ਿੰਮੇਵਾਰ ਮਹਿਸੂਸ ਕਰਦੇ ਅਤੇ ਉਨ੍ਹਾਂ ਨਾਲ ਇਕ ਰਿਸ਼ਤਾ ਮਹਿਸੂਸ ਕਰਦੇ ਹਨ ਅਤੇ ਉਸ ਰਿਸ਼ਤੇ ਦੀ ਚਾਹਤ ਰੱਖਦੇ ਹਨ।" ਰਾਸ਼ਟਰ ਅਜਿਹੇ ਲੋਕਾਂ ਦਾ ਸਮੁਦਾਇ ਹੈ ਜੋ ਲੋਕ ਤਰ੍ਹਾਂ-ਤਰ੍ਹਾਂ ਦੇ ਹਨ। ਇਨ੍ਹਾਂ ਦੀਆਂ ਜ਼ੁਬਾਨਾਂ ਇਕ ਨਹੀਂ ਹਨ, ਇਨ੍ਹਾਂ ਦਾ ਮਜ਼ਹਬ ਇਕ ਨਹੀਂ, ਪਰ ਸਾਂਝ ਦੇ ਬਿੰਦੂ ਉਹ ਇਕ ਦੂਜੇ ਵਿਚ ਖੋਜਦੇ ਹਨ।

ਪ੍ਰੋ. ਅਪੂਰਵਾਨੰਦ ਨੇ ਇਸ ਲੇਖ ਵਿਚ ਰਾਸ਼ਟਰ ਤੇ ਰਾਜ ਵਿਚਲਾ ਫ਼ਰਕ ਉਘਾੜਿਆ। ਉਨ੍ਹਾਂ ਨੇ ਜਵਾਹਰ ਲਾਲ ਨਹਿਰੂ ਦੀ ਕਿਤਾਬ 'ਡਿਸਕਵਰੀ ਆਫ਼ ਇੰਡੀਆ' ਦੇ ਹਵਾਲੇ ਨਾਲ ਆਪਣੇ ਲੇਖ ਨੂੰ ਵਿਸਤਾਰ ਦਿੱਤਾ। ਪ੍ਰੋ. ਸਾਹਿਬ ਨੇ ਦੇਸ਼ ਵਿਚ ਪੈਦਾ ਹੋਏ ਨਾਗਰਿਕਤਾ ਦੇ ਮਸਲੇ ਬਾਰੇ ਵੀ ਨਿੱਠ ਕੇ ਚਰਚਾ ਕੀਤੀ। ਰਾਸ਼ਟਰ ਦੀ ਕਲਪਨਾ ਐੱਨ.ਆਰ.ਸੀ. (NRC) ਤੋਂ ਬਾਅਦ ਕਿਵੇਂ ਦੀ ਹੋਵੇਗੀ ? ਇਨ੍ਹਾਂ ਮਸਲਿਆਂ ਨੂੰ ਉਹ 1984 ਦੇ ਸਿੱਖ ਕਤਲੇਆਮ ਦੇ ਹਵਾਲੇ ਨਾਲ ਜੋੜ ਕੇ ਸਮਝਣ ਦਾ ਯਤਨ ਕਰਦੇ ਹਨ।

"ਇਹ ਜੋ ਸ਼ਹਿਰੀਅਤ ਅਤੇ ਰਾਸ਼ਟਰੀਅਤ ਦੀ ਸਮਝ ਹੈ, ਇਹ ਲੱਗਦਾ ਹੈ ਕਿ ਅਸੀਂ ਇਜ਼ਰਾਈਲ ਤੋਂ ਉਧਾਰ ਲਈ ਹੈ। ਇਜ਼ਰਾਈਲ, ਜੋ ਇਕ ਖ਼ਿਆਲ ਸੀ, ਪਰ ਜੋ 1949 'ਚ ਇਕ ਹਕੀਕਤ 'ਚ ਤਬਦੀਲ ਹੋਇਆ ਅਤੇ ਉਹ ਹਕੀਕਤ ਇਕ ਦੂਜੀ ਹਕੀਕਤ ਨੂੰ ਤਬਾਹ ਕਰ ਕੇ ਬਣੀ। ਜੋ ਫ਼ਲਸਤੀਨ ਦੀ ਹਕੀਕਤ ਹੈ। ਉਸ ਤੋਂ ਬਾਅਦ ਇਜ਼ਰਾਈਲ ਨੇ ਇਹ ਕਿਹਾ ਕਿ ਉਹ ਦਰਅਸਲ ਦੁਨੀਆ ਭਰ 'ਚ ਕਿਤੇ ਵੀ ਯਹੂਦੀ ਜੇਕਰ ਹੋਣ ਤਾਂ ਉਨ੍ਹਾਂ ਦਾ ਸੁਭਾਵਕ ਮੁਲਕ ਹੈ। ਯਹੂਦੀ ਕਦੇ ਵੀ ਇਜ਼ਰਾਈਲ ਆਉਣ, ਇਜ਼ਰਾਈਲ ਦੀ ਸ਼ਹਿਰੀਅਤ ਉਨ੍ਹਾਂ ਨੂੰ ਮਿਲ ਜਾਵੇਗੀ। ਪਿਛਲੇ ਸਾਲ ਇਜ਼ਰਾਈਲ ਨੇ ਜੋ ਕਾਨੂੰਨ ਪਾਸ ਕੀਤਾ, ਉਸ ਮੁਤਾਬਕ ਇਜ਼ਰਾਈਲ ਪਹਿਲਾਂ ਯਹੂਦੀਆਂ ਦਾ ਮੁਲਕ ਹੈ। ਬਾਕੀ ਵੀ ਉਸ 'ਚ ਰਹਿ ਸਕਦੇ ਹਨ ਪਰ ਉਹ ਪਹਿਲਾਂ ਯਹੂਦੀਆਂ ਦਾ ਹੈ। ਇਜ਼ਰਾਈਲ ਦੀ ਜੋ ਸ਼ਹਿਰੀਅਤ ਦੀ ਸਮਝ ਹੈ, ਉਹ ਸ਼ਹਿਰੀਅਤ ਦੀ ਸਮਝ ਜਾਂ ਰਾਸ਼ਟਰੀਅਤਾ ਦੀ ਸਮਝ ਹੁਣ ਹਿੰਦੋਸਤਾਨ ਅਪਣਾ ਰਿਹਾ ਹੈ। ਅਸੀਂ ਸਿੱਖ ਕਿਸ ਤੋਂ ਰਹੇ ਹਾਂ ? ਇਜ਼ਰਾਈਲ ਤੋਂ ਸਿੱਖ ਰਹੇ ਹਾਂ। ਕੁਝ ਸਮਾਂ ਪਹਿਲਾਂ ਤੱਕ ਸਾਡਾ ਦਾਅਵਾ ਸੀ ਕਿ ਅਸੀਂ ਸ਼ਹਿਰੀ ਅਤੇ ਰਾਸ਼ਟਰੀਅਤਾ ਬਾਰੇ ਦੁਨੀਆ ਨੂੰ ਸਿਖਾ ਸਕਦੇ ਹਾਂ। ਇਹ ਮੁਸ਼ਕਿਲ ਸਾਡੇ ਸਮੇਂ ਦੀ ਮੁਸ਼ਕਿਲ ਹੈ ਜਿਸ ਨਾਲ ਅਸੀਂ ਜੂਝਣਾ ਹੈ ਕਿ ਇਸ 'ਚ ਚਲਾਕੀ ਨਾਲ, ਚਤੁਰਾਈ ਨਾਲ ਇਕ ਖ਼ਾਸ ਪਛਾਣ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਹਿੰਦੋਸਤਾਨ 'ਚ ਇਕ ਅਸੁਭਾਵਕ ਮੌਜੂਦਗੀ ਹੈ। ਉਹ ਮੁਸਲਮਾਨ ਦੀ ਪਛਾਣ ਹੈ। ਇਹ ਅਸੁਭਾਵਕ ਮੌਜੂਦਗੀ ਹੈ। ਇਸ ਲਈ ਰਾਸ਼ਟਰ ਜੋ ਅਸੀਂ ਸ਼ੁਰੂ ਕੀਤਾ ਸੀ ਉਸ 'ਚ ਇਕ ਸਥਿਰ ਬਿੰਦੂ ਦੱਸਿਆ ਜਾਂਦਾ ਹੈ, ਇਹ ਬਿੰਦੂ ਹੈ ਜਿਥੋਂ ਅਸੀਂ ਸ਼ੁਰੂ ਕੀਤਾ ਸੀ। ਇਸ ਲਈ ਜਿਨ੍ਹਾਂ ਨੇ ਇਥੋਂ ਸ਼ੁਰੂ ਕੀਤਾ, ਜੋ ਸਾਬਤ ਕਰ ਸਕਦੇ ਹਨ ਕਿ ਉਨ੍ਹਾਂ ਦੀਆਂ ਜੜ੍ਹਾਂ ਇਥੇ ਹਨ, ਉਨ੍ਹਾਂ ਦਾ ਹੱਕ ਤਾਂ ਹਿੰਦੋਸਤਾਨ 'ਤੇ ਜ਼ਿਆਦਾ ਹੈ ਅਤੇ ਜੋ ਇਸ ਬਿੰਦੂ 'ਤੇ ਦਿਸਦੇ ਹਨ, ਉਨ੍ਹਾਂ ਦਾ ਹੱਕ ਘੱਟ ਹੈ।" -ਪ੍ਰੋ. ਅਪੂਰਵਾਨੰਦ, ਦਿੱਲੀ ਯੂਨੀਵਰਸਿਟੀ




ਨਿਰਮਲ ਸਿੰਘ ਢਿੱਲੋਂ ਦਾ ਲੇਖ 'ਅਸੀਂ ਡਰ 'ਚ ਘਿਰੇ ਹਾਂ' ਭਾਵੇਂ ਆਕਾਰ ਪੱਖੋਂ ਚਾਰ ਸਫ਼ਿਆਂ ਦਾ ਹੈ, ਪਰ ਹਿੰਦ-ਪਾਕਿ ਦੀ ਵੰਡ ਦੇ ਚਸ਼ਮਦੀਦ ਗਵਾਹ ਹਨ। ਉਨ੍ਹਾਂ ਦਾ ਲੇਖ ਹਿੰਦ-ਪਾਕਿ ਵੰਡ ਦੀ ਘਟਨਾ 'ਤੇ ਆਧਾਰਿਤ ਹੈ ਜਿਸ ਵੇਲੇ ਲੋਕਾਂ ਦੇ ਮਨਾਂ ਅੰਦਰ ਡਰ, ਸਹਿਮ ਤੇ ਭੈਅ ਘਰ ਕਰ ਗਿਆ ਸੀ। ਉਸਦਾ ਅਸਰ ਪੰਜਾਬੀਆਂ ਦੇ ਮਨਾਂ 'ਤੇ ਅਜੇ ਤੱਕ ਵੀ ਵੇਖਿਆ ਜਾ ਸਕਦਾ ਹੈ। ਇਹ ਹੀ ਨਹੀਂ, ਨਿਰਮਲ ਢਿੱਲੋਂ ਨੇ ਵੰਡ ਵੇਲੇ ਦੋਹਾਂ ਪਾਸੇ ਦੇ ਲੋਕਾਂ ਦੇ ਬਜ਼ੁਰਗਾਂ ਵੱਲੋਂ ਹੋਈਆਂ ਭੁੱਲਾਂ ਨੂੰ ਆਪਸ ਵਿਚ ਬੈਠ ਕੇ ਸੁਲਝਾਉਣ ਦਾ ਵਾਜਬ ਢੰਗ ਦੱਸਿਆ। ਭਾਵੇਂ ਇਹ ਵੰਡ ਦੀ ਲਕੀਰ ਸਦਾ ਲਈ ਮਿਟ ਨਹੀਂ ਸਕਦੀ, ਪਰ ਦਿਲਾਂ ਦੀਆਂ ਦੂਰੀਆਂ ਨੂੰ ਘਟਾਇਆ ਜਾ ਸਕਦਾ ਹੈ।

ਇਤਿਹਾਸ ਦੀ ਚਾਲ ਨੂੰ ਰੋਕਣ ਖ਼ਾਤਰ ਇਕ ਹੋਰ ਢੰਗ ਹੋ ਸਕਦਾ ਸੀ ਅਤੇ ਉਹ ਇਹ ਸੀ ਕਿ ਪੰਜਾਬ ਦੇ ਨਾਲ ਲੱਗਦੇ ਜਿਹੜੇ ਖੇਤਰ ਸਨ, ਜਿਵੇਂ ਸਿੰਧ ਸੀ ਜਾਂ ਨਾਰਥ ਵੈਸਟ ਫ਼ਰੰਟੀਅਰ ਪ੍ਰੋਵਿੰਸ ਸੀ, ਉਨ੍ਹਾਂ 'ਚ ਜੋ ਕੁਝ ਹੋ ਰਿਹਾ ਸੀ ਉਸਦੇ ਨਾਲ ਸਹਿਯੋਗ ਬਣਦਾ। ਉਦਾਹਰਣ ਵਜੋਂ ਜਦੋਂ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼ ਆਰੰਭ ਹੋਇਆ ਸੀ ਅਤੇ ਵੱਡੇ ਘੱਲੂਘਾਰੇ ਤੱਕ ਉਹ ਚਲਿਆ ਗਿਆ ਤਾਂ ਉਨ੍ਹਾਂ ਹੀ ਸਮਿਆਂ 'ਚ ਇਨ੍ਹਾਂ ਖੇਤਰਾਂ 'ਚ ਵੀ ਵੱਡੀਆਂ ਘਟਨਾਵਾਂ ਹੋਈਆਂ ਸਨ। ਮਿਸਾਲ ਦੇ ਤੌਰ 'ਤੇ ਸਿੰਧ 'ਚ ਇਕ ਫ਼ਕੀਰ ਸੀ ਜਿਸ ਦੀ ਢੋਕ 'ਤੇ ਕਿਹਾ ਜਾਂਦਾ ਹੈ ਕਿ ਦੁਖੀ ਹੋਏ 25 ਹਜ਼ਾਰ ਕਿਸਾਨ ਆ ਕੇ ਇਕੱਠੇ ਹੋ ਗਏ ਅਤੇ ਹਕੂਮਤ ਨੇ ਉਹ ਸਾਰੇ ਕਿਸਾਨ ਕਤਲ ਕੀਤੇ ਅਤੇ ਢੋਕ ਦਾ ਜੋ ਮਾਲਕ ਸੀ, ਉਸਦਾ ਸਰੀਰ ਔਰੰਗਜ਼ੇਬ ਤੱਕ ਪਹੁੰਚਾਇਆ। ਇਸੇ ਤਰ੍ਹਾਂ ਜੇ ਨਾਰਥ ਵੈਸਟ ਫ਼ਰੰਟੀਅਰ ਪ੍ਰੋਵਿੰਸ ਹੈ, ਉਸਦਾ ਵੱਡਾ ਕਵੀ ਖ਼ੁਸ਼ਹਾਲ ਖਾਂ ਖੱਟਕ ਨੇ ਵੀ ਉਨ੍ਹਾਂ ਹੀ ਦਿਨਾਂ 'ਚ ਬਗ਼ਾਵਤ ਕੀਤੀ ਹੋਈ ਸੀ। ਇਥੋਂ ਤੱਕ ਉਹ ਲਗਨ 'ਤੇ ਤੁਰਿਆ ਹੋਇਆ ਕਿ ਉਸਨੇ ਆਪਣੇ ਬੇਟਿਆਂ ਨੂੰ ਕਿਹਾ ਹੋਇਆ ਸੀ ਕਿ ਜੇ ਮੈਂ ਮਰ ਜਾਵਾਂ ਤਾਂ ਮੇਰੀ ਜਿਹੜੀ ਕਬਰ ਹੈ, ਤੁਸੀਂ ਉਥੇ ਬਣਾਓ ਜਿਥੇ ਮੁਗ਼ਲ ਰਾਜ ਦੇ ਘੋੜਿਆਂ ਦੇ ਪੈਰਾਂ ਦੀ ਆਵਾਜ਼ ਨਾ ਪਹੁੰਚ ਸਕੇ। ਮਤਲਬ ਪੰਜਾਬ ਦੇ ਖੇਤਰਾਂ 'ਚ ਵੀ ਉਸੇ ਤਰ੍ਹਾਂ ਦਾ ਸੰਘਰਸ਼ ਚੱਲ ਰਿਹਾ ਸੀ, ਪਰ ਇਨ੍ਹਾਂ ਸੰਘਰਸ਼ਾਂ ਦਾ ਆਪਸ 'ਚ ਕੋਈ ਤਾਲਮੇਲ ਨਹੀਂ ਸੀ ਜਿਸ ਕਰਕੇ ਅਸੀਂ ਵੇਖਦੇ ਹਾਂ ਕਿ ਜਿਹੜਾ ਮੈਗਾਲੋ ਮੇਨੀਆ ਸਾਡੇ ਵਾਸੀਆਂ ਦੀ ਮਾਨਸਿਕਤਾ 'ਚ ਵੱਸਿਆ ਹੈ, ਉਸ ਦਾ ਜਿਹੜਾ ਕੋਈ ਸਾਰਥਕ ਰੂਪ ਹੈ, ਉਹ ਸਾਡੇ ਸਾਹਮਣੇ ਨਹੀਂ ਆ ਸਕਿਆ। –ਤੇਜਵੰਤ ਸਿੰਘ ਗਿੱਲ



"ਮੈਂ ਪਾਕਿਸਤਾਨ ਦੇ ਹਾਲਾਤ ਦਾ ਚਸ਼ਮਦੀਦ ਗਵਾਹ ਹਾਂ। ਮੈਨੂੰ ਉਹ ਘਟਨਾਵਾਂ ਭੁੱਲਦੀਆਂ ਨਹੀਂ ਹਨ ਜੋ ਮੈਂ ਵੇਖੀਆਂ ਹਨ। ਉਨ੍ਹਾਂ 'ਚੋਂ ਇਕ ਸੀ ਜਦੋਂ ਮੈਂ ਨੌਵੀਂ ਜਮਾਤ 'ਚ ਪਾਕਿਸਤਾਨ ਤੋਂ ਆ ਕੇ ਦਾਖ਼ਲ ਹੋਇਆ ਤਾਂ ਉਸ ਸਮੇਂ ਸਾਇਕਲ ਮੈਨੂੰ ਨਵਾਂ ਨਵਾਂ ਲੈ ਕੇ ਦਿੱਤਾ ਸੀ ਮੇਰੇ ਪਿਤਾ ਜੀ ਨੇ। ਰਸਤੇ 'ਚ ਮੈਂ ਜਾ ਰਿਹਾ ਸੀ, ਆਪਣੇ ਪਿੰਡ ਬੰਗਾ ਤੋਂ। ਚਰ੍ਹੀਏ ਦੇ ਖੇਤ ਸਨ ਤਾਂ ਮੈਂ ਵੇਖਿਆ ਕਿ ਅਚਾਨਕ ਇਕ ਆਦਮੀ ਇਹ ਬਹੁਤ ਵੱਡਾ ਡੰਡਾ ਲੈ ਕੇ ਇਕਦਮ ਅੱਗੇ ਆ ਗਿਆ, ਮੇਰੇ ਸਾਇਕਲ ਦੇ। ਉਸ ਦੀਆਂ ਅੱਖਾਂ 'ਚ ਬਹੁਤ ਡਰ ਸੀ, ਦਹਿਸ਼ਤ ਸੀ, ਦਰਦ ਸੀ। ਮੈਂ ਘਬਰਾ ਗਿਆ। ਮੈਂ ਸਾਇਕਲ ਤੋਂ ਹੇਠਾਂ ਉਤਰ ਗਿਆ। ਉਸਨੇ ਮੈਨੂੰ ਕਿਹਾ ਕਿ ਡਰ ਨਾ। ਮੇਰਾ ਨਾਂ ਲਾਲ ਸਿੰਘ ਹੈ ਅਤੇ ਮੈਨੂੰ ਕਿਹਾ—ਸਤਿ ਸ੍ਰੀ ਅਕਾਲ, ਜੋ ਬੋਲੇ ਸੋ ਨਿਹਾਲ। ਉਹ ਜੋ ਮਾਰਦੇ ਸਨ ਉਹ ਚਲੇ ਗਏ। ਤਾਂ ਇਹ ਗੱਲਾਂ ਉਹ ਕਹਿੰਦਾ ਰਿਹਾ। ਮੈਂ ਸੁਣਦਾ ਰਿਹਾ। ਕੰਬਦਾ ਵੀ ਰਿਹਾ। ਅਜੇ ਤਕ ਮੈਨੂੰ ਯਾਦ ਆ ਰਿਹਾ ਹੈ ਕਿ ਮੇਰੀਆਂ ਲੱਤਾਂ ਕੰਬ ਰਹੀਆਂ ਸਨ ਕਿ ਇਹ ਮੈਨੂੰ ਮਾਰ ਨਾ ਦੇਵੇ। ਏਨਾ ਡਰਿਆ ਹੋਇਆ ਆਦਮੀ ਹੈ। ਤਾਂ ਮੈਂ ਵਾਪਸ ਫਿਰ ਘਰ ਚਲਾ ਗਿਆ ਤਾਂ ਮੈਂ ਆਪਣੇ ਘਰ ਜਾ ਕੇ ਪੁੱਛਿਆ ਆਪਣੇ ਪਿਤਾ ਜੀ ਤੋਂ, ਕੌਣ ਹੈ ਇਹ ਲਾਲ ਸਿੰਘ ਜਿਸ ਨੇ ਮੈਨੂੰ ਘੇਰਿਆ ਸੀ। ਤਾਂ ਉਨ੍ਹਾਂ ਨੇ ਕਿਹਾ ਕਿ ਇਹ ਲਾਲ ਸਿੰਘ ਪਿੰਡ ਦਾ ਰਾਜਪੂਤ ਹੈ ਜਿਥੇ ਸਾਨੂੰ ਜ਼ਮੀਨ ਅਲਾਟ ਹੋਈ ਹੈ।




ਜਦੋਂ ਪਾਕਿਸਤਾਨ ਬਣਿਆ ਤਾਂ ਇਸ ਦੀਆਂ ਅੱਖਾਂ ਸਾਹਮਣੇ ਇਸ ਦੀ ਪਤਨੀ ਨੂੰ, ਇਸ ਦੀ ਬੱਚੀ ਨੂੰ ਅਤੇ ਇਕ ਬੱਚੇ ਨੂੰ ਉਨ੍ਹਾਂ ਨੇ ਕਤਲ ਕੀਤਾ ਅਤੇ ਇਨ੍ਹਾਂ ਨਾਲ ਬਲਾਤਕਾਰ ਕੀਤਾ। ਉਸ ਕਰਕੇ ਇਸ ਦਾ ਮਾਨਸਿਕ ਸੰਤੁਲਨ ਵਿਗੜ ਗਿਆ ਹੈ ਅਤੇ ਇਹ ਕਹਿੰਦਾ ਹੈ ਕਿ ਮੇਰਾ ਨਾਂ ਲਾਲ ਸਿੰਘ ਹੈ। ਇਹ ਵੇਖੋ ਮੈਂ ਪੱਗ ਬੰਨ੍ਹ ਲਈ ਹੈ। ਲਾਲ ਪੱਗ ਉਸਨੇ ਬੰਨ੍ਹੀ ਹੋਈ ਸੀ ਤਾਂ ਉਹ ਘਟਨਾ ਮੇਰਾ ਹਮੇਸ਼ਾ ਪਿੱਛਾ ਕਰਦੀ ਰਹਿੰਦੀ ਹੈ। ਮੈਂ ਸੋਚਦਾ ਰਹਿੰਦਾ ਹਾਂ ਕਿ ਇਸ ਡਰ ਦਾ ਅੰਤ ਕਿਸ ਤਰ੍ਹਾਂ ਹੋਵੇ।" —ਨਿਰਮਲ ਸਿੰਘ ਢਿੱਲੋਂ

ਪ੍ਰੋ. ਹਰੀਸ਼ ਪੁਰੀ ਆਪਣੇ ਲੇਖ 'ਕੀ ਕਰਨਾ ਲੋੜੀਏ' ਨੂੰ 1947, 1984 ਤੇ ਡਾ. ਅੰਬੇਦਕਰ ਦੇ ਹਵਾਲੇ ਨਾਲ ਸ਼ੁਰੂ ਕਰਦੇ ਹਨ। ਡਾ. ਅੰਬੇਦਕਰ ਨੇ 26 ਜਨਵਰੀ 1950 ਨੂੰ ਸੰਸਦ ਵਿਚ ਭਾਸ਼ਣ ਦਿੱਤਾ, "ਸੋਸ਼ਲ ਡੈਮੋਕਰੇਸੀ ਜਦੋਂ ਤਕ ਨਹੀਂ ਹੁੰਦੀ, ਉਦੋਂ ਤਕ ਪੋਲੀਟੀਕਲ ਡੈਮੋਕਰੇਸੀ ਕਾਮਯਾਬ ਨਹੀਂ ਹੋ ਸਕਦੀ।" ਸੋਸ਼ਲ ਡੈਮੋਕਰੇਸੀ ਤੋਂ ਭਾਵ, ਜਿਸ ਵਿਚ ਪ੍ਰੀਐਂਬਲ (ਸੰਵਿਧਾਨ ਦੀ ਪ੍ਰਸਤਾਵਨਾ) ਦੇ ਸ਼ੁਰੂ 'ਚ ਹੀ ਅਲਫ਼ਾਜ਼ ਹਨ ਕਿ ਅਸੀਂ ਭਾਰਤ ਦੇ ਲੋਕ...। ਸਾਡੇ ਸੰਵਿਧਾਨ ਦਾ ਉਦੇਸ਼ ਹੈ ਕਿ ਇਹੋ ਜਿਹਾ ਵਤਨ ਹੋਵੇ ਜਿਸ ਵਿਚ ਸਭਨਾਂ ਲੋਕਾਂ ਦੀ ਆਜ਼ਾਦੀ,

ਸਭਨਾਂ ਦੀ ਸਮਾਨਤਾ ਹੋਵੇ। ਇਸ ਨਾਲੋਂ ਵੀ ਕਿਤੇ ਜ਼ਿਆਦਾ ਅੰਬੇਦਕਰ ਨੇ ਜਿਸ ਗੱਲ 'ਤੇ ਵੀ ਕਾਫ਼ੀ ਜ਼ੋਰ ਦਿੱਤਾ, ਉਹ ਹੈ ਭਾਈਚਾਰਾ।

ਭਾਈਚਾਰਕ ਸਾਂਝ ਨਾਲ ਹੀ ਇਕ ਰਾਸ਼ਟਰ ਦਾ ਤਸੱਵਰ ਕੀਤਾ ਜਾ ਸਕਦਾ ਹੈ। ਮੁਲਕ ਵਿਚ ਕਈ ਤਰ੍ਹਾਂ ਦੇ ਭੇਦ-ਭਾਵ ਹਨ—ਜਾਤ, ਜਮਾਤ, ਰੰਗ, ਨਸਲ ਤੇ ਧਰਮ ਨੂੰ ਲੈ ਕੇ। ਇਨ੍ਹਾਂ ਭੇਦ-ਭਾਵਾਂ ਨੂੰ ਘਟਾਉਣ 'ਤੇ ਹੀ ਇਕ ਰਾਸ਼ਟਰ ਦੀ ਕਾਮਨਾ ਹੋ ਸਕਦੀ ਹੈ। ਇਕ ਪਾਸੇ ਤਾਂ ਹਿੰਦੋਸਤਾਨ ਵਿਸ਼ਵ ਗੁਰੂ ਬਣਨ ਦੀ ਗੱਲ ਕਰਦਾ ਹੈ, ਦੂਜੇ ਪਾਸੇ ਹਰ ਵੇਲੇ ਇਕ-ਦੂਜੇ 'ਤੇ ਹਾਵੀ ਹੋ ਜਾਣ ਦਾ ਡਰ ਸਤਾ ਰਿਹਾ ਹੈ। ਇਹ ਡਰ ਦਾ ਅਹਿਸਾਸ ਹੈ ਅਤੇ ਸਵਾਲ ਨਾ ਕਰਨਾ, ਸੋਚਹੀਣਤਾ ਇਸ ਪੈਰਾਸਟੇਟ ਦੀ ਵਿਸ਼ੇਸ਼ਤਾ ਹੈ, "ਜਿਸ ਵਿਚ ਦੂਜਿਆਂ ਬਾਰੇ ਸੋਚ ਹੈ ਕਿ ਦੂਜੇ ਮਾੜੇ ਹਨ, ਉਨ੍ਹਾਂ ਕੋਲੋਂ ਸਾਨੂੰ ਖ਼ਤਰਾ ਹੈ, ਇਸ ਲਈ ਇਸ ਤੋਂ ਪਹਿਲਾਂ ਕਿ ਉਹ ਕੁਝ ਕਰਨ, ਅਸੀਂ ਇਨ੍ਹਾਂ ਨੂੰ ਸਾਂਭ ਲਈਏ।"

"ਮੈਨੂੰ ਜਿਹੜਾ ਫ਼ਿਕਰ ਹੈ ਉਹ ਸਿਰਫ਼ ਉਨ੍ਹਾਂ ਕੋਲੋਂ ਨਹੀਂ ਜਿਹੜੇ ਆਈਡੋਲੋਜੀਕਲੀ ਕੁਮਿਟਡ ਨੇ, ਮੈਨੂੰ ਫ਼ਿਕਰ ਇਹ ਹੈ ਕਿ ਜਿਨ੍ਹਾਂ ਨੂੰ ਅਸੀਂ ਆਮ ਲੋਕ ਕਹਿੰਦੇ ਹਾਂ, ਉਨ੍ਹਾਂ ਦੀ ਸੋਚ 'ਚ ਕੀ ਹੋਵੇਗਾ ? ਇਕ ਫ਼ਿਲਾਸਫ਼ਰ ਅਤੇ ਇਤਿਹਾਸਕਾਰ ਐੱਨ.ਆਰ.ਐਟ, ਜਿਸ ਨੇ ਐਡਾਲਫ਼ ਵਾਈਮੈਨ ਦੀ, ਜਦੋਂ ਟਰਾਇਲ ਚੱਲ ਰਿਹਾ ਸੀ, ਉਸਨੇ ਟਰਾਇਲ ਦੀ ਨਿਰੰਤਰ ਰਿਪੋਰਟਿੰਗ ਕਰਨੀ ਸੀ। ਉਸਨੇ ਰਿਪੋਰਟਿੰਗ ਕੀਤੀ 'ਦ ਨਿਊਯਾਰਕ' ਲਈ ਪਰ ਉਸ ਰਿਪੋਰਟਿੰਗ ਦੌਰਾਨ ਉਸ ਨੂੰ ਕਈ ਗੱਲਾਂ ਖਟਕੀਆਂ। ਉਹ ਗੱਲਾਂ ਇਹ ਖਟਕੀਆਂ ਕਿ ਜਿਹੜਾ ਉਹ ਬੰਦਾ ਹੈ ਜਿਸ ਨੇ ਲੱਖਾਂ ਦੀ ਗਿਣਤੀ 'ਚ ਕੁੜੀਆਂ ਨੂੰ ਉਨ੍ਹਾਂ ਚੈਂਬਰਾਂ ਵਿਚ ਭੇਜਿਆ ਸੀ ਕਤਲ ਹੋਣ ਲਈ, ਉਸ ਨੂੰ ਲਾਜ਼ਮੀ ਤੌਰ 'ਤੇ ਫਾਂਸੀ ਤੋਂ ਘੱਟ ਕੋਈ ਸਜ਼ਾ ਨਹੀਂ ਮਿਲਣੀ ਚਾਹੀਦੀ। ਪਰ ਜਿਵੇਂ ਉਹ ਗੱਲ ਕਰਦਾ ਹੈ, ਉਸ ਤੋਂ ਇਹ ਲੱਗਦਾ ਹੈ ਕਿ ਇਹ ਆਦਮੀ ਇਸ ਦਾ ਦਿਮਾਗ਼ ਕੋਈ ਸ਼ੈਤਾਨ ਵਰਗਾ ਨਹੀਂ ਹੈ ਅਤੇ ਨਾ ਹੀ ਇਹ ਬੇਵਕੂਫ਼ ਹੈ। ਇਹ ਮੂਰਖ ਵੀ ਨਹੀਂ। ਇਹ ਤਾਂ ਆਮ ਆਦਮੀਆਂ ਵਰਗਾ ਆਦਮੀ ਹੈ, ਸਾਧਾਰਨ। ਆਮ ਆਦਮੀ ਵਰਗੀਆਂ ਇਸ ਦੀਆਂ ਇੱਛਾਵਾਂ ਹਨ। ਇੱਛਾਵਾਂ ਇਹ ਹਨ ਕਿ ਜਿਹੜੀ ਮੈਨੂੰ ਡਿਊਟੀ ਸਾਂਭੀ ਹੈ, ਉਹ ਬੜਾ ਵਧੀਆ ਤਰੀਕੇ ਨਾਲ ਕਰਾਂ, ਫਿਰ ਮੇਰੀ ਤਰੱਕੀ ਹੋ ਜਾਵੇ। ਇਸ ਦੀ ਵੀ ਇੱਛਾ ਹੈ ਜੋ ਕਿ ਆਮ ਆਦਮੀਆਂ 'ਚ ਹੁੰਦੀ ਹੈ। ਉਹ ਜਿਹੜਾ ਆਪ ਆਦਮੀ ਹੈ, ਜੋ ਆਮ ਆਦਮੀਆਂ ਵਰਗਾ ਲੱਗਦਾ ਹੈ, ਨਾ ਇਹ ਬੇਵਕੂਫ਼ ਹੈ ਨਾ ਇਹ ਸ਼ੈਤਾਨ ਹੈ, ਫਿਰ ਵੀ ਇਹ ਏਨੇ ਯਹੂਦੀਆਂ ਦੇ ਕਤਲ 'ਚ ਸ਼ਾਮਲ ਹੈ ਅਤੇ ਉਸ ਨੂੰ ਇਹ ਅਹਿਸਾਸ ਵੀ ਨਹੀਂ ਕਿ ਮੈਂ ਕੀ ਕਰਦਾ ਪਿਆਂ। ਉਸਨੇ ਕਿਹਾ 'ਦਿਸ ਦ ਸਿਕਨੈਸ ਇਜ਼ ਇਨ ਥੌਟਲੈੱਸਨੈਸ' ਕਿ ਉਸਨੇ ਕਦੀ ਰੁਕ ਕੇ ਇਹ ਨਹੀਂ ਸੋਚਿਆ ਕਿ ਮੈਂ ਕਰਦਾ ਕੀ ਸੀ ? ਇਸ ਦਾ ਕੀ ਅਸਰ ਪਵੇਗਾ ? ਉਸਨੇ ਇਸ ਨੂੰ ਬਿਆਨ ਕਰਨ ਵਾਸਤੇ ਇਕ ਕੰਸੈਪਟ ਦਿੱਤਾ—ਰਿਐਲਟੀ ਆਫ਼ ਪੀਪਲ। ਸਭ ਤੋਂ ਵੱਡਾ ਖ਼ਤਰਾ ਉਸ ਵੇਲੇ ਹੁੰਦਾ ਹੈ ਜਦੋਂ ਈਵਲ, ਬਦੀ ਦਾ ਸਾਧਾਰਨੀਕਰਨ ਹੋ ਜਾਵੇ।




-ਪ੍ਰੋ. ਹਰੀਸ਼ ਪੁਰੀ, ਸਾਬਕਾ ਪ੍ਰੋਫ਼ੈਸਰ, ਰਾਜਨੀਤੀ ਵਿਗਿਆਨ

ਕਿਤਾਬ ਦਾ ਦੂਸਰਾ ਭਾਗ 'ਪੰਜਾਬ ਦੀ ਆਰਥਿਕਤਾ' 'ਤੇ ਕੇਂਦ੍ਰਿਤ ਹੈ ਜਿਸ ਵਿਚ ਅਹਿਮ ਲੇਖਕ 'ਸੰਕਟ ਦੇ ਹੱਲ ਦੀ ਤਲਾਸ਼' ਸੁੱਚਾ ਸਿੰਘ ਗਿੱਲ ਅਤੇ 'ਪੰਜਾਬ ਦਾ ਉਦਯੋਗਿਕ ਖੇਤਰ ਤੇ ਸੇਵਾਵਾਂ' ਡਾ. ਰਣਜੀਤ ਸਿੰਘ ਘੁੰਮਣ ਦੇ ਹਨ। ਇਨ੍ਹਾਂ ਲੇਖਾਂ ਵਿਚ ਪੰਜਾਬ ਸੰਕਟ ਦੇ ਸਮੇਂ ਤੋਂ ਲੈ ਕੇ ਹੁਣ ਤਕ ਲੀਹਾਂ ਤੋਂ ਲੱਥੀ ਪੰਜਾਬ ਦੀ ਆਰਥਿਕਤਾ ਬਾਰੇ ਵਿਸਥਾਰਪੂਰਵਕ ਵਿਚਾਰ ਪੇਸ਼ ਕੀਤੇ ਗਏ ਹਨ। ਉਦਯੋਗਿਕ, ਸਿੱਖਿਆ ਤੇ ਸਿਹਤ ਖੇਤਰ ਵਿਚ ਸਰਕਾਰਾਂ ਦੀ ਭਾਈਵਾਲੀ ਵਾਲੀਆਂ ਸੰਸਥਾਵਾਂ ਦੀ ਭਾਗੀਦਾਰੀ ਵਧੇਰੇ ਹੋਣ ਨਾਲ ਆਰਥਿਕ ਸੰਕਟਾਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਇਸ ਆਰਥਿਕ ਸੰਕਟ ਸਮੇਂ ਨੌਜਵਾਨ ਪੀੜ੍ਹੀ ਭਵਿੱਖਹੀਣ ਤੇ ਦਿਸ਼ਾਹੀਣ ਹੋ ਕੇ ਨਿਰਾਸ਼ਾ ਵੱਸ, ਪਰਵਾਸ ਵੱਲ ਰੁਖ਼ ਕਰ ਰਹੀ ਹੈ। ਤਰਸੇਮ ਬਾਹੀਆ ਨੇ ਆਪਣੇ ਲੇਖ 'ਪੰਜਾਬ ਅਤੇ ਸਿੱਖਿਆ ਖੇਤਰ' ਵਿਚ ਸਿੱਖਿਆ ਦੇ ਦਿਨੋ-ਦਿਨ ਡਿੱਗ ਰਹੇ ਮਿਆਰ ਨੂੰ ਸੁਧਾਰਨ ਲਈ ਅਹਿਮ ਨੁਕਤਿਆਂ ਬਾਰੇ ਵਿਚਾਰ ਪੇਸ਼ ਕੀਤੇ।

ਅੱਜ ਪੰਜਾਬੀ ਦਾ ਇਕ ਦੁਖਾਂਤ ਇਹ ਵੀ ਹੈ ਕਿ ਅਸੀਂ ਆਪਣੀ ਸਮਰੱਥਾ ਤੋਂ ਵੱਡਾ ਸੁਪਨੇ ਵੇਖਣ ਦੇ ਆਦੀ ਹੋ ਗਏ ਹਾਂ। ਇਸੇ ਕਰਕੇ ਪੰਜਾਬ ਬਹੁਤ ਵੱਡੇ ਸੰਕਟ ਵਿਚ ਵੀ ਘਿਰਿਆ ਹੈ ਅਤੇ ਅਸੀਂ ਜਿਹੜੀਆਂ ਹਕੀਕਤਾਂ, ਜ਼ਮੀਨੀ ਹਕੀਕਤਾਂ ਹਨ, ਅਸੀਂ ਠੋਸ ਧਰਾਤਲ 'ਤੇ ਖੜ੍ਹ ਕੇ ਸੋਚਣ ਨੂੰ ਤਿਆਰ ਨਹੀਂ। ਅੱਜ ਸਾਨੂੰ ਲੱਗਦਾ ਹੈ ਕਿ ਪੰਜਾਬੀਆਂ ਦੀ ਸ਼ਾਨ ਵੱਖਰੀ ਹੈ। ਪੰਜਾਬ ਜਿਹੜਾ ਕਦੇ ਸੰਗੀਤ ਦੀ ਧਰਤੀ ਸੀ। ਪੰਜਾਬ ਕਦੇ ਬਾਹੂਬਲੀਆਂ ਦੀ, ਜਰਵਾਣਿਆਂ ਦੀ ਧਰਤੀ ਸੀ। ਅੱਜ ਪੰਜਾਬ ਖੇਡਾਂ 'ਚ ਕਿੱਥੇ ਹੈ ਅਤੇ ਹਰਿਆਣਾ ਕਿੱਥੇ ਹੈ ? ਤੇ ਪੰਜਾਬ ਦਾ ਸੰਗੀਤ ਜਿੰਨਾ ਪਿਛਲੇ ਵਰ੍ਹਿਆਂ 'ਚ ਪ੍ਰਦੂਸ਼ਿਤ ਹੋਇਆ, ਹਿੰਦੋਸਤਾਨ ਦਾ ਸੰਗੀਤ ਪੰਜਾਬ ਦੇ ਸੰਗੀਤ ਘਰਾਣਿਆਂ ਦੇ ਨਾਂ 'ਤੇ ਜਾਣਿਆ ਜਾਂਦਾ ਸੀ। ਅਸੀਂ ਉਸ 'ਚ ਕਿੰਨਾ ਪ੍ਰਦੂਸ਼ਣ ਪੈਦਾ ਕੀਤਾ ਹੈ। ਸੋ ਮੈਂ ਦੋ-ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਸਮਾਂ ਹੈ, ਇਸ 'ਚ ਬਹੁਤ ਕੁਝ ਤਿਲਕਵਾਂ, ਆਪਾ ਵਿਰੋਧੀ, ਏਨਾ ਭਰਮਾਊ ਹੈ ਕਿ ਸੱਚੀ ਗੱਲ ਹੈ ਕਿ ਸਾਨੂੰ ਪੰਜਾਬੀਆਂ ਨੂੰ ਸਮਝ ਨਹੀਂ ਲੱਗਦੀ ਕਿ ਅਸੀਂ ਜੜ੍ਹ ਨੂੰ ਹੱਥ ਪਾਈਏ ਤਾਂ ਕਿਧਰੋਂ ਪਾਈਏ। ਮਸਲਨ, ਇਕ ਪਾਸੇ ਬਹੁਤ ਵੱਡੇ ਪੱਧਰ 'ਤੇ ਸਰਕਾਰੀ ਤੰਤਰ, ਸਰਕਾਰੀ ਮੀਡੀਆ, ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਇਹ ਦੌਰ ਵਿਕਾਸ ਦਾ ਹੈ। 'ਸਭ ਕਾ ਸਾਥ ਸਭ ਕਾ ਵਿਕਾਸ' ਇਹ ਵੀ ਗੱਲਾਂ ਹੋ ਰਹੀਆਂ ਹਨ ਅਤੇ ਕਾਰਪੋਰੇਟ ਸੰਸਾਰ ਇਹ ਕਹਿ ਰਿਹਾ ਹੈ ਕਿ ਦੁਨੀਆ ਨੂੰ ਬਹੁਤ ਵੱਡੀਆਂ ਵੱਡੀਆਂ ਖ਼ੈਰਾਤਾਂ ਦੇ ਰਹੇ ਹਾਂ ਅਤੇ ਦੁਨੀਆ ਦਾ ਅਸੀਂ ਵਿਕਾਸ ਕਰ ਰਹੇ ਹਾਂ।" -ਡਾ. ਸੁਖਦੇਵ ਸਿੰਘ ਸਿਰਸਾ



"ਮੈਂ ਸਮਝਦਾ ਹਾਂ ਕਿ ਅੱਜ ਅਸੀਂ ਡੈਮੋਕਰੇਸੀ ਦੇ ਯੁੱਗ 'ਚ ਰਹਿ ਰਹੇ ਹਾਂ। ਸੋ ਇਸ ਕਰਕੇ ਥਿੰਕ ਗਲੋਬਲੀ ਐਕਟ ਲੋਕਲੀ। ਗਲੋਬਲ ਸਥਿਤੀ ਬਾਰੇ ਸਮਝੀਏ ਸੋਚੀਏ ਉਸ ਬਾਰੇ, ਪਰ ਲੋਕਲੀ ਐਕਟ ਕਰਨਾ ਪੈਣਾ ਹੈ। ਲੋਕਲ ਐਕਟ ਕਰਨ ਵਾਸਤੇ ਲੋਕਾਂ ਦਾ ਰੋਲ ਬਹੁਤ ਮਹੱਤਵਪੂਰਨ ਹੈ। ਅਮਰਤਿਆ ਸੈਨ ਦਾ ਬੜਾ ਮਸ਼ਹੂਰ ਕਥਨ ਹੈ ਕਿ "ਜਿਥੇ ਲੋਕ ਅਵੇਸਲੇ ਹੋ ਜਾਂਦੇ ਹਨ, ਸਰਕਾਰਾਂ ਕੁੰਭਕਰਨੀ ਨੀਂਦ ਸੌਂ ਜਾਂਦੀਆਂ ਹਨ। ਜਿਥੇ ਲੋਕ ਜਾਗਰੂਕ ਹਨ ਸਰਕਾਰਾਂ ਰਿਸਪਾਂਸਿਵ ਹੋ ਜਾਂਦੀਆਂ ਹਨ। ਸੋ ਇਸ ਕਰਕੇ ਥੋੜ੍ਹਾ ਜਿਹਾ ਲੋਕਾਂ ਨੂੰ ਵੀ ਹਲੂਣਾ ਮਾਰ ਕੇ ਜਗਾਉਣ ਦੀ ਲੋੜ ਹੈ। ਮੰਗ ਤਾਂ ਕਰੀਏ ਸਾਡੀ ਇਹ ਗੱਲ ਹੈ ਅਤੇ ਸਰਕਾਰਾਂ ਜਿਹੜੀਆਂ ਹਨ, ਰਿਸਪਾਂਸਿਵ ਹੋ ਜਾਂਦੀਆਂ ਸਨ।"




-ਪ੍ਰੋ. ਸੁੱਚਾ ਸਿੰਘ ਗਿੱਲ

'ਪੰਜਾਬ : ਦ੍ਰਿਸ਼ ਤੇ ਦ੍ਰਿਸ਼ਟੀ' ਕਿਤਾਬ ਦੇ ਅਗਲੇ ਭਾਗ 'ਪੰਜਾਬ ਪਰਵਾਸ ਤੇ ਪਛਾਣ', 'ਔਰਤ : ਪਛਾਣ ਤੇ ਸ਼ਕਤੀ', 'ਸਿੱਖਿਆ, ਰੁਜ਼ਗਾਰ ਹਿਜਰਤ ਤੇ ਬਦਲ ਦੀ ਰਾਜਨੀਤੀ' ਹਨ। ਪਰਵਾਸ ਨਾਲ ਸੰਬੰਧਤ ਲੇਖਾਂ ਵਿਚ ਪਰਦੇਸਾਂ ਵਿਚ ਪੰਜਾਬੀਆਂ ਦੇ ਮਸਲਿਆਂ ਬਾਰੇ ਵਿਸਥਾਰਪੂਰਵਕ ਚਰਚਾ ਹੈ, ਖ਼ਾਸ ਤੌਰ 'ਤੇ ਕੈਨੇਡਾ ਦੇ ਸਕੂਲ ਦੇ ਚੌਗਿਰਦੇ ਵਿਚ ਪੰਜਾਬੀ ਬੋਲੀ ਦਾ ਮੁਹਾਂਦਰਾ ਕਿਸ ਤਰ੍ਹਾਂ ਦਾ ਬਣ ਰਿਹਾ ਹੈ ਅਤੇ ਨਾਲ ਹੀ ਉਥੋਂ ਦੇ ਬਹੁ-ਸਭਿਆਚਾਰ ਦਾ ਅਸਰ ਪੰਜਾਬੀ ਸਭਿਆਚਾਰ, ਬੋਲੀ ਤੇ ਸਾਹਿਤ ਕਿਵੇਂ ਦਾ ਕਬੂਲ ਕਰ ਰਹੇ ਹਨ। ਸਾਧੂ ਸਿੰਘ (ਕੈਨੇਡਾ) ਦਾ ਲੇਖ 'ਕੈਨੇਡਾ ਅਤੇ ਭਾਰਤ : ਅੰਤਰ ਅਤੇ ਪਛਾਣ' ਵਿਚ ਜ਼ਿਕਰ ਹੈ ਕਿ ਅਗਾਂਹਵਧੂ ਲੋਕ ਤੇ ਵਿਦਵਾਨ ਵੀ ਫ਼ਿਰਕਾਪ੍ਰਸਤੀ ਦੇ ਸ਼ਿਕਾਰ ਹੋ ਜਾਂਦੇ ਹਨ। ਮਤਲਬ ਜਾਤਾਂ-ਪਾਤਾਂ ਨਾ ਮਨ 'ਚੋਂ ਨਿਕਲੀਆਂ, ਨਾ ਧਾਰਮਿਕ ਸੰਕੀਰਨਤਾ ਮਨ 'ਚੋਂ ਨਿਕਲੀ ਹੈ। ਇਹ ਭਾਵੇਂ ਹਿੰਦੋਸਤਾਨੀ ਪੰਜਾਬ ਦੇ ਲੋਕ ਹੋਣ ਜਾਂ ਫਿਰ ਕੈਨੇਡਾ ਵਿਚ ਰਹਿੰਦੇ ਪੰਜਾਬੀ।

"ਹੁਣ ਹਿੰਦੋਸਤਾਨ 'ਚ ਹਾਲਾਤ ਇਸ ਤਰ੍ਹਾਂ ਦੀ ਹੋ ਗਈ ਹੈ ਰਿਜ਼ਰਵੇਸ਼ਨ ਕਰਕੇ ਜਾਂ ਹੋਰ ਕਿਸੇ ਗੱਲ ਕਰਕੇ, ਮੈਂ ਸੁਪਨਾ ਲੈਣਾ ਚਾਹੁੰਦਾ ਹਾਂ ਉਸ ਦਿਨ ਦਾ ਜਿਸ ਦਿਨ ਕੋਈ ਬੱਚਾ ਸਕੂਲ 'ਚ ਦਾਖ਼ਲਾ ਫਾਰਮ ਆਪਣਾ ਭਰਨਾ ਹੋਵੇ, ਨੌਕਰੀ ਲੈਣ ਲਈ ਕੋਈ ਫ਼ਾਰਮ ਭਰਨਾ ਹੋਵੇ, ਉਸ ਨੂੰ ਆਪਣੀ ਜਾਤ ਦਾ ਨਾ ਜ਼ਿਕਰ ਕਰਨਾ ਪਵੇ। ਅਸਲੀ ਗੱਲ ਇਹ ਸੱਚੀ ਗੱਲ ਹੈ। ਅਸੀਂ ਤੁਹਾਡੇ 'ਚੋਂ ਹੀ ਗਏ ਹੋਏ ਹਾਂ। ਜਿਵੇਂ ਬੰਦਾ ਤਹਾਨੂੰ ਕਹਿ ਰਹੇ ਹਨ ਕਿ ਜੋ ਇਥੋਂ ਗਏ ਸੀ ਸਾਰਿਆਂ ਨਾਲੋਂ ਵੱਧ ਔਖੀ ਗੱਲ, ਪਹਿਲੀ ਗੱਲ ਆਪਣਾ ਵਿਚਾਰ ਬਦਲਣਾ, ਵਿਚਾਰ ਵੀ ਸਾਡੇ ਸਿਰ 'ਚ ਹੁੰਦੇ

ਹਨ। ਵਿਚਾਰ ਨਾਲੋਂ ਵੀ ਵੱਧ ਔਖੀ ਗੱਲ ਹੈ ਆਪਣਾ ਵਿਵਹਾਰ ਬਦਲਣਾ, ਵਿਚਾਰ ਨਾਲੋਂ ਵੀ ਔਖੀ ਗੱਲ ਹੁੰਦੀ ਹੈ ਆਪਣੇ ਸੰਸਕਾਰ ਬਦਲਣਾ, ਜਿਹੜੇ ਤੁਹਾਡੇ ਜੀਵਨ 'ਚ, ਜਿਹੜੇ ਤੁਹਾਡੇ ਕੁਲੈਕਟਿਵ ਕੌਸ਼ੀਅਸਨੈੱਸ 'ਚ ਧਸੇ ਹੁੰਦੇ



ਹਨ, ਉਹ ਸੰਸਾਰ ਬੰਦੇ ਨਹੀਂ ਬਦਲਦੇ। ਮੈਨੂੰ ਕਹਿਣ 'ਚ ਕੋਈ ਉਜ਼ਰ ਨਹੀਂ ਹੈ ਕਿ ਅਸੀਂ ਲੋਕ ਜਿਹੜੇ ਲੇਖਕ ਲੋਕ ਆਪਣੇ ਆਪ ਨੂੰ ਚੇਤੰਨ ਸਮਝਦੇ ਹਾਂ, ਸਾਡੇ ਵਿਚੋਂ ਵੀ ਖ਼ਾਲਿਸਤਾਨੀ ਲਹਿਰਾਂ ਦੇ ਦਿਨਾਂ 'ਚ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਅਗਾਂਹਵਧੂ ਬੰਦੇ ਦੀ ਫ਼ਿਰਕਾਪ੍ਰਸਤੀ ਦੇ ਸ਼ਿਕਾਰ ਹੋ ਗਏ। ਮਤਲਬ ਜਾਤਾਂ-ਪਾਤਾਂ ਨਾ ਮਨ 'ਚੋਂ ਨਿਕਲੀਆਂ, ਨਾ ਧਾਰਮਿਕ ਸੰਕੀਰਤਨਾ ਮਨ 'ਚੋਂ ਨਿਕਲੀ ਹੈ।" -ਡਾ. ਸਾਧੂ ਸਿੰਘ ਕੈਨੇਡਾ

'ਔਰਤ : ਪਛਾਣ ਤੇ ਸ਼ਕਤੀ' ਭਾਗ ਵਿਚ ਮਨਰੇਗਾ ਸਕੀਮ ਵਿਚ ਔਰਤਾਂ ਦੀ ਹਿੱਸੇਦਾਰੀ, ਖੁਰਾਕ, ਸੁਰੱਖਿਆ ਐਕਟ, ਸਬਰੀਮਾਲਾ ਮੰਦਰ ਵਿਚ ਔਰਤਾਂ ਨੂੰ ਜਾਣ ਦੀ ਇਜਾਜ਼ਤ, ਸੰਵਿਧਾਨ ਦਾ ਆਰਟੀਕਲ 17 ਜੋ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਦਿੰਦਾ ਹੈ, ਨੂੰ ਸਖ਼ਤੀ ਨਾਲ ਲਾਗੂ ਕਰਨ ਬਾਰੇ ਵਿਚਾਰ ਕੀਤਾ ਗਿਆ। ਇੰਦਰਾ ਜੈ ਸਿੰਘ ਦਾ ਲੇਖ 'ਔਰਤ ਅਤੇ ਭਾਰਤੀ ਕਾਨੂੰਨ' ਅਤੇ ਦੀਪਿਕਾ ਸਿੰਘ ਰਜਾਵਤ ਦਾ 'ਸੱਭਿਆ ਸਮਾਜ ਸਿਰਜਣ ਦੀ ਲੋੜ' ਵਿਚ ਔਰਤ ਦੀ ਹੋਂਦ ਤੇ ਹੋਣੀ ਬਾਰੇ ਗੰਭੀਰ ਨੁਕਤਿਆਂ ਨੂੰ ਉਭਾਰਿਆ। ਦੀਪਿਕਾ ਸਿੰਘ ਰਜਾਵਤ ਨੇ ਫਰਵਰੀ 2018 'ਚ ਆਸਿਫ਼ਾ ਦਾ ਕੇਸ ਲੜਿਆ। ਉਸਨੇ ਵਕੀਲ ਤੇ ਸਮਾਜਿਕ ਕਾਰਕੁਨ ਹੋਣ ਨਾਤੇ ਆਈਆਂ ਮੁਸ਼ਕਲਾਂ ਦਾ ਬੇਬਾਕੀ ਨਾਲ ਜ਼ਿਕਰ ਕੀਤਾ। ਇਸ ਕਿਤਾਬ ਵਿਚ ਕਨੂਪ੍ਰਿਆ ਦਾ ਲੇਖ 'ਪਿੱਤਰ ਸੱਤਾ ਖ਼ਿਲਾਫ਼ ਲੜਾਈ' ਦੱਸਦਾ ਹੈ ਕਿ ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਇਕ ਲਕੀਰ ਖਿੱਚੀ ਗਈ ਹੈ। ਜਿਸ 'ਚ ਔਰਤਾਂ ਇਕ ਪਾਸੇ ਅਤੇ ਦੂਜੇ ਪਾਸੇ ਮਰਦ ਹਨ। ਨੌਜਵਾਨ ਪੀੜ੍ਹੀ ਨੂੰ ਇਹ ਬਣੀਆਂ ਬਣਾਈਆਂ ਕਦਰਾਂ-ਕੀਮਤਾਂ ਨੂੰ ਤੋੜਨਾ ਪਵੇਗਾ ਤਾਂ ਹੀ ਔਰਤਾਂ ਨੂੰ ਸਮਾਜ ਵਿਚ ਬਰਾਬਰੀ ਦੀ ਹਿੱਸੇਦਾਰੀ ਮਿਲ ਸਕਦੀ ਹੈ।

"ਸਾਡੇ ਸੰਵਿਧਾਨ 'ਚ ਇਕ ਆਰਟੀਕਲ ਹੈ, ਆਰਟੀਕਲ ਸਤਾਰਾਂ। ਮੈਨੂੰ ਪਤਾ ਨਹੀਂ ਤੁਹਾਡੇ 'ਚੋਂ ਕਿੰਨੇ ਲੋਕਾਂ ਨੇ ਇਹ ਆਰਟੀਕਲ ਪੜ੍ਹਿਆ ਹੈ। ਪਰ ਬਹੁਤ ਹੀ ਛੋਟਾ ਜਿਹਾ ਆਰਟੀਕਲ ਹੈ ਅਤੇ ਉਸ 'ਚ ਲਿਖਿਆ ਗਿਆ ਹੈ ਕਿ ਅਛੂਤਤਾ ਨੂੰ ਖ਼ਤਮ ਕਰ ਦਿੱਤਾ ਗਿਆ ਹੈ, ਹੋਰ ਕੁਝ ਨਹੀਂ। ਸਿਰਫ਼ ਏਨਾ ਹੀ। ਤਾਂ ਮੈਂ ਅਦਾਲਤ 'ਚ ਕਿਹਾ ਕਿ ਇਹ ਕੀ ਤੁਸੀਂ ਸਾਨੂੰ ਦੱਸ ਰਹੇ ਹੋ ? ਇਹ ਤਾਂ ਕਹਿ ਰਹੇ ਹੋ ਕਿ ਅਸੀਂ ਅਛੂਤ ਨਹੀਂ ਹਾਂ ਕਿਉਂਕਿ ਮਾਂਹਵਾਰੀ ਦੇ ਦਿਨਾਂ ਦੌਰਾਨ ਔਰਤਾਂ ਕਿਤੇ ਜਾਣਗੀਆਂ ਤਾਂ ਪੂਰਾ ਮੰਦਰ ਦੂਸ਼ਿਤ ਹੋ ਜਾਵੇਗਾ। ਇਹ ਗੱਲ ਕਿਸੇ ਨੇ ਨਹੀਂ ਕਹੀ ਅਤੇ ਮੈਂ ਕਿਹਾ ਕਿ ਮੈਂ ਬੋਲਾਂਗੀ। ਤੁਸੀਂ ਮੰਨੋ ਜਾਂ ਨਾ ਮੰਨੋ, ਪਰ ਇਹ ਸੱਚ ਹੈ।" -ਇੰਦਰਾ ਜੈ ਸਿੰਘ






"ਜੈਂਡਰ ਬਾਰੇ ਜਿਸ ਬਾਰੇ ਬਾਇਲੋਜੀਕਲੀ ਜਿਵੇਂ ਕਿਹਾ ਜਾਂਦਾ ਹੈ ਨਾ ਕਿ ਜੈਂਡਰ ਡੈਟਰਮਾਈਨ ਕੀਤੇ ਗਏ ਹਨ, ਇਹ ਕਦੇ ਵੀ ਬਾਇਓਲੋਜੀਕਲ ਨਹੀਂ ਕੀਤੇ ਗਏ। ਇਹ ਸਮਾਜਕ ਅਤੇ ਸਭਿਆਚਾਰਕ ਤੌਰ 'ਤੇ ਇਕ ਲਕੀਰ ਖਿੱਚੀ ਗਈ ਹੈ। ਜਿਸ 'ਚ ਔਰਤਾਂ ਇਕ ਪਾਸੇ ਅਤੇ ਇਕ ਪਾਸੇ ਮਰਦ ਹਨ।" -ਕਨੂਪ੍ਰਿਆ

ਕਿਤਾਬ ਦਾ ਆਖ਼ਰੀ ਲੇਖ 'ਬਦਲ ਦੀ ਰਾਜਨੀਤੀ' ਕਨ੍ਹਈਆ ਕੁਮਾਰ ਦਾ ਹੈ। ਉਸਨੇ ਮਾਰਕਸ ਦੀ ਕਿਤਾਬ 'ਕੈਪੀਟਲ' ਦਾ ਜ਼ਿਕਰ ਖ਼ਾਸ ਤੌਰ 'ਤੇ ਕੀਤਾ। ਮਾਰਕਸ ਡਾਇਲੈਕਟੀਕਲ ਦੇ ਤਰੀਕੇ ਨਾਲ ਸੋਚੀਏ ਤਾਂ ਜੋ ਆਸਾਨ ਹੈ, ਉਹ ਗੁੰਝਲਦਾਰ ਵੀ ਹੈ। ਉਸਦਾ ਇਕ ਪੱਖ ਜੀਵਨ ਨੂੰ ਜੇਕਰ ਆਸਾਨ ਬਣਾ ਰਿਹਾ ਹੈ ਤਾਂ ਦੂਜਾ ਪੱਖ ਉਸਦੀ ਜਟਿਲਤਾ ਨੂੰ ਸਾਹਮਣੇ ਲਿਆਉਂਦਾ ਹੈ। ਕਨ੍ਹਈਆ ਮੁਤਾਬਕ ਉਦਯੋਗਿਕ ਕ੍ਰਾਂਤੀ ਦੀ ਇਤਿਹਾਸਕ ਘਟਨਾ ਕਾਰਨ ਹੀ ਬਸਤੀਵਾਦ, ਆਲਮੀ ਜੰਗਾਂ ਤੇ ਨਵੇਂ ਰਾਸ਼ਟਰ ਦਾ ਬਿਰਤਾਂਤ ਉਪਜਦਾ ਹੈ। ਬਾਜ਼ਾਰ ਹੀ ਸਭ ਕੁਝ ਨਿਰਧਾਰਤ ਕਰਦਾ ਹੈ, ਬਾਜ਼ਾਰ ਸਭਿਆਚਾਰ ਤੇ ਧਰਮ ਨੂੰ ਆਪਣੇ ਮੁਤਾਬਕ ਮੋੜ ਲੈਂਦਾ ਹੈ। ਮਾਰਕਸ ਦੀ ਵਿਚਾਰਧਾਰਾ ਨੂੰ ਉਹ ਇਕ ਸੰਦ ਵਜੋਂ ਸਮਝਦਾ ਹੈ ਜਿਸ ਨਾਲ ਵਰਤਾਰਿਆਂ ਨੂੰ ਸਮਝਿਆ ਜਾ ਸਕਦਾ ਹੈ।

"ਅਰਥ ਵਿਵਸਥਾ 'ਚ ਜਿਸ ਤਰ੍ਹਾਂ ਦੀਆਂ ਚੀਜ਼ਾਂ ਆ ਰਹੀਆਂ ਹਨ, ਉਸ 'ਚ ਬੁਨਿਆਦੀ ਇਕ ਗੱਲ ਨੂੰ ਸਮਝ ਲਉ। ਭਾਵੇਂ ਤੁਸੀਂ ਟਰੇਡ ਯੂਨੀਅਨ ਮੂਵਮੈਂਟ ਦੀ ਗੱਲ ਕਰ ਲਵੋ, ਰੂਸੀ ਕ੍ਰਾਂਤੀ ਦੀ ਗੱਨ ਕਰ ਲਵੋ, ਖੱਬੇ ਪੱਖੀ ਮੂਵਮੈਂਟ ਦੀ ਗੱਲ ਕਰ ਲਵੋ; ਅੰਬੇਡਕਰੀ ਮੂਵਮੈਂਟ ਦੀ ਗੱਲ ਕਰ ਲਵੋ, ਸੈਂਟਰਿਸਟ ਲਿਬਰਲ ਮੂਵਮੈਂਟ ਦੀ ਗੱਲ ਕਰ ਲਵੋ, ਤੁਸੀਂ ਆਇਡੈਂਟਿਟੀ ਪੌਲਿਟਿਕਸ ਦੀ ਗੱਲ ਕਰ ਲਵੋ, ਇਸ ਸਾਰੇ ਕੁਝ ਦਾ ਜੈਨੇਸਿਸ ਉਦਯੋਗਿਕ ਕ੍ਰਾਂਤੀ ਨਾਲ ਜੁੜਿਆ ਹੋਇਆ ਹੈ। ਉਦਯੋਗਿਕ ਕ੍ਰਾਂਤੀ 'ਚ ਅਜਿਹਾ ਕੀ ਹੋਇਆ ਸੀ ਕਿ ਅੱਜ ਦੇ ਸਮੇਂ 'ਚ ਜੋ ਆਰਥਕ ਤਬਦੀਲੀਆਂ ਆ ਰਹੀਆਂ ਹਨ, ਉਨ੍ਹਾਂ ਨੂੰ ਅਸੀਂ ਉਦਯੋਗਿਕ ਕ੍ਰਾਂਤੀ ਦੇ ਵੱਖ ਮੰਨਾਂਗੇ। ਸਭ ਤੋਂ ਪਹਿਲੀ ਗੱਲ ਇਹ ਹੋਈ ਕਿ ਫ਼ਿਜੀਕਲ ਲੇਬਰ ਨੂੰ ਬਦਲਦੇ ਹੋਏ ਭਾਰੀਆਂ ਮਸ਼ੀਨਾਂ ਦੀ ਖੋਜ ਕੀਤੀ ਗਈ। ਉਤਪਾਦਨ ਬਹੁਤ ਜ਼ਿਆਦਾ ਵਧ ਗਏ। ਜਦੋਂ ਉਤਪਾਦਨ ਵਧੇਗਾ ਤਾਂ ਸੁਭਾਵਕ ਤੌਰ 'ਤੇ ਉਨ੍ਹਾਂ ਉਤਪਾਦਾਂ ਨੂੰ ਵੇਚਣ ਲਈ ਬਾਜ਼ਾਰ ਦੀ ਜ਼ਰੂਰਤ ਹੋਵੇਗੀ। ਜੇਕਰ ਤੁਸੀਂ ਹੱਥ ਨਾਲ ਘਾਹ ਕੱਟਦੇ ਹੋ ਅਤੇ ਤੁਸੀਂ ਜੇਕਰ ਮਸ਼ੀਨ ਨਾਲ ਘਾਹ ਕੱਟਦੇ ਅਤੇ ਹੱਥਾਂ ਨਾਲ ਚਲਾਉਂਦੇ ਹੋ ਮਸ਼ੀਨ ਨੂੰ, ਫਿਰ ਉਸੇ ਮਸ਼ੀਨ ਨੂੰ ਜਦੋਂ ਦੂਜੀ ਮਸ਼ੀਨ ਨਾਲ ਚਲਾਉਂਦੇ ਹੋ ਤਾਂ ਇਕ ਵਾਰੀ ਜਦੋਂ ਮਸ਼ੀਨ ਚਾਲੂ ਹੋ ਜਾਵੇਗੀ ਤਾਂ ਵੱਡੀ ਮਾਤਰਾ 'ਚ ਤੁਹਾਨੂੰ ਘਾਹ ਦੀ ਜ਼ਰੂਰਤ ਹੋਵੇਗੀ। ਨਹੀਂ ਤਾਂ ਮਸ਼ੀਨ ਬੇਕਾਰ ਚੱਲਦੀ ਰਹੇਗੀ। ਤਾਂ ਵੱਡੇ ਪੱਧਰ 'ਤੇ ਕੱਚੇ ਮਾਲ ਦੀ ਵੀ ਜ਼ਰੂਰਤ ਹੈ ਅਤੇ ਵੱਡੇ ਪੱਧਰ 'ਤੇ ਜੋ ਮਾਲ ਤਿਆਰ ਤਿਆਰ ਹੈ, ਉਸ ਨੂੰ ਵੇਚਣ ਲਈ ਬਾਜ਼ਾਰ ਦੀ ਜ਼ਰੂਰਤ ਹੈ।



ਇਥੇ ਸੰਸਕ੍ਰਿਤੀ ਅਤੇ ਧਰਮ ਕੁਝ ਨਹੀਂ ਹੁੰਦਾ ਹੈ। ਸੰਸਕ੍ਰਿਤੀ ਅਤੇ ਧਰਮ ਨੂੰ ਇਸ ਬਦਲਾਅ ਨਾਲ ਕਦਮ ਮਿਲਾ ਕੇ ਚੱਲਣਾ ਪੈਂਦਾ ਹੈ, ਨਹੀਂ ਤਾਂ ਉਹ ਖ਼ਤਮ ਹੋ ਜਾਂਦਾ ਹੈ। ਇਸਾਈ ਅਤੇ ਕ੍ਰਿਸਚੈਨਟੀ ਦਾ ਜੋ ਡਿਸਕੋਰਸ ਹੈ, ਉਸ 'ਚ ਇਹ ਆਇਆ ਕਿ ਸਮੁੰਦਰੀ ਯਾਤਰਾ ਕਰਨਾ ਪਾਪ ਨਹੀਂ ਹੈ। ਇਸੇ ਲਈ ਮੋਦੀ ਜੀ ਦਾ ਪਾਕਿਸਤਾਨ ਜਾਣਾ ਪਾਪ ਨਹੀਂ, ਕਿਉਂਕਿ ਇਹ ਬਾਜ਼ਾਰ ਦੀ ਜ਼ਰੂਰਤ ਹੈ।" –ਕਨ੍ਹਈਆ ਕੁਮਾਰ




ਕਿਤਾਬ ਦੇ ਸਾਰੇ ਲੇਖ ਪੰਜਾਬ ਤੇ ਦੇਸ਼ ਦੇ ਅਜੋਕੇ ਦ੍ਰਿਸ਼ ਨੂੰ ਸਮਝਣ-ਸਮਝਾਉਣ ਦਾ ਉਪਰਾਲਾ ਕਰਦੇ ਹਨ। ਖੇਤੀ, ਸਿੱਖਿਆ, ਸਿਹਤ, ਆਵਾਜਾਈ ਦੇ ਮਾਡਲਾਂ ਦਾ ਫੇਲ੍ਹ ਹੋ ਜਾਣਾ ਅਤੇ ਇਨ੍ਹਾਂ ਨੂੰ ਫੇਲ੍ਹ ਕਰ ਦੇਣ ਦੇ ਹਾਲਾਤ ਪੈਦਾ ਕਰ ਦੇਣੇ ਮੌਜੂਦਾ ਸਰਮਾਏਦਾਰੀ ਸਿਆਸਤ ਦੀ ਸੋਚੀ-ਸਮਝੀ ਰਣਨੀਤੀ ਹੈ। ਨਿੱਜੀ ਖੇਤਰ ਦੀ ਚੜ੍ਹਤ ਨਾਲ ਟਰੇਡ ਯੂਨੀਅਨਾਂ ਦਾ ਲਗਪਗ ਖ਼ਤਮ ਹੋ ਜਾਣਾ ਤੈਅ ਹੈ। ਜੇਕਰ ਕਿਧਰੇ ਮਾੜਾ-ਮੋਟਾ ਰੋਸ ਜਾਂ ਪ੍ਰਤਿਰੋਧ ਹੈ, ਉਹ ਉਨ੍ਹਾਂ ਥਾਵਾਂ ਉਪਰ ਹੈ ਜਿਥੇ ਕੁਝ ਹਿੱਸਾ ਜਨਤਕ ਖੇਤਰ ਦਾ ਹੈ। ਇਸ ਕਰਕੇ ਪੰਜਾਬ ਅਤੇ ਸਮੁੱਚਾ ਦੇਸ਼ ਗੰਭੀਰ ਸੰਕਟ ਦੇ ਦੌਰ ਵਿਚ ਗੁਜ਼ਰ ਰਿਹਾ ਹੈ। ਇਸ ਦੌਰ ਵਿਚੋਂ ਨਿਕਲਣ ਲਈ ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ ਤੇ ਵਿਦਿਆਰਥੀਆਂ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਪਾਸ਼ ਦੀਆਂ ਸਤਰਾਂ ਹਨ :

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗੁਲਾਮ ਸੱਧਰਾਂ ਲਈ
ਅਸੀਂ ਚੁਣਾਗੇ ਸਾਥੀ, ਜ਼ਿੰਦਗੀ ਦੇ ਟੁਕੜੇ...।



# ਅਦਾਕਾਰੀ ਦਾ ਮੁਰਸ਼ਦ : ਇਰਫ਼ਾਨ ਖ਼ਾਨ


ਇਰਫ਼ਾਨ ਖ਼ਾਨ ਖ਼ੁਦ ਮੰਨਦਾ ਹੈ ਕਿ ਉਸਦੇ ਕੈਰੀਅਰ ਦਾ ਸਭ ਤੋਂ ਕਠਿਨ ਕੰਮ ਅਮਰੀਕਨ ਟੀ.ਵੀ. ਸੀਰੀਜ਼ 'ਇਨ ਟ੍ਰੀਟਮੈਂਟ' ਰਿਹਾ ਹੈ। ਨਸੀਰੁੱਦੀਨ ਸ਼ਾਹ ਨੂੰ ਇਰਫ਼ਾਨ ਨੇ ਫ਼ੋਨ ਕਰਕੇ ਪੁੱਛਿਆ, 'ਮੇਰੇ ਚਾਰ-ਚਾਰ ਪੇਜ਼ ਦੇ ਡਾਇਲਾਗ ਹਨ, ਕਿਵੇਂ ਯਾਦ ਕਰਾਂਗਾ ? ਤੁਸੀਂ ਕਿਵੇਂ ਯਾਦ ਕਰਦੇ ਹੋ ?' ਮੈਂ ਕਿਹਾ, 'ਭਾਈ, ਟਾਈਮ ਕਿੰਨਾ ਹੈ ਤੇਰੇ ਕੋਲ ?' ਉਸਨੇ ਕਿਹਾ, 'ਇਕ ਰਾਤ ਏ।' 'ਫੇਰ ਤਾਂ ਇਹ ਰਾਤ ਗਈ ਤੇਰੀ, ਸੌਣਾ-ਸੁਣਾ ਭੁੱਲ ਜਾ, ਸਾਰੀ ਰਾਤ ਬਹਿ ਕੇ ਰੱਟੇ ਲਾ, ਹੋਰ ਕੋਈ ਢੰਗ ਨਹੀਂ ਏ, ਮੇਰੇ ਕੋਲ ਕੋਈ ਜਾਦੂ ਦੀ ਪੁੜੀ ਤਾਂ ਹੈ ਨਈਂ, ਮੈਂ ਹਜ਼ਾਰ ਵਾਰ ਪੜ੍ਹਦਾ ਹਾਂ, ਤਾਂ ਕਿਤੇ ਯਾਦ ਹੁੰਦਾ ਏ। ਅੱਜ ਦੀ ਰਾਤ ਜਿੰਨੀ ਵਾਰ ਹੋ ਸਕੇ, ਪੜ੍ਹ ਲੈ।' ਨਸੀਰੂਦੀਨ ਸ਼ਾਹ ਦੇ ਇਸ ਅਨੁਭਵ ਦਾ ਜ਼ਿਕਰ ਅਨੀਸ ਛਾਬੜਾ ਦੁਆਰਾ ਲਿਖੀ ਇਰਫ਼ਾਨ ਦੀ ਜੀਵਨੀ ਪੁਸਤਕ 'ਇਰਫ਼ਾਨ ਖ਼ਾਨ : ਦ ਮੈਨ, ਦ ਡ੍ਰੀਮਰ, ਦ ਸਟਾਰ' ਵਿਚ ਦਰਜ ਹੈ। ਅਨੀਸ ਦੱਸਦੇ ਹਨ ਕਿ ਇਰਫ਼ਾਨ ਨੇ ਉਸ ਟੀ.ਵੀ. ਸੀਰੀਜ਼ ਵਿਚ ਬਿਹਤਰੀਨ ਪ੍ਰਦਰਸ਼ਨ ਕੀਤਾ।

1988 ਵਿਚ ਭੀਸ਼ਮ ਸਾਹਨੀ ਦੇ ਨਾਵਲ 'ਤੇ ਆਧਾਰਿਤ ਸੀਰੀਜ਼ 'ਤਮਸ' ਨੂੰ ਦੂਰਦਰਸ਼ਨ 'ਤੇ ਬੜੀ ਸਫ਼ਲਤਾ ਮਿਲੀ। ਡਾਇਰੈਕਟਰ ਗੋਬਿੰਦ ਨਹਿਲਾਨੀ ਨੇ ਦੂਰਦਰਸ਼ਨ ਦੇ ਡਾਇਰੈਕਟਰ ਜਨਰਲ ਭਾਸਕਰ ਘੋਸ਼ ਨਾਲ ਮਿਲ ਕੇ ਯੂਰਪੀ ਨਾਟਕਕਾਰ, ਹਰਨਿਕ ਇਬਸਨ ਦੇ 'ਲਿਟਲ ਈਓਫ਼' (ਹਿੰਦੀ ਰੂਪਾਂਤਰਣ : ਜਜ਼ੀਰੇ) ਅਗਸਟ ਸਟਰਿੰਡਬਰਗ ਦੇ 'ਦ ਫ਼ਾਦਰ' (ਹਿੰਦੀ ਰੂਪਾਂਤਰ : ਪਿਤਾ) ਤੇ ਫ਼ੈਡਰਿਕੋ ਗਾਰਸ਼ੀਆ ਲੋਰਕਾ ਦੇ 'ਹਾਊਸ ਆਫ਼ ਬਰਨਾਰਡਾ ਅਲਬਾ' (ਹਿੰਦੀ ਰੂਪਾਂਤਰ : ਰੁਕਮਾਵਤੀ ਕੀ ਹਵੇਲੀ) ਸੰਨ 1991 'ਚ ਹਿੰਦੀ ਪੇਸ਼ਕਾਰੀ ਭਾਰਤੀ ਟੀ.ਵੀ. ਸੰਸਾਰ ਉੱਤੇ ਕੀਤੀ ਗਈ। ਪਹਿਲੇ ਦੋ ਵਿਚ ਗੋਬਿੰਦ ਨਹਿਲਾਨੀ ਨੇ ਇਰਫ਼ਾਨ ਨੂੰ ਕਾਸਟ ਕੀਤਾ। ਇਸ ਕਾਸਟ ਪਿੱਛੇ ਵੀ ਇਕ ਕਹਾਣੀ ਹੈ। 1980 ਵਿਚ ਗੋਬਿੰਦ ਦੇ ਇਕ ਮਿੱਤਰ ਗੋਪਾਲ ਬਜਾਜ ਨੇ ਉਸ ਐੱਨ.ਐੱਸ.ਡੀ. ਵਿਚ ਐਨਤੋਨ ਚੈਖਵ ਦੇ ਨਾਟਕ 'ਦ ਸੀਗਲ' ਦੀ ਰਿਹਰਸਲ ਦੇਖਣ ਲਈ ਬੁਲਾਇਆ ਸੀ। ਗੋਬਿੰਦ ਨੇ ਐੱਨ.ਐੱਸ.ਡੀ. ਦੇ ਵਿਦਿਆਰਥੀਆਂ ਦੀ ਐਕਟਿੰਗ ਗੌਰ ਨਾਲ ਵੇਖੀ। ਉਹ ਇਸ ਨਤੀਜੇ 'ਤੇ ਅੱਪੜਿਆ ਕਿ ਬਾਕੀ ਵਿਦਿਆਰਥੀ ਐਕਟਰ ਆਪਣੀ ਹੋਂਦ ਨੂੰ ਐਕਟ ਵਿਚ ਦਰਸਾਉਣ ਲਈ ਤੇ ਦਰਸ਼ਕਾਂ ਉੱਤੇ

ਪ੍ਰਭਾਵ ਸਿਰਜਣ ਲਈ ਸਿਰਤੋੜ ਪ੍ਰਯਤਨ ਕਰ ਰਹੇ ਸਨ। ਪਰੰਤੂ ਇਕ ਐਕਟਰ ਆਪਣੇ ਸਹਿ-ਕਲਾਕਾਰਾਂ ਨਾਲ ਸਹਿਜ-ਸੁਭਾ ਸੰਵਾਦ ਰਚਣ ਵਿਚ ਹੀ ਮਗਨ ਸੀ। ਉਸਦੇ ਸੰਵਾਦ ਕਰਨ ਦੀ ਕਲਾ ਨਿਰੋਲ ਆਪਣੀ ਸੀ, ਉਹ ਕਿਸੇ ਦੀ ਨਕਲ ਨਹੀਂ ਸੀ ਕਰ ਰਿਹਾ। ਕਹਿਣਾ ਪਵੇਗਾ ਕਿ ਬਾਕੀ ਵਿਦਿਆਰਥੀ ਵੀ ਐਕਟਿੰਗ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਪਰ ਇਕੱਲਾ ਇਰਫ਼ਾਨ ਹੀ ਸੀ ਜੋ ਸਹਿਜ ਸੁਭਾ ਆਪਣਾ ਰੋਲ ਕਰੀ ਜਾ ਰਿਹਾ ਸੀ। ਉਹ ਰੋਲ ਵਿਚ ਖੁੱਭਣ ਲਈ ਉਤਾਵਲਾ ਸੀ। ਉਹ ਸੱਚਮੁੱਚ ਕੁਝ ਅਰਥਪੂਰਨ ਕਰ ਰਿਹਾ ਸੀ। ਜੋ ਗੋਬਿੰਦ ਦੇ ਦਿਲ ਨੂੰ ਛੂਹ ਗਿਆ। ਇਸੇ ਲਈ ਉਸਦੇ ਜਦ 1991 ਵਿਚ 'ਜਜ਼ੀਰੇ' ਬਣਾਉਣ ਦਾ ਪ੍ਰੋਜੈਕਟ ਆਰੰਭ ਕੀਤਾ ਤਾਂ ਉਸਨੇ ਇਰਫ਼ਾਨ ਨੂੰ ਕਾਸਟ ਕੀਤਾ।

ਨਸੀਰੂਦੀਨ ਨੇ ਇਰਫ਼ਾਨ ਨਾਲ ਆਪਣੀ ਪਹਿਲੀ ਯਾਦ ਸਾਂਝਾ ਕਰਦਿਆਂ ਕਿਹਾ ਕਿ ਉਸਦੀ ਪਤਨੀ ਰਤਨਾ ਨਾਲ 'ਜਜ਼ੀਰੇ' ਦੀ ਰਿਹਰਸਲ ਕਰਨ ਲਈ ਇਹ ਨੌਜਵਾਨ ਅਦਾਕਾਰ ਸਾਡੇ ਘਰ ਆਇਆ। ਜਦ ਮੈਂ 'ਜਜ਼ੀਰੇ' ਨੂੰ ਟੀ.ਵੀ. 'ਤੇ ਵੇਖਿਆ ਤਾਂ ਨਾ ਹੀ ਮੈਨੂੰ ਇਹ ਪਸੰਦ ਆਇਆ, ਨਾ ਹੀ ਸਮਝ ਆਇਆ। ਲੇਕਿਨ ਮੈਂ ਇਰਫ਼ਾਨ ਦੀ ਅਦਾਕਾਰੀ ਵੱਲ ਖਿੱਚਿਆ ਗਿਆ। ਉਸਨੇ ਆਪਣੀ ਆਵਾਜ਼ ਤੇ ਸੰਵਾਦਾਂ ਨਾਲ ਰੋਲ ਵਿਚ ਜਾਨ ਫੂਕ ਦਿੱਤੀ। ਮੈਂ ਨੋਟ ਕੀਤਾ ਕਿ ਉਹ ਹੋਰਨਾਂ ਐਕਟਰਾਂ ਵਾਂਗ ਸ਼ਬਦਾਂ ਉੱਤੇ ਬੇਮਤਲਬ ਦਬਾਅ ਨਹੀਂ ਪਾਉਂਦਾ। ਮੈਂ ਉਦੋਂ ਤਾੜ ਲਿਆ ਸੀ—ਇਹ ਬੰਦਾ ਆਪਣੇ ਫ਼ਨ ਦਾ ਮਾਹਿਰ ਹੈ।

ਮੈਂ ਕਦੇ ਵੀ ਅਜਿਹੇ ਇਨਸਾਨ ਜਾਂ ਅਦਾਕਾਰ ਨੂੰ ਨਹੀਂ ਦੇਖਿਆ, ਦੂਜਿਆਂ ਨਾਲ ਉਸਦੀ ਵਿਸ਼ਵਾਸ ਪੈਦਾ ਕਰਨ ਦੀ ਯੋਗਤਾ, ਉਸਦੇ ਕੀਤੇ ਹਰ ਕੰਮ ਅੰਦਰਲੀ ਸਮਝ, ਉਸਦੀ ਚੁੰਬਕੀ ਸ਼ਖ਼ਸੀਅਤ, ਕੋਮਲਤਾ ਘੱਟ ਮਿਹਨਤ ਕਰਨ ਵਾਲੇ ਅਦਾਕਾਰਾਂ ਲਈ ਉਸਦਾ ਇਕ ਡਰਾਵਾ ਰਿਹਾ ਹੈ ਤੇ ਉਸਦੀ ਬੁਝਾਰਤਨੁਮਾ ਦਿੱਖ ਹਮੇਸ਼ਾ ਹੀ ਸਾੜੇ ਦਾ ਕਾਰਨ ਰਹੀ ਹੈ। ਮੇਰੀ ਨਜ਼ਰ ਵਿਚ ਇਰਫ਼ਾਨ ਇਨ੍ਹਾਂ ਸਭ ਗੱਲਾਂ ਤੋਂ ਉਪਰ ਉੱਠਿਆ ਹੋਇਆ ਇਨਸਾਨ ਤੇ ਅਦਾਕਾਰ ਸੀ। ਨਸੀਰੂਦੀਨ ਨੇ ਬੇਬਾਕੀ ਨਾਲ ਦੱਸਿਆ ਹੈ, "ਕੈਮਰੇ ਸਾਹਮਣੇ ਸਹਿਜਤਾ ਨਾਲ ਆਉਣਾ, ਜਿਸ ਕਰਕੇ ਉਹ ਜਾਣਿਆ ਜਾਂਦਾ ਹੈ, ਇਹ ਗੁਣ ਆਸਾਨੀ ਨਾਲ ਨਹੀਂ ਆਉਂਦਾ। ਨਾ ਸਿਰਫ਼ ਇਸਦੇ ਪਿੱਛੇ ਸਾਲਾਂ ਦਾ ਤਪ ਹੁੰਦਾ ਹੈ ਸਗੋਂ ਸਾਲਾਂਬੱਧੀ ਵਿਚਾਰ ਤੇ ਅਭਿਆਸ ਦਾ ਯੋਗਦਾਨ ਵੀ ਹੁੰਦਾ ਹੈ। ਕੀ ਪੇਸ਼ ਕਰਨਾ ਹੈ ਤੇ ਕਿਵੇਂ ਪੇਸ਼ ਕਰਨਾ ਹੈ, ਇਸ ਦੀ ਸਮਝ ਇਰਫ਼ਾਨ ਕੋਲ ਗ਼ਜ਼ਬ ਦੀ ਸੋਝੀ ਹੈ। ਮੈਨੂੰ ਇਹ ਕਹਿੰਦਿਆਂ ਸ਼ਰਮ ਮਹਿਸੂਸ ਹੁੰਦੀ ਹੈ ਕਿ ਮੈਨੂੰ ਉਸਦੀ ਅਜਿਹੀ ਅਦਾਕਾਰੀ ਤੋਂ ਸਾੜਾ ਹੁੰਦਾ ਸੀ। ਬੜੇ ਚਿਰ ਮਗਰੋਂ ਮੈਂ ਮਹਿਸੂਸ ਕੀਤਾ ਕਿ ਕਾਸ਼ ! ਮੈਂ ਆਪਣੇ ਪੁਰਾਣੇ ਦੌਰ ਵਿਚ ਉਹ ਸਭ ਕੁਝ ਸਿੱਖ ਸਕਦਾ ਤੇ ਅਦਾਕਾਰੀ ਕਰ ਪਾਉਂਦਾ ਜੋ ਇਸ ਕਮਾਲ ਦੇ ਐਕਟਰ ਨੇ ਐਨੀ ਘੱਟ ਉਮਰ ਵਿਚ ਹੀ ਹਾਸਿਲ ਕਰ ਲਈ ਸੀ। ਮੈਂ ਉਸ ਸਮੇਂ ਨੂੰ ਵਾਪਸ ਤਾਂ ਨਹੀਂ ਕਰ ਸਕਦਾ। ਉਸਦੀ ਐਕਟਿੰਗ ਦੀ ਸਮਝ, ਤਕਨੀਕ ਦੀ ਉਸਦੀ ਪਕੜ, ਹੋਰ ਸਿੱਖਣ ਦੀ ਉਸਦੀ ਭੁੱਖ ਦੰਗ ਕਰ ਦੇਣ ਵਾਲੀ ਹੈ। ਰਹੱਸਮਈ ਢੰਗ ਨਾਲ ਉਸਦੇ ਕੰਮ ਕਰਨ ਦਾ ਨਿਰਾਲਾਪਣ, ਸਲਾਹੁਣਯੋਗ ਹੈ। ਜੋ ਵੀ ਕੰਮ ਉਸਨੇ ਕੀਤਾ ਹੈ, ਉਸ ਨੂੰ ਵੇਖ ਕੇ ਮੰਨਣ ਵਿਚ ਨਹੀਂ ਆਉਂਦਾ ਕਿ ਉਹ ਅਜਿਹਾ ਕਿਵੇਂ ਕਰ ਲੈਂਦਾ ਸੀ।"



ਭਾਰਤੀ ਸਮਾਜ ਅੰਦਰ ਵਿਆਹ-ਵਿਵਸਥਾ ਵਿਚਲੇ ਵਿਗਾੜ ਨੂੰ ਆਧਾਰ ਬਣਾ ਕੇ 1990 ਵਿਚ ਗੋਬਿੰਦ ਨਹਿਲਾਨੀ ਨੇ ਬਰਗਮੈਨ ਦੀ ਕਲਾਸਿਕ ਫ਼ਿਲਮ 'ਦ ਸੀਨਜ਼ ਫ਼ਰਾਮ ਅ ਮੈਰਿਜ' ਤੋਂ ਪ੍ਰਭਾਵਿਤ ਹੋ ਕੇ 'ਦ੍ਰਿਸ਼ਟ.' ਫ਼ਿਲਮ ਬਣਾਈ। ਇਰਫ਼ਾਨ ਨੇ 'ਜਜ਼ੀਰੇ' ਦੀ ਨਿਰਾਸ਼ਾ ਦੇ ਬਾਵਜੂਦ ਵਿਚ 'ਦ੍ਰਿਸ਼ਟੀ' ਵਿਚ ਰੋਲ ਕਰਕੇ ਫ਼ਿਲਮ ਵਿਚ ਜਾਨ ਪਾ ਦਿੱਤੀ।

–ਨਸੀਰੂਦੀਨ ਸ਼ਾਹ

◆ ◆ ◆

ਇਰਫ਼ਾਨ ਦੀ ਪਤਨੀ ਸੁਤਾਪਾ ਸਿਕਦਾਰ ਇਰਫ਼ਾਨ ਦੀ ਬੇਵਕਤ ਮੌਤ ਬਾਰੇ ਸਾਂਝਾ ਕਰਦੀ ਹੋਈ ਦੱਸਦੀ ਹੈ ਕਿ 'ਬਿਨ ਬੁਲਾਏ ਮਹਿਮਾਨ' ਕੈਂਸਰ ਨੇ ਭਾਵੇਂ ਉਨ੍ਹਾਂ ਦੀ ਜ਼ਿੰਦਗੀ ਨੂੰ ਹਿਲਾਇਆ ਹੈ ਪਰ ਇਸਦੇ ਬਾਵਜੂਦ ਇਸ ਮੌਤ

ਨੇ ਜ਼ਿੰਦਗੀ ਅੰਦਰ ਇਕ ਅਜੀਬ ਜਿਹੀ ਹਾਰਮਨੀ ਪੈਦਾ ਕਰ ਦਿੱਤੀ ਹੈ। ਹੁਣ ਤੁਸੀਂ ਦੱਸੋ ਕਿ ਮੈਂ ਇਕੱਲਾਪਣ ਕਿਵੇਂ ਮਹਿਸੂਸ ਕਰਾਂ ਜਦ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਤੇ ਸੰਵੇਦਨਾਵਾਂ ਮੇਰੇ ਨਾਲ ਹਨ। ਮੈਂ ਸਭ ਨੂੰ ਨਿਸ਼ਚਿਤ ਕਰਨਾ ਚਾਹੁੰਦੀ ਹਾਂ ਕਿ ਇਹ ਕੋਈ ਘਾਟਾ ਨਹੀਂ ਹੈ, ਸਗੋਂ ਇਹ ਤਾਂ ਮੁਨਾਫ਼ਾ ਹੈ, ਜੋ ਜੀਣ ਦਾ ਤੇ ਅਦਾਕਾਰੀ ਦਾ ਢੰਗ ਉਸਨੇ (ਇਰਫ਼ਾਨ) ਸਾਨੂੰ ਸਿਖਾਇਆ ਸੀ ਤੇ ਜਿਸ ਨੂੰ ਹੁਣ ਅਸੀਂ ਸੱਚਮੁੱਚ ਜ਼ਿੰਦਗੀ 'ਚ ਉਤਾਰ ਵੀ ਸਕਦੇ ਹਾਂ ਤੇ ਉਸ ਉਤਾਰੇ ਹੋਏ ਨੂੰ ਜੀਅ ਵੀ ਸਕਦੇ ਹਾਂ।

ਇਰਫ਼ਾਨ ਤੇ ਸਿਕਦਾਰ ਦੋਨੋਂ ਐੱਨ.ਐੱਸ.ਡੀ. ਦਿੱਲੀ ਵਿਚ ਪਹਿਲੀ ਵਾਰ ਵਿਦਿਆਰਥੀਆਂ ਵਾਂਗ ਮਿਲੇ ਸਨ। ਦੋਨੋਂ ਪ੍ਰੇਮ ਵਿਚ ਪੈ ਕੇ ਹਮੇਸ਼ਾ ਲਈ ਇਕ-ਦੂਜੇ ਦੇ ਹੋ ਗਏ ਸਨ। ਹੁਣ ਉਨ੍ਹਾਂ ਦੇ ਦੋ ਬੇਟੇ ਹਨ। ਸਿਕਦਾਰ ਕਹਿੰਦੀ ਹੈ, "ਮੈਨੂੰ ਉਸਦੇ ਨਾਲ ਸਿਰਫ਼ ਇਸ ਗੱਲ ਦਾ ਹੀ ਸ਼ਿਕਵਾ ਹੈ ਕਿ ਉਸਨੇ ਉਮਰ ਭਰ ਲਈ ਮੇਰੇ ਅੰਦਰ ਕੁਝ ਦੋਸ਼ ਭਰ ਦਿੱਤੇ ਹਨ। ਉਸਦੇ ਹਰ ਕੰਮ, ਹਰ ਚੀਜ਼ ਅੰਦਰ ਪ੍ਰੋਫ਼ੈਕਸ਼ਨ (ਮੁਹਾਰਤ) ਦੀ ਉਸਦੀ ਆਦਤ ਨੇ ਮੇਰੇ ਅੰਦਰ ਵੀ ਹਲਚਲ ਮਚਾਈ ਰੱਖੀ ਹੈ ਤੇ ਮੈਨੂੰ ਹੁਣ ਤੱਕ ਕਿਸੇ ਪੱਤਣ ਨਹੀਂ ਲੱਗਣ ਦਿੱਤਾ। ਮੁਸ਼ਕਿਲ ਦੌਰ ਤੇ ਨਿਵਾਣ ਵਾਲੇ ਸਮਿਆਂ ਵਿਚ ਵੀ ਉਸਨੇ ਮੇਰੀ ਗੂੰਗੀ ਜ਼ੁਬਾਨ ਨੂੰ ਆਵਾਜ਼ ਦਿੱਤੀ ਤੇ ਮੇਰੇ ਬਚੇ ਹੋਏ ਦੋ ਪੈਰਾਂ ਨੂੰ ਸੰਗੀਤ ਦੀ ਰਿਦਮ ਦਿੱਤੀ ਹੈ।"

ਉਹ ਕਹਿੰਦੀ ਹੈ ਕਿ ਉਨ੍ਹਾਂ ਦੋਨਾਂ ਨੇ ਡਾਕਟਰਾਂ ਦੀ ਰਿਪੋਰਟ ਅਨੁਸਾਰ ਤੇ ਐਕਟਿੰਗ ਦੇ ਵਿਚਕਾਰ ਜੀਣਾ ਸਿੱਖ ਲਿਆ ਸੀ। ਸਾਡੀ ਜ਼ਿੰਦਗੀ ਦੀ ਇਕ ਨਵੀਂ ਸਕ੍ਰਿਪਟ ਬਣ ਗਈ ਸੀ। ਮੈਂ ਉਨ੍ਹਾਂ ਡਾਕਟਰਾਂ ਦੀ ਟੀਮ ਨੂੰ ਧੰਨਵਾਦ ਦਿੰਦੀ ਹਾਂ, ਜਿਨ੍ਹਾਂ ਨੇ ਇਰਫ਼ਾਨ ਨੂੰ ਕੈਂਸਰ ਨਾਲ ਜੂਝਣ ਦੇ ਯੋਗ ਬਣਾਇਆ।

"ਮੈਨੂੰ ਲੱਗਦਾ ਹੈ ਕਿ ਦੋ-ਢਾਈ ਸਾਲ ਦੇ ਅਰਸੇ ਦੌਰਾਨ ਅਸੀਂ ਮੁੱਢ, ਮੱਧ ਤੇ ਅਖ਼ੀਰ ਨੂੰ ਹੰਢਾਇਆ ਹੈ। ਇਰਫ਼ਾਨ ਨੇ ਇਸ ਦੌਰਾਨ ਇਕ ਆਰਕੈਸਟ੍ਰਾ ਕੰਡਕਟਰ ਦੀ ਭੂਮਿਕਾ ਨਿਭਾਉਂਦਿਆਂ ਸਾਡੀ ਜ਼ਿੰਦਗੀ ਦੇ ਪੈਂਤੀ ਸਾਲ ਦੀ ਸਾਂਝ ਵੀ ਜ਼ਿੰਦਾ ਰੱਖਿਆ ਹੈ। ਮੈਂ ਸਾਡੇ ਨਿੱਕੇ ਜਿਹੇ ਪਰਿਵਾਰ ਨੂੰ ਇਕ ਬੇੜੀ ਵਿਚ ਦੇਖ ਰਹੀ ਹਾਂ। ਸਾਡੇ ਦੋਨੋਂ ਬੇਟੇ, ਬਾਬਿਲ ਤੇ ਅਯਾਨ ਆਪਣੇ ਪਿਉ ਇਰਫ਼ਾਨ ਤੋਂ ਸਿੱਖਿਆ ਹੈ, ਉਸਦੀ ਅਗਵਾਈ ਹੇਠ ਇਸ ਬੇੜੀ ਨੂੰ ਅੱਗੇ ਵਧਾਉਣ ਲਈ ਪੈਡਲ ਮਾਰ ਰਹੇ ਹਨ। ਪਰ ਜਦੋਂ ਤੁਹਾਨੂੰ ਪਤਾ ਹੋਵੇ ਕਿ ਜ਼ਿੰਦਗੀ ਸਿਨਮਾ ਨਹੀਂ ਹੈ ਤੇ ਕੋਈ ਰੀਟੇਕ ਦੀ ਗੁੰਜਾਇਸ਼ ਨਹੀਂ ਹੈ ਤਾਂ ਮੈਂ ਆਪਣੇ ਦੋਨੋਂ ਬੇਟਿਆ ਨੂੰ ਸ਼ੁੱਭ ਇੱਛਾਵਾਂ ਭੇਜਦੀ ਹਾਂ ਕਿ ਉਹ ਸਹਿਜਤਾ ਤੇ ਆਪਣੇ ਪਿਉ ਤੋਂ ਮਿਲੀ ਸੇਧ ਨਾਲ 'ਜੀਵਨ ਪੰਧ' ਦੇ ਤੂਫ਼ਾਨਾਂ ਵਿਚ ਇਸ ਬੇੜੀ ਨੂੰ ਚਲਾਉਂਦੇ ਰਹਿਣ।"



-ਸੁਤਾਪਾ ਸਿਕਦਾਰ (ਇਰਫ਼ਾਨ ਖ਼ਾਨ ਦੀ ਪਤਨੀ)

◆ ◆ ◆

ਇਰਫ਼ਾਨ ਖ਼ਾਨ ਬੇਹਤਰੀਨ ਅਦਾਕਾਰ ਦੇ ਨਾਲ-ਨਾਲ ਭਾਵਕਤਾ ਨਾਲ ਲਬਰੇਜ਼ ਸੰਵੇਦਨਸ਼ੀਲ ਸ਼ਖ਼ਸੀਅਤ ਸੀ। ਇਰਫ਼ਾਨ ਆਪਣੀ ਅਦਾਕਾਰੀ ਸਦਕੇ ਸਾਮਹਣੇ ਬੈਠੇ ਦਰਸ਼ਕਾਂ ਨੂੰ ਕੀਲ ਕੇ ਰੱਖਣ ਵਾਲਾ ਪ੍ਰਤਿਭਾਵਾਨ ਅਦਾਕਾਰ ਤੇ ਰੰਗ ਕਰਮੀ ਸੀ। ਫ਼ਿਲਮਾਂ ਵਿੱਚ ਕੰਮ ਕਰਨ ਤੋਂ ਪਹਿਲਾਂ ਉਹ ਰੰਗਮੰਚ ਤੇ ਨਿਪੁੰਨ ਅਦਾਕਾਰੀ ਦੇ ਜੌਹਰ ਵਿਖਾ ਚੁੱਕਾ ਸੀ।ਅਦਾਕਾਰੀ ਉਸ ਦੀ ਰੂਹ ਦੀ ਖੁਰਾਕ ਸੀ ਜਿਸ ਨਾਲ ਉਸ ਨੇ ਕਦੇ ਵੀ ਸਮਝੌਤਾ ਨਹੀਂ ਕੀਤਾ। ਸਮਕਾਲੀ ਹਿੰਦੋਸਤਾਨੀ ਸਿਨਮਾਂ ਜਗਤ ਵਿਚ ਉਸ ਦਾ ਕੋਈ ਸਾਨੀ ਨਜਰ ਨਹੀਂ ਆਉਂਦਾ।

ਇਰਫ਼ਾਨ ਖ਼ਾਨ ਅਦਾਕਾਰੀ ਦੇ ਮੁਢਲੇ ਸਿਧਾਤਾਂ ਤੋਂ ਬਾਖ਼ੂਬੀ ਵਾਕਿਫ਼ ਸੀ ਅਤੇ ਉਸ ਨੇ ਅਦਾਕਾਰੀ ਦੇ ਖੇਤਰ ਵਿਚ ਨਵੇ ਸਿਧਾਂਤ ਵੀ ਘੜ੍ਹੇ।ਅਦਾਕਾਰੀ ਵਿਚ ਸਭ ਤੋਂ ਪ੍ਰਸਿੱਧ ਰੂਸੀ ਅਦਾਕਾਰ ਸਟੈਨਲਵਸਕੀ ਸੀ ਜੋ ਅਦਾਕਾਰੀ ਸਮੇ ਆਵਾਜ਼ ਦੀ ਇਕਾਗਰਤਾ, ਸਰੀਰਕ ਸੰਤੁਲਨ, ਭਾਵਕਤਾ, ਮੂਲ ਕਿਰਦਾਰ ਨੂੰ ਗ੍ਰਹਿਣ ਕਰਨਾ ਅਤੇ ਨਾਟਕੀ ਵਿਸ਼ਲੇਸ਼ਣ ਤੱਤਾਂ ਨੂੰ ਅਹਿਮ ਮੰਨਦੇ ਸਨ। ਚੈਖੋਵ ਜੋ ਸਟੈਨਲਵਸਕੀ ਦਾ ਵਿਦਿਆਰਥੀ ਸੀ ਉਸ ਨੇ ਅਦਾਕਾਰੀ ਦੇ ਖੇਤਰ ਵਿਚ ਨਵੇਂ ਪ੍ਰਤਿਮਾਨ ਸਿਰਜੇ, ਚੈਖੋਵ ਨੇ ਕਿਰਦਾਰ ਨੂੰ ਰੂਹ ਤੱਕ ਅੱਪੜਣ ਵਿਚ ਜੋ ਮੁਸ਼ਕਲਾਂ ਆਉਂਦੀਆਂ ਹਨ ਅਤੇ ਕਿਰਦਾਰ ਦਾ ਰੋਲ ਕਰਦਿਆਂ ਆਪਣੇ ਆਪ ਨੂੰ ਕਿਵੇਂ ਬੰਨ ਕੇ ਰੱਖਣਾ ਹੈ ,ਇਸ ਤਰ੍ਹਾਂ ਦੀਆਂ ਅਦਾਕਾਰੀ ਸਬੰਧੀ ਤਕਨੀਕਾਂ ਬਾਰੇ ਜਾਣੂ ਕਰਵਾਇਆ। ਇਹਨਾਂ ਤੋਂ ਅੱਗੇ ਮਾਇਸਨਰ ਦੇ ਸਿਧਾਂਤ ਤੇ ਸੁਹਜਾਤਮਕ ਵਿਹਾਰਵਾਦੀ ਅਦਾਕਾਰੀ ਬਾਰੇ ਵਿਚਾਰ ਮਿਲਦੇ ਹਨ। ਇਰਫ਼ਾਨ ਖ਼ਾਨ ਨੇ ਅਦਾਕਾਰੀ ਦੇ ਇਹ ਸਾਰੇ ਗੁਣ ਤੇ ਘੁਣਤਰਾਂ ਆਪਣੀ ਰਸਮੀ ਰੰਗਮੰਚ

ਵਿੱਦਿਆ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਗ੍ਰਹਿਣ ਕਰ ਲਈਆਂ ਸਨ।

ਨੈਸ਼ਨਲ ਸਕੂਲ ਆਫ਼ ਡਰਾਮਾ ਵਿੱਚ ਹੀ ਉਸ ਦਾ ਮੇਲ ਪ੍ਰਸਿੱਧ ਨਿਰਦੇਸ਼ਕਾਂ ਮੀਰਾ ਨਾਇਰ ਨਾਲ ਹੋਇਆ ਅਤੇ ਮੀਰਾ ਨੇ 'ਸਲਾਮ ਬੰਬੇ' (1988) ਫ਼ਿਲਮ ਵਿਚ ਅਦਾਕਾਰੀ ਦਾ ਮੌਕਾ ਦਿੱਤਾ। ਇਰਫ਼ਾਨ ਨੇ ਸਟੇਜ ਦੇ ਨਾਟਕਾਂ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਟੀ. ਵੀ. ਸੀਰੀਅਲ ਤੋਂ ਲੈ ਕੇ ਬਾਲੀਵੁੱਡ ਤੇ ਹਾਲੀਵੁੱਡ ਤੱਕ ਉਸ ਨੇ ਆਪਣੀ ਵੱਖਰੀ ਪਛਾਣ ਬਣਾਈ। ਟੀ. ਵੀ. ਸੀਰੀਅਲ ਦੇ ਖੇਤਰ ਵਿਚ 'ਚੰਦਰਕਾਂਤਾ', 'ਭਾਰਤ ਏਕ ਖੋਜ', 'ਏਕ ਡਾਕਟਰ ਕੀ ਮੌਤ' ਤੇ ਹੋਰ ਕਈ ਅਹਿਮ ਟੀ. ਵੀ. ਸੀਰੀਅਲਾਂ ਵਿਚ ਅਦਾਕਾਰੀ ਕੀਤੀ। 'ਭਾਰਤ ਏਕ ਖੋਜ' ਜੋ ਜਵਾਹਰ ਲਾਲ ਨਹਿਰੂ ਦੀ ਕਿਤਾਬ 'ਡਿਸਕਵਰੀ ਆਫ਼ ਇੰਡੀਆ' 'ਤੇ ਅਧਾਰਿਤ ਸੀ। ਇਸ ਕਿਤਾਬ ਵਿਚ ਹਿੰਦੋਸਤਾਨ ਦੇ 5000 ਸਾਲਾਂ ਦੇ ਇਤਿਹਾਸ ਦਾ ਉਲੇਖ ਕੀਤਾ ਹੈ। ਇਸ ਸੀਰੀਅਲ ਨੂੰ ਦੂਰਦਰਸ਼ਨ ਨੇ 53 ਕਿਸ਼ਤਾਂ ਵਿਚ ਪ੍ਰਸਤੁਤ ਕੀਤਾ। ਇਸ ਸੀਰੀਅਲ ਵਿਚ ਇਰਫ਼ਾਨ ਨੂੰ ਸਟੇਜ ਦੇ ਧਨੀ ਓਮਪੁਰੀ, ਨਸੀਰੂਦੀਨ ਸ਼ਾਹ, ਨੀਨਾ ਗੁਪਤਾ, ਕੁਲਭੂਸ਼ਨ ਖਰਬੰਦਾ ਵਰਗੇ ਮਹਾਨ ਕਲਾਕਾਰਾਂ ਤੇ ਅਦਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। 'ਭਾਰਤ ਏਕ ਖੋਜ' ਸੀਰੀਅਲ ਦੀਆਂ ਵੱਖ-ਵੱਖ ਕਿਸ਼ਤਾਂ ਵਿਚ ਇਰਫ਼ਾਨ ਨੇ ਅਲਬਰੂਨੀ, ਸਲੀਮ, ਮਧੁਸੂਦਨ ਦੱਤਾ, ਇਤਿਹਾਸਕ ਕਿਰਦਾਰਾਂ ਦਾ ਰੋਲ ਬਾਖੂਬੀ ਨਿਭਾਇਆ। ਇਰਫ਼ਾਨ ਨੇ ਕੁਝ ਅੰਗਰੇਜ਼ੀ ਟੀ. ਵੀ. ਸੀਰੀਅਲ 'ਈਮੇਜ਼ਿੰਗ ਸਪੈਡਰ ਮੈਨ' ਵਿਚ ਵੀ ਅਭਿਨੈ ਕੀਤਾ।

ਇਰਫ਼ਾਨ ਖ਼ਾਨ ਸਾਰੀਆਂ ਫ਼ਿਲਮਾਂ ਵਿਚ ਸੁਹਿਰਦਤਾ ਸੰਜੀਦਗੀ ਨਾਲ ਭਰਪੂਰ ਅਦਾਕਾਰੀ ਵਾਲੀ ਮਿਸਾਲ ਕਾਇਮ ਕੀਤੀ। ਅਦਾਕਾਰੀ ਦੀ ਮੁਹਾਰਤ ਕਰਕੇ ਉਸ ਨੂੰ ਪਦਮ ਸ੍ਰੀ ਪੁਰਸਕਾਰ ਨਾਲ ਵੀ ਨਿਵਾਜਿਆ ਗਿਆ। ਉਸ ਦੀਆਂ ਸਾਰੀਆਂ ਹੀ ਬੇਹਤਰੀਨ ਫ਼ਿਲਮਾਂ ਹਨ ਪਰ ਉਹਨਾਂ ਵਿੱਚ 'ਪਾਨ ਸਿੰਘ ਤੋਮਰ', 'ਲੰਚ ਬਾਕਸ', 'ਪੀਕੂ', 'ਕਿੱਸਾ', 'ਅੰਗਰੇਜ਼ੀ ਮੀਡੀਅਮ', 'ਲਾਈਫ਼ ਇਜ਼ ਪਾਈ' ਵਿਚ ਉਸ ਨੇ ਅਦਾਕਾਰੀ ਦੇ ਨਮੂਨੇ ਪੇਸ਼ ਕੀਤੇ। ਇਰਫ਼ਾਨ ਖ਼ਾਨ ਨੇ ਇਕ ਗੱਲਬਾਤ ਦੌਰਾਨ ਕਿਹਾ ਕਿ ਹਿੰਦੀ ਸਿਨਮਾ ਵਿਚ ਦਲੀਪ ਕੁਮਾਰ ਤੇ ਅਮਿਤਾਭ ਬਚਨ ਦੋ ਸਿਖਰ ਹਨ। ਉਸਦਾ ਸੁਪਨਾ ਹੈ ਉਹ ਦੋਨਾਂ ਕਲਾਕਾਰ ਦੇ ਵਿਚਕਾਰ ਆਪਣੇ ਆਪ ਨੂੰ ਖੜਾ ਹੋਇਆ ਦੇਖਣਾ ਚਾਹੁੰਦਾ ਹੈ। ਪਰ ਅਮਿਤਾਭ ਬਚਨ 'ਪੀਕੂ' ਫ਼ਿਲਮ ਦੀ ਸ਼ੂਟਿੰਗ ਵਿਚ ਇਰਫ਼ਾਨ ਖ਼ਾਨ ਦੀ ਅਦਾਕਾਰੀ ਤੋਂ ਆਪ ਬਹੁਤ ਪ੍ਰਭਾਵਿਤ ਹੋਇਆ। ਲੰਚ ਬਾਕਸ' ਵਰਗੀ ਸਮਾਨਤਰ ਫ਼ਿਲਮ ਨੂੰ ਇਰਫਾਨ ਖ਼ਾਨ ਨੇ ਪਿਆਰ ਦੇ ਸੰਕਲਪ ਸਹਾਰੇ ਵਪਾਰਕ ਫ਼ਿਲਮ ਦੇ ਨਾਲ ਖੜੇ ਹੋਣ ਵਿਚ ਵੱਡੀ ਭੂਮਿਕਾ ਨਿਭਾਈ। 'ਪਾਨ ਸਿੰਘ ਤੋਮਰ' ਉਸ ਦੇ ਜੀਵਨ ਦੀ ਅਹਿਮ ਫ਼ਿਲਮ ਸੀ। ਜਿਸ ਵਿਚ ਅਦਾਕਾਰੀ ਕਰਕੇ ਉਸ ਦੀ ਰੂਹ ਨੂੰ ਚੈਨ ਮਿਲਿਆ। ਇਸ ਫ਼ਿਲਮ ਨੇ ਉਸ ਨੂੰ ਸਿਨਮਾ ਜਗਤ ਵਿਚ ਵੱਖਰੀ ਪਛਾਣ ਦਿੱਤੀ। ਹਿੰਦੀ ਫ਼ਿਲਮਾਂ ਤੋਂ ਇਲਾਵਾ ਅੰਗਰੇਜੀ ਫ਼ਿਲਮਾ ਨੇਮਸੇਕ, ਸਲੰਮਡਾਗ ਮਿਲੇਨੀਅਰ' ਅਤੇ 'ਲਾਇਫ਼ ਆਫ਼ ਪਾਈ' ਵਿਚ ਅਦਾਕਾਰੀ ਦੇ ਜੌਹਰ ਵਿਖਾਏ। ਇਰਫ਼ਾਨ ਖ਼ਾਨ ਨੇ ਬਹੁਪੱਖੀ ਤੇ ਬਹੁਪਾਸਾਰੀ ਪ੍ਰਤਿਭਾ ਵਾਲੀ ਅਦਾਕਾਰੀ ਕੀਤੀ। ਉਸ ਦੀ ਅਦਾਕਾਰੀ ਵਿਚ ਤਿੱਖਾਪਣ ਅਤੇ ਸੁਭਾਵਿਕਤਾ ਦੋ ਅਹਿਮ ਪਹਿਲੂ ਨਜ਼ਰ ਆਉਂਦੇ ਹਨ। ਜਿਸ ਨੂੰ ਉਸ ਦੀ ਅੰਗਰੇਜ਼ੀ ਮੀਡੀਅਮ ਫ਼ਿਲਮ ਵਿਚ ਦੇਖਿਆ ਜਾ ਸਕਦਾ ਹੈ। ਫਿਲਮ 'ਕਿੱਸਾ—ਦੀ ਟੇਲ ਆਫ਼ ਲੋਨਲੀ ਗੋਸਟ' ਜਿਸ ਦਾ ਬਿਰਤਾਂਤ ਪੰਜਾਬ ਵੰਡ ਦੇ ਦੁਖਾਂਤ ਨੂੰ ਮੁਖਾਤਿਬ ਹੈ। ਇਸ ਫ਼ਿਲਮ ਵਿਚ ਪੰਜਾਬ ਦੀ ਵੰਡ ਨੂੰ ਨਹੀਂ ਸਗੋਂ ਵੰਡ ਕਾਰਨ ਬੰਦੇ ਦੇ ਮਨ ਅੰਦਰ ਉਪਜੇ ਡਰ ਤੇ ਅਸੁਰੱਖਿਅਤ ਦੀ ਭਾਵਨਾ ਕਾਰਨ ਕੁੜੀ ਨਾਲੋਂ ਮੁੰਡੇ ਨੂੰ ਤਰਜੀਹ ਦੇਣ ਦੇ ਮਸਲੇ ਨੂੰ ਉਠਾਇਆ। ਇਰਫਾਨ ਇਸ ਫ਼ਿਲਮ ਦਾ ਮੁੱਖ ਕਿਰਦਾਰ ਸੀ। ਫ਼ਿਲਮ ਵਿਚਲੇ ਸਰਦਾਰ ਦਾ ਰੋਲ ਏਨਾ ਕਠਿਨ ਸੀ ਕਿ ਇਕ ਵਾਰ ਤਾਂ ਇਰਫ਼ਾਨ ਨੇ ਇਹ ਰੋਲ ਨਿਭਾਉਣ ਤੋਂ ਆਪਣੇ ਆਪ ਨੂੰ ਅਯੋਗ ਦਰਸਾਇਆ ਸੀ ਪਰ ਇਰਫ਼ਾਨ ਨੇ ਆਪਣੇ ਦ੍ਰਿੜ ਇਰਾਦੇ ਤੇ ਕਠਿਨ ਮਿਹਨਤ ਨਾਲ ਕਿਰਦਾਰ ਦੀ ਰੂਹ ਤੱਕ ਅੱਪੜ ਵਾਲੀ ਅਦਾਕਾਰੀ ਕੀਤੀ। ਇਰਫ਼ਾਨ ਖ਼ਾਨ ਦੀ ਅਦਾਕਾਰੀ ਵਿਚ ਜਿੰਨੀ ਗੁਣਵੱਤਾ, ਗੰਭੀਰਤਾ-ਗਹਿਰਾਈ, ਭਿੰਨਤਾ ਅਤੇ ਸੁਚੱਜਤਾ ਹੈ। ਉਸ ਨੂੰ ਸਮਝਣ ਲਈ ਵੀ ਉਸ ਦੇ ਪੱਧਰ ਦਾ ਅਦਾਕਾਰ ਤੇ ਗਿਆਨਵਾਨ ਹੋਣਾ ਲਾਜ਼ਮੀ ਹੈ। ਉਸ ਦੇ ਤੁਰ ਜਾਣ ਦੀ ਕਮੀ ਸਿਨਮਾ ਜਗਤ ਨੂੰ ਹਮੇਸ਼ਾ ਖਟਕਦੀ ਰਹੇਗੀ। ਇਰਫ਼ਾਨ ਦਾ ਜੋਬਨ ਰੁੱਤੇ ਤੁਰ ਜਾਣ ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਇਹ ਸਤਰਾਂ ਉਸ ਲਈ ਸ਼ਰਧਾਂਜਲੀ ਹਨ :

ਤੂੰ ਜੁਦਾ ਹੋਇਓ ਮੇਰੇ ਦਿਲ ਤੇ ਉਦਾਸੀ ਛਾ ਗਈ
ਪੀੜ ਦਿਲ ਦੀ ਬੂੰਦ ਬਣ ਕੇ ਅੱਖੀਆਂ ਵਿਚ ਆ ਗਈ।

ਜਾਂ

ਜੋਬਨ ਰੁੱਤੇ ਜੋ ਵੀ ਮਰਦਾ / ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ / ਜਾਂ ਕੋਈ ਕਰਮਾਂ ਵਾਲਾ !



*ਜਤਿੰਦਰ ਸਿੰਘ*
**ਸੰਪ : 94174 78446**

*ਸਿਨੇਮਾ ਜਗਤ*

# 'ਪੁੱਛਣ 'ਚ ਕੋਈ ਹਰਜ ਨਹੀਂ'

## ਰਜਿੰਦਰ ਕੁਮਾਰ ਨੇ ਬਰਟ੍ਰੇਂਡ ਰਸਲ ਨੂੰ ਇਕ ਹਿੰਦੀ ਫ਼ਿਲਮ 'ਚ ਕਿੱਦਾਂ ਲਿਆਂਦਾ

*ਸੀਮਾ ਸੋਨਿਕ ਆਲਿਮਚੰਦ*

ਸਾਲ 1963-64 ਵਿੱਚ ਰਜਿੰਦਰ ਕੁਮਾਰ ਫ਼ਿਲਮੀ ਦੁਨੀਆਂ ਦਾ ਬੇਤਾਜ਼ ਬਾਦਸ਼ਾਹ ਮੰਨਿਆ ਜਾਂਦਾ ਸੀ। ਇਹ ਉਹ ਸਮਾਂ ਸੀ ਜਦੋਂ ਇਕ ਨਵੀਂ ਫ਼ਿਲਮ ਸ਼ੈਲੀ ਦਾ ਅਰੰਭ ਵੀ ਹੋ ਰਿਹਾ ਸੀ ਜੋ ਲੋਕਾਈ ਦੇ ਜ਼ਿਹਨ ਦਾ ਹਿੱਸਾ ਬਣ ਰਹੀ ਸੀ। ਫਿਰ 1964-65 ਵਿੱਚ ਜਿੱਥੇ ਰਜਿੰਦਰ ਕੁਮਾਰ ਦੀਆਂ ਫ਼ਿਲਮਾਂ 'ਸੰਗਮ' ਤੇ 'ਜ਼ਿੰਦਗੀ' ਨੇ ਧੂੰਮਾਂ ਪਾਈਆਂ ਹੋਈਆਂ ਸਨ ਓਥੇ 'ਹਕੀਕਤ', 'ਦੋਸਤੀ', 'ਰਾਜ ਕੁਮਾਰ', 'ਜਿੱਦੀ' ਤੇ ਕਸ਼ਮੀਰ ਕੀ ਕਲੀਂ ਵਰਗੀਆਂ ਫ਼ਿਲਮਾਂ ਵੀ ਪਰਦੇ ਦੀ ਦੁਨੀਆਂ ਤੇ ਵਧੀਆ ਨਾਂਅ ਕਮਾ ਰਹੀਆਂ ਸਨ। ਇਹ ਉਹੀ ਸਮਾਂ ਸੀ ਜਦੋਂ ਭੇਤਭਰੀ ਕਹਾਣੀ ਲਈ ਮਸ਼ਹੂਰ ਫ਼ਿਲਮ 'ਵੋਹ ਕੌਨ ਥੀ' ਤੇ ਨਵੀਆਂ ਪੈੜਾਂ ਪਾਉਣ ਵਾਲੀ ਫ਼ਿਲਮ 'ਗਾਈਡ' ਆਈ ਸੀ।

ਰਜਿੰਦਰ ਕੁਮਾਰ ਨੂੰ ਲੱਗਦਾ ਸੀ ਕਿ ਆਪਣੀ ਮਿਹਨਤ ਨਾਲ ਸਫਲਤਾ ਤੇ ਸ਼ੋਹਰਤ ਦੀ ਬੁਲੰਦੀ ਛੂਹ ਜਾਣਾ ਤਾਂ ਇਕ ਗੱਲ ਹੁੰਦੀ ਹੈ ਪਰ ਓਸ ਬੁਲੰਦੀ ਦੇ ਖੁੱਸ ਜਾਣ ਦੇ ਡਰ ਤੇ ਕਾਬੂ ਪਾਉਣਾ ਤੇ ਇਸ ਤੋਂ ਬਣੇ ਰਹਿਣਾ ਦੂਸਰੀ। ਉਹਨੂੰ ਪਤਾ ਸੀ ਕਿ ਜੇ ਇਸ ਸਿਖ਼ਰ ਨੂੰ ਵੱਸ 'ਚ ਰੱਖਣਾ ਹੈ ਤਾਂ ਜ਼ਰੂਰੀ ਹੈ ਕਿ ਬੰਦਾ ਸਖ਼ਤ ਮਿਹਨਤ ਕਰੇ, ਕੰਮ ਤੇ ਚੱੜ੍ਹ ਕੇ ਰਹੇ ਤੇ ਆਪਣੇ ਆਪ 'ਚੋਂ ਰੋਜ਼ ਕੁਝ ਨਾ ਕੁਝ ਨਵਾਂ ਲੱਭਣ ਦਾ ਚੇਟਕ ਲਾਈ ਰੱਖੇ। ਤੇ ਇਹ ਸੱਭ ਕੁਝ ਕਰਨ ਲਈ ਉਹ ਤਿਆਰ ਸੀ। ਐਸੇ ਡੂੰਘੇ ਜਜ਼ਬੇ ਤੇ ਰਚਨਾਤਮਕ ਜਨੂੰਨ ਦਾ ਹੀ ਅਸਰ ਸੀ ਜਿਸ ਨੇ ਉਸ ਨੂੰ ਫ਼ਿਲਮ ਅਮਨ ਬਨਾਉਣ ਲਈ ਉਕਸਾਇਆ। ਇਹ ਉਸ ਵਿਲੱਖਣ ਖਿਆਲ ਦਾ ਵੀ ਸਿੱਟਾ ਸੀ ਜੋ ਸਾਲ 1965 ਦੇ ਅਖੀਰਲੇ ਦਿਨਾਂ ਤੋਂ ਉਹਦੇ ਮਨ 'ਚ ਪੁੰਗਰ ਰਿਹਾ ਸੀ।

ਇਕ ਦਿਨ ਫ਼ਿਲਮ ਦੇ ਨਿਰਦੇਸ਼ਕ ਨਾਲ ਵਿਚਾਰ ਵਿਟਾਦਰਾ ਕਰਦਿਆਂ ਰਜਿੰਦਰ ਕੁਮਾਰ ਕਹਿਣ ਲੱਗਾ, "ਮੋਹਨ, ਆਪਾਂ ਓਪਨਿੰਗ ਸੀਨ 'ਚ ਬਰਟ੍ਰੇਂਡ ਰਸਲ ਨੂੰ ਨਾ ਲੈ ਲਈਏ"। ਉਹ ਹੱਸ ਪਿਆ ਤੇ ਕਹਿਣ ਲੱਗਾ, ਮਜ਼ਾਕ ਕਰਦੇ ਓ, ਲਾਰਡ ਰਸਲ ਸਾਡੇ ਸਮੇਂ ਦਾ ਸਭ ਤੋਂ ਮਹਾਨ ਫਲਾਸਫਰ ਹੈ ਤੇ ਇੰਗਲੈਂਡ ਦੀ ਜੰਗ-ਵਿਰੋਧੀ ਤਨਜੀਮ ਦਾ ਉੱਘਾ ਮੈਂਬਰ। ਕਿੱਥੇ ਉਹਦਾ ਰੁਤਬਾਂ ਤੇ ਕਿੱਥੇ ਅਸੀਂ...ਆਮ ਫ਼ਿਲਮੀ ਲੋਕ, ਬੜਾ ਵੱਡਾ ਪਾੜਾ ਹੈ, ਕੌਣ ਭਰ ਸਕਦਾ ਹੈ"।

"ਇਹ ਤਾਂ ਠੀਕ ਹੈ", ਰਜਿੰਦਰ ਕੁਮਾਰ ਨੇ ਮੰਨਿਆ, ਪਰ ਉਹ ਪ੍ਰਮਾਣੂ ਹਥਿਆਰ ਬੰਦੀ ਦਾ ਹਾਮੀ ਹੈ ਤੇ ਸਾਡੀ ਫ਼ਿਲਮ 'ਅਮਨ' ਵੀ ਤਾਂ ਇਹੀ ਸੁਨੇਹਾ ਦੇਂਦੀ ਹੈ, ਪੁੱਛਣ 'ਚ ਕੀ ਹਰਜ ਹੈ"।

ਫਿਰ ਅਗਲੇ ਦਿਨ ਦੋ ਜਣਿਆਂ ਰਲਕੇ ਇਕ ਚਿੱਠੀ ਲਿਖੀ ਤੇ ਬਰਟ੍ਰੇਂਡ ਰਸਲ ਨੂੰ ਪੋਸਟ ਕਰ ਦਿੱਤੀ। ਹੈਰਾਨੀ ਵਾਲੀ ਗੱਲ ਕਹਿ ਲੋ ਕਿ ਦਸਾਂ ਕੁ ਦਿਨਾਂ ਬਾਅਦ ਹੀ ਉਸ ਮਹਾਨ ਫ਼ਲਾਸਫ਼ਰ ਦੇ ਸੈਕਟਰੀ ਦਾ ਜਵਾਬ ਆ ਗਿਆ : ਲਿਖਿਆ ਸੀ, "ਲਾਰਡ ਰਸਲ ਫਿਲਮ ਦੇ ਓਪਨਿੰਗ ਸੀਨ 'ਚ ਆਉਣ ਲਈ ਰਾਜ਼ੀ ਹੋ ਗਏ ਨੇ। ਪਰ ਉਹਨਾਂ ਦੀ ਹੁਣ ਉਮਰ ਹੋ ਗਈ ਹੈ, ਉਹ ਇੰਡੀਆ ਨਹੀ ਆ ਸੱਕਣਗੇ। ਹਾਂ, ਅਗਰ ਤੁਸੀਂ ਇੰਗਲੈਂਡ ਆ ਸਕੋ ਤਾਂ ਉਹਨਾ ਨੂੰ ਤੁਹਾਡੇ ਵਾਸਤੇ ਇੱਕ ਘੰਟਾ ਸਮਾਂ ਦੇਣ 'ਚ ਖ਼ੁਸ਼ੀ ਹੋਵੇਗੀ।

ਮੋਹਨ ਕੁਮਾਰ ਤੇ ਰਜਿੰਦਰ ਕੁਮਾਰ ਇਸ ਖ਼ਬਰ ਤੇ ਫੁੱਲੇ ਨਹੀਂ ਸਮਾ ਰਹੇ ਸਨ। ਉਹ ਬਿਨਾਂ ਕਿਸੇ ਦੇਰੀ ਦੇ, ਬਸ ਨਿਹਾਇਤ ਜ਼ਰੂਰੀ ਫ਼ਿਲਮੀ ਅਮਲਾ ਲੈਕੇ, ਇੰਗਲੈਂਡ ਲਈ ਰਵਾਨਾ ਹੋ ਗਏ। ਉਹ ਸਿੱਧੇ ਪੋਰਥਮਾਡਾਗ ਪਹੁੰਚੇ ਜਿੱਥੇ ਬਰਟ੍ਰੇਂਡ ਰਸਲ ਰਹਿੰਦਾ ਸੀ। ਇਹ ਨਾਰਥ ਵੇਲਜ਼ ਦਾ ਛੋਟਾ ਜਿਹਾ ਤੱਟੀ ਕਸਬਾ ਹੈ ਜੋ ਪਹਿਲਾਂ ਪੋਰਟ ਮਡੋਕ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ।

ਲਾਰਡ ਰਸਲ ਬਿਮਾਰੀ ਕਾਰਨ ਭਾਵੇਂ ਥੋੜ੍ਹਾ ਢਿੱਲਾ ਸੀ ਪਰ ਉਸ ਨੇ ਇੰਡੀਅਨ ਫ਼ਿਲਮ ਸਟਾਰ ਦੀ ਬੜੀ ਇੱਜਤ ਅਤੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ। ਉਹ ਇਸ ਸਦਭਾਵਨਾ ਭਰੀ ਮਿਲਣੀ ਤੇ ਫ਼ਿਲਮ ਦੀ ਸ਼ੂਟਿੰਗ ਵਿੱਚ ਏਨਾਂ ਗ੍ਰਸਤ ਹੋ ਗਿਆ ਕਿ, ਦਿੱਤੇ ਹੋਏ ਇੱਕ ਘੰਟੇ ਦੇ ਸਮੇਂ ਦੀ ਬਜਾਏ ਲਗਾਤਾਰ ਚਾਰ ਘੰਟੇ ਸੀਨ ਤੇ ਕੰਮ ਕਰਦਾ ਰਿਹਾ।

ਫ਼ਿਲਮ ਦੇ ਇਸ ਪਹਿਲੇ ਪੜਾਅ ਦੀ ਖ਼ੁਸ਼ਨੁਮਾ ਸ਼ੂਟਿੰਗ ਪੂਰੀ ਕਰਕੇ ਅਮਲਾ ਹਾਲੇ ਵਾਪਿਸ ਇੰਡੀਆ ਆਇਆ ਹੀ ਸੀ ਕਿ ਸਾਲ 1966 ਦੇ ਸ਼ੁਰੂ 'ਚ ਹੋਣ ਵਾਲੀ ਸ਼ੂਟਿੰਗ ਦੀਆਂ ਤਿਆਰੀਆਂ 'ਚ ਲੱਗ ਗਿਆ। ਜਾਪਾਨ ਵਿੱਚ ਅਮਨ ਦਾ ਇਹ ਦੂਜਾ ਸ਼ੂਟਿੰਗ ਸ਼ੈਡੂਅਲ ਤਕਰੀਬਨ ਤੀਹਾਂ ਦਿਨਾਂ ਤੋਂ ਉੱਪਰ ਚੱਲਿਆ। ਅਦਾਕਾਰਾਂ ਵਾਸਤੇ ਤਾਂ ਇਹ ਇਕ ਜਾਦੂਈ ਸਮਾਂ ਸੀ ਜੋ ਕਿਸੇ ਸੁਫਨੇ ਤੋਂ ਘੱਟ ਨਹੀਂ ਸੀ। ਇਕ ਬੰਨੇ ਜਾਪਾਨ ਦੇ ਸ਼ਹਿਰਾਂ ਦੀ ਰੌਣਕ ਤੇ ਚਮਕ ਦਮਕ, ਦੂਜੇ ਬੰਨੇ ਹਰਿਆਵਲ ਨਾਲ ਲੱਦੇ ਪਹਾੜ ਤੇ ਖੁਲ੍ਹੀਆਂ ਵਾਦੀਆਂ ਵਿੱਚ ਵੱਸੇ ਪਿੰਡਾਂ ਦੀ ਮਨਮੋਹਕ ਤਸਵੀਰ । ਇਸ ਖ਼ੂਬਸੂਰਤ ਆਲਮ ਦਾ ਅਸਰ ਫ਼ਿਲਮ ਦੇ ਮੁੱਖ ਕਲਾਕਾਰਾਂ ਰਜਿੰਦਰ ਕੁਮਾਰ ਤੇ ਸਾਇਰਾ ਬਾਨੋ ਤੇ ਵੀ ਹੋ ਰਿਹਾ ਸੀ। ਉਹ ਹੋਲੀ ਹੋਲੀ ਇੱਕ ਦੂਜੇ ਵੱਲ ਖਿੱਚੇ ਜਾ ਰਹੇ ਸਨ। ਹਰ ਸ਼ਾਮ ਦੋਵੇਂ ਹੋਟਲ ਦੇ ਸੁੰਦਰ ਬਗੀਚੇ ਵਿੱਚ ਟਹਿਲਣ ਲਈ ਨਿਕਲ ਜਾਂਦੇ। ਸਾਇਰਾ ਬਾਨੋ ਜਹੀ ਮੁਟਿਆਰ ਦੇ ਹੁਸਨ ਅੱਗੇ ਰਜਿੰਦਰ ਕੁਮਾਰ ਭਾਵੇਂ ਪ੍ਰਭਾਵਿਤ ਹੁੰਦਾ ਮਹਿਸੂਸ ਕਰਦਾ ਪਰ ਉਹ ਇਕ ਪਰਿਵਾਰਕ ਮੈਂਬਰ ਹੋਣ ਦੇ ਨਾਤੇ, ਕਦੀ ਵੀ ਨਹੀਂ ਚਾਹੁੰਦਾ ਸੀ ਕਿ ਕਿਸੇ ਰੋਮਾਂਟਿਕ ਉਲਝਣ ਵਿਚ ਫਸੇ। ਏਧਰ ਬੰਬਈ 'ਚ ਫ਼ਿਲਮੀ ਰਸਾਲਿਆਂ ਨੇ ਦੋਵਾਂ ਦੇ ਪ੍ਰੇਮ-ਸੰਬੰਧਾਂ ਦੀ ਚਰਚਾ ਛੇੜ ਦਿੱਤੀ ਸੀ। ਅਫ਼ਵਾਹਾਂ ਸਰਗਰਮ ਸਨ। ਕਿਧਰੇ ਇਕੱਠਿਆਂ ਦੀਆਂ ਫੋਟੋਆਂ ਛਪ ਰਹੀਆਂ ਹੁੰਦੀਆਂ ਤੇ ਕਿਧਰੇ ਲੰਮੇ ਲੰਮੇ ਲੇਖ ਲਿਖੇ ਜਾਂਦੇ ਜਿਨਾਂ ਵਿੱਚ ਦੋਨਾਂ ਦੀ ਮੁਹੱਬਤ ਦਾ ਵੇਰਵਾਂ ਤਫਸੀਲ ਨਾਲ ਕੀਤਾ ਹੁੰਦਾ।

ਰਜਿੰਦਰ ਕੁਮਾਰ ਦੱਸਦਾ ਹੈ, "ਅਮਨ ਮਈ 1967 ਵਿੱਚ ਰਲੀਜ਼ ਹੋਈ ਪਰ ਬਾਕਸ ਆਫ਼ਿਸ ਤੇ ਪੂਰੀ ਨਾ ਉੱਤਰੀ। ਇਹ ਫ਼ਿਲਮ ਭਾਰਤੀ ਦਰਸ਼ਕਾਂ ਲਈ ਆਪਣੇ ਸਮੇਂ ਤੋਂ ਕਿਤੇ ਪਹਿਲਾਂ ਬਣ ਗਈ ਸੀ। ਪਰ ਦੂਸਰੇ ਕਈ ਦੇਸ਼ਾਂ ਜਿਵੇਂ ਇਰਾਨ, ਲੇਬਨਾਨ, ਮਿਸਰ ਵਿੱਚ ਲੋਕਾਂ ਇਸ ਨੂੰ ਬਹੁਤ ਪਸੰਦ ਕੀਤਾ। ਇਰਾਨੀਅਨ ਮੈਨੂੰ ਵੇਖ ਕੇ ਭੱਜੇ ਆਉਂਦੇ ਤੇ ਕਹਿੰਦੇ, ਅਗਾ ਕੁਮਾਰ...ਯਾ ਅੱਲਾ ਯਾ ਅੱਲਾ...ਅਮਨ... ਯਾ ਅਲਾ ਯਾ ਅੱਲਾ। ਬਰਟ੍ਰੇਂਡ ਰਸਲ ਦਾ ਸਾਡੀ ਫ਼ਿਲਮ ਵਿਚ ਹੋਣਾ ਮੇਰੇ ਲਈ ਮਾਣ ਵਾਲੀ ਗੱਲ ਸੀ ਪਰ ਹਾਸੇ ਵਾਲੀ ਗੱਲ ਇਹ ਸੀ ਕਿ ਭਾਰਤੀ ਦਰਸ਼ਕਾਂ ਨੂੰ ਨਾ ਤਾਂ ਇਹ ਪਤਾ ਸੀ ਕਿ ਉਹ ਹੈ ਕੌਣ, ਨਾ ਹੀ ਉਹ ਇਹ ਸਮਝਦੇ ਸੀ ਕਿ ਉਹਦਾ ਫ਼ਿਲਮ ਵਿੱਚ ਕਰਦਾਰ ਕੀ ਹੈ, ਸੁਨੇਹਾ ਕੀ ਹੈ। ਉਹ ਸੋਚਦੇ ਸੀ, ਪਤਾ ਨਹੀਂ ਕੌਨਸਾ ਬੂੜ੍ਹਾ ਕਹਾਂ ਸੇ ਪਕੜ ਲਾਏ ਹੈ। ਅਮਨ ਹੀ ਇੱਕ ਐਸੀ ਫ਼ਿਲਮ ਸੀ ਜਿਹਦੇ 'ਚ ਬਰਟ੍ਰੇਂਡ ਰਸਲ ਨੇ ਕੰਮ ਕੀਤਾ ਤੇ ਇਹ ਲਾਜਵਾਬ ਕੰਮ ਸੀ।

ਇਸ ਫ਼ਿਲਮ ਦੇ ਆਖਰੀ ਸੀਨ ਦੀ ਸ਼ੂਟਿੰਗ ਦਿੱਲੀ ਹੋਣੀ ਸੀ, ਜਿਹਦੇ ਵਿੱਚ ਇੱਕ ਅਰਥੀ ਨੂੰ ਦਾਹ ਸੰਸਕਾਰ ਲਈ ਲਿਜਾਂਦੇ ਹੋਏ ਦਿਖਾਉਣਾ ਸੀ। ਇਸ ਲਈ ਅਖ਼ਬਾਰ ਵਿਚ ਇਕ ਛੋਟਾ ਜਿਹਾ ਇਸ਼ਤਿਹਾਰ ਵੀ ਦਿੱਤਾ ਗਿਆ ਸੀ, ਕਿ ਜਿਹੜੇ ਲੋਕ ਸ਼ੂਟਿੰਗ ਵੇਖਣਾ ਚਾਹੁੰਦੇ ਹੋਣ ਤੇ ਇਸ ਸੀਨ ਦਾ ਹਿੱਸਾ ਬਣਨਾ ਚਾਹੁੰਦੇ ਹੋਣ, ਉਹ ਇੰਡੀਆ ਗੇਟ ਤੇ ਕੁੱਝ ਫੁੱਲ ਲੈਕੇ ਪਹੁੰਚ ਜਾਣ। ਅਗਲੇ ਦਿਨ ਜੋ ਸ਼ੂਟਿੰਗ ਦੌਰਾਨ ਅਰਥੀ ਨੂੰ ਲਿਜਾਇਆ ਜਾ ਰਿਹਾ ਸੀ ਤੇ ਬੈਕ-ਗਰਾਂਊਂਡ ਵਿਚ 'ਅਮਨ ਦਾ ਫਰਿਸ਼ਤਾ' ਗੀਤ ਵੱਜ ਰਿਹਾ ਸੀ, ਲੱਖਾਂ ਦੀ ਗਿਣਤੀ 'ਚ ਲੋਕ ਫੁੱਲ ਸੁੱਟ ਰਹੇ ਸਨ। ਹੱਲਾ ਹੋ ਗਿਆ ਚਾਰੇ ਪਾਸੇ ਭੀੜ ਉਮੜ ਆਈ ਸੀ। ਤਕਰੀਬਨ ਓਸੇ ਹੀ ਟਾਈਮ ਸ੍ਰੀ ਮਤੀ ਇੰਦਰਾ ਗਾਂਧੀ ਨੇ ਵੀ ਓਧਰ ਦੀ ਜਾਣਾ ਸੀ, ਪਰ ਇਸ ਰੌਲੇ-ਰੱਪੇ ਵਿਚ ਉਹਦਾ ਲੰਘਣਾ ਮੁਸ਼ਕਿਲ ਹੋ ਗਿਆ। ਉਹਨਾਂ ਪੁੱਛਿਆ, "ਕੀ ਹੋ ਰਿਹਾ ਹੈ?" ਕਿਸੇ ਨੇ ਦੱਸਿਆ, "ਫ਼ਿਲਮ ਦੀ ਸ਼ੂਟਿੰਗ"। ਬਸ ਫਿਰ ਕੀ ਸੀ, ਓਸੇ ਦਿਨ ਤੋਂ ਰਾਜਪੱਥ 'ਤੇ ਸ਼ੂਟਿੰਗ ਤੇ ਬੈਨ ਲੱਗ ਗਿਆ। ਪਰ ਜਦੋਂ ਫ਼ਿਲਮ ਰਿਲੀਜ਼ ਹੋਈ ਲੋਕਾਂ ਸੋਚਿਆ ਇਹ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰ ਦੀ ਅਰਥੀ ਦਾ ਅਸਲੀ ਸੀਨ ਸੀ। ਜਦਕਿ ਹੈ ਨਹੀਂ ਸੀ।

'ਅਮਨ' ਵਿੱਚ ਲਾਰਡ ਬਰਟ੍ਰੇਂਡ ਰਸਲ ਦੀ ਵਿਸ਼ੇਸ਼ ਭੂਮਿਕਾ ਹੈ ਹੀ ਸੀ, ਇਸ ਤੋਂ ਇਲਾਵਾ ਮਸ਼ਹੂਰ ਗਜ਼ਲਗੋ ਜਗਜੀਤ ਸਿੰਘ ਨੇ ਵੀ ਇਸ ਵਿੱਚ ਬੜਾ ਅਨੂਠਾ ਰੋਲ ਨਿਭਾਇਆ ਸੀ ਤੇ ਨਸਰੁੱਦੀਨ ਸ਼ਾਹ ਨੇ ਇਸ ਵਿੱਚ ਐਕਸਟਰਾ ਦਾ ਕੰਮ ਕਰਕੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।

ਚਾਹੇ ਅਲੋਚਕਾਂ ਨੇ ਰਜਿੰਦਰ ਕੁਮਾਰ ਦੀ ਅਦਾਕਾਰੀ ਨੂੰ ਖ਼ੂਬ ਸਲਾਹਿਆ ਸੀ, ਖਾਸ ਕਰਕੇ ਉਹਦੀ ਬਲਰਾਜ ਸਾਹਨੀ ਨਾਲ ਹੋਈ ਆਹਮੋ ਸਾਹਮਣੀ ਟੱਕਰ ਵਾਲੇ ਸੀਨ ਦੀ ਬਹੁਤ ਸ਼ਲਾਘਾ ਹੋਈ ਸੀ , ਪਰ ਬਾਕਸ ਆਫਿਸ ਤੇ ਇਹ ਫਿਲਮ ਖਰੀ ਨਾ ਉੱਤਰੀ ਤੇ ਫੇਲ ਹੋ ਗਈ। ਆਖਿਰ ਇਹ ਰਜਿੰਦਰ ਕੁਮਾਰ ਦੀ ਬਸ ਇਕ ਹੋਰ ਫਿਲਮ ਬਣਕੇ ਰਹਿ ਗਈ ਸੀ।

(ਸੀਮਾ ਸੋਨਿਕ ਆਲਿਮਚੰਦ ਦੀ ਕਿਤਾਬ 'ਜੁਬਲੀ ਕੁਮਾਰ' ਦਾ ਇਕ ਅੰਸ਼)

*ਬਾਲ ਕਹਾਣੀ*

# ਸ਼ਰਤ

*ਐਂਟੋਨ ਚੈਖ਼ਵ*

ਅਨੁ : ਬਲਰਾਜ ਧਾਰੀਵਾਲ

ਇਹ ਗੱਲ 1870 ਈਸਵੀ ਦੀ ਪੱਤਝੜ ਦੇ ਮੌਸਮ ਦੀ ਹੈ। ਇਕ ਅਮੀਰ ਸ਼ਾਹੂਕਾਰ ਨੇ ਖ਼ੁਸ਼ੀ ਨਾਲ ਆਪਣੇ ਦੋਸਤਾਂ ਤੇ ਜਾਣਕਾਰਾਂ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ। ਉਹ ਕਈ ਤਰ੍ਹਾਂ ਦੀਆਂ ਗੱਲਾਂ ਬਾਤਾਂ ਕਰਨ ਲੱਗੇ। ਇਹਨਾਂ ਗੱਲਾਂ ਦੇ ਦਰਮਿਆਨ ਹੀ ਉਹਨਾਂ ਦੀ ਗੱਲ-ਬਾਤ ਦਾ ਵਿਸ਼ਾ ਛੇਤੀ ਹੀ ਮੌਤ ਦੀ ਸਜ਼ਾ 'ਤੇ ਪਹੁੰਚ ਗਿਆ। ਕਈ ਲੋਕ ਬਹਿਸ ਕਰਨ ਲੱਗੇ ਕਿ ਮੌਤ ਦੀ ਸਜ਼ਾ ਦੇਣਾ ਅਨੈਤਿਕ ਕੰਮ ਹੈ, ਤੇ ਇਸ ਦੀ ਥਾਂ 'ਤੇ ਜ਼ਿੰਦਗੀ ਭਰ ਦੀ ਜੇਲ੍ਹ ਹੋਣੀ ਚਾਹੀਦੀ ਹੈ, ਪਰ ਕਈਆਂ ਨੂੰ ਮੌਤ ਦੀ ਸਜ਼ਾ 'ਤੇ ਵੀ ਕੋਈ ਇਤਰਾਜ਼ ਨਹੀਂ ਸੀ। ਮੇਜ਼ਬਾਨ ਵੀ ਮੌਤ ਦੀ ਸਜ਼ਾ ਦੀ ਪੂਰੀ ਤਰ੍ਹਾਂ ਹਮਾਇਤ ਕਰ ਰਿਹਾ ਸੀ।

ਜਦੋਂ ਇਹ ਬਹਿਸ ਚੱਲ ਰਹੀ ਸੀ ਤਾਂ, ਮੇਜ਼ਬਾਨ ਨੇ ਇਸ ਵਿਸ਼ੇ 'ਤੇ ਆਪਣੇ ਮਹਿਮਾਨਾਂ 'ਚੋਂ ਇਕ ਨੌਜਵਾਨ ਵਕੀਲ ਦੇ ਵਿਚਾਰ ਜਾਨਣੇ ਚਾਹੇ।

ਵਕੀਲ ਨੇ ਕਿਹਾ, "ਮੌਤ ਦੀ ਸਜ਼ਾ ਤੇ ਜ਼ਿੰਦਗੀ ਭਰ ਦੀ ਜੇਲ੍ਹ, ਦੋਹਵੇਂ ਇਕੋ ਜਿਹੀਆਂ ਹੀ ਅਨੈਤਿਕ ਸਜ਼ਾਵਾਂ ਹਨ, ਪਰ ਫੇਰ ਵੀ ਮੈਨੂੰ ਇਹਨਾਂ ਦੋਹਵਾਂ 'ਚੋਂ ਇਕ ਚੁਣਨੀ ਪਏ ਤਾਂ ਮੈਂ ਜ਼ਿੰਦਗੀ ਭਰ ਦੀ ਜੇਲ੍ਹ ਹੀ ਠੀਕ ਸਮਝਾਗਾਂ। ਮਰ ਜਾਣ ਨਾਲੋਂ ਕਿਸੇ ਨਾ ਕਿਸੇ ਤਰ੍ਹਾਂ ਜਿਊਂਦੇ ਰਹਿਣਾ ਬੇਹਤਰ ਹੈ।"

ਮੇਜ਼ਬਾਨ, ਮੇਜ਼ 'ਤੇ ਆਪਣਾ ਮੁੱਕਾ ਮਾਰਦਿਆਂ ਹੋਇਆਂ ਜ਼ੋਰ ਦੀ ਚਿੱਲਾਇਆ, "ਮੈਂ ਤੇਰੇ ਨਾਲ ਦੋ ਮਿਲੀਅਨ ਡਾਲਰ ਦੀ ਸ਼ਰਤ ਲਾਉਂਦਾ ਹਾਂ ਕਿ ਤੂੰ ਜੇਲ੍ਹ 'ਚ ਬਿਲਕੁਲ ਇੱਕਲਾ ਪੰਜ ਸਾਲ ਵੀ ਨਹੀਂ ਰਹਿ ਸਕਦਾ"।

"ਜੇ ਤੁਸੀਂ ਇਹ ਗੱਲ ਬੜੀ ਇਮਾਨਦਾਰੀ ਨਾਲ ਕਹਿ ਰਹੇ ਹੋ ਤਾਂ ਮੈਨੂੰ ਸ਼ਰਤ ਮਨਜ਼ੂਰ ਹੈ, ਪਰ ਮੈਂ ਪੰਜ ਨਹੀਂ, ਬਲਕਿ ਪੂਰੇ ਪੰਦਰਾਂ ਸਾਲ ਜੇਲ੍ਹ 'ਚ ਰਹਾਂਗਾ"।

"ਪੰਦਰਾਂ ਸਾਲ? ਠੀਕ ਹੈ! ਮੈਂ ਆਪਣੇ ਦੋ ਮਿਲੀਅਨ ਡਾਲਰ ਦਾਅ 'ਤੇ ਲਾਉਂਦਾ ਹਾਂ"।

ਪਰ ਫੇਰ ਕੁਝ ਚਿਰ ਸੋਚ ਕੇ, ਮੇਜ਼ਬਾਨ ਨੇ ਵਕੀਲ ਨੂੰ ਇਸ ਗੱਲ ਬਾਰੇ ਦੁਬਾਰਾ ਸੋਚਣ ਲਈ ਕਿਹਾ। ਨੌਜਵਾਨ ਵਕੀਲ ਤਾਂ ਪਹਿਲਾਂ ਹੀ ਲਾਲਚ ਵੱਸ ਹੋ ਕੇ ਅੰਨ੍ਹਾ ਹੋ ਗਿਆ ਸੀ, ਏਦਾਂ ਕਰਨ ਨਾਲ ਉਸਨੇ ਉਹਨਾਂ ਸਾਰੀਆਂ ਮੁਸੀਬਤਾਂ ਤੋਂ ਵੀ ਬਚ ਜਾਣਾ ਸੀ, ਜਿਹੜੀਆਂ ਜ਼ਿੰਦਗੀ 'ਚ ਸੈੱਟ ਹੋਣ ਲਈ ਹਰ ਇਕ ਨੂੰ ਝੱਲਣੀਆਂ ਪੈਂਦੀਆਂ ਹਨ। ਇਸ ਵੇਲੇ ਉਹ ਸਿਰਫ਼ ਪੰਝੀ ਸਾਲਾਂ ਦਾ ਸੀ, ਉਸਦਾ ਸੁਪਨਾ ਸੀ ਕਿ ਜੇਲ੍ਹ ਕੱਟਣ ਤੋਂ ਬਾਅਦ, ਉਸਦੀ ਉਮਰ ਚਾਲੀ ਸਾਲ ਹੋ ਜਾਵੇਗੀ ਤੇ ਬਾਕੀ ਦੀ ਸਾਰੀ ਜ਼ਿੰਦਗੀ ਉਹ ਸ਼ਾਹੂਕਾਰ ਦੇ ਪੈਸੇ ਨਾਲ ਐਸ਼ੋ-ਆਰਾਮ ਨਾਲ ਬਿਤਾਏਗਾ। ਉਸਨੇ ਬੇਫ਼ਿਕਰੀ ਨਾਲ ਜਵਾਬ ਦਿੱਤਾ, "ਤੁਸੀਂ ਆਪਣੇ ਦੋ ਮਿਲੀਅਨ ਦਾਅ 'ਤੇ ਲਾ ਦਿਉ ਤੇ ਮੈਂ ਆਪਣੀ ਆਜ਼ਾਦੀ ਦਾਅ 'ਤੇ ਲਾਉਂਦਾ ਹਾਂ"। ਖਾਣੇ ਵਾਲੀ ਮੇਜ਼ 'ਤੇ, ਚਿੰਤਾ ਤੇ ਹੈਰਾਨੀ ਭਰੇ ਬੇਚੈਨ ਜਿਹੇ ਮਾਹੌਲ 'ਚ ਇਸ ਗੱਲ 'ਤੇ ਸਹਿਮਤੀ ਹੋ ਗਈ ਕਿ ਵਕੀਲ 14 ਨਵੰਬਰ, 1870 ਨੂੰ ਦੁਪਹਿਰੇ ਬਾਰਾਂ ਵਜੇ ਆਪਣੀ ਪੰਦਰਾਂ ਸਾਲਾਂ ਦੀ ਇਕੱਲਤਾ ਭਰੀ ਸਜ਼ਾ ਸ਼ੁਰੂ ਕਰੇਗਾ, ਜਿਹੜੀ ਕਿ 14 ਨਵੰਬਰ 1885 ਨੂੰ ਦੁਪਹਿਰੇ ਬਾਰਾਂ ਵਜੇ ਖ਼ਤਮ ਹੋਵੇਗੀ। ਇਹ ਸਜ਼ਾ ਸ਼ਾਹੂਕਾਰ ਦੀ ਆਪਣੀ ਹੀ ਰਿਹਾਇਸ਼ 'ਚ ਬਣੇ ਹੋਏ ਇਕ ਛੋਟੇ ਜਿਹੇ ਘਰ 'ਚ ਦਿੱਤੀ ਜਾਵੇਗੀ, ਜਿਹੜਾ ਸਖ਼ਤ ਨਿਗਰਾਨੀ ਹੇਠ ਰਹੇਗਾ। ਬਾਹਰ ਦੇ ਕਿਸੇ ਵੀ ਆਦਮੀ ਨਾਲ ਉਸਦਾ ਕੋਈ ਸਬੰਧ ਨਹੀਂ ਰਹੇਗਾ, ਤੇ ਉਸਨੂੰ ਸਜ਼ਾ ਦੇ ਇਹਨਾਂ ਪੰਦਰਾਂ ਸਾਲਾਂ 'ਚ ਸਮਾਂ ਬਿਤਾਉਣ ਲਈ ਇਕ ਪਿਆਨੋ ਦਿੱਤੀ ਜਾਵੇਗੀ, ਤੇ ਜਿੰਨੀਆਂ ਕਿਤਾਬਾਂ ਉਹ ਚਾਹੇਗਾ, ਪੜ੍ਹਨ ਨੂੰ ਦਿੱਤੀਆਂ ਜਾਣਗੀਆਂ। ਇਹ ਵੀ ਫ਼ੈਸਲਾ ਹੋਇਆ ਕਿ ਜੇ ਵਕੀਲ ਨੇ ਆਪਣੀ

ਵੱਲੋਂ ਸ਼ਰਤ ਤੋੜਨ ਦੀ ਕੋਈ ਕੋਸ਼ਿਸ਼ ਕੀਤੀ, ਭਾਵੇਂ ਕਿ ਅਜਿਹੀ ਕੋਸ਼ਿਸ਼ ਉਹ ਸਜ਼ਾ ਖ਼ਤਮ ਹੋਣ ਦੇ ਆਖ਼ਰੀ ਮਿੰਟ ਹੀ ਕਰੇ, ਤਾਂ ਸ਼ਾਹੂਕਾਰ 'ਤੇ ਉਸ ਸ਼ਰਤ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਇੰਜ ਇਕੱਲਤਾ ਭਰੀ ਸਜ਼ਾ ਸ਼ੁਰੂ ਹੋ ਗਈ। ਸ਼ੁਰੂ-ਸ਼ੁਰੂ 'ਚ ਵਕੀਲ ਕੁਝ ਢਹਿੰਦੀ ਕਲਾ ਤੇ ਇਕੱਲਤਾ ਮਹਿਸੂਸ ਕਰਨ ਲੱਗਾ, ਤੇ ਆਪਣਾ ਜ਼ਿਆਦਾ ਸਮਾਂ ਪਿਆਨੋ ਵਜਾਉਣ 'ਤੇ ਬਿਤਾਉਣ ਲੱਗਾ। ਫੇਰ ਉਸਨੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ। ਪਹਿਲਾਂ-ਪਹਿਲਾਂ ਤਾਂ ਉਸਨੇ ਪੜ੍ਹਨ ਲਈ ਸਮਕਾਲੀ ਨਾਵਲ, ਤੇ ਨਿੱਕੀਆਂ ਕਹਾਣੀਆਂ ਨੂੰ ਚੁਣਿਆ। ਫੇਰ ਉਸਨੇ ਸ੍ਰੇਸ਼ਟ ਨਾਵਲ ਪੜ੍ਹਨ ਵੱਲ ਧਿਆਨ ਕੇਂਦਰਿਤ ਕੀਤਾ। ਜਿੰਨੇ ਵੀ ਉਸਨੂੰ ਅਜਿਹੇ ਸ੍ਰੇਸ਼ਟ ਨਾਵਲ ਮਿਲੇ, ਉਹਨਾਂ ਨੂੰ ਪੜ੍ਹ ਕੇ, ਉਸਨੇ ਇਕ ਤੋਂ ਬਾਅਦ ਇਕ ਕਰਕੇ ਛੇ ਭਾਸ਼ਾਵਾਂ ਸਿੱਖੀਆਂ। ਇਹਨਾਂ ਭਾਸ਼ਾਵਾਂ 'ਤੇ ਪੂਰੀ ਪਕੜ ਬਣਾ ਕੇ ਉਸਨੇ ਆਪਣਾ ਮਨ ਬਾਈਬਲ, ਧਰਮ ਸ਼ਾਸਤਰ, ਤੇ ਅਧਿਆਤਮਿਕਤਾ ਦੀਆਂ ਕਿਤਾਬਾਂ ਪੜ੍ਹਨ 'ਤੇ ਇਕਾਗਰ ਕਰ ਲਿਆ।

ਇਸ ਸਮੇਂ ਦੌਰਾਨ, ਜੂਏ ਤੇ ਸ਼ਿਅਰ ਬਾਜ਼ਾਰ ਦੇ ਸੱਟੇ-ਬਾਜ਼ੀ ਨੇ ਸ਼ਾਹੂਕਾਰ ਨੂੰ ਲੱਗਭਗ ਦੀਵਾਲੀਆ ਕਰ ਦਿੱਤਾ ਸੀ। ਹੁਣ ਉਸਨੂੰ ਫ਼ਿਕਰ ਸੀ ਕਿ ਉਹ ਵਕੀਲ ਦੀ ਸ਼ਰਤ ਦੇ ਪੈਸੇ ਉਸਨੂੰ ਦੇ ਨਹੀਂ ਸਕੇਗਾ, ਤੇ ਇਸ ਬਦਨਾਮੀ ਤੋਂ ਬਚਣ ਲਈ ਉਸਨੇ ਵਕੀਲ ਦਾ ਕਤਲ ਕਰਨ ਦਾ ਫ਼ੈਸਲਾ ਕਰ ਲਿਆ।

ਹੁਣ ਵਕੀਲ ਦੀ ਜੇਲ੍ਹ ਤੋਂ ਰਿਹਾਅ ਹੋਣ ਤੋਂ ਇਕ ਦਿਨ ਪਹਿਲਾਂ ਦੀ ਸ਼ਾਮ ਆ ਗਈ ਸੀ। ਰਾਤ ਦੇ ਸੰਨਾਟੇ ਵਿੱਚ, ਸ਼ਾਹੂਕਾਰ ਆਪਣੀ ਖ਼ਤਰਨਾਕ ਯੋਜਨਾ ਸਿਰੇ ਚਾੜ੍ਹਨ ਲਈ ਵਕੀਲ ਦੇ ਕਮਰੇ 'ਚ ਦਾਖ਼ਲ ਹੋਇਆ। ਵਕੀਲ ਕੁਰਸੀ 'ਤੇ ਗੂੜ੍ਹੀ ਨੀਂਦ 'ਚ ਸੁੱਤਾ ਪਿਆ ਸੀ, ਤੇ ਉਸਨੇ ਆਪਣਾ ਸਿਰ ਕਿਤਾਬਾਂ ਦੇ ਢੇਰ 'ਤੇ ਰੱਖਿਆ ਹੋਇਆ ਸੀ। ਜਿਉਂ ਹੀ ਸ਼ਾਹੂਕਾਰ ਵਕੀਲ ਦੇ ਨੇੜੇ ਪੁੱਜਾ, ਉਹ ਮੇਜ਼ 'ਤੇ ਇਕ ਲੰਬੀ ਚਿੱਠੀ ਪਈ ਦੇਖ ਕੇ ਹੈਰਾਨ ਰਹਿ ਗਿਆ। ਇਹ ਚਿੱਠੀ ਸ਼ਾਹੂਕਾਰ ਨੂੰ ਹੀ ਲਿਖੀ ਗਈ ਸੀ। ਕੰਬਦੇ ਹੱਥਾਂ ਨਾਲ ਉਸਨੇ ਉਹ ਚਿੱਠੀ ਫੜੀ, ਤੇ ਪੜ੍ਹਨ ਲਗ ਪਿਆ। ਇਸ ਉੱਪਰ ਲਿਖਿਆ ਸੀ:

"ਕੱਲ ਬਾਰਾਂ ਵਜੇ ਮੇਰੀ ਆਜ਼ਾਦੀ ਮੈਨੂੰ ਵਾਪਸ ਮਿਲ ਜਾਣੀ ਹੈ। ਮੈਂ ਪੰਦਰਾਂ ਸਾਲਾਂ 'ਚ ਦੱਬ ਕੇ ਦੁਨਿਆਵੀ ਜੀਵਨ ਦਾ ਅਧਿਅਨ ਕੀਤਾ ਹੈ। ਤੁਹਾਡੀਆਂ ਕਿਤਾਬਾਂ ਨੇ ਮੈਨੂੰ ਬੜੀਆਂ ਸਿਆਣਪ ਭਰੀਆਂ ਗੱਲਾਂ ਸਿਖਾਈਆਂ ਹਨ। ਮੈਂ ਨਤੀਜਾ ਕੱਢਿਆ ਹੈ ਕਿ ਇਹ ਸਭ ਕੁਝ ਛਲਾਵਾ ਹੈ, ਤੁਸੀਂ ਜਿੰਨੇ ਮਰਜ਼ੀ ਅਭਿਮਾਨੀ ਹੋਵੋ, ਸਿਆਣੇ ਹੋਵੋ ਅਤੇ ਹਰ ਪਖੋਂ ਬੇਹਤਰ ਹੋਵੋ, ਪਰ ਮੌਤ ਤੁਹਾਨੂੰ ਇਸ ਦੁਨੀਆਂ ਤੋਂ ਇੰਜ ਲੈ ਜਾਵੇਗੀ, ਜਿਵੇਂ ਤੁਹਾਡੀ ਹਸਤੀ ਇਕ ਚੂਹੇ ਤੋਂ ਵੱਧ ਨਾ ਹੋਵੇਸ਼। ਤੁਸੀਂ ਆਪਣਾ ਵਿਵੇਕ ਗੁਆ ਚੁੱਕੇ ਹੋ, ਤੇ ਗ਼ਲਤ ਰਾਹ 'ਤੇ ਪੈ ਗਏ ਹੋਸ਼। ਇਸ ਲਈ ਮੈਨੂੰ ਤੁਹਾਡੇ 'ਤੇ ਹੈਰਾਨੀ ਹੁੰਦੀ ਹੈ ਕਿ ਤੁਸੀਂ ਦੁਨਿਆਵੀ ਚੀਜ਼ਾਂ ਬਦਲੇ ਸਵਰਗ ਦਾ ਸੌਦਾ ਕਰਦੇ ਹੋ!

"ਆਪਣੇ ਆਪ 'ਤੇ ਇਹ ਗੱਲ ਸੱਚਮੁਚ ਸਿੱਧ ਕਰਨ ਲਈ, ਮੈਂ ਹੁਣ ਉਹਨਾਂ ਸਾਰੀਆਂ ਚੀਜ਼ਾਂ ਨੂੰ ਨਫ਼ਰਤ ਕਰਦਾ ਹਾਂ, ਜਿਹੜੀਆਂ ਤੁਹਾਡੇ ਲਈ ਜ਼ਰੂਰੀ ਹਨ, ਮੈਂ ਉਹ ਦੋ ਮਿਲੀਅਨ ਡਾਲਰ ਛੱਡ ਰਿਹਾ ਹਾਂ, ਜਿੰਨ੍ਹਾਂ ਨੂੰ ਕਦੀ ਸਵਰਗ ਸਮਝ ਕੇ ਮੈਂ ਉਹਨਾਂ ਦਾ ਸੁਪਨਾ ਦੇਖਿਆ ਸੀ, ਪਰ ਹੁਣ ਮੈਂ ਉਹਨਾਂ ਨੂੰ ਨਫ਼ਰਤ ਕਰਦਾ ਹਾਂ, ਆਪਣੇ ਆਪ ਨੂੰ ਮੈਂ ਇਸ ਪੈਸੇ ਦੇ ਹੱਕ ਤੋਂ ਮੁਕਤ ਕਰਾਉਣ ਲਈ, ਮੈਂ ਇਥੋਂ ਮਿਥੇ ਹੋਏ ਸਮੇਂ ਤੋਂ ਪੰਜ ਮਿੰਟ ਪਹਿਲਾਂ ਚਲਾ ਜਾਵਾਂਗਾ, ਤੇ ਸ਼ਰਤ ਵਾਲਾ ਇਕਰਾਰ ਨਾਮਾ ਆਪਣੇ ਆਪ ਹੀ ਖ਼ਤਮ ਹੋ ਜਾਵੇਗਾਸ਼"।

ਚਿੱਠੀ ਪੜ੍ਹਨ ਤੋਂ ਬਾਅਦ ਸ਼ਾਹੂਕਾਰ ਦੀਆਂ ਅੱਖਾਂ ਖੁੱਲ ਗਈਆਂ, ਤੇ ਉਹ ਆਪਣੇ ਆਪ 'ਚ ਸ਼ਰਮਿੰਦਾ ਜਿਹਾ ਹੋ ਕੇ ਕਮਰੇ 'ਚੋਂ ਬਾਹਰ ਆ ਗਿਆ। ਅਗਲੇ ਦਿਨ ਸ਼ਾਹੂਕਾਰ ਨੇ ਆਪਣੀਆਂ ਹੰਝੂਆਂ ਭਰੀਆਂ ਅੱਖਾਂ ਨਾਲ ਦੇਖਿਆ ਕਿ ਵਕੀਲ ਕਮਰੇ 'ਚੋਂ ਨਿਕਲ ਕੇ ਦੁਪਹਿਰ ਦੇ ਬਾਰਾਂ ਵਜੇ ਤੋਂ ਕੁਝ ਸਮਾਂ ਪਹਿਲਾਂ ਹੀ ਅਲੋਪ ਹੋ ਗਿਆ ਸੀ।

ਅੰਤ ਵਿੱਚ ਸ਼ਾਹੂਕਾਰ ਨੇ ਵਕੀਲ ਦੀ ਚਿੱਠੀ ਫ਼ਾਇਰ ਪਰੂਫ਼ ਲਾਕਰ 'ਚ ਰੱਖ ਕੇ ਉਸਨੂੰ ਤਾਲਾ ਲਾ ਦਿੱਤਾ।

(ਇਹ ਕਹਾਣੀ ਐਂਟੋਨ ਚੈਖ਼ਵ ਦੀ ਕਹਾਣੀ ' The Bet' 'ਤੇ ਆਧਾਰਿਤ ਹੈ।)


ਐਂਟੋਨ ਚੈਖ਼ਵ

ਸੰਪਰਕ (ਬਲਰਾਜ ਧਾਰੀਵਾਲ) : 9878317796

ਅੰਗਰੇਜ਼ੀ ਕਵਿਤਾ : ਓ'ਮੀਆਰਾ

## *ਅਤੇ ਲੋਕ ਘਰਾਂ ਦੇ ਅੰਦਰ ਹੀ ਰਹੇ*

ਅਤੇ ਲੋਕ ਘਰਾਂ ਦੇ ਅੰਦਰ ਹੀ ਰਹੇ
ਤੇ ਪੜ੍ਹਨ ਲੱਗੇ ਕਿਤਾਬਾਂ, ਕੁਝ ਸੁਣਨ ਲੱਗੇ
ਆਰਾਮ ਕਰਨ ਲੱਗੇ, ਕਸਰਤ ਕਰਨ ਲੱਗੇ
ਕਲਾਤਮਕ ਕੰਮ ਕਰਨ ਲੱਗੇ, ਤੇ ਕੁਝ ਖੇਡਾਂ ਖੇਡਣ ਲੱਗੇ
ਤੇ ਆਪਣੀ ਹੋਂਦ ਨੂੰ ਨਵੇਂ ਤਰੀਕਿਆਂ ਨਾਲ
ਸਮਝਣ ਲੱਗੇ

ਅਤੇ ਫੇਰ ਕੁਝ ਰੁਕ ਕੇ
ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਨ ਲੱਗੇ
ਕੁਝ ਅੰਤਰ ਧਿਆਨ ਹੋ ਗਏ
ਕੁਝ ਪ੍ਰਾਰਥਨਾਵਾਂ ਕਰਨ ਲੱਗੇ
ਕੁਝ ਨਾਚ ਕਰਨ ਲੱਗੇ
ਕੁਝ ਆਪਣੇ ਹੀ ਪ੍ਰਛਾਵਿਆਂ ਨੂੰ ਪਛਾਨਣ ਲੱਗੇ
ਅਤੇ ਲੋਕ ਵੱਖਰੀ ਹੀ ਤਰ੍ਹਾਂ ਨਾਲ਼ ਸੋਚਣ ਲੱਗੇ
ਅਤੇ ਲੋਕ ਸਿਹਤਯਾਬ ਹੋਣ ਲੱਗ ਪਏ

ਅਤੇ ਬੇਸਮਝ ਖ਼ਤਰਨਾਕ, ਵਿਅਰਥ
ਤੇ ਸੰਵੇਦਨ ਹੀਣ ਲੋਕਾਂ ਦੇ
ਜਿਊਣ ਢੰਗ ਦੀ ਗ਼ੈਰ ਹਾਜ਼ਰੀ ਵਿਚ
ਧਰਤੀ ਵੀ ਉਪਜਾਊ ਹੋਣੀ ਸ਼ੁਰੂ ਹੋ ਗਈ

ਅਤੇ ਖ਼ਤਰਾ ਟਲਣ ਤੋਂ ਬਾਅਦ
ਲ਼ੋਕ ਇਕ ਦੂਜੇ ਨੂੰ ਮਿਲੇ
ਤੇ ਕੀਤਾ ਅਫ਼ਸੋਸ ਮਰ ਚੁੱਕੇ ਲੋਕਾਂ ਦਾ
ਤੇ ਉਹਨਾਂ ਆਪਣੀ ਮਨ ਮਰਜ਼ੀ ਦੇ ਨਵੇਂ ਰਾਹ ਲੱਭੇ
ਤੇ ਨਵੇਂ ਨਜ਼ਰੀਏ ਨਾਲ ਸੁਪਨੇ ਸਿਰਜੇ
ਤੇ ਜ਼ਿੰਦਗੀ ਜਿਊਣ ਦੇ ਨਵੇਂ ਰਾਹ ਤਲਾਸ਼ੇ

ਅਤੇ ਧਰਤੀ ਨੂੰ ਪੂਰੀ ਤਰ੍ਹਾਂ ਹਰਿਆ-ਭਰਿਆ ਕਰ ਲਿਆ
ਜਿਵੇਂ ਕਿ ਉਹਨਾਂ ਆਪਣੇ ਆਪ ਨੂੰ ਵੀ ਅਰੋਗ ਕਰ ਲਿਆ ਸੀ।


ਓ'ਮੀਆਰਾ

ਵ

(19ਵੀਂ ਸਦੀ ਵਿਚ ਲੇਖਿਕਾ *ਓ'ਮੀਆਰਾ* ਨੇ ਕਵਿਤਾ **And They Stayed Home** ਲਿਖੀ, ਜੋ ਕਿ ਕਾਫ਼ੀ ਚਰਚਿਤ ਹੋਈ। ਇਸ ਕਵਿਤਾ ਦਾ ਪੰਜਾਬੀ ਅਨੁਵਾਦ *ਬਲਰਾਜ ਧਾਰੀਵਾਲ* ਨੇ ਕੀਤਾ।)

ਇਥੇ ਤਰ੍ਹਾਂ-ਤਰ੍ਹਾਂ ਦੇ ਜੋੜੇ ਆਉਂਦੇ
ਤੇ ਵੱਸਦੇ
ਆਦਮੀ ਦੀ ਵੱਖੋ-ਵੱਖ ਖ਼ਾਸੀਅਤ
ਸਭ ਦੀ ਆਪੋ ਆਪਣੀ ਸ਼ਕਲ, ਆਪੋ ਆਪਣੀ ਸ਼ੈਲੀ
ਮਸਲਨ ਇਕ : ਜੋੜਾ ਹੈ
ਜੋੜਾ ਕੀ- ਮੋਰੀਆਂ ਦੀ ਥੈਲੀ ਹੈ
ਇਹਨੂੰ ਇਕ ਆਦਮੀ ਪਾਉਂਦਾ
ਜਿਹਨੂੰ ਚੇਚਕ ਨੇ ਚੁਗ ਲਿਆ ਹੈ
ਉਸ ਉੱਪਰ ਉਮੀਦਾਂ 'ਚੋ ਫਲਦੀ ਮੁਸਕਰਾਹਟ ਹੈ।
ਜਿਵੇਂ ਟੈਲੀਫ਼ੋਨ ਦੇ ਖੰਭੇ 'ਤੇ
ਕੋਈ ਪਤੰਗ ਫਸੀ ਹੈ ਤੇ ਫੜਫੜਾ ਰਹੀ ਹੈ
ਬਾਊ ਜੀ! ਕਿਉਂ ਫੂਕਦੇ ਹੋ ਇਹ 'ਤੇ ਪੈਸੇ
ਮੈਂ ਕਹਿਣਾ ਚਾਹੁੰਨਾ, ਪਰ ਮੇਰੀ ਆਵਾਜ਼ ਫੜਫੜਾ ਰਹੀ ਹੈ
ਮੈਂ ਮਹਿਸੂਸ ਕਰਦਾਂ –ਅੰਦਰੋਂ
ਆਉਂਦੀ ਹੈ ਇਕ ਆਵਾਜ਼ ਕਿਹੋ ਜਿਹਾ ਆਦਮੀ ਏ ?
ਆਪਣੀ ਜ਼ਾਤ 'ਤੇ ਥੁਕਦੈਂ।
ਤੁਸੀਂ ਯਕੀਨ ਕਰੋ, ਉਸ ਵੇਲੇ ਮੈਂ ਮੋਰੀਆਂ ਦੀ ਥਾਂ
ਅੱਖਾਂ ਨੂੰ ਟੇਪ ਭਰਦਾ ਹਾਂ
ਤੇ ਪੈਸੇ 'ਚ ਬੱਝੇ ਆਦਮੀ ਨੂੰ
ਬੜੀ ਮੁਸ਼ਕਿਲ ਨਾਲ ਜਿਤਾਉਂਦਾ ਹਾਂ...

'ਮੋਹਨਰਾਮ' ਪ੍ਰਮਿਲ

ਅਨੁ-ਡਾ. ਪਰਮਜੀਤ ਸਿੰਘ



ਕੈਮਰਾ : ਜਤਿੰਦਰ ਸਿੰਘ • ਸਥਾਨ : ਚੰਡੀਗੜ੍ਹ